# ਸੋ ਕਿਉ ਮੰਦਾ ਆਖੀਐ

(ਗੁਰਮਤਿ ਵਿੱਚ ਇਸਤ੍ਰੀ ਦਾ ਸਥਾਨ)

ਗੁਰਬਚਨ ਸਿੰਘ ਸਿੱਧੂ ਐਮ.ਏ.

**ਪ੍ਰਕਾਸ਼ਕ:**

ਗੁਰੂ ਨਾਨਕ ਚੈਰੀਟੇਬਲ ਟਰੱਸਟ (ਰਜਿ.) ਮੁੱਲਾਂਪੁਰ ਦਾਖਾ ਮੰਡੀ

ਜ਼ਿਲ੍ਹਾ ਲੁਧਿਆਣਾ, ਪੰਜਾਬ, ਭਾਰਤ

ਟੈਲੀਫੋਨ : 0161-2881001

website : www.gurmatbhawan.org

email : info@gurmatbhawan.org

gurmat_bhawan@sify.com

# ਸੋ ਕਿਉ ਮੰਦਾ ਆਖੀਐ

ISBN 1 902122 00 3

© ਗੁਰਬਚਨ ਸਿੰਘ ਸਿੱਧੂ ਐਮ.ਏ.

ਪਹਿਲੀ ਵਾਰ (ਅੰਗਰੇਜ਼ੀ ਵਿੱਚ) : 2006 (1000 ਕਾਪੀਆਂ)
ਦੂਜੀ ਵਾਰ (ਪੰਜਾਬੀ ਵਿੱਚ) : 2009 (2000 ਕਾਪੀਆਂ)

ਪ੍ਰਕਾਸ਼ਕ:
ਗੁਰੂ ਨਾਨਕ ਚੈਰੀਟੇਬਲ ਟਰੱਸਟ (ਰਜਿ.) ਮੁੱਲਾਂਪੁਰ ਦਾਖਾ ਮੰਡੀ
ਜ਼ਿਲ੍ਹਾ ਲੁਧਿਆਣਾ, ਪੰਜਾਬ, ਭਾਰਤ
ਟੈਲੀਫੋਨ : 0161-2881001
website : www.gurmatbhawan.org
email : info@gurmatbhawan.org
gurmat_bhawan@sify.com

## ਤਤਕਰਾ

ਦੋ ਸ਼ਬਦ ਮੇਰੇ ਵਲੋਂ

**ਕਾਂਡ 1**

ਸੰਸਾਰ ਦੇ ਇਤਿਹਾਸ ਵਿੱਚ ਨਾਰੀ ਦਾ ਸਥਾਨ 1

**ਕਾਂਡ 2**

ਇਸਲਾਮ ਧਰਮ ਵਿੱਚ ਇਸਤ੍ਰੀ ਦਾ ਸਥਾਨ 8

**ਕਾਂਡ 3**

ਈਸਾਈ ਤੇ ਯਹੂਦੀ ਧਰਮ ਵਿੱਚ ਇਸਤ੍ਰੀ ਦਾ ਸਥਾਨ 17
3.1 ਯਹੂਦੀ ਧਰਮ: 18
3.2 ਈਸਾਈ ਧਰਮ: 22

**ਕਾਂਡ 4**

ਹਿੰਦੂ, ਬੁੱਧ ਅਤੇ ਜੈਨ ਧਰਮਾਂ ਵਿੱਚ ਨਾਰੀਆਂ ਦਾ ਸਥਾਨ 28
4.1 ਵੇਦਕ ਕਾਲ 28
4.2 ਉੱਤਰ-ਵੇਦਕ ਕਾਲ 30
4.3 ਮੱਧਕਾਲੀਨ ਸਮਾਂ 40
4.4 ਅਧੁਨਿਕ ਕਾਲ 41
4.5 ਦੇਵ ਦਾਸੀਆਂ 42
4.6 ਬੁੱਧ ਧਰਮ 44
4.7 ਸਿੱਧ ਨਾਥ 47
4.8 ਜੈਨ ਧਰਮ 49

4.9 ਸ਼ੈਵ ਅਤੇ ਵੈਸ਼ਨਵ ਧਰਮ 50
4.10 ਪੰਜਾਬ ਉੱਪਰ ਹਿੰਦੂ ਧਰਮ ਦਾ ਪ੍ਰਭਾਵ 51

**ਕਾਂਡ 5**
ਸਿੱਖ ਧਰਮ ਅਤੇ ਸਿੱਖ ਇਤਿਹਾਸ
ਵਿੱਚ ਨਾਰੀ ਦਾ ਸਥਾਨ 55
5.1 ਸਮੇਂ ਦੀ ਨਾਰੀ ਨੈਤਿਕਤਾ 55
5.2 ਸਿੱਖ ਗੁਰੂ ਸਾਹਿਬਾਨ ਦੀ ਦੇਣ 56
5.3 ਪਰਿਵਾਰਕ ਜੀਵਨ 61
5.4 ਲਿੰਗ ਭੋਗ ਤਿਆਗ (ਬ੍ਰਹਮਚਰਯ) 66
5.5 ਪਰਦਾ 67
5.6 ਸਤੀ 69
5.7 ਸੂਤਕ ਪਾਤਕ 69
5.8 ਆਤਮਿਕ / ਸਮਾਜਿਕ ਭੇਦ-ਭਾਵ 70
5.9 ਵਿਦਿਆ ਵਿੱਚ ਵਿਤਕਰਾ 72
5.10 ਨਾਰੀਆਂ ਨਾਲ ਦੁਸ਼ਕਰਮ/ ਨਾਰੀ ਸੁਰਖਸ਼ਾ 73
5.11 ਵਿਧਵਾ ਵਿਆਹ 75
5.12 ਸੁਤੰਤਰ ਰਾਏ ਅਤੇ ਫੈਸਲੇ ਦਾ ਹੱਕ 75
5.13 ਕੁੜੀ-ਘਾਤ 76
5.14 ਦੇਵ ਦਾਸੀਆਂ 78
5.15 ਵਰਤ (Feast) 78
5.16 ਅਧੀਨਤਾ-ਮੁਕਤ ਨਾਰੀ 79

**ਕਾਂਡ 6**
ਪੱਛਮ ਤੇ ਇੱਕ ਪੰਛੀਝਾਤ 81
6.1 ਪੱਛਮੀ ਵਿਆਹ 84
6.2 ਪੱਛਮੀ ਦੇਸ਼ਾਂ ਵਿੱਚ ਤਲਾਕ 87
6.3 ਪੱਛਮੀ ਸਮਾਜ ਦੀ ਆਚਰਣਕ ਅੱਧੋਗਤੀ 89
6.4 ਇੱਜ਼ਤ ਆਬਰੂ ਲਈ ਕੀਤੇ ਕਤਲ 90

**ਕਾਂਡ 7**
ਸਿੱਖ ਨਾਰੀਆਂ ਦਾ ਯੋਗਦਾਨ 93
7.1 ਸਿੱਖ ਇਤਿਹਾਸ ਵਿੱਚ ਨਾਰੀਆਂ 93
7.2 ਰਾਜਨੀਤੀ ਵਿੱਚ ਸਿੱਖ ਨਾਰੀਆਂ 97

**ਕਾਂਡ 8**
ਅਧਿਆਤਮਵਾਦੀ ਸਿੱਖ ਇਸਤ੍ਰੀਆਂ 99
8.1 ਬੀਬੀ ਨਾਨਕੀ 99
8.2 ਮਾਤਾ ਖੀਵੀ 100
8.3 ਬੀਬੀ ਅਮਰੋ 100
8.4 ਬੀਬੀ ਭਾਨੀ ਜੀ 101
8.5 ਬੀਬੀ ਵੀਰੋ ਜੀ 103
8.6 ਮਾਤਾ ਸਾਹਿਬ ਕੌਰ 103
8.7 ਮਾਤਾ ਗੁਜਰੀ ਜੀ 105
8.8 ਮਾਤਾ ਸੁੰਦਰੀ 107
8.9 ਮਾਈ ਭੱਟੀ 109
8.10 ਮਾਈ ਭਾਗਭਰੀ 109
8.11 ਬੀਬੀ ਰਾਜ ਕੌਰ 110
8.12 ਬੀਬੀ ਰੂਪ ਕੌਰ 110
8.13 ਬੀਬੀ ਪ੍ਰਧਾਨ ਕੌਰ 111
8.14 ਬੀਬੀ ਭਾਨ ਕੌਰ ਛੀਨੀਵਾਲ 112
8.15 ਮੀਰ ਮੰਨੂ ਦੇ ਜ਼ੁਲਮ (1748-1753) 113
8.16 ਮਾਲਵੇ ਵਿੱਚ ਤਸੀਹਾ ਕੇਂਦਰ 116

**ਕਾਂਡ 9**


ਨੀਤੀਵਾਨ ਤੇ ਸੂਰਵੀਰ ਸਿੱਖ ਇਸਤ੍ਰੀਆਂ 118

9.1 ਮਹਾਰਾਣੀ ਫੱਤੋ 120

9.2 ਬੀਬੀ ਰਾਜਿੰਦਰ ਕੌਰ 121

9.3 ਬੀਬੀ ਸਾਹਿਬ ਕੌਰ 122

9.4 ਮਾਈ ਭਾਗੋ (ਭਾਗ ਕੌਰ) 128

9.5 ਬੀਬੀ ਸ਼ਰਨ ਕੌਰ 1 130

9.6 ਬੀਬੀ ਸ਼ਰਨ ਕੌਰ 2 131

9.7 ਬੀਬੀ ਦੀਪ ਕੌਰ 132

9.8 ਬੀਬੀ ਧਰਮ ਕੌਰ 132

9.9 ਬੀਬੀ ਮਾਨ ਕੌਰ 133

9.10 ਮਾਤਾ ਕਿਸ਼ਨ ਕੌਰ 134

9.11 ਬੀਬੀ ਮਾਨ ਕੌਰ (ਰਾਮੇਆਣਾ) ਅਤੇ ਬੀਬੀ ਬਲਬੀਰ ਕੌਰ 137

9.12 ਸਦਾ ਕੌਰ (1762-1823) 138

9.13 ਮਹਾਰਾਣੀ ਜਿੰਦ ਕੌਰ 139

9.14 ਆਜ਼ਾਦੀ ਲਈ ਸੰਘਰਸ਼ 143


**ਕਾਂਡ 10**


ਵਿਆਹ ਅਤੇ ਤਲਾਕ 145

10.1 ਸਿੱਖ ਗੁਰੂ ਸਾਹਿਬਾਨ ਦਾ ਸਮਾਂ 145

10.2 ਗੁਰੂ ਸਾਹਿਬਾਨ ਤੋਂ ਪਿੱਛੋਂ 147

10.3 ਵਿਵਸਥਿਤ ਵਿਆਹ (Arranged Marriages) 149

10.4 ਸਿੱਖ ਧਰਮ ਅਤੇ ਹਿੰਸਾ 150

10.5 ਆਦਰਸ਼ ਵਿਆਹ 150

10.6 ਤਲਾਕ 151

10.7 ਗਰਭਪਾਤ 154

10.8 ਦਾਜ ਦਹੇਜ਼ 155


**ਕਾਂਡ 11**


ਅਗਿਆਨਤਾ 157

11.1 ਹਿੰਦੂ ਧਰਮ ਦਾ ਪ੍ਰਭਾਵ 158

11.2 ਵਿੱਦਿਆ ਦੀ ਘਾਟ 163

11.3 ਕਾਨੂੰਨ ਵਿੱਚ ਬਰਾਬਰੀ 167

11.4 ਵਰਤਮਾਨ ਰੁਝਾਨ 167

11.5 ਪਰਿਵਰਤਨ ਦੀ ਹਵਾ 169

Appendix 172

# ਪੁਸਤਕ ਬਾਰੇ ਰਾਵਾਂ

"ਏਨੀ ਵਧੀਆ ਪੁਸਤਕ ਲਿਖਣ ਲਈ ਬਹੁਤ ਬਹੁਤ ਮੁਬਾਰਕ। ਮੈਨੂੰ ਇਸ ਪੁਸਤਕ ਦੇ ਸਾਰੇ ਹੀ ਚੈਪਟਰ ਬੇਹੱਦ ਦਿਲਚਸਪ ਲੱਗੇ ਹਨ। I have immensely enjoyed it. ਆਸ ਹੈ ਪਾਠਕ ਵੀ ਉਤਨੀ ਹੀ ਰੁਚੀ ਨਾਲ ਗ੍ਰਹਿਣ ਕਰਨਗੇ॥ ਇਹ ਇੱਕ ਦੁਰਲੱਭ ਪੁਸਤਕ ਸਿੱਧ ਹੋਵੇਗੀ। ਉਮੀਦ ਹੈ ਤੁਸੀਂ ਇਸੇ ਤਰ੍ਹਾਂ ਲਿਖਦੇ ਰਹੋਗੇ"।

ਪਿਆਰ ਤੇ ਸਤਿਕਾਰ ਸਹਿਤ,

**ਕੈਲਾਸ਼ ਪੁਰੀ**

ਲੰਡਨ ॥

ਸਿੱਧੂ ਸਾਹਿਬ ਨੇ ਹੱਥਲੀ ਪੁਸਤਕ ਵਿੱਚ ਮਰਦ ਪ੍ਰਧਾਨ ਸਮਾਜ ਦੀਆਂ ਵਧੀਕੀਆਂ, ਬੇਨਿਯਮੀਆਂ ਅਤੇ ਧੱਕਿਆਂ ਨੂੰ ਬਿਆਨ ਕਰਕੇ ਇਸਤ੍ਰੀ ਲਈ ਪਿਆਰ ਤੇ ਸਤਿਕਾਰ ਦਾ ਪ੍ਰਦਰਸ਼ਨ ਕੀਤਾ ਹੈ ਅਤੇ ਇਤਿਹਾਸਿੱਕ ਤਥਾ ਮਿਥਹਾਸਿੱਕ ਪ੍ਰੀਪੇਖ ਵਿੱਚ ਸਿੱਖ ਧਰਮ ਦੁਆਰਾ ਨਿਪਜੇ ਇਸਤ੍ਰੀ ਦੇ ਰੋਲ ਨੂੰ ਚੰਗੀ ਤਰਾਂ ਉਘਾੜਿਆ ਹੈ । ਕਿਸੇ ਵਿਰਲੇ ਲੇਖਕ ਦੀ ਕਲਮ ਹੀ ਕਦੇ ਕਦੇ ਇਸਤ੍ਰੀ ਦੇ ਪੱਖ ਵਿੱਚ ਲਿਖਦੀ ਹੈ । ਲੇਖਕ ਦਾ ਖ਼ਿਆਲ ਹੈ ਕਿ ਸਿੱਖ ਇਸਤ੍ਰੀ ਪੱਛਮੀ ਅਧੁਨਿਕਤਾ ਦੀ ਚਕਾਚੌਂਧ ਅਤੇ ਹਿੰਦੂ ਧਰਮ ਦੇ ਪ੍ਰਭਾਵ ਅਧੀਨ ਥਿੜਕ ਰਹੀ ਹੈ ਜਿਸ ਪਖੋਂ ਕੌਮ ਦੇ ਮੁਹਾਨਿਆਂ ਨੂੰ ਸੰਵੇਦਨਸ਼ੀਲ ਹੋਣ ਦੀ ਲੋੜ ਹੈ । ਲੇਖਕ ਇਸ ਗੱਲ ਵੱਲ ਵੀ ਝਾਤ ਪਵਾਉਂਦਾ ਹੈ ਕਿ ਅੰਤਰਜ਼ਾਤੀ ਵਿਆਹ, ਪੁਨਰ-ਵਿਵਾਹ, ਗਰਭ-ਪਾਤ, ਕਲੋਨਿੰਗ ਅਤੇ ਤਲਾਕ ਵਰਗੇ ਵਿਸ਼ਿਆ ਬਾਰੇ ਧਾਰਮਿਕ ਵਿਅਕਤੀਆਂ ਵਲੋਂ ਸਪਸ਼ਟ ਆਦੇਸ਼ਾਂ ਦੀ ਘਾਟ ਹੈ । ਮੇਰਾ ਖ਼ਿਆਲ ਹੈ ਕਿ ਗੁਰਬਾਣੀ ਦੇ ਸੰਧਰਭ ਵਿੱਚ "*ਸਿੱਖੀ ਸਿੱਖਿਆ ਗੁਰ ਵੀਚਾਰ*" ਅਤੇ "*ਗੁਰਮੁਖ ਸ਼ਬਦ ਵੀਚਾਰ ਸੱਚ ਕਮਾਇਆ*" ਅਨੁਸਾਰ ਉਪ੍ਰੋਕਤ ਸਮਸਿਆਵਾਂ ਦੇ ਹੱਲ ਆਪੇ ਹੀ ਚੇਤਨ ਸੋਚ ਵਿੱਚੋਂ ਉੱਭਰ ਆਉਣਗੇ ਜਦ ਸਿੱਖ ਬੀਬੀਆਂ ਨਿਸ਼ਠਾ ਨਾਲ ਗੁਰਮਤ ਧਾਰਨ ਕਰ ਲੈਣਗੀਆਂ।

ਸਮੁੱਚੇ ਰੂਪ ਵਿੱਚ ਇਹ ਪੁਸਤਕ ਇਸਤ੍ਰੀਆਂ ਪ੍ਰਤੀ ਸਕਾਰਆਤਮਿਕ ਦ੍ਰਿਸ਼ਟੀਕੋਣ ਅਪਣਾਉਣ ਵਿੱਚ ਸਹਾਇੱਕ ਹੋਣ ਲਈ ਇੱਕ ਮੀਲ ਪੱਥਰ ਸਿੱਧ ਹੋਵੇਗੀ। ਇਹ ਮੇਰਾ ਦ੍ਰਿੜ ਵਿਸ਼ਵਾਸ਼ ਹੈ ॥

**ਪਰਮਜੀਤ ਕੌਰ,**

ਰਿਟਾਇਰਡ ਵਾਈਸ ਪ੍ਰਿੰਸੀਪਲ, ਜੀ ਐਚ ਜੀ ਹਰਿ ਪ੍ਰਕਾਸ਼ ਕਾਲਜ ਸਿਧਵਾਂ ਖੁਰਦ (ਲੁਧਿਆਣਾ)

# ਦੋ ਸ਼ਬਦ ਮੇਰੇ ਵਲੋਂ

1967-68 ਵਿੱਚ ਮੈਂ ਨੌਟਿੰਘਮ ਸਾਂ ਜਦ ਪਹਿਲੀ ਵਾਰ ਮੈਨੂੰ ਸਪਿਨੋਜ਼ਾ (Spinoza) ਦੀਆਂ ਲਿਖਤਾਂ ਪੜ੍ਹਣ ਦਾ ਮੌਕਾ ਮਿਲਿਆ । ਭਾਵੇਂ ਸਿਧਾਂਤਕ ਪੱਖੋਂ ਸਪਿਨੋਜ਼ਾ ਦੇ ਸਾਰੇ ਵਿੱਚਾਰ ਮੈਨੂੰ ਨਾ ਜਚੇ ਪਰ ਉਸ ਦੀ ਲੇਖਣੀ ਵਿੱਚ ਜੋ ਤਰਕ ਸੀ ਉਸ ਨੇ ਮੈਨੂੰ ਪੂਰੀ ਤਰ੍ਹਾਂ ਕੀਲ ਲਿਆ ਸਗੋਂ ਜੇ ਇਹ ਕਹਾਂ ਕਿ ਉਸ ਨੇ ਮੈਨੂੰ ਬਦਲ ਹੀ ਦਿੱਤਾ ਤਾਂ ਵਧੇਰੇ ਸਹੀ ਹੋਵੇਗਾ । ਮੇਰੀ ਰੁਚੀ ਉਸ ਦੀਆਂ ਲਿਖਤਾਂ ਨੇ ਪੂਰੀ ਤਰ੍ਹਾਂ ਧਰਮ ਵੱਲ ਮੋੜ ਦਿੱਤੀ । ਇਨ੍ਹਾਂ ਹੀ ਦਿਨਾਂ ਵਿੱਚ ਇੰਗਲੈਂਡ ਦੇ ਪ੍ਰਸਿੱਧ ਅਖ਼ਬਾਰ "ਦ ਟਾਈਮਜ਼" (The Times) ਵਿੱਚ ਸਿੱਖ ਇਸਤ੍ਰੀਆਂ ਬਾਰੇ ਇੱਕ ਲੰਮਾ ਸਾਰਾ ਲੇਖ ਛੱਪਿਆ ਜਿਸ ਨੂੰ ਪੜ੍ਹ ਕੇ ਪ੍ਰਤੀਤ ਹੋਇਆ ਕਿ ਲਿਖਾਰੀ ਪੱਖ-ਪਾਤੀ ਸੀ ਅਤੇ ਸਿੱਖ ਇਸਤ੍ਰੀਆਂ ਅਤੇ ਸਿੱਖ ਧਰਮ ਬਾਰੇ ਗ਼ਲਤ ਜਾਣਕਾਰੀ ਦੇ ਰਿਹਾ ਸੀ । ਖ਼ਿਆਲ ਆਇਆ ਕਿ ਅਖ਼ਬਾਰ ਨੂੰ ਸਹੀ ਜਾਣਕਾਰੀ ਲਿਖ ਕੇ ਭੇਜੀ ਜਾਵੇ । ਸਾਰੀ ਰਾਤ ਇਸੇ ਕੰਮ ਵਿੱਚ ਲਾ ਦਿੱਤੀ ਅਤੇ ਦਿਨ ਚੜ੍ਹਦੇ ਨਾਲ ਹੀ ਲੇਖ ਤਿਆਰ ਸੀ ਪ੍ਰੰਤੂ ਹੁਣ ਖ਼ਿਆਲ ਆਉਣ ਲੱਗਾ ਕਿ ਲੇਖ ਤਾਂ ਲਿਖ ਮਾਰਿਆ ਕੀ ਅਖ਼ਬਾਰ ਇਸ ਨੂੰ ਛਾਪੇਗਾ ਵੀ ? ਉਸ ਤੋਂ ਪਹਿਲਾਂ ਤਾਂ ਮੈਂ ਕਦੀ ਅਖ਼ਬਾਰਾਂ ਵਿੱਚ ਛਪਣ ਲਈ ਕੁੱਝ ਲਿਖਿਆ ਹੀ ਨਹੀਂ ਸੀ ਅਤੇ ਇਹ ਅਖ਼ਬਾਰ ਵੀ ਇੰਗਲ਼ੈਂਡ ਦਾ ਇੱਕ ਬਹੁਤ ਪ੍ਰਤਿਸ਼ਠਤ ਅਖ਼ਬਾਰ ਸੀ । ਵਿੱਚਾਰ ਆਇਆ ਕਿ ਐਵੇਂ ਗੁੱਸੇ ਵਿੱਚ ਹੀ ਦਿਲ ਦੇ ਗ਼ੁਬਾਰ ਕੱਢ ਲਏ ਚਲੋ ਹੁਣ ਇਸ ਨੂੰ ਰੱਦੀ ਦੀ ਟੋਕਰੀ ਦਾ ਸ਼ਿੰਗਾਰ ਬਣਾ ਦਿੱਤਾ ਜਾਵੇ। ਅਗਲੇ ਹੀ ਪਲ ਖ਼ਿਆਲ ਆਇਆ ਕਿ ਕੀਤੀ ਮਿਹਨਤ ਬਰਬਾਦ ਕਰਨ ਦੀ ਥਾਂ ਕਿਉਂ ਨਾ ਇਹ ਲੇਖ ਸਿੱਖ ਰਸਾਲੇ "ਦ ਸਿੱਖ ਕੋਰੀਅਰ" ਨੂੰ ਭੇਜ ਦਿੱਤਾ ਜਾਵੇ । ਮੈਂ ਉਹ ਲੇਖ ਮਿਸਜ਼ ਵਾਇਲਮ (ਜਿਸ ਨੂੰ ਅਸੀਂ ਮਨਜੀਤ ਕੌਰ ਕਿਹਾ ਕਰਦੇ ਸਾਂ) ਨੂੰ ਭੇਜ ਦਿੱਤਾ ਜੋ ਉਸ ਵੇਲੇ 'ਸਿੱਖ ਕੋਰੀਅਰ' ਦੀ ਸੰਪਾਦਕ ਹੁੰਦੀ ਸੀ । ਉਸ ਨੇ ਉਹ ਲੇਖ ਅਗਲੇ ਹੀ ਪਰਚੇ ਵਿੱਚ ਛਾਪ ਦਿੱਤਾ,ਇਸ ਦੀ ਖ਼ੂਬ ਪ੍ਰਸ਼ੰਸ਼ਾਂ ਵੀ ਕੀਤੀ ਅਤੇ ਮੈਨੂੰ ਲਿਖ ਭੇਜਿਆ ਕਿ ਮੈਂ ਹਰ ਪਰਚੇ ਵਿੱਚ ਇਸੇ ਤਰ੍ਹਾਂ ਦਾ ਇੱਕ ਲੇਖ ਲਿਖ ਕੇ ਭੇਜਿਆ ਕਰਾਂ । ਹੋਰ ਲੇਖ ਭੇਜਦਾ ਰਿਹਾ ਜੋ ਛਪਦੇ ਰਹੇ ਅਤੇ ਧਰਮ ਵਾਲੇ ਪਾਸੇ ਰੁਚੀ ਉਤਪਨ ਹੁੰਦੀ ਗਈ, ਅਧਿਅਨ ਵਧਦਾ ਗਿਆ।

ਉਪ੍ਰੋਕਤ ਘਟਨਾ ਨੇ ਮੈਨੂੰ ਕੁੱਝ ਇਸ ਤਰ੍ਹਾਂ ਝੰਜੋੜ ਦਿੱਤਾ ਕਿ ਮੈਂ ਇੰਗਲੈਂਡ ਵਿੱਚ ਸਿੱਖ ਧਰਮ ਦਾ ਸਹੀ ਪ੍ਰਚਾਰ ਕਰਨ ਦਾ ਪੱਕਾ ਇਰਾਦਾ ਹੀ ਬਣਾ ਲਿਆ । ਜਨਵਰੀ 1968 ਵਿੱਚ ਮੇਰੀ ਪੋਸਟਿੰਗ ਗ੍ਰੇਵਜ਼ੈਂਡ (ਕੈਂਟ) ਸ਼ਹਿਰ ਵਿਖੇ ਹੋ ਗਈ ਤਾਂ ਮੈਂ ਕੁੱਝ ਮਹੀਨਿਆਂ ਬਾਅਦ

ਗੁਰੂ ਨਾਨਕ ਸਾਹਿਬ ਦੇ 500 ਸਾਲਾ ਪ੍ਰਕਾਸ਼ ਦਿਵਸ ਤੇ ਸਿੱਖ ਮਿਸ਼ਨਰੀ ਸੋਸਾਇਟੀ ਦੀ ਬੁਨਿਆਦ ਰੱਖ ਦਿੱਤੀ। ਨਿਸ਼ਾਨਾ ਸੀ ਸਿੱਖ ਧਰਮ ਦਾ ਸਹੀ ਗਿਆਨ ਦੇਣਾ ਅਤੇ ਪੱਖ-ਪਾਤੀ ਲਿਖਾਰੀਆਂ ਦੇ ਪਾਜ ਉਘੇੜਨਾ। ਹੋਰ ਪੁਸਤਕਾਂ ਦੇ ਨਾਲ ਨਾਲ ਇਹ ਲੇਖ ਵੀ ਇੰਟਰਨੈਸ਼ਨਲ ਵਿਮਨਜ਼ ਡੇ ( International day of women)[1] ਤੇ ਇੱਕ ਪੈਂਫਲੈਟ ਦੇ ਤੌਰ ਤੇ ਛਪਵਾ ਕੇ ਵੰਡ ਦਿੱਤਾ ਗਿਆ । ਇਸ ਨੂੰ ਖ਼ੂਬ ਪਸੰਦ ਕੀਤਾ ਗਿਆ ਅਤੇ ਇਹ ਬਾਰ ਬਾਰ ਛਪਦਾ ਰਿਹਾ । ਕਈ ਸਾਲਾਂ ਬਾਅਦ ਇਸ ਵਿਸ਼ੇ ਤੇ ਹੋਰ ਸਮਗਰੀ ਵੀ ਇੱਕੱਤਰ ਹੋ ਗਈ ਤਾਂ ਮੈਂ ਇਸ ਨੂੰ ਇੱਕ ਕਿਤਾਬ ਦੀ ਸ਼ਕਲ ਦੇ ਦਿੱਤੀ ਜੋ ਆਪ ਦੇ ਹੱਥਾਂ ਵਿੱਚ ਹੈ।

ਮੈਂ ਸਮਝਦਾ ਹਾਂ ਕਿ ਭਾਰਤੀ ਸਮਾਜ ਵਾਂਗ ਪੰਜਾਬੀ ਸਮਾਜ ਵਿੱਚ ਵੀ ਮਰਦਾਂ ਦੀ ਹੀ ਸਰਦਾਰੀ ਚਲੀ ਆਈ ਹੈ ਜਿਸ ਕਰਕੇ ਔਰਤਾਂ ਨੂੰ ਉਹ ਸਥਾਨ ਨਹੀਂ ਮਿਲਿਆ ਜਿਸ ਦੀਆਂ ਉਹ ਹੱਕਦਾਰ ਸਨ ਅਤੇ ਜੋ ਗੁਰੂ ਨਾਨਕ ਸਾਹਿਬ ਨੇ ਉਨ੍ਹਾਂ ਨੂੰ ਬਖ਼ਸ਼ਿਆ ਸੀ । ਉਂਞ ਭਾਵੇਂ ਇਹ ਕਹਿ ਦਿੱਤਾ ਜਾਂਦਾ ਹੈ ਕਿ ਹਰ ਮਰਦ ਦੀ ਕਾਮਯਾਬੀ ਪਿੱਛੇ ਕੋਈ ਔਰਤ ਹੁੰਦੀ ਹੈ ਪਰ ਇਹ ਗੱਲ ਦਿਲੋਂ ਕਦੇ ਵੀ ਪ੍ਰਵਾਣ ਨਹੀਂ ਕੀਤੀ ਗਈ । ਜੋ ਸਮਾਜ ਜ਼ਬਾਨੀ ਕਲਾਮੀ ਹੀ ਉਸਤਤ ਦੇ ਪੁਲ਼ ਬੰਨ੍ਹਦਾ ਹੈ ਅਤੇ ਅਮਲ ਵਿੱਚ ਪਿੱਛੇ ਹੁੰਦਾ ਹੈ ਉਸ ਦੀ ਉੱਨਤੀ ਰੁਕੀ ਰਹਿੰਦੀ ਹੈ । ਜੇ ਕਰ ਕਿਸੇ ਸਮਾਜ ਦੀਆਂ ਜ਼ਨਾਨੀਆਂ ਪੜ੍ਹੀਆਂ ਲਿਖੀਆਂ ਸਮਝਦਾਰ ਅਤੇ ਗਿਆਵਾਨ ਹੋਣ ਤਾਂ ਉਹ ਉਸ ਸਮਾਜ ਦੀ ਅਗਲੀ ਪੀੜ੍ਹੀ ਨੂੰ ਉਨੰਤੀ ਦੀ ਸਿੱਖਰ ਤੱਕ ਪਹੁੰਚਾ ਦਿੰਦੀਆਂ ਹਨ । ਇਸੇ ਲਈ ਕਿਹਾ ਜਾਂਦਾ ਹੈ ਕਿ "ਇੱਕ ਲੜਕੀ ਪੜ੍ਹਾ ਦਿੱਤੀ ਤਾਂ ਸਮਝੋ ਸਾਰਾ ਪਰਿਵਾਰ ਹੀ ਪੜ੍ਹਾ ਦਿੱਤਾ"। ਪਰ ਸਿੱਖ ਸਮਾਜ ਨੇ ਬੀਬੀਆਂ ਨੂੰ ਹੁਣ ਤੱਕ ਵਿਦਿਆ ਵਿੱਚ ਵੀ ਬਹੁਤ ਪਿੱਛੇ ਰੱਖਿਆ ਹੈ।

ਇਹ ਪੁਸਤਕ 2005 ਵਿੱਚ ਅੰਗ੍ਰੇਜ਼ੀ ਵਿੱਚ ਲਿਖੀ ਗਈ ਸੀ । ਹੱਥਲੀ ਪੁਸਤਕ ਉਸੇ ਦਾ ਪੰਜਾਬੀ ਅਨੁਵਾਦ ਹੈ । ਇਸ ਪੁਸਤਕ ਵਿੱਚ ਮੈਂ ਸੰਸਾਰ ਪੱਧਰ ਤੇ ਇਸਤ੍ਰੀਆਂ ਬਾਰੇ ਕੁੱਝ ਵਿੱਚਾਰ ਦੇ ਦਿੱਤੇ ਹਨ ਪਰ ਜ਼ਿਆਦਾ ਕਰਕੇ ਸੰਸਾਰ ਦੇ ਵੱਖੋ ਵੱਖਰੇ ਧਰਮਾਂ ਵਿੱਚ ਇਸਤਰੀ ਦੇ ਸਥਾਨ ਨੂੰ ਸੰਖੇਪ ਤੌਰ ਤੇ ਚਿਤ੍ਰਿਆ ਹੈ । ਮੇਰਾ ਖ਼ਿਆਲ ਹੈ ਕਿ ਧਰਮ ਸਮਾਜ ਦੀ ਡੰਗੋਰੀ ਹੈ । ਧਰਮ ਦਾ ਗਿਆਨ ਸਮਾਜ ਸੁਧਾਰ ਦੀ ਨੀਂਹ ਬਣ ਸਕਦਾ ਹੈ । ਮੈਂ ਇਹ ਦਾਅਵਾ ਨਹੀਂ ਕਰਦਾ ਕਿ ਮੇਰੇ ਵਿੱਚਾਰ ਮੌਲਿਕ ਜਾਂ ਅਨੂਠੇ ਹਨ ਜਾਂ ਮੈਂ ਇਸ ਵਿਸ਼ੇ ਤੇ ਪਟੜੀ ਦੀ ਛਾਲ ਮਾਰ ਦਿੱਤੀ ਹੈ । ਇਸ ਵਿੱਚ ਅਨੇਕਾਂ ਨੁਕਸ ਹੋ ਸਕਦੇ ਹਨ ਅਤੇ ਮੈਂ ਸੁਹਿਰਦ ਪਾਠਕਾਂ ਤੋਂ ਆਸ ਰਖਾਂਗਾ ਕਿ ਉਹ ਇਸ ਪੁਸਤਕ ਨੂੰ ਸੁਧਾਰਣ ਵਿੱਚ ਸਹਿਯੋਗ ਦੇਣ ਤਾਂ ਜੋ ਅਗਲੀ ਵਾਰ ਜਦੋਂ ਇਹ ਪੁਸਤਕ ਛਪੇ ਤਾਂ ਇਸ ਵਿੱਚ ਵਧੇਰੀ ਜਾਣਕਾਰੀ ਦਿੱਤੀ ਜਾ ਸਕੇ ਅਤੇ ਇਸ ਦੇ ਨੁਕਸ ਦੂਰ ਕੀਤੇ ਜਾ ਸਕਣ।

[1] ਜਰਮਣੀ ਦੀ ਲੜਕੀ ਕਲਾਰਾ ਜੈਟਕਿਨ ਨੇ ਇਹ ਦਿਨ ਮਨਾਣਾ 8 ਮਾਰਚ 1910 ਨੂੰ ਸ਼ੁਰੂ ਕੀਤਾ ਸੀ ਤਾਂ ਜੋ ਔਰਤਾਂ ਦੇ ਮਸਲਿਆਂ ਵੱਲ ਧਿਆਨ ਖਿੱਚਿਆ ਜਾਵੇ । ਹੌਲੀ ਹੌਲ਼ੀ U.N.O. ਨੇ ਇਸ ਦਿਨ ਹੀ ਮਹੱਤਤਾ ਸਮਝਦਿਆਂ ਇਸ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਅਤੇ 1975 ਤੋਂ ਇਸ ਨੂੰ ਹਮੇਸ਼ਾ ਲਈ 8 ਮਾਰਚ ਦੇ ਦਿਨ ਮਨਉਣ ਦਾ ਰਿਵਾਜ ਪੈ ਗਿਆ।

ਗੁਰਬਚਨ ਸਿੰਘ ਸਿੱਧੂ

ਨੋਟਿੰਘਮ

15.4.2009

**ਨੋਟ:-**

ਇਸ ਪੁਸਤਕ ਵਿੱਚ ਭਗਵਤ ਗੀਤਾ ਦੇ ਹਵਾਲੇ ਗੀਤਾ ਪ੍ਰੈਸ ਗੋਰਖਪੁਰ ਵਲੋਂ ਛਾਪੀ ਭਗਵਤ ਗੀਤਾ ਦੇ ਅਨੁਵਾਦ ਵਿਚੋਂ ਲਏ ਗਏ ਹਨ । ਕਿਧਰੇ ਕਿਧਰੇ ਅੰਗ੍ਰੇਜ਼ੀ ਅਨੁਵਾਦ ਵੀ ਗੀਤਾ ਪ੍ਰੈਸ ਵਾਲਾ ਹੀ ਰੱਖ ਲਿਆ ਗਿਆ ਹੈ ।

# ਧੰਨਵਾਦ

ਇਹ ਪੁਸਤਕ ਅੰਗਰੇਜ਼ੀ ਵਿੱਚ ਲਿਖੀ ਗਈ ਸੀ । ਪਾਠਕਾਂ ਵੱਲੋਂ ਇਸ ਦੀ ਭਰਪੂਰ ਸ਼ਲਾਘਾ ਤੇ ਪ੍ਰਸ਼ੰਸਾ ਹੋਈ । ਜਿਸ ਕਾਰਨ ਇਸ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਦੀ ਮੰਗ ਵਧਦੀ ਗਈ । ਇਸ ਮੰਗ ਨੂੰ ਮੁਖ ਰਖ ਕੇ ਅਨੁਵਾਦਕ ਦੀ ਭਾਲ ਆਰੰਭ ਹੋਈ । ਸ਼੍ਰੀਮਾਨ ਕਰਮਜੀਤ ਸਿੰਘ ਔਜਲਾ ਜੀ ਸੰਪਾਦਕ, ਸੇਵਾ ਲਹਿਰ, ਲੁਧਿਆਣਾ ਨੇ ਪੁਸਤਕ ਦਾ ਅਤਿ ਉੱਤਮ ਅਨੁਵਾਦ ਕਰਵਾਕੇ ਇਸ ਨੂੰ ਪੰਜਾਬੀ ਪਾਠਕਾਂ ਲਈ ਉਪਲੱਬਧ ਕਰ ਦਿੱਤਾ ਹੈ । ਅਨੁਵਾਦਕ ਦਾ ਕੰਮ ਅਤਿ ਕਠਿਨ ਹੁੰਦਾ ਹੈ ਪਰ ਆਪ ਜੀ ਨੇ ਦ੍ਰਿੜਤਾ ਅਤੇ ਲਗਨ ਨਾਲ ਇੱਕ ਵਧੀਆ ਅਨੁਵਾਦ ਕਰਵਾ ਦਿੱਤਾ ਹੈ ਜਿਸ ਲਈ ਮੈਂ ਸ਼੍ਰੀਮਾਨ ਕਰਮਜੀਤ ਸਿੰਘ ਔਜਲਾ ਜੀ ਦਾ ਤਹਿ ਦਿਲੋਂ ਧੰਨਵਾਦੀ ਹਾਂ ।

ਪੁਸਤਕ ਦੀ ਛਪਵਾਈ ਵੇਲੇ ਪਰੂਫ ਪੜ੍ਹਨ ਦੀ ਸੇਵਾ ਸ਼੍ਰੀਮਤੀ ਜਵਿੰਦਰ ਕੌਰ, ਧਾਰਮਿਕ ਅਧਿਆਪਕ, ਜੀ.ਐਨ.ਪੀ.ਐਸ., ਮੁੱਲਾਂਪੁਰ ਜੀ ਵੱਲੋਂ ਸ਼ਰਧਾ ਨਾਲ ਨਿਭਾਈ ਗਈ ਹੈ । ਆਪ ਜੀ ਦੀ ਇਸ ਸੇਵਾ ਲਈ ਮੈਂ ਹਮੇਸ਼ਾ ਰਿਣੀ ਰਹਾਂਗਾ ।

ਗੁਰਮਤਿ ਭਵਨ ਮੁੱਲਾਂਪੁਰ ਦੇ ਡਾਕਟਰ ਅਮਰਪ੍ਰੀਤ ਸਿੰਘ ਦਿਉਲ ਅਤੇ ਸਾਰੀ ਟੀਮ ਦਾ ਮੈਂ ਹਾਰਦਿਕ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਹਮੇਸ਼ਾ ਦੀ ਤਰ੍ਹਾਂ ਇਸ ਪੁਸਤਕ ਨੂੰ ਛਪਵਾਉਣ ਵਿੱਚ ਯੋਗਦਾਨ ਪਾਇਆ ਹੈ । ਪੁਸਤਕ ਲਈ ਟਾਈਟਲ ਦੀ ਤਸਵੀਰ ਇਨ੍ਹਾਂ ਦੀ ਚੋਣ ਹੈ । ਪੁਸਤਕ ਦਾ ਰੂਪ ਨਿਖਾਰ ਕੇ ਪੇਸ਼ ਕਰਨਾ ਵੀ ਇਨ੍ਹਾਂ ਦੀ ਦੇਣ ਹੈ ।

ਗੁਣਵੰਤਿਆਂ ਪਾਛਾਰ,  
ਗੁਰਬਚਨ ਸਿੰਘ ਸਿੱਧੂ  
20.11.2009

# ਕਾਂਡ 1

## ਸੰਸਾਰ ਦੇ ਇਤਿਹਾਸ ਵਿੱਚ ਨਾਰੀ ਦਾ ਸਥਾਨ

"ਮਨੁੱਖ ਜਾਤੀ ਦਾ ਇਤਿਹਾਸ ਮਨੁੱਖ ਦੁਆਰਾ ਇਸਤ੍ਰੀ ਜਾਤੀ ਨੂੰ ਬਾਰ ਬਾਰ ਦੁੱਖ ਦੇਣ ਅਤੇ ਉਸਦੇ ਹੱਕ ਖੋਹਣ ਦਾ ਹੀ ਇਤਿਹਾਸ ਹੈ। (ਅਲਿਜ਼ਾਬੈਥ ਕੈਡੀ ਸਟੈਂਟਨ USA 1948)

ਜਦੋਂ ਤੋਂ ਇਨਸਾਨੀ ਨਸਲ ਧਰਤੀ ਤੇ ਵਧਣ ਫੁੱਲਣ ਲੱਗੀ ਹੈ ਪੁਰਖ ਅਤੇ ਨਾਰੀਆਂ ਇੱਕੱਠੇ ਹੀ ਰਹਿੰਦੇ ਆਏ ਹਨ । ਸਮਾਜਿਕ ਸਬੰਧਾਂ ਵਜੋਂ ਇਨ੍ਹਾਂ ਵਿੱਚ ਤਿੰਨ ਪ੍ਰਕਾਰ ਦੇ ਰਿਸ਼ਤੇ ਹੋਂਦ ਵਿੱਚ ਆਏ । ਇਹ ਰਿਸ਼ਤੇ ਸਨ ਪਤੀ-ਪਤਨੀ, ਪ੍ਰੇਮੀ ਪ੍ਰੇਮਕਾ, ਮਾਪੇ-ਸੰਤਾਨ। ਮਰਦ ਕਮਾਈ ਕਰ ਕੇ ਘਰ ਲਿਆਉਂਦਾ ਸੀ ਤੇ ਪਰਿਵਾਰ ਨੂੰ ਪਾਲਦਾ ਸੀ ਇਸ ਵਾਸਤੇ ਸਮਾਜ ਵਿੱਚ ਉਸ ਦੀ ਭੂਮਿਕਾ ਇੱਕ ਆਗੂ ਵਜੋਂ ਸਥਾਪਤ ਹੋ ਜਾਣੀ ਕੁਦਰਤੀ ਸੀ। ਇਸੇ ਭੂਮਿਕਾ ਨੇ ਸਮਾਜ ਦੇ ਬਾਕੀ ਸਾਰੇ ਇਨਸਾਨੀ ਰਿਸ਼ਤਿਆਂ ਨੂੰ ਅਰਥ ਦਿੱਤੇ ਜੋ ਅੱਜ ਤੱਕ ਚਲੇ ਆ ਰਹੇ ਹਨ। ਮਰਦ ਨੇ ਹੀ ਇਨ੍ਹਾਂ ਨਾਲ ਹਰ ਪਰਕਾਰ ਦੀਆਂ ਕਦਰਾਂ ਕੀਮਤਾਂ ਜੋੜੀਆਂ। ਸਮਾਜ ਵਿੱਚ ਉੱਚਾ-ਨੀਵਾਂ, ਵੱਡਾ-ਛੋਟਾ, ਚੰਗਾ ਮਾੜਾ, ਕਾਮਾ-ਕਮਚੋਰ, ਆਗਿਆਕਾਰੀ-ਬਿਗੜਰੂਪ, ਸਾਊ-ਅਖੜਖਾਨ ਆਦਿਕ ਸਾਰੇ ਰਿਸ਼ਤੇ ਇਸੇ ਪ੍ਰਸਥਿਤੀ ਵਿੱਚੋਂ ਉਤਪਨ ਹੋਏ। ਜੋ ਮਰਦ ਨੇ ਕਹਿ ਦਿੱਤਾ ਉਹ ਪਰਿਵਾਰ ਵਿੱਚ ਅਤੇ ਸਮਾਜ ਵਿੱਚ ਪਰਵਾਣ ਹੋ ਗਿਆ।

ਸੰਸਾਰ ਦੇ ਇਤਿਹਾਸ ਨੂੰ ਵਾਚਿਆਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਇਤਿਹਾਸ ਵਿੱਚ ਇੱਕ ਵੀ ਐਸੀ ਮਿਸਾਲ ਨਹੀਂ ਮਿਲਦੀ ਜਿੱਥੋਂ ਪਤਾ ਲਗ ਸਕੇ ਕਿ ਮਰਦ ਨੇ ਆਪਣੀ ਮਾਂ ਜਾਂ ਆਪਣੀ ਇਸਤ੍ਰੀ ਲਿੰਗ ਸੰਤਾਨ ਨੂੰ ਮਾੜਾ ਕਿਹਾ ਹੋਵੇ । ਇਸ ਦੇ ਉਲਟ ਐਸੇ ਅਨੇਕਾਂ ਪਰਮਾਣ ਮਿਲਦੇ ਹਨ ਜਿਨ੍ਹਾਂ ਤੋਂ ਪਤਾ ਚਲਦਾ ਹੈ ਕਿ ਮਰਦ ਨੇ ਇਸਤ੍ਰੀ-ਪੁਰਖ ਅਤੇ ਪ੍ਰੇਮੀ-ਪ੍ਰੇਮਕਾ ਦੇ ਰਿਸ਼ਤਿਆਂ ਨੂੰ ਭੰਡਣ ਵਿੱਚ ਕਦੇ ਘੌਲ ਨਹੀਂ ਕੀਤੀ । ਭਾਵੇਂ ਅਸੀਂ ਜਾਣਦੇ ਹਾਂ ਕਿ ਤਾੜੀ ਇੱਕ ਹੱਥ ਨਾਲ ਨਹੀਂ ਵੱਜਦੀ ਪਰ ਤਾਂ ਵੀ ਸਦੀਆਂ ਤੋਂ ਜੋ ਦੰਦ ਕਥਾਵਾਂ ਚਲਦੀਆਂ ਆਈਆਂ ਹਨ ਉਨ੍ਹਾਂ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਪਤਨੀ ਜਾਂ ਪ੍ਰੇਮਕਾ ਹੀ ਨਿਸ਼ਾਨੇ ਤੇ ਰਹੀਆਂ ਹਨ । ਸਾਡੇ ਸਾਹਿਤ ਦੇ ਅਨੇਕਾਂ ਕਹਾਣੀਆਂ-ਕਿੱਸੇ ਇਸੇ ਇੱਕ ਪਾਸੜ ਅਨੁਚਿੱਤ ਉਲਾਰ, ਅਗਿਆਨਤਾ ਅਤੇ ਹੱਠ-ਧਰਮੀ ਦਾ ਨਤੀਜਾ ਹਨ ।[2] ਅਜਿਹਾ ਉਲਾਰ ਕਈ ਹਾਲਤਾਂ ਵਿੱਚ ਵਿਅਕਤੀਗਤ ਹੁੰਦਾ ਹੋਇਆ ਸਮਾਜਿਕ ਬਣ

[2] Ignorance and bigotry are the main causes of stereotypes. John Fitzgerald once said, "Too often we hold fast to the cliches of our forebears."

ਗਿਆ ਅਤੇ ਕਈ ਹਾਲਤਾਂ ਵਿੱਚ ਇਹ ਮਨ-ਘੜਤ ਕਲਪਨਾਵਾਂ ਤੋਂ ਵਿਗੜਕੇ ਪਨਪਦਾ ਹੋਇਆ ਸਮਾਜ ਦੀ ਹੱਡ ਬੀਤੀ ਮੰਨਿਆ ਜਾਣ ਲੱਗਾ । ਅਜਿਹੇ ਉਲਾਰ ਵਿੱਚ ਤੰਗਦਿਲੀ, ਘਿਰਣਾ ਅਤੇ ਮਾਨਸਿਕ ਸੰਕੀਰਣਤਾ ਦੇ ਅੰਸ਼ ਵੀ ਆਣ ਮਿਲੇ ਤੇ ਕਾਰਜਸ਼ੀਲ ਹੋ ਗਏ। ਪ੍ਰਚਲਤ ਹੋਏ ਅਜਿਹੇ ਵਿੱਚਾਰ ਜਦੋਂ ਫਿਲਾਸਫਰਾਂ, ਵਿਦਵਾਨਾਂ ਅਤੇ ਧਾਰਮਿਕ ਜਾਂ ਸਮਾਜਿਕ ਆਗੂਆਂ ਵਲੋਂ ਸਹੀ ਮੰਨ ਕੇ ਪਰਚਾਰੇ ਜਾਣ ਲਗੇ ਤਾਂ ਸੁਭਾਵਕ ਹੀ ਇਹ ਹਰ ਕਿਸੇ ਦੀ ਜ਼ੁਬਾਨ ਤੇ ਚੜ੍ਹ ਗਏ ਅਤੇ ਲੋਕਯਾਨ ਤੇ ਸਮਾਜਿਕ ਸ਼੍ਰਿਸ਼ਟਾਚਾਰ ਦਾ ਅੰਗ ਕਰਕੇ ਮੰਨੇ ਜਾਣ ਲੱਗੇ।

ਇਹ ਗੱਲ ਵੀ ਸਹੀ ਨਹੀਂ ਕਿ ਉਪ੍ਰੋਕਤ ਉਲਾਰੂ ਵਿੱਚਾਰਾਂ ਅਤੇ ਦੰਦ ਕਥਾਵਾਂ ਨੂੰ ਨਿਕਾਰਿਆ,ਵੰਗਾਰਿਆ ਜਾਂ ਰੱਦਿਆ ਨਾ ਗਿਆ ਹੋਵੇ ਅਤੇ ਚਨੌਤੀ ਨਾ ਦਿੱਤੀ ਗਈ ਹੋਵੇ। ਪਰ ਸਮਾਜ ਦੇ ਵਸੀਲੇ ਮਰਦ ਦੇ ਕੋਲ ਹੋਣ ਕਾਰਨ ਇਹ ਕੰਮ ਵੀ ਮਰਦਾਂ ਨੇ ਹੀ ਕਰਨਾ ਸੀ ਅਤੇ ਪਰਚਲਤ ਵਿੱਚਾਰਾਂ ਦੀ ਮੁਖਾਲਫਤ ਸਹਿਣੀ ਸੀ ਜਿਸ ਲਈ ਬਹੁਤ ਘੱਟ ਲੋਕ ਤਿਆਰ ਹੋ ਸਕਦੇ ਸਨ । ਪੰਜਾਬੀ ਸਾਹਿਤ ਵਿੱਚ ਪ੍ਰੋਫੈਸਰ ਮੋਹਣ ਸਿੰਘ ਦੀਆਂ ਹੇਠ ਲਿਖੀਆਂ ਸਤਰਾਂ ਇਸੇ ਰੁਚੀ ਵੱਲ ਇਸ਼ਾਰਾ ਕਰਦੀਆਂ ਹਨ। ਉਹ ਮਰਦ ਦੀ ਬੇਵਫਾਈ ਬਾਰੇ ਲਿਖਦੇ ਹਨ; **"ਪਰ ਤੂੰ ਵੱਖਰੀ ਕੋਈ ਨਹੀਂ ਗੱਲ ਕੀਤੀ ਤੇਰਾ ਕੱਲੇ ਦਾ ਨਹੀਂ ਕਸੂਰ ਮਾਹੀਆ, ਫੁੱਲ ਫੁੱਲ ਤੇ ਭੌਰਿਆਂ ਵਾਂਗ ਫਿਰਨਾ ਇਨ੍ਹਾਂ ਮਰਦਾਂ ਦਾ ਰਿਹਾ ਦਸਤੂਰ ਮਾਹੀਆ" ।**[3] ਪਰਚਲਤ ਦੰਦ ਕਥਾਵਾਂ ਜਦ ਮੁਹਾਵਰੇ ਅਤੇ ਲੋਕਕਤੀਆਂ ਬਣ ਕੇ ਜਣੇ ਖਣੇ ਦੀ ਜ਼ੁਬਾਨ ਉੱਪਰ ਚੜ੍ਹ ਗਏ ਹੋਣ ਤਾਂ ਉਨ੍ਹਾਂ ਦਾ ਖਾਤਮਾ ਕਰਨਾ ਕਠਨ ਹੋ ਜਾਂਦਾ ਹੈ। ਇਹ ਗੱਲ ਵੀ ਸੌਖੀ ਨਹੀਂ ਕਿ ਸੰਸਾਰ ਭਰ ਦੇ ਫਿਲਾਸਫਰਾਂ ਦੇ ਸਦੀਆਂ ਤੋਂ ਚੱਲੇ ਆ ਰਹੇ ਗਲਤ ਪਰ ਸਹੀ ਮੰਨੇ ਜਾ ਰਹੇ ਵਿੱਚਾਰਾਂ ਨੂੰ ਛੇਤੀ ਨਸ਼ਟ ਕੀਤਾ ਜਾ ਸਕੇ । ਇਹ ਯਤਨ ਵੀ 20ਵੀਂ, 21ਵੀਂ ਸਦੀ ਵਿੱਚ ਹੀ ਸ਼ੁਰੂ ਹੋਏ । ਭਾਰਤ ਵਿੱਚ ਇਸ ਵਿਸ਼ੇ ਉੱਪਰ "ਤ੍ਰਿਆਚ੍ਰਿਤਰ" ਨਾਂ ਦੀ ਇੱਕ ਵਧੀਆ ਫਿਲਮ ਬਣੀ ਹੈ ਜਿਸ ਵਿੱਚ ਨਸੀਰ-ਉਦੀਨ ਅਤੇ ਓਮ ਪੁਰੀ ਨੇ ਬੜੀ ਸਫਲਤਾ ਨਾਲ ਅਦਾਕਾਰੀ ਰਾਹੀਂ ਸਦੀਆਂ ਤੋਂ ਮਰਦ ਵੱਲੋਂ ਔਰਤ ਨਾਲ ਹੁੰਦੇ ਧੱਕੇ ਨੂੰ ਸਾਕਾਰ ਕਰਕੇ ਦਿਖਾਇਆ ਹੈ।

ਮੋਟੇ ਤੌਰ ਤੇ ਔਰਤਾਂ ਬਾਰੇ ਇਹ ਮੰਨ ਲਿਆ ਗਿਆ ਹੈ ਕਿ ਇਹ ਬੁੱਧੀ-ਹੀਣ ਹੁੰਦੀਆਂ ਹਨ ਅਤੇ ਕਿਸੇ ਗੱਲ ਦਾ ਛੇਤੀ ਫੈਸਲਾ ਨਹੀਂ ਲੈ ਸਕਦੀਆਂ । ਇਨ੍ਹਾਂ ਦੀ ਮੱਤ ਗੁੱਤ ਪਿੱਛੇ ਹੁੰਦੀ ਹੈ । ਇਨ੍ਹਾ ਦਾ ਕੱਦ ਨਿੱਕਾ, ਸੁਭਾ ਜ਼ਜ਼ਬਾਤੀ, ਮਨ ਚੰਚਲ ਅਤੇ ਸਰੀਰ ਕਮਜ਼ੋਰ ਹੁੰਦਾ ਹੈ । ਅਜਿਹੇ ਵਿੱਚਾਰ ਪੱਛਮੀ ਜਗਤ ਵਿੱਚ ਸੁੱਕਰਾਤ

[3] Sigh no more ladies sigh no more men were deceivers ever, One foot on land and one on sea to one thing constant never. (Anonymous )



(470- 299 ਪੂ.ਈ) [4] ਵਲੋਂ ਨਸ਼ਰ ਕੀਤੇ ਗਏ ਅਤੇ ਪੂਰਬ ਵਿੱਚ ਇਹ ਕੰਮ ਵੇਦਕ ਰਿਸ਼ੀਆਂ ਦੇ ਸਮੇਂ ਤੋਂ ਹੀ ਆਰੰਭ ਹੋ ਗਿਏ ਸਨ। ਪਰਮੁਖ ਦਲੀਲ ਇਹ ਦਿੱਤੀ ਜਾਂਦੀ ਰਹੀ ਕਿ ਪ੍ਰਾਕਿਰਤਕ ਕਾਰਨਾਂ ਕਰ ਕੇ ਅਤੇ ਸਰੀਰਕ ਬਣਤਰ ਪੱਖੋਂ ਔਰਤਾਂ ਘਟੀਆ ਹਨ। ਮਸਲਨ ਸੁੱਕਰਾਤ ਲਿਖਦਾ ਹੈ, "ਪੁਰਖ ਅਤੇ ਨਾਰੀ ਦੀ ਦ੍ਰਿੜ੍ਹਤਾ ਵਿੱਚ ਸਮਾਨਤਾ ਨਹੀਂ ਹੈ। ਪੁਰਖ ਦੀ ਦ੍ਰਿੜ੍ਹਤਾ ਅਗਵਾਈ ਕਰਨ ਵਿੱਚ ਹੈ ਅਤੇ ਔਰਤ ਦੀ ਵਡਿਆਈ ਆਗਿਆ ਪਾਲਣ ਵਿੱਚ ਹੈ। ਸੁੱਕਰਾਤ ਦੇ ਉਲਟ ਪਲੈਟੋ ਦਾ ਵਿੱਚਾਰ ਸੀ ਕਿ ਨਾਰੀਆਂ ਪ੍ਰਸ਼ਾਸ਼ਕ ਦੇ ਰੂਪ ਵਿੱਚ ਪੁਰਖਾਂ ਨਾਲੋਂ ਕਿਸੇ ਗੱਲੋਂ ਘੱਟ ਨਹੀਂ । ਉਹ ਨਾਰੀਆਂ ਨੂੰ ਚੰਗੀਆਂ ਚਿੰਤਕ ਅਤੇ ਫ਼ਿਲਾਸਫਰ ਮੰਨਦਾ ਸੀ । ਪ੍ਰਚਲਤ ਰਵਾਜ ਦੇ ਉਲਟ ਉਸ ਨੇ ਨਾਰੀਆਂ ਨੂੰ ਆਪਣੀ ਅਕਾਡਮੀ ਵਿੱਚ ਦਾਖਲ ਹੋਣ ਦੀ ਪੂਰੀ ਪੂਰੀ ਖੁੱਲ੍ਹ ਦਿੱਤੀ ਹੋਈ ਸੀ।

ਮਹਾਨ ਚਿੰਤਕ ਅਰਸਤੂ (ਮੌਤ 347 ਪੂ.ਈ.) ਦੇ ਵਿੱਚਾਰ ਅਨੁਸਾਰ ਨਾਰੀਆਂ ਅਪੂਰਨ, ਜਜ਼ਬਾਤੀ ਅਤੇ ਡਰੂ ਹੁੰਦੀਆਂ ਹਨ । ਉਸ ਦੇ ਇਨ੍ਹਾਂ ਵਿੱਚਾਰਾਂ ਦਾ ਸੰਸਾਰ ਦਰਸ਼ਨ ਉੱਪਰ ਬੇ ਹੱਦ ਅਸਰ ਪਿਆ । ਔਰਤ ਬਾਰੇ ਉਸ ਦੀਆਂ ਕੁੱਝ ਟਿੱਪਣੀਆਂ ਜੋ ਲੋਕਕਤੀਆਂ ਬਣ ਗਈਆਂ ਇਸ ਤਰ੍ਹਾਂ ਦੀਆਂ ਸਨ "ਔਰਤ ਇਨਸਾਨੀ ਵਿਕਾਸ ਵਿੱਚ ਅਧੂਰੀ ਹੈ", "ਔਰਤ ਮਰਦ ਦਾ ਭੱਜਾ ਟੁੱਟਾ ਰੂਪ ਹੈ" ਆਦਿਕ। ਉਸ ਨੇ ਇਹ ਵੀ ਲਿਖਿਆ ਕਿ "*ਔਰਤ ਮਰਦ ਦਾ ਅਣਵਿਕਸਤ ਅਪੂਰਵ ਰੂਪ ਹੈ ਜੋ ਵਿਕਾਸ ਦੀ ਪੌੜੀ ਦੇ ਹੇਠਲੇ ਟੰਬੇ ਉੱਪਰ ਹੀ ਰੁਕ ਗਿਆ । ਕੁਦਰਤ ਵਲੋਂ ਹੀ ਮਨੁੱਖ ਅੱਗੇ ਹੈ ਅਤੇ ਔਰਤ ਪਿੱਛੇ, ਮਨੁੱਖ ਪ੍ਰਬੰਧਕ ਹੈ ਅਤੇ ਨਾਰੀ ਆਗਿਆ ਪਾਲਕ। ਨਾਰੀ ਦ੍ਰਿੜ੍ਹਤਾ ਅਤੇ ਹੌਸਲੇ ਵਿੱਚ ਮਰਦ ਨਾਲੋਂ ਕਮਜ਼ੋਰ ਹੈ ਜਿਸ ਕਾਰਨ ਉਹ ਗੁਣਾਤਮਿਕ ਤੌਰ ਤੇ ਕਿਸੇ ਪਦਵੀ ਲਈ ਸੁਤੰਤਰ ਨਹੀਂ। ਉਸਦਾ ਯੋਗ ਸਥਾਨ ਘਰ ਹੈ ਜਿਸ ਦਾ ਸ਼ਾਂਤੀ ਪੂਰਵਕ ਪਰਬੰਧ ਉਸ ਦੀ ਜ਼ਿੰਮੇਦਾਰੀ ਹੈ। ਘਰੋਂ ਬਾਹਰਲੇ ਫਰਜ਼ ਕੇਵਲ ਮਰਦ ਹੀ ਨਿਭਾਵੇ ਕਿਉਂਕਿ ਨਾਰੀ ਘੱਟ ਹੌਸਲੇ ਵਾਲੀ, ਡਰੂ ਅਤੇ ਕਮਜ਼ੋਰ ਹੁੰਦੀ ਹੈ* "।

ਇੱਕ ਹੋਰ ਯੂਨਾਨੀ ਦਰਸ਼ਨ ਵੇਤਾ ਹਿਪੋਕਰੇਟੀਜ਼ ਔਰਤ ਬਾਰੇ ਟਿੱਪਣੀ ਕਰਦਾ ਹੈ ਕਿ "ਔਰਤ ਦਲਦਲ ਸਮਾਨ ਇੱਕ ਅਸਥਿਰ ਤੇ ਚੰਚਲ ਜੀਵ ਹੈ"। ਇਸ ਵਿੱਚਾਰ ਧਾਰਾ ਦਾ ਸ਼ੋਪਨਹਾਵਰ ਨੇ ਪੂਰਨ ਸਮਰਥਨ ਕੀਤਾ। ਉਹ ਲਿਖਦਾ ਹੈ, "ਨਾਰੀਆਂ ਵਿੱਚ ਗੁਣ ਤਾਂ ਹੈ ਪਰ ਪ੍ਰਤਿਭਾ ਨਹੀਂ ਹੁੰਦੀ। ਇਹ ਹਮੇਸ਼ਾ ਅੰਤ੍ਰਮੁਖੀ ਹੁੰਦੀਆਂ ਹਨ"।[5] ਬਰਤਾਨਵੀ ਦਰਸ਼ਨਵੇਤਾ ਚੈਸਟਰ ਫੀਲਡ ਨਾਰੀਆਂ ਬਾਰੇ ਲਿਖਦਾ ਹੈ, "ਔਰਤ ਇੱਕ ਮਨਮੋਹਕ ਗ਼ਲਤੀ ਹੈ"। ਜਰਮਨ ਫ਼ਿਲਾਸਫਰ ਵਿੰਜ (Whinge) ਅਨੁਸਾਰ "ਔਰਤ ਵਿੱਚ ਆਤਮਾ ਨਹੀਂ

[4] ਸੁਕਰਾਤ ਇੱਕ ਯੂਨਾਨੀ ਦਾਰਸ਼ਨਿਕ ਸੀ ਜੋ ਮਹਾਂ ਵਿਜੇਤਾ ਸਕੰਦਰ ਦਾ ਉਸਤਾਦ ਸੀ । ਇਸ ਦੇ ਵਿਚਾਰਾਂ ਦਾ ਈਸਾਈ, ਅਰਬੀ ਅਤੇ ਯਹੂਦੀ ਦਾਰਸ਼ਨਿਕਾਂ ਉੱਪਰ ਬਹੁਤ ਪ੍ਰਭਾਵ ਪਿਆ । ਇਸ ਨੇ ਆਪ ਕੁੱਝ ਨਹੀਂ ਸੀ ਲਿਖ ਕੇ ਛੱਡਿਆ । ਇਸ ਦੇ ਵਿੱਚਾਰ ਇਸ ਦੇ ਮਰਨ ਮਗਰੋਂ ਇਸ ਦੇ ਚੇਲਿਆਂ ਨੇ ਹੀ ਸਾਂਭੇ ਤੇ ਲਿਖਤ ਵਿੱਚ ਲਿਆਂਦੇ।

[5] Read "The world as Will and idea"

ਹੁੰਦੀ"।[6] ਜਰਮਨੀ ਦਾ ਹੀ ਇੱਕ ਹੋਰ ਵਿੱਚਾਰਵਾਨ ਗਾਟੇ (Goethe) ਇਸ ਦੇ ਉਲਟ ਇਹ ਮੰਨਦਾ ਸੀ ਕਿ "ਨਾਰੀ ਹੀ ਰੂਹ ਹੁੰਦੀ ਹੈ"।

ਅਨਾਤੋਲੇ ਫ੍ਰਾਂਸ ਨੇ ਉਨ੍ਹਾਂ ਫਿਲਾਸਫਰਾਂ ਅਤੇ ਪ੍ਰਚਾਰਕਾਂ ਨੂੰ ਖੂਬ ਨਿਕਾਰਿਆ ਜਿਨ੍ਹਾਂ ਨੇ ਇਸਤ੍ਰੀ ਜਾਤੀ ਉੱਪਰ ਨੁਕਤਾਚੀਨੀ ਕੀਤੀ ਸੀ। ਉਸ ਦਾ ਮੱਤ ਸੀ ਕਿ "*ਜਿਹੜੇ ਲੋਕ ਨਾਰੀ ਨੂੰ ਧਰਮ ਸਥਾਨਾਂ ਵਿੱਚ ਉੱਚ ਪਦਵੀ ਦੇਣ ਦੇ ਵਿਰੁੱਧ ਹਨ ਉਹ ਕਾਇਰ ਹਨ। ਇੱਕ ਪਾਸੇ ਤਾਂ ਉਹ ਔਰਤਾਂ ਤੋਂ ਦੂਰ ਭਜਦੇ ਹਨ ਅਤੇ ਦੂਜੇ ਪਾਸੇ ਇਨ੍ਹਾਂ ਦੇ ਹੀ ਜਾਲ ਵਿੱਚ ਫਸਦੇ ਹਨ*"। ਕਈ ਉਧਾਰਣਾ ਪੇਸ਼ ਕਰਦਾ ਹੋਇਆ ਉਹ ਸੰਤ ਜੈਰੋਮ ਦਾ ਜ਼ਿਕਰ ਕਰਦਿਆਂ ਲਿਖਦਾ ਹੈ ਕਿ ਇਸ ਸੰਤ ਨੇ ਸੰਸਾਰੀ ਜੀਵਨ ਨੂੰ ਤਿਆਗ ਦਿੱਤਾ ਸੀ ਤੇ ਏਕਾਂਤ ਵਾਸ ਵੀ ਕਰ ਲਿਆ ਸੀ ਪਰ ਨਾਰੀ ਤੋਂ ਫੇਰ ਵੀ ਪਿੱਛਾ ਨਾ ਛੁਡਾ ਸਕਿਆ"।

ਅਨੇਕ ਵਾਰ ਮਰਦ ਨੇ ਧਰਮ ਦੇ ਨਾਂ ਹੇਠ ਔਰਤਾਂ ਨਾਲ ਧਰਮ-ਧੱਕਾ ਕੀਤਾ ਹੈ। ਮੱਧ ਕਾਲ ਵਿੱਚ ਇੱਕੱਲੇ ਫ੍ਰਾਂਸ ਵਿੱਚ ਹੀ 30,000 ਇਸਤ੍ਰੀਆਂ ਨੂੰ ਚੁੜੇਲਾਂ ਕਹਿ ਕੇ ਅਤੇ ਤਸੀਹੇ ਦੇ ਦੇ ਮਾਰ ਦਿੱਤਾ ਗਿਆ ਸੀ । ਬਹੁਤੀਆਂ ਨੂੰ ਤਾਂ ਜਿੰਦਾ ਜਲਾ ਦਿੱਤਾ ਗਿਆ ਸੀ। ਅਜਿਹੇ ਤੱਥ ਸਿੱਧ ਕਰਦੇ ਹਨ ਕਿ ਮਨੁੱਖ ਨੇ ਧਰਮ ਨੂੰ ਵੀ ਆਪਣਾ ਗ਼ੁਲਾਮ ਬਣਾ ਕੇ ਵਰਤਿਆ ਅਤੇ ਆਪਣੀ ਧੌਂਸ ਜਮਾਉਣ ਲਈ ਮਨਮਾਨੀ ਦਾ ਸਾਧਨ ਬਣਾਇਆ। ਜਦੋਂ ਸਮਾਜ ਦਾ ਅੱਧਾ ਹਿੱਸਾ ਸਮਾਜ ਦੇ ਦੂਸਰੇ ਅੱਧੇ ਵਰਗ ਨੂੰ ਮਨੁੱਖ ਜਾਤੀ ਨਾ ਸਮਝ ਕੇ ਘਿਰਣਾ ਕਰਦਾ ਹੈ ਤਾਂ ਸਮਾਜ ਦਾ ਨਿੱਘਰ ਜਾਣਾ ਯਕੀਨੀ ਹੋ ਜਾਂਦਾ ਹੈ। ਜਦੋਂ ਮਾੜੀ ਜਾਂ ਸੁਣੀ ਸੁਣਾਈ ਗੱਲ ਬਾਰ ਬਾਰ ਦੁਹਰਾਈ ਜਾਵੇ ਤਾਂ ਉਹ ਦੰਦ ਕਥਾ ਬਣ ਜਾਂਦੀ ਹੈ। ਦੰਦ ਕਥਾ ਨੂੰ ਅਕਸਰ ਸਮਾਜ ਪ੍ਰਵਾਣ ਕਰ ਲੈਂਦਾ ਹੈ ਤੇ ਇਹ ਅਖਾਣ, ਮੁਹਾਵਰੇ ਜਾਂ ਲੋਕਕਤੀ ਬਣ ਕੇ ਪ੍ਰਚਲਤ ਹੋ ਜਾਂਦੀ ਹੈ । ਸੰਸਾਰ ਦੀਆਂ ਅਨੇਕਾਂ ਕੌਮਾਂ ਜਾਂ ਦੇਸ਼ਾਂ ਵਿੱਚ ਅਜਿਹੇ ਅਖਾਣ ਪ੍ਰਚਲਤ ਹਨ। ਨਮੂਨੇ ਲਈ ਅਸੀਂ ਅਜਿਹੇ ਕੁਝ ਕੁ ਅਖਾਣ ਹੇਠ ਦੇ ਰਹੇ ਹਾਂ।

1. ਕੁੜੀ ਤਾਂ ਸਮਾਜ ਰੂਪੀ ਖੇਤ ਵਿੱਚ ਇੱਕ ਨਦੀਨ ਹੁੰਦੀ ਹੈ
   ਜ਼ੁਲੂ ਕਥਨ
2. ਜਿਸ ਪਰਿਵਾਰ ਵਿੱਚ ਧੀਆਂ ਹੀ ਧੀਆਂ ਹਨ ਉਹ ਪਰਿਵਾਰ ਤ੍ਰੁੱਕ ਚੁੱਕੀ ਬੇਹੀ ਸ਼ਰਾਬ ਵਰਗਾ ਹੈ — ਡੱਚ ਅਖਾਣ
3. ਧੀ ਦੋ ਵਾਰ ਕਲੰਕ ਲਾਉਂਦੀ ਹੈ ਪਹਿਲਾਂ ਜਨਮ ਵੇਲੇ ਫੇਰ ਵਿਆਹ ਵੇਲੇ
   ਕੋਰੀਅਨ ਮੁਹਾਵਰਾ

[6] "They only congregate to bitch an absent member of their group" (ਔਰਤ ਹਮੇਸ਼ਾ ਗੈਰਹਾਜ਼ਰ ਔਰਤ ਦੀ ਬਦਖੋਈ ਕਰਦੀ ਹੈ)



4. ਪਤੀ ਮਾਲਿਕ ਹੈ, ਪਤਨੀ ਸੇਵਕਾ ਹੈ — ਜਪਾਨੀ ਵਿਸ਼ਵਾਸ਼
5. ਕੁੜੀ ਦੇ ਜੰਮਣ ਤੇ ਕੋਈ ਖ਼ੁਸ਼ ਨਹੀਂ ਹੁੰਦਾ ਕਿਉਂਕਿ ਪਰਿਵਾਰ ਦੀ ਆਤਮਾ ਬਿੱਖਰ ਜਾਂਦੀ ਹੈ — ਚੀਨੀ ਮਾਨਤਾ
6. ਕੁੜੀ ਦੇ ਜੰਮਣ ਨਾਲੋਂ ਧਰਤੀ ਉੱਪਰ ਹੋਰ ਕੋਈ ਗੱਲ ਮਾੜੀ ਨਹੀਂ
   ਫੂ ਜ਼ੂਆਨ [7]

ਪੱਛਮੀ ਲੋਕ, ਖਾਸ ਕਰ ਕੇ ਅੰਗ੍ਰੇਜ਼ ਆਪਣੇ ਆਪ ਨੂੰ ਸੱਭਿਆਚਾਰ, ਸਦਾਚਾਰ ਅਤੇ ਸ਼੍ਰਿਟਾਚਾਰ ਦਾ ਨਮੂਨਾ ਸਮਝਦੇ ਹਨ ਅਤੇ ਇਹ ਕਹਿੰਦੇ ਨਹੀਂ ਥਕਦੇ ਕਿ ਸੰਸਾਰ ਨੂੰ ਅਗਿਆਨਤਾ ਦੇ ਹਨੇਰੇ ਵਿੱਚੋਂ ਕੱਢਣ ਦਾ ਸਿਹਰਾ ਇਨ੍ਹਾਂ ਦੇ ਹੀ ਸਿਰ ਤੇ ਹੈ। ਇਨ੍ਹਾਂ ਵਿੱਚ ਪ੍ਰਚਲਤ ਅਖਾਣ ਅਤੇ ਇਨ੍ਹਾਂ ਦੇ ਪ੍ਰਸਿੱਧ ਲਿਖਾਰੀਆਂ ਦੀਆਂ ਲਿਖਤਾਂ ਵਿੱਚੋਂ ਕੁੱਝ ਕੁ ਟੂਕਾਂ ਦੇਣੀਆਂ ਅਨੁੱਚਿਤ ਨਹੀਂ ਹੋਣਗੀਆਂ

1. ਵਹੁਟੀ ਅਤੇ ਤੂਫਾਨੀ ਹਵਾ ਬਹੁਤ ਵਡੀਆਂ ਮੁਸੀਬਤਾਂ ਹਨ
2. ਸ਼ੀਸ਼ੇ ਦੇ ਗਲਾਸ ਵਾਂਗ ਔਰਤ ਦੇ ਟੁੱਟਣ ਦਾ ਵੀ ਹਮੇਸ਼ਾ ਖ਼ਤਰਾ ਰਹਿੰਦਾ ਹੈ
3. ਔਰਤ ਉਸ ਗੱਲ ਨੂੰ ਲੁਕਾਉਂਦੀ ਹੈ ਜਿਸ ਦਾ ਪੂਰਾ ਪਤਾ ਨਾ ਹੋਵੇ ਪਰ ਜਿਸਦਾ ਪਤਾ ਹੋਵੇ ਉਸ ਨੂੰ ਹਰ ਥਾਂ ਬਕ ਦਿੰਦੀ ਹੈ
4. ਔਰਤ ਵੀ ਹਵਾ ਵਾਂਗ ਰੁਖ ਬਦਲ ਲੈਂਦੀ ਹੈ
5. ਔਰਤ ਦੇ ਛੋਟੇ ਸਿਰ ਵਿੱਚ ਅਕਲ ਨਹੀਂ ਵੜ ਸਕਦੀ ਪਰ ਇਸ਼ਕ ਲਈ ਇਸ ਦਾ ਦਿਲ ਵੱਡਾ ਹੁੰਦਾ ਹੈ
6. ਔਰਤ ਘੱਗਰੀ ਵੱਲ ਝਾਕਦਿਆਂ ਹੀ ਬਹਾਨਾ ਲੱਭ ਲੈਂਦੀ ਹੈ

ਪਰਮੁਖ ਅੰਗ੍ਰੇਜ਼ੀ ਲਿਖਾਰੀਆਂ ਦੇ ਵਿੱਚਾਰ:

1. ਨਾਰੀ ਪੁਰਖ ਲਈ ਇੱਕ ਗੁੰਝਲਦਾਰ ਬੁਝਾਰਤ ਹੈ
   ਚੌਸਰ [8]
2. ਨਾਰੀ ਹਲਕਾ ਬਰਤਣ ਹੈ
   ਸ਼ੈਕਸਪੀਅਰ [9]

[7] ਫੂ ਜ਼ੂਆਨ ਚੀਨੀ ਭਾਸ਼ਾ ਦਾ ਪ੍ਰਸਿੱਧ ਕਵੀ ਹੈ । ਚੀਨ ਵਿੱਚ ਧੀਆਂ ਹੀ ਜੰਮਣ ਵਾਲੀ ਜਾਂ ਬਾਂਝ ਔਰਤ ਨੂੰ ਤਲਾਕ ਦੇਣਾ ਆਮ ਹੈ । ਰੋਮਨ ਸਮੇਂ ਤੋਂ ਪਹਿਲਾਂ ਇਟਲੀ ਵਿੱਚ ਕਾਨੂੰਨੀ ਇਜ਼ਾਜ਼ਤ ਸੀ ਕਿ ਕੋਈ ਮਰਦ ਆਪਣੀ ਪਤਨੀ ਨੂੰ ਜਦੋਂ ਚਾਹੇ ਕਤਲ ਕਰ ਸਕਦਾ ਸੀ ।

[8] ਚੌਸਰ ਅੰਗ੍ਰੇਜ਼ੀ ਦਾ ਇੱਕ ਪ੍ਰਸਿੱਧ ਲਿਖਾਰੀ ਹੋ ਗੁਜ਼ਰਿਆ ਹੈ ।

[9] ਅੰਗ੍ਰੇਜ਼ੀ ਦਾ ਸੰਸਾਰ ਪ੍ਰਸਿੱਧ ਲਿਖਾਰੀ ਜਿਸ ਨੇ ਕਈ ਜਗਤ ਪ੍ਰਸਿੱਧ ਡਰਾਮੇ ਲਿਖੇ ਹਨ ।

3. ਨਾਰੀ ਦਾ ਮਨ ਅਤੇ ਸਿਆਲ ਦੀ ਹਵਾ ਅਕਸਰ ਬਦਲਦੇ ਰਹਿੰਦੇ ਹਨ

ਬਰਨਜ਼

4. ਔਰਤ ਦੀ ਜ਼ੁਬਾਨ ਉਸ ਦੀ ਮੌਤ ਉਪ੍ਰੰਤ ਹੀ ਬੰਦ ਹੁੰਦੀ ਹੈ

ਚੈਪਮੈਨ

5. ਧੀ ,ਭੈਣ ,ਪਤਨੀ ਅਤੇ ਮਾਂ ਇਨਸਾਨੀ ਨਸਲ ਦੇ ਚਿੱਚੜ ਹਨ

ਰਿਚਰਡਸਨ

6. ਰਾਜਨੀਤੀ ਵਿੱਚ ਜ਼ਨਾਨੀ ਉਸ ਬਾਂਦਰ ਵਰਗੀ ਹੈ ਜੋ ਸ਼ੀਸ਼ੇ ਦੀ ਦੁਕਾਨ ਵਿੱਚ ਜਾ ਵੜੇ

ਅੰਗ੍ਰੇਜ਼ੀ ਕਹਾਵਤ

ਅਜਿਹੇ ਘਸੇ ਪਿਟੇ ਤ੍ਰਿਸਕਾਰਤ ਮੁਹਾਵਰੇ ਜਿਨ੍ਹਾਂ ਨੂੰ ਇਨਸਾਨੀ ਨਸਲ ਦੇ ਤਜਰਬਿਆਂ ਦਾ ਨਿਚੋੜ ਮੰਨਿਆ ਜਾਂਦਾ ਹੈ ਹਰ ਕੌਮ, ਦੇਸ਼ ਅਤੇ ਸਭਿਆਚਾਰ ਵਿੱਚ ਵਰਤੇ ਜਾਂਦੇ ਹਨ। ਹੁਣ ਇਹ ਇੱਥੋਂ ਤੱਕ ਨਾਰੀ ਦੀ ਮਾਨਸਿਕਤਾ ਦੀ ਗਹਿਰਾਈ ਵਿੱਚ ਸਰਾਇਤ ਕਰ ਗਏ ਹਨ ਕਿ ਨਾਰੀ ਆਪ ਹੀ ਹੀਣਤਾ-ਭਾਵ (Inferiority complex) ਦਾ ਸ਼ਿਕਾਰ ਹੋ ਕੇ ਇਨ੍ਹਾਂ ਨੂੰ ਵੰਗਾਰ ਪਾਉਣ ਦੀ ਥਾਂ ਸਿਰ ਸੁੱਟ ਕੇ ਮੰਨਣ ਲੱਗ ਪਈ ਹੈ। ਇਸ ਸਿਲਸਿਲੇ ਵਿੱਚ ਅਸੀਂ ਆਇਰਲੈਂਡ ਦੀ ਇੱਕ ਕਵਿਤ੍ਰੀ ਦੀਆਂ ਹੇਠ ਲਿਖੀਆਂ ਸਤਰਾਂ ਦੇ ਰਹੇ ਹਾਂ ਜੋ ਨਾਰੀਆਂ ਦੀ ਦੀਨ ਦਸ਼ਾ ਦਾ ਨਮੂਨਾ ਪੇਸ਼ ਕਰਦੀਆਂ ਹਨ।

"ਨੇਕ ਆਦਮ ਦੀ ਪਤਨੀ ਵੇ ਲੋਕਾ ਮੈਂ ਹੀ ਹਾਂ ਉਹ ਹੱਵਾ
ਮੈਂ ਹੀ ਲਾਇਆ ਸਗਲੇ ਜਗਤ ਦੇ ਰੱਬੀ ਹੁਕਮ ਤੇ ਧੱਬਾ
ਮੇਰੀ ਅਵੱਗਿਆ ਕਾਰਨ ਖੁੱਸਿਆ ਮਰਦ ਦੇ ਪੁੱਤ ਦਾ ਬੈਕੁੰਠ
ਮੇਰੀ ਗਲਤੀ ਕਾਰਨ ਵਿਗੜਿਆ ਯਸੂਹ ਮਸੀਹ ਦਾ ਅੱਗਾ
ਉਸ ਦੀ ਥਾਂ ਜੇ ਸਲੀਬ ਚੁਕਾ ਕੇ ਮੈਨੂੰ ਚਾੜ੍ਹਦੇ ਸੂਲੀ
ਨਾ ਕੋਈ ਦੁਨੀਆਂ 'ਚ ਪਾਪ ਹੀ ਹੁੰਦਾ ਨਾ ਕੋਈ ਕਰਦਾ ਦਗਾ
ਮੈਂ ਮਾੜੀ ਮੈਂ ਮਾੜੀ ਵੇ ਲੋਕਾ ਮੈਂ ਮਾੜੀ

1586 ਵਿੱਚ ਫਰਾਂਸ ਵਿੱਚ ਨਾਰੀ ਦੀ ਸਮਾਜਿਕ ਮਹੱਤਤਾ ਅਤੇ ਇਸ ਦੇ ਸਮਾਜ ਵਿੱਚ ਸਥਾਨ ਬਾਰੇ ਇੱਕ ਵਿੱਚਾਰ ਗੋਸ਼ਟੀ ਹੋਈ। ਇਸ ਵਿੱਚਾਰ ਗੋਸ਼ਟੀ ਨੇ ਨਤੀਜਾ ਕੱਢਿਆ ਕਿ " ਨਾਰੀ ਨੂੰ ਕੁਦਰਤ ਨੇ ਕੇਵਲ ਮਰਦ ਦੀ ਸੇਵਾ ਕਰਨ ਲਈ ਹੀ ਪੈਦਾ ਕੀਤਾ ਹੈ"



ਇਹ ਇੱਕ ਸਚਾਈ ਹੈ ਕਿ ਸਾਰੇ ਸੰਸਾਰ ਵਿੱਚ ਧੀਆਂ ਨਾਲੋਂ ਪੁੱਤਰਾਂ ਨੂੰ ਚੰਗਾ ਸਮਝਿਆ ਜਾਂਦਾ ਹੈ।[10] ਮਾਈਕਲ ਜ਼ਿਮਬਾਲਿਸਟ ਇਸ ਨੂੰ ਵਿਸ਼ਵ ਵਿਆਪਕ ਲਿੰਗਕ ਅਸਮਾਨਤਾ ( Universal sexual asymmetry- 1947) ਕਹਿੰਦਾ ਹੈ।

1983 ਵਿੱਚ ਸੰਸਾਰ ਦੇ 40 ਦੇਸ਼ਾਂ ਵਿੱਚ ਇਹ ਜਾਨਣ ਲਈ ਸਰਵੇਖਣ ਕਰਵਾਇਆ ਗਿਆ ਕਿ ਸੰਸਾਰ ਵਿੱਚ ਨਾਰੀ ਜ਼ਾਤੀ ਬਾਰੇ ਕੀ ਮਾਨਤਾਵਾਂ ਹਨ। ਕੇਵਲ ਦੋ ਦੇਸ਼ਾਂ ਨੇ ਧੀ ਦੇ ਜਨਮ ਨੂੰ ਪੁੱਤ੍ਰ ਦੇ ਜਨਮ ਨਾਲੋਂ ਚੰਗਾ ਕਿਹਾ । ਕੇਵਲ ਤੇਰਾਂ ਦੇਸ਼ ਐਸੇ ਸਨ ਜਿਨ੍ਹਾਂ ਨੇ ਪੁੱਤ੍ਰ ਅਤੇ ਧੀ ਵਿੱਚਕਾਰ ਸਮਾਨਤਾ ਦਾ ਇਜ਼ਹਾਰ ਕੀਤਾ। 25 ਦੇਸ਼ ਐਸੇ ਸਨ ਜਿਨ੍ਹਾਂ ਨੇ ਪੁੱਤਰਾਂ ਨੂੰ ਧੀਆਂ ਨਾਲੋਂ ਤਰਜੀਹ ਦਿੱਤੀ।

[10] ਇਸ ਵਿਸ਼ੇ ਤੇ ਹੇਠ ਲਿਖੀਆਂ ਕਿਤਾਬਾਂ ਪੜ੍ਹੋ।
1. "The burden of girlhood" by Neera Kuckreeja Oakland third Party publishing 1995
2. "The state of women in the world atlas" by Joni Seager London Penguin 1997

# ਕਾਂਡ 2
## ਇਸਲਾਮ ਧਰਮ ਵਿੱਚ ਇਸਤ੍ਰੀ ਦਾ ਸਥਾਨ

"ਸ਼ਕਤੀ ਦਾ ਮੂਲ ਇਸ ਗਲ ਤੇ ਆਧਾਰਤ ਹੁੰਦਾ ਹੈ ਕਿ ਕਿਸ ਪ੍ਰਕਾਰ ਦੀਆਂ ਕਹਾਣੀਆਂ ਪ੍ਰਚਲਤ ਕੀਤੀਆਂ ਜਾਂਦੀਆਂ ਹਨ।" (ਕੈਰੋਲੀਨ ਹੇਲਬਰੱਨ)

ਇਸਲਾਮ ਦੇ ਆਗਮਨ (570 ਪੂ:ਈ) ਤੋਂ ਪਹਿਲਾਂ ਅਰਬ ਦੇਸ਼ਾਂ ਵਿੱਚ ਨਾਰੀਆਂ ਦੀ ਹਾਲਤ ਤਰਸਯੋਗ ਸੀ । ਉਹ ਗ਼ੁਲਾਮਾਂ ਵਾਂਗ ਖ਼੍ਰੀਦੀਆਂ ਤੇ ਵੇਚੀਆਂ ਜਾ ਸਕਦੀਆਂ ਸਨ। ਧੀ ਦਾ ਪੈਦਾ ਹੋਣਾ ਇੱਕ ਕਲੰਕ ਸਮਝਿਆ ਜਾਂਦਾ ਸੀ ਅਤੇ ਧੀਆਂ ਨੂੰ ਅਕਸਰ ਮਾਰ ਦਿੱਤਾ ਜਾਂਦਾ ਸੀ । ਕੁਰਾਨ (ਸੂਰਾ 54-8) ਦੀ ਗਵਾਹੀ ਅਨੁਸਾਰ "*ਜਦ ਜਿਉਂਦੀ ਧੀ ਨੂੰ ਦੱਬਣ ਲੱਗੇ ਤਾਂ ਉਸ ਨੇ ਪੁੱਛ ਲਿਆ ਕਿ ਉਸ ਨੂੰ ਕਿਸ ਗੁਨਾਹ ਬਦਲੇ ਦੱਬਿਆ ਜਾ ਰਿਹਾ ਸੀ" ।"ਜਦ ਕੁੜੀ ਦੇ ਜੰਮਣ ਦੀ ਖ਼ਬਰ ਮਿਲਦੀ ਸੀ ਤਾਂ ਪਿਉ ਦਾ ਮੂੰਹ ਇੱਕ ਦਮ ਉੱਤਰ ਜਾਂਦਾ ਸੀ ਅਤੇ ਅੰਦਰ ਕ੍ਰੋਧ ਭਰ ਜਾਂਦਾ ਸੀ। ਅਜਿਹਾ ਪੁਰਸ਼ ਦੂਸਰੇ ਮਰਦਾਂ ਤੋਂ ਮੂੰਹ ਲੁਕਾਉਂਦਾ ਫਿਰਦਾ ਸੀ ਕਿਉਂਕਿ ਇਹ ਖ਼ਬਰ ਬੁਰੀ ਮੰਨੀ ਜਾਂਦੀ ਸੀ । ਉਹ ਆਪਣੇ ਆਪ ਨੂੰ ਪੁੱਛਦਾ ਸੀ, ਕੀ ਉਹ ਲੋਕਾਂ ਦੀ ਘਿਰਣਾ ਦਾ ਸ਼ਿਕਾਰ ਬਣਿਆ ਰਹੇ ਜਾਂ ਧੀ ਨੂੰ ਕਿਧਰੇ ਦੱਬ ਆਵੇ?*" (ਕੁਰਾਨ ਸੂਰਾ 16)। [11]

ਮਰਦਾਂ ਵਿੱਚ ਬਹੁ-ਨਾਰੀ ਸ਼ਾਦੀ ਅਤੇ ਔਰਤਾਂ ਵਿੱਚ ਬਹੁ-ਪੁਰਸ਼ ਸ਼ਾਦੀਆਂ ਆਮ ਸਨ। ਵੇਸਵਾ ਗਮਨੀ ਜ਼ੋਰਾਂ ਤੇ ਸੀ। ਧਾਰਮਿਕ ਸਥਾਨਾਂ ਵਿੱਚ ਬੁੱਤਾਂ ਦੀ ਪੂਜਾ ਹੁੰਦੀ ਸੀ। ਮੂਰਤੀਆਂ ਵਿੱਚੋਂ ਬਹੁਤੀਆਂ ਮੂਰਤੀਆਂ ਔਰਤਾਂ ਦੀਆਂ ਹੀ ਹੁੰਦੀਆਂ ਸਨ। ਔਰਤ ਨੂੰ ਵਿੱਦਿਆ ਪ੍ਰਾਪਤੀ ਦਾ ਅਧਿਕਾਰ ਨਹੀਂ ਸੀ। ਨਾਰੀਆਂ ਦਾ ਵਿਵਹਾਰ ਅਤੇ ਆਉਣ-ਜਾਣ ਮਨੁੱਖਾਂ ਦੇ ਅਧੀਨ ਸੀ। ਪਰਾਏ ਮਰਦ ਨਾਲ ਸੰਗ ਕਰਨ ਵਾਲੀ ਇਸਤ੍ਰੀ ਨੂੰ ਬੇਦਰਦੀ ਨਾਲ ਕਤਲ ਕਰ ਦਿੱਤਾ ਜਾਂਦਾ ਸੀ।

ਹਜ਼ਰਤ ਮੁਹੰਮਦ ਦੀ ਆਮਦ ਨਾਲ ਅਰਬ ਦੇਸ਼ਾਂ ਵਿੱਚ ਔਰਤਾਂ ਦੀ ਹਾਲਤ ਵਿੱਚ ਕੁੱਝ ਸੁਧਾਰ ਆਉਣਾ ਸ਼ੁਰੂ ਹੋਇਆ। ਹੁਣ ਉਨ੍ਹਾਂ ਨੂੰ ਧਾਰਮਿਕ ਪੁਸਤਕਾਂ ਪੜ੍ਹਣ ਦੀ ਖ਼ੁੱਲ੍ਹ ਮਿਲ ਗਈ ਅਤੇ ਜਾਇਦਾਦ ਦੀ ਮਲਕੀਅਤ ਦਾ ਹੱਕ ਵੀ ਮਿਲ ਗਿਆ ।[12] ਇਸ ਗਲ ਦੇ

[11] ਕਿਹਾ ਜਾਂਦਾ ਹੈ ਕਿ ਜਦ ਖ਼ਲੀਫਾ ਉਸਮਾਨ ਆਪਣੀ ਧੀ ਨੂੰ ਦੱਬਣ ਲੱਗਾ ਤਾਂ ਧੀ ਨੇ ਉਸ ਦੀ ਦਾੜ੍ਹੀ ਉੱਪਰੋਂ ਮਿੱਟੀ ਝਾੜ ਦਿੱਤੀ। ਜਿੰਦਗੀ ਵਿੱਚ ਪਹਿਲ਼ੀ ਵਾਰ ਉਸਮਾਨ ਦੀਆਂ ਅੱਖਾਂ ਵਿੱਚੋਂ ਬੇਮੁਹਾਰਾ ਅੱਥਰੂ ਕਿਰ ਪਏ ।

[12] ਇਸ ਵਿਸ਼ੇ ਤੇ ਪੜ੍ਹੋ ਮੇਰੀ ਪੁਸਤਕ "ਸਿੱਖ ਧਰਮ ਤੇ ਇਸਲਾਮ"



ਬਾਵਜੂਦ ਵੀ ਉਨ੍ਹਾਂ ਨੂੰ ਮਰਦਾਂ ਦੀ ਬਰਾਬਰੀ ਨਾ ਮਿਲੀ। ਇਸਲਾਮ ਨੇ ਮਰਦ ਨੂੰ ਚਾਰ ਵਿਆਹ ਕਰਨ ਦੀ ਆਗਿਆ ਦਿੱਤੀ। "ਦੋ, ਤਿੰਨ ਜਾਂ ਚਾਰ ਨਾਲ ਨਿਕਾਹ ਕਰਵਾ ਲਵੋ ਪਰ ਜੇ ਡਰ ਹੋਵੇ ਕਿ ਨਿਭਾਉਣਾ ਮੁਸ਼ਕਿਲ ਹੈ ਤਾਂ ਇੱਕ ਨਾਲ ਹੀ ਵਿਆਹ ਠੀਕ ਰਹੇਗਾ"(ਕੁਰਾਨ ਸੂਰਾ ਅਲਨਿਸਾ 4.3)[13] । ਅਜਿਹੀਆਂ ਨਾਰੀਆਂ ਨਾਲ ਵਿਆਹ ਕਰਵਾਉਣ ਲਈ ਕਿਹਾ ਗਿਆ ਜਿਹੜੀਆਂ ਚੰਗੀਆਂ ਲੱਗਣ। ਨਵੇਂ ਬਨਣ ਵਾਲੇ ਮੁਸਲਮਾਨਾਂ ਉੱਪਰ ਇਹ ਨਿਯਮ ਬੜੀ ਸਖ਼ਤੀ ਨਾਲ ਲਾਗੂ ਕੀਤਾ ਜਾਂਦਾ ਸੀ। ਗ਼ਿਲਾਨ ਬਿਨ ਸਲਾਮ ਦੀਆਂ ਦਸ ਪਤਨੀਆਂ ਸਨ । ਜਦੋਂ ਉਸ ਨੇ ਇਸਲਾਮ ਧਰਮ ਕਬੂਲ ਕੀਤਾ ਤਾਂ ਛੇਆਂ ਨੂੰ ਤਲਾਕ ਦੇਣਾ ਪਿਆ। (ਦੇਖੋ ਬਿਨ-ਏ-ਮਾਝਾ ਭਾਗ 1 ਪੰਨਾ 545)। ਮਰਦ ਵੱਲੋਂ ਬਹੁਤੀਆਂ ਔਰਤਾਂ ਨਾਲ ਇੱਕੋ ਜਿਹਾ ਵਿਵਹਾਰ ਲਗ ਪਗ ਅਸੰਭਵ ਹੁੰਦਾ ਹੈ ਇਸ ਲਈ ਢਿੱਲ ਦੇ ਦਿੱਤੀ ਗਈ। "ਜੇ ਤੁਸੀਂ ਇੱਕ ਪਤਨੀ ਨੂੰ ਕਿਸੇ ਦੂਜੀ ਨਾਲ ਬਦਲਨੀ ਚਾਹੁੰਦੇ ਹੋ ਤਾਂ ਇਉਂ ਕਰ ਲਵੋ ਪਰ ਤੁਸੀਂ ਦਿੱਤੀ ਹੋਈ ਮਾਇਆ (ਮਿਹਰ) ਆਪਣੀ ਤਿਆਗੀ ਜਾਣ ਵਾਲੀ ਇਸਤ੍ਰੀ ਤੋਂ ਵਾਪਸ ਨਹੀਂ ਲੈ ਸਕਦੇ"। (ਕੁਰਾਨ ਸੂਰਾ ਅਲਨਿਸਾ 4.20)[14]

"ਇਸਲਾਮ ਇਸ ਗੱਲ ਦੀ ਆਗਿਆ ਦਿੰਦਾ ਹੈ ਕਿ ਇਸਤ੍ਰੀਆਂ ਨੂੰ ਦਾਸੀਆਂ (ਕਨੀਜ਼ਾਂ) ਜਾਂ ਗ਼ੁਲਾਮਾਂ ਦੀ ਸ਼ਕਲ ਵਿੱਚ ਰੱਖਿਆ ਜਾ ਸਕਦਾ ਹੈ ਅਤੇ ਉਨ੍ਹਾਂ ਨਾਲ ਲੋੜੀਂਦੀ ਸ਼ਾਦੀ ਤੋਂ ਬਿਨਾਂ ਵੀ ਲਿੰਗ ਸਬੰਧ ਰੱਖੇ ਜਾ ਸਕਦੇ ਹਨ। ਉਹ ਉਸ ਬੰਦੇ ਦੀ ਜਾਇਦਾਦ ਬਣ ਜਾਂਦੀਆਂ ਹਨ" (ਮੌਲਾਨਾ ਮੌਦੂਦੀ ਦਾ ਕਥਨ- ਦੇਖੋ ਇਸਲਾਮਿਕ ਰਾਜ ਦੀ ਵਿਚਾਰਧਾਰਾ ਪੰਨਾ 112)।[15] ਕੁਰਾਨ ਵਿੱਚ ਇਹੋ ਗੱਲ ਇਸ ਤਰ੍ਹਾਂ ਲਿਖੀ ਮਿਲ ਜਾਂਦੀ ਹੈ, "ਜੋ ਗ਼ੁਲਾਮ ਔਰਤਾਂ ਤੁਸੀਂ ਸੱਜੇ ਹੱਥਾਂ ਨਾਲ ਕਾਬੂ ਕਰ ਲਈਆਂ ਹਨ ਉਨ੍ਹਾਂ ਨਾਲ ਨਿਕਾਹ ਕਰਵਾ ਸਕਦੇ ਹੋ"(ਕੁਰਾਨ ਸੂਰਾ ਅਲਨਿਸਾ 4.3) ।[16] ਕੁਰਾਨ ਵਿੱਚ ਇਸ ਗਲ ਦੀ ਆਗਿਆ ਵੀ ਹੈ ਕਿ

[13] ਕੁਰਾਨ ਇਹ ਵੀ ਕਹਿੰਦਾ ਹੈ ਕਿ "ਬਹੁਤੀਆਂ ਪਤਨੀਆਂ ਨਹੀਂ ਹੋਣੀਆਂ ਚਾਹੀਦੀਆਂ" (ਕੁਰਾਨ 33.52) ਇਹ ਨਿਯਮ ਵੀ ਪੂਰੀ ਤਰ੍ਹਾਂ ਨਹੀਂ ਸੀ ਨਿਭਾਇਆ ਜਾਂਦਾ । ਮੁਸਲਿਮ ਵਿਦਵਾਨ ਅਲ ਸ਼ੁਯੂਤੀ ਆਪਣੀ ਮੁਸਤਕ "ਨੁਜ਼ਹਤ-ਅਲ-ਮੁਤਾਹ ਅਮੀਦ" ਵਿੱਚ ਅਨੇਕਾਂ ਮੁਸਲਮਾਨਾਂ ਦੀਆਂ ਮਿਸਾਲਾਂ ਦਿੰਦਾ ਹੈ ਜਿਨ੍ਹਾ ਨੇ 80 ਤੱਕ ਵਿਆਹ ਕਰਵਾਏ । ਇੱਕ ਹੋਰ ਵਿਦਵਾਨ ਅਲ ਗਜ਼ਾਲੀ ਲਿਖਦਾ ਹੈ ਕਿ ਮੁਹੰਮਦ ਸਾਹਿਬ ਦੇ ਆਪਣੇ ਦੋਹਤੇ ਹਸਨ ਨੇ 200 ਵਿਆਹ ਕਰਵਾਏ । ਇਸਲਾਮ ਦੀ ਹਰ ਕਿਤਾਬ ਵਿੱਚ ਇਹ ਲਿਖਿਆ ਹੈ ਕਿ ਮੁਹੰਮਦ ਸਾਹਿਬ ਦੀਆਂ ਵੀ 9 ਜ਼ਨਾਨੀਆਂ ਸਨ । ਕਿਸੇ ਕਿਸੇ ਨੇ ਇਨ੍ਹਾਂ ਦੀ ਗਿਣਤੀ 22 ਵੀ ਲਿਖੀ ਹੈ । ਮੁਹੰਮਦ ਸਾਹਿਬ ਨਾਲ ਇਹ ਰਿਆਇਤ ਅੱਲਾ ਨੇ ਕੀਤੀ ਮੰਨੀ ਜਾਂਦੀ ਹੈ ਕਿ "*ਕੋਈ ਵੀ ਮੁਸਲਮਾਨ ਔਰਤ ਜੋ ਮੁਹਮੰਦ ਨੂੰ ਪਤੀ ਬਣਾਉਣਾ ਚਾਹੇ ਅਤੇ ਮੁਹੰਮਦ ਨੂੰ ਪ੍ਰਵਾਣ ਹੋ ਜਾਵੇ ਤਾਂ ਉਹ ਉਸ ਨਾਲ ਨਿਕਾਹ ਕਰਵਾ ਸਕਦਾ ਹੈ । ਇਹ ਰਿਆਇਤ ਕੇਵਲ ਤੇਰੇ ਲਈ ਹੀ ਹੈ* " (ਕੁਰਾਨ The confederates 4) ।

[14] ਹਰ ਮੁਸਲਮਾਨ ਨੂੰ ਵਿਆਹ ਵੇਲੇ ਕੁਝ ਰਕਮ ਆਪਣੀ ਹੋਣ ਵਾਲੀ ਪਤਨੀ ਨੂੰ ਦੇਣੀ ਪੈਂਦੀ ਹੈ । ਉਸ ਰਕਮ ਨੂੰ "ਮਿਹਰ" ਕਿਹਾ ਜਾਂਦਾ ਹੈ । ਜੇ ਕਰ ਔਰਤ ਕਿਸੇ ਵਜ੍ਹਾ ਕਰਕੇ ਮਰਦ ਨੂੰ ਛੱਡ ਜਾਵੇ (ਇਸ ਨੂੰ ਖ਼ੁੱਲ ਕਹਿੰਦੇ ਹਨ) ਤਾਂ ਔਰਤ ਨੂੰ ਮਿਹਰ ਦੀ ਰਕਮ ਆਪਣੇ ਪਤੀ ਨੂੰ ਮੋੜਨੀ ਪੈਂਦੀ ਹੈ ।

[15] ਇਹੋ ਗੱਲ ਸਹੀ ਮੁਸਲਿਮ ਵਿੱਚ ਦਰਜ ਹੈ ਦੇਖੋ ਅੰਕ 3432-34

[16] ਮੁਹੰਮਦ ਸਾਹਿਬ ਦੀਆਂ ਪਤਨੀਆ ਸਾਫੀਆ, ਰੀਹਾਨਾ ਅਤੇ ਜੁਵੇਰੀਆ ਲੜਾਈ ਵਿੱਚ ਕਾਬੂ ਆ ਗਈਆਂ ਸਨ ਜਿਨ੍ਹਾਂ ਨੂੰ ਪਤਨੀਆਂ ਬਣਾ ਲਿਆ ਗਿਆ ਸੀ (ਸਹੀ ਮੁਸਲਿਮ 4292) "ਸੀਰਤ-ਉਲ-ਰਸੂਲ ਅੱਲਾ" ਵਿੱਚ ਵੀ ਇਸ ਦਾ ਜ਼ਿਕਰ ਮਿਲਦਾ ਹੈ। ਦੇਖੋ ਪੰਨਾ 493

ਜੇ ਕਰ ਅਣਵਿਆਹੇ ਮਰਦ ਤੇ ਜ਼ਨਾਨੀ ਦੋਵੇਂ ਰਾਜ਼ੀ ਹੋਣ ਤਾਂ ਲਿੰਗ ਸਬੰਧ ਬਣਾਉਣ ਵਿੱਚ ਕੋਈ ਹਰਜ਼ ਨਹੀਂ। "ਆਪਸੀ ਸਹਿਮਤੀ ਨਾਲ ਜੋ ਕਰਦੇ ਹੋ ਉਸ ਵਿੱਚ ਕੋਈ ਗੁਨਾਹ ਨਹੀਂ"(ਸੂਰਾ ਅਲਨਿਸਾ 4.24)। ਕਿਸੇ ਵੀ ਮੁਸਲਮਾਨ ਨੂੰ ਆਪਣੀ ਪਤਨੀ ਦੀ ਭੈਣ (ਸਾਲ਼ੀ) ਨਾਲ ਵਿਆਹ ਕਰਵਾਉਣ ਦੀ ਆਗਿਆ ਨਹੀਂ।

ਭਾਵੇਂ ਕੁਰਾਨ ਵਿੱਚ ਇਸ ਗੱਲ ਦਾ ਕੋਈ ਸਪਸ਼ਟ ਜ਼ਿਕਰ ਨਹੀਂ ਪਰ ਹਰ ਮੁਸਲਮਾਨ ਨੂੰ ਸੁੰਨਤ [17] ਕਰਵਾਉਣੀ ਪੈਂਦੀ ਹੈ। ਅਫ਼ਰੀਕਾ ਵਿੱਚ ਅਤੇ ਕੁੱਝ ਹੋਰਨਾਂ ਇਸਲਾਮੀ ਦੇਸ਼ਾਂ ਵਿੱਚ ਇਹ ਮਰਯਾਦਾ ਔਰਤਾਂ ਤੇ ਵੀ ਸਖ਼ਤੀ ਨਾਲ ਲਾਗੂ ਕੀਤੀ ਜਾਂਦੀ ਹੈ ਜਿਸ ਕਾਰਨ ਜਵਾਨ ਹੋ ਰਹੀਆਂ ਲੜਕੀਆਂ ਨੂੰ ਅਸਹਿ ਪੀੜਾ ਦਾ ਦੁੱਖ ਸਹਾਰਨਾ ਪੈਂਦਾ ਹੈ। [18]

"ਇਸਲਾਮ ਦੁਆਰਾ ਨਿਸ਼ਚਿਤ ਮਰਦਾਂ ਤੇ ਔਰਤਾਂ ਵਿੱਚਕਾਰ ਅਧਿਕਾਰਾਂ ਅਤੇ ਸ਼ਕਤੀਆਂ ਦਾ ਪਲੜਾ ਕੁਦਰਤੀ ਤੌਰ ਤੇ ਮਰਦ ਦੇ ਪੱਖ ਵਿੱਚ ਝੁਕਦਾ ਹੈ। ਮਰਦ ਨੂੰ ਇਹ ਹੱਕ ਹੁੰਦਾ ਹੈ ਕਿ ਜੇ ਉਹ ਚਾਹੇ ਤਾਂ ਕਿਸੇ ਮੌਕੇ ਵੀ ਆਪਣੀ ਔਰਤ ਨੂੰ ਤਲਾਕ ਦੇ ਸਕਦਾ ਹੈ "(ਮੌਲਾਨਾ ਮੌਦੂਦੀ ਦਾ ਕਥਨ- ਇਸਲਾਮਿਕ ਵਿਚਾਰ ਧਾਰਾ ਪੰਨਾ 110) ਕੋਈ ਵੀ ਮੁਸਲਮਾਨ ਕਿਸੇ ਵੀ ਮੌਕੇ ਆਪਣੀ ਪਤਨੀ ਨੂੰ ਤਿੰਨ ਵਾਰ ਸ਼ਬਦ "ਤਲਾਕ", "ਤਲਾਕ" "ਤਲਾਕ" ਕਹਿ ਦੇਵੇ ਤਾਂ ਤਲਾਕ ਹੋ ਜਾਂਦਾ ਹੈ ਅਤੇ ਰਿਸ਼ਤਾ ਖ਼ਤਮ ਹੋ ਜਾਂਦਾ ਹੈ। (ਕੁਰਾਨ ਇਹਆ 2.230) ।[19] ਅਜਿਹੇ ਫੈਸਲੇ ਵਿਰੁੱਧ ਕਿਸੇ ਵੀ ਇਸਲਾਮੀ ਦੇਸ਼ ਵਿੱਚ ਕੋਈ ਅਪੀਲ਼ ਨਹੀਂ ਹੋ ਸਕਦੀ। ਤਲਾਕ ਦੇਣ ਦਾ ਹੱਕ ਕੇਵਲ ਪੁਰਸ਼ ਨੂੰ ਹੈ ਇਸਤ੍ਰੀ ਤਲਾਕ ਨਹੀਂ ਦੇ ਸਕਦੀ । ਤਲਾਕ ਸ਼ੁਦਾ ਔਰਤ ਦਾ ਸਮਾਜ ਵਿੱਚ ਤ੍ਰਿਸਕਾਰ ਵਾਲਾ ਸਥਾਨ ਹੁੰਦਾ ਹੈ । ਤਲਾਕ ਦੀ ਬਦਨਾਮੀ ਦੇ ਕਾਰਨ ਦੂਸਰੇ ਵਿਆਹ ਵਿੱਚ ਮੁਸ਼ਕਿਲ ਦਰਪੇਸ਼ ਹੁੰਦੀ ਹੈ ।[20]

[17] ਪੁਰਸ਼ ਦੇ ਲਿੰਗ ਦਾ ਅਗਲਾ ਹਿੱਸਾ ਕੱਟਣ ਨੂੰ "ਸੁੰਨਤ" ਕਹਿੰਦੇ ਹਨ ।

[18] ਮਿਸਰ ਦੇਸ਼ ਵਿੱਚ 1997 ਵਿੱਚ ਔਰਤ ਦੀ ਜਬਰੀ ਸੁੰਨਤ ਵਿਰੁਧ ਔਰਤਾਂ ਵਲੋਂ ਲੜਾਈ ਲੜੀ ਗਈ ਸੀ। ਵਿਰੋਧ ਵਿੱਚ ਸ਼ੇਖ-ਅਲ-ਬਦਰੀ ਸੀ । ਔਰਤਾਂ ਮੁਕੱਦਮਾ ਹਾਰ ਗਈਆਂ। ਇੰਗਲੈਂਡ ਵਿੱਚ ਵੀ ਔਰਤਾਂ ਦੀ ਜਬਰੀ ਸੁੰਨਤ ਦੇ ਕੇਸ ਕਦੀ ਕਦਾਈਂ ਸੁਨਣ ਵਿੱਚ ਆ ਜਾਂਦੇ ਹਨ।

[19] ਮਰਦ ਜਿੰਨੀਆਂ ਮਰਜ਼ੀ ਔਰਤਾਂ ਨੂੰ ਤਲਾਕ ਦੇ ਸਕਦਾ ਹੈ । ਇੱਕ ਨੌਜਵਾਨ ਖ਼ਲੀਫੇ ਬਾਰੇ ਕਿਹਾ ਜਾਂਦਾ ਹੈ ਕਿ ਉਸਦੀ ਉਮਰ ਭਾਵੇਂ ਥੋੜੀ ਸੀ ਪਰ ਉਸ ਨੇ 100 ਜ਼ਨਾਨੀਆਂ ਨੂੰ ਤਲਾਕ ਦਿੱਤਾ ।(History of the Punjab-Punjabi University Page 34) ਟਿਊਨੀਸ਼ੀਆਂ,ਤੁਰਕੀ ਅਤੇ ਈਰਾਨ ਵਿੱਚ "ਤਲਾਕ", ਤਲਾਕ" ਤਲਾਕ" ਕਹਿਣ ਨਾਲ ਹੋਏ ਤਲਾਕ ਨੂੰ ਕਾਨੂੰਨੀ ਮਾਣਤਾ ਪ੍ਰਾਪਤ ਨਹੀਂ ਹੈ। U.S.News and world report dated Sep15,2008 ਅਨੁਸਾਰ ਤਲਾਕ ਸ਼ੁਦਾ ਔਰਤਾਂ ਦੇ ਬੱਚਿਆਂ ਵਿੱਚ ਕਾਮੁਕ ਰੁੱਚੀ (desire for sex) ਉਮਰ ਤੋਂ ਪਹਿਲਾਂ ਉਪਜਦੀ ਹੈ। ਨਤੀਜਾ ਇਹ ਹੈ ਕਿ ਅਮ੍ਰੀਕਾ ਵਿੱਚ ਅਜਿਹੇ ਤਲਾਕਸ਼ੁਦਾ ਜੋੜਿਆਂ ਦੇ 19 ਮਿਲੀਅਨ ਬੱਚੇ STD (Sexualy transmitted disease) ਦਾ ਸ਼ਿਕਾਰ ਹਨ।

[20] "Men and women, regardless of race, nationality or religion, having reached the age of puberty, have the right to marry and establish families. They have equal rights with regard to marriage, in the marriage and in the event of dissolution." (UN Declaration of human rights Article 16)



ਕੁਰਾਨ ਮਜੀਦ ਅਨੁਸਾਰ ਔਰਤਾਂ ਮਰਦਾਂ ਦੇ ਟਾਕਰੇ ਤੇ ਬਲਹੀਣ ਹੁੰਦੀਆਂ ਹਨ ਅਤੇ ਸੁਤੰਤਰ ਰੂਪ ਵਿੱਚ ਸੋਚ ਨਹੀਂ ਸਕਦੀਆਂ । ਮਰਦ ਆਪਣੀਆਂ ਔਰਤਾਂ ਨੂੰ ਤੁਹਫੇ ਦੇ ਤੌਰ ਤੇ ਕਿਸੇ ਹੋਰ ਮਰਦ ਨੂੰ ਦੇ ਸਕਦੇ ਹਨ ।[21]

ਮੁਸਲਮਾਨਾਂ ਵਿੱਚ ਬਹੁ-ਨਾਰੀ ਵਿਆਹ ਦੀ ਪ੍ਰਥਾ ਕਾਰਨ ਆਮ ਤੌਰ ਤੇ ਸੌਕਣਾਂ ਵਿੱਚਕਾਰ ਕੁੜੱਤਣ ਪੈਦਾ ਹੋ ਜਾਂਦੀ ਹੈ। ਕਈ ਪਰਕਾਰ ਦੇ ਘਰੋਗੀ ਝਗੜੇ ਅਤੇ ਸਾਜ਼ਿਸ਼ਾਂ ਹੁੰਦੀਆਂ ਰਹਿੰਦੀਆਂ ਹਨ। ਅਜਿਹੀ ਹਾਲਤ ਵਿੱਚ ਬੱਚੇ ਸਭ ਤੋਂ ਵੱਧ ਕਸ਼ਟ ਭੋਗਦੇ ਹਨ। ਤਲਾਕ ਹੋ ਜਾਣ ਉਪ੍ਰੰਤ ਮੁੰਡੇ ਨੂੰ ਸੱਤ ਸਾਲ ਅਤੇ ਧੀ ਨੂੰ ਨੌਂ ਸਾਲ ਦੀ ਉਮਰ ਤੱਕ ਮਾਂ ਕੋਲ ਰਹਿਣਾ ਲਾਜ਼ਮੀ ਹੈ । ਇਸ ਤੋਂ ਬਾਅਦ ਹੀ ਸੰਤਾਨ ਜੇ ਚਾਹੇ ਤਾਂ ਪਿਉ ਕੋਲ ਆ ਸਕਦੀ ਹੈ । ਜੇ ਇਸਤ੍ਰੀ ਨਿਸ਼ਚਿਤ ਸਮੇਂ ਵਿੱਚਕਾਰ ਕਿਸੇ ਹੋਰ ਨਾਲ ਵਿਆਹ ਕਰਵਾ ਲਵੇ ਤਾਂ ਤੁਰੰਤ ਹੀ ਬੱਚਿਆਂ ਤੇ ਉਸ ਦਾ ਅਧਿਕਾਰ ਸਮਾਪਤ ਹੋ ਜਾਂਦਾ ਹੈ।

ਸਿੱਖ ਧਰਮ ਵਾਂਗ ਹੀ ਇਸਲਾਮ ਵੀ ਗ੍ਰਿਹਸਤ ਧਰਮ ਦਾ ਸਮਰਥਣ ਕਰਦਾ ਹੈ। ਇਸਲਾਮ ਦੇ ਪੈਗੰਬਰ ਹਜ਼ਰਤ ਮੁਹਮੰਦ ਸਾਹਿਬ ਨੇ ਨਿਕਾਹ ਕੀਤੇ ਅਤੇ ਉਨ੍ਹਾਂ ਦੇ ਸੰਤਾਨ ਵੀ ਹੋਈ। ਉਨ੍ਹਾਂ ਨੇ ਕਿਹਾ, " ਗ੍ਰਿਹਸਤ ਮੇਰਾ ਜੀਵਨ ਮਾਰਗ ਹੈ। ਜਿਹੜਾ ਕੋਈ ਗ੍ਰਿਹਸਤ ਨੂੰ ਪਸੰਦ ਨਹੀਂ ਕਰਦਾ ਉਹ ਮੇਰਾ ਨਹੀਂ ਬਣ ਸਕਦਾ"। (ਕੁਰਾਨ 33.53)। ਭਾਵੇਂ ਮੁਸਲਮਾਨ ਪਰਿਵਾਰ ਵਿੱਚ ਖਾਣ ਪਾਣ ਅਤੇ ਚੁਲ੍ਹੇ ਚੌਂਕੇ ਦੀ ਸਾਰੀ ਜ਼ਿੰਮੇਵਾਰੀ ਔਰਤਾਂ ਸਿਰ ਹੁੰਦੀ ਹੈ ਪਰ ਉਹ ਖਾਣ ਲਈ ਜੀਵ ਨੂੰ ਜ਼ਿਬਾਹ ਨਹੀਂ ਕਰ ਸਕਦੀਆਂ। ਇਸਲਾਮੀ ਵਰ੍ਹੇ (ਸਾਲ) ਦੇ ਕੁਝ ਨਿਸ਼ਚਿਤ ਦਿਨਾਂ ਵਿੱਚ ਮੁਸਲਮਾਨ ਰੋਜ਼ਾ (ਵਰਤ) ਰਖਦੇ ਹਨ। ਔਰਤ ਰੋਜ਼ਾ ਤਾਂ ਹੀ ਰੱਖ ਸਕਦੀ ਹੈ ਜੇ ਕਰ ਉਸ ਦਾ ਪਤੀ ਘਰ ਹੋਵੇ ਤੇ ਰੋਜ਼ਾ ਰੱਖਣ ਦੀ ਆਗਿਆ ਦੇ ਦੇਵੇ (ਸਹੀ ਮੁਸਲਿਮ 2238)

ਇਸਲਾਮ ਅਨੁਸਾਰ ਨਰ ਆਤਮਿਕ ਸ਼ਕਤੀ ਹੀ ਜੀਵਨ ਦਾ ਮੁੱਢ ਹੈ ਇਸ ਲਈ ਪਤਨੀ ਨੂੰ ਹਰ ਹਾਲਤ ਵਿੱਚ ਪਤੀ ਦੀ ਅਧੀਨਗੀ ਪ੍ਰਵਾਣ ਕਰਨੀ ਲਾਜ਼ਮੀ ਹੈ। ਮਨੁੱਖ ਨਾਰੀ ਨਾਲੋਂ ਹਰ ਪੱਖੋਂ ਸ਼੍ਰੇਸ਼ਠ ਹੈ। ਭਾਵੇਂ ਕੁੱਟ ਮਾਰ ਕਰਨ ਨਾਲ ਮਾਨਸਿੱਕ ਪੀੜਾ ਹੁੰਦੀ ਹੈ ਅਤੇ ਨਿਰਾਸਤਾ ਫੈਲਦੀ ਹੈ ਮੁਸਲਮਾਨ ਨੂੰ ਇਹ ਹੱਕ ਹੈ ਕਿ ਉਹ ਆਪਣੀ ਜ਼ਨਾਨੀ ਨੂੰ ਜਦੋਂ ਚਾਹੇ ਕੁੱਟ ਮਾਰ ਕਰ ਸਕਦਾ ਹੈ । [22]"*ਮਰਦ ਦਾ ਜ਼ਨਾਨੀ ਉਪਰ ਪੂਰਨ ਅਧਿਕਾਰ ਹੈ। ਅੱਲਾ*

[21] Life of Muhammad by W. Muir Volume VII page 272-73. Also see Sahi Bukhari 264

[22] ਇਸ ਵਿਸ਼ੇ ਤੇ ਪੜ੍ਹੋ ਹੇਠ ਲਿਖੀਆਂ ਪੁਸਤਕਾਂ **(1)** Wife beating in Islam' by Silas (2) 'Wife abuse in the Muslim community' by Kamran Menon (3) `The Saudis' by Sandra Mackay (4) `Princess' by Jean Sasson . Also read Hadis Bukhari Volume 7 No. 715. Sahi Muslim No. 3512, 3526, 3527 And Abu Dawd chapter 709 No. 2141. ਹਦੀਸ ਨੰਬਰ 2142 ਵਿੱਚ ਲਿਖਿਆ ਹੈ, "ਮਰਦ ਨੂੰ ਕੋਈ ਨਹੀਂ ਪੁੱਛ ਸਕਦਾ ਕਿ ਉਸ ਨੇ ਆਪਨੀ ਔਰਤ ਨੂੰ ਕਿਉਂ ਕੁੱਟਿਆ?" ਸਹੀ ਮੁਸਲਮ ਪੁਸਤਕ 4 ਵਿੱਚ ਨੰਬਰ 2127 ਹਦੀਸ ਕਹਿੰਦੀ ਹੈ ਕਿ ਮੁਹੰਮਦ ਨੇ ਵੀ ਆਪਣੀ ਪਤਨੀ ਆਇਸ਼ਾ ਨੂੰ ਕੁੱਟਿਆ ਸੀ । ਆਇਸ਼ਾ ਨੇ ਆਪ ਕਿਹਾ ਹੈ "ਉਸ ਨੇ ਮੇਰੀ ਛਾਤੀ ਉੱਪਰ

*ਨੇ ਮਰਦ ਨੂੰ ਜ਼ਨਾਨੀ ਨਾਲੋਂ ਸ੍ਰੇਸ਼ਠ ਬਣਾਇਆ ਹੈ । ਇਹ ਇਸ ਲਈ ਹੈ ਕਿ ਮਰਦ ਕਮਾਈ ਕਰ ਕੇ ਲਿਆਉਂਦਾ ਹੈ ਤੇ ਜਾਇਦਾਦ ਬਣਾਉਂਦਾ ਹੈ । ਨੇਕ ਔਰਤਾਂ ਉਹੀ ਹਨ ਜੋ ਆਗਿਆ ਵਿੱਚ ਰਹਿਣ ਤੇ ਅਲੱਾ ਦੇ ਪਰਦਾਨ ਕੀਤੇ ਭੇਤ ਸਾਂਭੀ ਰਖਣ। ਜਿਨ੍ਹਾਂ ਜ਼ਨਾਨੀਆਂ ਤੇ ਅਵੱਗਿਆ ਕਰਨ ਜਾਂ ਆਕੀ ਹੋਣ ਦਾ ਸ਼ੱਕ ਪਵੇ ਉਨ੍ਹਾਂ ਨੂੰ ਕੁੱਟੋ ਮਾਰੋ ਅਤੇ ਬਿਸਤਰੇ ਵਿੱਚ ਨਾ ਵੜਣ ਦਿਉ (ਸੇਜ ਸੁੱਖ ਤੋਂ ਵਾਂਝਾ ਕਰੋ) । ਜੇ ਉਹ ਫੇਰ ਮੁੜ ਆਗਿਆਕਾਰ ਬਣ ਜਾਣ ਤਾਂ ਹੋਰ ਕੁਝ ਨਾ ਕਰੋ। ਧਿਆਨ ਰਹੇ ਕਿ ਅੱਲਾ ਉੱਚਤਮ ਹੈ, ਮਹਾਨ ਹੈ"* (ਸੂਰਾ ਅਲਨਿਸਾ 4.34)। "ਤੁਹਾਡੀਆਂ ਔਰਤਾਂ ਤੁਹਾਡੇ ਲਈ ਖੇਤ ਵਾਂਗ ਹਨ। ਰੱਜ ਕੇ ਵਾਹੋ" ( ਸੂਰਾ ਬਕਰਾ 2.223, ਸਹੀ ਮੁਸਲਿਮ 3363)

"ਜੇ ਕਿਧਰੇ ਬੁਰਾਈ ਹੈ ਤਾਂ ਉਹ ਔਰਤ ਵਿੱਚ ਤੇ ਘੋੜੇ ਵਿੱਚ ਹੈ। ਮੇਰੀ ਮੌਤ ਤੋਂ ਬਾਅਦ ਇਸਲਾਮ ਨੂੰ ਨਾਰੀ ਦੇ ਦਲਿਦ੍ਰ ਤੋਂ ਵਧੇਰੇ ਭਿਆਨਕ ਖ਼ਤਰਾ ਹੋਰ ਕਿਸੇ ਪਾਸਿਉਂ ਨਹੀਂ ਹੋਵੇਗਾ"। (ਹਦੀਸ ਨੰ 30 ਤੇ 32 ਸਹੀ ਬੁਖਾਰੀ ਉਰਦੂ ਸ਼ੇਖ ਗ਼ੁਲਾਮ ਅਲੀ ਐਂਡ ਸੰਨਜ਼ ਲਹੌਰ)

ਬਹੁਤ ਸਾਰੇ ਇਸਲਾਮੀ ਵਿਦਵਾਨਾਂ ਦਾ ਵਿੱਚਾਰ ਹੈ ਕਿ ਕੇਵਲ ਮਰਦ ਹੀ ਇਤਿਹਾਸ ਸਿਰਜ ਸਕਦੇ ਹਨ ਨਾਰੀਆਂ ਦਾ ਰਾਜਨੀਤੀ ਦੇ ਮੰਚ ਨਾਲ ਕੋਈ ਸਬੰਧ ਨਹੀਂ ਹੈ ।[23] ਕੁਰਾਨ ਦੀ ਤਫਸੀਰ (ਟੀਕਾ) ਕਰਨ ਵਾਲੇ ਪ੍ਰਸਿੱਧ ਸੁੰਨੀ ਵਿਦਵਾਨ ਇਬਨ ਕਥੀਰ ਅਨੁਸਾਰ "ਜਿਹੜੀ ਕੌਮ ਔਰਤ ਨੂੰ ਨੇਤਾ ਵਜੋਂ ਚੁਣਦੀ ਹੈ ਉਹ ਕਦੇ ਵੀ ਤ੍ਰੱਕੀ ਨਹੀਂ ਕਰ ਸਕੇਗੀ। ਮਰਦ ਔਰਤ ਨਾਲੋਂ ਸ੍ਰੇਸ਼ਟ ਹਨ" ( ਸੂਰਾ ਬਕਰਾ 2.228) । "ਜੇ ਮੈਂ ਕਿਸੇ ਨੂੰ ਕਿਸੇ ਦੂਜੇ ਅੱਗੇ ਨਿਮਰਤਾ ਸਹਿਤ ਅਧੀਨ ਹੋਕੇ ਫਰਸ਼ੀ ਸਲਾਮ ਦੇਣ ਲਈ ਕਹਿਣਾ ਹੋਵੇ ਤਾਂ ਮੇਰਾ ਆਦੇਸ਼ ਹੋਵੇਗਾ ਕਿ ਪਤਨੀਆਂ ਆਪਣੇ ਪਤੀਆਂ ਦੇ ਅੱਗੇ ਅਜਿਹਾ ਸਲਾਮ ਕਰਨ" (ਅਬੂ ਦਾਊਦ – 'ਕਿਤਾਬ-ਅਲ-ਨਿਕਾਹ' ਭਾਗ 11 ਹਦੀਸ 2135)।

ਮੁਹੰਮਦ ਸਾਹਿਬ ਨੇ ਨਰਕ ਦਾ ਦੌਰਾ ਕੀਤਾ ਅਤੇ ਵਾਪਸ ਆ ਕੇ ਕਿਹਾ, "ਮੈਨੂੰ ਦੋਜ਼ਖ਼ ਦੀ ਅੱਗ ਦਿਖਾਈ ਗਈ। ਇੱਥੋਂ ਦੇ ਨਿਵਾਸੀਆਂ ਦੀ ਬਹੁਗਿਣਤੀ ਐਸੀਆਂ

ਜ਼ਰਬ ਲਾਈ ਤੇ ਮੈਨੂੰ ਬਹੁਤ ਹੀ ਜ਼ਿਆਦਾ ਤਕਲੀਫ਼ ਹੋਈ" "Violence against women is perhaps the most shameful human rights violation,and it is perhaps the most pervasive.It knows no boundaries of Geography,culture or wealth.As long as it continues,we cannot claim to be making real progress towards equality,development and peace."(UN Secretary General Kofi Annan)

[23] ਪਾਕਿਸਤਾਨ ਵਿੱਚ ਜਨਰਲ ਜ਼ਿਆ ਨੇ 'ਅਲ ਹੁਦਾ' ਨਾਂ ਦਾ ਇੱਕ ਟੀ-ਵੀ ਪ੍ਰੋਗਰਾਮ ਸ਼ੁਰੂ ਕਰਵਾਇਆ ਸੀ ਜੋ ਸਰਾਸਰ ਜ਼ਨਾਨੀਆਂ ਨੂੰ ਹਰ ਰੋਜ਼ ਭੰਡਦਾ ਸੀ। ਇਸੇ ਪ੍ਰੋਗਰਾਮ ਵਿੱਚ ਕਿਹਾ ਗਿਆ ਸੀ, " ਬਹੁਤੀਆਂ ਚੋਰ,ਵਿਭਚਾਰੀ ਅਤੇ ਕਾਫ਼ਰ ਜ਼ਨਾਨੀਆਂ ਹੀ ਹੁੰਦੀਆਂ ਹਨ" । ਇਸੇ ਤਰ੍ਹਾਂ ਪਾਕਿਸਤਾਨ ਦੇ ਪ੍ਰਧਾਨ ਅਯੂਬ ਖਾਂ ਨੇ 1961 ਵਿੱਚ ਇਹੋ ਦਲੀਲਾਂ ਦੇ ਕੇ ਜ਼ਨਾਨੀਆਂ ਦੇ ਰਾਜਨੀਤੀ ਵਿੱਚ ਆਉਣ ਤੇ ਪਾਬੰਦੀ ਲਾ ਦਿੱਤੀ ਸੀ । ਇਸ ਹੁਕਮ ਨੂੰ ਪਿਛੋਂ 1973 ਵਿੱਚ ਜ਼ੁਲਫਿਕਾਰ ਅਲੀ ਭੱਟੋ ਨੇ ਖ਼ਤਮ ਕਰਵਾਇਆ ।



ਔਰਤਾਂ ਦੀ ਸੀ ਜਿਹੜੀਆਂ ਅਕ੍ਰਿਤਘਣ ਸਨ" (ਸਹੀ ਬੁਖਾਰੀ ਭਾਗ 1 ਨੰਬਰ 28)। ਅਬੂ ਸਈਦ ਖੁਦਰੀ ਅਨੁਸਾਰ ਇਹ ਗੱਲ ਕਹੀ ਜਾਂਦੀ ਰਹੀ ਹੈ ਕਿ ਪੈਗ਼ੰਬਰ ਨੇ ਕਿਹਾ ਸੀ, "ਇਸਰਾਈਲ ਦੀ ਸੰਤਾਨ ਵਿੱਚੋਂ ਜਿਨ੍ਹਾਂ ਨੇ ਮਰਦ ਵਿਰੁੱਧ ਪਹਿਲੀ ਬਗ਼ਾਵਤ ਕੀਤੀ ਉਹ ਔਰਤਾਂ ਹੀ ਸਨ"

ਨਾਰੀ ਦੇ ਮਨ ਦੀ ਕਮਜ਼ੋਰੀ (ਸਹੀ ਬੁਖਾਰੀ -826) ਅਤੇ ਬੇਵਫ਼ਾਈ ਦੀ ਆਦਤ (ਸਹੀ ਬੁਖਾਰੀ-574) ਕਾਰਨ ਦੋ ਔਰਤਾਂ ਦੀ ਗਵਾਹੀ ਇੱਕ ਮਰਦ ਦੇ ਬ੍ਰਾਬਰ ਮੰਨਣੀ ਚਾਹੀਦੀ ਹੈ। "ਆਪਣੇ ਬੰਦਿਆਂ ਵਿੱਚੋਂ ਦੋ ਗਵਾਹ ਅਜਿਹੇ ਲੱਭੋ ਜਿਨ੍ਹਾਂ ਨੂੰ ਤੁਸੀਂ ਪ੍ਰਵਾਣ ਕਰਦੇ ਹੋ। ਜੇ ਦੋ ਮਰਦ ਨਾ ਮਿਲ ਸਕਦੇ ਹੋਣ ਤਾਂ ਇੱਕ ਮਰਦ ਤੇ ਦੋ ਔਰਤਾਂ ਦੀ ਗਵਾਹੀ ਠੀਕ ਹੈ। ਗਵਾਹਾਂ ਨੂੰ ਜਦੋਂ ਤਲਬ ਕੀਤਾ ਜਾਵੇ ਤਾਂ ਉਹ ਆਉਣ ਤੋਂ ਇਨਕਾਰ ਨਾ ਕਰਨ" (ਕੁਰਾਨ -ਸੂਰਾ ਬਕਰਾ 2.282, ਸੂਰਾ ਅਲਨਿਸਾ 4.177)

ਈਸਾਈ ਧਰਮ ਵਾਂਗ ਇਸਲਾਮ ਵੀ ਆਦਮ-ਹੱਵਾ (ਈਵ) ਦੀ ਕਥਾ ਵਿੱਚ ਵਿਸ਼ਵਾਸ਼ ਰਖਦਾ ਹੈ (ਸੂਰਾ ਬਕਰਾ 2.33-37)। ਆਦਮ (Adam) ਤੇ ਹੱਵਾ (Eve) ਅਦਨ ਦੇ ਬਾਗ਼ ਵਿੱਚ ਮਜ਼ੇ ਨਾਲ ਰਹਿੰਦੇ ਸਨ ਜਿੱਥੇ ਕੋਈ ਰੋਗ ਨਹੀਂ ਸੀ ਅਤੇ ਨਾ ਹੀ ਮੌਤ ਸੀ। ਹਰ ਤਰ੍ਹਾਂ ਦਾ ਸੁੱਖ ਆਰਾਮ ਪ੍ਰਾਪਤ ਸੀ ਪਰ ਉਨ੍ਹਾਂ ਨੂੰ ਇੱਕ ਵਿਵਰਜਿਤ ਰੁੱਖ (forbidden tree) ਤੋਂ ਫਲ ਖਾਣ ਦੀ ਆਗਿਆ ਨਹੀਂ ਸੀ । ਹੱਵਾ ਨੇ ਆਦਮ ਨੂੰ ਇਸ ਰੁੱਖ ਤੋਂ ਫਲ ਤੋੜ ਕੇ ਖਾਣ ਲਈ ਪ੍ਰੇਰ ਲਿਆ। ਬਸ ਫੇਰ ਕੀ ਸੀ, ਰੱਬ ਨਾਰਾਜ਼ ਹੋ ਗਿਆ ਅਤੇ ਦੋਹਾਂ ਨੂੰ ਧੱਕਾ ਦੇ ਕੇ ਅਦਨ ਦੇ ਬਾਗ਼ ਵਿੱਚੋਂ, ਜੋ ਕਿ ਸਵਰਗ ਵਿੱਚ ਸੀ, ਕੱਢ ਕੇ ਬਾਹਰ ਸੁੱਟ ਦਿੱਤਾ। ਇਸ ਪ੍ਰਕਾਰ ਮੰਨਿਆ ਜਾਂਦਾ ਹੈ ਕਿ ਹੱਵਾ (ਔਰਤ) ਹੀ ਆਦਮ (ਬੰਦੇ) ਨੂੰ ਕੁਰਾਹੇ ਪਾਉਂਦੀ ਹੈ। " ਜੇ ਹੱਵਾ ਨੇ ਇਸ ਤਰ੍ਹਾਂ ਨਾ ਕੀਤਾ ਹੁੰਦਾ ਤਾਂ ਕੋਈ ਵੀ ਔਰਤ ਕਿਸੇ ਵੀ ਮੌਕੇ ਆਪਣੇ ਪਤੀ ਨਾਲ ਬੇਵਫ਼ਾਈ ਨਾ ਕਰਦੀ "। (ਸਹੀ ਮੁਸਲਿਮ ਨੰਬਰ 3471)

ਇਸਲਾਮ ਵਿੱਚ ਨਿਕਾਹ ਦੇ ਰਿਸ਼ਤੇ ਤੋਂ ਬਾਹਰਲੇ ਲਿੰਗ ਸਬੰਧ (ਵਿਭਚਾਰ) ਦੀ ਮਨਾਹੀ ਹੈ। ਇਸ ਨਿਯਮ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਚਾਰ ਸਬੂਤ ਚਾਹੀਦੇ ਹਨ। ਔਰਤ ਲਈ ਬਲਾਤਕਾਰ ਹੋਣ ਉਪ੍ਰੰਤ ਚਾਰ ਗਵਾਹ ਲੱਭਣੇ ਇੱਕ ਅਸੰਭਵ ਗੱਲ ਹੈ। ਉਹ ਆਪਣੀ ਮਾਸੂਮੀਅਤ ਦਾ ਸਬੂਤ ਦੇਣ ਲਈ 8 ਜ਼ਨਾਨੀਆਂ ਜਾਂ ਚਾਰ ਮਰਦ ਬਿਲਕੁਲ ਨਹੀਂ ਲਿਆ ਸਕਦੀ ਕਿਉਂਕਿ ਬਲਾਤਕਾਰ ਕਰਨ ਵਾਲੇ ਗਵਾਹਾਂ ਨੂੰ ਕੋਲ ਖੜ੍ਹੇ ਕਰ ਕੇ ਬਲਾਤਕਾਰ ਨਹੀਂ ਕਰਿਆ ਕਰਦੇ। ਦੂਜੇ ਪਾਸੇ ਔਰਤ ਦਾ ਗੁਨਾਹ ਸਾਬਤ ਕਰਨ ਲਈ ਬਲਾਤਕਾਰੀ ਆਪ ਹੀ ਗਵਾਹੀ ਦੇ ਸਕਦੇ ਹਨ ਜਾਂ ਦੋ ਬੰਦਿਆਂ ਨੂੰ ਤਿਆਰ ਕਰ

ਸਕਦੇ ਹਨ।[24]

"ਜੇ ਤੁਹਾਡੀਆਂ ਇਸਤ੍ਰੀਆਂ ਵਿੱਚੋਂ ਕੋਈ ਪਰ-ਮਨੁੱਖ ਨਾਲ ਸਬੰਧ ਰਖਦੀ ਹੈ ਤਾਂ ਚਾਰ ਗਵਾਹ ਪੇਸ਼ ਕਰੋ ਜਿਹੜੇ ਇਸ ਤੱਥ ਨੂੰ ਸਿੱਧ ਕਰ ਸਕਣ। ਜੇ ਐਸਾ ਨਾ ਹੋ ਸਕੇ ਤਾਂ ਦੋਸ਼ੀ ਔਰਤਾਂ ਨੂੰ ਘਰਾਂ ਵਿੱਚ ਬੰਦ ਕਰ ਕੇ ਰੱਖੋ ਜਿੱਥੇ ਉਹ ਮੌਤ ਦੀ ਉਡੀਕ ਕਰਨ ਜਾਂ ਅੱਲ੍ਹਾ ਹੀ ਉਨ੍ਹਾਂ ਨੂੰ ਕੋਈ ਰਾਹ ਦਿਖਾ ਦੇਵੇ" (ਕੁਰਾਨ ਸੂਰਾ ਅਲਨਿਸਾ 4.19)

ਗੋਦ ਲਏ ਜਾਂ ਮੁਤਬੰਨਾ ਬਣਾਏ ਪੁੱਤਰ ਵਲੋਂ ਜੇ ਆਪਣੀ ਪਤਨੀ ਨੂੰ ਤਲਾਕ ਦੇ ਦਿੱਤਾ ਜਾਵੇ ਤਾਂ ਉਸ ਔਰਤ ਨਾਲ ਧਰਮ-ਪਿਤਾ ਨਿਕਾਹ ਕਰਵਾ ਸਕਦਾ ਹੈ। ਜ਼ੈਦ, ਮੁਹੰਮਦ ਸਾਹਿਬ ਦਾ ਮੁਤਬੰਨਾ ਪੁੱਤਰ ਸੀ। ਉਸ ਦੀ ਸੁੰਦਰ ਪਤਨੀ ਮੁਹੰਮਦ ਦੇ ਪਸੰਦ ਆ ਗਈ। ਜ਼ੈਦ ਨੇ ਤਲਾਕ ਦੇ ਦਿੱਤਾ ਤੇ ਹਜ਼ਰਤ ਮੁਹੰਮਦ ਨੇ ਉਸ ਨਾਲ ਵਿਆਹ ਕਰਵਾ ਲਿਆ ।[25]

ਸ਼ੀਆ ਮੁਸਲਮਾਨਾਂ ਦਾ ਮੰਨਣਾ ਹੈ ਕਿ ਇਸਲਾਮ ਵਿੱਚ 'ਨਿਕਾਹ-ਅਲ-ਮੁਤਾਹ' ਦੀ ਆਗਿਆ ਹੈ। ਇਹ ਐਸੀ ਸ਼ਾਦੀ ਹੁੰਦੀ ਹੈ ਜਿਸ ਵਿੱਚ ਪੈਸੇ ਆਦਿਕ ਦੇ ਕੇ ਔਰਤ ਨੂੰ ਭੋਗ ਹਿਤ ਕਰਾਏ ਤੇ ਲੈ ਲਿਆ ਜਾਂਦਾ ਹੈ। ਸਹੀ ਮੁਸਲਿਮ ਵਿੱਚ ਜਾਬੀਰ ਦਸਦਾ ਹੈ, "ਅਸੀਂ ਬੁੱਕ ਭਰ ਕੇ ਖਜੂਰਾਂ ਅਤੇ ਫੁੱਲ ਦੇ ਦਿੱਤੇ ਅਤੇ 'ਨਿਕਾਹ-ਅਲ-ਮੁਤਾਹ' ਕਰ ਲਿਆ (ਸਹੀ ਮੁਸਲਿਮ ਨੰਬਰ 3249) ਹਦੀਸ ਨੰਬਰ 52 ਅਨੁਸਾਰ, "ਆਪਸੀ ਸਹਿਮਤੀ ਨਾਲ ਕੋਈ ਮਰਦ ਤੇ ਕੋਈ ਵੀ ਔਰਤ ਤਿੰਨ ਰਾਤਾਂ ਲਈ ਖੁੱਲਮਖੁੱਲਾ ਲਿੰਗ ਸਬੰਧ ਸਥਾਪਤ ਕਰ ਸਕਦੇ ਹਨ"। [26]

ਜਦੋਂ ਜਾਇਦਾਦ ਦਾ ਬਟਵਾਰਾ ਹੁੰਦਾ ਹੈ ਤਾਂ " ਇੱਕ ਪੁਰਖ ਦਾ ਭਾਗ ਦੋ ਨਾਰੀਆਂ ਦੇ ਭਾਗ ਦੇ ਬਰਾਬਰ ਹੁੰਦਾ ਹੈ"( ਕੁਰਾਨ ਸੂਰਾ ਅਲਨਿਸਾ 4.177 ਅਤੇ ਸਹੀ ਮੁਸਲਿਮ ਹਦੀਸ ਨੰਬਰ 3933)

ਇਸਲਾਮ ਵਿੱਚ ਜ਼ਨਾਨੀਆਂ ਨੂੰ ਆਪਣੀ ਮਰਜ਼ੀ ਦੀ ਪੁਸ਼ਾਕ ਪਹਿਨਣ ਦੀ ਖੁੱਲ੍ਹ ਨਹੀਂ ਹੈ। ਜ਼ਨਾਨੀਆਂ ਨੂੰ ਆਪਣੇ ਚਿਹਰੇ ਬੁਰਕੇ ਜਾਂ ਹਿਜਾਬ (ਚੱਦਰ) ਨਾਲ ਢਕਣੇ ਪੈਂਦੇ ਹਨ।

[24] 1983 ਵਿੱਚ ਪਾਕਿਸਤਾਨ ਵਿੱਚ 18 ਸਾਲ ਦੀ ਇੱਕ ਅੰਨ੍ਹੀ ਲੜਕੀ ਸਾਫੀਆ ਬੀਬੀ ਨੂੰ ਇੱਕ ਅਮੀਰ ਆਦਮੀ ਨੇ ਆਪਣੀ ਹਵਸ ਦਾ ਸ਼ਿਕਾਰ ਬਣਾਇਆ । ਉਹ ਚਾਰ ਗਵਾਹ ਨਾ ਲੱਭ ਸਕੀ ਪਰ ਗਰਭਵਤੀ ਹੋ ਜਾਣ ਕਾਰਨ ਉਸ ਦਾ ਵਿਭਚਾਰ ਸਾਬਤ ਹੋ ਗਿਆ । ਉਸ ਨੂੰ ਇਸਲਾਮੀ ਨਿਯਮਾਵਲੀ ਅਨੁਸਾਰ 15 ਕੋਰੜੇ ਮਾਰੇ ਗਏ ਅਤੇ 1000 ਰੁਪਏ ਜੁਰਮਾਨਾ ਵੀ ਕੀਤਾ ਗਿਆ । ਆਪਣੀ ਪੁਸਤਕ "Islamic Jurisprudence" ਵਿੱਚ ਅਬਦੁਲ ਰਹੀਮ ਲਿਖਦਾ ਹੈ, "ਇਸਲਾਮ ਅਰਬ ਦੇਸ਼ ਦੇ ਕੁਫ਼ਰ ਵਲ ਵਧ ਰਿਹਾ ਹੈ" । ਇਸੇ ਤਰ੍ਹਾਂ ਬੀਬੀ ਕੰਵਰ ਮੁਮਤਾਜ ਅਤੇ ਫਰੀਦਾ ਸ਼ਾਹਿਦ ਨੇ ਆਪਣੀ ਪੁਸਤਕ "Two feet forward One foot backward" ਵਿੱਚ ਲਿਖਿਆ ਹੈ," ਇਸਲਾਮ ਮੂਰਖਾਂ ਅਤੇ ਸਿਰ ਫਿਰਿਆਂ ਦੇ ਹੱਥੀਂ ਚੜ੍ਹ ਗਿਆ ਹੈ ।

[25] ਵਿਆਹ ਸ਼ਾਦੀ ਅਤੇ ਤਲਾਕ ਆਦਿਕ ਬਾਰੇ ਅਨਵਰ ਸ਼ੇਖ ਦੀ ਲਿਖੀ ਪੁਸਤਕ ਪੜ੍ਹੋ "Islam and sexuality" published by Principality publishers P.O.Box 918 Cardiff CF2 4YP

[26] ਨਿਕਾਹ-ਅਲ-ਮੁਤਾਹ ਨੂੰ ਈਰਾਨ ਵਿੱਚ ਕਾਨੂੰਨੀ ਮਾਨਤਾ ਪ੍ਰਾਪਤ ਹੈ । ਉੱਥੇ ਇਹ ਨਿਕਾਹ ਆਮ ਹੈ ।



"ਇਸਲਾਮ ਵਿੱਚ ਯਕੀਨ ਰੱਖਣ ਵਾਲੀਆਂ ਨਾਰੀਆਂ ਨੂੰ ਆਦੇਸ਼ ਦਿੱਤਾ ਜਾਵੇ ਕਿ ਉਹ ਨਜ਼ਰਾਂ ਝੁਕਾ ਕੇ ਰੱਖਣ ਅਤੇ ਆਪਣੇ ਗੁਪਤ ਅੰਗਾਂ ਨੂੰ ਕੱਜਣ ਤੇ ਸੰਭਾਲਣ। ਹੱਥਾਂ ਪੈਰਾਂ ਨੂੰ ਲਿਬਾਸ ਤੋਂ ਬਾਹਰ ਰੱਖਿਆ ਜਾ ਸਕਦਾ ਹੈ ਆਪਣੀਆਂ ਛਾਤੀਆਂ ਨੂੰ ਪੂਰੀ ਤਰ੍ਹਾਂ ਛੁਪਾਉਣ। ਸਵਾਏ ਆਪਣੇ ਪਤੀ ਦੇ ਹਰ ਇੱਕ ਬੰਦੇ ਤੋਂ ਓਹਲ੍ਹਾ ਰੱਖਣ" (ਕੁਰਾਨ ਸੂਰਾ ਰੋਸ਼ਨੀ 30) ।[27]

ਪਰਦੇ ਦਾ ਵਿੱਚਾਰ ਇਸ ਗੱਲੋਂ ਪੈਦਾ ਹੋਇਆ ਲੱਗਦਾ ਹੈ ਕਿ ਔਰਤਾਂ ਜਿਸਮਾਨੀ ਕਸ਼ਿਸ਼ (ਖਿੱਚ) ਦੁਆਰਾ ਮਰਦਾਂ ਨੂੰ ਭਰਮਾਉਣ/ ਭੁਚਲਾਉਣ ਦੀ ਸ਼ਕਤੀ ਰਖਦੀਆਂ ਹਨ। ਇਸਲਾਮ ਨੇ ਇਹ ਯੋਗ ਜਾਤਾ ਕਿ ਇਨ੍ਹਾਂ ਨੂੰ ਮਰਦਾਂ ਦੀਆਂ ਨਜ਼ਰਾਂ ਤੋਂ ਲਕੋ ਕੇ ਰੱਖਿਆ ਜਾਵੇ। ਪਰ ਇਸ ਦਾ ਇਹ ਅਰਥ ਵੀ ਤਾਂ ਹੋ ਸਕਦਾ ਹੈ ਕਿ ਮਰਦਾਂ ਦੀ ਲਿੰਗ ਵਾਸ਼ਨਾ ਦੀ ਕਮਜ਼ੋਰੀ ਦੀ ਸਜ਼ਾ ਔਰਤਾਂ ਦੇ ਸਿਰ ਮੜ੍ਹ ਦਿੱਤੀ ਜਾਵੇ।

ਪਾਕਿਸਤਾਨ ਵਿੱਚ ਪਰਦੇ ਦੀ ਪਾਬੰਦੀ ਸਖ਼ਤੀ ਨਾਲ ਲਾਗੂ ਕੀਤੀ ਗਈ ਸੀ। ਇੱਥੋਂ ਤੱਕ ਕਿ ਇਸਤ੍ਰੀ ਅਧਿਆਪਕਾਵਾਂ ਲਈ ਵੀ ਬੁਰਕਾ ਪਹਿਨਣਾ ਲਾਜ਼ਮੀ ਸੀ। ਹੁਕਮ ਇਹ ਸੀ, "ਜਿਹੜੀਆਂ ਅਧਿਆਪਕਾਵਾਂ ਪਰਦਾ ਨਹੀਂ ਕਰਨਗੀਆਂ ਉਨ੍ਹਾਂ ਨੂੰ ਇਸਲਾਮ ਅਨੁਸਾਰ ਦੰਡ ਦਿੱਤਾ ਜਾਵੇਗਾ"। ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਸਰਕਾਰ ਨੇ ਪਾਕਿਸਤਾਨ ਦੀਆਂ ਸਾਰੀਆਂ ਸੰਸਥਾਵਾਂ ਵਿੱਚ ਸਭਿਆਚਾਰਕ ਪ੍ਰੋਗਰਾਮ, ਫੇਅਟ, ਸੰਗੀਤ ਤੇ ਅਜਿਹੇ ਹੋਰ ਸਮਾਗਮ ਟੀ-ਵੀ ਅਤੇ ਰੇਡੀਓ ਤੋਂ ਬੰਦ ਕਰਵਾ ਦਿੱਤੇ ਸਨ ਜਿਨ੍ਹਾਂ ਵਿੱਚ ਮਰਦ ਅਤੇ ਔਰਤ ਇਕੱਠੇ ਭਾਗ ਲੈਂਦੇ ਸਨ।

"ਮੁਸਲਮਾਨ ਔਰਤਾਂ ਘਰ ਵਿੱਚ ਹੀ ਨਮਾਜ਼ ਪੜ੍ਹਦੀਆਂ ਹਨ, ਕਦੀ ਕਦੀ ਹੀ ਮਸੀਤ ਵਿੱਚ ਜਾਂਦੀਆਂ ਹਨ" ।[28] ਇਹ ਅਜ਼ਾਨ ( ਬਾਂਗ) ਨਹੀਂ ਦੇ ਸਕਦੀਆਂ। ਮੁਸਲਮਾਨ ਔਰਤਾਂ ਮਸਜਿਦ ਵਿੱਚ ਖ਼ੁਤਬਾ ਨਹੀਂ ਪੜ੍ਹ ਸਕਦੀਆਂ [29], ਘਰ ਦੀ ਚਾਰ ਦੀਵਾਰੀ ਵਿੱਚ ਕੈਦ ਹੋਣ ਕਾਰਨ ਹਰ ਪ੍ਰਕਾਰ ਦੀ ਧਾਰਮਿਕ ਯੋਗਤਾ ਮਨੁੱਖ ਵਾਂਗ ਪਰਗਟ ਨਹੀਂ ਕਰ ਸਕਦੀਆਂ। ਕੁਰਾਨ ਵੀ ਹਮੇਸ਼ਾ ਮਰਦਾਂ ਨੂੰ ਹੀ ਸੰਬੋਧਨ ਹੁੰਦਾ ਹੈ ਔਰਤਾਂ ਦੀ ਗੱਲ ਘੱਟ ਹੀ

[27] ਮੁਸਲਮਾਨ ਲੀਡਰ ਸਰ ਸਯਦ ਅਹਿਮਦ ਬੁਰਕੇ ਦੇ ਪੱਕੇ ਸਮਰਥਕ ਸਨ ਪ੍ਰੰਤੂ 1892 ਵਿੱਚ ਮੁਹੰਮਦ ਸ਼ਫੀ ਨੇ ਬੁਰਕੇ ਨੂੰ "ਅੰਧ ਵਿਸ਼ਵਾਸ ਦਾ ਪਰਦਾ" ਕਿਹਾ । ਤੁਰਕੀ ਵਿੱਚ ਬੁਰਕਾ ਪਹਿਨਣ ਜਾਂ ਨਾ ਪਹਿਨਣ ਦੀ ਪੂਰੀ ਖੁੱਲ੍ਹ ਹੈ ।

[28] History of Islam" by E.O.James page 196. "ਅਤੇ ਤੁਸੀਂ ਹਮੇਸਾ ਘਰ ਵਿੱਚ ਰਹੋ"(ਕੁਰਾਨ ਸੂਰਾ 33.33)। ਪਾਕਿਸਤਾਨ ਦਾ ਬਾਨੀ ਜਿਨਾਹ ਆਪਣੀ ਭੈਣ ਫਾਤਿਮਾ ਨੂੰ ਘਰ ਵਿੱਚ ਛੱਡ ਕੇ ਬਾਹਰੋਂ ਜਿੰਦਰਾ ਲਾ ਦਿੰਦਾ ਹੁੰਦਾ ਸੀ ।

[29] 18 ਮਾਰਚ 2005 ਵਾਲੇ ਦਿਨ ਅਮ੍ਰੀਕਾ ਦੀ ਇੱਕ ਮੁਸਲਮਾਨ ਜ਼ਨਾਨੀ ਅਮੀਨਾ ਵਦੂਦ ਨੇ ਐਲਾਨ ਕਰ ਦਿੱਤਾ ਕਿ ਉਹ ਮਸਜਦ ਵਿੱਚ ਜੁਮਾ ਦੀ ਨਿਮਾਜ਼ ਪੜ੍ਹਾਵੇਗੀ । ਸਾਰੇ ਸੰਸਾਰ ਦੇ ਮੁਸਲਮਾਨ ਸੀਖ ਭਾਰ ਹੋ ਗਏ ਤੇ ਮੁਖਾਲਫ਼ਤ ਤੇ ਉੱਤਰ ਆਏ। ਉਸ ਦਿਨ ਮਸਜਿਦਾਂ ਹੀ ਬੰਦ ਕਰ ਦਿੱਤੀਆਂ ਗਈਆਂ । ਅਮੀਨਾ ਨੇ ਈਸਾਈ ਚਰਚ ਵਿੱਚ ਜਾ ਕੇ ਮੁਸਲਮਾਨਾਂ ਨੂੰ ਨਿਮਾਜ਼ ਪੜ੍ਹਵਾਈ ਜਿਸ ਵਿੱਚ ਲਗ ਪਗ 100 ਮੁਸਲਮਾਨਾਂ ਨੇ ਭਾਗ ਲਿਆ ।

ਕਰਦਾ ਹੈ । [30] ਜੇ ਕਿਧਰੇ ਔਰਤਾਂ ਨੂੰ ਹਦਇਤਾਂ ਦੇਣ ਦੀ ਲੋੜ ਸਮਝੀ ਤਾਂ ਉਹ ਵੀ ਮਰਦਾਂ ਦੀ ਰਾਹੀਂ ਹੀ ਦਿੱਤੀਆ ਜਾਂਦੀਆ ਸਨ। ਯੁੱਧ ਵਿੱਚ ਭਾਗ ਲੈਣ ਵਾਲੀ ਜੰਗਜੂ ਮੁਸਲਮਾਨ ਨਾਰੀ ਨੁਸੇਬਾ ਨੂੰ ਇਹ ਗੱਲ ਪਸੰਦ ਨਹੀਂ ਸੀ ਇਸ ਲਈ ਉਸ ਨੇ ਇਹ ਗੱਲ ਮੁਹੰਮਦ ਸਾਹਿਬ ਦੇ ਧਿਆਨ ਵਿੱਚ ਲਿਆਂਦੀ। ਉਸ ਦੇ ਕਹਿਣ ਤੋਂ ਬਾਅਦ ਕੁੱਝ ਆਇਤਾਂ ਨਾਰੀਆਂ ਨੂੰ ਸੰਬੋਧਨ ਕੀਤੀਆ ਗਈਆਂ। ਇਹ ਕਹਾਣੀ ਦੱਸ ਕੇ ਮਾਈ ਯਮਨੀ ਨਾਂ ਦੀ ਲੇਖਕਾ ਆਪਣੀ ਪੁਸਤਕ "ਨਾਰੀਵਾਦ ਤੇ ਇਸਲਾਮ" ਵਿੱਚ ਲਿਖਦੀ ਹੈ, *"ਨਾਰੀਆਂ ਨੂੰ ਕੁਰਾਨ ਵਿੱਚ ਨਿਆਣੇ ਵਾਂਗ ਹੀ ਸਮਝਿਆ ਗਿਆ ਹੈ"*

[30] ਮਰਦਾਂ ਲਈ ਸੁਰਗ (ਬਹਿਸ਼ਤ) ਵਿੱਚ ਹੂਰਾਂ (ਖ਼ੂਬਸੂਰਤ ਕੁੜੀਆਂ) ਮਿਲਦੀਆਂ ਹਨ। "ਉਨ੍ਹਾਂ ਨੂੰ ਬਹਿਸ਼ਤ ਵਿੱਚ ਅਣਲੱਗ ਕੁਆਰੀਆਂ ਸੁੰਦਰੀਆਂ ਦਿੱਤੀਆਂ ਜਾਣਗੀਆਂ"(ਕੁਰਾਨ 78:33) "ਉੱਥੇ ਵਧੀਆ ਤੋਂ ਵਧੀਆ ਸ਼ਰਾਬ ਨਾਲ ਲਬਾ ਲਬ ਭਰੇ ਪੈਗ ਉਨ੍ਹਾਂ ਦੀ ਭੇਟਾ ਕੀਤੇ ਜਾਣਗੇ"(ਕੁਰਾਨ 83:25)। ਪਰ ਔਰਤ ਨੂੰ (ਸੁਰਗ ਜਾਂ ਨਰਕ ਵਿੱਚ) ਕੁੱਝ ਮਿਲਣ ਬਾਰੇ ਕਿਧਰੇ ਕੋਈ ਜ਼ਿਕਰ ਨਹੀਂ ਹੈ। ਔਰਤ ਸ਼ਾਇਦ ਜੰਨਤ (ਸੁਰਗ) ਵਿੱਚ ਵੜ ਹੀ ਨਹੀਂ ਸਕਦੀ।



# ਕਾਂਡ 3

## ਈਸਾਈ ਤੇ ਯਹੂਦੀ ਧਰਮ ਵਿੱਚ ਇਸਤ੍ਰੀ ਦਾ ਸਥਾਨ

ਯਹੂਦੀ, ਈਸਾਈ ਅਤੇ ਇਸਲਾਮਿਕ ਧਰਮਾਂ ਵਿੱਚ ਔਰਤ ਨੂੰ ਇਨ੍ਹਾਂ ਧਰਮਾਂ ਵਿੱਚ ਆਈ ਆਦਮ ਅਤੇ ਹੱਵਾ (Adam and Eve) ਦੀ ਕਹਾਣੀ ਅਨੁਸਾਰ ਦਰਜਾ ਦਿੱਤਾ ਗਿਆ ਹੈ। ਪਿੱਛੇ ਜ਼ਿਕਰ ਕਰ ਆਏ ਹਾਂ ਕਿ ਹੱਵਾ ਨੇ ਆਦਮ ਨੂੰ ਵਿਵਰਜਿਤ ਫ਼ਲ ਖਾਣ ਲਈ ਉਕਸਾ ਕੇ ਕੁਰਾਹੇ ਪਾਇਆ । ਇਸ ਮਹਾਂ ਪਾਪ ਕਾਰਨ ਰੱਬ ਗੁੱਸੇ ਵਿੱਚ ਆਪੇ ਤੋਂ ਬਾਹਰ ਹੋ ਗਿਆ ਅਤੇ ਉਸ ਨੇ ਦੋਹਾਂ ਨੂੰ ਅਦਨ ਦੇ ਬਾਗ਼ (ਯਾਣੀ ਬਹਿਸ਼ਤ-ਸੁਰਗ) ਵਿੱਚੋਂ ਧੱਕਾ ਦੇ ਕੇ ਬਾਹਰ ਕੱਢ ਮਾਰਿਆ । ਇਸ ਪਾਪ ਨੇ ਸਾਰੀ ਇਸਤ੍ਰੀ ਜ਼ਾਤੀ ਨੂੰ ਗੁਨਾਹਗਾਰ ਬਣਾ ਦਿੱਤਾ ਅਤੇ ਔਰਤ ਨੂੰ ਮਰਦ ਦੀ ਗਿਰਾਵਟ ਜਾਂ ਪਤਨ ਦਾ ਕਾਰਨ ਮੰਨਿਆ ਜਾਣ ਲੱਗਾ। ਦਲੀਲ ਇਹ ਦਿੱਤੀ ਜਾਂਦੀ ਹੈ ਕਿ ਆਦਮ ਨੇ ਆਪ ਪਾਪ ਨਹੀਂ ਕੀਤਾ ਸਗੋਂ ਉਸ ਤੋਂ ਇਹ ਪਾਪ ਔਰਤ ਨੇ ਕਰਵਾਇਆ। ਔਰਤ ਦੀ ਇਸ ਗ਼ਲਤੀ ਕਾਰਨ ਬੇਕਸੂਰੇ ਮਰਦ ਨੂੰ ਸੁਰਗ ਛੱਡਣਾ ਪਿਆ। ਇਸ ਦੋਸ਼ ਦਾ ਕੋਈ ਪ੍ਰਮਾਣ ਤਾਂ ਨਹੀਂ ਮਿਲਦਾ ਕਿ ਕਿਸ ਨੇ ਕਿਸ ਨੂੰ ਕੀ ਭਰਮਾਇਆ ਹੋਵੇਗਾ ਅਤੇ ਨਾ ਹੀ ਕਿਧਰੇ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਆਦਮ ਪੂਰੀ ਤਰ੍ਹਾਂ ਲਾਈਲੱਗ ਅਤੇ ਮੂਰਖ ਸੀ ਅਤੇ ਉਸ ਵਿੱਚ ਸੋਚਣ ਸਮਝਣ ਲਈ ਭੋਰਾ ਵੀ ਅਕਲ ਨਹੀਂ ਸੀ। ਪ੍ਰਚਲੱਤ ਕਹਾਣੀ ਤੋਂ ਇੱਕ ਗੱਲ ਜ਼ਰੂਰ ਸਪੱਸ਼ਟ ਹੋ ਜਾਂਦੀ ਹੈ ਕਿ ਉਸ ਨੂੰ ਰੱਬ ਦੇ ਹੁਕਮ ਨਾਲੋਂ ਰੱਬ ਵਲੋਂ ਹੀ ਦਿੱਤੇ ਗਏ ਇਸਤ੍ਰੀ ਰੂਪ ਖਿਡਾਉਣੇ ਨਾਲ ਵਧੇਰੇ ਪਿਆਰ ਸੀ ਜਿਸ ਦੀ ਕਹੀ ਗੱਲ ਨੂੰ ਉਹ ਮੋੜ ਨਾ ਸਕਿਆ। ਭਾਵੇਂ ਦੋਸ਼ ਸਾਰੇ ਦਾ ਸਾਰਾ ਇਸਤ੍ਰੀ ਉੱਪਰ ਹੀ ਮੜ੍ਹ ਦਿੱਤਾ ਗਿਆ ਪ੍ਰੰਤੂ ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਰੱਬ ਦੇ ਹੁਕਮ ਦੀ ਅਵਹੇਲਣਾ ਇਸਤ੍ਰੀ ਨੇ ਨਹੀਂ ਸੀ ਕੀਤੀ ਸਗੋਂ ਮਰਦ ਨੇ ਕੀਤੀ ਤੇ ਫ਼ਲ ਤੋੜ ਕੇ ਖ਼ਾ ਲਿਆ। ਸਜ਼ਾ ਕੇਵਲ ਇਸਤ੍ਰੀ ਨੂੰ ਹੀ ਮਿਲੀ ਅਤੇ ਬਦਨਾਮੀ ਵੀ ਅੱਜ ਤੱਕ ਇਸਤ੍ਰੀ ਦੀ ਹੀ ਹੋ ਰਹੀ ਹੈ । ਇਨਸਾਫ਼ ਰੱਬ ਨੇ ਵੀ ਨਾ ਕੀਤਾ । ਉਸ ਨੇ ਗੁੱਸੇ ਵਿੱਚ ਆ ਕੇ ਹੱਵਾ ਨੂੰ ਕਿਹਾ, " ਮੈਂ ਤੇਰੇ ਸੰਤਾਨ ਉਤਪਤੀ ਦੇ ਦੁੱਖਾਂ ਵਿੱਚ ਵਾਧਾ ਕਰ ਦਿਆਂਗਾ । ਤੂੰ ਹਮੇਸ਼ਾ ਆਪਣੇ ਪਤੀ ਦੀ ਤਾਂਘ ਰਖਦੀ ਰਹੇਂਗੀ ਤੇ ਤੂੰ ਆਪਣੇ ਪਤੀ ਦੇ ਕਾਬੂ ਵਿੱਚ ਰਹੇਂਗੀ" (ਜੈਨੇਸਿਜ਼ 3:16-19)[31]

[31] ਸਿੱਖ ਧਰਮ ਅਤੇ ਇਸਾਈ ਧਰਮ ਦੇ ਟਾਕਰੇ ਲਈ ਪੜ੍ਹੋ ਮਿਸਟਰ ਸਿੱਧੂ ਦੀ ਪੁਸਤਕ "Sikh Religion & Christianity" ਜੋ ਹੁਣ ਗੁਰਮੁਖੀ ਲਿੱਪੀ ਵਿੱਚ ਵੀ ਮਿਲ ਸਕਦੀ ਹੈ । (ਸਿੱਖ ਧਰਮ ਤੇ ਈਸਾਈ ਧਰਮ)

ਇਨ੍ਹਾਂ ਧਾਰਮਿਕ ਗ੍ਰੰਥਾਂ ਅਨੁਸਾਰ ਇਹ ਵੀ ਮੰਨਿਆ ਗਿਆ ਹੈ ਕਿ ਰੱਬ ਪਹਿਲਾਂ ਨਾਰੀ ਪੈਦਾ ਕਰਨੀ ਭੁੱਲ ਹੀ ਗਿਆ ਸੀ । ਰੱਬ ਨੂੰ ਸੰਸਾਰ ਦੀ ਰਚਨਾ ਰਚ ਦੇਣ ਬਾਅਦ ਪੁਨਰ ਵਿੱਚਾਰ ਆ ਜਾਣ ਕਰਕੇ ਮਰਦ ਦੀ ਪੱਸਲੀ ਵਿੱਚੋਂ ਨਾਰੀ ਪੈਦਾ ਕਰਨੀ ਪਈ (ਜੈਨੇਸਿਜ਼ 2:21-25)। ਇੱਥੋਂ ਇਹ ਦਲੀਲ ਚੱਲੀ ਕਿ ਨਾਰੀ ਕੇਵਲ ਮਰਦ ਦੀ ਪਿਛਲੱਗ ਹੈ ਅਤੇ ਹਰ ਗੱਲ ਵਿੱਚ ਇਸ ਦਾ ਪਿੱਛੇ ਰਹਿਣਾ ਸੰਸਾਰ ਉਤਪਤੀ ਵੇਲੇ ਤੋਂ ਹੀ ਪ੍ਰਮਾਣਤ ਹੋ ਚੁੱਕਿਆ ਹੈ। ਇਸ ਦਲੀਲ ਦਾ ਕੋਈ ਹੋਰ ਭਾਵ ਹੋਵੇ ਜਾਂ ਨਾ ਪਰ ਨਿਸ਼ਚਿਤ ਰੂਪ ਵਿੱਚ ਇਸ ਦਲੀਲ ਨੇ ਨਾਰੀ ਨੂੰ ਹਮੇਸ਼ਾ ਲਈ ਨੀਵਾਂ ਘੋਸ਼ਤ ਕਰ ਦਿੱਤਾ ਹੈ ਅਤੇ ਇਸ ਦੇ ਗੁਣਾਂ ਅਤੇ ਸਾਹਸ ਉੱਪਰ ਇੱਕ ਕਰਾਰੀ ਸੱਟ ਮਾਰੀ ਹੈ। ਉਹ ਮਰਦ ਦੇ ਮੁਕਾਬਲੇ ਵਿੱਚ ਅਧੂਰੀ ਹੈ ਅਤੇ ਮਨੁੱਖ ਵਾਂਗ ਸੋਚ ਨਹੀਂ ਸਕਦੀ। ਉਹ ਕੇਵਲ ਸੰਤਾਨ ਦੇ ਦੁਖ ਸਹਿਣ, ਪਾਲਣ ਪੋਸਣ ਅਤੇ ਘਰ ਬਾਰ ਸਾਂਭਣ ਲਈ ਮਰਦ ਦੀ ਸੇਵਕਾ ਹੈ। ਚੌਕਾ ਚੁਲ੍ਹਾ ਹੀ ਉਸਦਾ ਸੰਸਾਰ ਹੈ। ਰੱਬ ਨੇ ਮੂਸਾ ਨੂੰ ਕਿਹਾ, "ਮਰਦ ਦਾ ਵੀਹ ਤੋਂ ਪੰਜਾਹ ਸਾਲ ਦੀ ਆਯੂ ਤਕ ਜੇ 60 ਸ਼ੈਕਲ ਨੈਤਕ ਮੁੱਲ ਮੰਨ ਲਿਆ ਜਾਵੇ ਤਾਂ ਇਸੇ ਉਮਰ ਦੀ ਔਰਤ ਦਾ ਨੈਤਕ ਮੁੱਲ 30 ਸ਼ੈਕਲ ਹੋਵੇਗਾ" (Old Testament)[32]

## 3.1 ਯਹੂਦੀ ਧਰਮ:

ਕੁੱਝ ਯਹੂਦੀ ਵਿਦਵਾਨ ਇਹ ਗੱਲ ਸਵੀਕਾਰ ਕਰਦੇ ਹਨ ਕਿ ਉਨ੍ਹਾਂ ਦੀ ਧਾਰਮਿਕ ਪੁਸਤਕ "ਤੌਰੇਤ" ਦਾ ਕੁੱਝ ਭਾਗ ਵਿਦਵਾਨ ਔਰਤਾਂ ਦੀ ਰਚਨਾ ਹੈ (ਵੇਖੋ ਐਕਸੋਡਸ 15:20-21)। ਇੰਮਾ ਸ਼ਲੋਮ, ਬਰੂਰੀਆ (ਦੂਸਰੀ ਸਦੀ ਦੀ ਤਾਲਮੁਦਕ ਵਿਦਵਾਨ) ਅਤੇ ਗਾਰਸ਼ੀਆਂ ਮੈਂਨਡੀਜ਼ (16ਵੀਂ ਸਦੀ) ਹੋਰ ਪ੍ਰਸਿੱਧ ਯਹੂਦੀ ਵਿਦਵਾਨ ਨਾਰੀਆਂ ਸਨ। ਕਿਹੋ ਜਿਹੀ ਵਿਡੰਬਨਾ ਹੈ ਕਿ ਅੱਜ ਯਹੂਦੀ ਜ਼ਨਾਨੀਆਂ ਨੂੰ ਤੌਰੇਤ ਦੀ ਵਿਆਖਿਆ ਕਰਨ ਦੀ ਵੀ ਆਗਿਆ ਨਹੀਂ ਹੈ ਤੇ ਨਾਂ ਹੀ ਨਾਰੀਆਂ ਧਾਰਮਿਕ ਜਾਂ ਸਮਾਜਿਕ ਆਗੂ ਬਣ ਸਕਦੀਆਂ ਹਨ। ਯਹੂਦੀ ਔਰਤ ਨੂੰ ਰੱਬਾਈ ਕੈਂਟਰ, ਜਾਂ ਸੈਮੀਨਰੀ ਦਾ ਪ੍ਰਧਾਨ ਨਹੀਂ ਬਣਾਇਆ ਜਾ ਸਕਦਾ । ਔਰਤਾਂ ਪ੍ਰਾਰਥਨਾ ਦੇ ਮੌਕੇ ਵਰਤਣ ਵਾਲੇ 'ਤਲਿਤ' (ਸ਼ਾਲ) ਨਹੀਂ ਵਰਤ ਸਕਦੀਆਂ ਅਤੇ ਉਨ੍ਹਾਂ ਨੂੰ ਸਿਰ ਢਕਣ ਲਈ ਵਿਸ਼ੇਸ਼ ਪਰਕਾਰ ਦਾ ਧਾਰਮਿਕ ਵਸਤਰ (ਕਿੱਪਾ) ਪਹਿਨਣ ਦੀ ਮਨਾਹੀ ਹੈ। ਉਹ "ਕਡਿਸ਼" (ਪ੍ਰਾਰਥਨਾ-ਅਰਦਾਸ) ਨਹੀਂ ਕਰ ਸਕਦੀਆਂ।

'ਬਾਰਮਿਤਜ਼ਬਾਹ' ਅਤੇ "ਕਬਾਲਾਤ ਤੋਰਾ" ਨਾਂਮ ਦੀਆਂ ਧਾਰਮਿਕ ਰਸਮਾਂ ਵਿੱਚ ਔਰਤਾਂ ਨੂੰ ਭਾਗ ਲੈਣ ਦੀ ਸਖ਼ਤ ਮਨਾਹੀ ਹੈ। ਇਹ ਰਸਮਾਂ ਕੇਵਲ 13 ਸਾਲ ਅਤੇ 16

[32] ਸ਼ੈਕਲ ਤੇ ਟੈਲੈਂਟ ਉਸ ਸਮੇਂ ਦੇ ਯੂਨਿਟ ਸਨ ।



ਸਾਲ ਦੇ ਲੜਕੇ ਹੀ ਨਿਭਾ ਸਕਦੇ ਹਨ। ਕਿਸੇ ਯਹੂਦੀ ਦੀ ਮ੍ਰਿਤਯੂ ਦੇ ਸਮੇਂ ਔਰਤਾਂ ਨੜੋਏ ਦੇ ਨਾਲ ਨਹੀਂ ਜਾਂਦੀਆਂ ਇਸ ਦੀ ਥਾਂ ਉਨ੍ਹਾ ਨੇ 'ਕੇਰੀਆਹ' ਦੀ ਰਸਮ ਪੂਰੀ ਕਰਨੀ ਹੁੰਦੀ ਹੈ । ਇਹ ਰਸਮ ਸੋਗ ਦੀ ਰਸਮ ਮੰਨੀ ਗਈ ਹੈ ਜਿਸ ਵਿੱਚ ਔਰਤਾਂ ਕੱਪੜੇ ਫਾੜਦੀਆਂ ਹਨ,ਸ਼ੀਸ਼ੇ ਪੁੱਠੇ ਕਰ ਦਿੰਦੀਆਂ ਹਨ ਅਤੇ ਘਰ ਦੇ ਸਾਰੇ ਭਾਂਡਿਆਂ ਨੂੰ ਖ਼ਾਲੀ ਕਰਦੀਆਂ ਹਨ।

ਯਹੂਦੀ ਪੁਰਸ਼ ਨੂੰ ਇੱਕ ਤੋਂ ਵੱਧ ਵਿਆਹ ਕਰਵਾਉਣ ਦੀ ਆਗਿਆ ਹੈ ਪ੍ਰੰਤੂ ਯਹੂਦੀ ਔਰਤ ਐਸਾ ਨਹੀਂ ਕਰ ਸਕਦੀ (ਇਹ ਨਿਯਮ ਅਸ਼ਕਨਾਜ਼ੀ ਯਹੂਦੀਆਂ ਵਿੱਚ ਨਹੀਂ ਮੰਨਿਆ ਜਾਂਦਾ) ।[33] ਕੁੱਝ ਯਹੂਦੀ ਸੰਪਰਦਾਵਾਂ ਵਿੱਚ ਵਿਧਵਾ ਯਹੂਦੀ ਔਰਤ ਨੂੰ ਦੂਜੀ ਸ਼ਾਦੀ ਕਰਵਾਉਣ ਦੀ ਇਜਾਜ਼ਤ ਮਿਲ ਜਾਂਦੀ ਹੈ ਪਰ ਉਸ ਨੂੰ ਪਤੀ ਦੀ ਮੌਤ ਦਾ ਸੰਦੇਹ-ਮੁਕਤ ਪ੍ਰਮਾਣ ਪੇਸ਼ ਕਰਨਾ ਪੈਂਦਾ ਹੈ। ਅਜਿਹਾ ਪ੍ਰਮਾਣ ਮਿਲਣ ਵਿੱਚ ਕਈ ਔਕੜਾਂ ਪੇਸ਼ ਆਉਂਦੀਆਂ ਹਨ। ਮਸਲਨ ਜੇ ਪਤੀ ਕਿਸੇ ਦੂਰ ਦੁਰਾਡੇ ਦੇਸ਼ ਵਿੱਚ ਸੁਰਗਵਾਸ ਹੋ ਗਿਆ ਹੋਵੇ, ਦੁਰਘਟਨਾ ਦਾ ਸ਼ਿਕਾਰ ਹੋ ਗਿਆ ਹੋਵੇ, ਲੜਾਈ ਵਿੱਚ ਮਾਰਿਆ ਗਿਆ ਹੋਵੇ ਜਾਂ ਸਮੁੰਦਰ ਵਿੱਚ ਡੁੱਬ ਕੇ ਮਰ ਗਿਆ ਹੋਵੇ ਤਾਂ ਮਰਗ ਦਾ ਪੱਕਾ ਸਬੂਤ ਪੇਸ਼ ਨਹੀਂ ਕੀਤਾ ਜਾ ਸਕਦਾ। ਦੂਜੇ ਵਿਆਹ ਲਈ ਕਿਸੇ ਸਿਨਾਗਾਗ (ਯਹੂਦੀ ਮੰਦਰ) ਤੋਂ "ਗੈਟ" ਲੈਣਾ ਜ਼ਰੂਰੀ ਹੁੰਦਾ ਹੈ ਜਿਸ ਦੀ ਪ੍ਰਾਪਤੀ ਕੋਈ ਦੁਰਗਮ ਘਾਟੀ ਪਾਰ ਕਰਨ ਵਾਲ਼ੀ ਗੱਲ ਹੈ। ਨਾ ਨੌਂ ਮਣ ਤੇਲ ਹੋਵੇ ਤੇ ਨਾ ਰਾਧਾ ਨੱਚੇ। [34] ਕੋਈ ਵੀ ਤਲਾਕ-ਸ਼ੁਦਾ ਔਰਤ ਕਿਸੇ ਪੁਜਾਰੀ (ਰੱਬਾਈ) ਨਾਲ ਵਿਆਹ ਨਹੀਂ ਕਰਵਾ ਸਕਦੀ।

248 ਯਹੂਦੀ ਨਿਯਮਾਂ ਦੀ ਪੂਰੀ ਪਾਲਣਾ ਕੀਤੇ ਬਿਨਾਂ ਜੰਮੇ ਬੱਚੇ ਨੂੰ "ਮਾਮਜ਼ੇਰਿਮ" (ਹਰਾਮੀ) ਕਿਹਾ ਜਾਂਦਾ ਹੈ। ਅਜਿਹਾ ਬੱਚਾ ਕੇਵਲ ਕਿਸੇ "ਮਾਮਜ਼ੇਰ" (ਹਰਾਮੀ ਕੁੜੀ/ਮੁੰਡੇ) ਨਾਲ ਹੀ ਵਿਆਹ ਕਰਵਾ ਸਕਦਾ/ਸਕਦੀ ਹੈ। ਈਸੀਨ ਸੰਪਰਦਾ ਦੇ ਯਹੂਦੀ ਵੀ ਆਦਮ ਹੱਵਾ ਦੀ ਕਹਾਣੀ ਨੂੰ ਮੰਨਦੇ ਹਨ । ਇਨ੍ਹਾਂ ਦੇ ਧਰਮ ਪਰਚਾਰਕਾਂ ਨੇ ਨਾਰੀ ਦੇ ਲੱਛਣ ਦਸਦਿਆਂ ਉਸ ਨੂੰ ਈਰਖਾਲੂ, ਸੁਸਤ, ਹੰਕਾਰੀ, ਪੇਟੂ, ਵਹਿਮੀ, ਜਾਦੂ ਟੂਣੇ ਦੀ

[33] ਯਹੂਦੀ ਧਰਮ ਵਿੱਚ ਕਈ ਫਿਰਕੇ ਹਨ । ਅਸ਼ਕਨਾਜ਼ੀ, ਸੈਫਾਰਡੀ, ਈਸੀਨ,ਆਰਥੌਡੌਕਸ,ਅਤੇ ਲਿਬਰਲ ਬਹੁਤੇ ਪ੍ਰਸਿੱਧ ਹਨ । ਇੱਥੇ ਿਲਖੀਆਂ ਸਾਰੀਆਂ ਗੱਲਾਂ ਸਭਨਾਂ ਤੇ ਇੱਕੋ ਜਿਹੀਆਂ ਲਾਗੂ ਨਹੀਂ ਹੁੰਦੀਆਂ । ਰੱਬ ਨੂੰ ਯਾਦ ਕਰਨ ਲਈ ਰੱਬ ਦਾ ਨਾਂ ਨਹੀਂ ਲਿਆ ਜਾਂਦਾ । ਜੇ God ਲਿਖਣਾ ਹੋਵੇ ਤਾਂ ਕੇਵਲ G-d ਹੀ ਲਿਖਦੇ ਹਨ । ਲਿਬਰਲ (ਜਿੰਨ੍ਹਾਂ ਨੂੰ ਉਲਪਸ (ULPS) ਵੀ ਕਿਹਾ ਜਾਂਦਾ ਹੈ ਉਦਾਰਵਾਦੀ ਹਨ ਅਤੇ ਔਰਤਾਂ ਨੂੰ ਕਾਫੀ ਖੁੱਲ੍ਹਾਂ ਵੀ ਦਿੰਦੇ ਹਨ। ਆਮ ਯਹੂਦੀ ਰੱਬ ਲਈ ਪੁਲਿੰਗ ਸਬਦ ਹੀ ਵਰਤਦੇ ਹਨ ਪਰ ਲਿਬਰਲ ਉਸ ਨੂੰ 'ਮਾਤਾ' ਵੀ ਕਹਿ ਦਿੰਦੇ ਹਨ। ਇਨ੍ਹਾਂ ਨੇ 'ਬਾਰਮਿਤਜ਼ਬਾਹ' ਦੀ ਰਸਮ ਜੋ ਕੇਵਲ ਮੁੰਡਿਆਂ ਲਈ ਸੀ ਵਿੱਚ ਲੜਕੀਆਂ ਨੂੰ ਵੀ ਪੂਰੀ ਖੁੱਲ੍ਹ ਦਿੱਤੀ ਹੋਈ ਹੈ। ਦੂਜੇ ਯਹੂਦੀ ਸਮਲਿੰਗੀ ਯੋਨਸੰਬੰਧ ਨੂੰ ਵਰਜਿਤ ਸਮਝਦੇ ਹਨ (ਲੈਵਿਟੀਕਸ 18:22) ਪਰ ਲਿਬਰਲ ਇਸ ਦੀ ਪੂਰੀ ਖੁਲ੍ਹ ਦਿੰਦੇ ਹਨ।

[34] ਇਹ ਨਿਯਮ ਡਿਊਟ੍ਰੋਨੋਮੀ ਤੇ ਆਧਾਰਤ ਹਨ (ਦੇਖੋ 24:1-4)। ਇਨ੍ਹਾਂ ਨੂੰ ਵਿਵਰਜਿਤ ਨਿਯਮ (Forbidden Degrees) ਕਿਹਾ ਜਾਂਦਾ ਹੈ।

ਸ਼ੌਕੀਨ, ਬਦ-ਰੂਹਾਂ ਨੂੰ ਮੰਨਣ ਵਾਲੀ, ਅਤੇ ਵਿਹਲੜ ਲਿਖਿਆ ਹੈ। ਮਰਦਾਂ ਨੂੰ ਨਸੀਹਤ ਦਿੱਤੀ ਗਈ ਹੈ ਕਿ ਉਹ ਨਾਰੀਆਂ ਵਿੱਚ ਵਿੱਚਰਨ ਵੇਲੇ ਬਹੁਤ ਸਾਵਧਾਨ ਅਤੇ ਸੁਚੇਤ ਰਹਿਣ। ਧਰਮ ਪੁਸਤਕ "ਤਾਲਮੁਦ" ਅਨੁਸਾਰ ਜਿਹੜਾ ਨੇਕ ਬੰਦਾ ਕਿਸੇ ਮਾੜੀ ਔਰਤ ਨਾਲ ਵਿਆਹ ਕਰਵਾਉਂਦਾ ਹੈ ਉਹ ਆਪ ਵੀ ਉਸ ਔਰਤ ਵਰਗਾ ਹੀ ਬਣ ਜਾਂਦਾ ਹੈ।[35] ਮਾਸਕ ਰਕਤ-ਕਾਲ ਅਤੇ ਜਣੇਪੇ ਸਬੰਧੀ ਵੀ ਕਈ ਬੰਦਸ਼ਾਂ ਹਨ ਜਿਨ੍ਹਾਂ ਨੂੰ ਸਖ਼ਤੀ ਨਾਲ ਨਿਭਾਉਣਾ ਪੈਂਦਾ ਹੈ। "ਮਾਹਵਾਰੀ ਦੇ ਸਮੇਂ ਔਰਤ ਦੀ ਤੱਕਣੀ ਹਵਾ ਵਿੱਚ ਜ਼ਹਿਰ ਘੋਲਦੀ ਮੰਨੀ ਜਾਂਦੀ ਹੈ ਅਤੇ ਇਨ੍ਹਾਂ ਦਿਨਾਂ ਵਿੱਚ ਉਸ ਦੀ ਜ਼ਹਿਰ ਸੱਪ ਵਰਗੀ ਹੁੰਦੀ ਹੈ ਅਤੇ ਉਸ ਦੀ ਇੱਕ ਤੱਕਣੀ ਵੀ ਮਰਦ ਲਈ ਮਾੜੀ ਹੈ। (ਜ਼ਨਾਨੀਆਂ ਤੇ ਯਹੂਦੀ ਧਰਮ- ਬੀ ਗ੍ਰੀਨ ਬਰਗ ਪੰਨਾ 115)।

ਇਸਤ੍ਰੀਆਂ ਨੂੰ ਉਚੇਰੀ ਵਿੱਦਿਆ ਜਾਂ ਧਾਰਮਿਕ ਖੋਜ-ਰੁਝੇਵੇਂ ਤੋਂ ਵਰਜਿਆ ਗਿਆ ਹੈ। ਉਨ੍ਹਾਂ ਦਾ ਮਿਤਜ਼ਬੋਹ (ਪ੍ਰਮਾਤਮਾ ਨਾਲ ਮਿਲਾਪ) ਦਾ ਢੰਗ ਮਰਦਾਂ ਨਾਲੋਂ ਵੱਖਰਾ ਹੈ। ਤੌਰੇਤ ਵਿੱਚ ਇਸ ਵਿਸ਼ੇ ਤੇ ਯਹੂਦੀ ਧਰਮ ਵਿੱਚ 613 ਤ੍ਰੀਕੇ ਹਾਂ-ਪੱਖੀ ਮੰਨੇ ਗਏ ਹਨ ਅਤੇ ਜਿੰਨ੍ਹਾ ਵਿੱਚੋਂ 365 ਔਰਤਾਂ ਵਾਸਤੇ ਵਰਜਿਤ (ਨਾਂਹ-ਪੱਖੀ -ਇਹ ਨਹੀਂ ਕਰਨੇ) ਹਨ। ਧਰਮ ਕਾਰਜਾਂ ਨੂੰ ਕਰਨ ਲਈ ਵੀ ਮਰਦਾਂ ਅਤੇ ਔਰਤਾਂ ਲਈ ਅੱਡੋ ਅੱਡ ਵਿਸ਼ੇਸ਼ ਹਦਾਇਤਾਂ ਹਨ। ਘਰੋਗੀ ਕਾਰਜ ਜਿਵੇਂ ਕਿ ਖ਼ਾਣਾ ਪਕਾਉਣਾ, ਭਾਂਡੇ ਸਾਫ ਕਰਨੇ, ਘਰ ਦੇ ਜੀਆਂ ਦੀ ਦੇਖ ਭਾਲ ਕਰਨਾ, ਬੱਚੇ ਪਾਲਣੇ, ਬਜ਼ੁਰਗਾਂ ਦੀ ਸੇਵਾ ਆਦਿਕ ਕਾਰਜਾਂ ਨੂੰ ਰੱਬ ਦੀ ਪੂਜਾ ਸਮਾਨ ਮੰਨਿਆਂ ਜਾਂਦਾ ਹੈ। ਗ੍ਰਹਿਸਤੀ ਨਾਰੀਆਂ ਦੀ ਇਹ ਸੇਵਾ ਪ੍ਰਮਾਤਮਾ ਦੀ ਭਗਤੀ ਮੰਨੀ ਜਾਂਦੀ ਹੈ।

'ਪਾਸਓਵਰ' (ਐਕਸੋਡਸ 12:15) ਦੇ ਤਿਉਹਾਰ ਵੇਲੇ 'ਮਾਤਜ਼ਹ' ( ਚੋਪੜੀ ਰੋਟੀ) ਦੀ ਮਨਾਹੀ ਹੁੰਦੀ ਹੈ। ਇਸ ਮੌਕੇ ਕਣਕ ਦੀ ਵਰਤੋਂ ਕਰਨ ਦੀ ਸਖਤ ਮਨਾਹੀ ਹੁੰਦੀ ਹੈ। ਭੋਜਨ ਦੇ ਬਚੇ ਖੁਚੇ ਟੁਕੜੇ ਅਤੇ ਕਣਕ ਦੇ ਦਾਣਿਆਂ ਨੂੰ ਬਹੁਤ ਹੀ ਸਾਵਧਾਨੀ ਨਾਲ ਲੱਭ ਕੇ ਰਸੋਈ ਤੋਂ ਬਾਹਰ ਦੂਰ ਰੱਖਿਆ ਜਾਂਦਾ ਹੈ। ਇਨ੍ਹਾਂ ਦਾ ਰਸੋਈ ਵਿੱਚ ਰਹਿ ਜਾਣਾ ਮਹਾਂ-ਪਾਪ ਹੈ। ਅਜਿਹਾ ਪੂਰੀ ਤਨਦਿਹੀ ਨਾਲ ਕਰਨਾ ਰੱਬ ਅੱਗੇ ਅਰਦਾਸ ਬ੍ਰਾਬਰ ਮੰਨਿਆ ਜਾਂਦਾ ਹੈ। ਇਸ ਮੌਕੇ ਬੁੱਢੀਆਂ ਯਹੂਦੀ ਔਰਤਾਂ ਆਪਣੇ ਵਡੇਰਿਆਂ/ ਜਠੇਰਿਆਂ ਦੀਆਂ ਕਬਰਾਂ ਤੇ ਜਾਂਦੀਆਂ ਹਨ ਉੱਥੇ ਫੁੱਲ ਅਰਪਿਤ ਕਰਦੀਆਂ ਹਨ ਅਤੇ

[35] ਤਾਲਮੁਦ ਵਿੱਚ "ਲਿਲਿਥ"ਨਾਂ ਦੀ ਇੱਕ ਔਰਤ ਦਾ ਜ਼ਿਕਰ ਹੈ ਜੋ ਆਦਮ ਦੀ ਪਹਿਲੀ ਪਤਨੀ ਸੀ ਅਤੇ ਹਰ ਗੱਲ ਵਿੱਚ ਆਦਮ ਦੀ ਬ੍ਰਾਬਰੀ ਮੰਗਦੀ ਸੀ। ਆਦਮ ਅਜਿਹੀ ਖੁੱਲ੍ਹ ਦੇਣ ਲਈ ਤਿਆਰ ਨਹੀਂ ਸੀ ਇਸ ਲਈ ਆਦਮ ਨੇ ਉਸ ਨੂੰ ਤਲਾਕ ਦੇ ਦਿੱਤਾ। ਯਹੂਦੀ ਵਿਦਵਾਨ 'ਲਿਲਿਥ' ਨੂੰ 'ਪ੍ਰੇਤ ਆਤਮਾ' ਅਤੇ 'ਗੁੰਡੀ ਰੰਨ' ਮੰਨਦੇ ਹਨ। ਦੂਜੇ ਸ਼ਬਦਾਂ ਵਿਚ ਇਹ ਕਹਿ ਲਵੋ ਕਿ ਔਰਤ ਲਈ ਮਰਦ ਦੇ ਬ੍ਰਾਬਰ ਹੱਕ ਮੰਗਣੇ ਗੁਨਾਹ ਹਨ।



ਮੋਮ ਬੱਤੀ ਜਗਾ ਕੇ ਆਉਂਦੀਆਂ ਹਨ।

ਯਹੂਦੀ ਜੀਵਨ-ਧਾਰਾ ਦੋ ਭਾਗਾਂ ਵਿੱਚ ਵੰਡੀ ਹੋਈ ਹੈ (ੳ) ਔਰਤਾਂ ਕੀ ਕਰਨ ਅਤੇ (ਅ) ਮਰਦ ਕੀ ਕਰਨ। ਯਹੂਦੀ ਨਿਯਮਾਵਲ਼ੀ (ਹਲਾਕਾਹ) ਅਨੁਸਾਰ ਯਹੂਦੀ ਮਰਦ ਤੈਲਿਸ, ਕਿੱਪਾ ਜਾਂ ਤੈਫਲਿਨ ਪਹਿਨ ਸਕਦਾ ਹੈ ਪਰ ਔਰਤਾਂ ਲਈ ਇਨ੍ਹਾਂ ਨੂੰ ਪਹਿਨਣ ਦੀ ਸਖ਼ਤ ਮਨਾਹੀ ਹੈ। ਧਾਰਮਿਕ ਸੰਗਤ ਜਾਂ ਪ੍ਰਾਰਥਨਾ ਸਥਾਨਾਂ ਵਿੱਚ ਔਰਤਾਂ ਦੀ ਭੂਮਿਕਾ ਸੀਮਤ ਜਿਹੀ ਹੁੰਦੀ ਹੈ। ਨਾਰੀਆਂ ਦੀ ਪ੍ਰਾਰਥਨਾ ਵਿੱਚ ਤਿੰਨ ਜ਼ਰੂਰੀ 'ਮਿਤਜ਼ਵੋਤ' (ਧਾਰਮਿਕ ਫਰਜ਼) ਹੁੰਦੇ ਹਨ ਜਿਨ੍ਹਾਂ ਦਾ ਕਰਨਾ ਲਾਜ਼ਮੀ ਹੈ। (1) ਨੇਰੋਤ:- ਸੈਬਥ ਦੇ ਆਰੰਭ ਵਜੋਂ ਘਰ ਵਿੱਚ ਮੋਮ ਬੱਤੀਆਂ ਜਗਾਉਣਾ (2) ਚਾਲਾਹ:- ਗੁਨ੍ਹੇ ਹੋਏ ਆਟੇ (ਤੌਣ) ਦਾ ਕੁੱਝ ਭਾਗ ਅੱਡ ਕਰ ਕੇ ਰੱਖਣਾ [36] (3) ਨਿਦਾਹ:- ਮਾਹਵਾਰੀ ਦੀ ਸਮਾਪਤੀ ਉਪ੍ਰੰਤ ਪਾਣੀ ਵਿੱਚ ਡੁਬਕੀ ਲਾਉਣਾ।[37] ਯਹੂਦੀ ਔਰਤਾਂ ਲਈ ਇਹ ਤਿੰਨ ਕਰਮ ਕਾਂਡ ਅਧਿਆਤਮਿਕ ਦ੍ਰਿਸ਼ਟੀ ਤੋਂ ਅਤੀ ਉੱਤਮ ਅਤੇ ਲਾਭਕਾਰੀ ਮੰਨੇ ਜਾਂਦੇ ਹਨ । ਇਸ ਤੋਂ ਉਪ੍ਰੰਤ ਉਹ ਐਸਥਰ ਦੀ ਕਹਾਣੀ ਪੜ੍ਹ ਜਾਂ ਸੁਣ ਸਕਦੀਆਂ ਹਨ । (ਦੇਖੋ ਤਾਲਮੁਦ 4- ੳ)। ਹਰ ਮਹੀਨੇ ਦੇ ਪਹਿਲੇ ਦਿਨ ਨੂੰ 'ਰੋਸ਼ ਚੋਦੇਸ਼' (ਸੰਗ੍ਰਾਂਦ) ਕਿਹਾ ਜਾਂਦਾ ਹੈ ਜਿਸ ਦਿਨ ਔਰਤਾਂ ਪੂਰਾ ਦਿਨ ਬਗੈਰ ਕੰਮ ਕਰਨ ਤੋਂ ਛੁੱਟੀ ਕਰ ਸਕਦੀਆਂ ਹਨ।

ਯਹੂਦੀ ਧਰਮ ਨਿਯਮਾਵਲੀ (ਹਲਾਕਾਹ) ਅਨੁਸਾਰ ਪ੍ਰਾਰਥਨਾ ਸਮੇਂ ਮਰਦ ਤੇ ਔਰਤ ਇੱਕੋ ਥਾਂ ਨਹੀਂ ਹੋ ਸਕਦੇ। ਤੌਰੇਤ ਅਤੇ ਹੋਰ ਪਵਿੱਤ੍ਰ ਗ੍ਰੰਥ ਕੇਵਲ ਮਰਦਾਂ ਵਾਲੇ ਪਾਸੇ ਹੀ ਰੱਖੇ ਜਾਂਦੇ ਹਨ। ਔਰਤਾਂ ਨੂੰ ਆਮ ਤੌਰ ਤੇ ਕਿਸੇ ਵੱਖਰੇ ਭਾਗ ਜਾਂ ਬਾਲਕੋਨੀ ਵਿੱਚ ਬਿਠਾਇਆ ਜਾਂਦਾ ਹੈ ਜਿਥੋਂ ਉਹ ਮਰਦਾਂ ਨੂੰ ਨਾ ਦੇਖ ਸਕਣ ਤੇ ਮਰਦ ਉਨ੍ਹਾਂ ਨੂੰ ਨਾ ਦੇਖ ਸਕਣ (ਦੋਹਾਂ ਵਿੱਚਕਾਰ ਪਰਦਾ ਆਮ ਲਾਇਆ ਜਾਂਦਾ ਹੈ)। ਕਈ ਵਾਰ ਤਾਂ ਉਹ ਪ੍ਰਾਰਥਨਾ ਨੂੰ ਸੁਣ ਵੀ ਨਹੀਂ ਸਕਦੀਆਂ ਜੋ ਮਰਦਾਂ ਵਾਲੇ ਭਾਗ ਵਿੱਚ ਹੋ ਰਹੀ ਹੁੰਦੀ ਹੈ। 'ਮਿਨਿਆਨ' (ਇੱਕ ਪ੍ਰਾਰਥਨਾ) ਲਈ 10 ਲੋਕਾਂ ਦੀ ਲੋੜ ਹੁੰਦੀ ਹੈ ਪਰ ਇਸ ਵਿੱਚ ਗਿਣਤੀ ਪੂਰੀ ਕਰਨ ਲਈ ਮੌਕੇ ਤੇ ਹਾਜ਼ਰ ਹੋ ਚੁੱਕੀ ਔਰਤ ਭਾਗ ਨਹੀਂ ਲੈ ਸਕਦੀ। ਕਿਸੇ ਵੀ ਪ੍ਰਕਾਰ ਦੀ ਧਾਰਮਿਕ ਸੇਵਾ ਵਿੱਚ ਜ਼ਨਾਨੀ ਅਗਵਾਈ ਨਹੀਂ ਕਰ ਸਕਦੀ ਨਾਂ ਹੀ ਕੋਈ ਭਜਨ ਗੁਣਗੁਣਾ ਸਕਦੀ ਹੈ। ਯਹੂਦੀ ਇਤਿਹਾਸ ਅਨੁਸਾਰ ਪ੍ਰਮਾਤਮਾ ਨੇ ਆਪਣਾ ਉਪਦੇਸ਼ ਕੇਵਲ ਹਜ਼ਰਤ ਮੂਸਾ ਅਤੇ ਹਜ਼ਰਤ ਇਬਰਾਹੀਮ ਆਦਿਕ ਵਰਗੇ ਮਰਦਾਂ ਨੂੰ ਹੀ ਦਿੱਤਾ ਸੀ ਇਸ ਲਈ

[36] ਇਹ ਗੁਰਦਵਾਰਿਆਂ ਵਿੱਚ ਪ੍ਰਸ਼ਾਦ ਕੱਢ ਕੇ ਰੱਖਣ ਵਾਂਗ ਹੈ। ਇਸ ਰਸਮ ਤੋਂ ਬਿਨਾਂ ਖਾਣਾ ਨਹੀਂ ਪਕਾਇਆ ਜਾ ਸਕਦਾ।

[37] ਮਾਹਵਾਰੀ ਤੋਂ 7 ਦਿਨ ਬਾਅਦ ਔਰਤ 'ਮਿਕਵਾਹ' (ਤਲਾ ਆਦਿਕ) ਤੇ ਜਾਂਦੀ ਹੈ ਤੇ ਪਾਣੀ ਵਿੱਚ ਡੁਬਕੀ ਲਾਉਂਦੀ ਹੈ। ਨਿਦਾਹ ਦੇ ਪੂਰੇ ਨਿਯਮ ਪੜ੍ਹਣ ਲਈ ਦੇਖੋ ਲੈਵਿਟੀਕਸ 15:19-30

ਧਰਮ ਦੀ ਵਿਆਖਿਆ ਕੇਵਲ ਮਰਦ ਦਾ ਹੀ ਹੱਕ ਹੈ।[38] ਕੁੱਝ ਹੋਰ ਮਹੱਤਵ ਪੂਰਨ ਧਾਰਮਿਕ ਰਸਮਾਂ ਨੂੰ ਕਰਨ ਜਾਂ ਉਨ੍ਹਾਂ ਵਿੱਚ ਸ਼ਾਮਲ ਹੋਣ ਦੀ ਵੀ ਔਰਤਾਂ ਨੂੰ ਮਨਾਹੀ ਹੈ।

ਯਹੂਦੀ ਪੁਰਸ਼ ਦੀ ਆਮ ਪਰਾਰਥਨਾ ਦੇ ਇਹ ਅੰਸ਼ ਬਹੁਤ ਮਹੱਤਵ ਪੂਰਣ ਹਨ, "**ਹੇ ਪ੍ਰਮਾਤਮਾ ਤੂੰ ਧੰਨ ਹੈ । ਤੂੰ ਬ੍ਰਹਿਮੰਡ ਦਾ ਪ੍ਰਸ਼ਾਸ਼ਕ ਅਤੇ ਸਰਬ ਸ਼ਕਤੀਵਾਨ ਹੈ। ਤੇਰਾ ਸ਼ੁੱਕਰ ਹੈ ਕਿ ਤੂੰ ਮੈਨੂੰ ਔਰਤ ਨਹੀਂ ਬਣਾਇਆ**" । (ਫੋਲ 5,6) । ਔਰਤਾਂ ਦੀ ਅਰਦਾਸ ਵੀ ਸਮਝਣ ਯੋਗ ਹੈ। ਉਹ ਕਹਿੰਦੀਆਂ ਹਨ , "**ਰੱਬਾ ,ਮੇਰੀ ਸਹਾਇਤਾ ਕਰ ਤਾਂ ਜੋ ਮੈਂ ਤੇਰੇ ਹੁਕਮ ਦੀ ਪਾਲਣਾ ਕਰਦੇ ਹੋਏ ਜੀ ਸਕਾਂ**" ਕੰਵਾਰੀਆਂ ਕੁੜੀਆਂ ਉੱਪਰ ਜੇ ਚਰਿਤ੍ਰਹੀਣਤਾ ਦਾ ਦੋਸ਼ ਲੱਗ ਜਾਵੇ ਤਾਂ ਉਨ੍ਹਾਂ ਨੂੰ ਇੱਟਾਂ ਮਾਰ ਮਾਰ ਕੇ ਮਾਰਨ ਦਾ ਹੁਕਮ ਹੈ । ਯਹੂਦੀ ਧਰਮ ਗ੍ਰੰਥਾਂ ਅਨੁਸਾਰ ਰੱਬ ਨੇ ਹਜ਼ਰਤ ਮੂਸਾ ਨੂੰ ਉਪਦੇਸ਼ ਦਿੱਤਾ ਸੀ ਕਿ "ਮਿਡੀਆਨਾਈਟਸ ਤੋਂ ਬਦਲਾ ਲਿਆ ਜਾਵੇ। ਉਨ੍ਹਾਂ ਦੀਆਂ ਔਰਤਾਂ, ਬੱਚੇ ਅਤੇ ਪਸ਼ੂ ਧਨ ਖੋਹ ਲਏ ਜਾਣ" ।[39] ਇਸੇ ਤਰ੍ਹਾਂ ਹੋਇਆ। ਜਦੋਂ ਸਾਰੇ ਮਿਡੀਆਨਾਈਟਸ ਫੜੇ ਗਏ ਅਤੇ ਮੂਸਾ ਤੇ ਅਲੀਜ਼ਾਰ ਦੇ ਸਾਹਮਣੇ ਮੁਆਬ ਦੇ ਮੈਦਾਨ ਵਿੱਚ ਲਿਆਂਦੇ ਗਏ ਤਾਂ ਹੁਕਮ ਦਿੱਤਾ ਗਿਆ ਕਿ "ਸਭ ਨੌਜਵਾਨ ਮੁੰਡੇ ਮਾਰ ਦਿੱਤੇ ਜਾਣ ਅਤੇ ਅਜਿਹੀ ਕੋਈ ਔਰਤ ਵੀ ਜਿਉਂਦੀ ਨਾ ਰਹੇ ਜੋ ਕਦੇ ਕਿਸੇ ਮਰਦ ਨਾਲ ਸੁੱਤੀ ਹੋਵੇ (ਯਾਣੀ ਕੰਵਾਰੀਆਂ ਨੂੰ ਆਪਣੇ ਲਈ ਦਾਸੀਆਂ ਬਣਾ ਕੇ ਰੱਖ ਲਵੋ)" (ਨੰਬਰਜ਼ 31:1-18)

## 3.2 ਈਸਾਈ ਧਰਮ:

ਆਦਮ ਅਤੇ ਹੱਵਾ ਦੀ ਕਹਾਣੀ, ਜਿਸ ਦਾ ਜ਼ਿਕਰ ਅਸੀਂ ਪਿੱਛੇ ਕਰ ਆਏ ਹਾਂ, ਇਹ ਗਲ ਸਪਸ਼ਟ ਨਹੀਂ ਕਰਦੀ ਕਿ ਸੰਸਾਰ ਵਿੱਚ ਮਾਨਵ ਜਾਤੀ ਦੀ ਗਿਣਤੀ ਕਿਵੇਂ ਵਧੀ। ਰੱਬ ਨੇ ਕੇਵਲ ਆਦਮ ਤੇ ਹੱਵਾ ਹੀ ਪੈਦਾ ਕੀਤੇ ਸਨ ਤੇ ਅਗੋਂ ਇਸ ਜੋੜੀ ਦੇ ਤਿੰਨ ਪੁੱਤ੍ਰ ਜਨਮੇ ਜਿਨ੍ਹਾਂ ਦੇ ਨਾਂ ਸਨ ਕੇਨ, ਏਬਲ ਅਤੇ ਸੇਥ ਪਰ ਉਨ੍ਹਾਂ ਦੇ ਧੀ ਕੋਈ ਨਾ ਜੰਮੀ। ਇੰਨ੍ਹਾਂ ਬੇਟਿਆਂ ਦੀ ਅਗੋਂ ਸੰਤਾਨ ਹੋਈ ਦੱਸੀ ਜਾਂਦੀ ਹੈ ਜਿਥੋਂ ਮਾਨਵ ਜਾਤੀ ਦਾ ਵਿਕਾਸ਼ ਹੋਇਆ ਪਰ ਬਾਈਬਲ ਵਿੱਚ ਇਹ ਗਲ ਸਪਸ਼ਟ ਨਹੀਂ ਕਿ ਇਨ੍ਹਾਂ ਤਿੰਨਾਂ ਪੁਤ੍ਰਾਂ ਲਈ ਜ਼ਨਾਨੀਆਂ ਕਿੱਥੋਂ ਆਈਆਂ ? ਬਾਈਬਲ ਕੇਵਲ ਇਨ੍ਹਾ ਹੀ ਲਿਖਦੀ ਹੈ, " *ਜਦੋਂ ਧਰਤੀ ਤੇ ਪੁਰਸ਼ਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਤਾਂ ਉਨ੍ਹਾਂ ਦੇ ਘਰ ਧੀਆਂ ਨੇ ਜਨਮ ਲਿਆ*"।

---

[38] ਪੂਰੀ ਵਿਆਖਿਆ ਲਈ ਪੜ੍ਹੋ *'The hole in the street'* by Evelyn kaye OR `*The invaluable pearl'* by H.E.Ghatan

[39] ਯਾਦ ਰਹੇ ਕਿ ਮੂਸਾ ਨੂੰ ਇਸ ਗੱਲ ਦੀ ਵੀ ਕੋਈ ਪ੍ਰਵਾਹ ਨਹੀਂ ਸੀ ਕਿ ਉਸ ਦੀ ਪਤਨੀ 'ਜ਼ਿਪਰਾ' ਵੀ ਮਿਡਿਆਨਾਈਟ ਫਿਰਕੇ ਦੀ ਧੀ ਸੀ ।



ਪਰ ਨਾਰੀਆਂ ਦੇ ਵਸੀਲੇ ਤੋਂ ਬਿਨਾ ਇਹ ਵਾਧਾ ਹੋਇਆ ਕਿਵੇਂ? ਇਸ ਤੋਂ ਤਾਂ ਇਹੀ ਪਰਤੀਤ ਹੁੰਦਾ ਹੈ ਕਿ ਬਾਈਬਲ ਮਾਨਵ ਜਾਤੀ ਦੀ ਉਤਪਤੀ ਅਤੇ ਵਿਕਾਸ ਦਾ ਮਾਣ ਨਾਰੀਆਂ ਨੂੰ ਦੇਣ ਲਈ ਤਿਆਰ ਨਹੀਂ।

ਪੁਰਾਤਨ ਬਾਈਬਲ (Old Testament) ਅਨੁਸਾਰ ਔਰਤਾਂ ਅਪਵਿਤ੍ਰ ਹਨ ਅਤੇ ਨਵੀਂ ਬਾਈਬਲ ( New Testament) ਅਨੁਸਾਰ ਉਹ ਕਮਜ਼ੋਰ ਬਰਤਣ (Weak vessal) ਹਨ ਤੇ ਇਨ੍ਹਾਂ ਵਿੱਚ ਪੁਰਸ਼ ਵਾਲਾ ਸਾਹਸ ਅਤੇ ਸਬਰ ਨਹੀਂ ਹੈ। ਮਧਕਾਲੀਨ ਈਸਾਈ ਸਾਧੂ ਇਸਤ੍ਰੀ ਨੂੰ 'ਦੁਸ਼ਟ', ਕੁਕਰਮੀ, ਪਾਤਕੀ, 'ਗੋਹੇ ਨਾਲ ਭਰੀ ਮਾਸ ਦੀ ਭਰਮਾਊਂ ਪੰਡ', ਘਰ ਦਾ ਨਰਕ, ਮਿੱਠਾ ਮੁਹਰਾ ਆਦਿਕ ਆਖਦੇ ਹਨ। ਪਰ ਹੈਰਾਨੀ ਹੈ ਕਿ ਇਨ੍ਹਾਂ ਹੀ ਔਰਤਾਂ ਤੋਂ ਪੈਦਾ ਹੋਣ ਵਾਲੇ ਪੁਰਸ਼ ਨੂੰ ਬਾਈਬਲ ਨੇ 'ਰੱਬ ਦੀ ਸ਼ਾਨ' (Glory of God) ਅਤੇ ਰੱਬ ਦਾ ਹਮਸ਼ਕਲ (Image of God) ਕਿਹਾ ਅਤੇ ਔਰਤ ਨੂੰ 'ਮਨੁੱਖ ਦੀ ਸ਼ਾਨ' (Glory of man) ਦਾ ਬਿੰਬ ਅਰਪਨ ਕਰ ਦਿੱਤਾ। ਜੇ ਕਰ ਮਨੁੱਖ ਦੀ ਸ਼ਾਨ (ਔਰਤ) 'ਦੁਸਟ' ਹੈ ਤਾਂ ਮਨੁੱਖ ਰੱਬ ਦੀ ਸ਼ਾਨ (ਪਵਿਤ੍ਰ) ਕਿਵੇਂ ਹੋਇਆ ਇਸ ਗਲ ਬਾਰੇ ਬਾਈਬਲ ਵਿੱਚ ਕੋਈ ਪ੍ਰਮਾਣ ਨਹੀਂ ਮਿਲਦਾ ? ਗੋਹੇ ਦੀ ਗੰਦੀ ਪੰਡ ਨੂੰ ਛੂਹਣ ਨਾਲ ਪਵਿਤ੍ਰਤਾ ਦੀ ਆਸ ਕਿਵੇਂ ਰੱਖੀ ਜਾ ਸਕਦੀ ਹੈ ? ਸੇਂਟ ਪਾਲ ਤਾਂ ਇੱਕ ਕਦਮ ਹੋਰ ਵੀ ਅੱਗੇ ਜਾ ਕੇ ਲਿਖਦੇ ਹਨ, " **ਜਿਸ ਸਬੰਧ ਵਿੱਚ ਲਿਖਕੇ ਤੁਸੀਂ ਮੈਨੂੰ ਪੁੱਛਿਆ ਹੈ, ਮੈਂ ਦਸਦਾ ਹਾਂ ਕਿ ਮਨੁੱਖ ਦੇ ਭਲੇ ਦੀ ਗੱਲ ਇਹੋ ਹੈ ਕਿ ਉਹ ਨਾਰੀ ਨੂੰ ਨਾ ਛੂਹੇ**"। (ਕੋਰਿੰਥੀਆਂਨਜ਼ 17-79,32-38 ਮੈਥੀਊ 19:11,12,29)। ਉਹ ਇਸੇ ਸੁਰ ਵਿੱਚ ਆਪਣੇ ਚੇਲਿਆਂ ਨੂੰ ਇਹ ਮੱਤ ਵੀ ਦਿੰਦਾ ਹੈ ਕਿ ਉਹ ਕਦੀ ਵਿਆਹ ਨਾ ਕਰਵਾਉਣ ਤੇ ਕੰਵਾਰੇ ਰਹਿਣ। "**ਮੈਂ ਕੰਵਾਰਿਆਂ ਅਤੇ ਵਿਧਵਾਵਾਂ ਨੂੰ ਕਹਿੰਦਾ ਹਾਂ ਚੰਗਾ ਇਹੀ ਹੈ ਕਿ ਮੇਰੇ ਵਾਂਗ ਕੰਵਾਰੇ ਰਹਿ ਕੇ ਜੀਵਨ ਬਤੀਤ ਕਰੋ ਤੇ ਇਸ ਆਦੇਸ਼ ਦੀ ਪੂਰੀ ਪੂਰੀ ਪਾਲਣਾ ਕਰੋ**" (ਕੋਰਿੰਥੀਆਨਜ਼ 6:3, 6:8)। ਸੇਂਟ ਪਾਲ ਦੀ ਦਲੀਲ ਤੋਂ ਇਹ ਲਗਦਾ ਹੈ ਕਿ ਸ਼ਾਦੀਸ਼ੁਦਾ ਮਰਦ ਅਤੇ ਔਰਤਾਂ ਵਿਆਹ ਉਪਰੰਤ ਰੱਬ ਵਲੋਂ ਮੂੰਹ ਮੋੜ ਲੈਂਦੇ ਹਨ। ਸ਼ਾਇਦ ਇਹੀ ਕਾਰਨ ਹੈ ਕਿ ਈਸਾਈ ਸਾਧਵੀਆਂ ਕੰਵਾਰੀਆਂ ਰਹਿੰਦੀਆਂ ਹਨ ਅਤੇ ਇਨ੍ਹਾਂ ਵਿੱਚੋਂ ਕੁੱਝ ਤਾਂ ਕਰੂਪ ਲੱਗਣ ਲਈ ਸਿਰ ਵੀ ਮੁਨਵਾ ਦਿੰਦੀਆਂ ਹਨ। ਜੇਕਰ ਸੇਂਟ ਪਾਲ ਦੀ ਨਸੀਹਤ ਨੂੰ ਇੰਨ ਬਿੰਨ ਮੰਨ ਲਿਆ ਜਾਂਦਾ ਅਤੇ ਸੰਸਾਰ ਦੀਆਂ ਸਭ ਕੰਵਾਰੀਆਂ ਔਰਤਾਂ ਸਾਧਵੀਆਂ ਬਣ ਕੇ ਈਸਾਈ ਧਰਮ ਧਾਰਨ ਕਰ ਲੈਂਦੀਆਂ ਤਾਂ ਪਤਾ ਨਹੀਂ ਸੰਸਾਰ ਦਾ ਵਿਕਾਸ ਕਿਸ ਤਰ੍ਹਾਂ ਹੁੰਦਾ।

ਸੇਂਟ ਪਾਲ ਔਰਤਾਂ ਦੇ ਸ਼ਾਇਦ ਇਸ ਲਈ ਵਿਰੁੱਧ ਸੀ ਕਿ ਉਸ ਦੇ ਖਿਆਲ

ਅਨੁਸਾਰ ਔਰਤਾਂ ਮਰਦਾਂ ਉੱਪਰ ਰੋਅਬ੍ਹ ਜਮਾਉਣਗੀਆਂ ਅਤੇ ਅਧਿਕਾਰ ਦੀ ਵਰਤੋਂ ਕਰਨਗੀਆਂ। ਉਹ ਕਹਿੰਦਾ ਹੈ , " **ਮੈਂ ਕਿਸੇ ਵੀ ਨਾਰੀ ਨੂੰ ਧਰਮ ਪ੍ਰਚਾਰ ਕਰਨ ਤੇ ਮਨੁੱਖਾਂ ਤੇ ਅਧਿਕਾਰ ਜਮਾਉਣ ਦੀ ਆਗਿਆ ਨਹੀਂ ਦੇ ਸਕਦਾ। ਨਾਰੀ ਨੂੰ ਹਮੇਸ਼ਾ ਖਾਮੋਸ਼ ਰਹਿਣਾ ਚਾਹੀਦਾ ਹੈ। ਆਦਮ ਦੀ ਸਿਰਜਣਾ ਪਹਿਲਾਂ ਹੋਈ ਸੀ ਤੇ ਹੱਵਾ ਦੀ ਬਾਅਦ ਵਿੱਚ। ਜ਼ਾਹਰ ਹੈ ਕਿ ਆਦਮ ਨੇ ਅਵੱਗਿਆ ਨਹੀਂ ਸੀ ਕੀਤੀ ਸਗੋਂ ਸ਼ੈਤਾਨ ਵਲੋਂ ਹੱਵਾ ਹੀ ਭਰਮਾਈ ਗਈ ਸੀ। ਹੱਵਾ ਨੇ ਹੀ ਸਾਰਾ ਭਰਮ-ਜਾਲ ਫੈਲਾਇਆ । ਜੇ ਕਰ ਨਾਰੀ ਹੁਣ ਵੀ ਪੱਕੇ ਭਰੋਸੇ ਅਤੇ ਪ੍ਰੇਮ ਸਹਿਤ ਦ੍ਰਿੜ੍ਹਤਾ ਨਾਲ ਬ੍ਰਹਮ ਸ਼ਕਤੀ ਵਿੱਚ ਲੀਣ ਰਹੇਗੀ ਤਾਂ ਹੋ ਸਕਦਾ ਹੈ ਕਿ ਉਸ ਦੀ ਸੰਤਾਨ ਉਸ ਦਾ ਬਚਾਅ ਕਰ ਲਵੇ**" (ਟਿਮਥੀ 2:12-15)[40] ।ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਈਸਾਈ ਧਰਮ ਦੇ ਮੋਢੀ ਹਜ਼ਰਤ ਈਸਾ ਨੇ ਸ਼ਾਦੀ ਨਹੀਂ ਸੀ ਕੀਤੀ ਪਰ ਤਾਂ ਵੀ ਬਾਈਬਲ ਦਾ ਹੁਕਮ ਹੈ, "ਸੰਤਾਨ ਉਤਪਤੀ ਦੇ ਯੋਗ ਬਣੋ ਤੇ ਔਲਾਦ ਵਿੱਚ ਵਾਧਾ ਕਰੋ"( ਜੈਨਿਸਿਜ਼)। ਇਹ ਗੱਲ ਸੇਂਟ ਪਾਲ ਦੀ ਨਸੀਹਤ ਨਾਲ ਮੇਲ ਨਹੀਂ ਖਾਂਦੀ।

ਅੱਜ ਵੀ ਔਰਤਾਂ ਉੱਪਰ ਇਹ ਪਾਬੰਦੀ ਹੈ ਕਿ ਉਹ ਗਿਰਜੇ (ਈਸਾਈ ਮੰਦਰ) ਵਿੱਚ ਪਾਦਰੀ ਜਾਂ ਬਿਸ਼ਪ ਦੀ ਪਦਵੀ ਨਹੀਂ ਲੈ ਸਕਦੀਆਂ ਅਤੇ ਨਾ ਹੀ ਪ੍ਰਾਰਥਨਾ ਸਮੇਂ ਚਰਚ ਵਿੱਚ ਜੁੜੀ ਸੰਗਤ ਦੀ ਅਗਵਾਈ ਕਰ ਸਕਦੀਆਂ ਹਨ।[41] "ਜੌਨ ਬੈਪਟਿਸਟ ਨੇ ਕੇਵਲ ਮਰਦਾਂ ਨੂੰ ਹੀ ਬੈਪਤਿਸਮਾ ਦਿੱਤਾ ਤੇ ਜ਼ਮੀਰ ਵਾਲੇ ਮਨੁੱਖਾਂ ਦੇ ਪਾਪ ਬਖਸ਼ੇ। ਉਸ ਨੇ ਕਿਸੇ ਇੱਕ ਵੀ ਨਾਰੀ ਨੂੰ ਈਸਾਈ ਧਰਮ ਵਿੱਚ ਪ੍ਰਵੇਸ਼ਿਤ ਨਹੀਂ ਸੀ ਕੀਤਾ"। (Gnostic Principles of one God page 14)

ਸਪੇਨ ਵਿੱਚ ਜ਼ਰਗੋਜ਼ਾ ਤੋਂ ਅੱਠ ਮੀਲ ਦੂਰ ਔਲਾਡਈ ਵਿੱਚ ਪੁਰਾਤਨ ਈਸਾਈ ਸਾਧਵੀਆਂ ਵਲੋਂ ਬਣਾਏ ਹੋਏ ਈਸਾ ਦੀ ਮਾਤਾ ਮੇਰੀ ਦੇ ਜੀਵਨ-ਦ੍ਰਿਸ਼ਾਂ ਦੇ ਚਿੱਤਰ ਹਨ। ਈਸਾਈ ਸਾਧੂਆਂ ਨੇ ਜ਼ਨਾਨੀਆਂ ਉੱਪਰ ਪਾਬੰਦੀ ਲਾਈ ਹੋਈ ਹੈ ਕਿ ਜ਼ਨਾਨੀਆਂ ਹੀ ਜ਼ਨਾਨੀਆਂ ਵਲੋਂ ਬਣਾਈਆਂ ਇਹ ਤਸਵੀਰਾਂ ਨੂੰ ਨਹੀਂ ਦੇਖ ਸਕਦੀਆਂ। ਇਹ ਕੰਧ ਚਿੱਤਰ ਈਸਾਈ ਭਗਤਣੀਆਂ ਨੇ 1774 ਈਸਵੀ ਵਿੱਚ ਬਣਾਏ ਸਨ ਤੇ ਉਦੋਂ ਤੋਂ ਹੀ ਪਾਬੰਦੀ ਲੱਗੀ ਰਹੀ ਹੈ। ਜਦੋਂ ਔਰਤਾਂ ਨੇ ਪੋਪ ਕੋਲ ਇਸ ਗੱਲ ਦੀ ਸ਼ਕਾਇਤ ਕੀਤੀ ਤਾਂ ਉੱਤਰ ਮਿਲਿਆ, "ਭਾਈ ਇਹ ਫੈਸਲਾ ਕਰਨ ਦਾ ਹੱਕ ਤਾਂ ਈਸਈ ਸਾਧੂਆਂ ਦਾ ਹੀ ਹੈ, ਮੈਂ ਕੁਛ ਨਹੀਂ ਕਰ

[40] ਹੋਰ ਦੇਖੋ ਡਿਉਟ੍ਰੋਨੋਮੀ 22:5 ਅਤੇ ਲੈਵਿਟੀਕਸ 27:1-14 । "Early Christians regarded woman as a temptress because she was responsible for the fall of Adam" (Encyclopaedia Britannica Vol 19 page 909 Edition 1977)

[41] ਪ੍ਰੋਟੈਸਟੈਂਟ ਈਸਾਈਆਂ ਨੇ ਹੁਣ ਕੁਝ ਰਿਆਇਤ ਕਰ ਦਿੱਤੀ ਹੈ ਪਰ ਕੈਥੋਲਿਕ ਅਜੇ ਵੀ ਅੜੇ ਹੋਏ ਹਨ । ਪੋਪ ਜਾਨ ਪਾਲ ਨੇ ਵੀ ਔਰਤਾਂ ਨੂੰ ਚਰਚ ਪ੍ਰਬੰਧ ਵਿੱਚ ਦਾਖਲ ਹੋਣ ਤੋਂ ਵਰਜੀ ਰੱਖਿਆ ।



ਸਕਦਾ"। 1985 ਵਿੱਚ ਔਰਤਾਂ ਵਲੋਂ ਪ੍ਰਦਰਸ਼ਨ ਕਰਨ ਅਤੇ ਜ਼ੋਰਦਾਰ ਗੁੱਸਾ ਪਰਗਟਾਉਣ ਦੇ ਫ਼ਲ ਸਰੂਪ ਜ਼ਨਾਨੀਆਂ ਨੂੰ ਤਸਵੀਰਾਂ ਦੇਖਣ ਦੀ ਆਗਿਆ ਤਾਂ ਮਿਲ ਗਈ ਪਰ ਸ਼ਰਤ ਇਹ ਲਾਈ ਗਈ ਕਿ ਉਹ ਕਿਸੇ ਗੁਪਤ ਰਸਤੇ ਰਾਹੀਂ ਇਹ ਤਸਵੀਰਾਂ ਦੇਖਣ ਜਾ ਸਕਦੀਆਂ ਹਨ ਜਿੱਥੋਂ ਦੀ ਲੰਘਦੀਆਂ ਹੋਈਆਂ ਨੂੰ ਕੋਈ ਦੇਖ ਨਾ ਸਕੇ।

ਈਸਾਈ ਧਰਮ ਵਿੱਚ ਔਰਤਾਂ ਨੂੰ ਯੁੱਧ ਦੇ ਬਸਤਰ ਧਾਰਨ ਕਰਨ ਦੀ ਸਖ਼ਤ ਮਨਾਹੀ ਹੈ। ਜੋਨ ਆਫ ਆਰਕ ਨੂੰ ਮਰਦਾਂ ਵਾਲੇ ਵਸਤਰ ਪਹਿਨਣ ਅਤੇ ਸ਼ਸਤਰ ਧਾਰਨ ਕਰਨ ਦੇ ਦੋਸ਼ ਵਿੱਚ ਜਿਉਂਦੀ ਨੂੰ ਅੱਗ ਲਾ ਕੇ ਸਾੜ ਦਿੱਤਾ ਗਿਆ ਸੀ। ਉਸਨੇ "ਪਾਬੰਦੀ ਦੀ ਉਲੰਘਣਾ" ਕੀਤੀ ਸੀ ।[42]

ਬਾਈਬਲ ਵਿਆਹੁਤਾ ਵਿਅਕਤੀ ਤੇ ਪਾਬੰਦੀ ਲਾਉਂਦੀ ਹੈ ਕਿ ਉਹ ਪਤੀ/ਪਤਨੀ ਤੋਂ ਬਿਨਾਂ ਕਿਸੇ ਹੋਰ ਨਾਲ ਭੋਗ ਵਿਲਾਸ ਨਾ ਕਰੇ। ਲਿਖਿਆ ਗਿਆ ਹੈ, "ਤੈਨੂੰ ਪਤੀ/ਪਤਨੀ ਤੋਂ ਬਿਨਾਂ ਲਿੰਗ-ਸਬੰਧ ਦੀ ਸਖ਼ਤ ਮਨਾਹੀ ਹੈ"।[43] ਇਸੇ ਬਾਈਬਲ ਦੇ ਇਸ ਹੁਕਮ ਦੇ ਵਿਪ੍ਰੀਤ ਅਸੀਂ ਬਾਈਬਲ ਵਿੱਚ ਪੜ੍ਹਦੇ ਹਾਂ ਕਿ ਲੌਟ (Lot) ਨੇ ਆਪਣੀਆਂ ਦੋ ਧੀਆਂ ਨਾਲ ਕੁਕਰਮ ਕੀਤਾ ਅਤੇ ਇਸ ਭੋਗ ਵਿਲਾਸ ਦੇ ਨਤੀਜੇ ਵਜੋਂ ਦੋ ਲੜਕੇ ਪੈਦਾ ਹੋਏ। ਇੱਕ ਦਾ ਨਾਂ ਅਮੋਨ (Amon) ਅਤੇ ਦੂਸਰੇ ਦਾ ਨਾਂ ਮੋਆਬ (Moab) ਸੀ। ਦੋਹਾਂ ਦੇ ਕਬੀਲੇ ਅਮੋਨਾਈਟਸ ਅਤੇ ਮੋਆਬਾਈਟਸ ਚਾਲੂ ਹੋਏ ਜਿਨ੍ਹਾਂ ਦਾ ਜ਼ਿਕਰ ਬਾਈਬਲ ਵਿੱਚ ਕਈ ਥਾਈਂ ਆਉਂਦਾ ਹੈ। ਜੈਨਿਸਿਜ਼ 20:12 ਵਿੱਚ ਜ਼ਿਕਰ ਹੈ ਕਿ ਇਬਰਾਹੀਮ ਨੇ ਆਪਣੀ ਭੈਣ ਨਾਲ ਵਿਆਹ ਕੀਤਾ। ਜੈਨਿਸਿਜ਼ 38:27-29 ਅਨੁਸਾਰ ਤਾਮਰ ਆਪਣੇ ਸਹੁਰੇ ਨਾਲ ਸੌਂਦੀ ਰਹੀ ਅਤੇ ਦੋ ਲੜਕੇ ਪੈਦਾ ਕੀਤੇ। ਇੱਕ ਹੋਰ ਥਾਂ ਜ਼ਿਕਰ ਹੈ, " ਜੇ ਕਰ ਉਸਦੀ ਧੀ ਮੁਟਿਆਰ ਹੋ ਗਈ ਹੈ ਅਤੇ ਵਿਆਹੁਣ ਯੋਗ ਹੈ ਪਰ ਉਸ ਦਾ ਆਪਣਾ ਜੀ ਕਾਮ ਨੂੰ ਕਰਦਾ ਹੈ ਤਾਂ ਉਹ ਉਸ ਨਾਲ ਵਿਆਹ ਕਰਵਾ ਲਵੇ। ਇਸ ਵਿੱਚ ਕੋਈ ਪਾਪ ਨਹੀਂ।" (ਕੋਰਿੰਥੀਅਨਜ਼ 7:36)

ਪੁਰਾਤਨ ਬਾਈਬਲ (Old Testament) ਵਿੱਚ ਦਰਜ ਹੈ ਕਿ ਉਸ ਵੇਲੇ ਔਰਤ ਨੂੰ ਪਤੀ ਦੀ ਜਾਇਦਾਦ ਸਮਝਿਆ ਜਾਂਦਾ ਸੀ ਅਤੇ ਔਰਤ ਨੂੰ ਕਿਸੇ ਪਰਕਾਰ ਦੀ ਜਾਇਦਾਦ ਦਾ ਕੋਈ ਵੀ ਅਧਿਕਾਰ ਨਹੀਂ ਸੀ। ਪਤੀ ਜਦੋਂ ਚਾਹੇ ਉਸ ਨੂੰ ਤਲਾਕ ਦੇ ਸਕਦਾ ਸੀ ਤੇ ਤਲਾਕ ਦੇਣ ਦਾ ਹੱਕ ਵੀ ਕੇਵਲ ਪਤੀ ਨੂੰ ਹੀ ਸੀ । ਪਤਨੀ ਜੇ ਚਾਹੇ ਵੀ ਤਾਂ ਵੀ ਪਤੀ ਤੋਂ ਤਲਾਕ ਨਹੀਂ ਸੀ ਮੰਗ ਸਕਦੀ (ਡਿਊਟ੍ਰੋਨੋਮੀ 24.1)। ਹਰ ਸਥਿੱਤੀ ਵਿੱਚ ਪਤਨੀ ਨੇ

**[42]** ਅੱਜ ਕਲ੍ਹ ਦੇ ਈਸਾਈ ਇਸ ਨਿਯਮ ਨੂੰ ਮੰਨਣੋ ਹਟ ਗਏ ਹਨ ।

[43] "Thou Shalt not commit adultry"

ਪਤੀ ਦੀ ਆਗਿਆ ਦਾ ਪਾਲਣ ਕਰਨਾ ਹੁੰਦਾ ਸੀ। "*ਪਤਨੀਓ ਆਪਣੇ ਆਪਣੇ ਪਤੀਆਂ ਦੀ ਆਗਿਆ ਵਿੱਚ ਰਹੋ। ਪਤੀ ਪਤਨੀ ਦਾ ਮਾਲਕ ਹੈ ਜਿਵੇਂ ਕਿ ਹਜ਼ਰਤ ਈਸਾ ਚਰਚ ਦਾ ਮਾਲਕ ਹੈ"।* (ਐਫੀਸੀਅਨਜ਼ 5:22)। ਕਿਹਾ ਜਾਂਦਾ ਹੈ ਕਿ ਈਸਾਈ ਧਰਮ ਵਿੱਚ ਨਾਰੀਆਂ ਨੂੰ ਜਿਹੜਾ ਨੀਵਾਂ ਦਰਜਾ ਦਿੱਤਾ ਗਿਆ ਹੈ ਉਸ ਦਾ ਜ਼ੋਰਦਾਰ ਪ੍ਰਚਾਰ ਸੇਂਟ ਆਗਸਟਨ (ਚੌਥੀ ਸਦੀ ਈਸਵੀ) ਨੇ ਕੀਤਾ ਸੀ। ਇਸ ਸੰਤ ਦੀ ਦਲੀਲ ਇਹ ਸੀ ਕਿ ਮੂਲ ਪਾਪ ਲਿੰਗ-ਭੋਗ ਹੈ ਜੋ ਇਸਤ੍ਰੀ ਤੋਂ ਬਿਨਾਂ ਸੰਭਵ ਨਹੀਂ ਇਸ ਲਈ ਇਸਤ੍ਰੀ ਪਾਪ ਕਰਵਾਉਣ ਦੀ ਭਾਗੀ ਹੈ। 1549 AD ਵਿੱਚ ਇੰਗਲੈਂਡ ਦੀ ਧਰਮ ਪ੍ਰਵੇਸ਼ ਸੇਵਾ ਵੇਲੇ ਤੱਤ ਕੱਢਿਆ ਗਿਆ ਕਿ ਸਭ "ਮਰਦਾਂ ਦਾ ਮਾਤ-ਗਰਭ ਪ੍ਰਵੇਸ਼ ਹੀ ਵੱਡਾ ਗੁਨਾਹ ਹੈ" ਅਤੇ ਇਸ ਪਾਪ ਦੇ ਪਸ਼ਚਾਤਾਪ ਲਈ ਪ੍ਰਾਰਥਨਾਵਾਂ ਕੀਤੀਆਂ ਜਾਣ।[44] ਇਸ ਦੇ ਉਲਟ ਸੰਤ ਵੈਲਿੰਟਾਈਨ ਨੂੰ ਰੋਮਾਂਸ (ਇਸ਼ਕ) ਦਾ ਸੰਤ ਮੰਨਿਆ ਜਾਂਦਾ ਹੈ।[45] ਉਸ ਦੀ ਯਾਦ ਵਿੱਚ ਹਰ ਸਾਲ 14 ਫਰਵਰੀ ਨੂੰ ਵੈਲਿੰਟਾਈਨ ਡੇ ਘੋਸ਼ਤ ਕੀਤਾ ਗਿਆ ਹੈ। ਅੱਜ ਕਲ੍ਹ ਇਹ ਤੱਥ ਜੱਗ ਜ਼ਾਹਰ ਹੈ ਕਿ ਇਸ ਦਿਨ ਮੁੰਡੇ ਕੁੜੀਆਂ ਵਿੱਚਕਾਰ ਕਾਮ ਭੜਕਾਉਣ ਲਈ ਕਾਰਡ ਲਏ ਦਿੱਤੇ ਜਾਂਦੇ ਹਨ ਅਤੇ ਅਸ਼ਲੀਲ ਸੰਗੀਤ ਬਜਾਇਆ ਜਾਂਦਾ ਹੈ।

ਤਲਾਕ ਦੇ ਸਵਾਲ ਤੇ ਇੰਗਲੈਂਡ ਦੇ ਚਰਚ ਵਿੱਚ ਮੱਤ ਭੇਦ ਹਨ। ਇਉਂ ਲਗਦਾ ਹੈ ਕਿ ਹਜ਼ਰਤ ਈਸਾ ਨੇ ਤਲਾਕ ਦੇ ਵਿੱਚਾਰ ਨੂੰ ਮਾਨਤਾ ਨਹੀਂ ਦਿੱਤੀ ਸੀ (ਮੈਥੀਊ 5.31 ਮਾਰਕ 10:2.12) ਪਰ ਉਸ ਨੇ ਦੂਜੇ ਵਿਆਹ ਨੂੰ ਜ਼ਰੂਰ ਨਿਕਾਰਿਆ ਸੀ (1 ਪੀਟਰ 3:1-7)। ਰੋਮਨ ਕੈਥੋਲਿਕ ਸੰਪਰਦਾ ਦੇ ਅਨੁਯਾਈ ਇਸ ਵਿਸ਼ਵਾਸ਼ ਦੇ ਹਨ ਕਿ "ਵਿਆਹ ਦਾ ਸੰਬੰਧ ਅਟੁਟ ਹੈ"( ਮਾਰਕ 10:9-10)। ਉਹ ਪਾਦਰੀਆਂ ਨੂੰ ਵਿਆਹ ਕਰਵਾਉਣ ਦੀ ਆਗਿਆ ਨਹੀਂ ਦਿੰਦੇ। ਜੇ ਕਿਸੇ ਕਾਰਨ ਤਲਾਕ ਹੋ ਜਾਵੇ ਤਾਂ ਤਲਾਕ ਸ਼ੁਦਾ ਮਰਦ ਜਾਂ ਔਰਤ ਦਾ ਵਿਆਹ ਪਹਿਲੇ ਸਾਥੀ ਦੇ ਜੀਵਨ-ਕਾਲ ਵਿੱਚ ਨਹੀਂ ਹੋ ਸਕਦਾ।

---

[44] 1980 ਵਿੱਚ ਇਸ ਗੱਲ ਨੂੰ ਪ੍ਰਵਾਣਗੀ ਦਿੱਤੀ ਗਈ ਕਿ ਵਿਆਹ ਸ਼ਾਦੀ ਕੇਵਲ ਇਸਤਰੀ ਤੋਂ ਸੁੱਖ ਅਤੇ ਸੇਵਾ ਪ੍ਰਾਪਤ ਕਰਨ ਖ਼ਾਤਰ ਹੀ ਹੈ।

[45] ਇਹ ਸਾਂਟਾ ਕਲਾਸ ਜਾਂ ਸਿੰਟਰ ਕਲਾਸ ਨਾਂ ਸੇਂਟ ਨਿਕੋਲਸ ਨਾਂ ਤੋਂ ਬਦਲ ਕੇ ਬਣਿਆ ਹੈ। ਇਸ ਨਾਂ ਦੇ ਈਸਾਈ ਧਰਮ ਵਿੱਚ ਤਿੰਨ ਸੰਤ ਹੋਏ ਹਨ। ਇੱਕ 280AD ਵਿੱਚ ਪੈਦਾ ਹੋਇਆ ਸੀ ਅਤੇ ਤੁਰਕੀ ਵਿੱਚ ਇਜ਼ਮੀਰ ਚਰਚ ਦਾ ਬਿਸ਼ਪ ਬਣਿਆ। ਉਸ ਦੇ ਮਰਨ ਉਪ੍ਰੰਤ ਕੁਝ ਵਿਉਪਾਰੀ ਇਸ ਦੀਆਂ ਹੱਡੀਆਂ ਇਟਲੀ ਲਿਆਏ ਜਿਨ੍ਹਾਂ ਨੂੰ ਬਾਰੀ ਦੇ ਸਥਾਨ ਤੇ ਦੱਬਿਆ ਗਿਆ ਤੇ 1087 AD ਨੂੰ ਇਸ ਉੱਪਰ ਇੱਕ ਮੰਦਰ ਬਣਾ ਦਿੱਤਾ ਗਿਆ।

ਦੂਸਰਾ ਸਾਨਟਾ ਕਲਾਸ ਇਸ਼ਕੀ ਸੀ ਜਿਸ ਨੇ ਕਾਨੂੰਨ ਦੀ ਉਲੰਘਣਾ ਕਰਕੇ ਸ਼ਾਹੀ ਖਾਨਦਾਨ ਦੀ ਇੱਕ ਲੜਕੀ ਨਾਲ ਇਸ਼ਕ ਰਚਾਇਆ ਅਤੇ 14 ਫਰਵਰੀ 269 AD ਨੂੰ ਬਾਦਸ਼ਾਹ ਕਲਾਡੀਅਸ ਦੇ ਹੁਕਮ ਨਾਲ ਫਾਂਸੀ ਲਾਇਆ ਗਿਆ। 350 AD ਵਿੱਚ ਇਸ ਦੇ ਨਾਂ ਤੇ ਮੰਦਰ ਬਣਾਇਆ ਗਿਆ ਅਤੇ 496AD ਵਿੱਚ ਪੋਪ ਗਲੇਸੀਅਸ ਨੇ 14 ਫਰਵਰੀ ਨੂੰ ਵੈਲਿੰਟਾਈਨ ਡੇ ਘੋਸ਼ਤ ਕਰਕੇ ਇਸ਼ਕ ਮੁਸ਼ਕ ਨੂੰ ਪ੍ਰਵਾਨਗੀ ਦੇ ਦਿੱਤੀ। ਇਸ ਦਿਨ ਈਸਾਈ ਵਿਆਹ ਕਰਨਾ ਪਵਿੱਤਰ ਸਮਝਦੇ ਹਨ ਤੇ ਮੁੰਡੇ ਕੁੜੀਆਂ ਖੁੱਲ੍ਹਮ ਖੁੱਲ੍ਹਾ ਆਪਣੇ ਇਸ਼ਕ ਦਾ ਇਜ਼ਹਾਰ ਕਰਦੇ ਹਨ।

ਤੀਸਰਾ ਸੇਂਟ ਵੈਲਿੰਟਾਈਨ ਇਨਟਰਮਨਾ (Intermna ਜਿਸ ਦਾ ਨਾਂ ਅੱਜ ਕਲ੍ਹ ਟਰਨੀ Terni ਹੈ ਤੇ ਰੋਮ ਤੋਂ 60 ਮੀਲ ਦੂਰ ਹੈ) ਵਿੱਚ ਹੋਇਆ ਹੈ। ਇਸ ਨੂੰ ਵੀ 14 ਫਰਵਰੀ 269 AD ਨੂੰ ਕਤਲ ਕੀਤਾ ਗਿਆ ਮੰਨਿਆ ਜਾਂਦਾ ਹੈ।



ਈਸਾਈ ਧਰਮ ਵਿੱਚ ਰੱਬ ਨੂੰ ਪਿਤਾ ਕਿਹਾ ਜਾਂਦਾ ਹੈ। ਪੋਪ ਜਾਨ ਪਾਲ (ਪਹਿਲਾ) ਨੇ 10 ਸਤੰਬਰ 1978 ਨੂੰ ਸੇਂਟ ਪੀਟਰ ਸੁੱਕੇਅਰ ਵਿੱਚ ਭਾਸ਼ਨ ਦਿੰਦਿਆਂ ਕਹਿ ਦਿੱਤਾ ਸੀ, "ਰੱਬ ਸਾਡਾ ਪਿਤਾ ਵੀ ਹੈ ਅਤੇ ਮਾਤਾ ਵੀ"। ਇਸ ਗੱਲ ਤੇ ਬਹੁਤ ਹੰਗਾਮਾ ਹੋਇਆ ਕਿ ਰੱਬ ਨੂੰ 'ਮਾਤਾ' ਕਿਉਂ ਕਿਹਾ ਗਿਆ। ਸਾਰੇ ਸੰਸਾਰ ਵਿੱਚ ਇਸ ਉੱਪਰ ਵਾਦ-ਵਿਵਾਦ ਛਿੜਿਆ ਅਤੇ ਪੋਪ ਦੀ ਬਹੁਤ ਆਲੋਚਨਾ ਹੋਈ ਕਿ ਰੱਬ ਨੂੰ 'ਇਸਤ੍ਰੀ ਲਿੰਗ' ਕਿਉਂ ਦਿੱਤਾ ਗਿਆ।

587 AD ਵਿੱਚ ਈਸਾਈ ਧਰਮ ਦੇ ਉੱਚ ਦਾਰਸ਼ਨਿਕਾਂ ਨੇ ਫ੍ਰਾਂਸ ਵਿੱਚ ਇੱਕ ਸੰਮੇਲਨ ਕੀਤਾ। ਵਿਸ਼ਾ ਸੀ "ਕੀ ਨਾਰੀਆਂ ਇਨਸਾਨ ਮੰਨੀਆਂ ਜਾਣ ਕਿ ਨਾ?" ਹੈਨਰੀ ਅੱਠਵੇਂ ਨੇ ਔਰਤਾਂ ਦੇ ਬਾਈਬਲ ਪੜ੍ਹਣ ਤੇ ਪਾਬੰਦੀ ਲਾ ਦਿੱਤੀ ਸੀ। 1984 ਤੱਕ ਵੀ ਇੰਗਲੈਂਡ ਦੀ ਕੇਮਬ੍ਰਿਜ ਯੂਨੀਵਰਸਿਟੀ ਆਪਣੇ ਕੋਰਸਾਂ ਵਿੱਚ ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਦਰਜਾ ਨਹੀਂ ਸੀ ਦਿੰਦੀ।

# ਕਾਂਡ 4

## ਹਿੰਦੂ, ਬੁੱਧ ਅਤੇ ਜੈਨ ਧਰਮਾਂ ਵਿੱਚ ਨਾਰੀਆਂ ਦਾ ਸਥਾਨ

### 4.1 ਵੇਦਕ ਕਾਲ

ਵੇਦਕ ਕਾਲ ਵਿੱਚ ਨਾਰੀਆਂ ਨੂੰ ਬਣਦਾ ਮਾਨ ਸਨਮਾਨ ਦਿੱਤਾ ਜਾਂਦਾ ਸੀ। ਪਰਿਵਾਰ ਵਿੱਚ ਪਤਨੀ ਦਾ ਸਥਾਨ ਸਤਿਕਾਰ ਤੇ ਸੋਭਾ ਵਾਲਾ ਸੀ। ਉਸ ਨੂੰ ਸਹਿਧਰਮਣੀ ਕਹਿ ਕੇ ਨਿਵਾਜਿਆ ਜਾਂਦਾ ਸੀ। ਸਾਰੇ ਸਮਾਜਿਕ ਅਤੇ ਧਾਰਮਿਕ ਕਾਰਜਾਂ ਵਿੱਚ ਨਾਰੀ ਦਾ ਭਾਗ ਲੈਣਾ ਬਹੁਤ ਜ਼ਰੂਰੀ ਹੁੰਦਾ ਸੀ (ਰਿਗ ਵੇਦ 8-31)।[46] ਜਿਸ ਕਿਸੇ ਗਤੀ-ਵਿਧੀ ਵਿੱਚ ਨਾਰੀ ਸ਼ਾਮਲ ਨਹੀਂ ਸੀ ਹੁੰਦੀ ਉਸ ਨੂੰ ਸੰਪੂਰਣ ਹੋਇਆ ਨਹੀਂ ਸੀ ਮੰਨਿਆ ਜਾਂਦਾ। ਸੁਹਣੇ ਵਸਤਰ ਪਹਿਨ ਕੇ ਅਤੇ ਗਹਿਣਿਆਂ ਨਾਲ ਸਜ ਧਜ ਕੇ ਨਾਰੀ ਬਗੈਰ ਚਿਹਰਾ ਢਕਣ ਤੋਂ ਹਰ ਪ੍ਰਕਾਰ ਦੇ ਸਮਾਗਮਾਂ ਵਿੱਚ ਸੁਤੰਤਰਤਾ ਨਾਲ ਭਾਗ ਲੈ ਸਕਦੀ ਸੀ। ਵਿਧਵਾ ਨੂੰ ਦੂਜੀ ਸ਼ਾਦੀ ਕਰਨ ਦੀ ਆਗਿਆ ਸੀ। ਨਾਰੀ ਨੂੰ 'ਮਾਤਾ ਮਹਾਨ' ਕਰਕੇ ਸਤਿਕਾਰਿਆ ਜਾਂਦਾ ਸੀ ਅਤੇ ਉਹ ਆਦਿ-ਸ਼ਕਤੀ ਦੀ ਪ੍ਰਤੀਕ ਮੰਨੀ ਜਾਂਦੀ ਸੀ। ਇਸਤ੍ਰੀਆਂ ਲੰਮੇ ਕੇਸ ਰਖਦੀਆਂ ਅਤੇ ਪੂਰੀ ਸੰਭਾਲ ਕਰਦੀਆਂ ਸਨ। ਕੰਘੀ ਕਰਨ, ਸੁਹਜ ਵਰਤਣ ਅਤੇ ਗੁੱਤ ਜਾਂ ਜੂੜਾ ਕਰਨ ਦਾ ਰਵਾਜ ਸਮਾਜ ਦੇ ਹਰ ਵਰਗ ਵਿੱਚ ਇੱਕੋ ਜਿਹਾ ਸੀ (ਚਤੁਰਸ਼ ਕਪ੍ਰਦਾ ਰਿਗ ਵੇਦ 10: 114.3)। ਨਾਰੀ ਘਰ ਦਾ ਦੀਪਕ ਸੀ ਅਤੇ ਉਸ ਨੂੰ ਘਰ ਦੀ ਪ੍ਰਸ਼ਾਸ਼ਕ ਮੰਨਿਆਂ ਜਾਂਦਾ ਸੀ।

ਆਮ ਕਰਕੇ ਬਹੁਤੇ ਵਿਆਹ ਸਵੰਬਰ (ਆਪਣਾ ਪਤੀ ਆਪ ਚੁਨਣਾ) ਦੀ ਰੀਤੀ ਨਾਲ ਹੁੰਦੇ ਸਨ ਅਤੇ ਸਵੰਬਰ ਦਾ ਹੱਕ ਹਰ ਲੜਕੀ ਨੂੰ ਬ੍ਰਾਬਰ ਪ੍ਰਾਪਤ ਸੀ। ਜਵਾਨ ਕੁੜੀਆਂ ਜੰਤਕ ਰੂਪ ਵਿੱਚ ਨਿਧੜਕ ਹੋ ਕੇ ਦੱਸ ਦਿੰਦੀਆਂ ਸਨ ਕਿ ਉਹ ਕਿਸ ਪ੍ਰਕਾਰ ਦਾ ਪਤੀ ਚਾਹੁੰਦੀਆਂ ਹਨ ਤੇ ਉਸ ਦੀ ਕੀ ਯੋਗਤਾ ਹੋਵੇ (ਰਿਗ ਵੇਦ 10:27.12)। ਵਿਆਹ ਉਪ੍ਰੰਤ ਵਹੁਟੀ ਮਾਪਿਆਂ ਦੇ ਘਰੋਂ ਸਹੁਰੇ ਘਰ ਪਾਲਕੀ ਵਿੱਚ ਜਾਂਦੀ ਸੀ । ਸਮਾਜ ਦੇ ਨਿਰਧਨ ਤਬਕਿਆਂ ਵਿੱਚ ਇਹ ਰਵਾਜ ਵੀ ਕਿਧਰੇ ਕਿਧਰੇ ਸੀ ਕਿ ਸ਼ਾਦੀ-ਸ਼ੁਦਾ ਪੁਰਖ ਨੂੰ ਵਿਆਹੁਤਾ ਨਾਰੀ ਆਪਣੇ ਮਾਪਿਆਂ ਦੇ ਘਰ ਲੈ ਜਾਂਦੀ ਸੀ ।[47] ਇਹ

[46] "ਯਤ੍ਰ ਪੂਜੀਅੰਤੇ ਨਾਰਿਅਸਤੂ ਰਵੰਤੇ ਤਤਰ ਦੇਵਤਾ" (ਜਿਥੇ ਨਾਰੀ ਦਾ ਸਤਿਕਾਰ ਹੋਵੇ ਉਥੇ ਦੇਵਤੇ ਵੀ ਆ ਜਾਂਦੇ ਹਨ)

[47] ਅਰੁਨਾਚਲ ਪ੍ਰਦੇਸ਼ ਵਿੱਚ ਖਸ ਨਾਂ ਦੀ ਇੱਕ ਸੰਪਰਦਾ ਅਜੇ ਵੀ ਹੈ ਜਿੱਥੇ ਜਾਇਦਾਦ ਵੀ ਇਸਤ੍ਰੀ ਦੇ ਹੀ ਨਾਮ ਹੁੰਦੀ ਹੈ । ਇਸਤ੍ਰੀ ਹੀ ਪੁਰਖ ਨੂੰ ਵਿਆਹ ਕੇ ਮਾਪਿਆਂ ਦੇ ਘਰ ਲਿਆਉਂਦੀ ਹੈ । ਔਰਤ ਹਰ ਕੰਮ ਵਿੱਚ ਲੀਡਰ ਮੰਨੀ ਜਾਂਦੀ ਹੈ ।



ਨਿਰਾਦਰ ਲਈ ਨਹੀਂ ਸੀ ਸਗੋਂ ਗ੍ਰਿਹਸਤ ਜੀਵਨ ਦੇ ਸੌਖ ਤੇ ਸਫਲਤਾ ਲਈ ਕੀਤਾ ਜਾਂਦਾ ਸੀ। ਕੁੱਝ ਸੰਪ੍ਰਦਾਵਾਂ ਵਿੱਚ ਭੈਣ ਭਰਾਵਾਂ ਵਿੱਚਕਾਰ ਸ਼ਾਦੀ ਹੋਣ ਦਾ ਰਵਾਜ ਵੀ ਸੀ ਜਿਸ ਨੂੰ ਸਮਾਜਿਕ ਪ੍ਰਵਾਣਗੀ ਮਿਲ ਜਾਂਦੀ ਸੀ ।[48] ਬਲਾਤਕਾਰ, ਵਿਆਹ ਤੋਂ ਬਾਹਰਲੇ ਲਿੰਗ-ਸਬੰਧ ਅਤੇ ਅਗਵਾ ਕਾਰੀ ਆਦਿਕ ਕੁਕਰਮ ਹੌਲੀ ਹੌਲ਼ੀ ਆਮ ਹੋ ਰਹੇ ਸਨ।

ਸਹੁਰੇ ਘਰ ਵਿੱਚ ਵਹੁਟੀ ਨੂੰ ਪੂਰਨ ਸਤਿਕਾਰ ਮਿਲਦਾ ਸੀ ਅਤੇ ਉਹ ਦਿਓਰਾਂ, ਜੇਠਾਂ, ਨਣਦਾਂ ਆਦਿਕ ਉਪਰ ਘਰੇਲੂ ਪ੍ਰਬੰਧਕੀ ਮੁਆਮਲਿਆਂ ਵਿੱਚ ਪੂਰਨ ਅਧਿਕਾਰ ਰਖਦੀ ਸੀ (ਰਿਗ ਵੇਦ 190-2)। ਵੇਦ ਵਿੱਚ ਇੱਕ ਪਤੀ ਦਾ ਜ਼ਿਕਰ ਮਿਲਦਾ ਹੈ ਜੋ ਆਪਣੀ ਪਤਨੀ ਨੂੰ ਕਹਿੰਦਾ ਹੈ , "ਸੱਸ ਸਹੁਰੇ ਅਤੇ ਦਿਉਰਾਂ ਜੇਠਾਂ ਨਾਲ ਘਰ ਦੀ ਰਾਣੀ ਵਾਂਗ ਵਿਵਹਾਰ ਕਰਨਾ"। ਵੇਦਕ ਰੀਤੀ ਅਨੁਸਾਰ ਕੀਤਾ ਹੋਇਆ ਵਿਆਹ ਅਟੁੱਟ ਮੰਨਿਆ ਜਾਂਦਾ ਸੀ। ਬਾਲ ਵਿਆਹ ਦੀ ਪਿਰਤ ਨਹੀਂ ਸੀ (ਰਿਗ ਵੇਦ 85:21-2)। ਇੱਕ ਪੁਰਖ ਇੱਕ ਨਾਰੀ ਵਾਲੀ ਪ੍ਰਥਾ ਦਾ ਹੀ ਰਵਾਜ ਸੀ ਪਰ ਕਿਤੇ ਕਿਤੇ ਇਸ ਨਿਯਮ ਦੀ ਉਲੰਘਣਾ ਕਰਕੇ ਖਾਂਦੇ ਪੀਂਦੇ ਮਰਦਾਂ ਵਿੱਚ ਦੂਜੇ ਵਿਆਹ ਦਾ ਰਵਾਜ ਵੀ ਚੱਲ ਪਿਆ ਸੀ।

ਧੀਆਂ ਦੀ ਵਿਦਿਆ ਉੱਤੇ ਕਿਸੇ ਪ੍ਰਕਾਰ ਦੀ ਕੋਈ ਬੰਦਸ਼ ਨਹੀਂ ਸੀ ਅਤੇ ਉਹ ਅਧਿਆਤਮਿਕ ਗਿਆਨ ਪ੍ਰਾਪਤੀ ਤੇ ਸਾਧਨਾ ਦੁਆਰਾ ਵਿਕਾਸ ਕਰਨ ਦਾ ਪੂਰਾ ਪੂਰਾ ਹੱਕ ਰਖਦੀਆਂ ਸਨ। ਲੜਕੀਆਂ ਦੀ ਵਿੱਦਿਆ ਲਈ ਵੇਦਕ ਪਾਠਸ਼ਾਲਾ ਨੂੰ "ਛਾਤਰੀ-ਸ਼ਾਲਾ" ਕਿਹਾ ਜਾਂਦਾ ਸੀ (ਰਿਗ ਵੇਦ 6:2-8)।[49] ਪੜ੍ਹੀਆਂ ਲਿਖੀਆਂ ਨਾਰੀਆਂ ਨੂੰ ਪੁਰਖਾਂ ਦੇ ਬਰਾਬਰ ਮਾਨਤਾ ਦਿੱਤੀ ਜਾਂਦੀ ਸੀ। ਪੂਜਾ ਪਾਠ ਵਿੱਚ ਬਰਾਬਰੀ ਤੋਂ ਇਲਾਵਾ ਉਹ ਫੌਜੀ ਦੇ ਰੂਪ ਵਿੱਚ ਭਾਗ ਲੈਣ ਦਾ ਵੀ ਪੂਰਾ ਹੱਕ ਰਖਦੀਆਂ ਸਨ। ਇਸ ਗੱਲ

[48] ਰਿਗ ਵੇਦ ਵਿੱਚ ਉਸ਼ੋਧਾ ਤੇ ਪੂਸ਼ਾਂਨ, ਪਰੂਕਾ ਅਤੇ ਨਰਮਦਾ, ਨਹੂਸਾ ਅਤੇ ਵਿਰਾਜਾ ਅਤੇ ਸੁੱਖਾ ਤੇ ਪਾਵਰੀ ਦੇ ਵਿਆਹਾਂ ਦਾ ਜ਼ਿਕਰ ਮਿਲਦਾ ਹੈ ਜੋ ਭੈਣ ਭਰਾ ਸਨ । ਬ੍ਰਹਮਾ ਰਿਸ਼ੀ ਨੇ ਵੀ ਆਪਣੀ ਪੁਤ੍ਰੀ ਸਤਰੂਪਾ ਨਾਲ ਵਿਆਹ ਕਰਵਾਇਆ ਮੰਨਿਆ ਜਾਂਦਾ ਹੈ । ਰਿਗ ਵੇਦ ਦੇ ਮੰਡਲ 10 ਸੂਕਤ 86 ਵਿੱਚ ਸ਼ਲੋਕ ਨੰਬਰ 10,11,13,14,23 ਵਿੱਚ ਦੋ ਭੈਣ ਭਰਾ ਯਮ ਅਤੇ ਯਮੀ ਯੋਨ ਕ੍ਰਿਆ ਅਤੇ ਕਾਮ ਕ੍ਰੀੜਾ ਬਾਰੇ ਖੁਲ੍ਹੀ ਵਿੱਚਾਰ ਕਰਦੇ ਹਨ ਜੋ ਅਜ ਦੇ ਜ਼ਮਾਨੇ ਵਿੱਚ ਬੇਹੱਦ ਅਸ਼ਲੀਲ ਮੰਨੀ ਜਾਵੇਗੀ। ਹੋ ਸਕਦਾ ਹੈ ਉਸ ਜ਼ਮਾਨੇ ਵਿੱਚ ਔਰਤਾਂ ਦੀ ਗਿਣਤੀ ਘਟ ਹੋਣ ਕਰਕੇ ਭੈਣ ਭਰਾਵਾਂ ਵਿੱਚਕਾਰ ਵਿਆਹ ਪ੍ਰਵਾਣ ਕਰ ਲਏ ਜਾਂਦੇ ਹੋਣ। ਅਜਿਹਾ ਮਿਸਰ ਦੇਸ਼ ਵਿੱਚ ਓਸਰਿਸ (Osiris) ਨੇ ਆਪਣੀ ਭੈਣ ਇਸਸ (Isis) ਨਾਲ ਵਿਆਹ ਕਰਵਾਕੇ ਕੀਤਾ ਵੀ ਮੰਨਿਆ ਜਾਂਦਾ ਹੈ ।

ਆਮ ਕਰਕੇ ਕਿਸੇ ਕਬੀਲੇ ਦਾ ਵਿਆਹ ਉਸੇ ਕਬੀਲੇ ਵਿੱਚ ਹੁੰਦਾ ਸੀ । ਉਗਰਸੈਨ, ਕੰਸ, ਸੱਤਰਾਜਿੱਤ, ਵਾਸਦੇਵ, ਸ਼ਿਸ਼ਪਾਲ, ਸਾਰੇ ਦੇ ਸਾਰੇ ਯਾਦਵ ਸਨ ਅਤੇ ਯਾਦਵਾਂ ਦੇ ਹੀ ਵਿਆਹੇ ਹੋਏ ਸਨ । ਸਕੇ ਮਾਮੇ ਜਾਂ ਚਾਚੇ ਦੀ ਧੀ ਨਾਲ ਵੀ ਵਿਆਹ ਹੋ ਜਾਂਦਾ ਸੀ । ਕ੍ਰਿਸ਼ਨ ਜੀ ਆਪਣੇ ਚਾਚੇ ਸਤਰਾਜਿੱਤ ਦੇ ਘਰ ਵਿਆਹੇ ਹੋਏ ਸਨ । ਕ੍ਰਿਸ਼ਨ ਜੀ ਦਾ ਲੜਕਾ ਪਰਦੱਮਣ ਆਪਣੇ ਸਕੇ ਮਾਮੇ ਰੁਕਮਈਆ ਦੀ ਧੀ ਨਾਲ ਵਿਆਹਿਆ ਹੋਇਆ ਸੀ ।

[49] ਇਹ ਸਕੂਲ ਆਮ ਕਰਕੇ ਖਾਂਦੇ ਪੀਂਦੇ ਪਰਿਵਾਰਾਂ ਦੀਆਂ ਲੜਕੀਆਂ ਨੂੰ ਵੇਦਕ ਸਿੱਖਿਆ ਦਿੰਦੇ ਸਨ

ਦੇ ਪ੍ਰਮਾਣ ਵੀ ਮਿਲਦੇ ਹਨ ਕਿ ਕੁੱਝ ਵੇਦ ਮੰਤ੍ਰ ਇਸਤ੍ਰੀਆਂ ਦੀ ਕਿਰਤ ਹਨ। ਐਸੀਆਂ ਬੁੱਧੀ ਜੀਵੀ ਇਸਤ੍ਰੀਆਂ ਦੇ ਨਾਂ ਰਿਗ ਵੇਦ ਵਿੱਚ ਮਿਲ ਜਾਂਦੇ ਹਨ ਜਿਵੇਂ ਕਿ ਅਪਲਾ, ਵਿਸ਼ਵਰਾ, ਲੋਮਾਪ੍ਰਦਾ ਅਤੇ ਨਿਵਾਵਰੀ ਆਦਿਕ। ਵੇਦ ਇਨ੍ਹਾਂ ਨੂੰ ਰਿਸ਼ੀ ਪੱਦ ਨਾਲ ਯਾਦ ਕਰਦਾ ਹੈ ਕਿਉਂਕਿ ਇਨ੍ਹਾਂ ਦੇ ਬਚਨ ਉਤਕ੍ਰਿਸ਼ਟ ਰਚਨਾਵਾਂ ਹਨ। [50]

ਮਹਾਂਰਿਸ਼ੀ ਵਿਸ਼ਵਾਮਿੱਤ੍ਰ ਨੇ ਨਾਰੀ ਨੂੰ ‘ਜਯੋਤਿਸਨਾ’ (ਪ੍ਰਕਾਸ਼ ਪ੍ਰਦਾਤਾ) ਦੀ ਸਤਿਕਾਰ ਵਾਲ਼ੀ ਸੰਗਿਆ ਦਿੱਤੀ ਸੀ।

## 4.2 ਉੱਤਰ-ਵੇਦਕ ਕਾਲ

ਵੇਦਕ ਕਾਲ ਤੋਂ ਪਿੱਛੋਂ ਆਉਣ ਵਾਲੇ ਸਮੇਂ ਵਿੱਚ ਵੇਦਕ ਕਾਲ ਦੀ ਮਹਾਨਤਾ ਅਤੇ ਇਖ਼ਲਾਕੀ ਉੱਚਤਾ ਵਾਲੀ ਸਥਿੱਤੀ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ। ਸ੍ਰੀ ਵ੍ਹੀਲਰ (Wheeler) ਆਪਣੀ ਪੁਸਤਕ ਸ਼ਾਰਟ ਹਿਸਟਰੀ (ਪੰਨਾ 51) ਵਿੱਚ ਲਿਖਦੇ ਹਨ, “ਪ੍ਰਾਚੀਨ ਹਿੰਦੂ ਰਾਜਿਆਂ ਦੇ ਸਮੇਂ ਦੇ ਭਾਰਤ ਦੀ ਵਾਸਤਵਿਕ ਸਥਿੱਤੀ ਦਾ ਅਨੁਮਾਨ ਲਾਉਣਾ ਮੁਸ਼ਕਿਲ ਹੈ ਪ੍ਰੰਤੂ ਇੱਕ ਗਲ ਸਪਸ਼ਟ ਹੈ ਕਿ ਸਾਰੇ ਉਪ-ਮਹਾਂਦੀਪ ਦੀ ਹਾਲਤ ਵਿੱਚ ਉੱਥਲ ਪੁੱਥਲ ਅਤੇ ਅਨਿਸ਼ਚਿਤਤਾ ਸੀ”। ਮਹਾਤਮਾ ਬੁੱਧ (623 ਪੂ.ਈ) ਦੇ ਸਮੇਂ ਤੋਂ ਹੀ ਬੁੱਧ ਧਰਮ ਬੜੀ ਤੇਜ਼ੀ ਨਾਲ ਅਤੇ ਪੂਰਨ ਸ਼ਕਤੀ ਨਾਲ ਬ੍ਰਾਹਮਣਵਾਦ ਅਤੇ ਇਸ ਦੇ ਉਪਦੇਸ਼ਾਂ ਦਾ ਵਿਰੋਧ ਕਰਦਾ ਆ ਰਿਹਾ ਸੀ। 185 ਪੂ:ਈ ਵਿੱਚ ਮਹਾਰਾਜਾ ਅਸ਼ੋਕ ਦੇ ਪੋਤਰੇ ਬ੍ਰਿਹਦਾਰਥ ਨੂੰ ਉਸ ਦੇ ਬ੍ਰਾਹਮਣ ਕਮਾਂਡਰ ਪੁਸ਼ਯਮਿੱਤਰ ਨੇ ਕਤਲ ਕਰ ਦਿੱਤਾ ਜਿਸ ਕਾਰਨ ਬਹੁਤ ਸਾਰੀਆਂ ਅੰਤ੍ਰ-ਧਰਮ ਸਮਸੱਿਆਵਾਂ ਖੜ੍ਹੀਆਂ ਹੋ ਗਈਆਂ ਅਤੇ ਝਗੜੇ ਵਧੇ।[51] ਕਈ ਯੁੱਧ ਕੇਵਲ ਰਾਜਸੀ ਜਾਂ ਧਾਰਮਿਕ ਸਰਦਾਰੀ ਸਿੱਧ ਕਰਨ ਲਈ ਹੀ ਲੜੇ ਗਏ। ਹਰ ਪਾਸੇ ਲਹੂ ਡੁੱਲ੍ਹਿਆ ਅਤੇ ਤਬਾਹੀ ਹੋਈ। ਇਸ ਅਧੋਗਤੀ ਦੇ ਸਮੇਂ ਵਿੱਚ ਨਾਰੀਆਂ ਨਾਲ ਸਭ ਤੋਂ ਵੱਧ ਦੁਖਾਂਤ ਵਾਪਰਿਆ। ਇਨ੍ਹਾਂ ਦੀ ਕਿਸੇ ਨੇ ਕੋਈ ਸਾਰ ਨਾ ਲਈ ਜਿਸ ਦੇ ਹੱਥ ਲੱਗੀ ਖੋਹ ਖਿੰਝ ਕੇ ਲੈ ਗਿਆ। ਇਨ੍ਹਾਂ ਦੇ ਹੱਕ ਵਿੱਚ ਨਾਅਰਾ ਮਾਰਨ ਵਾਲਾ ਵੀ ਕੋਈ ਨਹੀਂ ਸੀ। ਵਿਧਵਾ ਔਰਤਾਂ ਨੂੰ ਪਤੀ ਨਾਲ ਵੀ ਸੜਨ ਮਰਨ ਤੇ ਮਜ਼ਬੂਰ ਹੋਣਾ

[50] ਇੱਕ ਲੜਕੀ ‘ਗਾਰਗੀ’ ਨੇ ਯਾਜਨਾਵਾਲਿਕਾ ਰਿਸ਼ੀ ਅਤੇ ਉਸ ਨਾਲ ਆਏ ਇੱਕ ਹਜ਼ਾਰ ਬ੍ਰਹਮਣਾ ਨੂੰ ਗਿਆਨ ਗੋਸ਼ਟੀ ਵਿੱਚ ਹਰਾ ਦਿੱਤਾ ਸੀ । ਵਾਚਕਾਨਾਵੀ ਨੇ ਰਾਜੇ ਜਨਕ ਦੇ ਦਰਬਾਰ ਵਿੱਚ ਬ੍ਰਾਹਮਣਾਂ ਨਾਲ ਬਹਿਸ ਕਰਕੇ ਉਨ੍ਹਾਂ ਨੂੰ ਹਰਾਇਆ ।। ਮੈਤ੍ਰੀ ਨਾਂ ਦੀ ਲੜਕੀ ਹਿੰਦੂ ਧਰਮ ਦੀ ਸਭ ਤੋਂ ਵੱਡੀ ਵਿਦਵਾਨ ਮੰਨੀ ਜਾਂਦੀ ਸੀ । ਰਿਗ ਵੈਦ ਵਿੱਚ ਹੋਰ ਇਸਤ੍ਰੀਆਂ ਦੇ ਨਾਮ ਵੀ ਮਿਲ ਜਾਂਦੇ ਹਨ ਜਿਵੇਂ, ‘ਦਰਘਾਤਮਾਸ ਅਤੇ ਨੌਧਾ ਆਦਿਕ ਜੋ ਧਰਮ ਸ਼ਾਸ਼ਤਰ ਵਿੱਚ ਵਿਦਵਾਨ ਇਸਤ੍ਰੀਆਂ ਮੰਨੀਆਂ ਜਾਂਦੀਆਂ ਸਨ।

[51] ਪੁਸ਼ਯਮਿਤ੍ਰ ਨੇ 100,000 ਬੋਧੀ ਸਾਧ ਸਾਧਵੀਆਂ ਨੂੰ ਮਰਵਾਇਆ ਅਤੇ 84000 ਬੋਧੀ ਮੰਦਰ ਢਾਹੇ ਗਏ । ਪਿੱਛੋਂ ਰਾਜਾ ਮਲਿੰਦ ਨੇ ਇਸੇ ਤਰ੍ਹਾਂ ਹਿੰਦੂਆਂ ਦਾ ਕਤਲ ਕਰਵਾਇਆ ।



ਪਿਆ[52] ਅਤੇ ਇਸ ਤਰ੍ਹਾਂ ਸਤੀ ਦੀ ਪ੍ਰਥਾ ਨੂੰ ਧਾਰਮਿਕ ਫਰਜ਼ ਵਾਲੀ ਮਾਣਤਾ ਮਿਲਣੀ ਆਰੰਭ ਹੋ ਗਈ। ਛੋਟੀ ਉਮਰ ਦੇ ਵਿਆਹ ਆਮ ਹੋ ਗਏ ।[53] ਜੰਮਦੀਆਂ ਲੜਕੀਆਂ ਨੂੰ ਮਾਰਨਾ ਇਕ ਆਮ ਜਿਹੀ ਰਸਮ ਬਣ ਗਈ।[54]

ਔਰਤਾਂ ਮਰਦਾਂ ਲਈ ਖੇਡਣੇ ਸਮਾਨ ਹੋ ਗਈਆਂ ਅਤੇ ਪਤਨੀ ਚੁਨਣ ਵੇਲੇ ਚੰਗੀਆਂ ਔਰਤਾਂ ਦੀ ਭਾਲ ਕਰਨਾ ਇੱਕ ਨਿਯਮ ਜਿਹਾ ਬਣ ਗਿਆ। ਤੈਤ੍ਰਿਯ ਸੰਮਹਿਤਾ ਨੇ ਚੰਗੀਆਂ ਇਸਤ੍ਰੀਆਂ ਨੂੰ ਵੀ ਨੀਵੇਂ ਦਰਜੇ ਵਿੱਚ ਰੱਖ ਕੇ ਇਸਤ੍ਰੀਆਂ ਨੂੰ ਹੋਰ ਨਿਰਾਦਰਪੂਰਨ ਸਥਿੱਤੀ ਵਿੱਚ ਲੈ ਆਂਦਾ। ਇਸ ਵਿੱਚ ਲਿਖਿਆ ਹੈ , “ ਇੱਕ ਨੇਕ ਨਾਰੀ ਕਿਸੇ ਬਦ ਚਲਣ ਮਰਦ ਨਾਲੋਂ ਵੀ ਮਾੜੀ ਹੈ”। ਮੈਤ੍ਰੀਯਾਨ ਸੰਮਹਿਤਾ ਨੇ ਨਾਰੀ ਨੂੰ “ਝੂਠ ਦਾ ਪੁਲੰਦਾ” ਕਹਿ ਕੇ ਭੰਡਿਆ। ਦਾਜ ਦੇਣ ਲੈਣ ਦੀ ਕੁਰੀਤੀ ਆਮ ਹੋ ਗਈ। ਪੁਰਖ ਨੂੰ ‘ਬਹੁ-ਨਾਰੀ ਵਿਆਹ’ ਦੀ ਖੁਲ੍ਹੀ ਆਗਿਆ ਮਿਲ ਗਈ ਤੇ ਇਸ ਨੂੰ ਕਾਨੂੰਨੀ ਤੌਰ ਤੇ ਪ੍ਰਵਾਣ ਕਰ ਲਿਆ ਗਿਆ। ਔਰਤਾਂ ਨੂੰ ਆਮ ਚੀਜਾਂ ਵਾਂਗ ਖ੍ਰੀਦਿਆ ਵੇਚਿਆ ਜਾਣ ਲੱਗ ਪਿਆ ਤੇ ਇਨ੍ਹਾਂ ਨੂੰ ਪੈਸੇ ਦੇ ਕੇ ਕਿਰਾਏ ਤੇ ਲੈ ਲੈਣ ਦਾ ਰਵਾਜ ਵੀ ਚੱਲ ਪਿਆ ।[55] ਬਹੁਤ ਸਾਰੀਆਂ ਵਿਧਵਾਵਾਂ ਗ਼ੁਲਾਮੀ, ਬਦਨਾਮੀ ਅਤੇ ਜਾਨਵਰਾਂ ਵਰਗੀ ਜਿੰਦਗੀ ਜੀਣ [56] ਤੋਂ ਬੱਚਣ ਲਈ ਆਪਣੇ ਸੁਰਗਵਾਸੀ ਪਤੀ ਦੇ ਭਰਾ ਨਾਲ ਵਿਆਹ ਕਰਵਾ ਲੈਂਦੀਆਂ ਸਨ ਜਾਂ

[52] ਸਤੀ ਦੀ ਰਸਮ ਦਾ ਜ਼ਿਕਰ ਪਹਿਲੀ ਵਾਰ ਇਸੇ ਸਮੇਂ ਹੋਇਆ ਮਿਲਦਾ ਹੈ । ਬਚਿੱਤ੍ਰ ਨਾਟਕ ਅਨੁਸਾਰ ਰਾਮ ਚੰਦਰ ਅਤੇ ਉਸਦੇ ਭਰਾਵਾਂ ਦੀਆਂ ਇਸਤਰੀਆਂ ਨੇ ਸਤੀ ਦੀ ਰਸਮ ਦਾ ਆਰੰਭ ਕੀਤਾ “ਤਿਹਅਨ ਕੀ ਇਸਤਰੀ ਤਿਹ ਆਈ ॥ ਸੰਗ ਸਤੀ ਹਵੈ ਸੁਰਗ ਸਿਧਾਈ”(ਬਚਿੱਤ੍ਰ ਨਾਟਕ 856)

[53] “ਇੱਕ 30 ਸਾਲ ਦੇ ਮਰਦ ਨੂੰ ਕਿਸੇ 12 ਸਾਲ ਦੀ ਸੁੰਦਰ ਲੜਕੀ ਨਾਲ ਸ਼ਾਦੀ ਕਰਨੀ ਚਾਹੀਦੀ ਹੈ । 24 ਸਾਲ ਦੇ ਮਰਦ ਨੂੰ ਕਿਸੇ 8 ਸਾਲ ਦੀ ਲੜਕੀ ਨਾਲ ਵਿਆਹ ਰਚਾਉਣਾ ਚਾਹੀਦਾ ਹੈ । ਜੇ ਕੰਮ ਕਾਰਨ ਛੇਤੀ ਲੋੜ ਪੈ ਜਾਵੇ ਤਾਂ ਇਸ ਤੋਂ ਛੋਟੀ ਉਮਰ ਦੀ ਨਾਲ ਸ਼ਾਦੀ ਕਰਵਾ ਲਵੇ” (ਮਨੂੰ ਸਿਮਰਤੀ 9-94)

*“A man, aged thirty years, shall marry a maiden of twelve who pleases him, or a man of twenty-four a girl of eight years of age; if (the performance of) his duties would otherwise be impeded, he must marry sooner.”*[Manu IX.94]

[54] *“Tasmat striyam jatam parasyanti ut pumamsam haranti”(Hence they reject a female child when born, and take up a male.* (Taittrya. Samhita. VI.5.10.3- by Muir I. 26)

[55] ਰਾਜੇ ਯਯਾਤੀ ਨੇ ਆਪਣੀ ਅਤੀ ਸੁੰਦਰ ਪੁੱਤ੍ਰੀ ਮਾਧਵੀ ਨੂੰ ਆਪਣੇ ਗੁਰੂ ਗ਼ਾਲਵ ਨੂੰ ਕਰਾਏ ਉੱਪਰ ਦੇ ਦਿੱਤਾ। ਗ਼ਾਲਵ ਨੇ ਅੱਗੇ ਇਸ ਲੜਕੀ ਨੂੰ ਵਾਰੀ ਵਾਰੀ ਤਿੰਨ ਹੋਰ ਰਾਜਿਆਂ ਨੂੰ ਕਿਰਾਏ ਉੱਪਰ ਦਿੱਤਾ। ਇਸ ਤੋਂ ਬਾਅਦ ਇਹ ਵਿਸ਼ਵਾਮਿੱਤ੍ਰ ਕੋਲ ਚਲੀ ਗਈ ਤਾ ਇੱਥੇ ਇਸ ਨੂੰ ਇੱਕ ਪੁੱਤ੍ਰ ਜਨਮਿਆ। ਹੁਣ ਸੁੰਦਰਤਾ ਖਤਮ ਹੋ ਗਈ ਸੀ ਇਸ ਲਈ ਮੁੜ ਪਿਤਾ ਦੇ ਘਰ ਵਾੜ ਦਿੱਤੀ ਗਈ”। (ਦੇਖੋ ਗੁਰਮਤ ਪ੍ਰਕਾਸ਼ ਸਤੰਬਰ 1999 ਪੰਨਾ 41 ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ)। ਹੈਰਾਨੀ ਹੈ ਕਿ ਔਰਤ ਦੀ ਪੂਜਾ ਕਦੋਂ ਸ਼ੁਰੂ ਹੋਈ। ਅੱਜ ਨੱਬੇ ਫੀ ਸਦੀ ਹਿੰਦੂ ‘ਸਹੂੰ ਦੇਵੀ ਦੀ’ ਹੀ ਕਹਿੰਦੇ ਹਨ।

[56] “ਉਸ ਦੇ ਵਾਲ ਕੱਟ ਦਿਤੇ ਜਾਣ, ਉਹ ਥੱਲੇ ਸੌਂਵੇਂ, ਸੁੱਕਾ ਟੁਕਰ ਖਾਵੇ ਅਤੇ ਦੂਸਰਿਆਂ ਦੇ ਲਾਹੇ ਹੋਏ ਕਪੜੇ ਪਹਿਨੇ” (ਨਾਰਦ ਧਰਮ ਸ਼ਾਸ਼ਤਰ ਪੰਨਾ 8)

“ਵਿਧਵਾ ਜੇ ਕਰ ਵਿਆਹ ਕਰਵਾਵੇ ਤਾਂ ਬੇਸ਼ਰਮ ਬੇਹਯਾ ਹੈ ਅਤੇ ਅਗਲੇ ਜਨਮ ਵਿੱਚ ਗਿਦੜੀ ਹੋ ਕੇ ਜਨਮ ਲੈਂਦੀ ਹੈ” (ਮਨੂੰ ਸਿਮਰਤੀ ਕਾਂਡ 10 ਸ਼ਲੋਕ ਨੰਬਰ 123 ਅਤੇ ਕਾਂਡ 5 ਸ਼ਲੋਕ ਨੰਬਰ 155, 157 ਅਤੇ 164 ਦੇਖੋ )

ਸਤੀ ਹੋਣਾ ਠੀਕ ਸਮਝਦੀਆਂ ਸਨ। ਔਰਤ ਦਾ ਕਿਸੇ ਜਾਇਦਾਦ ਆਦਿਕ ਉੱਪਰ ਕੋਈ ਹੱਕ ਨਹੀਂ ਸੀ ਮੰਨਿਆ ਜਾਂਦਾ।

ਹੌਲੀ ਹੌਲੀ ਸਮਾਜ ਜ਼ਾਤਾਂ ਪਾਤਾਂ ਅਤੇ ਸ਼੍ਰੇਣੀਆਂ ਵਿੱਚ ਵੰਡਿਆ ਗਿਆ [57] ਅਤੇ ਪਰ-ਵਸ ਹੋਏ ਸ਼ੂਦਰਾਂ ਦੀਆਂ ਔਰਤਾਂ ਨਾਲ ਉੱਚ ਵਰਗ ਦੇ ਬੰਦਿਆਂ ਵਲੋਂ ਧੱਕੇ ਨਾਲ ਬਣਾਏ ਲਿੰਗ ਸਬੰਧਾਂ ਅਤੇ ਵਿਆਹ-ਸ਼ਾਦੀਆਂ ਸਬੰਧੀ ਨਵੀਂਆਂ ਸਮੱਸਿਆਵਾਂ ਪੈਦਾ ਹੋ ਗਈਆਂ। ਭਗਵਤ ਗੀਤਾ ਵਿਚ ਵਰਨਣ ਹੈ ਕਿ, " ਹੇ ਅਰਜਨ ਅਧਰਮ ਅਤੇ ਪਾਪ ਫੈਲਣ ਕਾਰਨ ਚੰਗੇ ਪ੍ਰਵਾਰਾਂ ਦੀਆਂ ਇਸਤ੍ਰੀਆਂ ਵਿਗੜ ਗਈਆਂ ਹਨ। ਹੇ ਵਰਸਨੇਆ ਇਨ੍ਹਾਂ ਵਿਗੜੀਆਂ ਔਰਤਾਂ ਕਾਰਨ ਜ਼ਾਤਾਂ ਇਕ ਦੂਜੀ ਵਿਚ ਰਲ ਗੱਡ ਹੋ ਗਈਆਂ ਹਨ" (ਗੀਤਾ 1.41)। ਇਸ ਪ੍ਰਸਥਿੱਤੀ ਨਾਲ ਨਜਿੱਠਣ ਲਈ ਹਿੰਦੂ ਅਤੇ ਬੋਧੀ ਧਾਰਮਿਕ ਅਤੇ ਰਾਜਨੀਤਕ ਆਗੂਆਂ ਨੇ ਸਮਾਜ ਉੱਪਰ ਆਪਣਾ ਛੱਪਾ ਬਣਾਈ ਰੱਖਣ ਲਈ ਮਨ ਮਰਜ਼ੀ ਦੇ ਨਵੇਂ ਨਵੇਂ ਨਿਯਮ ਘੜਨੇ ਸ਼ੁਰੂ ਕਰ ਦਿੱਤੇ ।[58] ਅਜਿਹੇ ਵਿਧਾਨ-ਸਾਜ਼ ਆਪੋ ਵਿੱਚ ਉਲਝਦੇ, ਲੜਦੇ, ਬਹਿਸਦੇ ਅਤੇ ਟਕਰਾਉਂਦੇ ਰਹਿੰਦੇ ਸਨ। ਇਹੀ ਕਾਰਨ ਹੈ ਕਿ ਇਸ ਸਮੇਂ ਵਿੱਚ ਲਿਖੀਆਂ ਗਈਆਂ ਸਿਮਰਤੀਆਂ,ਉਪਨਿਸ਼ਦਾਂ ਆਦਿਕ ਪੁਸਤਕਾਂ ਵਿੱਚ ਸਵੈ-ਵਿਰੋਧੀ ਵਿੱਚਾਰ ਆਮ ਮਿਲ ਜਾਂਦੇ ਹਨ। ਇਸ ਕਾਲ ਦਾ ਪਰਮੁਖ ਕਾਨੂੰਨਦਾਨ ਮਨੂੰ ਰਿਸ਼ੀ ਸੀ ।[59] ਮਨੂੰ ਅਨੁਸਾਰ ਇਸਤ੍ਰੀ ਕੇਵਲ ਤੋਹਫੇ ਵਜੋਂ ਧਨ ਲੈ ਸਕਦੀ ਹੈ ਪਰ ਜਾਇਦਾਦ ਉੱਪਰ ਉਸ ਦਾ ਕੋਈ ਹੱਕ ਨਹੀ (ਮਨੂੰ ਸਿਮਰਤੀ 8:416)। ਰਿਸ਼ੀ ਮਨੂੰ ਦੇ ਵਿੱਚਾਰ ਅਨੁਸਾਰ

---

[57] "The four orders of society (viz., the Brahman, the Ksatriya, the Vaisya and the Sudra) were created by me classifying them according to their prenatal qualities and apportioning corresponding duties to them." Says Lord Krishna in Gita (Chapter 4 verse 13) "Arjuna the duties of Brahmans, Ksatriyas and Vaisyas, as well as of Sudras are divided according to the qualities born of their respective natures."(Gita 18.41). "Cultivation, protection of cows and trade are the Vaisya's duty, born of his own nature.Service of all castes is the Sudra's duty, born of his own nature." (Gita 18.44)

[58] ਬ੍ਰਾਹਮਣ ਤੋਂ ਬਿਨਾਂ ਹੋਰ ਸਭ ਜ਼ਾਤਾਂ ਨੂੰ ਪੜ੍ਹਣ ਲਿਖਣ ਦੀ ਮਨਾਹੀ ਸੀ। "The secret teaching should never be imparted to a man without austerity (Gita 18.67)

[59] ਇਸ ਸਮੇਂ ਦਾ ਪ੍ਰਸਿੱਧ ਹਿੰਦੂ ਵਿਦਵਾਨ ਲਿਖਾਰੀ ਮਨੂੰ ਹੋਇਆ ਹੈ ਜਿਸ ਨੇ ਆਪਣੀ ਮਨੂੰ ਸਿਮਰਤੀ ਵਿੱਚ 27000 ਸ਼ਲੋਕ ਲਿਖੇ। ਇੱਕ ਹੋਰ ਹਿੰਦੂ ਵਿਦਵਾਨ ਯਾਯਨਾਵਾਲਿਕਾ ਨੇ 1000 ਸ਼ਲੋਕ ਲਿਖੇ ਤੇ ਅਪਣੀ ਵੱਖਰੀ ਸਿਮਰਤੀ ਬਣਾਈ। ਮਨੂੰ ਲਿਖਦਾ ਹੈ ਕਿ ਬ੍ਰਾਹਮਣ ਸ਼ੂਦਰ ਲੜਕੀਆਂ ਨਾਲ ਸ਼ਾਦੀ ਕਰ ਸਕਦੇ ਹਨ (ਮਨੂੰ ਸਿਮਰਤੀ 3:13) ਪਰ ਯਾਯਨਾਵਾਲਿਕਆ ਇਸ ਦੇ ਸਖ਼ਤ ਵਿਰੁੱਧ ਸੀ । ਮਨੂੰ ਨਿਯੋਗ (ਕਿਸੇ ਔਰਤ ਦਾ ਬੱਚੇ ਪੈਦਾ ਕਰਨ ਲਈ ਓਪਰੇ ਬੰਦੇ ਨਾਲ ਸੰਭੋਗ) ਨੂੰ ਭੰਡਦਾ ਹੈ (ਮਨੂੰ ਸਿਮਰਤੀ 9:59-68) ਪਰ ਯਾਯਨਾਵਾਲਿਕਆ ਇਸ ਦੀ ਪੁਰਜ਼ੋਰ ਪ੍ਰੋੜ੍ਹਤਾ ਕਰਦਾ ਹੈ । ਮਨੂੰ ਔਰਤਾਂ ਨੂੰ ਜਾਇਦਾਦ ਦੀ ਮਾਲਕੀ ਦੇਣ ਦੇ ਵਿਰੁੱਧ ਲਿਖਦਾ ਹੈ ਅਤੇ ਯਾਯਨਾਵਾਲਿਕਆ ਔਰਤ ਦਾ ਜਾਇਦਾਦ ਉੱਪਰ ਪਹਿਲਾ ਹੱਕ ਮੰਨਦਾ ਹੈ। ਡਾਕਟਰ ਅੰਬੇਦਕਰ ਅਨੁਸਾਰ ਮਨੂੰ ਨੇ ਆਪਣੀ ਮਾਂ ਸ਼ਰਾਧਾ ਨਾਲ ਵਿਆਹ ਕਰਵਾਇਆ ਸੀ ਤੇ ਇਸ ਵਿੱਚ ਉਹ ਕੋਈ ਪਾਪ ਨਹੀਂ ਸੀ ਸਮਝਦਾ (ਪੜ੍ਹੋ ਹਿੰਦੂ ਧਰਮ ਦੀਆਂ ਬੁਝਾਰਤਾਂ) ਇੱਕ ਸਿਮਰਤੀ ਨਾਰਦ ਨੇ ਵੀ ਲਿਖੀ। ਉਹ ਮਨੂੰ ਅਤੇ



ਨਾਰੀਆਂ ਅਪਵਿੱਤ੍ਰ ਸਨ। ਉਹ ਵੇਦ ਪਾਠ, ਗ੍ਰਹਿ ਸੰਸਕਾਰ ਅਤੇ ਧਾਰਮਿਕ ਰੀਤਾਂ ਰਸਮਾਂ ਕਰਨ ਦਾ ਅਧਿਕਾਰ ਔਰਤ ਨੂੰ ਨਹੀਂ ਦਿੰਦਾ (ਮਨੂੰ 2:66 ਅਤੇ 9:18)। ਉਹ ਲਿਖਦਾ ਹੈ ਕਿ ਨਾਰੀਆਂ ਪੁਰਖਾਂ ਦੀਆਂ ਸੇਵਕਾਵਾਂ ਜਾਂ ਦਾਸੀਆਂ ਹਨ। ਇਹ ਮਰਦ ਦੀ ਬਰਾਬਰੀ ਨਹੀਂ ਕਰ ਸਕਦੀਆਂ। ਨਿਯਮ ਇਹ ਸੀ ਕਿ ਧੀਆਂ, ਭੈਣਾਂ, ਪਤਨੀਆਂ ਆਪਣੇ ਪਿਤਾ, ਭਰਾ ਜਾਂ ਪਤੀ ਆਦਿਕ ਦੀ ਨਿਗਰਾਨੀ ਅਤੇ ਦੇਖ ਰੇਖ ਵਿੱਚ ਰਹਿਣ। ਬਾਲ ਅਵਸਥਾ ਵਿੱਚ ਪੁੱਤਰੀ ਪਿਤਾ ਦੀ ਸੰਭਾਲ ਵਿੱਚ ਰਹੇ, ਜਵਾਨੀ ਵਿੱਚ ਪਤੀ ਦੀ ਆਗਿਆ ਵਿੱਚ ਰਹੇ ਅਤੇ ਪਤੀ ਦੀ ਮੌਤ ਉਪ੍ਰੰਤ ਆਪਣੇ ਪੁਤ੍ਰਾਂ ਦੇ ਅਧੀਨ ਰਹੇ। ਨਾਰੀ ਕਿਸੇ ਵੀ ਸੂਰਤ ਵਿੱਚ ਸੁਤੰਤਰ ਰੂਪ ਵਿੱਚ ਨਾ ਰਹੇ (ਮਨੂੰ ਨਿਯਮਾਵਲੀ ਅਧਿਆਯ 5 :148)

ਮਨੂੰ ਅਨੁਸਾਰ ਔਰਤਾਂ ਦਾ ਫਰਜ਼ ਸੀ ਆਪਣੇ ਪਤੀ ਨੂੰ ਪਰਮੇਸ਼ਰ ਜਾਣ ਕੇ ਸੇਵਾ ਕਰਨਾ। ਪੁੱਤ੍ਰ ਦਾ ਜਨਮ ਸ਼ੁਭ ਮੰਨਿਆ ਜਾਂਦਾ ਸੀ ਕਿਉਂਕਿ ਉਹ ਆਪਣੇ ਪਿਤਾ ਦੀ ਮੁਕਤੀ ਦਾ ਸਾਧਨ ਬਣਦਾ ਸੀ। ਇਸ ਦੇ ਵਿਪ੍ਰੀਤ ਧੀ ਦੇ ਜਨਮ ਤੇ ਮੰਦ ਭਾਵਨਾ ਪੈਦਾ ਹੁੰਦੀ ਸੀ ਇਸ ਲਈ ਘਿਰਣਾ ਵਜੋਂ ਉਸ ਨੂੰ 'ਪੱਥਰ' ਕਿਹਾ ਜਾਂਦਾ ਸੀ। ਨਿਯਮ ਇਹ ਬਣ ਗਿਆ ਸੀ ਕਿ ਔਰਤ ਘਰ ਦੀ ਚਾਰਦੀਵਾਰੀ ਵਿੱਚ ਰਹੇ, ਘਰ ਦਾ ਕੰਮ ਕਾਜ ਕਰੇ, ਬੱਚੇ ਪਾਲੇ ਅਤੇ ਘਰ ਦਾ ਹਿਸਾਬ ਸੰਭਾਲੇ। ਸ਼੍ਰੇਣੀ ਵੰਡ ਅਨੁਸਾਰ ਇਸਤਰੀ ਦਾ ਦਰਜਾ ਸ਼ੂਦਰ ਦੇ ਬਰਾਬਰ ਸੀ। ਕੁੱਝ ਵਿਦਵਾਨ ਤਾਂ ਇਹ ਵੀ ਲਿਖਦੇ ਹਨ ਕਿ ਅੱਜ 21 ਵੀਂ ਸਦੀ ਵਿੱਚ ਵੀ ਹਿੰਦੂ ਔਰਤ ਸ਼ੂਦਰ ਹੈ । ਇੱਥੋਂ ਤੱਕ ਕਿ ਉਸਨੂੰ ਗਾਇਤ੍ਰੀ ਮੰਤਰ ਤੱਕ ਪੜ੍ਹਣ ਜਾਂ ਸੁਨਣ ਦੀ ਆਗਿਆ ਨਹੀਂ। [60]

ਮਨੂੰ ਨੇ ਇਨਸਾਨ ਦੀ ਉਮਰ 100 ਸਾਲ ਕਲਪ ਕੇ ਇਸਨੂੰ ਚਾਰ ਭਾਗਾਂ ਵਿੱਚ ਵੰਡ ਦਿੱਤਾ ਸੀ। 75 ਸਾਲ ਦੀ ਉਮਰ ਉਪ੍ਰੰਤ ਹਰ ਹਿੰਦੂ ਨੂੰ ਸਨਿਆਸ ਆਸ਼੍ਰਮ ਵਿੱਚ ਪ੍ਰਵੇਸ਼

---

ਯਾਯਨਾਵਾਲਿਕਆ ਦੋਹਾਂ ਨਾਲ ਮੇਲ ਨਹੀਂ ਖਾਂਦੀ। ਉਹ ਨਿਯੋਗ (80:8) ਅਤੇ ਇੱਕ ਤੋਂ ਵੱਧ ਔਰਤਾਂ ਨਾਲ ਵਿਆਹਾਂ ਦੇ ਹੱਕ ਵਿੱਚ ਸੀ (4:97) ਪਰ ਵਿਧਵਾ ਔਰਤ ਨੂੰ ਜਾਇਦਾਦ ਦੇਣ ਦੇ ਵਿਰੁੱਧ ਸੀ। ਨਾਰਦ ਲਿਖਦਾ ਹੈ ਕਿ ਰਾਜਾ ਵਿਭਚਾਰੀ ਅਤੇ ਨਿਰਲੱਜ ਹੋਵੇ ਤਾਂ ਵੀ ਪੂਜਣਯੋਗ ਹੈ ਇਸੇ ਤਰ੍ਹਾਂ ਔਰਤ ਵੀ ਆਪਣੇ ਵਿਭਚਾਰੀ ਅਤੇ ਵਿਗੜੇ ਪਤੀ ਨੂੰ ਪ੍ਰਮਾਤਮਾ ਸਮਝ ਕੇ ਪੂਜਾ ਕਰੇ। (ਦੇਖੋ ਪ੍ਰਾਕਿਰਨਕਾ 2:2) । ਸਿਮਰਤੀਆਂ ਕਾਫੀ ਲੇਟ ਸਮੇਂ ਤੱਕ ਵੀ ਲਿਖੀਆਂ ਜਾਂਦੀਆਂ ਰਹੀਆਂ। ਇੱਕ ਸਿਮਰਤੀ ਅਲਾ-ਉ-ਦੀਨ ਖ਼ਿਲਜੀ ਦੇ ਸਮੇਂ ਸੰਨ 1324 ਵਿੱਚ ਵੀ ਲਿਖੀ ਗਈ। ਇਸ ਦਾ ਲਿਖਾਰੀ ਚੰਦ੍ਰੇਸ਼ਵਰ ਸੀ ਜਿਸ ਨੂੰ ਇਸ ਦੇ ਲ਼ਿਖਣ ਕਰਕੇ ਸੋਨੇ ਨਾਲ ਤੋਲਿਆ ਗਿਆ ਸੀ। ਸਿਮਰਤੀਆਂ ਇੱਕ ਦੂਜੀ ਨਾਲ ਮੇਲ ਨਹੀਂ ਖਾਂਦੀਆਂ। ਹੁਣ ਤੱਕ 31 ਸਿਮਰਤੀਆਂ ਮਿਲ ਚੁੱਕੀਆਂ ਹਨ। ਅਕਬਰ ਦੇ ਸਮੇਂ ਬ੍ਰਾਹਮਣਾਂ ਨੇ ਇੱਕ "ਅੱਲਾ ਉਪਨਿਸ਼ਧ" ਵੀ ਲਿਖ ਮਾਰਿਆ ਸੀ।

ਮਨੂੰ ਦੀ ਸਿਮਰਤੀ ਇਸ ਲਈ ਜ਼ਿਆਦਾ ਪ੍ਰਸਿੱਧ ਹੋ ਗਈ ਕਿਉਂਕਿ ਮਨੂੰ ਨੂੰ ਸਾਰਾ ਗਿਆਨ ਭਗਵਾਨ ਕ੍ਰਿਸ਼ਨ ਨੇ ਆਪ ਦਿੱਤਾ ਸੀ। ਭਗਵਾਨ ਜੀ ਗੀਤਾ ਵਿੱਚ ਲਿਖਦੇ ਹਨ, "ਮੈਂ ਇਹ ਯੋਗ ਗਿਆਨ ਵਿਵਾਸਵਾਨ (ਸੂਰਜ ਦੇਵਤਾ) ਨੂੰ ਦਿੱਤਾ ਜਿਸਨੇ ਅਗੇ ਇਹ ਗਿਆਨ ਆਪਣੇ ਪੁੱਤਰ ਮਨੂੰ ਨੂੰ ਦਿੱਤਾ। ਮਨੂੰ ਨੇ ਇਹੋ ਗਿਆਨ ਆਪਣੇ ਪੁੱਤਰ ਇਕਸਵਾਕੂ ਨੂੰ ਦਿੱਤਾ" (ਦੇਖੋ ਗੀਤਾ ਅਧਿਆਏ 4 ਸ਼ਲੋਕ 1)

[60] "The Hindu woman,religiously,is a *Sudra* and is not entitled to the *Gaytri Mantra* (D.P.Mukerjee *modern culture p.17)*

ਕਰਨ ਦਾ ਹੁਕਮ ਸੀ। ਇਸ ਉਮਰ ਵਿੱਚ ਉਹ ਸੰਸਾਰ ਤਿਆਗ ਕੇ ਜੰਗਲਾਂ ਵਿੱਚ ਜਾ ਕੇ ਰਹਿੰਦਾ ਸੀ ਅਤੇ ਆਪਣੇ ਧਾਰੇ ਹੋਏ ਗੁਰੂ ਦੇ ਹੁਕਮ ਅਨੁਸਾਰ ਬਾਕੀ ਦਾ ਜੀਵਨ ਬਿਤਾਉਂਦਾ ਸੀ। (ਮਨੂੰ ਸਿਮਰਤੀ 9-11)। ਇੱਕ ਅੰਦਾਜ਼ੇ ਅਨੁਸਾਰ ਭਾਰਤ ਦੇ ਲਗ ਪਗ ਅੱਧੇ ਲੋਕ ਉਸ ਵੇਲੇ ਜੰਗਲ ਵਾਸੀ ਹੋ ਗਏ ਸਨ।

ਸਮਾਜ ਵਿੱਚ ਬ੍ਰਹਾਮਣ ਕੋਲ ਬੇਸ਼ੁਮਾਰ ਸ਼ਕਤੀ ਅਤੇ ਅਧਿਕਾਰ ਸਨ। ਆਪ ਭ੍ਰਸ਼ਟ ਹੋਣ ਉਪਰੰਤ ਉਹ ਕਈ ਅਪ੍ਰਮਾਣਤ ਰਚਨਾਵਾਂ ਵੀ ਸਿਮ੍ਰਤੀਆਂ ਅਦਿਕ ਗ੍ਰੰਥਾਂ ਦਾ ਭਾਗ ਬਣਾ ਦੇਣ ਵਿੱਚ ਸੰਕੋਚ ਨਹੀਂ ਸੀ ਕਰਦਾ ।[61] ਆਪਣੀ ਚਰਿਤ੍ਰ-ਹੀਣਤਾ ਨੂੰ ਛੁਪਾਉਣ ਲਈ ਉਹ ਕਈ ਵਾਰ ਆਪਣੇ ਪ੍ਰਤਿਸ਼ਠਤ ਅਧਿਆਤਮਕ ਆਗੂਆਂ ਦੇ ਚਰਿਤ੍ਰ ਤੇ ਵਾਰ ਕਰਨੋਂ ਵੀ ਨਹੀਂ ਸੀ ਟਲਦਾ। ਭੋਲੇ ਭਾਲੇ ਅਣਪੜ੍ਹ ਲੋਕਾਂ ਨੂੰ ਪਿੱਛੇ ਲਾਉਣ ਲਈ ਕਈ ਪਰਕਾਰ ਦੀਆਂ ਮਨਘੜਤ ਕਹਾਣੀਆਂ ਵੀ ਘੜ ਲੈਂਦਾ ਸੀ । [62] ਜੇ ਇੱਕ ਤੋਂ ਵਧ ਵਿਆਹ ਕਰਵਾਉਂਦਾ ਸੀ ਤਾਂ ਇਸ ਨੂੰ ਠੀਕ ਦੱਸਣ ਲਈ ਇਨ੍ਹਾਂ ਕਹਿਣਾ ਹੀ ਕਾਫੀ ਸੀ ਕਿ ਸ਼ਾਨਤਨੂੰ ਰਿਸ਼ੀ ਦੀਆਂ ਸੌ ਪਤਨੀਆਂ ਸਨ ਜਾਂ ਸ੍ਰੀ ਕ੍ਰਿਸ਼ਨ ਦੀਆਂ 360 ਗੋਪੀਆਂ ਸਨ। [63] ਸੋ ਇਸ ਸਮੇਂ ਝੂਠੇ ਪ੍ਰਸੰਗਾਂ ਅਤੇ ਸੰਦਿਘਧ ਗ੍ਰੰਥਾਂ ਵਿੱਚ ਬਹੁਤ ਵਾਧਾ ਹੋਇਆ। ਪੁਰਾਣਾਂ ਵਿੱਚ ਅਨੇਕਾਂ ਹੀ ਨਾ ਮੰਨਣ ਯੋਗ ਕਥਾਵਾਂ ਲਿਖ ਦਿੱਤੀਆਂ ਗਈਆਂ ਸਨ।[64] ਰਾਵਣ ਨੂੰ ਚਾਰ ਵੇਦਾਂ ਦਾ ਗਿਆਤਾ ਅਤੇ ਮਹਾਂ ਪੰਡਤ

---

[61] "True was overwhelmed by false.The chaos of Brahmanical religion with all its conflicting theories reached a climax.The period was one of spiritual dryness. Truth had hardened into tradition and morality stiffened into routine. Life became a series of observances.The mind of man moved within the iron circle of prescribed ceremonialism"(*Indian Philosophy* By Dr. Radha Krishnan former president of India)

"In the course of time (ie by 700 BC) a voluminous body of prose literature came into existence. The Brahman became attached to the four Vedas"( *History of religions* by E.O.James page 71)

Some well-meaning Hindu intellectuals called the Brahmans of their time *"a procession of dogs" (*See Chandok Upnishad or read **ਗੁਰੂ ਨਾਨਕ ਵਿੱਚਾਰ ਅਧਿਅਨ** P.271-281)

[62] ਸ਼ਿਵਜੀ ਗੰਗਾ ਨੂੰ ਸੁਰਗ ਵਿੱਚੋਂ ਇਸ ਲਈ ਲਿਆਇਆ ਕਿ ਰਾਜੇ ਸਾਗਰ ਦੇ 60,000 ਪੱਤ੍ਰਾਂ ਦੀ ਰਾਖ ਪਵਿਤ੍ਰ ਹੋ ਜਾਵੇ ਜੋ ਇੱਕ ਰਿਸ਼ੀ ਦੇ ਸਰਾਪ ਨਾਲ ਮਰ ਗਏ ਸਨ । ਭਾਗੀਰਥ ਨੇ ਤਪ ਕੀਤਾ ਪਰ ਗੰਗਾ ਦੀ ਧਾਰਾ ਦਾ ਜ਼ੋਰ ਨਾਂ ਤੋੜ ਸਕਿਆ ਇਸ ਲਈ ਸ਼ਿਵਜੀ ਨੇ ਸਾਰੀ ਗੰਗਾ ਆਪਣੇ ਕੇਸ਼ਾਂ ਵਿੱਚ ਹੀ ਸਮਾ ਲਈ । ਅਗਸਤ ਰਿਸ਼ੀ ਸੰਸਾਰ ਦੇ ਸਾਰੇ ਸਮੁੰਦਰਾਂ ਦਾ ਪਾਣੀ ਪੀ ਗਿਆ । ਸ਼ਿਵਜੀ ਨੇ ਚੰਦ ਨੂੰ ਫੁੱਲ ਸਮਝ ਕੇ ਆਪਣੇ ਕੇਸ਼ਾਂ ਵਿੱਚ ਟੁੰਗ ਲਿਆ ।

[63] ਬਚਿਤ੍ਰ ਨਾਟਕ ਅਨੁਸਾਰ ਰਾਮਚੰਦਰ ਲਈ ਸੋਹਣੀਆਂ ਸੋਹਣੀਆਂ ਕੁੜੀਆਂ ਚੀਨ ਅਤੇ ਮਾਨਚੂਰੀਆ ਤੋਂ ਮੰਗਵਾਈਆਂ ਗਈਆਂ । " ਦਏ ਚੀਨ ਮਚੀਂਨੰਤ ਦੇਸੰ, ਮਹਾਂ ਸੁੰਦ੍ਰੀ ਚੇਰਕਾ ਚਾਰ ਕੇਸੰ" (681) ਬਾਲਮੀਕੀ ਰਮਾਇਣ ਅਨੁਸਾਰ ਰਾਮ ਚੰਦਰ ਨੇ ਆਪ ਹਨੂਮਾਨ ਨੂੰ ਤੋਹਫਾ ਦਿੱਤਾ ਜਿਸ ਵਿੱਚ 16 ਕੰਵਾਰੀਆਂ ਸੁੰਦਰ ਨੌਜਵਾਨ ਕੁੜੀਆਂ ਅਤੇ 100 ਗਊਆਂ ਸਨ। (ਬਾਲਮੀਕੀ ਰਮਾਇਣ ਸਰਗ 125 ਸ਼ਲੋਕ 44) । ਕੁਝ ਲੋਕਾਂ ਦਾ ਖ਼ਿਆਲ ਹੈ ਕਿ ਬਾਲਮੀਕ ਚੌਥੀ ਸਦੀ ਪੂ:ਈ ਵਿੱਚ ਹੋਇਆ ਪਰ ਕੁੱਝ ਹਿੰਦੂ ਵਿਦਵਾਨ ਉਸ ਦਾ ਜਨਮ 184 ਪੂ:ਈ ਦਾ ਲਿਖਦੇ ਹਨ ।

[64] ਸੁਆਮੀ ਦਿਆ ਨੰਦ ਨੂੰ ਕਿਸੇ ਨੇ ਪੁੱਛਿਆ ਕਿ ਤੁਸੀਂ ਪੁਰਾਣਾਂ ਨੂੰ ਸਹੀ ਕਿਉਂ ਨਹੀਂ ਮੰਨਦੇ? ਦਿਆਨੰਦ ਦਾ ਉੱਤਰ ਸੀ, "ਜ਼ਹਿਰ ਭਰੇ ਖਾਣੇ ਨੂੰ ਕੋਈ ਕਿਉਂ ਖਾਵੇ"।



ਦੱਸਿਆ ਗਿਆ । [65] ਪਰ ਨਾਲ ਹੀ ਇਹ ਇਲਜ਼ਾਮ ਵੀ ਲਾਇਆ ਗਿਆ ਕਿ ਉਹ ਸ੍ਰੀ ਰਾਮਚੰਦਰ ਦੀ ਪਤਨੀ ਸੀਤਾ ਨੂੰ ਚੁੱਕ ਕੇ ਲੈ ਗਿਆ ਸੀ ਇਸ ਲਈ ਉਹ ਦੁਸ਼ਟ ਸੀ । [66] ਪਾਂਡੋ ਭਰਾ ਬਹੁਤ ਬਹਾਦਰ ਅਤੇ ਸਿਆਣੇ ਸਨ ਪਰ ਉਨ੍ਹਾਂ ਨੇ ਆਪਣੀ ਪਾਂਚੋ ਨਾਰੀ (ਪੰਜਾਂ ਭਰਾਵਾਂ ਦੀ ਇੱਕੋ ਪਤਨੀ ਦਰੋਪਦੀ) ਜੂਏ ਵਿੱਚ ਹਾਰ ਦਿੱਤੀ ਜਿਸ ਨਾਲ ਭਰਾਵਾਂ ਵਿੱਚ ਯੁੱਧ ਹੋਇਆ। ਉਨ੍ਹਾਂ ਦੇ ਚਚੇਰੇ ਭਰਾ ਦਰੋਪਦੀ ਨੂੰ ਸਜੇ ਦੀਵਾਨ ਵਿੱਚ ਸਾਰੇ ਪਰਿਵਾਰ ਦੇ ਸਾਹਣੇ ਨਿਰਵਸਤਰ ਕਰਦੇ ਹਨ ਪਰ ਕੋਈ ਬੁੱਢਾ ਬਜ਼ੁਰਗ ਕੁਸਕਦਾ ਤੱਕ ਨਹੀਂ। ਇੱਕ ਮੌਕੇ ਵੇਦਾਂ ਵਿੱਚ ਇੰਦਰ ਦੇਵਤੇ ਨੂੰ ਇੱਕ ਮਹਾਨ ਦੇਵਤਾ ਮੰਨਿਆ ਗਿਆ ਅਤੇ ਉਸ ਦੀਆਂ ਸਿਫਤਾਂ ਦੇ ਪੁਲ ਬੰਨ੍ਹੇ ਗਏ ਪਰ ਹੁਣ ਉਹੀ ਦੇਵਤਾ ਬਿਭਚਾਰੀ ਹੋ ਗਿਆ। [67] ਬ੍ਰਹਮਾ ਦੇਵਤਾ ਸੰਸਾਰ ਦਾ ਕਰਤਾ ਮੰਨਿਆਂ ਜਾਂਦਾ ਹੈ ਜਿਸ ਨੇ ਚਾਰ ਵੇਦ ਲਿਖੇ ਪ੍ਰੰਤੂ ਉਸ ਨੂੰ ਵਿਭਚਾਰੀ ਅਤੇ ਕੁਕਰਮੀ ਲਿਖਿਆ ਗਿਆ ਹੈ। ਸ਼ਿਵਜੀ ਵੀ ਤਿੰਨ ਪਰਮੁਖ ਦੇਵਤਿਆਂ ਵਿੱਚੋਂ ਇੱਕ ਹੈ ਪਰ ਉਹ ਵੀ ਵਿਭਚਾਰੀ ਸੀ। [68] ਜੇ ਕੋਈ ਇਹ

---

[65] ਦੇਖੋ ਬਾਲਮੀਕੀ ਰਾਮਾਇਣ ਜਿੱਥੇ ਰਾਵਣ ਨੂੰ ਕਈ ਥਾਈਂ ਮਹਾਂ ਵਿਦਵਾਨ ਪੰਡਤ ਲਿਖਿਆ ਗਿਆ ਹੈ (ਬਾਲਮੀਕੀ ਰਾਮਾਇਣ 5.6.13, 5.10.15, 6.10.11) ਹੋਰ ਪੜ੍ਹੋ *Ramayna researched* By P.H.Gupta P.154)

[66] ਰਾਮਾਇਣ ਦੀ ਕਹਾਣੀ ਕਦੋਂ ਵਾਪਰੀ ਇਸ ਬਾਰੇ ਕੋਈ ਪੱਕਾ ਸਮਾਂ ਨਿਸ਼ਚਿਤ ਨਹੀਂ । ਕੁਝ ਹਿੰਦੂ ਵਿਦਵਾਨਾਂ ਅਤੇ ਗੁਰੂ ਸਾਹਿਬ ਦਾ ਅਨੁਮਾਨ ਹੈ ਕਿ ਇਹ ਘਟਨਾ ਤ੍ਰੇਤੇ ਵਿੱਚ ਵਾਪਰੀ ਤੇ ਲਿਖੀ ਗਈ ।(ਤ੍ਰੇਤੇ ਤੇ ਮਾਣਿਓ ਰਾਮੁ ਰਘੁਵੰਸੁ ਕਹਾਇਓ। ਪੰਨਾ 1390) । ਚੌਹਾਂ ਵੇਦਾਂ ਵਿੱਚ ਇਸ ਕਹਾਣੀ ਦਾ ਕੋਈ ਜ਼ਿਕਰ ਨਹੀਂ ਮਿਲਦਾ । 800 ਪੂ:ਈ ਵਿੱਚ ਸ਼ਤਪਥ ਬ੍ਰਾਹਮਣ ਨਾਂ ਦਾ ਗ੍ਰੰਥ ਰਚਿਆ ਗਿਆ ਪਰ ਉਸ ਵਿੱਚ ਵੀ ਇਸ ਦਾ ਕੋਈ ਜ਼ਿਕਰ ਨਹੀਂ ਮਿਲਦਾ । ਪਹਿਲੀ ਵਾਰ ਇਸ ਕਹਾਣੀ ਦਾ ਜ਼ਿਕਰ ਇੱਕ ਬੋਧੀ ਗ੍ਰੰਥ ਦਸਰਥ ਜਾਤਕਾ ਵਿੱਚ ਹੋਇਆ ਮਿਲਦਾ ਹੈ । ਇਹ ਪੁਸਤਕ ਪੰਜਵੀਂ ਸਦੀ ਪੂਰਬ ਈਸਵੀ ਵਿੱਚ ਲਿਖੀ ਗਈ । ਇਸ ਵਿੱਚ ਜ਼ਿਕਰ ਹੈ ਕਿ ਰਾਮਚੰਦਰ ਨਾਂ ਦਾ ਇੱਕ ਵਿਅਕਤੀ ਬਨਾਰਸ ਵਿੱਚ ਪੈਦਾ ਹੋਇਆ ਅਤੇ ਉਸ ਨੇ ਆਪਣੀ ਭੈਣ ਸੀਤਾ ਨਾਲ ਵਿਆਹ ਕਰਵਾਇਆ । ਬਾਕੀ ਦੀ ਕਹਾਣੀ ਲਗਭਗ ਉਹੀ ਹੈ ਜੋ ਅਜ ਕਲ੍ਹ ਸੁਣਦੇ ਹਾਂ । ਸੰਭਵ ਹੈ ਕਿ ਬਾਲਮੀਕ ਨੇ ਇਹ ਕਹਾਣੀ ਥੋੜੀ ਥੋੜੀ ਬਦਲ ਦਿੱਤੀ ਹੋਵੇ। ਪਿਛੋਂ ਤੁਲਸੀ ਜੀ ਵਲੋਂ ਲਿਖੀ ਰਾਮਾਇਣ ਅਤੇ ਬਾਲਮੀਕ ਦੀ ਰਾਮਾਇਣ ਦੇ ਵੇਰਵੇ ਵੀ ਇੱਕ ਦੂਜੀ ਨਾਲ ਮੇਲ ਨਹੀਂ ਖਾਂਦੇ ।

[67] ਮਹਾਂਭਾਰਤ 1200 ਪੂ:ਈ ਦੇ ਨੇੜੇ ਤੇੜੇ ਵਾਪਰੀ ਮੰਨੀ ਜਾਂਦੀ ਹੈ । ਮਹਾਂਭਾਰਤ ਅਨੁਸਾਰ ਇੰਦਰ ਨੇ ਗੋਤਮ ਦੀ ਪਤਨੀ ਅਹੱਲਿਆ ਨਾਲ ਵਿਭਚਾਰ ਕੀਤਾ। "ਗੋਤਮੁ ਤਪਾ ਅਹਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰ ਲੁਭਾਇਆ"। (ਪੰਨਾ 1344)। ਦਾਇਅਸ ਅਤੇ ਗਊ ਨੀਲਗਿਰੀ ਦਾ ਪੁੱਤਰ ਇੰਦਰ ਇੱਕ ਸੁਸਤ ਅਤੇ ਵਿਹਲੜ ਦੇਵਤਾ ਦਿਖਾਇਆ ਗਿਆ ਹੈ ਜੋ ਸੁੰਦਰ ਅਪੱਸਰਾਵਾਂ (ਰੰਭਾ, ਉਰਵਸ਼ੀ ਮੇਨਕਾ ਆਦਿਕ) ਦੇ ਨਾਚ ਦੇਖਣ ਵਿੱਚ ਮਸਤ ਰਹਿੰਦਾ ਸੀ ਅਤੇ ਦੇਵਤਿਆਂ ਕੋਲ ਜ਼ਨਾਨੀਆਂ ਨੂੰ ਭੇਜ ਕੇ ਉਨ੍ਹਾਂ ਦੀ ਤਪੱਸਿਆ ਭੰਗ ਕਰਨਾ ਇਸ ਦਾ ਸ਼ੁਗ਼ਲ ਸੀ । ਇਸ ਨੂੰ ਹਨੇਰੀ, ਮੀਂਹ, ਬਿਜਲੀ ਅਤੇ ਗਰਜ ਦਾ ਦੇਵਤਾ ਵੀ ਮੰਨਿਆ ਜਾਂਦਾ ਹੈ । ਪਿੱਛੋਂ ਦੀਆਂ ਲਿਖਤਾਂ ਵਿੱਚ ਇਸ ਨੂੰ ਸੁਰਗ ਦਾ ਰਾਜਾ ਦੱਸਿਆ ਗਿਆ ਹੈ । ਰਮਾਇਣ ਵਿੱਚ ਇਸ ਨੇ ਰਾਵਣ ਤੋਂ ਹਾਰ ਖਾਧੀ ਸੀ ਅਤੇ ਰਾਵਣ ਇਸ ਨੂੰ ਚੁੱਕ ਕੇ ਲੈ ਗਿਆ ਸੀ । ਦੇਵਤਿਆਂ ਨੇ ਇਸ ਨੂੰ ਛੁਡਵਾਉਣ ਲਈ ਬੇਨਤੀਆਂ ਕੀਤੀਆਂ ਤਾਂ ਰਾਵਣ ਨੇ ਇਸ ਸ਼ਰਤ ਉਪਰ ਇੰਦਰ ਨੂੰ ਛੱਡ ਦਿੱਤਾ ਕਿ ਇਸ ਦੇ ਬਦਲੇ ਰਾਵਣ ਨੂੰ ਅਮਰ ਹੋਣ ਦਾ ਵਰ ਦਿੱਤਾ ਜਾਵੇ । ਇਹ ਗੱਲ ਦੇਵਤਿਆਂ ਨੇ ਮੰਨ ਲਈ ।

ਇਸ ਦਾ ਰੰਗ ਸੋਨੇ ਵਰਗਾ ਹੈ ਅਤੇ ਇਹ ਸੋਨੇ ਦੇ ਰਥ ਵਿੱਚ ਬੈਠ ਕੇ ਨਿਕਲਦਾ ਹੈ ਜਿਸ ਨੂੰ 10,000 ਘੋੜੇ ਖਿਚਦੇ ਹਨ। ਇਸ ਦੀਆਂ ਚਾਰ ਬਾਹਾਂ ਹਨ ਅਤੇ ਇਹ ਹਾਥੀ ਦੀ ਸਵਾਰੀ ਕਰਦਾ ਹੈ ਜਿਸ ਦਾ ਨਾਂ ਐਰਾਵਤ ਹੈ। ਇਸ ਦਾ ਠਿਕਾਣਾ ਮੇਰੂ ਪਰਬਤ ਉੱਪਰ ਹੈ ਅਤੇ ਇਸ ਨੇ ਆਲੇ ਦੁਆਲੇ ਦੇ ਪਹਾੜਾਂ ਦੇ ਖੰਭ ਇਸ ਲਈ ਕਟ ਦਿੱਤੇ ਸਨ ਕਿਉਂਕਿ ਉਹ ਇਸ ਲਈ ਰੁਕਾਵਟ ਬਣਦੇ ਸਨ।

[68] ਸ਼ਿਵ ਪੁਰਾਨ (ਸਤੀ ਖੰਡ 2.19) ਵਿੱਚ ਇਸ ਨੂੰ ਪਰ ਨਾਰੀ ਸੰਭੋਗਤਾ ਦੇ ਰੂਪ ਵਿੱਚ ਪ੍ਰਸਤੁਤ ਕੀਤਾ ਗਿਆ ਹੈ । ਸ਼ਿਵਜੀ ਨੰਗਾ ਹੋਕੇ ਦੇਵਤਿਆਂ ਦੀਆਂ ਜ਼ਨਾਨੀਆਂ ਮਗਰ ਭੱਜ ਤੁਰਦਾ ਸੀ ਇਸ ਲਈ ਉਸ ਨੂੰ ਆਪਣਾ ਨਰ ਅੰਗ ਕਟਵਾਉਣਾ ਪਿਆ (ਦੇਖੋ ਸ਼ਿਵ ਪੁਰਾਣ ਰੁਦਰ 4.12)

ਦਲੀਲ ਦਿੰਦਾ ਸੀ ਕਿ ਪਹਿਲਾਂ ਅਜਿਹਾ ਨਹੀਂ ਸੀ ਹੁੰਦਾ ਤਾਂ ਕਹਿ ਦਿੱਤਾ ਜਾਂਦਾ ਸੀ ਕਿ ਹਰ ਯੁਗ ਦਾ ਧਰਮ ਵੱਖਰਾ ਹੁੰਦਾ ਹੈ ਸਭ ਨੂੰ ਹੁਣ ਦੱਸਿਆ ਜਾਂਦਾ ਧਰਮ ਮੰਨਣਾ ਚਾਹੀਦਾ ਹੈ ਅਤੇ ਪੁਰਾਣੀਆਂ ਪ੍ਰੰਪਰਾਗਤ ਵਿਧੀਆਂ ਵਿਸ਼ਵਾਸ਼ਾਂ ਨੂੰ ਤਿਆਗ ਦੇਣਾ ਚਾਹੀਦਾ ਹੈ (ਮਨੂੰ ਸਿਮਰਤੀ ਕਾਂਡ 1 ਸ਼ਲੋਕ 85)। ਮਨੂੰ ਸਿਮਰਤੀ ਦੇ ਇਸ ਵਿੱਚਾਰ ਨੂੰ ਭਾਈ ਗੁਰਦਾਸ ਜੀ ਨੇ ਆਪਣੇ ਸ਼ਬਦਾਂ ਵਿੱਚ ਇਸ ਤਰ੍ਹਾਂ ਲਿਖਿਆ ਹੈ :

ਤ੍ਰੇਤੇ ਛੱਤ੍ਰੀ ਰੂਪ ਧਰ ਸੂਰਜ ਵੰਸ਼ੀ ਵਡ ਅਵਤਾਰਾ ॥
ਨਉਂ ਹਿਸੇ ਗਈ ਆਰਜਾ ਮਾਯਾ ਮੋਹ ਅਹੰਕਾਰ ਪਸਾਰਾ ।
ਦੁਆਪੁਰ ਜਾਦਵ ਵੇਸ ਕਰ ਜੁਗ ਜੁਗ ਅਉਧ ਘਟੈ ਆਚਾਰਾ॥
ਰਿਗਬੇਦ ਮਹਿੰ ਬ੍ਰਹਮਕ੍ਰਿਤ ਪੂਰਬ ਮੁਖ ਸੁਭ ਕਰਮ ਬਿਚਾਰਾ॥
ਖਤ੍ਰੀ ਥਾਪੇ ਜਜੁਰ ਵੇਦ ਦਖਣ ਮੁਖ ਬਹੁ ਦਾਨ ਦਾਤਾਰਾ ॥
ਵੈਸ਼ੋਂ ਥਾਪਿਆ ਸਾਮ ਵੇਦ ਪਛਮ ਮੁਖ ਕਰ ਸੀਸ ਨਿਵਾਰਾ॥
ਰਿਗ ਨੀਲੰਬਰ ਜਜੁਰ ਪੀਤ ਸਵੇਤੰਬਰ ਕਰ ਸਿਆਮ ਸੁਧਾਰਾ॥
**ਤ੍ਰਿਹ ਜੁਗੀਂ ਤ੍ਰੈ ਧਰਮ ਉਚਾਰਾ ॥**

ਬ੍ਰਾਹਮਣ ਨੂੰ ਹਰ ਪ੍ਰਕਾਰ ਦੇ ਦੋਸ਼ਾਂ ਤੋਂ ਮੁਕਤ ਕਰ ਦਿੱਤਾ ਗਿਆ ਸੀ ।[69] ਉਹ ਆਪਣੇ ਜਜਮਾਨਾਂ ਪਾਸੋਂ ਘੋੜੇ, ਹਾਥੀ, ਗਊ, ਅਨਾਜ ਅਤੇ ਇੱਥੋਂ ਤੱਕ ਕਿ ਉਨ੍ਹਾਂ ਦੀ ਔਰਤ ਵੀ ਮੰਗਣ ਦਾ ਹੱਕ ਰਖਦਾ ਸੀ। ਇਸ ਬਾਰੇ ਗੁਰਬਾਣੀ ਦਾ ਫੁਰਮਾਨ ਹੈ, **ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ ॥ ਐਸੋ ਦਾਨੁ ਨਿਤ ਨਿਤਹਿ ਕੀਜੈ (ਪੰਨਾ 973)** ਤਥਾ **"ਅਰਪੈ ਨਾਰਿ ਸੀਗਾਰ ਸਮੇਤਿ" (ਪੰਨਾ 875)**[70] ਬਹੁ-ਨਾਰੀ [71] ਅਤੇ ਬਹੁ-ਪੁਰਖੀ ਵਿਆਹਾਂ ਦਾ ਰਿਵਾਜ ਪ੍ਰਚਿਲਤ ਹੋ ਗਿਆ। ਬਾਲ ਵਿਆਹ, ਉਧਾਲਾ ਭਰੂਣ ਹੱਤਿਆ, ਵਿਧਵਾ ਵਿਆਹ ਉਪਰ ਪਾਬੰਦੀ ਦੇ ਰਵਾਜ ਆਮ ਹੋ ਗਏ। ਬੜੇ ਜ਼ੋਰ ਸ਼ੋਰ ਨਾਲ ਪਰਚਾਰ ਕੀਤਾ ਗਿਆ ਕਿ ਨਾਰੀ ਹੀ ਹਰ ਪ੍ਰਕਾਰ ਦੇ ਪਾਪਾਂ ਦੀ ਜੜ੍ਹ ਹੈ ਅਤੇ ਚਲਾਕੀਆਂ ਚਲਿਤ੍ਰਾਂ ਦਾ ਸਮੂਹ ਹੈ। ਭਗੀਰਥ ਅਨੁਸਾਰ ਔਰਤ ਨੂੰ ਸਮਝ ਸਕਣਾ ਲਗਭਗ ਨਾਮੁਮਕਨ ਹੈ (ਤ੍ਰਯ ਚ੍ਰਿਤਰਮ ਪੁਰਸ਼ਸ਼ਯ ਭਾਗਮ)। ਸੋਮਪ੍ਰਭੂਸੂਰੀ ਨੇ ਲਿਖਿਆ ਕਿ ਔਰਤ ਦੇ ਇਹ

[69] ਬ੍ਰਾਹਮਣ ਬਦਚਲਣ ਵੀ ਪੂਜਣ ਯੋਗ ਹੈ ।(ਪ੍ਰਾਸ਼ਰ ਸੰਮਹਿਤਾ ਅਧਿਆਏ 6) ਸੇਈਏ ਵਿਪ੍ਰ ਗਿਆਨ ਗੁਣ ਹੀਨਾ, ਸ਼ੂਦਰ ਨ ਸੇਈਏ ਗਿਯਾਨ ਪ੍ਰਬੀਨਾ ॥ (ਤੁਲਸੀ ਦਾਸ) ।

[70] ਗਿਆ ਦੇ ਰਾਜੇ ਤੋਂ ਬ੍ਰਾਹਮਣ ਨੇ ਇਸਤ੍ਰੀ ਮੰਗ ਲਈ । ਰਾਜੇ ਨੇ ਬੜੀਆਂ ਬੇਨਤੀਆਂ ਕੀਤੀਆਂ ਕਿ ਹੋਰ ਕੁੱਝ ਮੰਗ ਲਵੇ ਪਰ ਬ੍ਰਾਹਮਣ ਨਾ ਮੰਨਿਆ । ਆਖਰ ਰਾਣੀ ਨੇ ਆਤਮ ਘਾਤ ਕਰ ਕੇ ਇੱਜ਼ਤ ਬਚਾਈ ।

[71] ਧਿਰਤਰਾਸ਼ਟਰ ਦੀਆਂ 100 ਰਾਣੀਆਂ ਸਨ । ਬਹੁ ਨਾਰੀ, ਬਹੁ-ਪਤੀ ਆਦਿਕ ਅਤੇ ਬਾਲ ਵਿਆਹ ਦੇ ਰਵਾਜ ਭਾਰਤ ਵਿੱਚ ਵਿਦਿਆ ਦਾ ਪਸਾਰਾ ਨਾ ਹੋਣ ਕਾਰਨ ਅਜੇ ਵੀ ਉਸੇ ਵੇਲੇ ਤੋਂ ਚਾਲੂ ਕੀਤੇ ਹੋਏ ਚਲੇ ਆ ਰਹੇ ਹਨ ਹਨ ( ਪੜ੍ਹੋ *Races and cultures of India* by Majumdar Asia Publishing House Bombay)।



ਤਿੰਨ ਸ਼ੌਕ ਹਨ "ਫਜ਼ੂਲ ਬਹਿਸ ਕਰਨਾ, ਕੱਜਲ ਅਤੇ ਸੰਧੂਰ ਲਾਉਣਾ" ਜਾਂ ਫਿਰ "ਦੁੱਧ, ਸੰਗੀਤ ਅਤੇ ਜਵਾਈ ਨਾਲ ਪ੍ਰੇਮ"। (ਤੀਆਹ ਤਿੰਨ ਪਿਆਰਇ, ਕਲੀ, ਸੁਰਮਾ, ਸੰਧੂਰ॥ ਅਨਇ ਤਿੰਨ ਪਿਆਰਇ ਦੁੱਧ, ਜੰਵਾਇ ਉ ਤੂਰ)। ਲੜਕੀਆਂ ਨੂੰ ਮਾਰਨ ਦਾ ਰਿਵਾਜ [72] ਆਮ ਹੋ ਗਿਆ ਅਤੇ ਸਤੀ ਦਾ ਰਵਾਜ ਧਰਮ ਦਾ ਪਰਪੱਕ ਅੰਗ ਬਣ ਗਿਆ। ਇਤਿਹਾਸ ਦਸਦਾ ਹੈ ਕਿ ਸਕੰਦਰ ਮਹਾਨ ਦੇ ਹਮਲੇ ਵੇਲੇ (326 ਪੂ:ਈ) ਸਤੀ ਦਾ ਰਵਾਜ ਆਮ ਸੀ ਅਤੇ ਇਸ ਦੀਆਂ ਕਈ ਕਿਸਮਾਂ ਸਨ। (1) **ਸਾਹਮਰਨ ਸਤੀ** ਵਿੱਚ ਔਰਤ ਆਪਣੇ ਪਤੀ ਦੀ ਲਾਸ਼ ਨਾਲ ਚੰਬੜ ਕੇ ਸੜ ਮਰਦੀ ਸੀ (2) **ਅਨੁਮਰਨ ਸਤੀ** ਵਿੱਚ ਪਤੀ ਦੀ ਰਾਖ,ਹੱਡੀਆਂ, ਕਪੜੇ ਜਾਂ ਤਲਵਾਰ ਨਾਲ ਸਤੀ ਹੋਣਾ ਪੈਂਦਾ ਸੀ (3) **ਮਾ ਸਤੀ** ਇਸ ਵਿੱਚ ਆਪਣੇ ਮੋਏ ਪੁੱਤ੍ਰ ਦੇ ਨਾਲ ਸੜ ਕੇ ਮਰਨਾ ਪੈਂਦਾ ਸੀ । ਕਿਹਾ ਜਾਂਦਾਂ ਸੀ ਕਿ ਸਤੀ ਹੋਣਾ ਮਹਾਂ ਪੁੰਨ ਹੈ ਅਤੇ ਸਤੀ ਸੁਰਗਾਂ ਵਿੱਚ ਉਤਨੇ ਸਾਲ ਐਸ਼ ਕਰਦੀ ਹੈ ਜਿਤਨੇ ਉਸ ਦੇ ਪਤੀ ਦੇ ਸ੍ਰੀਰ ਉੱਪਰ ਵਾਲ ਹੁੰਦੇ ਹਨ। (ਦੇਖੋ ਪ੍ਰਾਸ਼ਰ ਸੰਮਹਿਤਾ ਅਧਿਆਏ 4)। ਆਮ ਕਰਕੇ ਔਰਤਾਂ ਨੂੰ ਧੱਕ ਕੇ ਚਿਤਾ ਵਿੱਚ ਸੁੱਟ ਦਿੱਤਾ ਜਾਂਦਾ ਸੀ । ਗਰਭਵਤੀਆਂ ਅਤੇ ਕੁੱਛੜ ਚੁੱਕੇ ਬੱਚੇ ਵਾਲੀਆਂ ਔਰਤਾਂ ਨੂੰ ਰਿਆਇਤ ਦੇ ਦਿੱਤੀ ਜਾਂਦੀ ਸੀ । ਜੋ ਕੋਈ ਔਰਤ ਕਿਸੇ ਤਰ੍ਹਾਂ ਭੱਜ ਕੇ / ਲੁਕ ਕੇ ਜਾਨ ਬਚਾ ਲੈਂਦੀ ਸੀ ਤਾਂ ਉਸ ਦਾ ਮੁੜ ਸਮਾਜ ਪ੍ਰਵੇਸ਼ ਅਤੇ ਜਾਇਦਾਦ ਆਦਿਕ ਦਾ ਹੱਕ ਮਾਰਿਆ ਜਾਂਦਾ ਸੀ ।[73]

ਬਾਲਮੀਕੀ ਰਾਮਾਇਣ (ਸ੍ਰੀ ਰਾਮ ਚੰਦਰ ਬਾਰੇ ਰਚਿਤ ਪ੍ਰਥਮ ਪੁਸਤਕ)[74] ਅਨੁਸਾਰ ਹਿੰਦੂ ਅਵਤਾਰ ਸ੍ਰੀ ਰਾਮ ਚੰਦਰ ਦੇ ਮਨ ਵਿੱਚ ਨਾਰੀਆਂ ਲਈ ਕੋਈ ਬਹੁਤਾ

[72] ਰਾਜਪੂਤ 19ਵੀਂ ਸਦੀ ਤਕ ਵੀ ਆਪਣੀਆਂ ਲੜਕੀਆਂ ਨੂੰ ਮਾਰਦੇ ਰਹੇ। ਇੱਕ ਅੰਦਾਜ਼ੇ ਅਨੁਸਾਰ ਗੁਜਰਾਤ ਦੇ ਖਾਰੀਜੂ ਪਰਿਵਾਰਾਂ ਵਲੋਂ ਹੀ ਹਰ ਸਾਲ 1,25000 ਲੜਕੀਆਂ ਮਾਰੀਆਂ ਜਾਂਦੀਆਂ ਸਨ। ਅੰਗ੍ਰੇਜ਼ ਸਰਕਾਰ ਨੇ ਇਹ ਰਸਮ ਕਨੂੰਨ ਬੰਦ ਕਰਵਾਈ ਸੀ । ਪੰਜਾਬ ਵਿੱਚ ਲੌਰਡ ਵਿਲੀਅਮ ਬੈਂਟਿਕ ਨੇ 7 ਦਸੰਬਰ 1829 ਨੂੰ ਇਹ ਰਸਮ ਬੰਦ ਕਰਵਾਈ। ਪਰ ਪੰਜਾਬ ਅਤੇ ਰਾਜਪੂਤਾਨੇ ਵਿੱਚ ਇਹ ਕਾਨੂੰਨ (ਇਨਸਦਾਦ ਦੁਖ਼ਤਰ ਕੁਸ਼ੀ) 1847 ਵਿੱਚ ਲਾਗੂ ਹੋਇਆ

[73] ਸਤੀ ਦੀ ਰਸਮ ਬਾਰੇ ਹੋਰ ਜਾਣਕਾਰੀ Glossary of Tribes and castes by H.Rose ਵਿੱਚੋਂ ਮਿਲ ਸਕਦੀ ਹੈ। ਮਜੁਮਦਾਰ ਅਤੇ ਪੀ.ਐਨ ਚੌਪੜਾ ਨੇ ਇਸ ਵਿਸ਼ੇ ਤੇ ਇੱਕ ਵਧੀਆ ਕਿਤਾਬ ਲਿਖੀ ਹੈ (Main currents of Indian History ) ਜਿਸ ਵਿੱਚ ਉਹ ਲਿਖਦੇ ਹਨ ਕਿ ਕਈ ਸਤੀ ਹੋਣ ਵਾਲੀਆਂ ਔਰਤਾਂ ਅੱਗ ਵਿੱਚੋਂ ਛਾਲ ਮਾਰ ਕੇ ਬਾਹਰ ਆ ਜਾਂਦੀਆਂ ਸਨ ਪਰ ਉਨ੍ਹਾਂ ਨੂੰ ਧੱਕੇ ਨਾਲ ਨਰੜ ਕੇ ਫੇਰ ਸੁੱਟਿਆ ਜਾਂਦਾ ਸੀ । ਸਤੀ ਵਰਗਾ ਹੀ ਇੱਕ ਰਵਾਜ ਜੌਹਰ ਸੀ । ਇਸ ਦਾ ਰਵਾਜ ਰਾਜਪੂਤਾਂ ਵਿੱਚ ਆਮ ਸੀ । ਜਦੋਂ ਅਕਬਰ ਨੇ (20 ਅਕਤੂਬਰ 1567 ਤੋਂ 23 ਫਰਵਰੀ 1568) ਨੂੰ ਚਤੌੜ ਦੇ ਕਿਲੇ ਦਾ ਘੇਰਾ ਘੱਤਿਆ ਤਾਂ 30,00 ਰਾਜਪੂਤਾਨੀ ਔਰਤਾਂ ਨੇ ਸੜ ਕੇ ਜਾਨ ਦੇ ਦਿੱਤੀ । ਖੋਂਡ ਅਤੇ ਕੋਲ ਜ਼ਾਤੀਆਂ ਦੇ ਲੋਕ ਦੇਵੀਆਂ ਨੂੰ ਖੁਸ਼ ਕਰਨ ਲਈ ਨੌਜਵਾਨ ਲੜਕੀਆਂ ਦੀ ਬਲੀ ਦਿਆ ਕਰਦੇ ਸਨ ਜਿਸ ਨੂੰ ਲੌਰਡ ਵਿਲੀਅਮ ਬੈਂਟਿਕ ਨੇ ਬੰਦ ਕਰਵਾਇਆ । ਕਿਧਰੇ ਕਿਧਰੇ ਇਹੋ ਰਸਮ *ਨਰ-ਮੇਧ* ਯੱਗ ਦੀ ਸੂਰਤ ਵਿੱਚ ਵੀ ਚਾਲੂ ਸੀ । ਇਸ ਯੱਗ ਵਿੱਚ ਕਿਸੇ ਪੁਰਸ਼ ਨੂੰ ਇਸ ਲਈ ਕਤਲ ਕੀਤਾ ਜਾਂਦਾ ਸੀ ਤਾਂ ਜੋ ਦੇਵਤੇ ਖੁਸ਼ ਹੋ ਜਾਣ ਤੇ ਫਸਲਾਂ ਚੰਗੀਆਂ ਉੱਗਣ।

[74] ਮੰਨਿਆ ਜਾਂਦਾ ਹੈ ਕਿ ਜਦੋਂ ਰਾਮ ਚੰਦਰ ਨੇ ਸੀਤਾ ਨੂੰ ਤਿਆਗ ਦਿੱਤਾ ਸੀ ਤਾਂ ਬਾਲਮੀਕ ਨੇ ਹੀ ਉਸ ਨੂੰ ਤੇ ਉਸ ਦੇ ਪੁੱਤਰਾਂ ਨੂੰ ਸਾਂਭਿਆਂ ਅਤੇ ਪਾਲਿਆ ਸੀ ।(?) ਇਸ ਦੀ ਲਿਖੀ ਰਾਮਾਇਣ ਸੰਸਕ੍ਰਿਤ ਭਾਸ਼ਾ ਵਿੱਚ ਹੈ ਅਤੇ ਇਸ ਦੀ ਕਵਿਤਾ ਨੂੰ ਉਤਕ੍ਰਿਸ਼ਟ ਕਵਿਤਾ ਮੰਨਿਆ ਗਿਆ ਹੈ ।

ਆਦਰ ਸਤਿਕਾਰ ਨਹੀਂ ਸੀ। ਇਸ ਵਿੱਚ ਲਿਖਿਆ ਹੈ ਕਿ ਰਾਵਣ ਨਾਲ ਹੋਣ ਵਾਲੇ ਯੁੱਧ ਵਿੱਚ ਜਦ ਉਨ੍ਹਾਂ ਦਾ ਭਰਾਤਾ ਲਛਮਣ ਬੇਹੋਸ਼ ਹੋ ਕੇ ਡਿੱਗ ਪਿਆ ਤਾਂ ਰਾਮ ਚੰਦਰ ਜੀ ਨੇ ਹਨੂੰਮਾਨ ਨੂੰ ਕਿਹਾ ਕਿ ਉਹ ਯੁੱਧ ਛੱਡ ਕੇ ਛੇਤੀ ਦਵਾਈ ਲੈਣ ਲਈ ਜਾਵੇ। ਇਹ ਕਥਨ ਇਉਂ ਕੀਤਾ ਗਿਆ ਹੈ, "ਪਤਨੀਆਂ ਦਾ ਵਿਸ਼ੇਸ਼ ਮਹੱਤਵ ਨਹੀਂ ਹੁੰਦਾ, ਇਹ ਜਿੱਥੋਂ ਚਾਹੋ ਥੋੜ੍ਹੇ ਜਿਹੇ ਮੁੱਲ ਤੇ ਲੈ ਸਕਦੇ ਹੋ ਪਰ ਭਰਾ ਨਹੀਂ ਮਿਲਦੇ" (ਬਾਲਮੀਕੀ ਰਾਮਾਇਣ ਸਰਗ 101 ਸ਼ਲੋਕ 15) ਜਦੋਂ ਰਾਵਣ ਨਾਲ ਯੁੱਧ ਸਮਾਪਤ ਹੋਇਆ ਤਾਂ ਸ੍ਰੀ ਰਾਮਚੰਦਰ ਜੀ ਨੇ ਆਪਣੀ ਪਤਨੀ ਨੂੰ ਇਉਂ ਸੰਬੋਧਨ ਕੀਤਾ, "ਆਪਣੇ ਦੁਸ਼ਮਣ ਨੂੰ ਮਾਰ ਕੇ ਮੈਂ ਤੈਨੂੰ ਯੁੱਧ ਵਿੱਚ ਜਿੱਤੀ ਵਸਤੂ ਵਾਂਗ ਪ੍ਰਾਪਤ ਕੀਤਾ ਹੈ। ਮੈਂ ਤਾਂ ਆਪਣੇ ਖੁੱਸੇ ਗੌਰਵ ਨੂੰ ਬਹਾਲ ਕਰਨ ਲਈ ਹੀ ਇਹ ਯੁੱਧ ਲੜਿਆ ਸੀ। ਹੁਣ ਲੋਕਾਂ ਨੇ ਮੇਰੀ ਯੁੱਧ ਸ਼ਕਤੀ ਵੇਖ ਲਈ ਹੈ। ਮੈਨੂੰ ਰਾਵਣ ਮਾਰਨਾ ਹੀ ਪੈਣਾ ਸੀ ਤਾਂ ਜੋ ਮੈਂ ਆਪਣੀ ਨਿਰਾਦਰੀ ਦਾ ਬਦਲਾ ਲੈ ਸਕਦਾ। ਮੈਂ ਤੇਰੀ ਖ਼ਾਤਰ ਯੁੱਧ ਦਾ ਖ਼ਤਰਾ ਨਹੀਂ ਸੀ ਸਹੇੜਿਆ"(ਯੁੱਧ ਕਾਂਡ ਸਰਗ 115)

ਇਹੋ ਗੱਲ ਪਿਛੋਂ ਤੁਲਸੀ ਦਾਸ ਵਲੋਂ ਲਿਖੀ ਰਾਮਾਇਣ ਵਿੱਚ ਮਿਲਦੀ ਹੈ ਕਿ ਇਹ ਜੰਗ ਬਦਲੇ ਦੀ ਭਾਵਨਾ ਨਾਲ ਹੀ ਲੜੀ ਗਈ ਸੀ ਤੇ ਸੀਤਾ ਦਾ ਉਧਾਲਾ ਤਾਂ ਇੱਕ ਬਹਾਨਾ ਹੀ ਸੀ। ਰਾਮ ਚੰਦਰ ਨੇ ਐਨੀ ਬੇਇੱਜ਼ਤੀ ਸਮਝੀ ਸੀ ਕਿ ਉਸ ਨੂੰ ਜੰਗਲ ਦੇ ਜਾਨਵਰ ਆਦਿਕ ਵੀ ਲਾਹਣਤਾਂ ਪਾਉਂਦੇ ਦਿਸਣ ਲੱਗ ਪਏ ਸਨ। "ਨਾਰਿ ਸਹਿਤ ਸਭ ਖਗ ਮ੍ਰਿਗ ਬ੍ਰਿੰਦਾ॥ ਮਾਨੋਂ ਮੋਰ ਕਰਤ ਹੈਂ ਨਿੰਦਾ"॥ ਇਹੀ ਨਹੀਂ ਉਸ ਨੂੰ ਤਾਂ ਅੱਕ ਧਤੂਰੇ ਵਰਗੇ ਬੂਟੇ ਵੀ ਉਸ ਦੀ ਖਿੱਲੀ ਉਡਾਉਂਦੇ ਦਿਸਦੇ ਸਨ॥ "ਸ੍ਰੀਫਲ ਕਨਕ ਕਦਲਿ ਹਰਸ਼ਾਹੀਂ, ਨੈਕ ਨ ਸ਼ੰਕ ਸਕੁਚ ਮਨ ਮਾਹੀਂ" (ਮੇਰੇ ਮਨ ਵਿੱਚ ਰਤੀ ਭਰ ਵੀ ਸ਼ੱਕ ਨਹੀਂ ਕਿ ਨਾਰੀਅਲ, ਧਤੂਰਾ ਤੇ ਕੇਲੇ ਮੇਰੀ ਹੀ ਖਿੱਲੀ ਉਡਾ ਰਹੇ ਹਨ ਤੇ ਨਿਰਾਦਰੀ ਤੇ ਹੱਸ ਰਹੇ ਹਨ)

ਜੰਗ ਜਿੱਤਣ ਉਪਰੰਤ ਅਤੇ ਰਾਜ ਭਾਗ ਵਾਪਸ ਪ੍ਰਾਪਤ ਮਿਲਣ ਉਪ੍ਰੰਤ ਇੱਕ ਧੋਬੀ ਦੇ ਮਿਹਣੇ ਨੂੰ ਰਾਮਚੰਦਰ ਸਹਾਰ ਨਾ ਸਕਿਆ ਅਤੇ ਅਗਨੀ ਵਿੱਚ ਹੱਥ ਪੁਆ ਕੇ ਉਸਨੇ ਸੀਤਾ ਦੀ ਚਰਿਤ੍ਰ ਪ੍ਰੀਖਸ਼ਾ ਲਈ ਜਿਸ ਵਿੱਚ ਉਹ ਪਵਿੱਤ੍ਰ ਪਾਈ ਗਈ। ਤਾਂ ਵੀ ਰਾਮ ਚੰਦਰ ਨੇ ਗਰਭਵਤੀ ਪਤਨੀ ਨੂੰ ਘਰੋਂ ਬਾਹਰ ਕੱਢ ਦਿੱਤਾ। ਇੱਕ ਰਾਜਾ ਹੁੰਦਾ ਹੋਇਆ ਉਹ ਧੋਬੀ ਨੂੰ ਕੋਈ ਸਜ਼ਾ ਵੀ ਦੇ ਸਕਦਾ ਸੀ ਪਰ ਇਸ ਤਰ੍ਹਾਂ ਉਸਦਾ ਅਤੇ ਉਸਦੇ ਪਰਿਵਾਰ ਦਾ ਅਪਜਸ ਹੋਣਾ ਸੀ । ਇਹ ਸਾਰਾ ਕੁੱਝ ਸੋਚ ਕੇ ਸੀਤਾ ਨੂੰ ਘਰੋਂ ਕੱਢਣਾ ਹੀ ਆਪਣੀ ਨਿੰਦਾ ਤੋਂ ਬਚਣ ਲਈ ਬਿਹਤਰ ਸਮਝਿਆ ਗਿਆ।



ਇੱਥੇ ਹੀ ਬਸ ਨਹੀਂ ਜਦ ਕਈ ਸਾਲਾਂ ਬਾਅਦ ਰਾਮ ਚੰਦਰ ਨੂੰ ਇਹ ਤਸੱਲੀ ਹੋ ਗਈ ਕਿ ਉਹ ਸੀਤਾ ਨਾਲ ਧੱਕਾ ਕਰ ਬੈਠਾ ਹੈ ਤਾਂ ਵੀ ਸਮਾਜਿਕ ਨਿਰਾਦਰੀ ਤੋਂ ਡਰਦਾ ਮਾਰਾ ਸੀਤਾ ਨੂੰ ਘਰ ਲਿਆਉਣ ਦਾ ਹੀਆਂ ਨਾ ਕਰ ਸਕਿਆ। ਜਦ ਸੀਤਾ ਦੀ ਘਰ ਪਰਤਣ ਦੀ ਬੇਨਤੀ ਵੀ ਪ੍ਰਵਾਣ ਨਾ ਹੋਈ ਤਾਂ ਉਸ ਨੇ ਰਾਮ ਚੰਦਰ ਦੇ ਸਾਹਣੇ ਹੀ ਆਤਮ ਹੱਤਿਆ ਕਰਨ ਦਾ ਮਨ ਬਣਾ ਲਿਆ ਅਤੇ ਸਰਜੂ ਨਦੀ ਵਿੱਚ ਬੱਦਲਾਂ ਵਿੱਚ ਛੁਪੀ ਬਿਜਲੀ ਵਾਂਗ ਲੈ ਹੋ ਗਈ। " ਕਟ ਪ੍ਰਯੰਤ ਜਲ ਮੋ ਲਯ ਕੀਨੋ ਧਿਆਨ ਅਖੰਡ, ਯੋਗ ਯਤਨ ਕਰਿ ਰਾਮ ਕਹਿ ਫੋੜਿਯੋ ਨਿਜ ਪ੍ਰਮੰਡ ॥ ਕਹੇ ਬਚਨ ਅੰਤੁ ਧਯਾਨ ਪ੍ਰਭੂ ਜਿਉਂ ਦਾਮਨੀ ਘਨ ਸੌਂ ਲਯੋ ॥ਨਭ ਜਯਤਿ ਜਯਜਯ ਜਯਕਾਰ ਜਯਜਯ ਜਯਤਿ ਨਭ ਲਯੋ॥

ਅਸਲ ਵਿੱਚ ਰਾਮਚੰਦਰ ਜੀ ਦਾ ਸਾਰਾ ਪਰਿਵਾਰ ਹੀ ਲੋਕ ਲੱਜਾ ਦਾ ਬੰਨ੍ਹਿਆ ਹੋਇਆ ਸੀ। ਉਨ੍ਹਾ ਦਾ ਪਿਤਾ ਦਸਰਥ ਲੋਕ ਲੱਜਾ ਤੋਂ ਡਰਦਾ ਮਾਰਾ ਰਾਣੀ ਕਕਈ ਨੂੰ ਦਿੱਤੇ ਵਚਨ ਤੋਂ ਨਾ ਮੁੱਕਰ ਸਕਿਆ ਅਤੇ ਰਾਮ ਚੰਦਰ ਨੂੰ ਬਣਵਾਸ ਦੇ ਦਿੱਤਾ। ਉਸ ਦੇ ਆਪਣੇ ਸ਼ਬਦ ਇਸ ਤਰ੍ਹਾਂ ਲਿਖੇ ਮਿਲਦੇ ਹਨ, "ਅਪਜਸ ਹੋਊ ਜਗ ਸੁਜਸ ਬਸਾਊਂ॥ ਨਰਕ ਪਰਉਂ ਵਰੁ ਸੁਰ ਪੁਰਿ ਜਾਊਂ"॥ ਭੁੱਖ ਵੇਲੇ ਰਾਮ ਚੰਦਰ ਨੇ ਭੀਲਣੀ ਦੇ ਜੂਠੇ ਬੇਰ ਖਾ ਲਏ ਅਤੇ ਕਿਹਾ, " ਕਹੇ ਰਘੁਪਤਿ ਸੁਨੁ ਭ੍ਰਾਮਨਿ ਬਾਤਾ। ਮਾਨੋਂ ਏਕ ਭਗਤਿ ਕਰ ਨਾਤਾ"(ਮੈਂ ਤੇਰੇ ਨਾਲ ਭਗਤੀ ਦਾ ਨਾਤਾ ਰਖਦਾ ਹਾਂ ਜ਼ਾਤ ਦਾ ਨਹੀਂ) ਇਹੋ ਰਾਮ ਚੰਦਰ ਨੀਚ ਜ਼ਾਤ ਦੇ ਸ਼ੰਭੂਕ ਰਿਸ਼ੀ ਨੂੰ ਸਿਰਫ ਇਸ ਕਰਕੇ ਮਾਰ ਦਿੰਦਾ ਹੈ ਕਿ ਆਪਣੇ ਰਾਜ ਵਿੱਚ ਸ਼ੁਦਰ ਨੂੰ ਪ੍ਰਭੂ ਭਗਤੀ ਕਰਨ ਦੀ ਆਗਿਆ ਦੇਣ ਨਾਲ ਲੋਕਾਂ ਵਿੱਚ ਅਪਜਸ ਹੋਵੇਗਾ। (ਬਾਲਮੀਕ ਰਾਮਾਇਣ ਉਤ੍ਰ ਖੰਡ 74-28 ਤੋਂ 76-48)

ਅਪਜਸ ਤੋਂ ਡਰ ਹਿੰਦੂ ਧਰਮ ਦਾ ਅਟੁੱਟ ਅੰਗ ਰਿਹਾ ਹੈ। ਗੀਤਾ ਵਿਚ ਕ੍ਰਿਸ਼ਨ ਜੀ ਅਰਜਨ ਨੂੰ ਉਪਦੇਸ਼ ਦਿੰਦੇ ਹਨ, "ਜੇ ਕਰ ਤੂੰ ਇਹ ਹੱਕੀ ਜੰਗ ਨਹੀਂ ਲੜੇਂਗਾ ਤੇ ਫਰਜ਼ ਨਹੀਂ ਪਛਾਣੇਂਗਾ ਤਾਂ ਤੇਰਾ ਅਪਜਸ ਹੋਵੇਗਾ ਅਤੇ ਤੈਨੂੰ ਪਾਪ ਲੱਗੇਗਾ। (ਅਧਿਆਏ 2 ਸ਼ਲੋਕ 33) "ਨਹੀਂ, ਲੋਕ ਦੇਰ ਤਕ ਤੈਨੂੰ ਲਾਹਣਤਾਂ ਪਾਉਂਦੇ ਰਹਿਣਗੇ ਅਤੇ ਤੇਰਾ ਅਪਜਸ ਹੋਵੇਗਾ। ਤੇਰੇ ਵਰਗੇ ਸੂਰਮੇ ਦਾ ਅਪਜਸ ਮੌਤ ਨਾਲੋਂ ਵੀ ਭੈੜਾ ਹੈ।" (ਅਧਿਆਏ 2 ਸ਼ਲੋਕ 34)

ਇਸ ਸਮੇਂ ਸੂਤਕ ਪਾਤਕ ਜਿਹੇ ਵਹਿਮ-ਭਰਮ ਵੀ ਬ੍ਰਾਹਮਣਾਂ ਵਲੋਂ ਲੋਕਾਂ ਵਿੱਚ ਪਾ ਦਿੱਤੇ ਗਏ ਸਨ ਜਿਨ੍ਹਾਂ ਦੀ ਵਜ੍ਹਾ ਕਰਕੇ ਸਮਾਜ ਵਿੱਚ ਨਾਰੀ ਦਾ ਸਥਾਨ ਹੋਰ ਵੀ ਨੀਵਾਂ ਹੋ ਗਿਆ ਸੀ। ਸੂਤਕ ਅਨੁਸਾਰ ਜਿਸ ਘਰ ਵਿੱਚ ਬੱਚੇ ਨੇ ਜਨਮ ਲਿਆ ਹੋਵੇ ਉਸ ਘਰ ਦੇ

ਜੀਆਂ ਨਾਲ (ਬ੍ਰਾਹਮਣ 11 ਦਿਨ ਖਤ੍ਰੀ 13 ਦਿਨ,ਵੈਸ਼ 17 ਦਿਨ, ਅਤੇ ਸ਼ੂਦਰ 30 ਦਿਨ ਤੱਕ) ਸਮਾਜ ਦੇ ਲੋਕ ਖਾਂਦੇ ਪੀਂਦੇ ਨਹੀਂ ਸਨ। ਇਸ ਸਮੇਂ ਉਪ੍ਰੰਤ ਬ੍ਰਾਹਮਣ ਨੂੰ ਬੁਲਾ ਕੇ ਘਰ ਪਵਿੱਤ੍ਰ ਕਰਵਾਇਆ ਜਾਂਦਾ ਸੀ। ਪਾਤਕ ਅਨੁਸਾਰ ਜਿਸ ਘਰ ਮਰਗ ਹੋਈ ਹੋਵੇ ਉਸ ਘਰ ਦੇ ਲੋਕ ਗਿਆਰਾਂ ਦਿਨ ਆਪਣੀ ਅਤੇ ਘਰ ਦੀ ਸਫਾਈ ਕਰਨ 13 ਵੇਂ ਦਿਨ (ਅਚਰਜ) ਬ੍ਰਾਹਮਣ ਨੂੰ ਬੁਲਾ ਕੇ ਗ੍ਰਹਿ ਪਵਿੱਤ੍ਰ ਰਸਮ ਕਰਵਾਉਣ। ਲਘੂ ਅਤ੍ਰਿ ਸੰਮਹਿਤਾ ਅਧਿਆਯ 5 ਅਨੁਸਾਰ, "**ਜਿੱਥੇ ਆਪਣੇ ਸੰਬੰਧੀ ਦਾ ਮਰਨਾ ਅਥਵਾ ਪੁਤ੍ਰੂ ਦਾ ਜਨਮ ਸੁਣੇ, ਉੱਥੇ ਉੱਸੇ ਵੇਲੇ ਵਗਦੇ ਪਾਣੀ ਵਿੱਚ ਗੋਤਾ ਮਾਰੇ**" ਇਹੋ ਜਿਹੇ ਅਨੇਕਾਂ ਹੋਰ ਵਹਿਮ-ਭਰਮ ਬ੍ਰਾਹਮਣਾ ਵਲੋਂ ਚਾਲੂ ਕਰ ਦਿੱਤੇ ਗਏ ਜਿਨ੍ਹਾਂ ਵਿੱਚੋਂ ਕਈ ਅੱਜ ਤੱਕ ਵੀ ਚੱਲੀ ਜਾ ਰਹੇ ਹਨ। [75]

## 4.3 ਮੱਧਕਾਲੀਨ ਸਮਾਂ

ਸੰਤ ਤੁਲਸੀ ਦਾਸ (15 ਵੀਂ ਸਦੀ)[76] ਨੂੰ ਹਿੰਦੀ ਸਾਹਿਤ ਦਾ ਚੰਦ੍ਰਮਾ ਕਿਹਾ ਜਾਂਦਾ ਹੈ। ਉਨ੍ਹਾਂ ਦੀ ਪੁਸਤਕ ਰਾਮ ਚ੍ਰਿਤ ਮਾਣਸ ਜਗਤ ਪ੍ਰਸਿੱਧ ਹੈ। ਤੁਲਸੀ ਦਾਸ ਜੀ ਦਾ ਕਥਨ ਹੈ ਕਿ ਹੀਣ-ਭਾਵਨਾ ਭਾਰਤੀ ਨਾਰੀ ਦੀ ਮਾਨਸਿੱਕਤਾ ਉੱਪਰ ਕੋਈ ਮਾੜਾ ਪ੍ਰਭਾਵ ਨਹੀਂ ਪਾਉਂਦੀ ਕਿਉਂਕਿ ਨਾਰੀਆਂ ਨੇ ਖ਼ੁਦ ਹੀ ਆਪਣੇ ਆਪ ਨੂੰ ਸਮਾਜ ਦਾ ਇੱਕ ਨਿਖਿੱਧ ਭਾਗ ਮੰਨ ਲਿਆ ਹੈ। ਉਹ ਲਿਖਦੇ ਹਨ, " **ਕਿਹ ਬਿਧਿ ਉਸਤਤਿ ਕਰੋਂ ਤੁਮ੍ਹਾਰੀ ॥ ਅਧਮ ਜ਼ਾਤਿ ਜੜ੍ਹ ਮਤਿ ਨਾਰੀ ॥ ਅਧਮ ਤੇ ਅਧਮ ਅਧਮ ਅਤਿ ਨਾਰੀ ॥ਤਿਨ ਮਹੁ ਮੈਂ ਅਤਿ ਮੰਦ ਗਵਾਰੀ (ਰਾਮ ਚ੍ਰਿਤ ਮਾਣਸ)**। ਇਹ ਕਹਿੰਦੇ ਸਨ ਕਿ ਇਸਤ੍ਰੀ ਅੱਧੀ ਜ਼ਹਿਰ ਹੈ ਅਤੇ ਅੱਧੀ ਅੰਮ੍ਰਿਤ ਹੈ ਪਰ ਇਹ ਬੁਧੀਮਾਨ ਅਤੇ ਗੰਵਾਰ ਵਿੱਚ ਅੰਤਰ ਨਹੀਂ ਕਰ ਸਕਦੀ। "**ਅਮਿਯ ਵਾਰਿ ਗਾਰੇਉ ਗਰਲ ਨਾਰਿ ਕਰੀ ਕਰਤਾਰ॥ ਪ੍ਰੇਮ ਬੈਰ ਕੀ ਜਨਨਿ ਯੁਗ ਜਾਨਹਿ ਬੁੱਧ ਨਾ ਗਵਾਰ**"॥ਇਨ੍ਹਾਂ ਦੇ ਕਈ ਕਥਨ ਲੋਕਾਂ ਦੀ ਜ਼ੁਬਾਨ ਉਪਰ ਚੜ੍ਹ ਗਏ ਹਨ ਜਿਵੇਂ ,"ਢੋਰ,ਗਵਾਰ, ਸ਼ੂਦਰ, ਪਸ਼ੂ, ਨਾਰੀ, ਪਾਂਚੋਂ ਤਾੜਨ ਕੇ ਅਧਿਕਾਰੀ"।

[75] ਰਾਂਚੀ ਦੇ ਜ਼ਿਲ੍ਹੇ ਵਿੱਚ ਜ਼ਨਾਨੀਆਂ ਨੂੰ ਹਲ ਨੂੰ ਹੱਥ ਲਾਉਣ ਦੀ ਆਗਿਆ ਨਹੀਂ । ਜੇ ਕਰ ਭੁੱਲ ਭੁਲੇਖੇ ਹੱਥ ਲਗ ਜਾਵੇ ਤਾਂ ਸਾਰੇ ਪਿੰਡ ਵਿੱਚ ਬੁਰਾ ਮਨਾਇਆ ਜਾਂਦਾ ਹੈ ਅਤੇ ਕਬੂਤਰ, ਮੁਰਗ਼ੇ ਅਤੇ ਬੱਕਰੇ ਆਦਿਕ ਮਾਰ ਕੇ ਪਾਪ ਧੋਣਾ ਪੈਂਦਾ ਹੈ । ਖਾਰੀਆ ਲੋਕ ਔਰਤ ਦੇ ਮੂੰਹ ਵਿੱਚ ਘਾਅ ਪਾਕੇ ਉਸ ਪਾਸੋਂ ਹਲ ਖਿਚਵਾਉਂਦੇ ਹਨ ਤੇ ਘਰ ਘਰ ਭਿੱਖਿਆ ਮੰਗਣ ਭੇਜਦੇ ਹਨ। ਨੀਲਗਿਰੀ ਦੇ ਟੋਡੇ ਔਰਤ ਨੂੰ ਦੁੱਧ ਨੂੰ ਹੱਥ ਨਹੀਂ ਲਾਉਣ ਦਿੰਦੇ । ਕਿਧਰੇ ਕਿਧਰੇ ਲੋਕ ਬ੍ਰਾਹਮਣ ਦੇ ਖਿਲਾਫ ਵੀ ਉੱਠ ਖਲੋਏ ਸਨ । ਟ੍ਰਾਂਵਨਕੋਰ ਦੇ ਹਈਆ ਲੋਕ ਬ੍ਰਾਹਮਣ ਨੂੰ ਪਿੰਡ ਵਿੱਚ ਨਹੀਂ ਸਨ ਵੜਨ ਦਿੰਦੇ । ਜੇ ਵੜੇ ਤਾਂ ਡਾਂਗਾਂ ਨਾਲ ਮਾਰਦੇ ਸਨ ਅਤੇ ਗੋਹੇ ਰਲੇ ਪਾਣੀ ਵਿੱਚ ਉਸਨੂੰ ਨੁਹਾਉਂਦੇ ਸਨ ।

[76] ਰਾਮ ਭਗਤ ਤੁਲਸੀ ਦਾਸ ਜੀ 1497 ਵਿੱਚ ਯੂ ਪੀ ਦੇ ਬਾਂਦਾ ਜ਼ਿਲ੍ਹੇ ਵਿੱਚ ਪੈਦਾ ਹੋਏ । ਇਹ ਰਾਮਾਨੰਦ ਦੇ ਚੇਲੇ ਸਨ । ਇਨ੍ਹਾਂ ਦੀ ਪ੍ਰਸਿੱਧ ਪੁਸਤਕ ਰਾਮ ਚ੍ਰਿਤ ਮਾਣਸ ਨੂੰ ਹੀ ਰਾਮਾਇਣ ਕਿਹਾ ਜਾਣ ਲਗ ਪਿਆ। ਹੋਰ ਪੁਸਤਕਾਂ ਬਹੁਤੀਆਂ ਪ੍ਰਸਿੱਧ ਨਹੀਂ ਹੋਈਆਂ। ਇਨ੍ਹਾਂ ਦਾ ਦੇਹਾਂਤ 1623 ਵਿੱਚ ਬਨਾਰਸ ਵਿੱਚ ਹੋਇਆ ਮੰਨਿਆ ਜਾਂਦਾ ਹੈ। ਇਹ ਗੁਰੂ ਨਾਨਕ ਦੇਵ ਜੀ ਤੋਂ 28 ਵਰ੍ਹੇ ਛੋਟੇ ਸਨ ਪਰ ਜਾਪਦਾ ਹੈ ਕਿ ਇਹ ਗੁਰੂ ਜੀ ਨੂੰ ਨਹੀਂ ਮਿਲੇ।



ਤੁਲਸੀ ਦਾਸ ਦੇ ਗੁਰੂ ਰਾਮਾ ਨੰਦ ਬਾਰੇ ਕਿਹਾ ਜਾਂਦਾ ਹੈ ਕਿ ਕਿ ਉਹ ਔਰਤਾਂ ਦੇ ਉੱਥਾਨ ਅਤੇ ਸਮਾਜਕ ਰੁਤਬੇ ਨੂੰ ਬੜ੍ਹੌਤੀ ਦੇਣ ਦੇ ਹੱਕ ਵਿੱਚ ਸਨ।

## 4.4 ਅਧੁਨਿਕ ਕਾਲ

ਭਾਵੇਂ ਸਮਾਜ ਸੁਧਾਰਕਾਂ ਦੇ ਪ੍ਰਚਾਰ-ਪ੍ਰਭਾਵ ਸਦਕਾ ਹਿੰਦੂ ਧਰਮ ਨੇ ਕੁੱਝ ਪੁਰਾਣੀਆਂ ਰਸਮਾਂ ਨੂੰ ਤਿਆਗ ਦਿੱਤਾ ਹੈ ਪਰ ਅਜੇ ਵੀ ਵਿਧਵਾ ਔਰਤ ਨੂੰ ਯੋਗ ਭਾਂਤ ਹਮਦਰਦੀ ਵਾਲਾ ਸਥਾਨ ਨਹੀਂ ਮਿਲਿਆ। ਕੁੱਝ ਪ੍ਰਸਥਿੱਤੀਆਂ ਵਿੱਚ ਉਸਦਾ ਪ੍ਰਛਾਵਾਂ ਵੀ ਮਨਹੂਸ ਮੰਨਿਆ ਜਾਦਾ ਹੈ। ਹਿੰਦੂ ਪਰਿਵਾਰਾਂ ਵਿੱਚ ਮੰਗਣੀ ਵਿਆਹ ਤੋਂ ਪਹਿਲਾਂ ਕੁੜੀ ਮੁੰਡੇ ਦੀਆਂ ਜਨਮ ਕੁੰਡਲੀਆਂ ਸਬੰਧੀ ਭਰਪੂਰ ਸਲਾਹ-ਮਸ਼ਵਰਾ ਕੀਤਾ ਜਾਂਦਾ ਹੈ ਪਰ ਤਾਂ ਵੀ ਜੇ ਕਰ ਪਤੀ ਦੀ ਮੌਤ ਹੋ ਜਾਂਦੀ ਹੈ ਤਾਂ ਆਮ ਤੌਰ ਤੇ ਦੁਰਭਾਗੀ ਹੋਣ ਦਾ ਦੋਸ਼ ਔਰਤ ਤੇ ਹੀ ਮੜ੍ਹਿਆ ਜਾਂਦਾ ਹੈ। ਜਿਸ ਸਮੇਂ ਪਤੀ ਦੀ ਮੌਤ ਦੀ ਖ਼ਬਰ ਮਿਲਦੀ ਹੈ, ਪਤਨੀ ਦੀਆਂ ਬਾਹਵਾਂ ਦੀਆਂ ਚੂੜੀਆਂ ਤੋੜ ਦਿੱਤੀਆਂ ਜਾਂਦੀਆਂ ਹਨ, ਮੱਥੇ ਤੋਂ ਬਿੰਦੀ ਪੂੰਝ ਦਿੱਤੀ ਜਾਂਦੀ ਹੈ ਅਤੇ ਚੀਰ (ਮਾਂਗ) ਨੂੰ ਸੰਧੂਰ ਮੁਕਤ ਕੀਤਾ ਜਾਂਦਾ ਹੈ। ਵਿਧਵਾ ਚਿੱਟੇ ਕੱਪੜੇ ਧਾਰਨ ਕਰਦੀ ਹੈ ਅਤੇ ਉਸ ਨੂੰ ਸ਼ਿੰਗਾਰ ਕਰਨ ਜਾਂ ਗਹਿਣੇ ਆਦਿਕ ਪਹਿਨਣ ਦੀ ਮਨਾਹੀ ਹੋ ਜਾਂਦੀ ਹੈ। ਜਵਾਨ ਕੁੜੀਆਂ ਅਤੇ ਨਵ-ਵਿਆਹੁਤਾ ਇਸਤ੍ਰੀਆਂ ਨੂੰ ਵਿਧਵਾਵਾਂ ਨਾਲ ਮਿਲਣ ਤੇ ਗੱਲਾਂ ਕਰਨ ਦੀ ਮਨਾਹੀ ਕੀਤੀ ਜਾਂਦੀ ਹੈ। ਇਨ੍ਹਾਂ ਨੂੰ ਮੰਦ-ਭਾਗਣਾਂ ਸਮਝਿਆ ਜਾਂਦਾ ਹੈ। ਕਈਆਂ ਸਮਾਜਿਕ ਕਾਰਜਾਂ ਵਿੱਚ ਵਿਧਵਾ ਔਰਤਾਂ ਨੂੰ ਭਾਗ ਲੈਣ ਦੀ ਆਗਿਆ ਨਹੀਂ ਹੁੰਦੀ।

ਆਮ ਕਰਕੇ ਸੁਆਮੀ ਵਿਵੇਕਾਨੰਦ (1862-1902) ਨੂੰ ਇਹ ਮਾਣ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੇ ਛੂਤ ਛਾਤ ਦਾ ਵਿਰੋਧ ਕੀਤਾ, ਹਿੰਦੂ ਸਮਾਜ ਵਿੱਚ ਨਾਰੀ ਦੇ ਯੋਗ ਸਥਾਨ ਦੀ ਪਹਿਚਾਣ ਕਰਵਾਈ ਅਤੇ ਇਨ੍ਹਾਂ ਨੂੰ ਉੱਚਾ ਚੁੱਕਣ ਦਾ ਪ੍ਰਯਾਸ ਕੀਤਾ। ਸੁਆਮੀ ਵਿਵੇਕਾਨੰਦ ਤੋਂ ਜਦੋਂ ਵਿਧਵਾਵਾਂ ਦੀ ਸਥਿੱਤੀ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਦਾ ਉਤੱਰ ਸੀ, " *ਮੈਂ ਕੋਈ ਵਿਧਵਾ ਤਾਂ ਨਹੀਂ ਕਿ ਮੈਨੂੰ ਪ੍ਰਸ਼ਨ ਪੁੱਛਦੇ ਹੋ? ਕੀ ਮੈਂ ਇਸਤ੍ਰੀ ਹਾਂ ? ਮੈਨੂੰ ਵਾਰ ਵਾਰ ਇਹ ਸਵਾਲ ਕਰਦੇ ਹੋ। ਤੁਸੀਂ ਕੌਣ ਹੁੰਦੇ ਹੋ ਨਾਰੀਆਂ ਦੀਆਂ ਸਮੱਸਿਆਵਾਂ ਦਾ ਸਮਾਧਾਨ ਕਰਨ ਵਾਲੇ ? ਕੀ ਤੁਸੀਂ ਪ੍ਰਮਾਤਮਾ ਹੋ ਕਿ ਵਿਧਵਾਵਾਂ ਤੇ ਨਾਰੀਆਂ ਤੁਹਾਡੇ ਅਨੁਸ਼ਾਸ਼ਨ ਅਧੀਨ ਚੱਲਣ ? ਪਰ੍ਹਾਂ ਰਵੋ। ਦੂਰ ਹੋਵੋ! ਇਹ ਆਪਣੀਆਂ ਸਮਸਿਆਵਾਂ ਆਪ ਹੀ ਹੱਲ ਕਰ ਲੈਣਗੀਆਂ" (Our Women* by Swami Vivekananda Advait Ashram Publication p.51) । ਉਨ੍ਹਾਂ ਦੇ ਕਥਨ ਅਨੁਸਾਰ "ਵਿਧਵਾ ਵਿਆਹ ਕਰਨ ਵਾਲੇ ਨੀਚ ਜ਼ਾਤੀ ਦੇ ਹੁੰਦੇ ਹਨ"। (ਪੰਨਾ 58)। ਬਾਲ ਵਿਧਵਾਵਾਂ ਦੀ ਦੂਜੀ ਸ਼ਾਦੀ ਦੀ ਸਮੱਸਿਆ ਨੂੰ ਅੱਜ ਤੱਕ

ਗੰਭੀਰਤਾ ਨਾਲ ਨਹੀਂ ਲਿਆ ਗਿਆ।[77] ਸੁਆਮੀ ਵਿਵੇਕਾਨੰਦ ਨੇ ਸੁਆਮੀ ਦਿਆਨੰਦ (1824-1883) ਦੇ ਆਧਾਰ ਤੇ ਲਿਖਿਆ ਹੈ ,"ਸੁਆਮੀ ਦਿਆਨੰਦ ਨੇ ਕਿਹਾ ਹੈ ਕਿ ਚਾਹੇ ਪਤਨੀ ਦੀ ਘਰ ਵਿੱਚ ਅਗਨੀ ਪੂਜਾ ਕਰਨ ਦੀ ਵੇਦਕ ਰੀਤੀ ਅਨੁਸਾਰ ਸਖ਼ਤ ਲੋੜ ਹੈ ਪਰ ਉਹ ਸ਼ਾਲਗ੍ਰਾਮ ਸ਼ਿਲਾਜਾ ਗ੍ਰਹਿ ਦੇ ਪੂਜਾ ਸਥਾਨ ਦੀਆਂ ਮੂਰਤੀਆਂ ਨੂੰ ਨਹੀਂ ਛੂਹ ਸਕਦੀ (ਉਹੀ ਪੰਨਾ 64)। ਹਿੰਦੂ ਵਿਦਵਾਨਾਂ ਦਾ ਵਿੱਚਾਰ ਹੈ ਕਿ ਬ੍ਰਹਮਚਰਯ (ਵਿਆਹ ਤਿਆਗ, ਲਿੰਗ-ਸਬੰਧ ਤਿਆਗ) ਪੁਰਖਾਂ ਅਤੇ ਇਸਤ੍ਰੀਆਂ ਦੋਹਾਂ ਲਈ ਜ਼ਰੂਰੀ ਹੈ। ਸੁਆਮੀ ਵਿਵੇਕਾਨੰਦ ਦਾ ਵਿੱਚਾਰ ਹੈ, "ਜੇ ਬ੍ਰਹਮਚਰਯ ਨਾਰੀ ਨੂੰ ਉਚੇਚਾ ਸੁਚੇਰਾ ਬਣਾਉਂਦਾ ਹੈ,ਤਾਂ ਬਿਲਕੁਲ ਇਸੇ ਤਰ੍ਹਾਂ ਮਰਦਾਂ ਨੂੰ ਵੀ ਇਹੀ ਗੁਣ ਪਰਦਾਨ ਕਰਦਾ ਹੈ"। (ਉਹੀ ਪੰਨਾ 69)। ਹਿੰਦੂ ਨਾਰੀਆਂ ਨੂੰ ਜਨੇਊ ਧਾਰਨ ਦੀ ਇਜਾਜ਼ਤ ਨਹੀਂ।

ਰਿਗ ਵੇਦ (10:85-45 ਅਤੇ ਸੂਤ੍ਰ 10 ਮੰਤ੍ਰ ਨੰਬਰ 10) ਅਤੇ ਅਥਰਵ ਵੇਦ (14-2-18) ਅਨੁਸਾਰ ਸੁਆਮੀ ਦਿਆਨੰਦ ਜੀ ਨਿਯੋਗ ਦੇ ਹੱਕ ਵਿੱਚ ਸਨ। ਨਿਯੋਗ ਅਨੁਸਾਰ ਕੋਈ ਵੀ ਵਿਧਵਾ ਨਰ ਬੱਚਾ ਪੈਦਾ ਕਰਨ ਦੀ ਇੱਛਾ ਨਾਲ ਗਿਆਰਾਂ ਪੁਰਸ਼ਾਂ ਤੱਕ ਨਾਲ ਸੰਭੋਗ ਕਰਨ ਦੀ ਆਗਿਆ ਰਖਦੀ ਹੈ ਤਾਂ ਜੋ ਉਹ ਨਰ ਬੱਚਾ ਪੈਦਾ ਕਰ ਕੇ ਆਪਣੇ ਵਿੱਛੜੇ ਪਤੀ ਨੂੰ ਸੁਰਗਾਂ ਵਿੱਚ ਪਹੁੰਚਣ ਦਾ ਰਾਹ ਦਿਖਾ ਸਕੇ (ਦੇਖੋ ਰਿਗ ਵੇਦਾਦੀਭਾਸ਼ਯ ਭੂਮਿਕਾ) ।[78] ਗੰਗਾ ਦੇ ਕਿਨਾਰੇ ਅਕਸਰ ਹਿੰਦੂ ਨਾਰੀਆਂ ਨੂੰ ਇਸ ਪ੍ਰਕਾਰ ਪ੍ਰਾਰਥਨਾ ਕਰਦਿਆਂ ਆਮ ਸੁਣਿਆ ਜਾ ਸਕਦਾ ਹੈ ਕਿ, "ਹੇ ਪਰਮਾਤਮਾ ਮੈਨੂੰ ਅਗਲੇ ਜਨਮ ਵਿੱਚ ਪੁਰਸ਼ ਬਣਾਉਣਾ"

### 4.5 ਦੇਵ ਦਾਸੀਆਂ

ਦੇਵ ਦਾਸੀਆਂ (ਰਾਮ ਦਾਸੀਆਂ, ਰਾਮ ਜਣੀਆਂ ਜਾਂ ਜੋਗਣੀਆਂ) ਉਹ ਜਵਾਨ ਕੁੜੀਆਂ ਹੁੰਦੀਆਂ ਸਨ ਜਿਨ੍ਹਾਂ ਨੂੰ ਵਸਤ੍ਰਾਂ ਨਾਲ ਸਜਾ ਕੇ ਚੜ੍ਹਦੀ ਉਮਰ ਵਿੱਚ ਮੰਦਰਾਂ ਵਿੱਚ ਭੇਟ ਕਰ

[77] ਵਿਧਵਾ ਔਰਤਾਂ ਦਾ ਦੂਜਾ ਵਿਆਹ ਕਰਨ ਦਾ ਕਾਨੂੰਨ ਈਸ਼ਵਰ ਚੰਦਰ ਵਿਦਿਆਸਾਗਰ ਦੀ ਹਿੰਮਤ ਨਾਲ 1856 ਵਿੱਚ ਪਾਸ ਹੋ ਗਿਆ ਸੀ । ਜਸਟਿਸ ਮਹਾਂਦੇਵ ਗੋਬਿੰਦਾ ਇਸ ਕਾਨੂੰਨ ਦੇ ਬਹੁਤ ਵੱਡੇ ਸਮਰਥਕ ਸਨ । ਹੈਰਾਨੀ ਹੈ ਕਿ ਅਜੇ ਵੀ ਵਿਧਵਾ ਔਰਤਾਂ ਬਾਰੇ ਪੁਰਾਤਨ ਘਸੇ ਪਿਟੇ ਵਿੱਚਾਰ ਤੁਰੇ ਆ ਰਹੇ ਹਨ ਜੋ ਬ੍ਰਾਹਮਣ ਵਾਦ ਦੀ ਹੀ ਦੇਣ ਹਨ । ਉਧਾਰਣ ਲਈ ਦੇਖੋ

(1) "ਵਿਧਵਾ ਆਪਣੀ ਮੌਤ ਤੱਕ ਆਪਣੇ ਤੇ ਕਾਬੂ ਰੱਖੇ ਅਤੇ ਇੱਖਲਾਕੀ ਪਵਿਤ੍ਰਤਾ ਕਾਇਮ ਰਖੇ"

(2) "ਇੱਕ ਨੇਕ ਔਰਤ ਉਹੀ ਹੈ ਜੋ ਪਤੀ ਦੇ ਸੁਰਗਵਾਸ ਹੋਣ ਉਪ੍ਰੰਤ ਬਾਕੀ ਦੀ ਉਮਰ ਰੰਡੇਪਾ ਖੁਸ਼ੀ ਨਾਲ ਕੱਟੇ"

(3) ਜੋ ਵਿਧਵਾ ਆਪਣੇ ਪਤੀ ਪ੍ਰਤੀ ਵਫਾਦਾਰ ਨਹੀਂ ਰਹਿ ਸਕਦੀ ਉਹ ਗਿੱਦੜੀ ਦੀ ਜੂਨ ਵਿੱਚ ਪੈਂਦੀ ਹੈ (ਮਨੂੰ ਦੇ ਨਿਯਮ ਕਾਂਡ 5:156-161)

[78] ਕਿਹੜੇ ਕਿਹੜੇ ਹਿੰਦੂ ਦੇਵਤੇ ਨਿਯੋਗ ਰਾਹੀਂ ਪੈਦਾ ਹੋਏ ਇਸ ਬਾਰੇ ਪੜ੍ਹੋ ਸੁਆਮੀ ਰਾਮ ਤੀਰਥ ਦੰਡੀ ਸੰਨਿਆਸੀ ਦੀ ਪੁਸਤਕ "ਸਰਬੋਤਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 79)



ਦਿੱਤਾ ਜਾਂਦਾ ਸੀ। ਇਹ ਲੜਕੀਆਂ ਦੇਵਤਿਆਂ ਦੀਆਂ ਮੂਰਤੀਆਂ ਅੱਗੇ ਨ੍ਰਿਤ ਕਰਦੀਆਂ ਅਤੇ ਅਸ਼ੀਰਵਾਦ ਮੰਗਦੀਆਂ ਸਨ ਕਿ ਭਰਪੂਰ ਫਸਲਾਂ ਹੋਣ, ਦੁੱਧ ਉਤਪਾਦਨ ਵਧੇ ਅਤੇ ਸਮਾਜ ਵਿੱਚ ਖੁਸ਼ੀ ਫੈਲੇ। ਮੰਦਰਾਂ ਵਿੱਚ ਇਹ ਅਕਸਰ ਪੁਜਾਰੀਆਂ ਲਈ ਭੋਗ-ਵਿਲਾਸ ਦਾ ਵਸੀਲਾ ਬਣਦੀਆਂ ਸਨ ਅਤੇ ਉੱਥੇ ਹੀ ਸਾਰੀ ਉਮਰ ਗੁਜ਼ਾਰ ਸਕਦੀਆਂ ਸਨ।[79] ਇਨ੍ਹਾਂ ਵਿੱਚੋਂ ਬਹੁਤੀਆਂ ਅਖੀਰਲੀ ਉਮਰ ਵਿੱਚ ਅਕਸਰ ਬਾਹਰ ਨਿੱਕਲ ਕੇ ਵੇਸਵਾਵਾਂ ਬਣ ਜਾਂਦੀਆਂ ਸਨ ਜਾਂ ਗਲੀਆਂ ਬਜ਼ਾਰਾਂ ਵਿੱਚ ਮੰਗ ਤੰਗ ਕੇ ਗੁਜ਼ਾਰਾ ਕਰਦੀਆਂ ਮੌਤ ਨੂੰ ਉਡੀਕਦੀਆਂ ਤੇ ਤ੍ਰਾਸਦੀ ਭੋਗਦੀਆਂ ਸਨ।

ਖੁਸ਼ਕਿਸਤੀ ਹੈ ਕਿ ਪੰਜਾਬ ਵਿੱਚੋਂ ਦੇਵ ਦਾਸੀਆਂ ਦੀ ਪ੍ਰਥਾ ਸਦੀਆਂ ਪਹਿਲਾਂ ਖ਼ਤਮ ਹੋ ਗਈ ਪਰ ਕਰਨਾਟਕ, ਮਹਾਂਰਾਸ਼ਟਰ ਅਤੇ ਆਂਧਰਾ ਪ੍ਰਦੇਸ਼ ਵਰਗੇ ਸੂਬਿਆਂ ਵਿੱਚ ਇਹ ਅਜੇ ਵੀ ਚੱਲ ਰਹੀ ਹੈ। ਕਰਨਾਟਕ ਵਿੱਚ ਨੀਲੇ ਰੰਗ ਦੀ ਯਾਲਾਮਾ ਦੇਵੀ ਦਾ ਬੁਤ ਮੰਦਰ ਵਿੱਚ ਲਾਇਆ ਹੋਇਆ ਹੈ ਜਿਸ ਦੇ ਸਿਰ ਵਿੱਚ ਸੋਨੇ ਦੀਆਂ ਤਾਰਾਂ ਦੇ ਵਾਲ ਬਣਾਏ ਹੋਏ ਹਨ। 14 ਸਾਲ ਦੀ ਉਮਰ ਦੀਆਂ ਕੁੜੀਆਂ ਨੂੰ ਹਾਰ ਸ਼ਿੰਗਾਰ ਨਾਲ ਸਜਾ ਕੇ ਇਸ ਦੇਵੀ ਦੀ ਭੇਟਾ ਕੀਤਾ ਜਾਂਦਾ ਹੈ ਅਤੇ ਉਹ ਪਰਣ ਕਰਦੀਆਂ ਹਨ ਕਿ ਕਦੇ ਵੀ ਵਿਆਹ ਨਹੀਂ ਕਰਵਾਉਣਗੀਆਂ। ਪੁਜਾਰੀ ਇਨ੍ਹਾਂ ਦਾ ਲਿੰਗ ਸ਼ੋਸ਼ਨ ਆਮ ਕਰਦੇ ਹਨ ਅਤੇ ਆਪਣੇ ਦਲਾਲਾਂ ਰਾਹੀਂ ਬੰਬਈ, ਕਲਕੱਤੇ ਮਦਰਾਸ ਅਤੇ ਦਿੱਲੀ ਆਦਿਕ ਸ਼ਹਿਰਾਂ ਵਿੱਚ ਕੰਜਰੀਆਂ ਬਣਾ ਕੇ ਵੇਚਦੇ ਹਨ। ਡਾਕਟਰ ਗਿਲਡਾ ਨੇ ਚੇਤਾਵਣੀ ਦਿੱਤੀ ਸੀ ਕਿ ਜੇ ਕਰ ਇਹ ਵਿਭਚਾਰ ਨਾ ਹਟਾਇਆ ਗਿਆ ਤਾਂ ਭਾਰਤ ਵਿੱਚ ਏਡਜ਼ (AIDS) ਦਾ ਰੋਗ ਬੇਕਾਬੂ ਹੋ ਜਾਵੇਗਾ। 1991 ਵਿੱਚ ਸਰਕਾਰ ਨੇ ਅਸ਼ੋਕ ਰੋਡਨ ਨਾਂ ਦੇ ਇੱਕ ਇਨਸਪੈਕਟਰ ਦੀ ਸਪੈਸ਼ਲ ਨਿਯੁਕਤੀ ਇਸੇ ਕੰਮ ਲਈ ਕੀਤੀ ਸੀ ਕਿ ਇਹ ਪ੍ਰਥਾ ਬੰਦ ਕਰਵਾਈ ਜਾਵੇ। ਅਸ਼ੋਕ ਨੇ 130 ਦੇਵਦਾਸੀਆਂ ਨੂੰ ਗੁਪਤ ਤੌਰ ਤੇ ਭਰਤੀ ਕਰ ਲਿਆ ਜਿਨ੍ਹਾਂ ਦੀ ਲੀਡਰ ਦੇਵ ਦਾਸੀ ਇਰਾਵਾ ਨੂੰ ਬਣਾਇਆ ਗਿਆ। ਉਸੇ ਸਾਲ ਪੂਰਨਮਾਸ਼ੀ ਵਾਲ਼ੀ ਰਾਤ ਨੂੰ ਥਾਂ ਥਾਂ 14 ਸਾਲਾਂ ਦੀਆਂ 2000 ਲੜਕੀਆਂ ਦੇਵ ਦਾਸੀਆਂ ਬਣਾ ਕੇ ਦੇਵੀ ਦੀ ਭੇਟਾ ਕੀਤੀਆਂ ਗਈਆਂ ਸਨ। ਛੇਤੀ ਹੀ ਸਰਕਾਰ ਦੇ ਗੁਪਤ ਯਤਨਾਂ ਦੀ ਕਲੀ ਖੁੱਲ੍ਹ ਗਈ ਅਤੇ ਜ਼ਿਮੀਂਦਾਰਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਜੇ ਕਰ ਇਹ ਪ੍ਰਥਾ ਬੰਦ ਕੀਤੀ ਗਈ ਤਾਂ ਫਸਲਾਂ ਨਹੀਂ ਉੱਗਣੀਆਂ। ਝੜੱਪਾਂ ਹੋਈਆਂ ਅਤੇ ਸ਼ੁਮਨਗਰ ਜ਼ਿਲ੍ਹੇ ਵਿੱਚ ਦੋ ਪੁਲਸ ਅਫਸਰ ਵੀ ਕਤਲ ਹੋ ਗਏ।

ਯਲਾਮਾ ਬਾਰੇ ਕਥਾ ਹੈ ਕਿ ਇੱਕ ਰਿਸ਼ੀ ਨੇ ਇੱਕ ਪੁੱਤ੍ਰ ਨੂੰ ਕਿਹਾ ਕਿ ਉਹ ਆਪਣੀ ਵਿਭਚਾਰਨ ਮਾਂ ਦਾ ਸਿਰ ਵੱਢ ਦੇਵੇ। ਪੁੱਤਰ ਨੇ ਸਿਰ ਤਾਂ ਵੱਢ ਦਿੱਤਾ ਪਰ ਉਸਨੂੰ ਕਿਸੇ

[79] ਇਸ ਸਬੰਧ ਵਿੱਚ ਦੀਪਾ ਮਹਿਤਾ ਦੀ ਫਿਲਮ ਵਾਟਰ (Water) ਜ਼ਰੂਰ ਦੇਖਣੀ ਚਾਹੀਦੀ ਹੈ।

ਯਾਲਾਮਾ ਨਾਂ ਦੀ ਸੂਦਰ ਜ਼ਨਾਨੀ ਦੇ ਧੜ ਉੱਪਰ ਲਾ ਦਿੱਤਾ। ਇਹ ਸੂਦਰ ਔਰਤ ਯਾਲਾਮਾ ਦੇਵੀ ਕਰਕੇ ਮੰਨੀ ਜਾਣ ਲੱਗ ਪਈ । 14 ਸਾਲ ਦੀਆਂ ਲੜਕੀਆਂ ਨੂੰ ਨੁਹਾ ਧੁਆ ਕੇ, ਅਤਰ ਫੁਲੇਲ ਲਾਕੇ, ਸ਼ਿੰਗਾਰ ਕਰਕੇ ਨਿਮ ਦੇ ਪੱਤਿਆਂ ਨਾਲ ਸਜਾਇਆ ਜਾਂਦਾ ਹੈ ਅਤੇ ਗਲ਼ ਵਿੱਚ ਲਾਲ ਅਤੇ ਚਿੱਟੇ ਮਣਕਿਆਂ ਦੀਆਂ ਮਾਲਾਵਾਂ ਸਜਾਈਆਂ ਜਾਂਦੀਆਂ ਹਨ। ਪਿੰਡ ਦੇ ਲੋਕ ਹਲਦੀ ਉਡਾਉਂਦੇ ਹੋਏ ਦੇਵਦਾਸੀ ਨੂੰ ਜਲੂਸ ਦੀ ਸ਼ਕਲ ਵਿੱਚ ਮੰਦਰ ਲੈ ਜਾਂਦੇ ਹਨ ਅਤੇ ਉਸ ਨੂੰ ਦੇਵੀ ਦੀ ਭੇਟਾ ਕਰ ਦਿੱਤਾ ਜਾਂਦਾ ਹੈ। ਇਹ ਰਵਾਜ ਨੇਪਾਲ ਵਿੱਚ ਅਜੇ ਵੀ ਥੋੜ੍ਹੇ ਜਿਹੇ ਫਰਕ ਨਾਲ ਚਾਲੂ ਹੈ। ਹੁਣੇ ਹੁਣੇ ਬਣੀ ਕਮਿਊਨਿਸਟ ਸਰਕਾਰ ਨੇ ਇਹ ਰਸਮ ਬੰਦ ਕਰਵਾਉਣ ਦੀ ਕੋਸ਼ਿਸ਼ ਵੀ ਕੀਤੀ ਸੀ ਪਰ ਲੋਕਾਂ ਵਲੋਂ (ਅਤੇ ਰਾਜੇ ਵਲੋਂ) ਕਾਫੀ ਵਿਰੋਧ ਹੋਇਆ। ਇੱਥੇ ਕੇਵਲ 4 ਸਾਲ ਦੀ ਲੜਕੀ ਨੂੰ ਹੀ ਫੁੱਲਾਂ ਨਾਲ ਸਜਾ ਕੇ ਮੰਦਰ ਵਿੱਚ ਭੇਟਾ ਕਰ ਦਿੱਤਾ ਜਾਂਦਾ ਹੈ।

### 4.6 ਬੁੱਧ ਧਰਮ

ਮਹਾਤਮਾ ਬੁੱਧ ਦੇ ਗਿਆਨ-ਅਵਸਥਾ ਪ੍ਰਾਪਤੀ ਦੇ ਪੰਜਵੇਂ ਸਾਲ ਵਿੱਚ ਇਹ ਪ੍ਰਸ਼ਨ ਪੈਦਾ ਹੋਇਆ ਕਿ ਕੀ ਨਾਰੀਆਂ ਨੂੰ ਧਰਮ-ਸਿੱਖਿਆ ਅਤੇ ਬੁੱਧ ਧਰਮ-ਮਾਰਗ ਵਿੱਚ ਪ੍ਰਵੇਸ਼ ਕਰਨ ਦੀ ਆਗਿਆ ਦਿੱਤੀ ਜਾਵੇ ਜਾਂ ਨਾ। ਇਸ ਸਬੰਧ ਵਿੱਚ ਦਾਖ਼ਲੇ ਲਈ ਬੇਨਤੀ ਮਹਾਤਮਾ ਬੁੱਧ ਦੀ ਵਿਧਵਾ ਮਾਤਾ ਮਹਾਂਪ੍ਰਜਾਪਤੀ ਵਲੋਂ ਕੀਤੀ ਗਈ ਸੀ। "ਉਹ ਆਪਣੀ ਗੱਲ ਮਨਵਾਉਣ ਲਈ ਹਰ ਥਾਂ ਮਹਾਤਮਾ ਬੁੱਧ ਦੇ ਪਿੱਛੇ ਪਿੱਛੇ ਜਾਂਦੀ ਰਹੀ ਇੱਥੋਂ ਤਕ ਕਿ ਉਸ ਦੇ ਪੈਰ ਸੁੱਜ ਗਏ ਅਤੇ ਚਿਕੜ ਮਿੱਟੀ ਘੱਟੇ ਨਾਲ ਭਰਦੇ ਰਹੇ ਪਰ ਉਹ ਬਿਨਾਂ ਰੁਕਿਆਂ ਬੁਧ ਜੀ ਦੇ ਮਗਰ ਚਲਦੀ ਫਿਰਦੀ ਹੀ ਰਹੀ। ਅੰਤ ਉਹ ਮਹਾਤਮਾ ਬੁੱਧ ਦੇ ਦਰ ਤੇ ਖੜੋ ਕੇ ਰੋਣ ਲੱਗ ਪਈ ।[80] ਉਸ ਨੂੰ ਇਸ ਹਾਲਤ ਵਿੱਚ ਦੇਖ ਕੇ ਮਹਾਤਮਾ ਬੁੱਧ ਦੇ ਨਿਕਟਵਰਤੀ ਸ਼ਰਧਾਲੂ ਚੇਲੇ ਆਨੰਦ ਨੇ ਬਿਰਧ ਮਹਾਂਪਰਜਾਪਤੀ ਨੂੰ ਭਰੋਸਾ ਦਵਾਇਆ ਕਿ ਉਹ ਮਹਾਤਮਾ ਜੀ ਨਾਲ ਇਸ ਬਾਰੇ ਖੁਲ੍ਹ ਕੇ ਵਿੱਚਾਰ ਕਰੇਗਾ । ਆਨੰਦ ਅਤੇ ਮਹਾਤਮਾ ਜੀ ਵਿੱਚਕਾਰ ਵਾਰਤਾਲਾਪ ਕੁੱਝ ਇਸ ਤਰ੍ਹਾਂ ਹੋਈ ਦੱਸੀ ਜਾਂਦੀ ਹੈ :

ਆਨੰਦ:- ਹੇ ਮਹਾਤਮਾ ਨਾਰੀਆਂ ਨਾਲ ਸਾਡਾ ਵਿਉਹਾਰ ਕੈਸਾ ਹੋਣਾ ਚਾਹੀਦਾ ਹੈ ?
ਮਹਾਤਮਾ ਬੁੱਧ:- ਉਨ੍ਹਾਂ ਵਲ ਨਾਂ ਹੀ ਦੇਖੋ ਤਾਂ ਚੰਗਾ ਹੈ ।
ਆਨੰਦ:-ਪਰ ਜੇ ਕਦੀ ਇਨ੍ਹਾਂ ਨਾਲ ਵਾਹ ਪੈ ਹੀ ਜਾਵੇ ਤਾਂ ਕੀ ਕੀਤਾ ਜਾਵੇ?
ਮਹਾਤਮਾ ਬੁੱਧ:- ਤਾਂ ਬਿਲਕੁਲ ਚੁੱਪ ਰਹੋ।

[80] Hindu Civilzation page 255



ਆਨੰਦ:-ਪਰ ਜੇ ਬੋਲਣਾ ਵੀ ਅਤ ਜ਼ਰੂਰੀ ਹੋ ਜਾਵੇ?
ਮਹਾਤਮਾ ਬੁੱਧ:- ਪੂਰੀ ਤਰ੍ਹਾਂ ਸੁਚੇਤ ਰਹੋ ਅਤੇ ਹਰ ਪ੍ਰਕਾਰ ਦੀ ਸਾਵਧਾਨੀ ਵਰਤੋ।

ਆਨੰਦ ਦੀ ਸਿਫਾਰਸ਼ ਦੇ ਫਲ-ਸਰੂਪ ਮਹਾਤਮਾ ਬੁੱਧ ਨੇ ਨਾਰੀਆਂ ਨੂੰ ਇਸ ਸ਼ਰਤ ਤੇ ਬੁੱਧ ਧਰਮ ਵਿੱਚ ਪ੍ਰਵੇਸ਼ ਦੀ ਆਗਆ ਦੇ ਦਿੱਤੀ ਕਿ ਉਹ ਹਮੇਸ਼ਾ ਅਸ਼ਟ-ਮਾਰਗ ਨਿਯਮਾਵਲੀ ਅਨੁਸਾਰ ਚਲਣਗੀਆਂ। ਇਨ੍ਹਾ ਨਿਯਮਾਂ ਵਿੱਚ ਅੱਠਵਾਂ ਨਿਯਮ ਇਹ ਵੀ ਸੀ ਕਿ ਬੁੱਧ ਭਿਕਸ਼ਣੀਆਂ ਮਰਦ ਭਿਕਸ਼ੂ ਨੂੰ ਪ੍ਰਨਾਮ ਕਰਿਆ ਕਰਨਗੀਆਂ, ਉਸ ਬਾਰੇ ਭੁੱਲ ਕੇ ਵੀ ਕਦੇ ਬੁਰਾ ਸ਼ਬਦ ਨਹੀਂ ਬੋਲਣਗੀਆਂ ਅਤੇ ਉਸ ਦੇ ਹੁਕਮਾਂ ਦੀ ਅਵਗਿਆ ਨਹੀਂ ਕਰਨਗੀਆਂ। ਭਿਖਸ਼ਣੀਆਂ ਉਸ ਅਸਥਾਨ ਤੇ ਨਹੀਂ ਜਾਣਗੀਆਂ ਜਿੱਥੇ ਕੋਈ ਬੁੱਧ ਭਿਕਸ਼ੂ ਨਾ ਹੋਵੇ ।[81]

ਮਹਾਤਮਾ ਬੁੱਧ ਦਾ ਵਿੱਚਾਰ ਸੀ ਕਿ ਅਜਿਹੇ ਕਰੜੇ ਨਿਯਮ ਜ਼ਰੂਰੀ ਹਨ, " ਇਹ ਕਿਸੇ ਅਜਿਹੇ ਮਜ਼ਬੂਤ ਬੰਨ੍ਹ ਵਾਂਗ ਹੁੰਦੇ ਹਨ ਜੋ ਪਾਣੀ ਦੇ ਵਹਾ ਨੂੰ ਰੋਕ ਕੇ ਰਖਦਾ ਹੈ। ਜੇ ਕਰ ਔਰਤਾਂ ਨੂੰ ਧਰਮ ਪਰਵੇਸ਼ ਕਰਨ ਦੀ ਖੁੱਲ੍ਹ ਦੇ ਦਿੱਤੀ ਗਈ ਤਾਂ ਇਹ ਇੱਕ ਅਜਿਹਾ ਘਰ (ਧਰਮ) ਬਣ ਜਾਵੇਗਾ ਜਿਥੇ ਮਰਦਾਂ ਦੇ ਟਾਕਰੇ ਵਿੱਚ ਔਰਤਾਂ ਦੀ ਗਿਣਤੀ ਵੱਧ ਜਾਵੇਗੀ। ਐਸੀ ਪ੍ਰਸਥਿੱਤੀ ਵਿੱਚ ਚੋਰ ਡਾਕੂ ਲੁਟੇਰੇ ਲੁੱਟ ਮਾਰ ਕਰਨਗੇ ਅਤੇ ਭੰਨ-ਤੋੜ ਹੋਵੇਗੀ। ਅਜਿਹਾ ਘਰ (ਧਰਮ) ਜੇ ਇੱਕ ਹਜ਼ਾਰ ਵਰ੍ਹੇ ਟਿਕਣਾ ਸੀ ਤਾਂ ਮਸਾਂ ਪੰਜ ਸੌ ਸਾਲ ਹੀ ਟਿਕ ਸਕੇਗਾ"। (Hindu Civilization P.255)

"ਥੇਰਾ ਗਾਥਾ" ਗ੍ਰੰਥ ਤੋਂ ਪਤਾ ਚਲਦਾ ਹੈ ਕਿ 70 ਤੋਂ ਵੱਧ ਬੋਧੀ ਸਾਧਵੀਆਂ ਨੇ ਕਾਵਿ-ਰਚਨਾਵਾਂ ਕੀਤੀਆਂ। ਇਨ੍ਹਾਂ ਵਿੱਚੋਂ ਪ੍ਰਸਿੱਧ ਸਾਧਵੀਆਂ ਇਹ ਸਨ: ਗੋਤਮੀ (ਮਹਾਤਮਾ ਬੁੱਧ ਦੀ ਚਾਚੀ), ਮਹਾਂ ਪ੍ਰਜਾਪਤੀ, ਤਿੱਸਾ, ਅਭਿਰੂਪਾਨੰਦਾ, ਮਿੱਤਾ, ਖੈਮਾ (ਰਾਜੇ ਬਿੰਦੂਸਾਰ ਦੀ ਪਤਨੀ) ਅਤੇ ਸੁੰਦਰੀਨੰਦਾ। ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਨ੍ਹਾਂ ਸਾਧਵੀਆਂ ਨੇ ਅਰਹਤ ਪਦ (ਮੁਕਤੀ) ਦੀ ਪ੍ਰਾਪਤੀ ਕਰ ਲਈ ਸੀ।

ਹਿੰਦੂ ਧਰਮ ਵਾਂਗ ਬੁੱਧ ਧਰਮ ਵੀ ਘਰ-ਤਿਆਗ ਅਤੇ ਸੰਨਿਆਸ ਧਾਰਨ ਕਰਕੇ ਜੰਗਲਾਂ ਵਿੱਚ ਨਿਵਾਸ ਕਰਨ ਦੀ ਸਿੱਖਿਆ ਦਿੰਦਾ ਹੈ ।) [82] । ਜਦੋਂ ਬੁੱਧ ਅਤੇ ਜੈਨ ਨਾਰੀਆਂ (ਵਿਸ਼ੇਸ਼ ਕਰਕੇ ਸਾਕਯ ਕੁਲ ਦੀਆਂ ਔਰਤਾਂ) ਵਣਾਂ ਵਿੱਚ ਰਹਿਣ ਲੱਗ

[81] On this point Meghasthenes writes "*Women are permitted to share philosophic life on condition that they observed complete sexual continence like the monks*"

[82] "Full of hindrance is the house-hold life, a path defiled by passion.Free as the air is the life of him who has renounced all worldly things." (Tevigga Suttana Translated by T.W.Rhys David p.187)

ਪਈਆਂ ਅਤੇ ਭਿਕਸ਼ਣੀਆਂ ਬਣ ਗਈਆਂ ਤਾਂ ਸਥਿੱਤੀਆਂ ਵਿਗੜਣ ਲੱਗ ਪਈਆਂ। ਸੰਨਿਆਸੀਆਂ ਦੇ ਮੱਠ ਅਤੇ ਨਿਵਾਸ ਅਸਥਾਨ ਭ੍ਰਿਸ਼ਟਾਚਾਰ ਦੇ ਕੇਂਦਰ ਬਣ ਗਏ।[83] ਥੋੜ੍ਹੇ ਹੀ ਸਮੇਂ ਵਿੱਚ ਇਹ ਪ੍ਰਤੀਤ ਹੋਣ ਲੱਗ ਪਿਆ ਕਿ ਨਾਰੀਆਂ ਰੱਸੇ ਨਾਲ ਬੱਝੇ ਹੋਏ ਪਸ਼ੂ ਵਾਂਗ ਜਾਂ ਪਿੰਜਰੇ ਵਿੱਚ ਪਏ ਹੋਏ ਪੰਛੀ ਵਾਂਗ ਸਨ। ਸਾਧਵੀਆਂ ਕਿਸੇ ਵੀ ਵੇਲੇ ਮਹਾਂ ਭਿਕਸ਼ੂ (Monk Incharge) ਦੀ ਆਗਿਆ ਬਿਨਾ ਕਿਧਰੇ ਨਹੀਂ ਸੀ ਜਾ ਸਕਦੀਆਂ ।[84] ਕੁੱਝ ਭਿਕਸ਼ੂ ਤਾਂ ਇਹ ਵੀ ਕਹਿਣ ਲੱਗ ਪਏ ਕਿ ਗਿਆਨ ਪ੍ਰਾਪਤੀ, ਲਿੰਗ-ਕਾਮਨਾ ਤਿਆਗ, ਸ਼ਰਧਾ-ਭਗਤੀ ਅਤੇ ਪੂਰਣ ਆਤਮ-ਸਮਰਪਣ ਜ਼ਨਾਨੀਆਂ ਲਈ ਅਸੰਭਵ ਹੈ। ਛੇਤੀ ਹੀ ਨਾਰੀਆਂ ਉੱਪਰ ਇਹ ਪਾਬੰਦੀ ਵੀ ਲਾ ਦਿੱਤੀ ਗਈ ਕਿ ਉਹ ਧਰਮ ਗ੍ਰੰਥ ਨਹੀਂ ਪੜ੍ਹਣਗੀਆਂ ਅਤੇ ਨਾ ਹੀ ਵਿਧਵਾ-ਵਿਆਹ ਕਰਵਾ ਸਕਣਗੀਆਂ। ਉਨ੍ਹਾਂ ਨਾਲ ਸ਼ੂਦਰਾਂ ਵਰਗਾ ਵਿਵਹਾਰ ਹੋਣ ਲੱਗ ਪਿਆ ਅਤੇ ਉਨ੍ਹਾਂ ਨੂੰ ਆਤਮਿਕ ਦ੍ਰਿਸ਼ਟੀ ਤੋਂ ਨੀਵੀਆਂ ਮੰਨਿਆ ਜਾਣ ਲੱਗ ਪਿਆ।[85]

ਹੌਲੀ ਹੌਲ਼ੀ ਸਮਾਜ ਵਿੱਚ ਭ੍ਰਿਸ਼ਟਾਚਾਰ ਫੈਲਦਾ ਗਿਆ। ਵਾਮ ਮਾਰਗ ਦਾ ਪ੍ਰਚਾਰ ਆਮ ਹੋ ਗਿਆ ਅਤੇ ਲੋਕਾਂ ਵਿੱਚ ਵਿਭਚਾਰ ਅਤੇ ਭ੍ਰਿਸ਼ਟਾਚਾਰ ਨੂੰ ਇੱਕ ਤਰ੍ਹਾਂ ਨਾਲ ਸਮਾਜਕ ਪ੍ਰਵਾਣਗੀ ਹੀ ਮਿਲ ਗਈ। ਵਾਮ ਮਾਰਗੀ ਤਰ੍ਹਾਂ ਤਰ੍ਹਾਂ ਦੇ ਨਸ਼ੇ ਕਰਦੇ , ਪਤਨੀਆਂ ਵਟਾਉਂਦੇ, ਜ਼ਨਾਨੀਆਂ ਵੇਚਦੇ ਅਤੇ ਦੌੜਾਂ ਅਤੇ ਘੋਲਾਂ ਅਦਿਕ ਦੇ ਜੇਤੂਆਂ ਨੂੰ ਜ਼ਨਾਨੀਆਂ ਇਨਾਮਾਂ ਵਿੱਚ ਦਿੰਦੇ ਸਨ। ਇਹ ਬਲਾਤਕਾਰ ਕਰਨ ਵਿੱਚ ਮਾਂ ਅਤੇ ਭੈਣ ਆਦਿਕ ਦਾ ਵਖਰੇਵਾਂ ਵੀ ਨਹੀਂ ਕਰਦੇ ਸਨ। ਇਨ੍ਹਾਂ ਦਾ ਨਾਹਰਾ ਸੀ **"ਪੀਤਵਾ ਪੀਤਵਾ ਪੁਨਾ ਪੀਤਵਾ ਯਾਵਤ ਗਿਰਤ ਨਾ ਭੂ ਤਲੇ" (ਜਿੰਨਾਂ ਚਿਰ ਨਸ਼ੇ ਵਿੱਚ ਆਕੇ**

[83] ਮਾਨਵਿਕਾ ਚਿੰਚਾ ਨਾਮ ਦੀ ਇੱਕ ਸਾਧਵੀ ਨੂੰ ਕੁੱਝ ਸਾਧਾਂ (ਬੋਧੀ ਭਿਕਸ਼ੂਆਂ) ਨੇ ਮੱਲੋ ਜੋਰੀ ਫੜ ਲਿਆ । ਇਹੀ ਨਹੀਂ ਮਹਾਤਮਾ ਬੁੱਧ ਉੱਪਰ ਵੀ ਬਲਾਤਕਾਰ ਦੇ ਦੋਸ਼ ਲੱਗਣੇ ਆਰੰਭ ਹੋ ਗਏ । ਉਸ ਦੇ ਵਿਰੋਧੀਆਂ ਨੇ ਦੋਸ਼ ਲਾਇਆ ਕਿ ਮਹਾਤਮਾ ਨੇ ਸਾਧਵੀ ਪਰੀਵਾਜਕਾ (ਜਿਸ ਨੂੰ ਸੁੰਦਰੀ ਵੀ ਕਿਹਾ ਜਾਂਦਾ ਸੀ) ਨਾਲ ਲਿੰਗ ਸਬੰਧ ਬਣਾਏ ਅਤੇ ਦੁਸ਼ਕਰਮ ਕੀਤਾ ।

[84] ਸ਼ਬਦ "ਭਿਕਸ਼ੂ" ਭਿਖਿਆ (ਮੰਗਣ) ਤੋਂ ਬਣਿਆਂ ਜਾਪਦਾ ਹੈ। ਹਰ ਭਿਕਸ਼ੂ ਨੂੰ ਨਿਮਰਤਾ ਧਾਰਨ ਕਰਨ ਲਈ ਭਿਖਿਆ ਮੰਗਣ ਜਾਣਾ ਪੈਂਦਾ ਹੈ।

[85] "*In Budhism woman Bhikshanis are deemed second grade compared to male Bhikshus who are considered senior to them. A male Bhikshu is not supposed to touch and rescue a drowning woman even if she were his mother.* (Recent researches in Sikhism Panjabi University Patiala p.17). *"The nuns formed a distinct community which was practically subordinate to the community of monks.*(Main currents of Indian History by Majumdar & P.N.Chopra p.28) *"The Woman Bhikshu even if she were an old entrant in the Bhikshu order was considered junior to male Bhikshu who joined the order later than she had done"(*Essentials of Sikhism by Daljeet Singh p.186) ਬੋਧੀ ਸਾਹਿਤ ਵਿੱਚ ਇਸਤ੍ਰੀਆਂ ਲਈ ਨਿਰਾਦਰ-ਭਰਪੂਰ ਸ਼ਬਦਾਵਲ਼ੀ ਆਮ ਮਿਲ ਜਾਂਦੀ ਹੈ ।



**ਧਰਤੀ ਤੇ ਨਹੀਂ ਡਿੱਗ ਪੈਂਦੇ ਉਨਾਂ ਚਿਰ ਪੀਵੀ ਚੱਲੋ)** [86]

## 4.7 ਸਿੱਧ ਨਾਥ

ਸਿੱਧ, ਨਾਥ, ਜਾਂ ਯੋਗੀ ਨੌਵੀਂ ਸਦੀ ਤੋਂ 12 ਵੀਂ ਸਦੀ ਤੱਕ ਭਾਰਤ ਅਤੇ ਖਾਸ ਕਰ ਪੰਜਾਬ ਵਿੱਚ ਆਮ ਸਨ। ਇਨ੍ਹਾਂ ਦਾ ਮੁੱਢ ਪਾਤੰਜਲੀ ਰਿਸ਼ੀ (150 ਪੂ:ਈ) ਤੋਂ ਮੰਨਿਆ ਜਾਂਦਾ ਹੈ । ਇਨ੍ਹਾਂ ਵਿੱਚੋਂ ਕੁੱਝ ਆਪਣੇ ਆਪ ਨੂੰ ਨੇਪਾਲ ਦੇ ਸ਼ੰਕਰ ਨਾਥ (ਆਦ ਨਾਥ) ਦੇ ਚੇਲੇ ਮੰਨਦੇ ਸਨ ਅਤੇ ਮਛੰਦਰ ਨਾਥ ਨੂੰ ਆਤਮਿਕ ਗੁਰੂ ਕੀਹੰਦੇ ਸਨ। ਹਰ ਸਿੱਧ ਨੂੰ ਤਿੰਨ ਪਰਣ ਕਰਨੇ ਪੈਂਦੇ ਸਨ (1) ਮੈਂ ਸਾਰੀ ਉਮਰ ਬ੍ਰਹਮਚਾਰੀ ਰਹਾਂਗਾ (ਸ਼ਾਦੀ ਨਹੀਂ ਕਰਵਾਵਾਂਗਾ) (2) ਮੈਂ ਹਿੰਸਕ ਨਹੀਂ ਹੋਵਾਂਗਾ (ਜਾਨਵਰ ਨਹੀਂ ਮਾਰਾਂਗਾ) (3) ਮੈਂ ਭੀਖ ਮੰਗ ਕੇ ਗੁਜ਼ਾਰਾ ਕਰਾਂਗਾ ਅਤੇ ਕੋਈ ਕਿੱਤਾ ਧਾਰਨ ਨਹੀਂ ਕਰਾਂਗਾ।[87] ਇਹ ਲੋਕ ਕੰਨਾਂ ਵਿੱਚ ਮੁੰਦਰਾਂ ਪਾਉਂਦੇ , ਸ੍ਰੀਰ ਨੂੰ ਸੁਆਹ ਮਲਦੇ, ਜੰਗਲਾਂ ਵਿੱਚ ਨੰਗੇ ਰਹਿੰਦੇ, ਅਤੇ ਸਾਰੀ ਉਮਰ ਪਹਾੜਾਂ ਦੀਆਂ ਕੰਦਰਾਂ ਵਿੱਚ ਗੁਜ਼ਾਰਦੇ ਸਨ। ਸਿਰ ਦੇ ਵਾਲਾਂ ਨੂੰ ਲੰਮਾ ਕਰਕੇ ਅਤੇ ਦਰਖ਼ਤਾਂ ਦੀ ਚੀਪ ਨਾਲ ਘੁੰਘਰ ਜਿਹੇ ਬਣਾ ਕੇ ਸਿਰ ਉਪਰ ਪੱਗ ਵਾਂਗ ਬੰਨ੍ਹ ਛੱਡਦੇ ਸਨ। ਹਰ ਸਿੱਧ ਪਾਸ ਇੱਕ ਸੰਖ ਹੁੰਦਾ ਸੀ ਜਿਸ ਨੂੰ ਇਹ ਸਿੰਗੀ ਆਖਦੇ ਸਨ । ਘਰ ਬਾਰੀਆਂ ਨੂੰ ਨਫਰਤ ਕਰਦੇ ਸਨ ਪਰ ਮੰਗਣ ਵੀ ਉਨ੍ਹਾਂ ਪਾਸ ਹੀ ਜਾਂਦੇ ਸਨ **"ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰ ਉਨਕੇ ਘਰ ਮੰਗਣਿ ਜਾਈ"-** (ਭਾਈ ਗੁਰਦਾਸ) । ਇਨ੍ਹਾਂ ਦਾ ਇੱਕ ਪ੍ਰਸਿੱਧ ਆਗੂ ਗੋਰਖ ਨਾਥ ਹੋਇਆ ਹੈ ਜੋ ਬਹੁਤਾ ਪੰਜਾਬ ਵਿੱਚ ਹੀ ਰਿਹਾ।

ਲੋਕ ਇਨ੍ਹਾਂ ਤੋਂ ਬਹੁਤ ਡਰਦੇ ਸਨ ਕਿਉਂਕਿ ਇਹ ਵਿਸ਼ਵਾਸ਼ ਕੀਤਾ ਜਾਂਦਾ ਸੀ ਕਿ ਸਿੱਧ ਚਮਤਕਾਰੀ ਸਾਧੂ ਹੁੰਦੇ ਹਨ ਅਤੇ ਜੋ ਚਾਹੇ ਕਰ ਸਕਦੇ ਸਨ। ਸਾਰੇ ਦੇ ਸਾਰੇ ਸਿੱਧ

[86] ਖੁਸ਼ਕਿਮਤੀ ਨਾਲ ਪੰਜਾਬ ਵਿੱਚ ਬਹੁਤੇ ਵਾਮ ਮਾਰਗੀ ਨਹੀਂ ਸਨ ਪਰ 19ਵੀਂ ਸਦੀ ਵਿੱਚ ਗੁਲਾਬ ਦਾਸ ਨੇ ਇਸ ਮੁਰਦਾ ਧਰਮ ਵਿੱਚ ਜਾਨ ਪਾਉਣ ਲਈ ਇਸ ਧਰਮ ਨੂੰ ਪੰਜਾਬ ਵਿੱਚ ਚਾਲੂ ਕਰਨ ਦੇ ਯਤਨ ਕੀਤੇ । ਗੁਲਾਬ ਦਾਸ ਦਾ ਅਸਲ ਨਾਂ ਗੁਲਾਬ ਸਿੰਘ ਸੀ ਅਤੇ ਇਹ 1809 ਵਿੱਚ ਹਮੀਰ ਸਿੰਘ ਦੇ ਘਰ ਪਿੰਡ ਰਟੌਲ਼ (ਅੰਮ੍ਰਿਤਸਰ) ਵਿੱਚ ਪੈਦਾ ਹੋਇਆ ਸੀ । ਹਰ ਰੋਜ਼ ਸ਼ਰਾਬ ਪੀਣੀ, ਜ਼ਨਾਨੀਆਂ ਨਚਾਉਣੀਆਂ ਅਤੇ ਨਸ਼ੇ ਵਰਤਨੇ ਇਸ ਦੇ ਧਰਮ ਦਾ ਹਿੱਸਾ ਸੀ । ਕਸੂਰ ਦੇ ਨੇੜੇ ਚੱਠਾ ਪਿੰਡ ਵਿੱਚ ਡੇਰਾ ਬਣਾਇਆ ਅਤੇ ਖੁਲ੍ਹਮ ਖੁੱਲਾ ਕੰਜਰੀਆਂ ਰੱਖੀਆਂ । ਇਸ ਨੇ ਕਲ਼ਗੀ ਲਾਉਣੀ ਅਤੇ ਗੁਰੂ ਅਖਵਾਉਣਾ ਸ਼ੁਰੂ ਕਰ ਦਿੱਤਾ, ਅਪਣੇ ਮਤਵੰਨੇ ਪੁੱਤਰ ਦਾ ਨਾਂ ਹਰਗੋਬਿੰਦ ਰੱਖਿਆ ਅਤੇ ਪੋਤਰੇ ਦਾ ਨਾਂ ਤੇਗ਼ ਬਹਾਦਰ ਰੱਖਿਆ । ਨਿਰੰਕਾਰੀਆਂ, ਨਾਮਧਾਰੀਆਂ ਅਤੇ ਪਟਿਆਲੇ ਦੇ ਮਹਾਰਾਜਾ ਨਰਿੰਦਰ ਸਿੰਘ ਨੇ ਪੁੱਜ ਕੇ ਇਸ ਦੀ ਮੁਖ਼ਾਲਫਤ ਕੀਤੀ ਪਰ ਅੰਗ੍ਰੇਜ਼ਾਂ ਦੀ ਸ਼ਹਿ ਹੋਣ ਕਰਕੇ ਇਹ (ਕੁ)ਧਰਮ ਵਧਦਾ ਹੀ ਗਿਆ । 1873 ਵਿੱਚ ਗੁਲਾਬ ਦਾਸ ਪੀਰੋ ਕੰਜਰੀ ਸਮੇਤ ਨਸ਼ੇ ਵਿੱਚ ਧੁੱਤ ਹੋਇਆ ਮਰ ਗਿਆ ਅਤੇ ਦੋਹਾਂ ਨੂੰ ਇੱਕੋ ਕਬਰ ਵਿੱਚ ਦੱਬ ਦਿੱਤਾ ਗਿਆ । ਇਸ ਦੇ ਚੇਲਿਆਂ ਨੂੰ ਗੁਲਾਬ ਦਾਸੀਏ ਕਹਿੰਦੇ ਹਨ । ਇਸ ਦੀ ਕਵਿਤਾ ਦੇ ਕੁੱਝ ਨਮੂਨੇ ਇਹ ਹਨ, "ਹਮ ਹੈਂ ਕੁਰਾਹੀ ਕਾਫਰ ਬਿਗੜੇ ਢਾਹ ਜਗਤ ਕੀ ਰੀਸਾ ਰੇ ॥ਦਾਸ ਗੁਲਾਬ ਅਜਾਤ ਭਏ ਹੈ ਮਿਲ ਕਰ ਆਪਣੇ ਮੀਤਾ ਰੇ ॥ ਆਓ ਸਹੀਓ ਰਲ ਦਰਸ਼ਨ ਕਰੀਏ ਚੱਠਿਆਂ ਵਾਲੇ ਗੁਰ ਕਾ । ਦਰਸ਼ਨ ਪਾਈਏ ਬਲ ਬਲ ਜਾਈਏ ਸੈਲ ਕਰਾਵੇ ਧੁਰ ਕਾ ॥ ਨਰ ਨਾਰੀ ਸਭ ਦਰਸ਼ਨ ਆਵੈਂ ਪਰਸੇ ਭਵਨ ਹੁਜਰ ਕਾ । ਦਰਸ਼ਨ ਦਾਸ ਗੁਲਾਬ ਗੁਰਾਂ ਕਾ ਪਾਏ ਭਾਗ ਮਥੁਰ ਕਾ ॥ (ਗੁਲਾਬ ਚਮਨ ਪੁਸਤਕ ਵਿੱਚੋਂ)

[87] ਹੋਰ ਜਾਣਕਾਰੀ ਲਈ ਪੜ੍ਹੋ "Indian Sadhus" by G.S. Ghurye p.39)

ਔਰਤ ਤੋਂ ਘਿਰਣਾ ਕਰਦੇ ਸਨ । ਇਨ੍ਹਾਂ ਦੇ ਵਿੱਚਾਰ ਅਨੁਸਾਰ ਔਰਤ ਹੀ ਪੁਰਸ਼ ਨੂੰ ਵਿਭਚਾਰੀ ਬਣਾਉਂਦੀ ਹੈ। ਕੰਨ ਪਾਟਾ ਯੋਗੀ ਗੋਰਖ ਨਾਥ ਔਰਤ ਨੂੰ ਬਘਿਆੜੀ ਦੀ ਸੰਗਿਆ ਦਿੰਦਾ ਲਿਖਦਾ ਹੈ ਕਿ ਔਰਤ ਪੁਰਸ਼ ਦੇ ਸ੍ਰੀਰ ਨੂੰ ਨੋਚ ਕੇ ਖ਼ਤਮ ਕਰ ਦਿੰਦੀ ਹੈ। ਇਸ ਨੇ ਤਿੰਨ ਲੋਕ ਉਜਾੜੇ ਹਨ। ਮੈਂ ਹੀ ਇਸ ਤੇ ਕਾਬੂ ਪਾ ਸਕਿਆ ਹਾਂ।

**" ਬਾਘਨ ਜਿੰਦ ਲੇ ਬਾਘਨ ਬਿੰਦ ਲੇ, ਬਾਘਨ ਹਮਰੀ ਕਾਇਆ । ਇਨ ਬਾਘਨ ਤ੍ਰੈ ਲੋਈ ਖਾਈ ਬੱਧਤ ਗੋਰਖ ਰਾਇਆ" ॥**

ਕਹਿੰਦੇ ਹਨ ਗੋਰਖ ਨਾਥ ਦਾ ਗੁਰੂ ਮਛੰਦਰ ਨਾਥ ਔਰਤਾਂ ਦੀ ਅਸਲੀਅਤ ਜਾਨਣ ਲਈ ਕਿਸੇ ਰਾਜੇ ਦੇ ਸ੍ਰੀਰ ਵਿੱਚ ਜਾ ਵੜਿਆ ਅਤੇ ਗ੍ਰਿਹਸਤ ਮਾਣਦਾ ਰਿਹਾ। ਮੁੜ ਕੇ ਨਿਕਲਣ ਨੂੰ ਉਸਦਾ ਜੀਅ ਨਾ ਕੀਤਾ। ਗੋਰਖ ਨੇ ਆਪਣੇ ਗੁਰੂ ਨੂੰ ਬਚਾਉਣ ਲਈ ਇੱਕ ਪਦੀ ਲਿਖ ਕੇ ਭੇਜੀ ਜਿਸ ਦਾ ਸਾਰ ਅੰਸ਼ ਇਸ ਤਰ੍ਹਾਂ ਹੈ, "**ਹੇ ਮੇਰੇ ਪ੍ਰਤਿਸ਼ਟਤ ਗੁਰੂ ਜੀਓ ਐਸੇ ਕਾਰਜ ਵਿੱਚ ਕਿਉਂ ਜਾ ਪਏ ਹੋ ਜਿਸ ਨਾਲ ਇਨਸਾਨ ਦੀ ਸ਼ਕਤੀ ਨਾਸ਼ ਹੋ ਜਾਂਦੀ ਹੈ। ਔਰਤ ਸ਼ੇਰਨੀ ਹੈ । ਦਿਨ ਵੇਲੇ ਇਹ ਸ਼ੇਰਨੀ ਔਰਤ ਸਾਡੇ ਮਨ ਨੂੰ ਕਾਬੂ ਕਰਦੀ ਹੈ ਅਤੇ ਰਾਤ ਨੂੰ ਜੀਵਨ ਪਦਾਰਥ ਨੂੰ ਨਚੋੜ ਕੇ ਸ਼ਕਤੀ ਵਿਹੂਣਾ ਕਰ ਦਿੰਦੀ ਹੈ। ਔਰਤਾਂ ਵਿੱਚ ਰਹਿਣ ਵਾਲਾ ਪੁਰਸ਼ ਤਾਂ ਉਸ ਦਰਖ਼ਤ ਵਰਗਾ ਹੁੰਦਾ ਹੈ ਜੋ ਕਿਸੇ ਦਰਿਆ ਦੇ ਕਿਨਾਰੇ ਉਤੇ ਉੱਗ ਖੜ੍ਹਾ ਹੋਵੇ ਅਤੇ ਮੌਤ ਦੇ ਦਿਨ ਗਿਣ ਰਿਹਾ ਹੋਵੇ। ਇਹ ਸ਼ੇਰਨੀ ਸਾਡੀ ਨੀਂਦ ਉਡਾ ਦਿੰਦੀ ਹੈ, ਉਤਪਤੀ ਪਦਾਰਥ ਖਿੱਚ ਲੈਂਦੀ ਹੈ ਅਤੇ ਸ੍ਰੀਰ ਨੂੰ ਸੁੱਕਾ ਕੇ ਪਿੰਜਰ ਬਣਾ ਦਿੰਦੀ ਹੈ । ਇਹ ਆਪਣੇ ਨਿਗਲਣ ਲਈ ਬੜੀ ਸਾਵਧਾਨੀ ਨਾਲ ਰਿਸ਼ਟ-ਪੁਸ਼ਟ ਅਤੇ ਸੁੰਦਰ ਪੁਰਸ਼ ਚੁਣਦੀ ਹੈ। (ਗੋਰਖ ਬਾਣੀ ਪਦੀ ਨੰ:43 ਡਾਕਟਰ ਭਰਥਵਾਲ ਦਾ ਅਨੁਵਾਦ)**

ਗੋਰਖ ਨਾਥ ਦੇ ਚੇਲੇ ਚੌਰੰਗੀ ਨਾਥ ਨੂੰ (ਜੋ ਆਮ ਕਰਕੇ ਪੂਰਨ ਭਗਤ ਦੇ ਨਾਂ ਨਾਲ ਜਾਣਿਆ ਜਾਂਦਾ ਹੈ) ਵੀ ਦੂਜੇ ਸਿੱਧਾਂ ਵਾਂਗ ਔਰਤਾਂ ਨਾਲ ਨਫ਼ਰਤ ਕਰਨ ਦੀ ਸਿੱਖਸ਼ਾ ਦਿੱਤੀ ਗਈ ਸੀ । ਰਾਣੀ ਸੁੰਦਰਾਂ ਉਸ ਨਾਲ ਪਿਆਰ ਪਾ ਬੈਠੀ ਪਰ ਚੌਰੰਗੀ ਨਾਥ ਉਸ ਤੋਂ ਖਹਿੜਾ ਛੁਡਾ ਕੇ ਜੰਗਲੀਂ ਜਾ ਵੜਿਆ ਤੇ ਰਾਣੀ ਨੇ ਆਤਮ ਹੱਤਿਆ ਕਰ ਲਈ। ਇਸ ਘਟਨਾ ਬਾਰੇ ਪੰਜਾਬ ਵਿੱਚ ਇੱਕ ਮੁਹਾਵਰਾ ਚੱਲ ਪਿਆ ਹੈ, "**ਜੰਗਲ ਗਿਆ ਨਾ ਬਹੁੜਿਆ ਸੁੰਦਰਾਂ ਨੂੰ, ਜੋਗੀ ਨਹੀਂ ਜੇ ਕਿਸੇ ਦੇ ਮੀਤ ਲੋਕੋ**"

ਇੱਕ ਹੋਰ ਯੋਗੀ ਚਰਪਟ ਨਾਥ ਇਸਤ੍ਰੀਆਂ ਬਾਰੇ ਲਿਖਦਾ ਹੈ ਕਿ ਬੰਦਾ ਪੈਸੇ ਖਰਚ ਕੇ ਜ਼ਨਾਨੀ (ਬਘਿਆੜੀ) ਲੈ ਆਉਂਦਾ ਹੈ। ਉਸ ਦੀ ਮਾਂ ਖੁਸ਼ੀ ਨਹੀਂ ਸਾਂਭ ਸਕਦੀ ਪਰ ਭੋਲੀ ਇਹ ਨਹੀਂ ਜਾਣਦੀ ਕਿ ਹਰੇ ਭਰੇ ਬੂਟੇ ਨੂੰ ਘੁਣਾ ਲਾ ਲਿਆ ਹੈ ਜਿਸ ਨੇ ਪੱਤੇ



ਟਾਹਣੇ ਆਦਿਕ ਸਭ ਨਿਗਲ ਜਾਣੇ ਹਨ।

**"ਦਾਮ ਕਾਢ ਬਾਘਨ ਲੇ ਆਇਆ, ਮਾਊਂ ਕਹੇ ਮੇਰਾ ਪੂਤ ਵਿਆਹਿਆ॥**

**ਗੀਲੀ ਲਕੜੀ ਕਉ ਘੁਨ ਲਾਇਆ,ਉਨ ਡਾਲ ਮੂਲ ਚੁਨ ਖਾਇਆ॥ (ਚਰਪਟ ਨਾਥ)**

## 4.8 ਜੈਨ ਧਰਮ

ਜੈਨ ਧਰਮ ਦੇ ਨਿਯਮ 23ਵੇਂ ਤੀਰਥੰਕਰ (ਮਹਾਂ ਮੁਨੀ) ਪਾਰਸਵ ਨਾਥ ਨੇ ਲਿਖੇ ਸਨ। ਇਸ ਨੇ ਜੈਨ ਧਰਮ ਦੇ ਚਾਰ ਨਿਯਮ ਥਾਪੇ ਜਿਨ੍ਹਾਂ ਨੂੰ "*ਚਤੁਯਾਨ*" ਕਿਹਾ ਜਾਂਦਾ ਹੈ। ਇਸ ਤੋਂ ਪਿਛੋਂ ਵਰਧਮਾਨ ਮਹਾਂਵੀਰ (599 ਪੂ: ਈ- 546 ਪੂ:ਈ ) 24 ਵਾਂ ਤੀਰਥੰਕਰ ਸੀ। ਇਹ ਬਨਾਰਸ ਦੇ ਰਾਜੇ ਅਸ਼ਵਸੈਨ ਦਾ ਪੁੱਤ੍ਰ ਸੀ ਅਤੇ ਕੰਵਾਰਾ ਹੀ 30 ਸਾਲ ਦੀ ਆਯੂ ਵਿੱਚ ਘਰੋਂ ਜੰਗਲ਼ਾਂ ਨੂੰ ਚਲਾ ਗਿਆ ਸੀ । ਕਹਿੰਦੇ ਹਨ ਕਿ ਇਸ ਨੂੰ 83 ਸਾਲ ਦੀ ਵਡੇਰੀ ਉਮਰ ਵਿੱਚ ਜਾ ਕੇ ਗਿਆਨ ਹੋਇਆ । ਵਰਧਮਾਨ ਨੇ ਜੈਨ ਨਿਯਮਾਂ ਵਿੱਚ ਇੱਕ ਹੋਰ ਨਿਯਮ ਵਧਾਇਆ- *ਮੈਂ ਬ੍ਰਹਮਚਾਰੀ ਰਹਾਂਗਾ* ਇਸ ਨੇ ਇਹ ਰੀਤ ਵੀ ਚਾਲੂ ਕੀਤੀ ਕਿ ਜੈਨੀ ਕੱਪੜਾ ਨਹੀਂ ਵਰਤਣਗੇ ਅਤੇ ਸਾਰੀ ਉਮਰ ਨੰਗੇ ਵਿੱਚਰਨਗੇ। ਪਿੱਛੋਂ ਜੈਨੀ ਦੋ ਸ਼ਾਖਾਵਾਂ ਵਿੱਚ ਵੰਡੇ ਗਏ (1) *ਸਵੇਤੰਬਰ* ਜੋ ਚਿੱਟੇ ਕੱਪੜੇ ਪਹਿਨਦੇ ਸਨ ਅਤੇ (2) *ਦਿਗੰਬਰ* ਜੋ ਬਿਲਕੁਲ ਅਲਫ਼ ਨਗਨ ਰਹਿੰਦੇ ਸਨ। ਆਮ ਖ਼ਿਆਲ ਹੈ ਕਿ *ਸਵੇਤੰਬਰ* ਤਾਂ ਪਾਰਸਵ ਦੇ ਸਿਧਾਂਤਾਂ ਨੂੰ ਮੰਨਦੇ ਹਨ ਪਰ *ਦਿਗੰਬਰ* ਮਹਾਂਵੀਰ ਦੇ ਚੇਲੇ ਹਨ। ਦੋਹਾਂ ਦੇ ਵਿੱਚਕਾਰ 250 ਸਾਲ ਦੇ ਸਮੇਂ ਵਿੱਚ ਜੈਨ ਧਰਮ ਬਹੁਤ ਬਦਲ ਗਿਆ ਸੀ ਅਤੇ ਇਸ ਵਿੱਚ ਕਾਫ਼ੀ ਗਿਰਾਵਟ ਵੀ ਆ ਚੁੱਕੀ ਸੀ ।[88] ਇਸ ਸਮੇਂ ਵਿੱਚ ਖਾਜੁਰਾਹੋ, ਜਗਨ ਨਾਥ, ਭੁਵਨੇਸ਼ਵਰ ਅਤੇ ਕੋਨਾਰਕ ਵਰਗੇ ਮੰਦਰ ਹੋਂਦ ਵਿੱਚ ਆ ਗਏ ਜਿੰਨ੍ਹਾਂ ਵਿੱਚ ਕਿ ਔਰਤ ਅਤੇ ਮਰਦ ਦੇ ਗੁਪਤ ਅੰਗ ਅਤੇ ਸੰਭੋਗ ਕਿਰਿਆਵਾਂ ਨੂੰ ਖੁਲ੍ਹ ਕੇ ਦਿਖਾਇਆ ਗਿਆ ਹੈ (ਇਨ੍ਹਾਂ ਨੂੰ ਅੱਜ ਵੀ ਦੇਖਿਆ ਜਾ ਸਕਦਾ ਹੈ)। ਇਨ੍ਹਾਂ ਵਿੱਚ ਸ਼ਿਵਜੀ ਨੂੰ ਭੰਗ ਅਤੇ ਧਤੂਰਾ ਆਦਿਕ ਪੀਂਦਾ ਦਿਖਾਇਆ ਗਿਆ ਹੈ। ਮੰਦਰਾਂ ਵਿੱਚ ਸ਼ਰਾਬ ਪੀਣ ਦਾ ਰਵਾਜ ਆਮ ਹੋ ਗਿਆ ਅਤੇ ਅੱਜ ਵੀ ਕਈ ਮੰਦਰਾਂ ਜਿਵੇਂ ਕਿ ਸ਼ਿਲਾ ਦੇਵੀ (ਅੰਬਰ),ਮਹਾਂਕਲੇਸ਼ਵਰ (ਉਜੈਨ) ਆਦਿਕ ਵਿੱਚ ਸ਼ਰਾਬ ਭੇਟਾ ਕੀਤੀ ਜਾਂਦੀ ਅਤੇ ਪੀਤੀ ਜਾਂਦੀ ਹੈ।

---

[88] Hindu civilization by Radha Kumud Mookerji p.227

"Monks *would flag nuns.Nuns would flag monks- both parties nearly completely naked.All this in the name of piety."(Universal Sikhism by* Dalip Singh. Bahri Publication New Dwlhi P.59)

ਦਿਗੰਬਰ ਲੋਕ ਔਰਤ ਨੂੰ ਬੇਹੱਦ ਘਟੀਆ ਸਮਝਦੇ ਹਨ, ਨਫ਼ਰਤ ਕਰਦੇ ਹਨ ਅਤੇ ਸਮਝਦੇ ਹਨ ਕਿ ਔਰਤ ਗਿਆਨ ਪ੍ਰਾਪਤ ਨਹੀਂ ਕਰ ਸਕਦੀ ਅਤੇ ਮੁਕਤੀ (*ਕੈਵਲਿਆ*) ਤੋਂ ਵਾਂਝੀ ਰਹਿੰਦੀ ਹੈ ।[89] ਜੈਨ ਧਰਮ ਅਨੁਸਾਰ ਮੁਕਤੀ ਲਈ ਤਿੰਨ ਲੋੜਾਂ ਦੀ ਪੂਰਤੀ ਜ਼ਰੂਰੀ ਹੈ ਆਚਾਰ, ਗਿਆਨ, ਅਤੇ ਅਧਿਆਤਮਿਕਤਾ। ਜੈਨੀ ਸਮਝਦੇ ਹਨ ਕਿ ਨਾਰੀ ਆਚਾਰ ਵਿਹੂਣੀ ਹੈ ਅਤੇ ਇਸ ਕਾਰਨ ਨਾਰੀ ਲਈ ਮੁਕਤੀ ਸੰਭਵ ਨਹੀਂ। ਜੇ ਕਰ ਉਹ ਗਿਆਨ ਵਿੱਚ ਨਿਪੁੰਨ ਹੋ ਜਾਵੇ ਅਤੇ ਅਧਿਆਤਮਿਕਤਾ ਵਿੱਚ ਸਮਰਥ ਹੋ ਜਾਵੇ ਤਾਂ ਉਸ ਨੂੰ ਅਗਲਾ ਜਨਮ ਪੁਰਸ਼ ਦਾ ਮਿਲੇਗਾ ਅਤੇ ਉਹ ਮੁਕਤੀ ਪ੍ਰਾਪਤ ਕਰਨ ਦੇ ਯਤਨ ਕਰਨ ਦੇ ਯੋਗ ਹੋ ਸਕੇਗੀ। ਪ੍ਰਮਾਤਮਾ ਨੇ ਨਾਰੀ ਨੂੰ ਇਹ ਸਮਝਣ ਲਈ ਜਨਮ ਦਿੱਤਾ ਕਿ ਉਹ ਮੁਕਤੀ ਦੇ ਯੋਗ ਨਹੀਂ ਪਰ ਯਤਨ ਕਰ ਕੇ ਸਵਰਗ ਲੋਕ ਵਿੱਚ ਪ੍ਰਵੇਸ਼ ਕਰਨ ਲਈ ਉਸ ਨੂੰ ਰਾਹ ਦਾ ਪਤਾ ਲੱਗ ਜਾਵੇ। ਆਵਾਗਵਨ ਦੇ ਚੱਕਰ ਤੋਂ ਬਚਣ ਦਾ ਔਰਤਾਂ ਲਈ ਹੋਰ ਕੋਈ ਵਸੀਲਾ ਨਹੀਂ **ਹੈ** ਹਿੰਦੂ ਲੋਕ ਤਾਂ ਦੇਵੀ ਦੀ ਪੂਜਾ ਵੀ ਕਰਦੇ ਹਨ ਪਰ ਜੈਨੀ ਲੋਕਾਂ ਵਿੱਚ ਕੋਈ ਵੀ ਤੀਰਥੰਕਰ ਔਰਤ ਨਹੀਂ ਹੋਈ ਅਤੇ ਨਾ ਹੀ ਇਹ ਔਰਤ ਦੀ ਪੂਜਾ ਕਰਦੇ ਹਨ ।[90]

## 4.9 ਸ਼ੈਵ ਅਤੇ ਵੈਸ਼ਨਵ ਧਰਮ

ਸ੍ਰੀ ਰਾਮਾਨੁਜ ਸ਼ੰਕਰਦੇਵ ਦਾ ਵਿੱਚਾਰ ਸੀ ਕਿ ਇਸਤ੍ਰੀ "ਭਰਮਾਉਣ ਅਤੇ ਭਟਕਾਉਣ" ਵਾਲੇ ਚਲਿੱਤ੍ਰਾਂ ਨਾਲ ਭਰਪੂਰ ਹੈ। ਉਨ੍ਹਾਂ ਨੇ ਇਹ ਸਿੱਟਾ ਕੱਢਿਆ ਕਿ ਨਾਰੀ "ਨਰਕ-ਦੁਆਰੀ" ਹੈ ਅਤੇ ਇਸ ਨੂੰ ਵੈਸ਼ਨਵ ਧਰਮ ਵਿੱਚ ਪਰਵੇਸ਼ ਨਹੀਂ ਕਰਨ ਦੇਣਾ ਚਾਹੀਦਾ। ਉਨ੍ਹਾਂ ਅਨੁਸਾਰ "ਮਨੁੱਖ ਦੀਆਂ ਘਾਤਕ ਚਾਹਤਾਂ ਵਿੱਚੋਂ ਨਾਰੀ ਲਈ ਆਕਰਖਣ ਸਭ ਤੋਂ ਵੱਧ ਖ਼ਤਰਨਾਕ ਹੈ"। "ਨਾਰੀ ਅਸ਼ੁੱਧ ਹੈ ਅਤੇ ਨਾਰੀ ਦੀ ਤੱਕਣੀ ਪੁਰਸ਼ ਦੇ ਪਵਿੱਤ੍ਰ ਮਨ ਨੂੰ ਪ੍ਰਦੂਸ਼ਿਤ ਕਰ ਦਿੰਦੀ ਹੈ। ਮਾੜਾ ਜਿਹਾ ਕਣੱਖੀ ਤੋਂ ਤੱਕੇ ਤਾਂ ਕਹਿੰਦੇ ਕਹਾਉਂਦੇ ਤਪਸਵੀ/ ਰਿਸ਼ੀ ਦੇ ਮਨ ਨੂੰ ਕੀਲ ਲੈਂਦੀ ਹੈ। ਉਸ ਦੇ ਸਾਹਮਣੇ ਆ ਜਾਣ ਨਾਲ ਪ੍ਰਾਰਥਨਾ, ਤਪੱਸਿਆ ਤੇ ਸਾਧਨਾ ਸਭ ਛਿਨਭੰਗਰ ਵਿੱਚ ਭੰਗ ਹੋ ਜਾਂਦੀਆਂ ਹਨ। ਇਨ੍ਹਾਂ ਤੱਤਾਂ ਦਾ ਗਿਆਨ ਰਖਣ ਵਾਲੇ ਸਿਆਣੇ ਮਨੁੱਖ ਨਾਰੀਆਂ ਦੇ ਸੰਗ ਸਾਥ ਤੋਂ ਦੂਰ ਹੀ

[89] Read Zimmer's *Philosophies of India* p.222-223

[90] ਭਾਗਵਤ ਗੀਤਾ (9.32) ਅਨੁਸਾਰ ਨਾਰੀ, ਵਪਾਰੀ, ਅਤੇ ਗ਼ਰੀਬ ਸਭ ਕ੍ਰਿਸ਼ਨ ਜੀ ਦੀ ਸ਼ਰਨ ਆ ਕੇ ਮੁਕਤੀ ਪ੍ਰਾਪਤ ਕਰ ਸਕਦੇ ਹਨ।

ਈਸਾਈ ਧਰਮ ਔਰਤ ਦੀ ਮੁਕਤੀ ਦੇ ਸਬੰਧ ਵਿੱਚ ਜੈਨ ਧਰਮ ਦੇ ਨੇੜੇ ਆ ਜਾਂਦਾ ਹੈ । "I myself shall lead her in order to make her male,so that she too may become a living spirit resembling you males. For every woman who will make herself male will enter the kingdom of God." (Gospel of St. Thomas logo 114)



ਰਹਿੰਦੇ ਹਨ" (*Recent researches in Sikhism*Panjabi University Patiala p.17)

ਇਹ ਕਿਆਸ ਲਾਉਣਾ ਕੋਈ ਔਖੀ ਗੱਲ ਨਹੀਂ ਕਿ ਅਜਿਹੇ ਮਾਰੂ ਵਿਚਾਰਾਂ ਅਤੇ ਵਿਸ਼ਵਾਸ਼ਾਂ ਨੇ ਨਾਰੀ ਨੂੰ ਕਿਸ ਤਰ੍ਹਾਂ ਹੀਣਤਾ-ਭਾਵ ਵਿੱਚ ਜਕੜ ਕੇ ਸਮਾਜ ਦਾ ਇੱਕ ਅਣਗੌਲਿਆ ਅੰਗ ਬਣਾ ਦਿੱਤਾ। ਭੋਲੀਆਂ ਭਾਲੀਆਂ ਅਤੇ ਬੇਕਸੂਰ ਭਾਰਤੀ ਨਾਰੀਆਂ ਹੀਣ-ਮਾਣਸਿੱਕਤਾ ਅਤੇ ਦਾਸਤਾ ਦਾ ਸ਼ਿਕਾਰ ਹੋ ਗਈਆਂ। ਇਨ੍ਹਾਂ ਨੂੰ ਬੱਚੇ ਪੈਦਾ ਕਰਨ ਵਾਲੀਆਂ ਮਸ਼ੀਨਾਂ ਹੀ ਸਮਝ ਲਿਆ ਗਿਆ। ਇਨ੍ਹਾਂ ਲਈ ਵਰਤੇ ਜਾਂਦੇ ਆਮ ਵਿਸ਼ੇਸ਼ਣ ਇਸ ਤਰ੍ਹਾਂ ਦੇ ਦੁਰ-ਬਚਨਾਂ ਵਿੱਚ ਚਾਲੂ ਹੋ ਗਏ। "ਮਰਦ ਦੇ ਪੈਰ ਦੀ ਜੁੱਤੀ", "ਮੂਰਖ", "ਜਿਸਦੀ ਮੱਤ ਗੁੱਤ ਪਿੱਛੇ ਹੈ", "ਨਾਗ ਤੋਂ ਵੱਧ ਜ਼ਹਿਰੀਲੀ ਸਪਣੀ", "ਬੇਵਫਾ" "ਘਰ ਦੀ ਚਾਕਰ", "ਵਿਲਾਸ ਗੁੱਡੀ", "ਨਰਕ-ਦੁਆਰੀ", "ਚਲਿਤ੍ਰ-ਹੱਥੀ" ਅਤੇ "ਬੇ ਇਤਬਾਰੀ" ਆਦਿਕ। ਇਸੇ ਤਰ੍ਹਾਂ ਹੇਠ ਲਿਖੇ ਅਖਾਣ ਚੱਲ ਪਏ :-

"ਨਾਰੀ ਕੀ ਛਾਈ ਪਰਤ ਅੰਧਾ ਹੋਤ ਭੁਜੰਗ, ਤਿਸ ਨਰ ਕੀ ਕਹੁ ਗਿਆ ਗਤੀ ਜੋ ਨਿੱਤ ਨਾਰੀ ਕੇ ਸੰਗ ॥

"ਭੇਡ ਇਸ਼ਨਾਨੀ ਨਹੀਂ ਤੇ ਔਰਤ ਗਿਆਨੀ ਨਹੀਂ"

"ਜਿਥੇ ਰੱਬ ਫੇਲ੍ਹ ਹੋ ਗਿਆ ਉੱਥੇ ਨਾਰੀ ਬਣ ਗਈ"।

## 4.10 ਪੰਜਾਬ ਉੱਪਰ ਹਿੰਦੂ ਧਰਮ ਦਾ ਪ੍ਰਭਾਵ

ਮੱਧਕਾਲੀਨ ਪੰਜਾਬੀ ਸਮਾਜ ਉੱਪਰ ਹਿੰਦੂ ਅਤੇ ਜੈਨ ਧਰਮਾਂ ਦਾ ਕਾਫੀ ਪ੍ਰਭਾਵ ਸੀ ਪ੍ਰੰਤੂ ਇੱਕ ਸਮਾਂ ਐਸਾ ਵੀ ਸੀ ਕਿ ਸਿੱਧ (ਨਾਥ) ਪੰਜਾਬ ਉੱਪਰ ਛਾਏ ਹੋਏ ਸਨ। ਨਾਥ ਕਾਲ ਦੇ ਸਾਹਿਤ ਵਿੱਚ ਔਰਤ ਦੀ ਸਮਝ, ਸੂਝ, ਸੇਵਾ-ਭਾਵਨਾ, ਕੁਰਬਾਨੀ ਅਤੇ ਗੁਣਾਂ ਬਾਰੇ ਕੋਈ ਹਮਦਰਦੀ ਵਾਲਾ ਵਾਕ ਲੱਭ ਸਕਣਾ ਤਾਂ ਇਸ ਤਰ੍ਹਾਂ ਹੈ ਜਿਵੇਂ ਕੋਈ ਮਾਰੂ ਥਲ ਵਿੱਚ ਮੱਛੀਆਂ ਲੱਭਣ ਦਾ ਯਤਨ ਕਰੇ। ਇਸ ਦੇ ਵਿਪ੍ਰੀਤ ਇਸ ਕਾਲ ਦੇ ਬਹੁਤੇ ਲਿਖਾਰੀ ਵਿਸ਼ੇਸ਼ ਕਰਕੇ ਕਿੱਸਾਕਾਰ ਨਾਰੀਆਂ ਦਾ ਭੰਡੀ ਪ੍ਰਚਾਰ ਕਰਨ ਵਿੱਚ ਇੱਕ ਦੂਜੇ ਨਾਲੋਂ ਅੱਗੇ ਲੰਘਣ ਵਿੱਚ ਲੱਗੇ ਰਹੇ। ਕਾਮ-ਭਾਵਨਾ ਲਈ ਲੂਣਾ, ਮੋਹ ਸਵਾਰਥ ਪੱਖੋਂ ਕਕਈ, ਅਤੇ ਬੇਵਫਾਈ ਅਤੇ ਧੋਖੇ ਦੇ ਜ਼ਿਕਰ ਲਈ ਸਾਹਿਬਾਂ ਦੀ ਗੱਲ ਭੰਡੀ ਪਰਚਾਰ ਦੀ ਰਵਾਇਤ ਹੀ ਬਣ ਕੇ ਤੁਰਦੀ ਆ ਰਹੀ ਹੈ। ਇਨ੍ਹਾਂ ਦੀਆਂ ਕਥਾ ਕਹਾਣੀਆਂ ਨੂੰ ਵਾਰ ਵਾਰ ਗਾਇਆ ਅਤੇ ਪਰਚਾਰਿਆ ਗਿਆ ਜਿਸ ਦੇ ਨਤੀਜੇ ਵਜੋਂ ਪੰਜਾਬ ਦੇ ਹਰ ਪੁਰਸ਼ ਦਾ ਇਹੀ ਖ਼ਿਆਲ ਬਣਿਆਂ ਰਿਹਾ ਕਿ ਔਰਤ ਹੀ ਸਮਾਜ ਦਾ ਕੋੜ੍ਹ ਹੈ।

ਪਤਨੀ ਨਾਲ ਸਲਾਹ ਮਸ਼ਵਰਾ ਕਰਨ ਵਾਲੇ ਅਥਵਾ ਉਸ ਦੀ ਰਾਏ ਲੈਣ ਵਾਲੇ ਨੂੰ ’ਰੰਨ ਮੁਰੀਦ’, ‘ਝੁੱਡੂ’ ਜਾਂ ‘ਬੇ ਪੈਂਦੇ ਦਾ ਲੋਟਾ’, ਅਤੇ ‘ਬੇ ਇਤਬਾਰਾ’ ਅਦਿਕ ਵਰਗੇ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਜਾਂਦਾ ਸੀ। ਔਰਤਾਂ ਦਾ ਮੂਲ ਕਾਰਜ ਸੰਤਾਨ ਉੱਤਪਤੀ, ਗ੍ਰਹਿ ਸੰਭਾਲ ਅਤੇ ਪਤੀ–ਸੇਵਾ ਮਿਥ ਲਿਆ ਗਿਆ ਸੀ। ਇਹ ਸਾਰੇ ਅਤੇ ਹੋਰ ਅਨੇਕਾਂ ਕੰਮ ਕਰਦੀ ਹੋਈ ਵੀ ਉਹ ਕੋਈ ਸਾਰਥਕ ਮੰਗ ਨਹੀਂ ਸੀ ਕਰ ਸਕਦੀ ਅਤੇ ਨਾਂ ਹੀ ਕਿਸੇ ਚੀਜ਼ ਉੱਪਰ ਆਪਣਾ ਹੱਕ ਅਧਿਕਾਰ ਜਤਾ ਸਕਦੀ ਸੀ।

ਪੁਸਤਕ ਦਾ ਆਕਾਰ ਆਗਿਆ ਨਹੀਂ ਦਿੰਦਾ ਕਿ ਅਸੀਂ ਇਸ ਕਾਲ ਦੀਆਂ ਰਚਨਾਵਾਂ ਦਾ ਖੁਲ੍ਹਾ ਉਲੇਖ ਕਰ ਸਕੀਏ। ਕੁੱਝ ਕੁ ਉਧਾਰਣਾ ਹੀ ਕਾਫੀ ਹੋਣਗੀਆਂ ਪੰਜਾਬੀ ਸ਼ਾਇਰ ਵਾਰਸ ਸ਼ਾਹ ਨੇ ਇਸਤਰੀ ਨੂੰ ਮਿੱਤ੍ਰਤਾ ਦੇ ਅਯੋਗ ਕਰਾਰ ਦਿੱਤਾ ਤੇ ਕਿਹਾ, “ਵਾਰਸ ਰੰਨ ਫ਼ਕੀਰ ਤਲਵਾਰ ਘੋੜਾ ਚਾਰੇ ਥੋਕ ਇਹ ਕਿਸੇ ਦੇ ਯਾਰ ਨਾਹੀਂ”। ਕਵੀ ਮੁਕਬਲ ਨੇ ਬਹੁਤ ਕਰੜੇ ਅਤੇ ਦੁਖਾਵੇਂ ਕਥਨ ਕੀਤੇ ਹਨ। ਉਹ ਲਿਖਦਾ ਹੈ, “ਭੱਠ ਰੰਨਾਂ ਦੀ ਦੋਸਤੀ ਖੁਰੀਂ ਜਿਨ੍ਹਾਂ ਦੀ ਮੱਤ, ਹੱਸ ਕੇ ਲਾਉਂਦੀਆਂ ਯਾਰੀਆਂ ਰੋ ਕੇ ਦਿੰਦੀਆਂ ਦੱਸ। ਲਖੀਂ ਹੱਥ ਨਾ ਆਵੰਦੀ ਦਾਨਸ਼ਵੰਦਾਂ ਦੀ ਪੱਤ”। ਛੱਜੂ ਭਗਤ ਨੇ ਨਾਰੀ ਨੂੰ ਚਮਕੀਲੀ ਜ਼ਹਿਰੀਲੀ ਮਾਰੂ ਤਲਵਾਰ ਕਿਹਾ “ਨਾਰੀਂ ਤਲਵਾਰੀਂ,ਇੱਕ ਉੱਜਲ ਬਿਆ ਤਿੱਖੀਆਂ। ਛੱਜੂ ਮਾਰਨ ਵਿਭਚਾਰੀਂ ਬਿਬੇਕੀ ਤੇ ਉੱਬਰੇ”। ਕਵੀ ਸੁਥਰਾ ਜੀ ਨੇ ਔਰਤ ਨੂੰ “ਦੁੱਖਾਂ ਦਾ ਖੂਹ” ਕਿਹਾ, “ਧੀਆਂ ਧਾੜ ਤੇ ਪੁੱਤ੍ਰ ਧਾੜਾ ਰੰਨ ਦੁੱਖਾਂ ਦਾ ਖੂਹ। ਇਸ ਘਾਣੀ ਚੋਂ ਸੁਥਰਿਆ ਕੋਈ ਹਰ ਜਨ ਕੱਢੇ ਧੂਹ”। ਭਗਤ ਕਾਨ੍ਹਾ ਨਾਰੀ ਨੂੰ ਰੰਗ ਬ੍ਰੰਗੀ ਕਾਗਜ਼ੀ ਗੁੱਡੀ ਲਿਖਦਾ ਹੈ,” ਕਾਗਦ ਕੀ ਪੂਤ੍ਰੀ ਕਉ ਤਉ ਨਾ ਤ੍ਰਿਯਾ ਨਿਹਾਰ” ਤਥਾ “ਕਾਗਦ ਦੀ ਜੇ ਹੋਵੇ ਨਾਰੀ ਵਿੱਸ ਗੰਦਲ ਤਿਸ ਜਾਣ ਕਟਾਰੀ”। ਕਵੀ ਚਾਂਦ ਨੇ ਜ਼ਨਾਨੀਆਂ ਬਾਰੇ ਤ੍ਰਿਯਾ ਚਰਿਤ੍ਰ ਨਾਂ ਦੀ ਇੱਕ ਪੁਸਤਕ ਲਿਖੀ। ਉਸ ਦੀਆਂ ਕੁਝ ਸਤਰਾਂ ਇਸ ਤਰ੍ਹਾਂ ਲਿਖੀਆਂ ਮਿਲਦੀਆਂ ਹਨ। “ਚਾਂਦ ਤੀਅਨ ਕੀ ਜਾਤਿ ਚਲਿੱਤ੍ਰਨ ਹੈ ਭਰੀ॥ ਤਾਹਿ ਨਾ ਪਾਇਓ ਭੇਦ ਜਿਹ ਪੈਦਾ ਕਰੀ॥ ਨਖ਼ ਸ਼ਿਖ਼ ਲਉ ਬਿਖ ਭਰੀ ਸੁ ਬਿਸੀਅਰ ਨਾਗ ਜਿਉਂ॥ ਹੋ ਤਾ ਕੋ ਡਸਿਓ ਨਾ ਬਚਹਿ ਪਰਲੈ ਕੀ ਆਗ ਜਿਉਂ” (ਚਰਿਤਰ ਨੰਬਰ 8)

ਇਸ ਕਾਲ ਦੇ ਕੁੱਝ ਲਿਖਾਰੀ ਐਸੇ ਵੀ ਹੋਏ ਹਨ ਜਿਨ੍ਹਾਂ ਨੇ ਨਾਰੀ ਉੱਪਰ ਸ਼ਬਦਕ ਵਾਰ ਨਹੀਂ ਕੀਤਾ ਪਰ ਆਤਮ–ਸੰਜਮ, ਮਨ ਦੀ ਸਫਾਈ ਅਤੇ ਸੰਕੋਚ ਉੱਪਰ ਜ਼ੋਰ ਦਿੱਤਾ। ਗੁਰੂ ਨਾਨਕ ਦੇਵ ਜੀ ਦੇ ਸਪੁਤ੍ਰ ਬਾਬਾ ਸ੍ਰੀ ਚੰਦ ਉਦਾਸੀ ਸਨ। ਉਹ ਲਿਖਦੇ ਹਨ, “ਗਿਆਨ ਗੋਦੜੀ ਖਿਮਾ ਕੀ ਟੋਪੀ, ਜਤ ਕਾ ਆੜਬੰਦ ਸੀਲ ਲੰਗੋਟੀ”॥ ਇੱਕ ਹੋਰ ਕਵੀ ਸਨ ਜੱਟ ਮੱਲ ਲਾਹੌਰੀ। ਉਹ ਲਿਖਦੇ ਹਨ, “ਟਲੈ ਜੋ ਦੇਖ ਪ੍ਰਾਈ ਨਾਰੀ ਸੋ ਨਰ



ਕਿਵੇਂ ਨਾ ਖਿੜਸੀ॥ ਖੁਸ਼ਬੂਈ ਸਾਰੇ ਜੱਗ ਅੰਦਰ ਬਾਗ਼ ਇਵੇਂ ਹੀ ਖਿੜਸੀ”॥ ਸਮਰਥ ਜੀ ਵੀ ਇਸੇ ਲੜੀ ਦੇ ਕਵੀ ਸਨ ਜਿਨ੍ਹਾਂ ਨੇ ਭਾਸ਼ਾ ਨੂੰ ਬੜੇ ਸੰਕੋਚ ਨਾਲ ਵਰਤ ਕੇ ਉਪਦੇਸ਼ ਦਿੱਤਾ। ਆਪ ਲਿਖਦੇ ਹਨ, “ਜੀਤੈਂ ਇੰਦ੍ਰੀ ਸੋਈ ਸੂਰਾ ਬਲ ਕਰ ਅਵਸਰ ਲੱਗੇ॥ ਸਮਰਥ ਕਹੇ ਤਿਸ ਮਾਹਣੂ ਦਾ ਜੱਗ ਵਿੱਚ ਜਸ ਬਹੁ ਜੱਗੇ”

ਮੱਧਕਾਲ ਵਿੱਚ ਭਾਰਤ ਉੱਪਰ ਨਿਰੰਤਰ ਹਮਲੇ ਹੁੰਦੇ ਰਹੇ। ਧਾੜਵੀ ਵਾਵਰੋਲੇ ਵਾਂਗ ਆਉਂਦੇ ਅਤੇ ਲੁੱਟ ਪੁੱਟ ਕੇ ਹਨੇਰੀ ਵਾਂਗ ਮੁੜ ਜਾਂਦੇ। ਜਾਨ ਮਾਲ ਨੂੰ ਹਮੇਸ਼ਾ ਹੀ ਖ਼ਤਰਾ ਬਣਿਆਂ ਰਹਿੰਦਾ ਸੀ ।[91] ਸਮਾਜਕ ਦਸ਼ਾ ਅਤੇ ਖ਼ਾਸ ਕਰ ਕੇ ਆਪਸੀ ਸਬੰਧਾਂ ਵਿੱਚ ਪ੍ਰੀਵਰਤਣ ਆ ਚੁੱਕਾ ਸੀ। ਰੱਜੇ ਪੁੱਜੇ ਲੋਕ ਐਸ਼ ਵਿੱਚ ਗ਼ਰਕ ਸਨ ਅਤੇ ਅਧਿਕਾਰੀ ਸਮਾਜ ਨਾਲੋਂ ਟੁੱਟ ਕੇ ਸੰਵੇਦਨਸ਼ੀਲ਼ ਹੋ ਗਏ ਸਨ। ਇਨ੍ਹਾਂ ਦੀ ਦੇਸ਼ ਭਗਤੀ ਅਤੇ ਪ੍ਰਭੂ–ਭਗਤੀ ਤੇ ਇਤਬਾਰ ਨਹੀਂ ਸੀ ਕੀਤਾ ਜਾ ਸਕਦਾ। ਔਰਤਾਂ ਦੀ ਸਥਿੱਤੀ ਹੋਰ ਵੀ ਚਿੰਤਾਜਨਕ ਅਤੇ ਗੰਭੀਰ ਸੀ ਅਤੇ ਇਨ੍ਹਾਂ ਨੂੰ ਕਈ ਪ੍ਰਕਾਰ ਦੇ ਸੰਕਟ ਸਹਿਣੇ ਪਏ। ਮਾੜੀ ਜਿਹੀ ਬੇਵਫਾਈ ਦੀ ਕਣਸੋ ਤੇ ਪਤੀ ਆਪਣੀ ਵਿਆਹੁਤਾ ਦਾ ਕਤਲ ਤੱਕ ਕਰ ਦਿੰਦਾ ਸੀ ਅਤੇ ਕੋਈ ਸਜ਼ਾ ਵੀ ਨਹੀਂ ਸੀ ਹੁੰਦੀ। ਨਿਸੰਗ ਹੋ ਕੇ ਮਰਦ ਔਰਤ ਦੀ ਖ਼੍ਰੀਦੋ ਫ਼ਰੋਖ਼ਤ ਕਰਦੇ ਸਨ। ਸ਼ਿਕਾਰ ਸ਼ਰਾਬ ਅਤੇ ਦੁਰਾਚਾਰ ਸਰਕਾਰੀ ਅਹਿਲਕਾਰਾਂ ਦੇ ਮੁੱਖ ਧੰਦੇ ਬਣ ਚੁੱਕੇ ਸਨ।। ਖੁਸ਼ਾਲ ਚੰਦ ਵਿਭਾਸ ਲਿਖਦੇ ਹਨ , “**ਘਰ ਦੀਆਂ ਨੂੰ ਛੱਡ ਕੰਜਰੀਆਂ ਹੰਢਾਉਂਦੇ,ਜੱਗ ਵਿੱਚ ਪੈਗਿਆ ਏਹਾ ਸੁਭਾਉ ॥ ਵੱਡੇ ਅਖਾਉਂਦੇ ਆਕੜ ਚਲਦੇ ਚਮੜਾ ਕਮਾਉਂਦੇ ਪਾਇ॥ ਅਸੀਂ ਖੁਸ਼ਾਲ ਨਿਤ ਸੁਣਦੇ ਆਹੇ,ਕੁੱਤਾ ਰਾਜ ਬਹਾਲੀਏ ਚੱਕੀ ਚੱਟਣ ਜਾਏ**”**।** ‘ਆਲ੍ਹਾ ਖੰਡ’ ਦਾ ਕਰਤਾ ਯਾਗਨਿਕ ਇਸ ਵੇਲੇ ਦੀ ਪ੍ਰਸਥਿੱਤੀ ਨੂੰ ਬਿਆਨ ਕਰਦਿਆਂ ਲਿਖਦਾ ਹੈ, “**ਜਿਹ ਕੀ ਬਿਟੀਆ ਸੁੰਦਰ ਦੇਖੀ ਤਿਹਿ ਪਹਿ ਜਾਏ ਧਰੇ ਹੱਥਿਆਰ**” ਸਕਤੇ ਦਾ ਸਤੀਂ ਵੀਹੀਂ ਸੌ ਵਾਲੀ ਗੱਲ ਸੀ ਅਤੇ ਤਾਕਤਵਰ ਮਾੜੇ ਕੋਲੋਂ ਸੁੰਦਰ ਇਸਤ੍ਰੀ ਨੂੰ ਧੱਕੇ ਨਾਲ ਖੋਹ ਕੇ ਲੈ ਜਾਂਦਾ ਸੀ ।[92] ਇਤਿਹਾਸ ਤੋਂ ਪਤਾ ਚਲਦਾ ਹੈ ਕਿ ਅਲਾਉਦੀਨ ਖ਼ਿਲਜੀ ਦਾਉਲਤਾਬਾਦ ਦੀ ਰਾਣੀ ਕਮਲਾ ਦੇਵੀ ਨੂੰ ਆਪਣੇ ਲਈ ਅਤੇ ਉਸ ਦੀ ਪੁੱਤ੍ਰੀ ਦੇਲ ਦੇਵੀ ਨੂੰ ਆਪਣੇ ਪੁੱਤ੍ਰ ਲਈ ਧੱਕੇ ਨਾਲ ਖੋਹ ਕੇ ਲੈ ਗਿਆ ਸੀ। ਕੰਜਰਪੁਣਾ ਬੇ ਹੱਦ ਵੱਧ ਚੁੱਕਾ ਸੀ ਅਤੇ ਲਗਭਗ ਹਰ ਸ਼ਹਿਰ ਵਿੱਚ ਕੰਜਰਖਾਨੇ ਆਮ ਹੋ ਗਏ ਸਨ।

ਨਿਤ ਦੇ ਵਿਦੇਸ਼ੀ ਹਮਲਿਆਂ ਦੀ ਭਿਆਨਕਤਾ ਨੂੰ ਗੰਭੀਰਤਾ ਨਾਲ ਮੰਨਕੇ ਅਤੇ ਆਪਣੀ ਤੇ ਪਰਿਵਾਰ ਦੀ ਇਜ਼ਤ ਆਬਰੂ ਨੂੰ ਮੁੱਖ ਰਖਕੇ ਸਾਊ ਪਰਿਵਾਰ ਧੀਆਂ ਦਾ

---

[91] ਖਾਧਾ ਪੀਤਾ ਲਾਹ ਦਾ, ਰਹਿੰਦਾ ਅਹਿਮਦ ਸ਼ਾਹ ਦਾ।

[92] “ਧੀਆਂ ਵੇਚਣ ਕੁਆਰੀਆਂ ਫੜਕੇ ਰਾਜ ਚੁਗੱਤਿਆਂ ਦਾ” ਉਸ ਵੇਲੇ ਦਾ ਅਖਾਣ ਹੈ।

ਵਿਆਹ ਛੋਟੀ ਉਮਰ ਵਿੱਚ ਕਰਨ ਲਗ ਪਏ। ਬਾਲੜੀਆ ਨੂੰ ਮਾਰਨ, ਵਿਧਵਾ ਨੂੰ ਸਤੀ ਹੋਣ ਲਈ ਮਜਬੂਰ ਕਰਨ ਜਾਂ ਧੀਆਂ ਭੈਣਾਂ ਨੂੰ ਬੁਰੀ ਨਜ਼ਰ ਤੋਂ ਬਚਾਉਣ ਲਈ ਪਰਦਾ ਕਰਨ ਦਾ ਰਵਾਜ ਆਮ ਹੋ ਗਿਆ ਅਤੇ ਸਮਾਜ ਨੇ ਇਸ ਨੂੰ ਨਾ ਚਾਹੁੰਦੇ ਹੋਏ ਵੀ ਸਵੀਕ੍ਰਿਤੀ ਦੇ ਦਿੱਤੀ। [93] ਨਾਰੀ ਦਾ ਮਰਜ਼ੀ ਨਾਲ ਇੱਧਰ ਉੱਧਰ ਇੱਕੱਲੇ ਜਾਣਾ ਖ਼ਤਰੇ ਤੋਂ ਖਾਲੀ ਨਹੀਂ ਸੀ। ਇਸ ਤਰ੍ਹਾਂ ਦੀ ਪ੍ਰਸਥਿੱਤੀ ਵਿੱਚ ਨਾਰੀ ਨੂੰ 'ਅਬਲਾ' (ਕਮਜ਼ੋਰ) ਸਮਝਿਆ ਜਾਣ ਲੱਗਾ ਅਤੇ ਉਹ ਬਚਾਉ ਲਈ ਆਪਣੇ ਪਤੀ ਦੇ ਆਸਰੇ ਉੱਪਰ ਨਿਰਭਰ ਹੋ ਗਈ। ਔਰਤ ਵਿਸ਼ਾਦ-ਗ੍ਰਸਤ ਅਤੇ ਨਿਰਉਤਸਾਹਿਤ ਹੋ ਗਈ। ਇਸ ਦਾ ਆਤਮ-ਵਿਸ਼ਵਾਸ਼ ਅਤੇ ਸਮਾਜਿਕ ਰੁਤਬਾ ਨਿਘਾਰ ਵੱਲ ਵਧਣ ਲੱਗ ਪਏ। ਪਰਿਵਾਰ ਲਈ ਲੜਕੀ ਦਾ ਪੈਦਾ ਹੋਣਾ ਹੀ ਇੱਕ ਬੋਝ ਸਮਝਿਆ ਜਾਣ ਲੱਗਾ। ਲੜਕੀਆਂ ਲਈ ਵਿੱਦਿਆ ਪ੍ਰਾਪਤੀ ਬਾਰੇ ਸੋਚਣਾ ਹੀ ਨਿਰਮੂਲ ਸੀ। ਅਗਿਆਨ ਅਤੇ ਅੰਧ-ਵਿਸ਼ਵਾਸ਼ ਵਿੱਚ ਪ੍ਰਤੀ ਦਿਨ ਵਾਧਾ ਹੋਣ ਲਗਾ। ਜਵਾਨ ਲੜਕੀਆਂ ਨੂੰ ਉਧਾਲ ਕੇ ਵੇਚਣ ਦਾ ਧੰਧਾ ਤਾਂ ਅੰਗ੍ਰੇਜ਼ੀ ਰਾਜ ਵੇਲੇ ਤਕ (1599 ਤੱਕ) ਵੀ ਨਿਰੰਤਰ ਚਲਦਾ ਰਿਹਾ।

---

[93] ਪਰਦੇ ਦਾ ਰਵਾਜ ਮੁਸਲਮਾਨਾਂ ਦੇ ਭਾਰਤ ਆਉਣ ਨਾਲ ਆਇਆ। The consent committee report of 1928 reads , "Purdah was prevalent among the middle and higher orders of all communities but more so among the Muslims.There is evidence to show that the Hindus began concealing their womenfolk since the Mohammedan invasions"

# ਕਾਂਡ 5

# ਸਿੱਖ ਧਰਮ ਅਤੇ ਸਿੱਖ ਇਤਿਹਾਸ ਵਿੱਚ ਨਾਰੀ ਦਾ ਸਥਾਨ

## 5.1 ਸਮੇਂ ਦੀ ਨਾਰੀ ਨੈਤਿਕਤਾ

ਗੁਰੂ ਨਾਨਕ ਸਾਹਿਬ ਦੇ ਜ਼ਮਾਨੇ ਤੱਕ ਨਾਰੀ ਦੀ ਸ਼੍ਰਿਸ਼ਟਾਚਾਰਕ ਅਤੇ ਸਮਾਜਿਕ ਦਸ਼ਾ ਵਿੱਚ ਕਾਫੀ ਨਿਘਾਰ ਆ ਚੁੱਕਿਆ ਸੀ। ਉਨ੍ਹਾਂ ਨੂੰ ਵਰਤੋਂ ਦੀਆਂ ਚੀਜ਼ਾਂ ਵਾਂਗ ਹੀ ਖ਼ਰੀਦਿਆ ਤੇ ਵੇਚਿਆ ਜਾਂਦਾ ਸੀ। ਨਾਰੀਆ ਨੇ ਆਪ ਵੀ ਸਮੇਂ ਦੇ ਪ੍ਰਭਾਵ-ਵਸ ਸ਼ਰਮ-ਹਯਾ ਤੇ ਲਾਜ ਦਾ ਤਿਆਗ ਕਰ ਦਿੱਤਾ ਹੋਇਆ ਸੀ। ਮਾਇਆ ਕਾਰਨ ਜਾਂ ਪਦਾਰਥਾਂ ਦੇ ਲੋਭ ਕਾਰਨ ਸ੍ਰੀਰ ਵੇਚਣਾ ਆਮ ਸੀ। ਇਸ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਤਰ੍ਹਾਂ ਆਇਆ ਹੈ, "**ਇਸਤਰੀ ਪੁਰਖੈ ਖਟਿਐ ਭਾਉ॥ ਭਾਵੈ ਆਵਉ ਭਾਵੈ ਜਾਉ ॥ (ਪੰਨਾ 951) ਤਥਾ "ਕਲੀ ਅੰਦਰ ਨਾਨਕਾ ਜਿੰਨਾਂ ਦਾ ਅਉਤਾਰ ॥ ਪੁਤੁ ਜਿੰਨੂਰਾ ਧੀਅ ਜਿੰਨੂਰੀ ਜੋਰੂ ਜਿੰਨਾਂ ਦਾ ਸਿੱਕਦਾਰੁ"(ਪੰਨਾ 556)** । ਇਸ ਵੇਲੇ ਦੀ ਸਮਾਜਿਕ ਸਥਿੱਤੀ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ, **ਇਸਤਰੀ ਪੁਰਖੈ ਦਾਮ ਹਿਤ ਭਾਵੈਂ ਆਏ ਕਿਥਾਊਂ ਜਾਈ"(ਪੈਸੇ ਦੀ ਖਾਤਰ ਮਰਦ ਔਰਤ ਹਰ ਚੰਗੇ ਮਾੜੇ ਥਾਂ ਜਾਣ ਲਈ ਤਿਆਰ ਹੋ ਜਾਂਦੇ ਸਨ)** । ਗੁਰੂ ਨਾਨਕ ਸਾਹਿਬ ਸਮਾਜ ਦੀ ਇਸ ਨਿੱਘਰੀ ਤੇ ਨਿੱਘਰ ਰਹੀ ਹਾਲਤ ਤੋਂ ਬੇਹੱਦ ਦੁਖੀ ਸਨ। ਉਨ੍ਹਾਂ ਨੂੰ ਔਰਤ ਦੀ ਦੁਰਦਸ਼ਾ ਉੱਪਰ ਬਹੁਤ ਅਫਸੋਸ ਸੀ ਤੇ ਉਹ ਕਿਸੇ ਹੱਦ ਤਕ ਇਸ ਹਾਲਤ ਲਈ ਔਰਤ ਨੂੰ ਵੀ ਜ਼ਿੰਮੇਵਾਰ ਸਮਝਦੇ ਸਨ। ਉਹ ਲਿਖਦੇ ਹਨ, "**ਰੰਨਾਂ ਹੋਈਆਂ ਬੋਧੀਆਂ ਪੁਰਸ ਹੋਏ ਸਈਆਦ ॥ ਸੀਲ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥ ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ" (ਪੰਨਾ 1243)** (ਔਰਤਾਂ ਦੁਰਾਚਾਰ ਵਿੱਚ ਆਗੂ ਬਣ ਬੈਠੀਆਂ ਹਨ॥ ਮਰਦ ਇਨ੍ਹਾਂ ਦਾ ਸ਼ਿਕਾਰ ਕਰਨ ਵਿੱਚ ਰੁੱਝ ਗਏ ਹਨ। ਸਦਾਚਾਰ ਤੇ ਸੰਜਮ ਦਾ ਅਭਾਵ ਹੈ। ਅਭੱਖ ਵਸਤਾਂ ਦਾ ਖਾਣਾ ਆਮ ਹੋ ਗਿਆ ਹੈ । ਸ਼ਰਮ ਹਯਾ ਰਹੀਂ ਨਹੀ ਅਤੇ ਪਤ ਇੱਜ਼ਤ ਨੂੰ ਕੋਈ ਨਹੀਂ ਜਾਣਦਾ।)

ਧਾਰਮਿਕ ਕੱਟੜਵਾਦ ਜ਼ੋਰਾਂ ਤੇ ਸੀ ਅਤੇ ਧਾਰਮਿਕ ਕਹਾਉਂਦੇ ਵਿਅਕਤੀ ਧਰਮ ਦੇ ਪੜਦੇ ਵਿੱਚ ਕੁਕਰਮ ਕਰ ਰਹੇ ਸਨ। "**ਰਾਮ ਰਹੀਮ ਕਹਾਇੰਦੇ ਇੱਕ ਨਾਮ ਦੁਇ ਰਾਹ ਭੁਲਾਣੇ, ਬੇਦ ਕਤੇਬ ਭੁਲਾਇੱਕੇ ਮੋਹੇ ਲਾਲਚ ਦੁਨੀ ਸ਼ੈਤਾਣੇ, ਸੱਚ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਨਣ ਮੌਲਾਣੈ" (ਭਾਈ ਗੁਰਦਾਸ)**। ਇਸ ਪਤਨ ਦਾ ਕਾਰਨ ਜ਼ਿਆਦਾ ਕਰਕੇ ਹਿੰਦੂ, ਜੈਨ ਅਤੇ ਬੁੱਧ ਧਰਮ ਦੇ ਅਖੌਤੀ ਸਨਿਆਸੀਆਂ, ਧਾਰਮਿਕ ਪਾਖੰਡੀਆਂ ਤੇ ਦੰਭੀ ਸਾਧੂਆਂ ਦੀ ਮੰਦ-ਭਾਵਨਾ ਸੀ। ਇਹ ਸਾਧੂ ਜਿਨ੍ਹਾਂ ਨੇ ਲੋਕ-ਦਿਖਾਵੇ ਲਈ ਸੰਸਾਰ ਦਾ



ਤਿਅਗ ਕਰ ਦਿੱਤਾ ਸੀ ਆਪਣਾ ਢਿੱਡ ਭਰਨ ਲਈ ਮੰਗਣ ਵਾਸਤੇ ਲੋਕਾਂ ਦੇ ਘਰਾਂ ਵਿੱਚ ਜਾਂਦੇ ਸਨ ਅਤੇ ਔਰਤਾਂ ਨੂੰ ਆਪਣੇ ਜਾਲ ਵਿੱਚ ਫਸਾਉਂਦੇ ਸਨ। ਭਾਈ ਗੁਰਦਾਸ ਜੀ ਇਨ੍ਹਾਂ ਦਾ ਜ਼ਿਕਰ ਕਰਦਿਆ ਲਿਖਦੇ ਹਨ, " **ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰ ਉਨਕੇ ਘਰ ਮੰਗਣਿ ਜਾਈ**"। ਗੁਰੂ ਨਾਨਕ ਸਾਹਿਬ ਇਨ੍ਹਾਂ ਦੇ ਪਾਖੰਡ ਅਤੇ ਦੁਰਾਚਾਰ ਨੂੰ ਬਹੁਤ ਚੰਗੀ ਤਰ੍ਹਾਂ ਸਮਝ ਗਏ ਸਨ। ਉਹ ਇਸ ਦਾ ਜ਼ਿਕਰ ਕਰਦਿਆਂ ਲਿਖਦੇ ਹਨ, "**ਜੋਗੀ ਗਿਰਹੀ ਜਟਾ ਬਿਭੂਤ॥ ਆਗੇ ਪਾਛੇ ਰੋਵਹਿ ਪੂਤ"(ਪੰਨਾ 951)** । ਕਵੀ ਪੀਲੂ ਇਸ ਸਮੇਂ ਦੇ ਸਮਾਜ ਬਾਰੇ ਲਿਖਦਿਆਂ ਦਸਦਾ ਹੈ, " ਕੂੜ ਤੁਲੇ ਪੰਜ ਸੇਰੀਏਂ ਸੱਚ ਮਾਸਾ ਇੱਕ ਕਵਾਉ॥ ਨੇਕੀਆਂ ਲੱਭਣ ਨਾਂ ਭਾਲੀਆਂ ਬਦੀਆਂ ਦੇ ਦਰਿਆਉ ॥ ਕਿਧਰੇ ਕਿਧਰੇ ਗੁਰੂ ਨਾਨਕ ਸਾਹਿਬ ਵਰਗੇ ਹੋਰ ਵੀ ਐਸੇ ਸੁਧਾਰਕ ਸਨ ਜੋ ਇਨ੍ਹਾਂ ਸਾਧੂਆਂ ਨੂੰ ਅਜਿਹੇ ਕੁਕਰਮ ਕਰਨ ਤੋਂ ਰੋਕਦੇ ਸਨ ਜਾਂ ਇਨ੍ਹਾਂ ਨੂੰ ਭੰਡਦੇ ਸਨ। ਵਾਰਸ ਸ਼ਾਹ ਲਿਖਦਾ ਹੈ ਕਿ ਅਜਿਹੇ ਲੋਕਾਂ ਦੀ ਕੋਈ ਘੱਟ ਹੀ ਪ੍ਰਵਾਹ ਕਰਦਾ ਸੀ। ਉਹ ਇਨ੍ਹਾਂ ਦਾ ਉੱਤਰ ਇਸ ਤਰ੍ਹਾਂ ਲਿਖਦਾ ਹੈ "ਰੰਨਾਂ ਨਾਲੋਂ ਜੋ ਵਰਜਦੇ ਚੇਲਿਆਂ ਨੂੰ ਐਸੇ ਗੁਰੂ ਕੀ ਬੰਨ੍ਹ ਕੇ ਚੋਵਣੇ ਨੀਂ "।

## 5.2 ਸਿੱਖ ਗੁਰੂ ਸਾਹਿਬਾਨ ਦੀ ਦੇਣ

ਸ੍ਰੀ ਗੁਰੂ ਨਾਨਕ ਦੇਵ ਜੀ (1469-1539 AD) ਨੇ ਲੰਮੀਆਂ ਲੰਮੀਆਂ ਯਾਤ੍ਰਾਵਾਂ ਕੀਤੀਆਂ। ਇਸ ਪ੍ਰਕਾਰ ਧਾਰਮਿਕ ਸੰਦੇਸ਼ ਦੇਣ ਦਾ ਸੁਕਾਰਜ ਸੰਸਾਰ ਵਿੱਚ ਪਹਿਲੀ ਵਾਰ ਹੀ ਹੋਇਆ ਸੀ। ਅਧਿਆਤਮਿਕਤਾ, ਜੀਵਨ ਸਾਰਥਿਕਤਾ, ਮਨੁੱਖੀ ਜਨਮ ਦੇ ਮਨੋਰਥ, ਸੰਗੀਤ-ਸਾਧਨ ਪ੍ਰਭੁਤਾ ਅਤੇ ਸਰਬ ਸਾਂਝੀਵਾਲਤਾ ਦੇ ਖੇਤ੍ਰਾਂ ਵਿੱਚ ਆਪ ਜੀ ਨੇ ਅਜਿਹੀ ਜੁਗਲਬੰਦੀ ਕੀਤੀ ਕਿ ਮਾਨਵਤਾ ਇਸ ਉੱਪਰ ਸਦਾ ਨਾਜ਼ ਕਰਦੀ ਰਹੇਗੀ । ਗੁਰੂ ਜੀ ਦੀ ਵਿੱਚਾਰ ਧਾਰਾ ਤੇ ਸ਼ਖਸ਼ੀਅਤ ਤੋਂ ਹਰ ਵਰਗ ਦੇ ਲੋਕ ਪ੍ਰਭਾਵਤ ਹੋਏ।

ਗੁਰੂ ਜੀ ਧਰਮ ਵਿੱਚ ਫੈਲੇ ਹੋਏ ਅਤੇ ਫੈਲਾਏ ਜਾ ਰਹੇ ਵਹਿਮਾਂ-ਭਰਮਾਂ, ਨਿਰਮੂਲ ਕਰਮ-ਕਾਂਡਾਂ ਅਤੇ ਸਮਾਜਿਕ ਕੁਰੀਤੀਆਂ ਆਦਿਕ ਦੇ ਸੁਧਾਰਕ ਸਨ। ਉਨ੍ਹਾਂ ਨੇ ਸਮਾਜ ਸੁਧਾਰ ਨੂੰ ਮਨੁੱਖੀ ਜੀਵਨ ਦੇ ਮੁਖ ਮਨੋਰਥਾਂ ਵਿੱਚ ਸ਼ਾਮਲ ਕਰ ਲਿਆ ਤਾਂ ਜੋ ਸਮਾਜ ਦਾ ਕਲਿਆਣ ਯਕੀਨੀ ਬਣਾਇਆ ਜਾ ਸਕੇ। ਸਿੱਖ ਗੁਰੂ ਸਾਹਿਬਾਨ ਨੇ ਅਖੌਤੀ ਸਿੱਧਾਂ, ਜੋਗੀਆਂ, ਸੰਨਿਆਸੀਆਂ ਅਤੇ ਹਰ ਪਰਕਾਰ ਦੇ ਧਰਮਾਂ ਜਾਂ ਸੰਪਰਦਾਵਾਂ ਦੀ ਆੜ ਵਿੱਚ ਵਿਖਾਵੇ ਦੇ ਭੇਖੀਆਂ, ਵਾਣ-ਪ੍ਰਸਥੀਆਂ, ਅਖੌਤੀ ਤਿਆਗੀਆਂ ਅਦਿਕ ਤੋਂ ਸਮਾਜ ਨੂੰ ਸਾਵਧਾਨ ਕੀਤਾ। ਲੋਕ ਜਾਦੂ ਟੂਣੇ, ਵਹਿਮਾਂ ਭਰਮਾਂ ਅਤੇ ਜੰਤਰਾਂ ਮੰਤਰਾਂ ਦੀ ਆੜ ਵਿੱਚ ਲੁੱਟੇ ਜਾ ਰਹੇ ਸਨ । "**ਤੰਤ ਮੰਤ ਰਸਾਇਣਾ ਕਰਾਮਾਤ ਕਾਲਖ ਲਿਪਟਾਏ" (ਭ:ਗੁ 1.19)** ਗੁਰੂ ਜੀ ਨੇ ਇਨ੍ਹਾਂ ਦਾ ਭਾਂਡਾ ਚੁਰਾਹੇ ਵਿੱਚ ਭੰਨਿਆ ਅਤੇ ਇਨ੍ਹਾਂ ਦੀ ਨਿਰਮੂਲਤਾ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ। ਸੱਚ ਦੇ ਮਾਰਗ ਦੀ ਸਿੱਖਿਆ ਪ੍ਰਦਾਨ ਕੀਤੀ ਅਤੇ ਗ੍ਰਿਹਸਤ ਧਰਮ ਦੀ ਪਾਲਣਾ ਦਾ ਉਪਦੇਸ਼ ਦਿੱਤਾ।

ਇਨਸਾਨ ਨੂੰ ਸਿੱਖਸ਼ਾ ਦਿੱਤੀ ਗਈ ਕਿ ਇਨਸਾਨ ਪਰਿਵਾਰਕ ਜੀਵਨ ਜਿਉਂਦਾ ਹੋਇਆ ਅਤੇ ਕਿਰਤ ਵਿਰਤ ਕਰਦਾ ਹੋਇਆ ਵੀ ਜੀਵਨ-ਮੁਕਤੀ ਵੱਲ ਅਗਰਸਰ ਰਹੇ। ਗੁਰੂ ਜੀ ਨੇ ਘਰੇਲੂ, ਸਮਾਜਿਕ, ਕੌਮੀ ਅਤੇ ਸੰਸਾਰਕ ਸਮੱਸਿਆਵਾਂ ਦੀ ਨਿਸ਼ਾਨਦਿਹੀ ਵੀ ਇਸ ਪ੍ਰਕਾਰ ਕੀਤੀ ਕਿ ਆਮ ਵਿਅਕਤੀ ਪੂਰੀ ਸਦਾਕਤ ਜਾਣ ਸਕੇ ਅਤੇ ਆਰਥਕ ਅਤੇ ਪ੍ਰਮਾਰਥਕ ਤੱਤਾਂ ਦੇ ਸੁਧਾਰ ਲਈ ਕਮਰ ਕਸੇ ਕਰ ਲਵੇ। ਉਨ੍ਹਾਂ ਦੇ ਮਿੱਠੇ ਪਰ ਵਜ਼ਨਦਾਰ ਬਚਨਾਂ ਨੇ ਲੋਕਾਂ ਦੇ ਮੰਨ ਟੁੰਬੇ, ਬੁੱਧੀ ਵਿੱਚ ਰੂਹ ਫੂਕੀ ਅਤੇ ਉਨ੍ਹਾਂ ਦੀ ਸੁੱਤੀ ਜ਼ਮੀਰ ਨੂੰ ਜਗਾ ਦਿੱਤਾ।

ਸਿੱਖ ਧਰਮ ਦਾ ਅੰਗ੍ਰੇਜ਼ ਲਿਖਾਰੀ ਮਿਸਟਰ ਮੈਕਾਲਿਫ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਾਨਵਤਾ ਨੂੰ ਦੇਣ ਬਾਰੇ ਸੰਖੇਪ ਵਿੱਚ ਇਸ ਪਰਕਾਰ ਲਿਖਦਾ ਹੈ : *ਗੁਰੂ ਸਾਹਿਬ ਨੇ ਸਦੀਆਂ ਤੋਂ ਘੂਕ ਸੁੱਤੇ ਪੂਰਬ ਨੂੰ ਹਲੂਣਾ ਦੇ ਕੇ ਜਗਾਇਆ ਤੇ ਸੁਰਤ ਸੰਭਾਲਣ ਲਈ ਸਾਵਧਾਨ ਕੀਤਾ । ਮਨੁੱਖਤਾ ਅਤੀਤ ਦੀ ਜਿਲ੍ਹਣ ਵਿੱਚ ਧਸੀ ਜਾ ਰਹੀ ਸੀ । ਇਸ ਢਾਹੂ ਸ਼ਕਤੀ ਨੇ ਮਾਨਵ-ਪ੍ਰਤਿੱਭਾ ਦੇ ਪੈਰਾਂ ਨੂੰ ਜਕੜਿਆ ਹੋਇਆ ਸੀ। ਲੋਕਾਂ ਦੀ ਅਕਲ ਅਤੇ ਬੁੱਧੀ ਉੱਪਰ ਪਹਾੜਾਂ ਵਰਗਾ ਬੋਝ ਲੱਦ ਦਿੱਤਾ ਗਿਆ ਸੀ"* [94]

ਅਸੀਂ ਪਿਛੇ ਜ਼ਿਕਰ ਕਰ ਆਏ ਹਾਂ ਕਿ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਭਾਰਤੀ ਨਾਰੀਆਂ, ਧੀਆਂ ਭੈਣਾਂ ਦੀ ਸਮਾਜਿਕ ਅਤੇ ਨੈਤਿਕ ਹਾਲਤ ਬਹੁਤ ਕਰੁਣਾਮਈ ਸੀ ਅਤੇ ਹਿਰਦੇਵੇਧਕ ਹੱਦ ਤੱਕ ਨਿੱਘਰ ਚੁੱਕੀ ਸੀ । ਸਮਾਜਿਕ, ਆਰਥਿਕ, ਸਭਿਆਚਾਰਕ , ਰਾਜਨੀਤਕ ਅਤੇ ਧਾਰਮਿਕ ਖੇਤਰ ਵਿੱਚ ਔਰਤ ਦੀ ਕੋਈ ਭੂਮਿਕਾ ਹੀ ਨਹੀਂ ਸੀ। ਔਰਤ ਮਨੋਰਥ ਹੀਣ, ਦਿਸ਼ਾ ਹੀਣ ਅਤੇ ਪਰਾਧੀਨ ਹੋ ਕੇ ਰਹਿ ਗਈ ਸੀ। ਉਸ ਨਾਲ ਸੂਦਰਾਂ ਵਰਗਾ ਸਲੂਕ ਕੀਤਾ ਜਾਂਦਾ ਸੀ । ਉਹ ਉਤਸਾਹ ਹੀਣ,ਨਿਰਾਸ਼ ਤੇ ਵਿਦਿਆ ਤੋਂ ਵਾਂਝੀ ਸੀ। ਮਰਦ ਦੀ ਸੇਵਕਾ,ਬੱਚੇ ਜੰਮਣ ਵਾਲ਼ੀ ਮਸ਼ੀਨ ਅਤੇ ਚੁਲ੍ਹੇ ਚੌਕੇ ਦੀ ਬਿੱਲੀ ਹੀ ਉਸ ਦੀ ਪਛਾਣ ਸੀ ਜੋ ਕਿ ਨਿਰਾ ਅਕੇਵਾਂ ਸੀ। *"ਬਚਪਨ ਵਿੱਚ ਮਾਪਿਆਂ ਅਧੀਨ,ਜਵਾਨੀ ਵਿੱਚ ਪਤੀ ਅਧੀਨ,ਅਤੇ ਜੇ ਵਿਧਵਾ ਹੋ ਗਈ ਤਾਂ ਪੱਤ੍ਰਾਂ ਦੇ ਵਸ ਪੈ ਗਈ। ਬੁੱਧ ਧਰਮ ਦੀ ਨਿਯਮਾਵਲੀ ਅਨੁਸਾਰ ਉਹ ਭਿਖਸ਼ਣੀ ਬਣੀ। ਭਾਵੇਂ ਧਰਮ ਕਰਮ ਅਤੇ ਗੁਣਾਂ ਵਿੱਚ ਨਾਰੀ ਕਿੰਨੀ ਹੀ ਪਰਵੀਣ ਹੁੰਦੀ ਹੋਵੇ ਉਹ ਸਦਾ ਛੋਟਿਆਂ ਭਰਾਵਾਂ ਦੇ ਅਧੀਨ ਹੋ ਕੇ ਜਿਉਂਦੀ ਸੀ"* (ਮਿਸਟਰ ਏ ਐਲ ਬਾਸ਼ਮ )[95] ਸਮਾਜ ਵਿੱਚ ਨਾਰੀ ਦੇ

[94] In the Guru,the East shook off the torpor of ages and unburdened itself of the heavy weight of ultra conservatism which had paralysed the genius and intelligence of its people"(M.A.Macauliffe)

[95] "As a girl she was under the tutelage of her parents;as an adult of her husband and as a widow of her sons. Even under the liberal rules of Buddhism,a nun,however advanced



ਸਹੀ ਸਥਾਨ ਦੀ ਵਾਸਤਵਿਕ ਪਛਾਣ ਪਹਿਲੀ ਵਾਰ ਗੁਰੂ ਨਾਨਕ ਸਾਹਿਬ ਨੇ ਹੀ ਸਾਰਥਕ ਢੰਗ ਨਾਲ ਕਰਵਾਈ । ਉਨ੍ਹਾਂ ਨੇ ਹੀ ਨਾਰੀ ਪਤਨ ਦੇ ਕਾਰਨ ਨੀਝ ਨਾਲ ਸਮਝੇ ਅਤੇ ਮੰਦ-ਰੁਚੀ ਦੀ ਤਹਿ ਤੱਕ ਕਾਰਜਸ਼ੀਲ ਮਾਨਸਿਕਤਾ ਦਾ ਪਰਦਾ ਫਾਸ਼ ਕੀਤਾ।

ਧਾੜਵੀਆਂ ਲੁਟੇਰਿਆ ਦੇ ਲਗਾਤਾਰ ਹੁੰਦੇ ਰਹੇ ਹਮਲਿਆਂ ਨੇ ਦੇਸ਼, ਸਮਾਜ ਅਤੇ ਵਿਸ਼ੇਸ਼ ਕਰਕੇ ਹਿੰਦੋਸਤਾਨੀ ਔਰਤਾਂ ਦਾ ਹਾਲ ਆਏ ਦਿਨ ਮਾੜੇ ਤੋਂ ਮਾੜਾ ਕੀਤਾ ਹੋਇਆ ਸੀ।[96] ਗੁਰੂ ਨਾਨਕ ਦੇਵ ਜੀ ਮੁਗਲ ਹਮਲਾਵਰ ਬਾਬਰ ਦੇ ਜ਼ੁਲਮ ਜਬਰ ਦੇ ਚਸ਼ਮਦੀਦ ਗਵਾਹ ਸਨ। ਸੈਦਪੁਰ ਦੇ ਜ਼ੁਲਮ ਦੀ ਦਾਸਤਾਨ ਇਨਸਾਨੀ ਲਹੂ-ਮਿੱਝ ਤੋਂ ਉਪ੍ਰੰਤ ਨਾਰੀ ਪਤਨ ਦੀ ਤ੍ਰਾਸਦੀ ਸੀ ਜੋ ਗੁਰੂ ਜੀ ਦੀ ਪ੍ਰਸਿੱਧ ਕਿਰਤ 'ਬਾਬਰ ਬਾਣੀ' ਦਾ ਵਿਸ਼ਾ ਬਣੀ। ਨਾਰੀ ਪੀੜਾ ਅਤੇ ਔਰਤ ਦੀ ਨਿਰਾਦਰੀ ਦਾ ਬਿਆਨ ਜਿਸ ਸੁਹਿਰਦਤਾ ਅਤੇ ਸੰਵੇਦਨਾ ਨਾਲ ਗੁਰੂ ਨਾਨਕ ਦੇਵ ਜੀ ਨੇ ਗਾਇਨ ਕੀਤਾ ਹੈ ਹੋਰ ਕਿਸੇ ਨੇ ਨਹੀਂ ਕੀਤਾ। ਇੱਥੇ ਧਰਮ ਦੇ ਵਿਤਕਰੇ ਤੋਂ ਉਪਰ ਉੱਠ ਕੇ ਹਿੰਦੂ ਬੇਟੀ ਅਤੇ ਮੁਸਲਮਾਨ ਬੇਟੀ ਨਾਲ ਇੱਕੋ ਜਿਹੀ ਹਮਦਰਦੀ ਦਿਖਾਉਂਦਿਆਂ ਗੁਰੂ ਜੀ ਨੇ ਇਨਸਾਨੀ ਗੌਰਵ ਦੀ ਨਿੱਘਰਦੀ ਸਥਿੱਤੀ ਨੂੰ ਰੁਦਨਮਈ ਲਹਿਜੇ ਵਿੱਚ ਬਿਆਨ ਕਰਕੇ ਸਰਬ-ਸਾਂਝੇ ਦਰਦਮੰਦ ਰਹਿਬਰ ਹੋਣ ਦਾ ਸਬੂਤ ਦਿੱਤਾ ਹੈ। ਆਪ ਲਿਖਦੇ ਹਨ:"**ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ ਮੁਸਲਮਾਨੀਆਂ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥ ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ**.....................**(ਪੰਨਾ 722)**

ਹਰ ਰੋਜ਼ ਦੇ ਹਮਲਿਆਂ ਕਾਰਨ ਔਰਤ ਦਾ ਹੁਸਨ ਅਤੇ ਆਮ ਜੰਤਾ ਦਾ ਧਨ ਪਦਾਰਥ ਸਭ ਤੋਂ ਵੱਡੇ ਵੈਰੀ ਬਣ ਗਏ ਸਨ "**ਧਨੁ ਜੋਬਨੁ ਦੋਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ** (ਪੰਨਾ **417**)। ਵਿਡੰਬਨਾ ਤਾਂ ਇਹ ਸੀ ਕਿ ਜਿਨ੍ਹਾਂ ਆਗੂਆਂ ਨੇ ਹਾਅ ਦਾ ਨਾਅਰਾ ਮਾਰਨਾਂ ਸੀ ਉਹ ਇਸ ਤੋਂ ਵੀ ਦੋ ਕਦਮ ਅੱਗੇ ਨਿਕਲ ਚੁੱਕੇ ਸਨ। ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਤੁਲਸੀ ਦਾਸ ਵਰਗੇ ਔਰਤ ਦੀ ਅਧੋਗਤੀ ਨੂੰ ਹੋਰ ਹਵਾ ਦੇ ਰਹੇ ਸਨ ਅਤੇ ਨਾਰੀ ਪ੍ਰਤੀ ਘਿਰਣਾ ਦਾ ਪਰਚਾਰ ਕਰ ਰਹੇ ਹਨ। ਇਸ ਤੋਂ ਇਲਾਵਾ ਬਲਦੀ ਉੱਪਰ ਤੇਲ ਪਾਉਣ ਲਈ

in faith,was always subordinate to the youngest among the brethren"(A.L.Basham quoted by Kapur Singh in Baisakhi of Guru Gobind Singh P.378)

[96] "ਪੁੱਤੇ ਜਾਇ ਕਵਣ ਗੁਣ,ਅਵਗੁਣ ਕਵਣ ਮੁਏਣ ॥ ਜਾਂ ਬਾਪੂ ਕੀ ਭੋਇੰੜੀ ਚੰਪ ਜਾਇ ਅਵਰੇਣ"(ਜੇ ਧਾੜਵੀ ਨੇ ਬਾਪੂ ਦੀ ਭੋਇੰ ਹੀ ਆ ਖੋਹੀ ਤਾਂ ਉਸਦੇ ਪੁੱਤ੍ਰ ਦੇ ਜਿਉਂਦਾ ਰਹਿਣ ਜਾਂ ਮਰ ਜਾਣ ਵਿੱਚ ਕੀ ਫਰਕ ਪੈਂਦਾ) ਇਹੋ ਗੱਲ ਉਸ ਵੇਲੇ ਗੁਰੂ ਜੀ ਨੇ ਕਹੀ, "ਜੇ ਜੀਵੈ ਪਤਿ ਲੱਥੀ ਜਾਇ ਸਬ ਹਰਾਮ ਜੇਤਾ ਕਿਛੁ ਖਾਇ" ਤਥਾ "ਜਿਨ ਜੀਵੰਦਿਆ ਪਤਿ ਨਹੀ ਮੁਇਆ ਮੰਦੀ ਸੋਇ" (ਪੰਨਾ 1242)

ਬ੍ਰਾਹਮਣੀ ਕਰਮ-ਕਾਂਡ ਨੇ ਹੋਰ ਸੱਪ-ਵਲੇਵਾਂ ਪਾ ਛੱਡਿਆ ਸੀ ਅਤੇ ਨਾਰੀ ਉੱਪਰ ਰੀਤਾਂ ਰਸਮਾਂ ਆਦਿਕ ਦੇ ਤਰ੍ਹਾਂ ਤਰ੍ਹਾਂ ਦੇ ਪ੍ਰਤੀਬੰਧ ਲਗਾ ਛੱਡੇ ਸਨ। ਇਸ ਸਮੇਂ ਦੀ ਔਰਤ ਦੀ ਕਹਾਣੀ ਕਸ਼ਟਾਂ, ਰੁਦਨਾਂ ਤੇ ਦੁਖਾਂਤ ਦੀ ਲੰਮੀ ਦਾਸਤਾਨ ਹੈ ਜਿਸ ਨੂੰ ਸਮਝਕੇ ਹੀ ਨਾਰੀ ਨਾਲ ਇਨਸਾਫ ਕੀਤਾ ਜਾ ਸਕਦਾ ਸੀ ਅਤੇ ਉਸ ਦਾ ਸਹੀ ਬਿੰਬ ਉਜਾਗਰ ਕੀਤਾ ਜਾ ਸਕਦਾ ਸੀ। ਇਸ ਦ੍ਰਿਸ਼ਟੀ ਤੋਂ ਗੁਰੂ ਸਾਹਿਬਾਨ ਦਾ ਯੋਗਦਾਨ ਸਪਸ਼ਟ ਹੈ। ਉਨ੍ਹਾਂ ਦਾ ਪਹਿਲਾ ਨਾਅਰਾ ਹੀ ਇਹ ਸੀ ਕਿ ਮਰਦ ਔਰਤ ਵਿੱਚ ਫਰਕ ਸਮਝਣਾ ਹੀ ਗੁਨਾਹ ਹੈ। ਜਦ ਇਹ ਮੰਨ ਲੈਂਦੇ ਹਾਂ ਕਿ ਵਾਹਿਗੁਰੂ ਹਰ ਜੀਵ ਅੰਦਰ ਵਸਦਾ ਹੈ ਤਾਂ ਇਹ ਕਿਵੇਂ ਕਿਹਾ ਜਾ ਸਕਦਾ ਹੈ ਕਿ ਨਾਰੀ ਮਰਦ ਨਾਲੋਂ ਘਟੀਆ ਹੈ, "**ਮੰਦਾ ਕਿਸਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ" (ਪੰਨਾ 13810)** ਕੀ ਇਹ ਕਿਹਾ ਜਾ ਸਕਦਾ ਹੈ ਕਿ ਨਾਰੀ ਵਿੱਚ ਰੱਬ ਨਹੀਂ ਹੈ ? ਆਪਣੇ ਇਸ ਵਿੱਚਾਰ ਨੂੰ ਹੋਰ ਵੀ ਸਪਸ਼ਟ ਕਰਦਿਆ ਗੁਰੂ ਜੀ ਨੇ ਡੰਕੇ ਦੀ ਚੋਟ ਨਾਲ ਕਿਹਾ "**ਮਃ 1॥ ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥ ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥ ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥ ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥ ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ**" (ਪੰਨਾ 473)

ਭਾਰਤੀ ਭਾਸ਼ਾਵਾਂ ਵਿੱਚ ਔਰਤ ਲਈ ਕਈ ਸ਼ਬਦ ਪ੍ਰਚਲਤ ਸਨ ਜਿਵੇਂ ਜੋਰੂ, ਜ਼ਨ, ਜ਼ਨਾਨੀ, ਤੀਵੀਂ, ਤ੍ਰੀਮਤ ਆਦਿਕ। ਗੁਰੂ ਸਾਹਿਬਾਨ ਨੇ ਬੀਬੀ [97] ਜੀ, ਬੇਬੇ ਜੀ, ਮਾਤਾ ਜੀ, ਸਵਾਣੀ ਜੀ ਆਦਿਕ ਵਰਗੇ ਸ਼ਬਦ ਪਰਯੋਗ ਕਰਨੇ ਆਰੰਭ ਕੀਤੇ। ਅਜਿਹੇ ਸੰਬੋਧਕ ਸ਼ਬਦਾਂ ਨੇ ਭਾਰਤੀ ਨਾਰੀ ਨੂੰ ਮਨੋਵਿਗਿਆਨਕ ਪੱਧਰ ਤੇ ਨਰੋਈ ਸ਼ਕਤੀ ਦਿੱਤੀ। ਹਰ ਵਰਗ ਦੀਆਂ ਔਰਤਾਂ ਦੀ ਮਾਨਸਿਕਤਾ ਵਿੱਚ ਬਣਦਾ ਸਤਿਕਾਰ ਜਾਗ੍ਰਿਤ ਹੋਇਆ। 'ਬੀਬੀ' ਸ਼ਬਦ ਧੀ, ਭੈਣ, ਮਾਤਾ ਲਈ ਸਾਂਝਾ ਹੈ। ਕੋਈ ਦੁਨਿਆਵੀ ਰਿਸ਼ਤਾ ਨਾ ਵੀ ਹੋਵੇ ਇਸ ਸੰਬੋਧਨ ਨਾਲ ਇਜ਼ੱਤ ਅਤੇ ਅਪਣੱਤ ਦੀ ਸਾਂਝ ਬਣਦੀ ਹੈ। ਇਸ ਸ਼ਬਦ ਨਾਲ ਸੁਹਾਗਣ ਅਤੇ ਵਿਧਵਾ ਦਾ ਅੰਤਰ ਮਿਟ ਗਿਆ। ਜਿੱਥੇ ਮਨੁੱਖ ਦੀ ਉਲਾਰ ਨੀਤੀ ਨੇ ਸਮਾਜ ਦੀਆਂ ਧੀਆਂ ਨੂੰ ਵੇਸਵਾ, ਰਖੇਲ, ਰੰਡੀ, ਛੁੱਟੜ, ਮੁੱਲ ਦੀ ਰੰਨ, ਆਦਿਕ ਦੁਰਬਚਨ ਬੋਲੇ ਸਨ ਉੱਥੇ ਹੁਣ ਬੀਬੀ ਸ਼ਬਦ ਨੇ ਔਰਤ ਦੇ ਸਭ ਪਰਦੇ ਢੱਕ ਦਿੱਤੇ ਅਤੇ ਸਮਾਜੀ ਇੱਜ਼ਤ ਬਖਸ਼ ਦਿੱਤੀ। ਨਾਰੀ ਨੂੰ ਉਸਦਾ ਹੱਕੀ ਗੌਰਵ ਅਤੇ ਆਤਮ-ਸੰਮਾਨ ਪ੍ਰਾਪਤ ਹੋਇਆ। ਇਹ

[97] ਸ਼ਬਦ "ਬੀਬੀ" ਮੁਸਲਮਾਨਾਂ ਵਿੱਚ ਪਰਚਲਤ ਸੀ (ਜਿਵੇਂ ਚਾਂਦ ਬੀਬੀ ਆਦਿਕ) ਪਹਿਲੀ ਵਾਰ ਇਹ ਸ਼ਬਦ ਮੁਹੰਮਦ ਦੀ ਪੁਤ੍ਰੀ ਬੀਬੀ ਫਾਤਮਾ ਲਈ ਵਰਤਿਆ ਗਿਆ ਸੀ। ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਕੌਰ (ਸ਼ਹਿਜ਼ਾਦੀ ਜਾਂ ਰਾਜਕੁਮਾਰੀ) ਸ਼ਬਦ ਵਰਤ ਕੇ ਔਰਤ ਨੂੰ ਹੋਰ ਵੀ ਮਾਣ ਦਿੱਤਾ।



ਕ੍ਰਾਂਤੀਕਾਰੀ ਸੰਬੋਧਨ ਗੁਰੂ ਸਾਹਿਬਾਨ ਦੀ ਦ੍ਰਿਸ਼ਟੀ ਦਾ ਸਬੂਤ ਤਾਂ ਹੈ ਹੀ ਸੀ ਇਸ ਨੇ ਨਾਰੀ ਦੀ ਚੇਤਨਤਾ ਨੂੰ ਵੀ ਜਗਾ ਦਿੱਤਾ ਜੋ ਸਦੀਆਂ ਤੋਂ ਸੌਂ ਚੁੱਕੀ ਸੀ।

ਜ਼ਿੰਦਗੀ ਦੇ ਆਖ਼ਰੀ ਪੜਾ ਤੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਉੱਤ੍ਰਾਧਿਕਾਰੀਆਂ ਨੂੰ ਹਦਾਇਤ ਕਰ ਦਿੱਤੀ ਕਿ ਉਹ ਇਸ ਸੰਘਰਸ਼ ਨੂੰ ਜਾਰੀ ਰੱਖਣ। ਨਾਰੀ ਗੌਰਵ ਦੀ ਬਹਾਲੀ ਲਈ ਪਿੱਛੋਂ ਆਉਣ ਵਾਲੇ ਗੁਰੂ ਸਾਹਿਬਾਨ ਆਪਣੇ ਆਪਣੇ ਸਮੇਂ ਆਦੇਸ਼ ਦਿੰਦੇ ਰਹੇ। ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ, "**ਕਾਇਆ ਕਿਰਦਾਰ ਅਉਰਤ ਯਕੀਨਾ॥ ਰੰਗ ਤਮਾਸੇ ਮਾਣਿ ਹਕੀਨਾ**"(ਪੰਨਾ 1084)। ਘਰ-ਪਰਿਵਾਰ, ਧਨ, ਇਸਤ੍ਰੀ ਸੰਤਾਨ ਆਦਿਕ ਦਾ ਮਹੱਤਵ ਜੋ ਗੁਰੂ ਹਰਿਗੋਬਿੰਦ ਜੀ ਨੇ ਸਮਝਾਇਆ ਉਹ ਅਖਾਣ ਵਰਗੀ ਸਭਿਆਚਾਰਕ ਸਚਾਈ ਹੈ। ਆਪ ਨੇ ਕਿਹਾ "ਪੁਤ੍ਰ ਨਿਸ਼ਾਨ ਹੈ ਪੈਸਾ ਗੁਜ਼ਰਾਨ ਹੈ ਔਰਤ ਈਮਾਨ ਹੈ"।

ਪ੍ਰਸਿੱਧ ਵਿਦਵਾਨ ਜੈਨਿਟ ਲੈਂਟ ਅਨੁਸਾਰ ਸਿੱਖ ਗੁਰੂ ਸਾਹਿਬਾਨ ਦੀ ਔਰਤਾਂ ਨੂੰ ਦੇਣ ਬਹੁਤ ਮਹੱਤਵ-ਪੂਰਣ ਹੈ। *"ਗੁਰੂ ਸਾਹਿਬਾਨ ਨੇ ਔਰਤਾਂ ਨੂੰ ਰੱਬੀ ਹੁਕਮ ਅਨੁਸਾਰ ਮਰਦਾਂ ਦੇ ਬਰਾਬਰ ਸਥਾਨ ਦਿੱਤਾ। ਜਦੋਂ ਧਰਮ ਅਤੇ ਸਮਾਜ ਔਰਤਾਂ ਨੂੰ ਸਿਰਫ ਨਿੱਜੀ ਜਾਇਦਾਦ ਤੋਂ ਵੱਧ ਹੋਰ ਕੁੱਝ ਵੀ ਨਹੀਂ ਸੀ ਸਮਝਦਾ, ਸਿੱਖ ਗੁਰੂ ਸਾਹਿਬਾਨ ਨੇ ਉਨ੍ਹਾਂ ਨੂੰ ਸਮਾਜਿਕ ਤੇ ਧਾਰਮਿਕ ਆਜ਼ਾਦੀ ਦਿੱਤੀ। ਉਨ੍ਹਾਂ ਨੇ ਔਰਤਾਂ ਉੱਪਰ ਬੁਰਿਆਈ ਅਤੇ ਕੁਚੀਲਤਾ ਦਾ ਲਾਇਆ ਗਿਆ ਟਿੱਕਾ ਪੂੰਝ ਦਿੱਤਾ। ਹੁਣ ਔਰਤ ਕਾਮ-ਉਸਾਊ ਅਤੇ ਵਰਤਣਯੋਗ ਵਸਤੂ ਨਹੀਂ ਸੀ ਰਹੀ। ਅਜਿਹੀ ਸੋਚ ਨੂੰ ਗੁਰੂ ਸਾਹਿਬਾਨ ਨੇ ਮੂਰਖਤਾ ਆਖਿਆ"* [98]

ਅਜੋਕੇ ਵਿਗਿਆਨੀ ਗੁਰੂ ਜੀ ਦੀ ਪੰਜ ਸਦੀਆਂ ਪਹਿਲਾਂ ਦੀ ਕਥਨਾਵਲੀ ਨੂੰ ਸਾਰਥਕ, ਭਾਵ-ਪੂਰਤ, ਨਿਆਇ-ਸੰਗਤ, ਤਾਰਕਿਕ ਅਤੇ ਲਾਭਕਾਰੀ ਮੰਨਦੇ ਹਨ। ਟੈਕਸਾਸ ਯੂਨੀਵਰਸਿਟੀ ਦਾ ਮਨੋ ਵਿਗਿਆਨੀ ਡੇਵਿਡ ਬਸ (David Buss) ਸਾਫ ਸਾਫ ਲਿਖਦਾ ਹੈ, *"ਨਾ ਮਰਦ ਅਤੇ ਨਾ ਹੀ ਔਰਤ ਇੱਕ ਦੂਜੇ ਨਾਲੋਂ ਘਟੀਆ ਕਹੇ ਜਾ ਸਕਦੇ ਹਨ। ਕੀ ਕਿਸੇ ਪੰਛੀ ਦੇ ਖੰਭਾਂ ਨੂੰ ਮੱਛੀ ਦੇ ਜਲ-ਪਰਾਂ ਨਾਲੋਂ ਜਾਂ ਕੰਗਰੂ ਦੀਆਂ ਟੰਗਾਂ ਨਾਲੋਂ ਵਧੀਆ ਜਾਂ ਘਟੀਆ ਕਿਹਾ ਜਾ ਸਕਦਾ ਹੈ?"* [99]

ਸਿੱਖ ਵਿਦਵਾਨ ਭਾਈ ਸਾਹਿਬ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਨਾਰੀ ਸਮਾਜਿਕ

[98] "Each of the Supreme Being Gurus under authority of God gave women equal status.They gained social and religious freedom at a time when the existing religions and society considered women to be property.The false notion that they are inherently evil and unclean was removed. A woman was no longer regarded as temptation-incarnate.The Gurus exposed the folly of such notions"(The Guru Granth Sahib is divine page 18)

[99] "Neither women nor men can be considered superior nor inferior to the other any more than a bird's wings can be considered superior or inferior to a fishe's fins or a Kangaroo's legs."(Evolutionary Psychologist David Buss University of Texas-America)

ਅਤੇ ਅਧਿਆਤਮਿਕ ਗਿਆਨ ਦਾ ਕੋਸ਼ ਹੈ ਅਤੇ ਭਾਈ ਸਾਹਿਬ ਇਸ ਨੂੰ ਮੁਕਤੀ ਦਾ ਦੁਆਰ ਕਹਿ ਕੇ ਨਿਵਾਜਦੇ ਹਨ॥ "**ਲੋਕ ਵੇਦ ਗੁਣ ਗਿਅਨ ਵਿੱਚ ਅਰਧ ਸ੍ਰੀਰੀ ਮੋਖ ਦੁਆਰੀ॥ ਗੁਰਮੁਖ ਸੁੱਖਫਲ ਨਿਹਚਉ ਨਾਰੀ (5.16)**। ਸਿੱਖ ਗੁਰੂ ਸਾਹਿਬਾਨ ਨੇ ਪਹਿਲੀ ਵਾਰ ਨਾਰੀ ਨੂੰ ਘਰ ਪਰਿਵਾਰ, ਸਮਾਜ ਅਤੇ ਧਰਮ ਦੇ ਖੇਤਰ ਵਿੱਚ ਉੱਚਾ ਦਰਜਾ ਦਿੱਤਾ ਅਤੇ ਧਰਮ ਪ੍ਰਚਾਰ ਕਰਨ ਅਤੇ ਜੀਵਨ ਦੇ ਵਿਭਿੰਨ ਖੇਤ੍ਰਾਂ ਵਿੱਚ ਸੁਤੰਤ੍ਰਤਾ ਨਾਲ ਵਿੱਚਰਨ ਦਾ ਮੌਕਾ ਪਰਦਾਨ ਕੀਤਾ। ਮਰਦ ਨਾਲ ਬਰਾਰੀ ਬਖਸ਼ੀ। "ਨਰਕ ਦੁਆਰੀ" "ਮੋਖ ਦੁਆਰੀ" ਬਣ ਗਈ।

### 5.3 ਪਰਿਵਾਰਕ ਜੀਵਨ

ਸਿੱਖ ਗੁਰੂ ਸਾਹਿਬਾਨ ਨੇ ਸੰਨਿਆਸ ਜਾਂ ਵਾਣ-ਪ੍ਰਸ਼ਥ ਆਦਿਕ ਹਿੰਦੂ ਰੀਤੀਆਂ ਨੂੰ ਚੰਗਾ ਨਹੀਂ ਸਮਝਿਆ। ਹਿੰਦੂ ਸਮਝਦੇ ਸਨ ਕਿ ਪਰਿਵਾਰ ਵਿੱਚ ਰਹਿਣ ਨਾਲ ਮੁਕਤੀ ਮਿਲਣੀ ਸੰਭਵ ਨਹੀਂ "**ਪੁੱਤ੍ਰ ਕਲਤਰ ਗ੍ਰਿਹਸਤ ਮੇਂ ਵਾਸਾ॥ ਮੁਕਤਿ ਨਾ ਪਾਈਐ ਰਾਮ ਕੇ ਦਾਸਾ**"। ਇਸ ਦੇ ਉਲਟ ਗੁਰੂ ਜੀ ਨੇ ਸਭ ਨੂੰ ਗ੍ਰਿਹਸਤੀ ਜੀਵਣ ਜੀਣ ਦੀ ਪਰੇਰਨਾ ਦਿੱਤੀ ਅਤੇ ਆਪ ਉਧਾਰਣ ਪੇਸ਼ ਕੀਤੀ। ਗੁਰੂ ਜੀ ਦੇ ਖ਼ਿਆਲ ਅਨੁਸਾਰ ਔਰਤਾਂ ਦਾ ਸਾਧਵੀਆਂ (Nuns) ਬਣ ਕੇ ਜੀਵਨ ਬਿਤਾਉਣਾ ਫਜ਼ੂਲ ਹੈ। ਉਨ੍ਹਾਂ ਨੇ ਕਿਹਾ ਕਿ ਸੰਨਿਆਸੀ ਲੋਕ ਰੱਬ ਨੂੰ ਜੰਗਲਾਂ ਵਿੱਚ ਜਾਂ ਤੀਰਥਾਂ ਵਿੱਚ ਲੱਭ ਰਹੇ ਹਨ ਅਤੇ ਆਪਣਾ ਕੀਮਤੀ ਜੀਵਨ ਭੰਗ ਦੇ ਭਾੜੇ ਨਸ਼ਟ ਕਰ ਰਹੇ ਹਨ । ਪਰਮਾਤਮਾ ਜੰਗਲਾਂ, ਪਹਾੜਾਂ, ਦਰਿਆਵਾਂ ਜਾਂ ਪੱਥਰਾਂ ਅਦਿਕ ਵਿੱਚ ਨਹੀਂ ਉਹ ਤਾਂ ਬੰਦੇ ਦੇ ਮਨ ਵਿੱਚ ਹੀ ਹੈ। "**ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ" (ਪੰਨਾ 152) ਤਥਾ "ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ" (ਪੰਨਾ 633)**। ਪਰਿਵਾਰਕ ਜੀਵਣ ਜੀਣ ਵਿੱਚ ਹੀ ਪਰਮਾਤਮਾ ਦੀ ਪ੍ਰਾਪਤੀ ਸੰਭਵ ਹੈ ਤੇ ਇਹੋ ਜੀਵਨ ਉੱਤਮ ਜੀਵਨ ਹੈ। ਗੁਰੂ ਜੀ ਵਲੋਂ 500 ਸਾਲ ਪਹਿਲਾਂ ਕਹੇ ਗਏ ਇਨ੍ਹਾਂ ਸ਼ਬਦਾਂ ਨੂੰ ਅੱਜ ਦੇ ਸਮਾਜ ਵਿਗਿਆਨੀ ਮਾਨਵ-ਸਮਾਜ ਦਾ ਨੀਂਹ ਪੱਥਰ ਮੰਨਦੇ ਹਨ ।[100] ਪਰਿਵਾਰਕ ਜੀਵਨ ਵਿੱਚ ਪਿਆਰ, ਬਰਾਬਰੀ, ਵਿਸ਼ਵਾਸ਼, ਤਿਆਗ ਅਤੇ ਇਨਸਾਨੀ ਨਿੱਘ ਹਨ ਜੋ ਜੀਵਨ ਦੇ ਜ਼ਰੂਰੀ ਅੰਗ ਹਨ। ਪਰਿਵਾਰ ਵਿੱਚ ਰਹਿ ਕੇ ਹੀ ਸਮਾਜ ਵਿਗਿਆਨ, ਸਭਿਆਚਾਰ, ਸਦਾਚਾਰ ਅਤੇ ਕੁਰਬਾਨੀ ਦੇ ਜ਼ਜ਼ਬੇ ਦੀ ਸਮਝ ਪੈਂਦੀ ਹੈ ਜੋ ਮਨੁੱਖੀ ਅਸਤਿੱਤਵ ਦਾ ਆਧਾਰ ਹਨ। ਇੱਥੇ ਹੀ ਇਨਸਾਨ ਇੱਕ ਦੂਜੇ ਦੀ ਸੇਵਾ ਕਰਨ ਦਾ ਜ਼ਰੂਰੀ ਪਾਠ ਸਿੱਖਦਾ ਹੈ। ਪੰਜਾਬੀ ਲੋਕਾਂ ਨੂੰ ਪਤਾ ਹੈ ਕਿ ਜਦੋਂ ਕੋਈ ਮਾੜਾ ਕੰਮ ਕਰੇ/ ਜਾਂ ਹੋ ਜਾਵੇ ਤਾਂ ਕਿਹਾ ਜਾਂਦਾ ਹੈ ਕਿ ਇਸ ਦੀ ਮਾਂ/ਜਾਂ ਪਿਉ ਨੇ ਇਸ ਨੂੰ ਮੱਤ ਨਹੀਂ ਦਿੱਤੀ।

[100] "The fountain of parents duties is love……herein appeareth the wise providence of God,who by nature has so fixed it in the hearts of parents, as if there be any in whom it aboundeth not,he is counted unnatural." (Of Domestic duties by W.George p.498)



ਭਾਈ ਗੁਰਦਾਸ ਅਨੁਸਾਰ ਬਾਬਾ ਨਾਨਕ ਜੀ ਨੇ ਵੀ ਸਿੱਧ ਭੰਗਰ ਨਾਥ ਨੂੰ ਇਹੋ ਮਿਹਣਾ ਮਾਰਿਆ ਸੀ ਜਦ ਕਿਹਾ, " **ਨਾਨਕ ਆਖੇ ਭੰਗਰ ਨਾਥ ਤੇਰੀ ਮਾਉ ਕੁਚੱਜੀ ਆਹੀ॥ ਭਾਂਡਾ ਧੋਇ ਨ ਜਾਤਿਓਨ ਭਾਇ ਕੁਚੱਜੇ ਫੁਲ ਸੜਾਈ**"॥

ਗੁਰੂ ਜੀ ਨੇ ਕਿਹਾ ਕਿ ਜੋ ਮੁਕਤੀ ਇਨਸਾਨ ਬਣਾਂ ਵਿੱਚ ਜਾ ਕੇ ਲਭ ਰਿਹਾ ਹੈ ਉਹ ਕੇਵਲ ਪਰਿਵਾਰ ਵਿੱਚ ਰਹਿ ਕੇ ਹੀ ਮਿਲਣੀ ਸੰਭਵ ਹੈ। ਲੋੜ ਹੈ ਤਾਂ ਕੇਵਲ ਕਿਸੇ ਪੂਰਨ ਗੁਰੂ ਦੀ ਹੈ ਜੋ ਭਟਕੇ ਮਨ ਨੂੰ ਰਾਹ ਪਾ ਸਕੇ, "**ਨਾਨਕ ਸਤਿਗੁਰ ਭੇਟਿਐ ਪੂਰੀ ਹੋਵੈ ਜੁਗਤ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿੱਚੇ ਹੋਵੈ ਮੁਕਤਿ" (ਪੰਨਾ 522)**। ਗੁਰੂ ਦਾ ਚਮਤਕਾਰ ਹੀ ਐਸਾ ਹੈ ਕਿ ਉਹ ਜਗਿਆਸੂ ਨੂੰ ਪਰਿਵਾਰ ਵਿੱਚ ਰਹਿੰਦਿਆਂ ਅਤੇ ਪੁੱਤਾਂ ਧੀਆਂ ਦੇ ਪਿਆਰ ਦਾ ਨਿੱਘ ਮਾਣਦਿਆਂ ਹੋਇਆਂ ਵੀ ਮੁਕਤੀ ਦਾ ਭਾਗੀ ਹੋਣ ਦਾ ਭੇਦ ਸਮਝਾ ਦਿੰਦਾ ਹੈ। "**ਸਤਿਗੁਰ ਕੀ ਐਸੀ ਵਡਿਆਈ ॥ ਪੁਤ੍ਰ ਕਲਤ ਵਿੱਚੇ ਗਤਿ ਪਾਈ" (ਪੰਨਾ 661)**[101] । ਇਸੇ ਵਿੱਚਾਰ ਨੂੰ ਗੁਰੂ ਤੇਗ਼ ਬਹਾਦਰ ਜੀ ਹੋਰ ਖੋਲ੍ਹ ਕੇ ਲਿਖਦੇ ਹਨ, "**ਕਾਹੇ ਰੇ ਬਨ ਖੋਜਨ ਜਾਈ ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥ ਰਹਾਉ॥ ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥ ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥ 1॥ ਬਾਹਰਿ ਭਤਿਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥ ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥ (ਪੰਨਾ 684)**

ਸਿੱਖ ਧਰਮ ਅਨੁਸਾਰ ਸਾਂਵੇਂ ਸੁਧਰੇ ਸਮਾਜ ਲਈ ਔਰਤ ਅਤੇ ਮਰਦ ਦਾ ਸਮਾਜ ਵਿੱਚ ਵਿੱਚਰਦੇ ਰਹਿਣਾ ਜ਼ਰੂਰੀ ਹੈ। ਇਹ ਇੱਕ ਦੂਜੇ ਦੇ ਪੂਰਕ ਹਨ। ਗੁਰੂ ਜੀ ਨੇ ਔਰਤ ਨੂੰ ਸਾਂਝੇ ਪਰਿਵਾਰ ਦਾ ਇੱਕ ਮਹੱਤਵ ਪੂਰਣ ਅੰਗ ਮੰਨਿਆ ਅਤੇ ਔਰਤ ਦੀ ਰਾਏ ਨੂੰ ਸਾਂਝੇ ਪਰਿਵਾਰ ਦੀ ਭਲਾਈ ਦਾ ਨੀਂਹ ਪੱਥਰ ਕਿਹਾ। ਗੁਰੂ ਜੀ ਨੇ ਬ੍ਰਹਮਚਾਰੀ ਰਹਿਣ ਦੀ ਥਾਂ ਜੀਵਨ-ਸਾਥੀ ਲਈ ਸੁਆਮੀ-ਭਗਤੀ (ਪਤੀਵਰਤਾ ਅਤੇ ਇਸਤ੍ਰੀ ਵਰਤਾ) ਰਹਿਣ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ। ਗ੍ਰਿਹਸਤੀ ਦੰਪਦੀ ਜੋੜੇ ਲਈ ਜੋ ਵਿਧਾਨ ਗੁਰੂ ਜੀ ਨੇ ਸਿਰਜਿਆ ਉਹ ਸੰਖੇਪ ਤੌਰ ਤੇ ਇਸ ਤਰ੍ਹਾਂ ਹੈ, " **ਸੋ ਗਿਰਹੀ ਜੋ ਨਿਗ੍ਰਹ ਕਰੈ॥ ਜਪੁ ਤਪੁ ਸੰਜਮ ਭੀਖਿਆ ਕਰੈ ॥ ਪੁੰਨ ਦਾਨ ਕਾ ਕਰੇ ਸਰੀਰੁ॥ ਸੋ ਗਿਰਹੀ ਗੰਗਾ ਕਾ ਨੀਰੁ॥(ਪੰਨਾ 952)** । ਭਾਈ ਸਾਹਿਬ ਭਾਈ ਗੁਰਦਾਸ ਜੀ ਇਸ ਦੀ ਹੋਰ ਸਾਦਾ ਸ਼ਬਦਾਂ ਵਿੱਚ ਵਿਆਖਿਆ ਕਰਦੇ ਲਿਖਦੇ ਹਨ, "**ਜਿਉਂ ਜਲ ਕੰਵਲ ਅਲਿਪਤ ਹੈ ਘਰਿਬਾਰੀ ਗੁਰਸਿੱਖ ਤਿਵਾਹੀ ॥ 96.15), ਘਰਬਾਰੀ ਜੀਵਨ ਮੁਕਤਿ ਲਹਿਰ ਨਹੀਂ ਭਵ ਲੋਭ ਵਿਆਪੈ (6.18)**

[101] ਅਜਿਹਾ ਵੀਚਾਰ ਪਾਰਸੀਆਂ ਦੇ ਆਗੂ ਜ਼ਰਤੁਸ਼ਟ ਨੇ ਵੀ ਪੇਸ਼ ਕੀਤਾ ਸੀ। ਉਸ ਦਾ ਕਥਨ ਹੈ, "ਇੱਕ ਵਿਆਹਿਆ ਹੋਇਆ ਪੁਰਸ਼ ਕਿਸੇ ਵੀ ਸੰਨਿਆਸੀ ਨਾਲੋਂ ਅਧਿਆਤਮਕ ਤੌਰ ਤੇ ਬਹੁਤਾ ਉੱਚਾ ਸੁੱਚਾ ਹੈ"। (ਜ਼ਰਤੁਸ਼ਟ)

### (ੳ) ਮਾਤਾ ਦੇ ਰੂਪ ਵਿੱਚ ਨਾਰੀ

ਕਿਸੇ ਵਿਆਹੁਤਾ ਨਾਰੀ ਵਾਸਤੇ ਮਾਂ ਬਣਨ ਤੋਂ ਉਚੇਰਾ ਹੋਰ ਕੋਈ ਮਾਣ ਸਤਿਕਾਰ ਵਾਲਾ ਸਥਾਨ ਨਹੀਂ ਹੈ। ਮਾਂ ਦੇ ਰੂਪ ਵਿੱਚ ਨਾਰੀ ਘਰ ਅਤੇ ਸਾਰੇ ਸਮਾਜ ਵਾਸਤੇ ਕੁਦਰਤ ਦਾ ਵਿਸ਼ੇਸ਼ ਵਰਦਾਨ ਹੈ। ਸਮਾਜ ਨੂੰ ਅੱਗੇ ਤੋਰਨਾ ਅਤੇ ਮਨੁੱਖੀ ਨਸਲ ਨੂੰ ਸਦੀਵੀਂ ਜਿਉਂਦਾ ਰੱਖਣਾ ਇੱਕ ਬਹੁਤ ਵੱਡਾ ਯੋਗਦਾਨ ਹੈ। ਗੁਰੂ ਸਾਹਿਬ ਮਾਂ ਨੂੰ ਧੰਨ ਕਹਿੰਦੇ ਹਨ ਤੇ ਲਿਖਦੇ ਹਨ , " **ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥" (ਪੰਨਾ 138) ਤਥਾ "ਨਾਨਕ ਜਨਨੀ ਧੰਨੀ ਮਾਇ" ॥(ਪੰਨਾ 1257)**

ਜਦੋਂ ਕੋਈ ਕੰਵਾਰੀ ਲੜਕੀ ਮਾਂ ਬਣਦੀ ਹੈ ਤਾਂ ਖੇਡਣ ਕੁੱਦਣ ਦੇ ਚਾਅ ਮਲਾਰ ਪਿੱਛੇ ਰਹਿ ਜਾਂਦੇ ਹਨ। ਬੱਚਿਆਂ ਦਾ ਚੀਕ ਚਿਹਾੜਾ ਅਤੇ ਮਧੁਰ ਆਪਸੀ ਨੋਕ ਝੋਕ ਹੀ ਉਸ ਲਈ ਸੰਗੀਤ ਬਣ ਜਾਂਦੇ ਹਨ। ਬਾਲਾਂ ਦੇ ਹੱਥ ਫੜ ਕੇ ਉਨ੍ਹਾਂ ਨਾਲ ਖੇਡਣਾ ਅਤੇ ਲਾਡ ਪਿਆਰ ਕਰਨਾਂ ਹੀ ਉਸਦਾ ਨਾਚ ਬਣ ਜਾਂਦਾ ਹੈ। ਉਸ ਦੀ ਬੋਲ ਚਾਲ ਵਿੱਚ ਤੋਤਲਾਪਣ ਅਤੇ ਮਧੁਰਤਾ ਆ ਜਾਂਦੀ ਹੈ। ਘਰ ਪਰਿਵਾਰ ਦੇ ਅਕਾਊ ਕੰਮ ਅਤੇ ਦੂਜੇ ਤੀਜੇ ਸਾਲ ਨਵੇਂ ਬਾਲ ਦਾ ਜਨਮ ਤੇ ਪਾਲਣ ਪੋਸਣ ਗੰਭੀਰ ਜਿੰਮੇਵਾਰੀ ਦੇ ਕੰਮ ਹਨ ਜੋ ਉਸ ਦਾ ਜੋਬਨ ਅਤੇ ਸੁੰਦਰਤਾ ਨਿਗਲ ਜਾਂਦੇ ਹਨ। ਇਸ ਤਰ੍ਹਾਂ ਕੰਵਾਰੇਪਣ ਵਿੱਚ ਸਿਰਜੇ ਸੁਪਨੇ ਇੱਕ ਇੱਕ ਕਰਕੇ ਕਿਰ ਜਾਂਦੇ ਹਨ, ਇੱਛਾਵਾਂ ਦਮ ਤੋੜ ਜਾਂਦੀਆਂ ਹਨ। ਇਹ ਸਭ ਤੋਂ ਵੱਡਾ ਆਤਮ-ਤਿਆਗ ਅਤੇ ਕੁਰਬਾਨੀ ਹੈ ਜਿਸ ਲਈ ਮਾਨਵਤਾ ਹਮੇਸ਼ਾ ਨਾਰੀ ਦੀ ਆਭਾਰੀ ਰਹੇਗੀ।

ਮਾਂ ਦੀ ਗੋਦ ਬੱਚੇ ਵਾਸਤੇ ਸਵਰਗ ਸਮਾਨ ਹੁੰਦੀ ਹੈ। ਲੋਕ ਗੀਤ "ਮਾਵਾਂ ਠੰਢੀਆਂ ਛਾਵਾਂ" ਸਾਡੇ ਲੋਕ ਵਿਸ਼ਵਾਸ਼ ਦਾ ਤੱਤ ਬਣ ਗਿਆ ਹੈ। ਮਾਵਾਂ ਪਾਸੋਂ ਮੋਹ ਦੇ ਗੱਫੇ ਮੁਫਤ ਮਿਲਦੇ ਹਨ ਜਿਨ੍ਹਾਂ ਨੂੰ ਨਾ ਕੇਵਲ ਉਹ ਆਪ ਮਾਣਦੀ ਹੈ ਸਗੋਂ ਸਾਰਾ ਪਰਿਵਾਰ ਅਤੇ ਬੱਚਾ ਖੁਦ ਇਸ ਦਾ ਸਵਰਗੀ ਆਨੰਦ ਲੈਂਦਾ ਹੈ। ਹਜ਼ਰਤ ਮੁਹੰਮਦ ਸਾਹਿਬ ਦਾ ਕਥਨ ਹੈ, "ਮਾਂ ਦੇ ਚਰਨਾਂ ਵਿੱਚ ਸਵਰਗ ਵਸਦਾ ਹੈ"। ਮਾਂ ਸਮਾਜ ਨੂੰ ਬਹੁਤ ਕੁੱਝ ਦਿੰਦੀ ਹੈ ਪਰ ਬਦਲੇ ਵਿੱਚ ਕੁਝ ਵੀ ਨਹੀਂ ਮੰਗਦੀ। ਮਾਂ ਦੀ ਇਸ ਬੇਮਿਸਾਲ ਕੁਰਬਾਨੀ ਦਾ ਸਦਕਾ ਹੀ ਹੈ ਕਿ ਅਸੀਂ ਸਬਦਾਂ ਨਾਲ 'ਮਾਂ' ਜਾਂ 'ਮਾਤਾ' ਸ਼ਬਦ ਜੋੜ ਕੇ ਉਨ੍ਹਾਂ ਨੂੰ ਭਾਵ-ਪੂਰਤ ਤੇ ਸਤਿਕਾਰਯੋਗ ਬਣਾ ਦਿੰਦੇ ਹਾਂ ਜਿਵੇਂ ਧਰਤੀ ਮਾਤਾ, ਮਾਤ-ਭੂਮੀ, ਮਾਂ-ਬੋਲੀ ਆਦਿਕ। ਮਾਂ ਦੇ ਦੁੱਧ ਦੀ ਉੱਚਤਾ ਤੇ ਸੁੱਚਤਾ ਨੂੰ ਸਹੁੰ ਦੇ ਤੁੱਲ ਗਿਣਿਆ ਗਿਆ ਹੈ ਅਤੇ ਪੁਤ੍ਰ ਦੀ ਅਣਖ ਨਾਲ ਮਾਂ ਜੋੜ ਦਿੱਤੀ ਜਾਂਦੀ ਹੈ।

ਸਿੱਖ ਗੁਰੂ ਸਾਹਿਬਾਨ ਨੇ ਮਾਤਾ ਦੀ ਪਦਵੀ ਨੂੰ ਬਹੁਤ ਸਨਮਾਨ ਦਿੱਤਾ ਹੈ। ਆਪ



ਲਿਖਦੇ ਹਨ , "**ਧਨੁ ਜਨਨੀ ਜਿਨਿ ਜਾਇਆ ਧਨੁ ਪਿਤਾ ਪਰਧਾਨ" ॥ (ਪੰਨਾ 32),** ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕ ਸ਼ਬਦ ਹਨ ਜਿਨ੍ਹਾਂ ਵਿੱਚ ਮਾਤਾ ਦੀ ਉਸਤਤ ਕੀਤੀ ਗਈ ਹੈ ਅਤੇ ਰੱਜ ਕੇ ਉਸ ਦੇ ਗੁਣਾ ਤੇ ਮਿਹਰਵਾਨੀਆਂ ਦਾ ਜਸ ਗਾਇਆ ਗਿਆ ਹੈ। ਗੁਰੂ ਸਾਹਿਬ ਨੇ ਮਾਵਾਂ ਦੀ ਵਡਿਆਈ ਇਸ ਕਰਕੇ ਵੀ ਕੀਤੀ ਹੈ ਕਿ ਉਹ ਪਰਿਵਾਰਾਂ ਦੀ ਸੇਵਾ ਅਤੇ ਸੰਭਾਲ ਦਾ ਉੱਤਮ ਕਾਰਜ ਕਰਦੀਆ ਹਨ । ਮਾਂ ਵਾਸਤਵ ਵਿੱਚ ਬੱਚੇ ਦੀ ਪਹਿਲੀ ਗੁਰੂ ਹੁੰਦੀ ਹੈ। ਉਹ ਨੂਰੀ ਪ੍ਰਕਾਸ਼ ਦਾ ਸ੍ਰੋਤ ਹੈ ਅਤੇ ਪ੍ਰੇਮ ਪ੍ਰਕਾਸ਼ ਨਾਲ ਭਰਪੂਰ ਮੋਹ ਦਾ ਸਾਗਰ ਹੈ। ਪਰਮਤਾਮਾ ਨੇ ਨਾਰੀ ਨੂੰ ਜਿਹੜੀ ਭੂਮਿਕਾ ਲਈ ਯੋਗ ਸਮਝਿਆ ਹੈ ਉਸ ਲਈ ਉਹੀ ਨਿਰਧਾਰਤ ਕੀਤੀ ਗਈ ਹੈ ਅਤੇ ਇਸੇ ਦਾ ਸਦਕਾ ਮਾਨਵਤਾ ਦਾ ਨਿਕਾਸ ਅਤੇ ਵਿਕਾਸ਼ ਹੋਇਆ ਹੈ। ਗੁਰੂ ਜੀ ਲਿਖਦੇ ਹਨ, "**ਧਨੁ ਸੋਹਾਗਨਿ ਮਹਾਂ ਪਵੀਤ॥ ਤਪੇ ਤਪੀਸਰ ਡੋਲੇ ਚੀਤ ॥ ਸੋਹਾਗਨਿ ਹੈ ਅਤਿ ਸੁੰਦਰੀ ॥ ਪਗ ਨੇਵਰ ਛਨਕ ਛਨਹਰੀ (ਪੰਨਾ 872)**

### (ਅ) ਭੈਣ ਦੇ ਰੂਪ ਵਿੱਚ ਨਾਰੀ

ਸਿੱਖ ਗੁਰੂ ਸਾਹਿਬਾਨ ਅਨੁਸਾਰ ਧੀਆਂ ਪਰਿਵਾਰ ਦੀ ਸੋਭਾ ਹੁੰਦੀਆਂ ਹਨ। ਇਹ ਪਰਿਵਾਰ ਦੇ ਸੁਹਜ ਨੂੰ ਨਿਖਾਰਦੀਆਂ ਅਤੇ ਵਿਕਸਤ ਕਰਦੀਆਂ ਹਨ। ਭੈਣ ਅਤੇ ਵੀਰ ਦਾ ਪਿਆਰ ਆਦਰਸ਼ਕ ਹੁੰਦਾ ਹੈ। " **ਬਾਬੁਲ ਕੈ ਘਰ ਬੇਟੜੀ ਬਾਲੀ ਬਾਲੈ ਨੇਹਿ" (ਪੰਨਾ 935)** ਭੈਣ ਵੀਰ ਉੱਪਰ ਇਸ ਪ੍ਰਕਾਰ ਪ੍ਰਭਾਵ ਪਾਉਂਦੀ ਹੈ ਕਿ ਉਸ ਦੀ ਸ਼ਖਸ਼ੀਅਤ ਨਿੱਖਰ ਸਕੇ। ਦੇਖਿਆ ਗਿਆ ਹੈ ਕਿ ਮੌਤ ਭਾਵੇਂ ਸਭ ਲਈ ਦੁਖਦਾਈ ਹੁੰਦੀ ਹੈ ਪਰ ਇਸ ਦਾ ਸਭ ਤੋਂ ਵੱਧ ਦੁਖਦਾਈ ਅਨੁਭਵ ਭੈਣ ਹੀ ਕਰਦੀ ਹੈ। ਵੀਰ ਦਾ ਵਿਛੋੜਾ ਉਸ ਲਈ ਅਸਹਿ ਹੁੰਦਾ ਹੈ ਤੇ ਉਸ ਦਾ ਬੈਰਾਗ ਠੱਲਿਆ ਨਹੀਂ ਜਾਂਦਾ। **ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ॥ ਬੀਰ ਚਲੇ ਘਰਿ ਆਪਣੈ ਬਹਿਣ ਬਿਰਹਿ ਜਲਿ ਜਾਇ॥ (ਪੰਨਾ 935)**

### (ੲ) ਪਤਨੀ ਦੇ ਰੂਪ ਵਿੱਚ ਨਾਰੀ

ਗੁਰੂ ਸਾਹਿਬ ਵਲੋਂ ਧੂਆਂਧਾਰ ਪਰਚਾਰ ਕੀਤਾ ਗਿਆ ਕਿ ਨਾਰੀਆਂ ਨੂੰ ਪੂਰਨ ਸਤਿਕਾਰ ਅਤੇ ਮਰਦ ਦੀ ਬਰਾਬਰੀ ਦਾ ਦਰਜ਼ਾ ਦਿੱਤਾ ਜਾਵੇ। ਇਤਿਹਾਸਿਕ ਸਚਾਈ ਹੈ ਕਿ ਗੁਰੂ ਨਾਨਕ ਦੇਵ ਜੀ ਆਪਣੀ ਸੁਪਤਨੀ ਨੂੰ "ਪਾਰਜਾਤੁ" ਦਾ ਦਰਜਾ ਦਿੰਦੇ ਸਨ। ਆਪ ਲਿਖਦੇ ਹਨ, "**ਪਾਰਜਾਤੁ ਘਰਿ ਆਂਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ" (ਪੰਨਾ 503)**। ਆਪ ਬੜੇ ਹੀ ਸਤਿਕਾਰ ਨਾਲ ਆਪਣੀ ਸੁਪਤਨੀ ਨੂੰ "ਪਰਮੇਸ਼ਰ ਕੀਏ ਸੁਲੱਖਣੀਏ" ਕਹਿ ਕੇ ਬੁਲਾਇਆ ਕਰਦੇ ਸਨ। ਗੁਰੂ ਅਰਜਨ ਦੇਵ ਜੀ ਦੇ ਬਚਨ-

ਕਥਨ ਤਾਂ ਇਸ ਸਬੰਧ ਉੱਪਰ ਹੋਰ ਵੀ ਭਰਪੂਰ ਪ੍ਰਕਾਸ਼ ਪਾਉਂਦੇ ਹਨ। ਆਪ ਲਿਖਦੇ ਹਨ, "**ਸਭੁ ਪਰਵਾਰੈ ਮਾਹਿ ਸਰੇਸਟ ॥ ਮਤੀ ਦੇਵੀ ਦੇਵਰ ਜੇਸਟ ॥ ਧਨੁ ਸੁ ਗ੍ਰਿਹ ਜਿਤੁ ਪ੍ਰਗਟੀ ਆਇ ॥ ਜਨ ਨਾਨਕ ਸੁਖੇ ਸੁਖਿ ਵਿਹਾਇ ॥ ਘਰੁ ਮੇਰਾ ਇਹ ਨਾਇਕਿ ਹਮਾਰੀ ॥ ਇਹ ਆਮਰਿ ਹਮ ਗੁਰਿ ਕੀਏ ਦਰਬਾਰੀ"॥ (ਪੰਨਾ 371)**। ਗੁਰੂ ਜੀ ਦਾ ਇਹ ਵਚਨ ਨਾਰੀ ਪ੍ਰਤੀ ਭਾਵਨਾ ਤੇ ਸਤਿਕਾਰ ਉੱਪਰ ਭਲੀ ਪਰਕਾਰ ਪ੍ਰਕਾਸ਼ ਪਾਉਂਦਾ ਹੈ। ਉਹ ਤਾਂ ਇਸ ਤੋਂ ਵੀ ਅੱਗੇ ਜਾ ਕੇ ਲਿਖਦੇ ਹਨ, "**ਨਿਜ ਭਗਤੀ ਸੀਲਵੰਤੀ ਨਾਰਿ ॥ ਰੂਪਿ ਅਨੂਪ ਪੂਰੀ ਆਚਾਰਿ। ਜਿਤੁ ਗ੍ਰਿਹਿ ਵਸੈ ਸੋ ਗ੍ਰਿਹੁ ਸੋਭਾਵੰਤਾ" (ਪੰਨਾ 370)** ।

ਸਿੱਖਾਂ ਨੂੰ ਸਖ਼ਤ ਤਾੜਨਾ ਕੀਤੀ ਗਈ ਕਿ ਉਹ ਇਸਤ੍ਰੀਆਂ ਨੂੰ ਖਿਡਾਉਣਾ ਜਾਂ ਖੇਡ ਦੀ ਵਸਤੂ ਨਾ ਸਮਝਣ। ਆਪਣੀ ਪਤਨੀ ਤੋਂ ਇਲਾਵਾ ਦੂਜੀਆਂ ਔਰਤਾਂ ਨੂੰ ਦਰਜੇ ਅਤੇ ਉਮਰ ਅਨੁਸਾਰ ਧੀਆਂ ਭੈਣਾਂ ਜਾ ਮਾਵਾਂ ਸਮਾਨ ਸਮਝਣ। "**ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ" (ਪੰਨਾ 274)**। ਇਸ ਵਿੱਚਾਰ ਨੂੰ ਹੋਰ ਵੀ ਸਪਸ਼ਟ ਕਰਨ ਹਿਤ ਭਾਈ ਸਾਹਿਬ ਭਾਈ ਗੁਰਦਾਸ ਜੀ ਲਿਖਦੇ ਹਨ , " **ਦੇਖਿ ਪਰਾਈਆਂ ਚੰਗੀਆਂ ਮਾਵਾਂ ਧੀਆਂ ਭੈਣਾਂ ਜਾਣੇ" (ਵਾਰ 29.11)**। ਗੁਰੂ ਅਰਜਨ ਦੇਵ ਜੀ ਤਾਂ ਪ੍ਰਾਈ ਇਸਤ੍ਰੀ ਵਲ ਮੰਦੀ ਨਿਗਾਹ ਨਾਲ ਤੱਕਣ ਵਾਲੇ ਵਾਲੇ ਨੂੰ ਮੂਰਖ ਤੱਕ ਕਹਿੰਦੇ ਹਨ, "**ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂ ॥ ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ" (ਪੰਨਾ 1095)**

ਵਿਆਹ ਦੇ ਸਿਲਸਿਲੇ ਵਿੱਚ ਗੁਰੂ ਜੀ ਵਲੋਂ ਸਿਖਿਆ ਦਿੱਤੀ ਗਈ ਕਿ ਬਗੈਰ ਕਿਸੇ ਖ਼ਾਸ ਕੁਦਰਤੀ ਕਾਰਨ ਦੇ ਇੱਕ ਤੋਂ ਵੱਧ ਵਿਆਹ ਕਰਵਾਉਣਾ ਠੀਕ ਨਹੀਂ। ਇਸ ਸੰਧਰਭ ਵਿੱਚ ਭਾਈ ਗੁਰਦਾਸ ਜੀ ਇੱਕ ਆਦਰਸ਼ਕ ਸਥਿੱਤੀ ਦਾ ਚਿਤਰਣ ਕਰਦੇ ਲਿਖਦੇ ਹਨ, "**ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ ॥ ਪਰ ਧਨ ਸੂਅਰ ਗਾਇ ਜਿਉ ਮਕਰੂਹ ਹਿੰਦੂ ਮੁਸਲਮਾਣੈ ॥ ਘਰਬਾਰੀ ਗੁਰ ਸਿੱਖ ਹੋਇ ਸਿੱਖਾ ਸੂਤ੍ਰ ਮਲ ਮੂਤ੍ਰ ਵਿਡਾਣੈ" (1.19)**। ਸ਼੍ਰੋਮਣੀ ਕਮੇਟੀ ਵਲੋਂ 1998 ਵਿੱਚ ਛਾਪੀ ਗਈ ਪੰਜਾਬੀ ਰਹਿਤ ਮਰਯਾਦਾ ਦੇ ਪੰਨਾ 24 ਉੱਪਰ ਇਸ ਵਿੱਚਾਰ ਨੂੰ ਇਸ ਤਰ੍ਹਾਂ ਲਿਖਿਆ ਗਿਆ ਹੈ, "*ਆਮ ਹਾਲਤਾਂ ਵਿੱਚ ਸਿੱਖ ਨੂੰ ਇੱਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ*"। ਸ਼ਾਦੀ ਤੋਂ ਬਾਹਰਲੇ ਲਿੰਗ ਸਬੰਧ ਜਾਂ ਪਰ-ਨਾਰੀ ਨਾਲ ਅਯੋਗ ਰਿਸ਼ਤਿਆਂ ਦੇ ਸਿੱਟੇ ਵਜੋਂ ਅਨੇਕਾਂ ਰੋਗ ਲਗਦੇ ਹਨ, ਤਬਾਹੀਆਂ ਵਾਪਰਦੀਆਂ ਹਨ ਅਤੇ ਮੌਤਾਂ ਵੀ ਹੁੰਦਿਆ ਹਨ। ਅਜ ਪ੍ਰਤੀਤ ਕੀਤਾ ਜਾ ਰਿਹਾ ਹੈ ਕਿ ਗੁਰੂ ਸਾਹਿਬ ਦੀ 500 ਸਾਲ ਪਹਿਲਾਂ ਆਪਣੇ ਸਿੱਖਾਂ ਨੂੰ ਦਿੱਤੀ ਇਹ ਹਦਾਇਤ ਹਰ ਸਮੇਂ ਸਾਰਥਿਕ



ਸਿੱਖਿਆ ਦੇਣ ਦੇ ਸਮਰੱਥ ਸੀ। ਏਡਜ਼ (AIDS) ਵਰਗੇ ਘਾਤਕ ਰੋਗਾਂ ਤੋਂ ਬਚਣ ਲਈ ਗ੍ਰਿਹਸਤ ਜੀਵਣ ਅਤੇ ਇੱਕ-ਪੁਰਖ ਇੱਕ-ਨਾਰੀ ਇੱਕ ਆਦਰਸ਼ਕ ਘਰੋਗੀ ਰਿਸ਼ਤਾ ਹੈ ਜੋ ਨਰੋਏ ਸਮਾਜ ਅਤੇ ਅਰੋਗ ਮਾਨਵਤਾ ਦਾ ਮਾਰਗ-ਦਰਸ਼ਨ ਕਰਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਵੇਂ ਗੁਰੂ ਜੀ ਨੇ ਅਣਉੱਚਿਤ ਅਤੇ ਉਲਾਰ ਲਿੰਗ-ਸਬੰਧਾਂ ਵਿੱਚੋਂ ਉਪਜੇ ਘਾਤਕ ਰੋਗਾਂ ਦਾ ਕੋਈ ਨਾਮ ਨਹੀਂ ਲਿਖਿਆ ਪਰ ਇਸ ਤੋਂ ਉਪਜਣ ਵਾਲੇ ਨਤੀਜਿਆਂ ਦਾ ਵਰਨਣ ਖੁਲ੍ਹ ਕੇ ਕੀਤਾ ਹੈ। ਆਪ ਲਿਖਦੇ ਹਨ, "**ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ॥ ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ" (ਪੰਨਾ 403)**। ਵਰਜਿਤ ਰਿਸ਼ਤਿਆਂ ਤੋਂ ਪੈਦਾ ਹੋਣ ਵਾਲੇ ਸੰਕਟ ਦੀ ਤ੍ਰਾਸਦੀ ਨੂੰ ਬਿਆਨ ਕਰਦੇ ਆਪ ਲਿਖਦੇ ਹਨ ਕਿ ਅਜਿਹੇ ਰਿਸ਼ਤੇ ਦੀ ਤਕਲੀਫ਼ ਫਨੀਅਰ ਨਾਗ ਦੇ ਡੰਗ ਵਰਗੀ ਘਾਤਕ ਹੁੰਦੀ ਹੈ॥, "**ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ॥ (ਪੰਨਾ 403)**

### 5.4 ਲਿੰਗ ਭੋਗ ਤਿਆਗ (ਬ੍ਰਹਮਚਰਯ)

ਜੀਵਨ ਮੰਡਲ ਵਿੱਚ 'ਲਿੰਗ' ਉਤਪਤੀ ਅਤੇ ਵਿਕਾਸ ਦਾ ਕੁਦਰਤੀ ਸਾਧਨ ਹੈ। ਹਰ ਜੀਵ ਨੂੰ ਕਾਮ ਦੇ ਰੂਪ ਵਿੱਚ ਕੁਦਰਤ ਵਲੋਂ ਆਪਣੀ ਨਸਲ ਵਧਾਉਣ ਅਤੇ ਸੰਪੂਰਣਤਾ ਵਲ ਵਧਦੇ ਰਹਿਣ ਦਾ ਵਸੀਲਾ ਦਿੱਤਾ ਗਿਆ ਹੈ। ਇਸ ਦਾ ਪ੍ਰਯੋਗ ਵੀ ਤਰਕ ਉੱਪਰ ਆਧਾਰਤ ਹੈ। ਇਨਸਾਨ ਲਈ ਪੇਟ ਦੀ ਭੁੱਖ ਮਿਟਾਉਣ ਲਈ ਖ਼ੁਰਾਕ ਖਾਣੀ ਜ਼ਰੂਰੀ ਹੈ ਪ੍ਰੰਤੂ ਲੋੜ ਤੋਂ ਵਧ ਖਾਧਾ ਭੋਜਨ ਰੋਗ ਨੂੰ ਜਨਮ ਦਿੰਦਾ ਹੈ। ਐਨ ਇਸੇ ਤਰ੍ਹਾਂ ਲਿੰਗ-ਭੁੱਖ ਮਿਟਾਉਣ ਲਈ ਵੀ ਕਿਸੇ ਹੱਦ ਵਿੱਚ ਰਹਿ ਕੇ ਹੀ ਇਨਸਾਨ ਅਰੋਗ ਰਹਿ ਸਕਦਾ ਹੈ । ਬ੍ਰਹਮਚਰਯ ਕਿਸੇ ਵੇਲੇ ਲਿੰਗ-ਭੁੱਖ ਨੂੰ ਨਿਅੰਤ੍ਰਣ ਵਿੱਚ ਰੱਖਣ ਦੇ ਸਾਧਨ ਵਜੋਂ ਸ਼ੁਰੂ ਹੋਇਆ ਹੋਵੇਗਾ। ਇਹ ਮਨ ਬਚ ਕਰਮ ਅਤੇ ਚਰਿਤ੍ਰ ਦੁਆਰਾ ਉੱਚਾ ਉੱਠਣ ਦਾ ਇੱਕ ਆਦਰਸ਼ ਸੀ ਜੋ ਉਲਾਰ ਹੋ ਕੇ ਪੂਰਣ ਲਿੰਗ-ਤਿਆਗ ਦੇ ਰੂਪ ਵਿੱਚ ਧਰਮ ਦਾ ਹਿੱਸਾ ਬਣ ਗਿਆ। ਸਿੱਟਾ ਉਹ ਨਿਕਲਿਆ ਜੋ ਮਨੋਰਥ ਦੇ ਵਿਪ੍ਰੀਤ ਸੀ ਅਤੇ ਜਿਸ ਨੇ ਛੇਤੀ ਹੀ ਲਿੰਗ-ਤਿਆਗ ਦੇ ਸੁਚਾਰੂ ਪੱਖ ਨੂੰ ਪਾਖੰਡ ਵਿੱਚ ਬਦਲ ਦਿੱਤਾ। ਦਿਖਾਵੇ ਦੇ ਜੋਗੀ, ਸੰਨਿਆਸੀ, ਤਿਆਗੀ, ਸਿੱਧ, ਸਾਧੂ, ਮਹੰਤ ਅਦਿਕ ਪੈਦਾ ਹੋ ਗਏ ਜੋ ਧਰਮ ਤੋਂ ਥਿੜਕ ਕੇ ਕੁਕਰਮਾਂ ਵਿੱਚ ਫਸ ਗਏ। ਇਨ੍ਹਾਂ ਦੇ ਕੁਕਰਮਾਂ ਦਾ ਸਮਾਜ ਉੱਪਰ ਬਹੁਤ ਭੈੜਾ ਅਸਰ ਪਿਆ। ਇਸ ਵੇਲੇ ਦੇ ਇੱਕ ਕਵੀ ਵਲੀ ਰਾਮ ਜੀ ਹੋਏ ਹਨ। ਉਹ ਇਨ੍ਹਾਂ ਬ੍ਰਹਮਚਰਯ ਲੋਕਾਂ ਦੀ ਅਸਲੀਅਤ ਦਸਦੇ ਲਿਖਦੇ ਹਨ, "ਬਾਹਰੋਂ ਗੁਰੂ ਗੋਸਾਈਂ ਸੁਆਮੀ, ਅੰਤਰ ਕਾਮ ਕ੍ਰੋਧ ਕੇ ਗਾਮੀ॥ ਬਾਹਰੋਂ ਕਹਿਤੇ ਤ੍ਰਿਸ਼ਨਾ ਬੁਰੀ, ਅੰਤਰ ਲੋਭ ਲਹਿਰ ਕੀ ਛੁਰੀ॥ ਬਾਹਰੋਂ ਫਿਰਤੇ ਬਨਾ ਕੁਪੀਨ ਅੰਤਰ ਪੰਚ ਅਗਨੀ ਅਧੀਨ॥

ਆਮ ਲੋਕ ਇਨ੍ਹਾਂ ਬ੍ਰਹਮਚਰਯ ਅਖਵਾਉਂਦੇ ਨਾਥਾਂ ਜੋਗੀਆਂ ਤੋਂ ਡਰਦੇ ਸਨ ਅਤੇ ਇਨ੍ਹਾਂ ਵਿਰੁੱਧ ਕੁਸਕਣ ਦਾ ਵੀ ਹੀਆ ਨਹੀਂ ਕਰ ਸਕਦੇ ਸਨ। ਉਹ ਸਮਝਦੇ ਸਨ ਕਿ ਇਹ ਬਹੁਤ ਚਮਤਕਾਰੀ ਸ਼ਕਤੀਆਂ ਦੇ ਮਾਲਕ ਹਨ। ਗੁਰੂ ਨਾਨਕ ਸਾਹਿਬ ਨਿੱਡਰ ਹੋ ਕੇ ਇਨ੍ਹਾਂ ਦੇ ਡੇਰਿਆਂ ਵਿੱਚ ਜਾ ਵੜਦੇ, ਬਹਿਸ ਕਰਦੇ ਅਤੇ ਇਨ੍ਹਾਂ ਦਾ ਪਾਖੰਡ ਉਘਾੜਦੇ। ਗੁਰੂ ਜੀ ਨੇ ਇਨ੍ਹਾਂ ਨੂੰ ਸਮਾਜ ਅਤੇ ਘਰ ਪਰਿਵਾਰ ਦੇ ਭਗੌੜੇ ਅਤੇ ਭੇਖੀ ਕਿਹਾ। ਇਨ੍ਹਾਂ ਦਾ ਨਕਸ਼ਾ ਖਿਚਦੇ ਹੋਏ ਗੁਰੂ ਜੀ ਲਿਖਦੇ ਹਨ, **"ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸ਼ਨਾ ਉਪਜੀ ਭਾਰੀ ॥ ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ" (ਪੰਨਾ 1013)।** ਇਹ ਲੋਕ ਆਪਣੇ ਪਿੰਡੇ ਉਪਰ ਸੁਆਹ ਆਦਿਕ ਮਲ ਕੇ, ਕੰਡਿਆਂ ਉਪਰ ਸੌਂ ਕੇ, ਅਤੇ ਹੋਰ ਅਜਿਹੇ ਪਾਖੰਡਾਂ ਨਾਲ ਲੋਕਾਂ ਵਿੱਚ ਆਪਣੀ ਪ੍ਰਤਿਸ਼ਠਾ ਬਣਾਉਂਦੇ ਸਨ, **"ਬਾਹਰਿ ਭਸਮ ਲੇਪਨ ਕਰੇ ਅੰਤਰਿ ਗੁਬਾਰੀ ॥ ਖਿੰਥਾ ਝੋਲੀ ਬਹੁ ਭੇਖ ਕਰੇ ਦੁਰਮਤਿ ਅਹੰਕਾਰੀ"** (ਪੰਨਾ 1243)

ਗੁਰੂ ਸਾਹਿਬ ਔਰਤ ਨੂੰ ਵਿਆਹ ਕਰਵਾਉਣ ਅਤੇ ਪਰਿਵਾਰਕ ਜੀਵਣ ਜੀਣ ਲਈ ਪ੍ਰੇਰਦੇ ਸਨ। ਆਪ ਦੇ ਖਿਆਲ ਅਨੁਸਾਰ, **"ਇਸਤ੍ਰੀ ਰੂਪ ਚੇਰੀ ਕੀ ਨਿਆਈ ਸੋਭ ਨਹੀ ਬਿਨੁ ਭਰਤਾਰੇ"।** ਉਨ੍ਹਾਂ ਨੇ ਨਾਰੀਆਂ ਦੇ ਘਰ ਤਿਆਗਣ ਨੂੰ ਬੁਰਾ ਆਖਿਆ ਅਤੇ ਘਰਬਾਰੀ ਹੋ ਕੇ ਪਤੀ ਦੇ ਸੰਗ ਰਹਿਣ ਨੂੰ ਆਦਰਸ਼ ਜੀਵਨ ਮਿਥਿਆ। ਪਤੀਵਰਤਾ ਧਰਮ ਨੂੰ ਸ੍ਰੇਸ਼ਠਤਾ ਬਖਸ਼ੀ। ਗੁਰੂ ਜੀ ਦੇ ਆਦੇਸ਼ਾਂ ਨੂੰ ਭਾਈ ਗੁਰਦਾਸ ਜੀ ਖੋਲ੍ਹ ਕੇ ਇਸ ਤਰ੍ਹਾਂ ਲਿਖਦੇ ਹਨ, **"ਜੈਸੇ ਪਤਿਬ੍ਰਤਾ ਪਰਪੁਰਖ ਨ ਦੇਖਯੋ ਚਾਹੈ, ਪੂਰਨ ਪਤੀਵਰਤਾ ਕੋ ਪਤਿ ਹੀ ਮੈ ਧਯਾਨ ਹੈ" (ਕਬਿੱਤ)**

### 5.5 ਪਰਦਾ

ਪਰਦਾ, ਘੁੰਡ (ਘੂੰਗਟ) ਜਾਂ ਝੁੰਡ ਭਾਰਤ ਵਿੱਚ ਮੁਸਲਮਾਨਾਂ ਦੇ ਆਉਣ ਨਾਲ ਹੀ ਆਇਆ। ਮੁਸਲਮਾਨ ਔਰਤਾਂ ਨੂੰ ਬੁਰਕਾ ਪਹਿਨਣ ਦੀ ਹਦਾਇਤ ਮੁਹੰਮਦ ਸਾਹਿਬ ਤੋਂ ਥੋੜਾ ਚਿਰ ਪਿੱਛੋਂ ਹੀ ਕਰ ਦਿੱਤੀ ਗਈ ਸੀ ।[102] ਭਾਰਤੀ ਨਾਰੀ ਨੂੰ ਪਰਦਾ ਕਰਨ ਦਾ ਕੋਈ ਧਾਰਮਿਕ ਜਾਂ ਸਮਾਜਿਕ ਆਦੇਸ਼ ਕਿਧਰੇ ਵੀ ਨਹੀਂ ਮਿਲਦਾ। ਉਸ ਲਈ ਬਾਹਰੋਂ ਆਏ ਧਾੜਵੀਆਂ ਦੀਆਂ ਬਾਜ਼ ਅੱਖਾਂ ਤੋਂ ਆਪਣੇ ਆਪ ਨੂੰ ਬਚਾਉਣ ਲਈ ਪਰਦਾ ਕਰਨਾ ਇੱਕ ਮਜਬੂਰੀ ਬਣ ਗਿਆ ਸੀ। ਹਿੰਦੂ ਸਮਾਜ ਲਈ ਇਹ ਇੱਕ ਵਰਦਾਨ ਹੀ ਸੀ ਜਿਸ ਨੂੰ ਖੁਸ਼ੀ ਖੁਸ਼ੀ ਪ੍ਰਵਾਣ ਕਰ ਲਿਆ ਗਿਆ ਅਤੇ ਇਹ ਛੇਤੀ ਹੀ ਭਾਰਤੀ ਸਮਾਜ ਦਾ ਇੱਕ ਅਟੁੱਟ ਅੰਗ ਬਣ ਗਿਆ। ਵੇਦਕ ਕਾਲ ਦੀਆਂ ਸੁਤੰਤਰ ਨਾਰੀਆਂ ਹੁਣ ਬਾਹਰਲੇ ਸਭਿਆਚਾਰ ਅਤੇ

[102] ਬੁਰਕੇ ਬਾਰੇ ਵਖੋ ਵੱਖਰੇ ਮੁਸਲਮਾਨ ਫਿਰਕਿਆਂ ਦੇ ਵਿੱਚਾਰ ਵੱਖੋ ਵੱਖਰੇ ਹਨ ।



ਧੱਕੇ ਦੀ ਰਾਜਨੀਤੀ ਦਾ ਸ਼ਿਕਾਰ ਹੋ ਕੇ ਭਾਰਤੀ ਸਭਿਆਚਾਰ ਅਤੇ ਸਦਾਚਾਰ ਤੋਂ ਵਿਹੂਣੀਆਂ ਹੋ ਗਈਆਂ। ਉਨ੍ਹਾਂ ਨੇ ਆਪਣੇ ਗਲ ਵਿੱਚ ਗ਼ੁਲਾਮੀ ਦਾ ਤਾਕ ਖ਼ੁਸ਼ੀ ਖ਼ੁਸ਼ੀ ਪਾ ਲਿਆ।

ਤੀਖਣ ਦੂਰ-ਦ੍ਰਿਸ਼ਟੀ ਰੱਖਣ ਵਾਲਿਆਂ ਨੇ ਅਨੁਭਵ ਤਾਂ ਕੀਤਾ ਕਿ ਪਰਦਾ ਨਾਰੀ ਦੇ ਆਤਮ-ਬਲ ਤੇ ਇੱਕ ਕਾਰੀ ਚੋਟ ਸੀ ਪਰ ਸਮੇਂ ਦੀ ਚਾਲ ਨੂੰ ਦੇਖਦਿਆਂ ਉਨ੍ਹਾਂ ਨੇ ਚੁੱਪ ਰਹਿਣਾ ਹੀ ਮੁਨਾਸਬ ਸਮਝਿਆ। ਨਾਰੀ ਨੂੰ ਅਬਲਾ (ਬਲ ਰਹਿਤ, ਕਮਜ਼ੋਰ) ਕਿਹਾ ਜਾਣ ਲੱਗਾ ਅਤੇ ਛੇਤੀ ਹੀ ਨਾਰੀ ਨੇ ਵੀ ਆਪਣੇ ਆਪ ਨੂੰ 'ਅਬਲਾ' ਹੋਣਾ ਪਰਵਾਣ ਕਰ ਲਿਆ। ਭਾਰਤੀ ਨਾਰੀ ਦੀ ਖੁਸ਼ਨਸੀਬੀ ਹੀ ਸਮਝੋ ਕਿ ਅਜਿਹੇ ਸਮੇਂ ਵਿੱਚ ਵੀ ਸ੍ਰੀ ਗੁਰੂ ਅਮਰ ਦਾਸ ਜੀ ਨੇ ਲੋੜ ਅਤੇ ਮਜਬੂਰੀ ਦਾ ਅੰਤਰ ਨਾਰੀ ਨੂੰ ਸਮਝਾਇਆ ਅਤੇ ਧੀਆਂ ਭੈਣਾਂ ਨੂੰ 'ਅਬਲਾ' (powerless) ਤੋਂ 'ਸਬਲਾ' (powerful) ਬਣਨ ਦਾ ਉਪਦੇਸ਼ ਦੇਣਾ ਆਰੰਭ ਕਰ ਦਿੱਤਾ। ਉਨ੍ਹਾ ਨੇ ਡਰ , ਸਹਿਮ ਅਤੇ ਘੁਟਣ ਦਾ ਪਾਜ ਉਘਾੜਿਆ ਅਤੇ ਨਿਡਰ ਹੋ ਕੇ ਪਰਦੇ ਤੋਂ ਬਿਨਾਂ ਵਿੱਚਰਨ ਦੀ ਹਦਾਇਤ ਦਿੱਤੀ। ਜਦੋਂ ਹਰੀਪੁਰ ਦੀ ਮਹਾਂਰਾਣੀ ਸ਼ਰਧਾ ਵਜੋਂ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਈ ਤਾਂ ਗੁਰੂ ਜੀ ਨੇ ਆਦੇਸ਼ ਦਿੱਤਾ ਕਿ "ਘੁੰਡ ਦਾ ਤਿਆਗ ਕੀਤਾ ਜਾਵੇ"।[103] ਜਿਨ੍ਹਾਂ ਧੀਆਂ ਭੈਣਾਂ ਨੇ ਗੁਰੂ ਜੀ ਦੀ ਸਿੱਖਿਆ ਤੇ ਅਮਲ ਕੀਤਾ ਉਨ੍ਹਾਂ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਗਵਾਹੀ ਹੈ ਕਿ ਉਹ ਗ਼ੁਲਾਮੀ ਦੇ ਸੰਗਲ ਲਾਹ ਕੇ ਪੂਰਨ ਆਜ਼ਾਦੀ ਮਾਨਣ ਲੱਗੀਆਂ, **"ਲਾਜ ਮਰੰਤੀ ਮਰਿ ਗਈ ਘੂਘਟ ਖੋਲਿ ਚਲੀ ॥ ਸਾਸੁ ਦਿਵਾਨੀ ਬਾਵਰੀ ਸਿਰ ਤੇ ਸੰਕ ਟਲੀ " (ਪੰਨਾ 931)**

ਇਤਿਹਾਸ ਗਵਾਹ ਹੈ ਕਿ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਬੀਬੀਆਂ ਨੂੰ ਸ਼ਸ਼ਤਰ ਧਾਰਣ ਅਤੇ ਸ਼ਸ਼ਤਰ ਵਿੱਦਿਆ ਲੈਣ ਦੀ ਵੀ ਤਾਕੀਦ ਕਰ ਦਿੱਤੀ ਸੀ। ਇਸਤ੍ਰੀ ਦਾ ਆਤਮ-ਬਲ ਉੱਚਾ ਕਰਨ ਲਈ ਗੁਰੂ ਜੀ ਨੇ ਉੱਸ ਦੇ ਨਾਂ ਮਗਰ "ਕੌਰ"( ਸ਼ਹਿਜ਼ਾਦੀ, ਰਾਜਕੁਮਾਰੀ) ਸ਼ਬਦ ਲਾਉਣ ਦੀ ਪਰਪਾਟੀ ਵੀ ਸ਼ੁਰੂ ਕਰ ਦਿੱਤੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਕੌਰ" ਸ਼ਬਦ "ਕੰਵਰ" ਦਾ ਤਦਭਵ ਰੂਪ ਹੈ ਜਿਸ ਦਾ ਅਰਥ ਹੈ 'ਸ਼ਹਿਜ਼ਾਦਾ' ਜਾਂ 'ਰਾਜਕੁਮਾਰ'। 'ਕੰਵਰ' ਸੰਕਟ ਵੇਲੇ ਯੁੱਧ ਵਿੱਚ ਦਿਸਦਾ ਹੁੰਦਾ ਸੀ। ਯੋਧੇ ਮੂੰਹ ਨਹੀਂ ਸਨ ਛੁਪਾਉਂਦੇ। ਕੰਵਰ ਨੰਗੇ ਧੜ ਨਿਡਰ ਹੋ ਕੇ ਮੈਦਾਨ ਵਿੱਚ ਨਿਤਰਦੇ ਸਨ। ਮੂੰਹ ਢੱਕਣਾ ਜਾਂ ਸਿਰ ਛੁਪਾਉਣਾ ਹਾਰ ਜਾਂ ਭਾਂਜ ਦਾ ਸੂਚਕ ਹੁੰਦਾ ਸੀ। ਹੁਣ ਸਿੱਖ ਨਾਰੀਆਂ ਵੀ ਆਪਣੇ ਭਰਾਵਾਂ ਵਾਂਗ ਮੈਦਾਨ ਵਿੱਚ ਨਿੱਤਰਨ ਲਗੀਆਂ। ਉਨ੍ਹਾਂ ਲਈ ਆਪਣੇ ਭਰਾਵਾਂ ਪਾਸੋਂ ਰਾਖੀ ਲਈ (ਰੱਖੜੀ ਆਦਿਕ) ਧਾਗੇ ਬੰਨ੍ਹਵਾਉਣਾ ਕੋਈ ਮੁੱਲ ਨਹੀਂ ਸੀ ਰਖਦਾ ।[104]

[103] "ਸਿੱਖ ਇਸਤਰੀ ਲਈ ਪਰਦਾ ਜਾਂ ਘੁੰਡ ਕਰਨਾ ਉੱਚਿਤ ਨਹੀਂ" (ਰਹਿਤ ਮਰਯਾਦਾ ਪੰਜਾਬੀ ਪੰਨਾ 21) "ਰਹੁ ਰਹੁ ਰੀ ਬਹੁਰੀਆ ਘੂੰਘਟ ਜਿਨਿ ਕਾਢੈ" (ਪੰਨਾ 484)

[104] 'ਰਖੜੀ' ਜਾਂ 'ਰਖਸ਼ਾ ਬੰਧਨ' ਦਾ ਰਵਾਜ ਇਸੇ ਸਮੇਂ ਪਿਆ ਸੀ ।ਸਿੱਖ ਧਰਮ ਦਾ ਇਸ ਨਾਲ ਕੋਈ ਸੰਬੰਧ ਨਹੀਂ।

ਇਸਲਾਮ ਵਾਂਗ ਪਰਦਾ ਕਰਨਾ ਗ਼ੁਲਾਮੀ ਅਤੇ ਕਮਜ਼ੋਰੀ ਦੀ ਨਿਸ਼ਾਨੀ ਸਮਝੀ ਜਾਣ ਲਗੀ ਕਿਉਂਕਿ ਇਹ ਵਿਅਕਤੀਗਤ ਆਜ਼ਾਦੀ ਉੱਪਰ ਹਮਲਾ ਸੀ। ਗੁਰੂ ਜੀ ਨੇ ਇਸ ਨੂੰ ਹਟਾਉਣ ਉਪਰੰਤ ਇਹ ਵੀ ਸੁਤੰਤਰਤਾ ਬਖਸ਼ ਦਿੱਤੀ ਕਿ ਕੱਪੜੇ ਪਹਿਨਣ ਉੱਪਰ ਇਸਲਾਮ ਵਾਂਗ ਕੋਈ ਪਾਬੰਦੀ ਨਹੀਂ ਹੋਵੇਗੀ। ਔਰਤ ਜਿਸ ਤਰ੍ਹਾਂ ਦੇ ਚਾਹੇ ਕੱਪੜੇ ਪਾਵੇ ਪ੍ਰੰਤੂ ਵਸਤਰ ਸਾਦਾ ਹੋਣ ਅਤੇ ਭੜਕੀਲੇ ਕਾਮ-ਉਕਸਾਊ ਵਸਤਰਾਂ ਤੋਂ ਸੰਕੋਚ ਕੀਤਾ ਜਾਵੇ ।"**ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥ ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ" (ਪੰਨਾ 16)।**

### 5.6 ਸਤੀ

ਸਿੱਖ ਗੁਰੂ ਸਾਹਿਬਾਨ ਨੇ ਸਤੀ ਦੀ ਰਸਮ [105] ਦਾ ਖੰਡਨ ਕੀਤਾ ਅਤੇ ਇਸ ਦੀ ਪਾਲਣਾ ਨਾ ਕਰਨ ਦਾ ਸਖ਼ਤ ਹੁਕਮ ਦਿੱਤਾ । ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ ਕਿ ਪਤੀ ਦੀ ਮੌਤ ਉਪਰੰਤ ਬ੍ਰਿਹੋਂ ਦੀ ਮਾਰੀ ਸੱਚੀ ਵਿਧਵਾ ਉਹ ਹੈ ਜਿਹੜੀ ਪਤੀ ਦੇ ਸਦੀਵੀ ਵਿਛੋੜੇ ਉਪ੍ਰੰਤ ਸੱਚਾ ਸੁੱਚਾ ਜੀਵਨ ਜਿਉਂਦੀ ਹੈ।, "**ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ॥ ਨਾਨਕ ਸਤੀਆਂ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ॥ ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ ॥ ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨਿ॥ (ਪੰਨਾ 787)** ਪਿਛੋਂ ਗੁਰੂ ਅਮਰ ਦਾਸ ਜੀ ਨੇ ਇਸ ਵਿੱਚਾਰ-ਧਾਰਾ ਨੂੰ ਹੋਰ ਪਰਫੁੱਲਤ ਕੀਤਾ। ਆਪ ਲਿਖਦੇ ਹਨ, "**ਕੰਤਾਂ ਨਾਲ ਮਹੇਲੀਆਂ ਸੇਤੀ ਅੱਗ ਜਲਾਹਿ॥ ਜੇ ਜਾਣਹਿ ਪਿਰ ਆਪਣਾ ਤਾਂ ਤਨ ਦੁਖ ਸਹਾਹਿ"॥ (ਪੰਨਾ 787)।** ਗੁਰੂ ਜੀ ਨੇ ਸਿੱਖਾਂ ਨੂੰ ਵਿਧਵਾ ਵਿਆਹ ਦੀ ਵੀ ਆਗਿਆ ਦੇ ਦਿੱਤੀ।

ਆਪਣੀ ਪੁਸਤਕ "ਸਿੱਖ ਇਨਕਲਾਬ" ਦੇ ਪੰਨਾ 150 ਤੇ ਸਰਦਾਰ ਜਗਜੀਤ ਸਿੰਘ ਜੀ ਲਿਖਦੇ ਹਨ ਕਿ ਸਤੀ ਦੇ ਵਿਰੁੱਧ ਜ਼ੋਰਦਾਰ ਪ੍ਰਚਾਰ ਨੂੰ ਵਿਆਪਕ ਰੂਪ ਦੇਣ ਲਈ ਸਤਿਗੁਰੂ ਜੀ ਨੇ ਸਤੀ ਅਤੇ ਪਰਦੇ (ਘੁੰਡ) ਵਿਰੁੱਧ ਸਾਰੇ ਭਾਰਤ ਵਿੱਚ ਥਾਂ ਥਾਂ ਹੁਕਮਨਾਮੇ ਭੇਜੇ।

### 5.7 ਸੂਤਕ ਪਾਤਕ

ਹਿੰਦੂ ਸਮਾਜ ਵਿੱਚ ਇਹ ਵਿੱਚਾਰ ਪ੍ਰਚਲਤ ਸੀ ਕਿ ਮਾਤਾ ਬੱਚੇ ਨੂੰ ਜਨਮ ਦੇਣ ਉਪ੍ਰੰਤ ਅਪਵਿੱਤ੍ਰ ਹੋ ਜਾਂਦੀ ਹੈ। ਇਸ ਵਿੱਚਾਰ ਨੂੰ ਸੂਤਕ ਕਿਹਾ ਜਾਂਦਾ ਸੀ। ਪ੍ਰਸੂਤਾ ਨਾਰੀ ਨੂੰ 30 ਦਿਨ ਤੱਕ ਚੌਕੇ ਚੁੱਲ੍ਹੇ ਵਿੱਚ ਜਾਣ ਦੀ ਆਗਿਆ ਨਹੀਂ ਸੀ ਹੁੰਦੀ। ਇਸ ਸਬੰਧ ਵਿੱਚ ਗੁਰੂ

[105] 1547 ਵਿੱਚ ਬਾਦਸ਼ਾਹ ਅਕਬਰ ਨੇ ਸਤੀ ਦੀ ਰਸਮ ਤੇ ਪਾਬੰਦੀ ਲਾ ਦਿੱਤੀ ਸੀ ਪਰ ਇਹ ਬੰਦ ਨਾ ਹੋਈ। ਰਾਜਾ ਰਾਮ ਮੋਹਨ ਰਾਏ ਨੇ ਲੌਰਡ ਵਿਲ਼ੀਅਮ ਬੈਂਟਿੰਕ ਨੂੰ ਕਹਿ ਕੇ 7 ਦਸੰਬਰ 1829 ਨੂੰ ਇਹ ਰਸਮ ਫੇਰ ਬੰਦ ਕਰਵਾਈ। ਪੰਜਾਬ ਅਤੇ ਰਾਜਪੂਤਾਨੇ ਵਿੱਚ ਇਹ ਰਸਮ 1847 ਵਿੱਚ ਬੰਦ ਕਰਵਾਈ ਗਈ। 20ਵੀਂ ਸਦੀ ਵਿੱਚ ਰਾਜਸਥਾਨ ਦੀ ਰੂਪ ਕੰਵਰ (ਰੂਪ ਕੌਰ) ਫੇਰ ਵੀ ਸਤੀ ਹੋਈ। ਉਹ ਹੁਣ ਤੱਕ ਦੀ ਆਖਰੀ ਸਤੀ ਹੈ ।



ਜੀ ਲਿਖਦੇ ਹਨ ਕਿ ਜੇ ਸੂਤਕ ਨੂੰ ਜਨਮ ਨਾਲ ਸਬੰਧਤ ਮੰਨ ਲਿਆ ਜਾਵੇ ਤਾਂ ਸੂਤਕ ਤੋਂ ਕਿਸੇ ਤਰ੍ਹਾਂ ਵੀ ਛੁਟਕਾਰਾ ਨਹੀਂ ਪਾਇਆ ਜਾ ਸਕਦਾ, "**ਜੇ ਕਰ ਸੂਤਕ ਮੰਨੀਐ ਸਭ ਤੇ ਸੂਤਕ ਹੋਇ ॥ ਗੋਹੇ ਅਤੇ ਲਕੜੀ ਅੰਦਰ ਕੀੜਾ ਹੋਇ ॥ ਜੇਤੇ ਦਾਣੇ ਅੰਨ ਕੇ ਜੀਆ ਬਾਝ ਨ ਕੋਇ (ਪੰਨਾ 472)** ਸਿੱਖ ਗੁਰੂ ਸਾਹਿਬਾਨ ਨੇ ਇਸ ਰਸਮ ਦਾ ਸਖ਼ਤ ਵਿਰੋਧ ਕੀਤਾ। ਗੁਰੂ ਜੀ ਨੇ ਦਲੀਲ ਨਾਲ ਸਮਝਾਇਆ ਕਿ ਅਪਵਿੱਤ੍ਰਤਾ ਜਨਮ ਦੇਣ ਵਿੱਚ ਨਹੀਂ ਸਗੋਂ ਵਹਿਮਾਂ ਭਰਮਾਂ, ਕੁਰੀਤਾਂ ਅਤੇ ਕੁਕਰਮਾਂ ਵਿੱਚ ਹੁੰਦੀ ਹੈ ਜੋ ਮਨ ਨੂੰ ਦੂਸ਼ਤ ਕਰ ਦਿੰਦੀਆਂ ਹਨ। "**ਅਖੀ ਸੂਤਕੁ ਵੇਖਣਾ ਪਰਤ੍ਰਿਅ ਪਰਧਨ ਰੂਪ॥ ਕੰਨੀ ਸੂਤਕ ਕੰਨਿ ਪੈ ਲਾਇਤਬਾਰੀ ਖਾਹਿ॥(ਪੰਨਾ 472)।** ਗੁਰੂ ਜੀ ਨੇ ਸੂਤਕ ਉਤਾਰਨ ਬਾਰੇ ਸਿੱਖਿਆ ਦਿੱਤੀ ਕਿ ਅਸਲ਼ ਸੂਤਕ ਜੋ ਸਾਡੇ ਮੰਨ ਅੰਦਰ ਆ ਵਸਦਾ ਹੈ ਉਸ ਨੂੰ ਕੇਵਲ ਗਿਆਨ ਨਾਲ ਹੀ ਧੋਤਾ ਜਾ ਸਕਦਾ ਹੈ। "**ਨਾਨਕ ਸੂਤਕ ਏਵ ਨ ਉਤਰੈ ਗਿਆਨ ਉਤਾਰੇ ਧੋਇ"**

ਸਿੱਖਾਂ ਲਈ ਹੁਕਮ ਹੈ :- "**ਗੰਗਾਦਿਕ ਤੀਰਥ ਨਹਿ ਜਾਵੈਂ ॥ ਸੂਤਕ ਪਾਤਕ ਨਾਹਿ ਮਨਾਵੈਂ ॥ ਜੰਜੂ ਤਿਲਕ ਨਾ ਛਾਪਾ ਧਾਰੈਂ ॥ ਸ਼ਰ੍ਹਾ ਹਿੰਦੂਆਂ ਕੀ ਨਹੀਂ ਪਾਰੈਂ ॥** (ਪੰਥ ਪ੍ਰਕਾਸ਼ ਅਧਿਆਇ 85)

### 5.8 ਆਤਮਿਕ / ਸਮਾਜਿਕ ਭੇਦ-ਭਾਵ

ਅਸੀਂ ਪਿੱਛੇ ਦੱਸ ਆਏ ਹਾਂ ਕਿ ਹਿੰਦੂ ਸਮਾਜ ਵਿੱਚ ਇਹ ਵਿੱਚਾਰ ਆਮ ਘਰ ਕਰ ਚੁੱਕਿਆ ਸੀ ਕਿ ਸਮਾਜਿਕ ਦ੍ਰਿਸ਼ਟੀ ਤੋਂ ਨਾਰੀਆਂ ਪੁਰਖਾਂ ਨਾਲੋਂ ਘਟੀਆ ਹੁੰਦੀਆਂ ਹਨ। ਭਾਵੇਂ ਪੁਰਸ਼ ਪ੍ਰਧਾਨਤਾ ਅਤੇ ਵਿਸ਼ੇਸ਼ਤਾ ਧਾੜਵੀ ਹਮਲਿਆਂ ਤੋਂ ਪਹਿਲਾਂ ਹੀ ਕਾਇਮ ਹੋ ਚੁੱਕੀ ਸੀ ਪ੍ਰੰਤੂ ਮੁਸਲਮਾਨਾਂ ਦੇ ਆਉਣ ਨਾਲ ਇਸ ਦਾ ਪ੍ਰਚਾਰ ਹੋਰ ਵੀ ਤੇਜ਼ ਹੋਗਿਆ ਕਿਉਂਕਿ ਇਸਲਾਮ ਵਿੱਚ ਵੀ ਔਰਤ ਨੂੰ ਮਰਦ ਨਾਲੋਂ ਘਟੀਆ ਸਮਾਜੀ ਦਰਜਾ ਦਿੱਤਾ ਗਿਆ ਸੀ। ਕੁਰਾਨ ਸ਼੍ਰੀਫ ਅਨੁਸਾਰ "**ਔਰਤਾਂ ਉੱਪਰ ਮਰਦਾਂ ਦਾ ਪੂਰਨ ਅਧਿਕਾਰ ਹੈ ਕਿਉਂਕਿ ਅੱਲ੍ਹਾ ਨੇ ਮਨੁੱਖ ਨੂੰ ਨਾਰੀਆਂ ਨਾਲੋਂ ਸ੍ਰੇਸ਼ਟ ਬਣਾਕੇ ਪਦਾਰਥਕ ਵਸੀਲੇ ਸਿਰਜਣ ਵਾਲਾ ਬਣਾਇਆ ਹੈ"** (ਸੂਰਾ ਅਲ ਨਿਸਾ 4.34)। ਸਿੱਖ ਗੁਰੂ ਸਾਹਿਬਾਨ ਨੇ ਇਸ ਪ੍ਰਕਾਰ ਦੇ ਵਿਤਕਰੇ ਨੂੰ ਭੰਡਿਆ ਅਤੇ ਪਰਚਾਰ ਕੀਤਾ ਕਿ ਸਾਰੀ ਖ਼ਲਕਤ ਹੀ ਪਰਮਾਤਮਾ ਦੀ ਹੈ। ਵਰਣ, ਧਨ, ਜਾਇਦਾਦ, ਪਦ, ਕੌਮ ਜਾਂ ਜ਼ਾਤੀ ਆਦਿਕ ਦੇ ਸਮਾਜਿਕ ਭੇਦ ਮਨੁੱਖ ਨੇ ਬਣਾਏ ਹਨ। ਸਭ ਇਨਸਾਨ ਹੀ ਪਰਮਾਤਮਾ ਦੀਆਂ ਬਖਸ਼ਿਸ਼ਾਂ ਦੇ ਬਰਾਬਰ ਹੱਕਦਾਰ ਹਨ। ਕੋਈ ਬਾਹਰਲਾ ਨਹੀਂ, ਕੋਈ ਘਟੀਆ ਨਹੀਂ। "**ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ" (ਪੰਨਾ 97)**

ਹਿੰਦੂ ਧਰਮ ਵਿੱਚ ਜਨੇਊ ਪਾਉਣ ਦਾ ਹੱਕ ਕੇਵਲ ਪੁਰਖ ਨੂੰ ਹੀ ਸੀ (ਅਤੇ ਅਜੇ ਵੀ ਹੈ) ਕਿਉਂਕਿ ਔਰਤ ਨੂੰ ਅਧਿਆਤਮਿਕ ਤੌਰ ਤੇ ਮਰਦ ਨਾਲੋਂ ਨੀਵਾਂ ਸਮਝ ਲਿਆ ਗਿਆ

ਸੀ। ਗੁਰੂ ਜੀ ਨੇ ਸਪਸ਼ਟ ਰੂਪ ਵਿੱਚ ਪ੍ਰਚਾਰ ਕੀਤਾ ਕਿ ਅਧਿਆਤਮਿਕ ਦ੍ਰਿਸ਼ਟੀ ਤੋਂ ਵੀ ਮਰਦ ਅਤੇ ਔਰਤ ਵਿੱਚ ਕੋਈ ਵਿਖੇਵਾਂ ਨਹੀਂ ਹੈ। **" ਸਭਿ ਘਟ ਆਪੇ ਭੋਗਵੈ ਪਿਆਰਾ ਵਿਚਿ ਨਾਰੀ ਪੁਰਖ ਸਭੁ ਸੋਇ॥ ਨਾਨਕ ਗੁਪਤੁ ਵਰਤਦਾ ਪਿਆਰਾ ਗੁਰਮੁਖਿ ਪਰਗਟੁ ਹੋਇ॥ (ਪੰਨਾ 605)**। ਰੱਬ ਦਾ ਕੋਈ ਰੂਪ ਕਲਪਿਆ ਗਿਆ ਤਾਂ ਉਹ ਵੀ ਮਰਦ ਹੀ ਕਲਪਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪਹਿਲੀ ਵਾਰ ਗੁਰੂ ਜੀ ਨੇ ਇਹ ਗਲ ਸਪਸ਼ਟ ਕੀਤੀ ਕਿ ਪਰਮਾਤਮਾ ਪੁਰਖ ਅਤੇ ਇਸਤ੍ਰੀ ਦੋਵੇਂ ਹੀ ਹੈ। "**ਨਾਨਕ ਮਾਤ ਪਿਤਾ ਹੈ ਹਰਿ ਪ੍ਰਭੁ ਹਮ ਬਾਰਿਕ ਹਰਿ ਪ੍ਰਤਿਪਾਰੇ॥ (ਪੰਨਾ 882)**। ਨੈਤਿਕ ਅਤੇ ਅਧਿਆਤਮਿਕ ਰੂਪ ਵਿੱਚ ਵਿਕਸਿਤ ਅਤੇ ਜਾਗਰੂਕ ਇਸਤ੍ਰੀਆਂ (ਧਰਮ-ਪਤਨੀਆਂ , ਮਾਵਾਂ) ਹੀ ਮਹਾਨ ਸੰਤਾਨ ਨੂੰ ਜਨਮ ਦਿੰਦੀਆਂ ਹਨ। ਗੁਰੂ ਤੇਗ਼ ਬਹਾਦਰ ਜੀ ਨੇ ਤਾਂ ਇਹ ਵੀ ਕਿਹਾ ਕਿ ਔਰਤਾਂ ਪਰਮਾਤਮਾ ਦੀ ਰਜ਼ਾ ਨੂੰ ਛੇਤੀ ਕਬੂਲਦੀਆਂ ਹਨ, "ਮਾਈਆਂ ਰੱਬ ਰਜ਼ਾਈਆਂ"। ਅਧਿਆਤਮਿਕ ਪਰਿਪੇਖ ਵਿੱਚ ਤਾਂ ਗੁਰੂ ਜੀ ਨੇ ਆਪਣੇ ਆਪ ਨੂੰ ਵੀ ਪਤਨੀ ਅਤੇ ਪਰਮਾਤਮਾ ਨੂੰ ਪਤੀ ਮੰਨਿਆ ਹੈ, "**ਮੋਹਿ ਅਨਾਥ ਗਰੀਬ ਨਿਮਾਣੀ ॥ ਕੰਤ ਪਕਰਿ ਹਮ ਕੀਨੀ ਰਾਨੀ ॥(ਪੰਨਾ 394), "ਹਮ ਸਹ ਕੇਰੀਆਂ ਦਾਸੀਆ ਸਾਚਾ ਖਸਮੁ ਹਮਾਰਾ"॥ (ਪੰਨਾ 729)**

ਮਨ ਜਦੋਂ ਅੰਦਰ ਝਾਤੀ ਮਾਰਦਾ ਹੈ ਤਾਂ ਹਰ ਵਿਤਕਰੇ ਦਾ ਭਰਮ ਦੂਰ ਹੋ ਜਾਂਦਾ ਹੈ। ਜਿਉਂ ਜਿਉਂ ਮਨ ਦੀ ਖੋਜ ਵਿੱਚ ਪਰਪੱਕਤਾ ਆਉਂਦੀ ਹੈ ਤਿਉਂ ਤਿਉਂ ਵਹਿਮਾਂ ਭਰਮਾਂ ਦੀ ਧੁੰਧ ਮਿਟਦੀ ਜਾਂਦੀ ਹੈ ।[106] ਲਿੰਗ ਭੇਦ ਤਾਂ ਇੱਕ ਪਾਸੇ ਰਹੇ ਸਾਰੀ ਮਾਨਵਤਾ, ਸਾਰੀ ਸ੍ਰਿਸ਼ਟੀ ਵਿੱਚ ਹੀ ਏਕਤਾ ਤੇ ਸਮਾਨਤਾ ਨਜ਼ਰ ਆਉਣ ਲੱਗ ਜਾਂਦੀ ਹੈ। ਗਿਆਨ ਹੋ ਜਾਂਦਾ ਹੈ ਤਾਂ ਪੁਰਖ ਅਤੇ ਨਾਰੀ ਦਾ ਭੇਦ ਹੀ ਮੁੱਕ ਜਾਂਦਾ ਹੈ, "**ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ ॥( ਪੰਨਾ 879)**। ਇਸ ਹਾਲਤ ਵਿੱਚ ਇਨਸਾਨ ਨੂੰ ਸਾਰਿਆਂ ਵਿੱਚ ਹੀ ਪੁਰਖ ਅਤੇ ਸਾਰਿਆਂ ਵਿੱਚ ਹੀ ਨਾਰੀ ਨਜ਼ਰ ਆਉਂਦੇ ਹਨ," **ਨਾਰੀ ਪੁਰਖੁ, ਪੁਰਖੁ ਸਭ ਨਾਰੀ ਸਭੁ ਏਕੋ ਪੁਰਖ ਮੁਰਾਰੇ"। (ਪੰਨਾ 983)** [107]

[106] "ਬੰਦੇ ਖੋਜੁ ਦਿਲ ਹਰ ਰੋਜ਼ ਨਾ ਫਿਰੁ ਪਰੇਸਾਨੀ ਮਾਹਿ" ॥ (ਪੰਨ 727)

[107] "ਠਾਕੁਰੁ ਏਕੁ ਸਬਾਈ ਨਾਰਿ॥(ਪੰਨਾ 933) ਇਸੁ ਜਗ ਮਹਿ ਪੁਰਖ ਏਕੁ ਹੈ ਹੋਰ ਸਗਲੀ ਨਾਰਿ ਸਬਾਈ॥ (ਪੰਨਾ 591)। ਹਿੰਦੂ ਭਗਤ ਗਾਰਗੀ, ਅਤੇ ਮੁਸਲਿਮ ਸੰਤ ਬੀਬੀ ਰਾਬੀਆ ਬਸਰੀ ਲਿੰਗ ਭੇਦ ਵਿਰੁੱਧ ਸਨ। ਰਾਬੀਆ ਨੇ ਲਿਖਿਆ ਹੈ, "ਤਾਲਿਬ-ਉਲ-ਦੁਨੀਆਂ ਮੁਅਨੁੱਸਉਨ, ਤਾਲਿਬ-ਉਲ-ਉਕਬਾ ਮੁਖੱਨਸਉਨ। ਤਾਲਿਬ-ਉਲ-ਮੌਲਾ ਮੁਜ਼ੱਕਰਉਨ" (ਦੁਨੀਆਂ ਦੇ ਸੁੱਖਾਂ ਦੀ ਇੱਛਾ ਰੱਖਣ ਵਾਲਾ ਇਸਤ੍ਰੀ ਹੈ, ਸੁਰਗਾਂ ਦੀ ਇੱਛਾ ਰੱਖਣ ਵਾਲਾ ਖੁਸਰਾ ਹੈ। ਕੇਵਲ ਪਰਮਾਤਮਾ ਦੀ ਇੱਛਾ ਰੱਖਣ ਵਾਲਾ ਹੀ ਮਰਦ ਹੈ)। ਰਾਬੀਆ ਵਾਂਗ ਦੂਸਰੇ ਸੂਫੀ ਫਕੀਰ ਵੀ ਰੱਬ ਦੇ ਲਿੰਗ ਬਾਰੇ ਅਜਿਹੇ ਹੀ ਵਿੱਚਾਰ ਰਖਦੇ ਸਨ। ਮਸਲਨ ਅਲੀ ਹੈਦਰ ਨੂੰ ਹੀ ਲਵੋ। ਆਪ ਲਿਖਦੇ ਹਨ, "ਮੈਂ ਖੇਡ ਖੇਡਾਂ ਉਹਦੇ ਇਸ਼ਕ ਅੰਦਰ, ਸ਼ਰਮ ਲਾਹ ਕੇ ਬਣੀ ਮਲੰਗ ਸਹੀਓ" ਜਾਂ "ਹੈਦਰ ਮੀਂਹ ਕਰਮ ਦਾ ਵੱਸੇ,ਤਾਂ ਪਲ ਵਿੱਚ ਗੁਲਸ਼ਨ ਥੀਨੀ ਹਾਂ ਮੈਂ" ਇਸੇ ਤਰ੍ਹਾਂ ਸ਼ਾਹ ਹੁਸੈਨ ਜੀ ਲਿਖਦੇ ਹਨ, "ਇਸ਼ਕ ਤੈਂਡੇ ਦੀ ਨਹਿਰ ਵਗੇ ਕਈ ਤਰੀਆਂ ਕਰਮਾਂ ਵਾਲੜੀਆਂ, ਕਈ ਕੋਝੀਆਂ ਲੰਘ ਪਾਰ ਗਈਆਂ ਕਈ ਰੋਵਣ ਸ਼ਕਲਾਂ ਵਾਲੜੀਆਂ"।



ਗੁਰੂ ਜੀ ਨੇ ਸਰਲ ਬਚਨਾਂ ਦੁਆਰਾ ਹਦਾਇਤ ਕੀਤੀ ਕਿ ਭਰਮ-ਪਾਊ ਫਰਕ ਤੇ ਵਿਤਕਰੇ ਤਿਆਗ ਕੇ ਪੱਕੇ ਵਿਸ਼ਵਾਸ਼ ਨਾਲ ਪ੍ਰਭੂ ਦੀ ਲੀਲਾ ਦੇਖਣੀ ਚਾਹੀਦੀ ਹੈ। ਮਿਲ ਜੁਲ ਕੇ ਕਰਤੇ ਦੀ ਕੀਰਤੀ ਕਰਨਾ ਅਤੇ ਜਸ ਗਾਉਣਾ ਹੀ ਇਨਸਾਨ ਦਾ ਮੁੱਦਾ ਮਕਸਦ ਹੋਣਾ ਚਾਹੀਦਾ ਹੈ। ਅਜਿਹਾ ਕਰਨ ਲਈ ਤ੍ਰਿੰਜਣ ਦੀਆਂ ਕੁੜੀਆਂ ਵਾਂਗ ਇੱਕੱਠੇ ਹੋਣ ਦੀ ਲੋੜ ਹੈ, "**ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ॥ ਮਿਲਿ ਕੈ ਕਰਹ ਕਹਾਣੀਆਂ ਸੰਮ੍ਰਥ ਕੰਤ ਕੀਆਹ ॥ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ॥ (ਪੰਨਾ 17)**

### 5.9 ਵਿਦਿਆ ਵਿੱਚ ਵਿਤਕਰਾ

ਇਤਿਹਾਸ ਸਾਖੀ ਹੈ ਕਿ ਸਦੀਆਂ ਤੱਕ ਔਰਤਾਂ ਨੂੰ ਵਿੱਦਿਆ ਤੋਂ ਵਾਂਝਾ ਰੱਖਿਆ ਗਿਆ। ਭਾਰਤ ਦੀ ਤਾਰੀਖ ਵਿੱਚ ਪਹਿਲੀ ਵਾਰ ਗੁਰੂ ਅਮਰਦਾਸ ਜੀ ( 1479-1574) ਨੇ ਮਾਨਵਤਾ ਦੀਆਂ ਪੁਤ੍ਰੀਆਂ ਨੂੰ ਉਨ੍ਹਾਂ ਦਾ ਵਿੱਦਿਆ ਲੈਣ ਦਾ ਹੱਕ ਪਰਦਾਨ ਕੀਤਾ। ਨਾ ਕੇਵਲ ਇਨ੍ਹਾਂ ਨੂੰ ਗਿਆਨਵਾਨ ਹੋਣ ਵਿੱਚ ਸਹਾਇਤਾ ਕੀਤੀ ਸਗੋਂ ਇਨ੍ਹਾਂ ਨੂੰ ਥਾਂ ਪਰ ਥਾਂ ਜਾ ਕੇ ਧਰਮ ਪ੍ਰਚਾਰ ਕਰਨ ਲਈ ਵੀ ਜ਼ਿੰਮੇਵਾਰੀ ਸੌਂਪੀ। ਗੁਰੂ ਜੀ ਨੇ 146 ਧਰਮ ਪ੍ਰਚਾਰਕ ਥਾਪੇ ਜਿਨ੍ਹਾਂ ਵਿੱਚੋਂ 52 ਇਸਤ੍ਰੀਆਂ ਸਨ। ਉਸ ਵੇਲੇ ਦੇ ਸੁੱਤੇ ਤੇ ਅਵੇਸਲੇ ਸਮਾਜ ਵਿੱਚ ਇਹ ਇੱਕ ਕ੍ਰਾਂਤੀਕਾਰੀ ਕਦਮ ਸੀ। ਇੱਕ ਪ੍ਰਕਾਰ ਨਾਲ ਇਹ ਨਾਰੀ ਜਾਗ੍ਰਤੀ ਦਾ ਸ਼ੁਭ ਆਰੰਭ ਸੀ ਜਿਸ ਵਿੱਚੋਂ ਸਮਾਂ ਪਾ ਕੇ ਅਧੁਨਿਕ ਨਾਰੀ ਵਿੱਦਿਆ ਦਾ ਅੰਕੁਰ ਫੁੱਟਿਆ।

ਦੇਸ਼ ਵਿਦੇਸ਼ ਵਿੱਚ ਗੁਰੂ ਜੀ ਨੇ 22 ਮੰਜੀਆਂ ਦੀ ਸਥਾਪਨਾ ਕੀਤੀ ਜਿੱਥੋਂ ਧਰਮ ਪ੍ਰਚਾਰ ਅਤੇ ਸਮਾਜਿਕ ਕੰਮਾਂ ਲਈ ਸਮਾਜ ਸੇਵਕ ਤਿਆਰ ਕੀਤੇ ਜਾਂਦੇ ਸਨ। ਇਨ੍ਹਾਂ ਵਿੱਚੋਂ ਵੀ ਚਾਰ ਮੰਜੀਆਂ ਦੀ ਜ਼ਿੰਮੇਵਾਰੀ ਨਾਰੀਆਂ ਨੂੰ ਸੌਂਪੀ ਗਈ ।[108] ਮਾਈ ਭਾਗ ਭਰੀ ਨੂੰ ਕਸ਼ਮੀਰ ਵਿੱਚ ਨਿਯੁਕਤ ਕਰਕੇ ਉਸ ਨੂੰ ਦੋ ਮੰਜੀਆਂ ਦੀ ਸੇਵਾ ਸੰਭਾਲੀ ਗਈ। ਮਾਈ ਸੇਵਾਂ ਨੂੰ ਕਾਬੁਲ (ਅਫਗਾਨਿਸਤਾਨ) ਵਿੱਚ ਨਿਯੁਕਤ ਕੀਤਾ ਗਿਆ। ਇੱਕ ਮੰਜੀ ਮੱਥੋ ਅਤੇ ਮੁਰਾਰੀ ਨੇ ਸਾਂਝੀ ਸਾਂਭੀ ਰੱਖੀ। ਧਰਮ ਪਰਚਾਰ ਦੇ ਨਾਲ ਨਾਲ ਇਹ ਗਿਆਨਵਾਨ ਇਸਤ੍ਰੀਆਂ ਘਰ ਘਰ ਜਾਕੇ ਪਾਠ ਕਰਦੀਆਂ, ਅਰਥ ਸਮਝਾਉਂਦੀਆਂ, ਗੁਰਬਾਣੀ ਕੀਰਤਨ ਕਰਦੀਆਂ, ਅਤੇ ਗ੍ਰਿਹਸਤ ਜੀਵਨ ਵਿੱਚ ਆਤਮਿਕ ਪੰਧ ਦਾ ਮਾਰਗ-ਦਰਸ਼ਨ ਕਰਦੀਆਂ ਸਨ। ਇਤਿਹਾਸ ਇਹ ਵੀ ਦਸਦਾ ਹੈ ਕਿ ਪੂਰੀ ਤਰ੍ਹਾਂ ਲਿੰਗ ਭੇਦ ਦਾ ਫਰਕ ਮਿਟਾਉਣ

ਮੀਰਾ ਬਾਈ ਬ੍ਰਿੰਦਾਬਣ ਵਿੱਚ ਸੁਆਮੀ ਜੀਵਾਨੰਦ ਨੂੰ ਮਿਲਣ ਗਈ ਤਾਂ ਜੀਵਾਨੰਦ ਨੇ ਜ਼ਨਾਨੀ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਮੀਰਾਂ ਬਾਈ ਨੇ ਇੱਕ ਕਾਗਜ਼ ਉੱਪਰ ਲਿਖਿਆ, "ਕੀ ਬਿੰਦ੍ਰਾਬਣ ਵਿੱਚ ਕ੍ਰਿਸ਼ਨ ਜੀ ਤੋਂ ਬਿਨਾ ਕੋਈ ਹੋਰ ਮਰਦ ਵੀ ਹੈ?" ਕ੍ਰਿਸ਼ਨ ਭਗਤ ਸੁਆਮੀ ਤੁਰਤ ਬਾਹਰ ਨਿੱਕਲ ਆਇਆ। ਤਵਮ ਪ੍ਰਮਾਨ ਅਸੀ, ਤਵਮ ਕੁਮਾਰਾ ਉਤਾ ਵਾ ਕੁਮਾਰੀ" (ਤੂੰ ਹੀ ਮਰਦ ਹੈਂ ਤੂੰ ਹੀ ਔਰਤ, ਤੂੰ ਹੀ ਮੁਟਿਆਰ ਹੈਂ ਅਤੇ ਤੂੰ ਹੀ ਗੱਭਰੂ)।

ਹਸ ਹਸ ਤੈਨੂੰ ਤੱਕਣਾ ਸੱਜਣਾਂ ਸਾਡੇ ਦਿਲ ਦੀ ਸ਼ਾਦੀ ਵੇ, ਇੱਕਾ ਮਸਤੀ ਦੋਹਾਂ ਅੰਦਰ ਕਿੱਥੇ ਨਰ ਤੇ ਮਾਦੀ ਵੇ "? (ਨਨੂਆ)

[108] ਕਈ ਲਿਖਾਰੀ ਲਿਖਦੇ ਹਨ ਕਿ ਬਾਅਦ ਵਿੱਚ ਇਹ ਗਿਣਤੀ 8 ਹੋ ਗਈ ਸੀ ।

ਲਈ ਗੁਰੂ ਗੋਬਿੰਦ ਸਿੰਘ ਜੀ ਨੇ ਮਰਦਾਂ ਅਤੇ ਔਰਤਾਂ ਨੂੰ ਇੱਕੋ ਬਾਟੇ ਵਿੱਚੋਂ ਅੰਮ੍ਰਿਤ ਦੀ ਦਾਤ ਬਖਸ਼ੀ। ਕਹਿੰਦੇ ਹਨ ਕਿ ਅੰਮ੍ਰਿਤ ਦੀ ਤਿਆਰੀ ਵਿੱਚ ਵੀ ਮਾਤਾ ਸਾਹਿਬ ਕੌਰ ਜੀ ਵਲੋਂ ਪਤਾਸੇ ਪਾਕੇ ਇੱਕ ਨਵਾਂ ਕੌਤਕ ਕੀਤਾ ਗਿਆ ਕਿਉਂਕਿ ਉਸ ਵੇਲੇ ਕਿਸੇ ਵੀ ਧਾਰਮਿਕ ਰੀਤੀ ਰਸਮ ਵਿੱਚ ਔਰਤ ਦਾ ਸ਼ਾਮਲ ਹੋਣਾ ਮਨ੍ਹਾਂ ਸੀ। ਰੂੜ੍ਹੀਵਾਦ ਭਾਰਤੀ ਹਿੰਦੂ ਸਮਾਜ ਵਿੱਚ ਨਾਰੀ ਨੂੰ ਦਿੱਤੀ ਗਈ ਅਜਿਹੀ ਮਹੱਤਤਾ, ਔਰਤਾਂ ਨਾਲ ਇਨਸਾਫ਼, ਲਿੰਗ-ਵਿਤਕਰੇ ਦੇ ਵਿਨਾਸ਼, ਅਤੇ ਨਾਰੀ-ਗੌਰਵ ਦੇ ਮਹੱਤਵ ਦਾ ਇਹ ਇੱਕ ਖੁੱਲ੍ਹਾ ਐਲਾਨ ਸੀ।

### 5.10 ਨਾਰੀਆਂ ਨਾਲ ਦੁਸ਼ਕਰਮ/ ਨਾਰੀ ਸੁਰਖਸ਼ਾ

ਨਾਰੀ-ਪਤ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ ਸਖ਼ਤ ਹਦਾਇਤਾਂ ਦਿੱਤੀਆਂ ਸਨ। ਸਪਸ਼ਟ ਹੁਕਮ ਸੀ ਕਿ ਯੁੱਧ ਉਪ੍ਰੰਤ ਹਾਰਨ, ਮਰਨ ਜਾਂ ਭੱਜਣ ਵਾਲਿਆਂ ਦੁਸ਼ਮਣਾਂ ਦੀਆਂ ਧੀਆਂ ਭੈਣਾ ਦੀ ਇੱਜ਼ਤ ਆਬਰੂ ਦਾ ਪੂਰਾ ਪੂਰਾ ਖਿਆਲ ਰੱਖਿਆ ਜਾਵੇ। ਇਤਿਹਾਸ ਵਿੱਚ ਜ਼ਿਕਰ ਹੈ ਕਿ ਇੱਕ ਵਾਰ ਲੜਾਈ ਵਿੱਚ ਕੁੱਝ ਮੁਸਲਮਾਨ ਔਰਤਾਂ ਸਿੰਘਾਂ ਦੇ ਹੱਥ ਲਗ ਗਈਆਂ ਅਤੇ ਉਹ ਉਨ੍ਹਾਂ ਨੂੰ ਫੜ ਕੇ ਗੁਰੂ ਜੀ ਪਾਸ ਲੈ ਆਏ ਅਤੇ ਕਿਹਾ, "ਮੁਸਲਮਾਨ ਸਾਡੀਆਂ ਧੀਆਂ ਭੈਣਾ ਨਾਲ ਦੁਰਵਿਵਹਾਰ ਕਰਦੇ ਹਨ ਸਾਨੂੰ ਵੀ ਇਨ੍ਹਾਂ ਨਾਲ ਉਸੇ ਤਰ੍ਹਾਂ ਦਾ ਵਿਵਹਾਰ ਕਰਨ ਦੀ ਆਗਿਆ ਦਿੱਤੀ ਜਾਵੇ"। ਗੁਰੂ ਜੀ ਨੇ ਉੱਤਰ ਦਿੱਤਾ, "ਹਮ ਲੇ ਜਾਨਹੁ ਪੰਥ ਉਚੇਰੇ"। ਯਾਦ ਰੱਖੋ ਕਿ ਉਚੇਰੇ ਉੱਡਣ ਲਈ ਨਿਰੰਤਰ ਯਤਨ ਤੇ ਹਿੰਮਤ ਦੀ ਲੋੜ ਹੁੰਦੀ ਹੈ। ਕੁਕਰਮ ਸਾਨੂੰ ਵੀ ਉਨ੍ਹਾਂ ਵਾਂਗ ਹੀ ਨੀਚਤਾ ਵਲ ਲੈ ਜਾਵੇਗਾ। ਜੇ ਉਨ੍ਹਾਂ ਵਿੱਚ ਅਤੇ ਸਿੱਖਾਂ ਵਿੱਚ ਫਰਕ ਹੀ ਕੋਈ ਨਾ ਰਿਹਾ ਤਾਂ ਜੰਗ ਯੁੱਧ ਕਾਹਦੇ ਲਈ? ਨਦੌਣ ਦੀ ਲੜਾਈ ਵਿੱਚ ਸ਼ਹਿਜ਼ਾਦਾ ਮੁਅਜ਼ਮ ਦੀ ਬੇਗਮ ਸਿੱਖਾਂ ਦੇ ਹੱਥ ਆ ਗਈ। ਇਹ ਬਹੁਤ ਹੀ ਸੁੰਦਰ ਔਰਤ ਸੀ। ਸਿੱਖਾਂ ਨੇ ਗੁਰੂ ਜੀ ਨੂੰ ਕਿਹਾ ਕਿ ਉਹ ਇੱਕ ਵਾਰ ਪਰਦਾ ਚੁੱਕ ਕੇ ਇਸ ਔਰਤ ਦੀ ਸੁੰਦਰਤਾ ਤਾਂ ਦੇਖ ਲੈਣ ਫੇਰ ਭਾਵੇਂ ਛੱਡ ਹੀ ਦੇਣ। ਗੁਰੂ ਜੀ ਨੇ ਹੁਕਮ ਦਿੱਤਾ ਕਿ ਪਰਦੇ ਨੂੰ ਹੱਥ ਵੀ ਨਾ ਲਾਇਆ ਜਾਵੇ ਅਤੇ ਔਰਤ ਨੂੰ ਤੁਰਤ ਉਸ ਦੇ ਪਰਿਵਾਰ ਤੱਕ ਪਹੁੰਚਾਉਣ ਦਾ ਪ੍ਰਬੰਧ ਕੀਤਾ ਜਾਵੇ।

ਨਾਰੀਆਂ ਦੀ ਹਾਲਤ ਪੰਜਾਬ ਵਿੱਚ ਲੰਮੇ ਸਮੇਂ ਤੋਂ ਨਿੱਘਰਦੀ ਆ ਰਹੀ ਸੀ ਪਰ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਇਸ ਵਿੱਚ ਬਹੁਤ ਤੇਜ਼ੀ ਨਾਲ ਨਿਘਾਰ ਆਇਆ। ਪੱਛਮ ਤੋਂ ਆਉਣ ਵਾਲੇ ਧਾੜਵੀਆਂ ਨੇ ਨਾ ਸਿਰਫ ਸੋਨੇ ਦੀ ਚਿੜੀ ਕਹਾਉਂਦੇ ਭਾਰਤ ਦੇ ਹੀ ਖੰਭ ਖੋਹ ਸੁੱਟੇ ਬਲਕਿ ਧਨ ਜੋਬਨ ਦੀ ਲੁੱਟ ਵਿੱਚ ਨਾਰੀਆਂ ਨੂੰ ਗਜ਼ਨੀ, ਬਲਖ਼,ਬਸਰੇ ਅਤੇ ਬੁਖਾਰੇ ਲਿਜਾ ਕੇ ਟਕੇ ਟਕੇ ਨੂੰ ਵੇਚਿਆ ਗਿਆ। ਇਸ ਵੇਲੇ ਸਿੱਖ ਮਰਜੀਵੜਿਆਂ ਨੇ ਧਾੜਵੀਆਂ ਦੇ ਰਾਹ ਰੋਕੇ, ਹੱਲੇ ਬੋਲੇ ਅਤੇ ਅਨੇਕਾਂ ਅਬਲਾ ਇਸਤ੍ਰੀਆਂ ਨੂੰ ਛੁਡਾ ਕੇ ਉਨ੍ਹਾਂ



ਦੇ ਘਰੀਂ ਪਹੁੰਚਾਇਆ ।[109] ਇਸ ਹਨੇਰਗਰਦੀ ਦੇ ਵੇਲੇ ਵੀ ਬਾਬਾ ਬੰਦਾ ਸਿੰਘ ਜੀ ਨੇ ਇਨ੍ਹਾਂ ਹਦਇਤਾਂ ਦੀ ਦ੍ਰਿੜ੍ਹਤਾ ਨਾਲ ਪਾਲਣਾ ਕੀਤੀ। ਮੌਲਵੀ ਗ਼ੁਲਾਮ ਮੁਹਈ-ਉ-ਦੀਨ ਆਪਣੀ ਪੁਸਤਕ ਫਤਿਹਨਾਮਾ-ਏ-ਸਮਧੀ ਵਿੱਚ ਲਿਖਦਾ ਹੈ ਕਿ ਬੰਦਾ ਬਹਾਦਰ ਨੇ ਆਪਣੀ ਫੌਜ ਨੂੰ ਔਰਤਾਂ ਨਾਲ ਆਦਰਸ਼ਕ ਵਿਵਵਾਰ ਅਤੇ ਉਨ੍ਹਾਂ ਦੇ ਪੂਰਨ ਸਤਿਕਾਰ ਬਾਰੇ ਬਹੁਤ ਸਖ਼ਤ ਹਦਾਇਤਾਂ ਦਿੱਤੀਆਂ ਹੋਈਆਂ ਸਨ। ਵਿਭਚਾਰ ਲਈ ਉਸ ਵਲੋਂ ਬਹੁਤ ਹੀ ਸਖ਼ਤ ਸਜ਼ਾ ਰੱਖੀ ਗਈ ਸੀ।

ਇਹ ਉਹ ਸਮਾਂ ਸੀ ਜਦ ਕਸ਼ਟ ਵਿੱਚ ਮਰਦ ਆਪਣੀਆਂ ਮਾਵਾਂ, ਧੀਆਂ, ਭੈਣਾਂ ਅਤੇ ਪਤਨੀਆਂ ਨੂੰ ਧਾੜਵੀਆਂ ਦੇ ਰਹਿਮ ਤੇ ਛੱਡ ਜਾਨ ਬਚਾ ਕੇ ਦੌੜ ਜਾਂਦੇ ਸਨ। ਇਸ ਦੁੱਖਾਂ ਭਰੇ ਸਮੇਂ ਦੀ ਨਿਸ਼ਾਨਦੇਹੀ ਇੱਕ ਭੁੱਲਦਾ ਜਾ ਰਿਹਾ ਗੀਤ ਕਰਦਾ ਹੈ ਜੋ ਇਸ ਤਰ੍ਹਾਂ ਹੈ:

"ਨਣਦ ਭਰਜਾਈ ਚੀਨਾ ਛੜਦੀਆਂ ਫੌਜ ਮੁਗ਼ਲਾਂ ਦੀ ਚੜ੍ਹ ਆ।
ਹੈ ਵੇ ਸਪਾਹੀ ਜਾਂਦਿਆ ਤੇਰੀ ਗੋਰੀ ਨੂੰ ਕੌਣ ਛੁਡਾ।
ਬਾਪ ਹਮਾਰਾ ਡਿੱਗ ਪਿਆ ਵੀਰ ਪਿਆ ਗਸ਼ ਖਾ,
ਕੰਤ ਹਮਾਰਾ ਹੱਸ ਪਿਆ ਮੈਂ ਕਰਸਾਂ ਹੋਰ ਵਿਆਹ।
ਹੈ ਵੇ ਸਪਾਹੀ ਜਾਂਦਿਆ ਮੇਰੀ ਵੀਣੀ ਨੂੰ ਆਣ ਛੁਡਾ । [110]

ਇਸ ਗੀਤ ਵਿੱਚ ਜਿਸ ਸਿਪਾਹੀ ਦਾ ਜ਼ਿਕਰ ਆਇਆ ਹੈ ਉਹ ਗੁਰਸਿੱਖ ਸਨ ਜੋ ਜਾਨ ਹੂਲ ਕੇ ਐਸੀਆਂ ਔਰਤਾਂ ਦੀ ਮਦਦ ਲਈ ਪੁੱਜ ਜਾਂਦੇ ਸਨ। ਇਨ੍ਹਾ ਨੂੰ ਅਕਸਰ "ਕੱਛ ਵਾਲਾ" ਕਿਹਾ ਜਾਂਦਾ ਸੀ। ਇੱਕ ਹੋਰ ਗੀਤ ਵਿੱਚ ਇਨ੍ਹਾਂ ਦਾ ਥੋੜ੍ਹਾ ਜਿਹਾ ਝਲਕਾਰਾ ਮਿਲਦਾ ਹੈ : "ਛਈ ਛਈ ਰੰਨ ਬਸਰੇ ਨੂੰ ਗਈ, ਵੇ ਮੋੜੀਂ ਬਾਬਾ ਕੱਛ ਵਾਲਿਆ"।

1764-65 ਵਿੱਚ ਕਾਜ਼ੀ ਨੂਰ ਮੁਹੰਮਦ ਆਪ ਖੁਦ ਸਿੱਖਾਂ ਨਾਲ ਲੜਿਆ। ਉਹ ਆਪਣੇ ਜੰਗ ਨਾਮੇ ਵਿੱਚ ਲਿਖਦਾ ਹੈ, "ਇਹ ਲੋਕ ਔਰਤ ਦਾ ਧਨ ਮਾਲ ਜਾਂ ਗਹਿਣੇ ਨਹੀਂ ਲੁੱਟਦੇ ਭਾਵੇਂ ਉਹ ਗ਼ਰੀਬ ਨੌਕਰਾਣੀ ਹੋਵੇ ਜਾਂ ਸ਼ਾਹੀ ਔਰਤ। ਇਨ੍ਹਾਂ ਕੁੱਤਿਆਂ ਵਿੱਚ

[109] 14 ਜਨਵਰੀ 1761 ਨੂੰ ਮਰਹੱਟੇ ਅਹਿਮਦ ਸ਼ਾਹ ਅਬਦਾਲੀ ਤੋਂ ਹਾਰ ਗਏ। ਅਹਿਮਦ ਸ਼ਾਹ ਲਗ ਪਗ 5000 ਮਰਾਠੀ ਜ਼ਨਾਨੀਆਂ ਲੈ ਕੇ ਵਾਪਸ ਪਰਤ ਰਿਹਾ ਸੀ ਕਿ ਪੰਜਾਬ ਵਿੱਚ ਸਿੱਖਾਂ ਨੇ ਹਮਲਾ ਕਰਕੇ ਨਾ ਸਿਰਫ ਅਬਦਾਲੀ ਨੂੰ ਹੀ ਭਜਾਇਆ ਸਗੋਂ 2200 ਲੜਕੀਆਂ ਛੁਡਾ ਕੇ ਘਰ ਘਰ ਪਹੁੰਚਾ ਕੇ ਆਏ । ਇਹ ਕੁੜੀਆਂ ਨੂੰ ਘੋੜਿਆਂ ਉੱਪਰ ਬਿਠਾ ਕੇ ਲੈ ਗਏ ਅਤੇ ਆਪ ਤੁਰ ਕੇ। ਅੰਗ੍ਰੇਜ਼ ਲਿਖਾਰੀ ਕਨਿੰਘਮ ਇਸ ਬਾਰੇ ਲਿਖਦਾ ਹੈ, "ਪੂਰਬ ਵਿੱਚ ਨਾਰੀ ਰਖਸ਼ਾ ਦਾ ਵੱਡਾ ਕਾਰਨਾਮਾ" (the greatest act of chivalry in the East) ਇਨ੍ਹਾਂ ਸੂਰਮਿਆਂ ਦਾ ਜ਼ਿਕਰ ਮੁਹੰਮਦ ਲਤੀਫ ਆਪਣੀ ਪੁਸਤਕ Histroy of the Sikhs (page 316-317) ਵਿੱਚ ਕਰਦਿਆ ਲਿਖਦਾ ਹੈ ਕਿ ਇਨ੍ਹਾਂ ਨੇ ਹਜ਼ਾਰਾਂ ਹੀ ਉਧਾਲ਼ੀਆਂ ਹੋਈਆਂ ਕੈਦੀ ਔਰਤਾਂ ਨੂੰ ਧਾੜਵੀਆਂ ਤੋਂ ਆਜ਼ਾਦ ਕਰਵਾ ਕੇ ਬਚਾਇਆ ਤੇ ਘਰੀਂ ਪਹੁੰਚਾਇਆ।

[110] ਸਾਡੇ ਇਤਿਹਾਸ ਨੂੰ ਰੂਪਮਾਨ ਕਰਨ ਵਾਲੇ ਅਜਿਹੇ ਅਨੇਕਾਂ ਲੋਕ-ਗੀਤ ਹਨ ਜੋ ਹੁਣ ਅਲੋਪ ਹੋ ਰਹੇ ਹਨ। ਕੁਝ ਕੁ ਗੀਤ ਅਸੀਂ ਇਸ ਪੁਸਤਕ ਦੇ ਅੰਤ ਵਿੱਚ ਲਿਖ ਦਿੱਤੇ ਹਨ।

ਵਿਭਚਾਰ ਉੱਕਾ ਹੀ ਨਹੀਂ। ਔਰਤ ਭਾਵੇਂ ਜਵਾਨ ਹੋਵੇ ਭਾਵੇਂ ਬੁੱਢੀ ਇਹ ਮਾਈ ਕਹਿ ਕੇ ਬੁਲਾਉਂਦੇ ਹਨ ਅਤੇ ਆਪਣੇ ਰਾਹ ਤੋਂ ਪਰੇ ਚਲੀ ਜਾਣ ਲਈ ਆਖ ਦਿੰਦੇ ਹਨ"। (ਜੰਗ ਨਾਮਾ ਕਾਜ਼ੀ ਨੂਰ ਮੁਹੰਮਦ ਪੰਨਾ 172-75) [111]

1763 ਵਿੱਚ ਕਸੂਰ ਦੇ ਬ੍ਰਾਹਮਣ ਦੀ ਪਤਨੀ ਨੂੰ ਉੱਥੋਂ ਦਾ ਮੁਸਲਮਾਨ ਸਾਸ਼ਕ ਉਸਮਾਨ ਖਾਨ ਚੁੱਕ ਕੇ ਲੈ ਗਿਆ। ਸਰਦਾਰ ਹਰੀ ਸਿੰਘ ਅਤੇ ਸਰਦਾਰ ਚੜ੍ਹਤ ਸਿੰਘ ਇਹ ਖ਼ਬਰ ਸੁਣਦਿਆਂ ਹੀ ਅੰਮ੍ਰਿਤਸਰੋਂ ਕੂਚ ਕਰ ਕੇ ਕਸੂਰ ਪੁੱਜੇ ਅਤੇ ਲੜਕੀ ਨੂੰ ਛੁਡਵਾਇਆ। ਇਸੇ ਸਾਲ ਨਾਦਰ ਸ਼ਾਹ ਦੇ ਜਰਨੈਲ ਜਹਾਨ ਖਾਂ ਦੀ ਬੇਗਮ ਅਤੇ ਬੱਚੇ ਸਿੱਖਾਂ ਦੇ ਹੱਥ ਆ ਗਏ। ਖਾਲਸਾ ਜੀ ਇਨ੍ਹਾਂ ਨੂੰ ਖੁਦ ਜੰਮੂ ਛੱਡ ਕੇ ਆਏ। ਇੱਕ ਵਾਰ ਬਸੀ ਪਠਾਣਾ ਦੀ ਬੇਗਮ ਸਿੱਖਾਂ ਦੇ ਹੱਥ ਲੱਗ ਗਈ । ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਅਜੀਤ ਸਿੰਘ ਨੇ ਉਸ ਨੂੰ ਆਪ ਘਰ ਪਹੁੰਚਾਇਆ।

ਰਹਿਤਨਾਮਿਆਂ ਦੁਆਰਾ ਵੀ ਦ੍ਰਿੜ੍ਹਤਾ ਅਤੇ ਸੁਹਿਰਦਤਾ ਨਾਲ ਇਸ ਗੁਣ ਦਾ ਪ੍ਰਚਾਰ ਕੀਤਾ ਗਿਆ ਜੋ ਹੌਲੀ ਹੌਲੀ ਸਿੱਖ ਨਿਆਏ-ਮਾਣਸਿੱਕਤਾ ਦਾ ਅਟੁੱਟ ਅੰਗ ਬਣ ਗਿਆ।

"ਪਰ ਬੇਟੀ ਕੋ ਬੇਟੀ ਜਾਨੈ। ਪਰ ਇਸਤ੍ਰੀ ਕੋ ਮਾਤ ਬਖਾਨੈ॥ ਆਪਣੀ ਇਸਤ੍ਰੀ ਸਿਉ ਰਤਿ ਹੋਈ। ਰਹਿਤਵਾਨ ਗੁਰ ਕਾ ਸਿੱਖ ਸੋਈ॥ (ਰਹਿਤਨਾਮਾ ਭਾਈ ਨੰਦ ਲਾਲ)। ਦੇਖੋ ਵਰਤਮਾਨ ਸਿੱਖ ਰਹਿਤ ਮਰਯਾਦਾ ਪੰਨਾ 21।

## 5.11 ਵਿਧਵਾ ਵਿਆਹ

ਭਾਰਤ ਵਿੱਚ ਵਿਧਵਾਵਾਂ ਦੀ ਮੰਦੀ ਹਾਲਤ ਲਈ ਵਧੇਰੇ ਕਰਕੇ ਬ੍ਰਾਹਮਣ ਹੀ ਜ਼ਿੰਮੇਵਾਰ ਸਨ। ਵਿਧਵਾਵਾਂ ਲਈ ਚਿੱਟੇ ਕਪੜੇ ਪਾਉਣੇ, ਸਮਾਜਿਕ ਕੰਮਾਂ ਤੋਂ ਕਿਨਾਰਾ ਕਸ਼ੀ, ਅਤੇ ਕੁੱਝ ਹਾਲਤਾਂ ਵਿੱਚ ਜਬਰੀ ਕੇਸ ਕਤਲ ਕਰਨੇ ਸਜ਼ਾਵਾਂ ਮਿੱਥ ਦਿੱਤੀਆਂ ਗਈਆਂ ਸਨ। ਸਿੱਖ ਗੁਰੂ ਸਾਹਿਬਾਨ ਨੇ ਵਿਧਵਾ ਔਰਤਾਂ ਨੂੰ ਦੋਬਾਰਾ ਸ਼ਾਦੀ ਕਰਵਾਉਣ ਦੀ ਆਗਿਆ ਦਿੱਤੀ ਅਤੇ ਬ੍ਰਾਹਮਣ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਦੀ ਸਖ਼ਤ ਵਿਰੋਧਤਾ ਕੀਤੀ। ਵਹਿਮਾਂ-ਭਰਮਾਂ, ਮੰਦੇ ਵਿਹਾਰਾਂ ਅਤੇ ਗੰਦੀ ਸੋਚ ਤੋਂ ਮੁਕਤ ਹੋਣ ਲਈ ਦੂਸਰੇ ਵਿਆਹ ਲਈ ਵੱਡੀ ਪ੍ਰੇਰਣਾ ਦਿੱਤੀ। ਇਸਤ੍ਰੀਆਂ ਨੂੰ ਮੁੜ ਧਾਰਮਿਕ, ਸਮਾਜਿਕ ਅਤੇ ਰਾਜਸੀ ਕਾਰ ਵਿਹਾਰ ਵਿੱਚ ਹਿੱਸਾ ਲੈਣ ਲਈ ਪਰੇਰਿਆ।

## 5.12 ਸੁਤੰਤਰ ਰਾਏ ਅਤੇ ਫੈਸਲੇ ਦਾ ਹੱਕ

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਤੋਂ ਹੀ ਨਾਰੀਆਂ ਨੂੰ ਹਰ ਖੇਤਰ ਵਿੱਚ ਬਰਾਬਰ

[111] ਇਸ ਸਬੰਧ ਵਿੱਚ ਹਰੀ ਰਾਮ ਗੁਪਤਾ ਦੀ ਪੁਸਤਕ History of the Sikhs" ਦੇ ਪੰਨੇ 288-290 ਪੜ੍ਹੋ



ਦਾ ਹੱਕ ਦੇ ਦਿੱਤਾ ਸੀ। ਉਨ੍ਹਾਂ ਨੂੰ ਆਪਣੀ ਨਿੱਜੀ ਸਲਾਹ ਜਾਂ ਰਾਏ ਦੇਣ ਦਾ ਪੂਰਾ ਪੂਰਾ ਹੱਕ ਸੀ। ਪੱਛਮੀ ਦੇਸ਼ਾਂ ਵਿੱਚ ਵੀ ਅਜਿਹਾ ਹੱਕ ਔਰਤਾਂ ਨੂੰ ਲੰਮੇ ਸੰਘਰਸ਼ ਬਾਅਦ ਹੀ ਪ੍ਰਾਪਤ ਹੋਇਆ। ਸੰਸਾਰ ਦੇ ਉਨਤ ਦੇਸ਼ ਅਮ੍ਰੀਕਾ ਵਿੱਚ ਨਾਰੀ ਨੂੰ ਵੋਟ ਦੇਣ ਦਾ ਹੱਕ 1920 ਵਿੱਚ ਜਾ ਕੇ ਮਿਲਿਆ ਉਹ ਵੀ ਲੰਮੀ ਜੱਦੋ ਜਹਿਦ ਤੋਂ ਬਾਅਦ ਜਿਸਦਾ ਨਾ ਸੀ "ਏਕਤਾ ਲਈ ਟੱਕਰ" ( Stike for equality) । [112]

ਅੰਤ੍ਰਰਾਸ਼ਟ੍ਰੀ ਕੌਮਾਂਤ੍ਰੀ ਸਭਾ (U.N.O.) ਨੇ 1952 ਵਿੱਚ ਹੇਠ ਲਿਖਿਆ ਨਿਯਮ ਬਣਾਇਆ:

*"Women are entitled to vote in all elections on equal terms with men, without any discrimination."*

ਪਰਸ਼ੀਅਨ ਗਲਫ ਦੇ ਆਲੇ ਦੁਆਲੇ ਦੇ ਬਹੁਤੇ ਮੁਸਲਮਾਨ ਦੇਸ਼ ਅਜੇ ਵੀ ਔਰਤਾਂ ਨੂੰ ਬਰਾਬਰ ਦੇ ਹੱਕ ਨਹੀਂ ਦੇ ਰਹੇ। ਉਨ੍ਹਾਂ ਦੇ ਰਾਹ ਵਿੱਚ ਕੁਰਾਨ ਇੱਕ ਰੋੜਾ ਬਣਿਆਂ ਹੋਇਆ ਹੈ।

## 5.13 ਕੁੜੀ-ਘਾਤ

ਭਾਰਤ ਵਿੱਚ ਕੁੜੀ ਮਾਰਨ ਦਾ ਕੁਕਰਮ ਕਿਸੇ ਨਾ ਕਿਸੇ ਰੂਪ ਵਿੱਚ ਕਾਫੀ ਚਿਰ ਤੋਂ ਰਿਹਾ ਹੈ। ਅੱਜ ਕਲ੍ਹ ਵਿਗਿਆਨਕ ਢੰਗਾਂ ਨਾਲ ਗਰਭ ਵਿੱਚ ਪਲ ਰਹੇ ਬੱਚੇ ਦੇ ਲਿੰਗ ਦੀ ਪਛਾਣ ਹੋ ਸਕਦੀ ਹੈ ਅਤੇ ਕਈ ਪ੍ਰਕਾਰ ਦੀਆਂ ਡਾਕਟਰੀ ਦਵਾਈਆਂ ਦੇ ਵਿਕਾਸ ਨਾਲ ਗਰਭ-ਪਾਤ ਦਾ ਰਿਵਾਜ ਲਗਭਗ ਇੱਕ ਸਮਾਜਿਕ ਰੋਗ ਹੀ ਬਣ ਗਿਆ ਹੈ। ਬਦਕਿਸਮਤੀ ਨਾਲ ਔਰਤਾਂ ਵੀ ਇਸ ਕੁਕਰਮ ਵਿੱਚ ਮੁਖ਼ਾਲਫਤ ਦੀ ਥਾਂ ਪੂਰਾ ਸਹਿਯੋਗ ਦੇਣ ਲਗ ਪਈਆਂ ਹਨ ਜਿਸ ਕਰਕੇ ਭਰੂਣ-ਹੱਤਿਆ ਆਮ ਹੋ ਗਈ ਹੈ। ਕਾਨੂੰਨ ਤਾਂ ਹੈ ਪਰ ਕਾਨੂੰਨ ਨੂੰ ਤੋੜਣ ਲਈ ਹਰ ਸੰਭਵ ਯਤਨ ਕੀਤਾ ਜਾਂਦਾ ਹੈ। ਧੀਆਂ ਜੰਮਣ ਤੋਂ ਪਹਿਲਾਂ ਹੀ ਮਾਰ ਦਿੱਤੀਆਂ ਜਾਂਦੀਆਂ ਹਨ। ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਬਹੁਤ ਸਾਰੇ ਸਿੱਖ ਵੀ ਇਸ ਮਹਾਂ ਪਾਪ ਦੇ ਭਾਗੀ ਬਣ ਗਏ ਹਨ।

ਸਿੱਖ ਧਰਮ ਦੀ ਔਰਤਾਂ ਪ੍ਰਤੀ ਸਤਿਕਾਰ ਵਾਲੀ ਭਾਵਨਾ ਅਤੇ ਪੁਰਾਤਨ ਰੀਤਾਂ ਰਸਮਾਂ ਦਾ ਵਿਰੋਧ ਕਿਸੇ ਮੌਕੇ ਸਾਰੀ ਦੁਨੀਆਂ ਵਿੱਚ ਸਲਾਹਿਆ ਜਾਂਦਾ ਸੀ। ਸ੍ਰੀ ਸੀ. ਐਚ. ਪੇਨ

[112] ਸੰਸਾਰ ਵਿੱਚ ਔਰਤ ਨੂੰ ਬਰਾਬਰ ਦਾ (ਵੋਟ ਦੇਣ ਦਾ) ਹੱਕ ਕਦੋਂ ਕਦੋਂ ਮਿਲਿਆ । ਨਿਊਜ਼ੀਲੈਂਡ 1893, ਆਸਟ੍ਰੇਲੀਆ 1902, ਫਿਨਲੈਂਡ 1906, ਨੌਰਵੇ 1913, ਰੂਸ 1917, ਕਨੇਡਾ 1918, ਜਰਮਨੀ, ਆਸਟਰੀਆ ਅਤੇ ਪੌਲੈਂਡ 1919, ਯੂ.ਐਸ.ਏ 1920, ਫ੍ਰਾਂਸ 1945, ਭਾਰਤ 1949. ਪਾਕਿਸਤਾਨ 1956, ਇੰਗਲੈਂਡ ਨੇ 30 ਸਾਲ ਤੋਂ ਵਡੇਰੀਆਂ ਔਰਤਾਂ ਨੂੰ ਇਹ ਹੱਕ 1930 ਵਿੱਚ ਦਿੱਤਾ ਅਤੇ ਜਾਇਦਾਦ ਦਾ ਹੱਕ 1875 ਵਿੱਚ ਦਿੱਤਾ ।

ਲਿਖਦੇ ਹਨ : *ਬਾਲੜੀਆਂ ਨੂੰ ਮਾਰਨ ਦੀ ਮਾੜੀ ਪਿਰਤ ਇੱਕ ਲੰਮੇ ਸਮੇਂ ਤੋਂ ਪੰਜਾਬ ਵਿੱਚ ਚਲਦੀ ਆ ਰਹੀ ਸੀ। ਸਿੱਖਾਂ ਨੇ ਇਸ ਦਾ ਸਖ਼ਤ ਵਿਰੋਧ ਕੀਤਾ। ਸਤੀ ਹੋਣ ਦੀ ਦੁੱਖ ਭਰੀ ਮਾੜੀ ਰਸਮ ਨੂੰ ਠੱਲ੍ਹ ਪਾਈ। ਭਜਨ-ਬੰਦਗੀ ,ਪਾਠ-ਕੀਰਤਨ ਦੀ ਨਿਯਮਾਵਲੀ ਬਣਾਈ ਗਈ। ਵਿਆਹ ਸ਼ਾਦੀ, ਜਾਇਦਾਦ ਦੀ ਵਿਰਾਸਤ ਦੇ ਨਵੇਂ ਨਿਯਮ ਬਣਾਏ ਗਏ। ਇਸ ਤੋਂ ਪਹਿਲਾਂ ਸਿੱਖਾਂ ਉਪਰ ਹਿੰਦੂ ਨਿਯਮ ਹੀ ਲਾਗੂ ਹੁੰਦੇ ਸਨ ।* [113]

ਸਿੱਖ ਰਹਿਤ ਮਰਯਾਦਾ ਦਾ ਹੇਠ ਲਿਖਿਆ ਨਿਯਮ ਹੁਣ ਬਿਲਕੁਲ ਬੇ ਅਸਰ ਹੋ ਗਿਆ ਲਗਦਾ ਹੈ।

"ਸਿੱਖ ਧੀਆਂ ਨਹੀਂ ਮਾਰਨਗੇ ਅਤੇ ਉਸ ਪਰਿਵਾਰ ਵਿੱਚ ਲੜਕੀਆਂ ਵੀ ਨਹੀਂ ਵਿਆਹੁਣਗੇ ਜਿਸ ਪਰਿਵਾਰ ਵਿੱਚ ਅਜਿਹਾ ਕੁਕਰਮ ਹੁੰਦਾ ਹੋਵੇ"।

ਇਸ ਵਕਤ ਚੀਨ ਤੇ ਭਾਰਤ (ਸੰਸਾਰ ਦੀ ਆਬਾਦੀ ਦਾ 40%) ਕੁੜੀਆਂ ਮਾਰਨ ਵਿੱਚ ਸਭ ਤੋਂ ਅੱਗੇ ਹਨ। ਡੇਲੀ ਟੈਲੀਗਰਾਫ ਦੀ 22.7.05 ਦੀ ਰੀਪੋਰਟ ਅਨੁਸਾਰ ਚੀਨ ਵਿੱਚ ਮਰਦ ਅਤੇ ਇਸਤ੍ਰੀ ਦਾ ਅਨੁਪਾਤ 118 - 100 ਹੈ ਅਤੇ ਹਰ ਸਾਲ 20,000 ਲੜਕੀਆਂ ਨੂੰ ਉਧਾਲਿਆਂ ਤੇ ਵੇਚਿਆ ਜਾਂਦਾ ਹੈ। ਅਨੁਮਾਨ ਹੈ ਕਿ 2020 ਤਕ 23000000 ਚੀਨੀ ਲੋਕ ਛੜੇ ਰਹਿ ਜਾਣਗੇ। 1991 ਦੀ ਜਨ ਗਣਣਾ (Census) ਅਨੁਸਾਰ ਭਾਰਤ ਵਿੱਚ ਮਰਦ-ਇਸਤ੍ਰੀ ਦਾ ਅਨੁਪਾਤ 100-88.8 ਸੀ। ਪਾਠਕ ਅੰਦਾਜ਼ਾ ਲਾ ਸਕਦੇ ਹਨ ਕਿ ਭਾਰਤ ਦਾ 2020 ਵਿੱਚ ਕੀ ਹਾਲ ਹੋਵੇਗਾ। ਕੁਦਰਤ ਵਿੱਚ ਮਰਦ ਇਸਤ੍ਰੀ ਦਾ ਅਨੁਪਾਤ 105-100 ਹੈ। ਸਿੱਖਾਂ ਨੂੰ ਨੀਂਦ ਵਿੱਚੋਂ ਜਾਗਣਾ ਚਾਹੀਦਾ ਹੈ।

"ਇਹ ਬੜੀ ਹੱਤਿਆ ਹੈ, ਕੰਨਿਆ ਦਾ ਦਰਬ ਲੈਣਾ ਤੇ ਕੰਨਿਆ ਮਾਰਨੀ ਪਰ ਸੰਸਾਰ ਇਸ ਹਤਿਆ ਵਿੱਚ ਲਗ ਰਿਹਾ ਹੈ (ਜਨਮ ਸਾਖੀ ਭਾਈ ਬਾਲਾ)

"ਗੁਰਸਿੱਖ ਕੰਨਿਆ ਨਾ ਮਾਰੇ, ਕੁੜੀਮਾਰ ਨਾਲ ਨਾ ਵਰਤੇ, ਕੰਨਿਆ ਦਾ ਪੈਸਾ ਨਾ ਖਾਏ" (ਰਹਿਤਨਾਮਾ ਭਾਈ ਚੌਪਾ ਸਿੰਘ)

"ਸਿੱਖ ਮਤ ਵਿੱਚ ਬੇਟੀ ਪੁੱਤਰ ਤੁੱਲ ਹੈ। ਕੁੜੀਮਾਰ ਨਾਲ ਵਰਤੋਂ ਕਰਨ ਦਾ ਹੁਕਮ ਨਹੀਂ ਹੈ"। (ਗੁਰਮਤ ਮਾਰਤੰਡ ਭਾਈ ਕਾਨ੍ਹ ਸਿੰਘ ਨਾਭਾ)

[113] "Female infanticide , a custom prevalent then and for many years after in the Punjab,was strictly forbidden,as was also the practice of Sati; and rules and regulations were enjoined relating to daily worship, marriage, the law of inheritance,and other matters in which the Sikhs had hitherto conformed to Hindu laws".



## 5.14 ਦੇਵ ਦਾਸੀਆਂ

ਦੇਵ ਦਾਸੀਆਂ ਉਹ ਲੜਕੀਆਂ ਹੁੰਦੀਆਂ ਸਨ ਜਿਨ੍ਹਾਂ ਨੂੰ ਮੰਦਰਾਂ ਵਿੱਚ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਅੱਗੇ ਨਾਚ ਕਰਨ ਲਈ ਰੱਖਿਆ ਜਾਂਦਾ ਸੀ। ਸਿੱਖ ਗੁਰੂ ਸਾਹਿਬਾਨ ਨੇ ਅਜਿਹੇ ਲੋਕਾਂ ਨੂੰ ਸਖ਼ਤ ਨਾ-ਪਸੰਦ ਕੀਤਾ ਹੈ ਜੋ ਆਪਣੀਆਂ ਧੀਆਂ ਭੈਣਾਂ ਨੂੰ ਦਾਸੀਆਂ ਬਣਾ ਕੇ ਭੇਜਦੇ ਸਨ। ਇਹ ਰਿਵਾਜ ਵੀ ਸੀ ਕਿ ਬ੍ਰਾਹਮਣ ਦੇ ਕਹਿਣ ਤੇ ਲੋਕ ਆਪਣੀਆਂ ਪਤਨੀਆਂ ਬ੍ਰਾਹਮਣ ਜਾਂ ਮੰਦਰ ਦੀ ਭੇਟਾ ਚੜ੍ਹਾ ਦਿੰਦੇ ਸਨ। ਇਸ ਰਵਾਜ ਬਾਰੇ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਕਈ ਵਾਰ ਆਇਆ ਹੈ। **"ਜੇ ਓਹੁ ਗ੍ਰਹਨ ਕਰੈ ਕੁਲਖੇਤਿ॥ ਅਰਪੈ ਨਾਰਿ ਸੀਗਾਰ ਸਮੇਤਿ॥ (ਪੰਨਾ 875)**

## 5.15 ਵਰਤ (Feast)

ਹਿੰਦੂ ਧਰਮ ਵਿੱਚ ਬਹੁਤ ਸਾਰੇ ਐਸੇ ਵਰਤ ਵੀ ਹਨ ਜਿਹੜੇ ਸਿਰਫ ਔਰਤਾਂ ਹੀ ਰਖ਼ਦੀਆਂ ਹਨ। ਖ਼ਿਆਲ ਕੀਤਾ ਜਾਂਦਾ ਹੈ ਕਿ ਕਿ ਅਜਿਹੇ ਵਰਤ ਰੱਖਣ ਨਾਲ ਪਤੀਆਂ ਦੀ ਉਮਰ ਲੰਮੀ ਹੋ ਜਾਂਦੀ ਹੈ। ਹਰ ਮਹੀਨੇ ਲਗ ਪਗ ਇੱਕ ਦੋ ਵਰਤ ਆ ਹੀ ਜਾਂਦੇ ਹਨ। ਕਦੇ ਸੰਘੇੜਾ, ਕਦੇ ਨਰਾਤੇ, ਕਦੇ ਸੰਤੋਸ਼ੀ ਮਾਤਾ, ਕਦੇ ਮਹਾਂ ਲਕਸ਼ਮੀ, ਕਦੇ ਕਰਵਾ ਚੌਥ,ਕਦੇ ਇੱਕਾਦਸ਼ੀ, ਕਦੇ ਚੌਦਸ਼ ਅਤੇ ਕਦੇ ਮੱਸਿਆ ਪੁੰਨਿਆ ਦੇ ਵਰਤ । ਕਈ ਰੀਤਾਂ ਰਸਮਾਂ ਇਨ੍ਹਾਂ ਵਰਤਾਂ ਤੇ ਕੀਤੀਆਂ ਜਾਂਦੀਆਂ ਹਨ ਜਿਵੇਂ ਪਾਣੀ ਉੱਪਰ ਦੀਵੇ ਤਾਰਨੇ, ਮਲ੍ਹਿਆਂ /ਝਾੜੀਆਂ ਉੱਪਰ ਆਟੇ ਦੇ ਪੇੜੇ ਰਖਣੇ, ਖੀਰ ਪੂੜੇ ਚੜ੍ਹਾਵੇ ਵਜੋਂ ਦੇਣੇ, ਸੂਰਜ ਨੂੰ ਜਲ ਦੇਣਾ, ਚੰਦਰਮਾ ਨੂੰ ਅਰਘ ਦੇਣਾ ਅਤੇ ਨਾਗ-ਪੂਜਾ ਆਦਿਕ ਕਰਨ ਦੀ ਲੰਮੀ ਲਿਸਟ ਹੈ। ਭੁੱਖ ਤੇ ਪਿਆਸ ਬਰਦਾਸ਼ਤ ਕਰਕੇ ਸਾਰਾ ਦਿਨ ਕੁੱਝ ਨਾ ਖਾਣਾ ਅਤੇ ਇਸ ਤਰ੍ਹਾਂ ਵਰਤ ਸੰਪੂਰਣ ਕਰਨ ਉਪ੍ਰੰਤ ਹੀ ਪਾਣੀ ਅੰਨ ਸੇਵਨ ਕਰਨਾ ਹੁੰਦਾ ਹੈ। ਤੁਰੈਤ, ਅੰਜੀਲ (ਬਾਈਬਲ) ਕੁਰਾਨ ਸ਼੍ਰੀਫ ਅਤੇ ਹਿੰਦੂ ਧਾਰਮਿਕ ਗ੍ਰੰਥ ਵਰਤ (ਰੋਜ਼ੇ) ਦੇ ਫਰਜ਼, ਮਰਯਾਦਾ ਅਤੇ ਮਹੱਤਵ ਦਸਦੇ ਹਨ। ਯਹੂਦੀ 40 ਦਿਨ ਅਤੇ ਮੁਸਲਮਾਨ ਲਗਾਤਾਰ 30 ਦਿਨ ਰੋਜ਼ੇ (ਵਰਤ) ਰਖਦੇ ਹਨ। ਕਈ ਰੋਜ਼ੇ (ਵਰਤ) ਜ਼ਨਾਨੀਆਂ ਤੇ ਮਰਦ ਦੋਵੇਂ ਰਖਦੇ ਹਨ।

ਸਿੱਖ ਗੁਰੂ ਸਾਹਿਬਾਨ ਭੁੱਖੇ ਰਹਿਣ ਨੂੰ ਕੋਈ ਵਿਸ਼ੇਸ਼ਤਾ ਨਹੀਂ ਦਿੰਦੇ। ਸਰੀਰ ਨੂੰ ਕਸ਼ਟ ਦੇਣ ਅਤੇ ਭੁੱਖੇ ਰਹਿ ਕੇ ਸੰਕਟ ਸਹੇੜਨ ਨੂੰ ਉਨ੍ਹਾਂ ਨੇ ਨਿਰਾਰਥਕ ਕਿਹਾ ਹੈ ।**"ਅੰਨ ਨ ਖਾਇਆ ਸਾਦੁ ਗਵਾਇਆ" (ਪੰਨਾ 467)** ਗੁਰੂ ਜੀ ਅਨੁਸਾਰ ਭੁੱਖ ਦਾ ਅਧਿਆਂਤਮਵਾਦ ਨਾਲ ਕਿਸੇ ਵੀ ਪਰਕਾਰ ਦਾ ਕੋਈ ਮੇਲ ਨਹੀਂ ਹੈ **"ਅੰਨ ਨਾ ਖਾਹਿ ਦੇਹੀ ਦੁਖੁ ਦੀਜੈ॥ਬਿਨੁ ਗੁਰਗਿਆਨ ਤ੍ਰਿਪਤਿ ਨਹੀਂ ਥੀਜੈ॥ (ਪੰਨਾ 905)**। ਇਸ ਨਾਲ ਗਿਆਨ ਤਾਂ ਕੋਈ ਪ੍ਰਾਪਤ ਨਹੀਂ ਹੁੰਦਾ ਉਲਟਾ ਦੇਹੀ ਨੂੰ ਕਸ਼ਟ ਹੁੰਦਾ ਹੈ **" ਅੰਨ ਤੇ ਰਹਤਾ ਦੁਖੁ ਦੇਹੀ ਸਹਤਾ॥" (ਪੰਨਾ**

**1348)**। ਕਈ ਹਿੰਦੂ ਲੋਕ ਚੰਦਰਮਾ ਦਾ ਵਰਤ ਰਖਦੇ ਹਨ ਅਤੇ ਇਸ ਨਾਲ ਕੁੱਝ ਕਥਾ ਕਹਾਣੀਆਂ ਵੀ ਜੋੜ ਰੱਖੀਆਂ ਹਨ। ਇਸ ਬਾਰੇ ਗੁਰੂ ਜੀ ਦਾ ਫੁਰਮਾਣ ਹੈ "**ਵਰਤ ਕਰਹਿ ਚੰਦ੍ਰਾਇਣਾ ਸੇ ਕਿਤੈ ਨ ਲੇਖੰ "(ਪੰਨਾ 1099)**। ਵਰਤਾਂ ਬਾਰੇ ਸੂਰਜ ਪ੍ਰਕਾਸ਼ ਦੇ ਕਰਤਾ ਲਿਖਦੇ ਹਨ, "ਹਮਰੇ ਗੁਰ ਕੇ ਸਿੱਖ ਹੈਂ ਜੇਈ, ਅਲਪ ਅਹਾਰ ਵਰਤੀ ਨਿਤ ਸੇਈ (ਸੂਰਜ ਪਰਕਾਸ਼)। ਸਿੱਖ ਨੂੰ ਹੁਕਮ ਹੈ ਕਿ ਖਾਣਾ ਥੋੜ੍ਹਾ ਖਾਵੇ (ਅਲਪ ਅਹਾਰੀ ਹੋਵੇ) ਅਤੇ ਲੋੜ ਤੋਂ ਬਿਨਾ ਨਾ ਖਾਵੇ। ਇਹੋ ਸਿੱਖ ਦਾ ਵਰਤ ਹੈ।

### 5.16 ਅਧੀਨਤਾ-ਮੁਕਤ ਨਾਰੀ

ਬੇਲੋੜੀਆਂ ਅਤੇ ਫਜ਼ੂਲ ਰਸਮਾਂ ਰਿਵਾਜਾਂ ਤੋਂ ਮੁਕਤ ਸਿੱਖ ਨਾਰੀ ਸੰਸਾਰਿਕ, ਆਰਥਿਕ ਅਤੇ ਸਮਾਜਿਕ ਕੰਮਾਂ ਵਿੱਚ ਮਰਦ ਦੇ ਬਰਾਬਰ ਸ਼ਾਮਲ ਹੋਣ ਲਗੀ। ਨਾਰੀਆਂ ਦਾ ਸਵੈ-ਵਿਸ਼ਵਾਸ਼ ਅਤੇ ਆਤਮ-ਬਲ ਵਧਿਆ। ਉਹ ਸਮਝਣ ਲਗ ਪਈਆਂ ਕਿ ਉਹ ਕਿਸੇ ਤਰਸ ਜਾਂ ਰਾਖੀ ਦੀਆਂ ਪਾਤਰ ਨਹੀਂ ਹਨ। ਸੇਵਾ, ਕੁਰਬਾਨੀ, ਤਿਆਗ ਅਤੇ ਬੀਰਤਾ ਵਿੱਚ ਉਹ ਮਰਦਾਂ ਦੇ ਬਰਾਬਰ ਆ ਖੜੋਈਆਂ।

ਸਿੱਖ ਇਸਤ੍ਰੀ ਹੁਣ ਸਮਝ ਗਈ ਸੀ ਕਿ ਮਰਦ ਆਪਣੀ ਸੋਚਣੀ ਵਿੱਚ ਹਰ ਵੇਲੇ ਠੀਕ ਹੀ ਨਹੀਂ ਹੁੰਦੇ ਉਹ ਵੀ ਗ਼ਲਤੀ ਕਰ ਸਕਦੇ ਹਨ। ਗੁਰੂ ਤੇਗ਼ ਬਹਾਦਰ ਜੀ ਜਦੋਂ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ ਕਰਨ ਗਏ ਤਾਂ ਮਸੰਦਾਂ ਨੇ ਉਨ੍ਹਾਂ ਨੂੰ ਰੋਕ ਦਿੱਤਾ ਸੀ ਪ੍ਰੰਤੂ ਮਾਈਆਂ ਨੇ ਮਰਦਾਂ ਦੇ ਵਿਰੁੱਧ ਜਾ ਕੇ ਵੀ ਗੁਰੂ ਜੀ ਨੂੰ ਦਰਸ਼ਨ ਕਰਨ ਲਈ ਮਨਾ ਲਿਆ ਅਤੇ ਸਤਿਕਾਰ ਨਾਲ ਦਰਬਾਰ ਸਾਹਿਬ ਵਿੱਚ ਲੈ ਕੇ ਆਈਆਂ। ਪਿਛਲੇ ਸਿੱਖ ਇਤਿਹਾਸ ਨੇ ਇਸ ਨਵ-ਜਾਗ੍ਰਿਤੀ ਨੂੰ ਹੋਰ ਵੀ ਉਤਸਾਹਿਤ ਕੀਤਾ ਅਤੇ ਨਵੀਆਂ ਲੀਹਾਂ ਪਾਈਆਂ।

ਸਿੱਖ ਨਾਰੀਆਂ ਨੂੰ ਵਿਅਕਤੀਗਤ ਪਛਾਣ ਮਿਲੀ ਅਤੇ ਉਨ੍ਹਾਂ ਨੇ ਧਾਰਮਿਕ ਸਮਾਗਮਾਂ ਵਿੱਚ ਮਰਦ ਦੇ ਬਰਾਬਰ ਭਾਗ ਲੈਣਾਂ ਆਰੰਭ ਕਰ ਦਿੱਤਾ ਜਿਸ ਦੀ ਕਿ ਸਦੀਆਂ ਤੋਂ ਉਨ੍ਹਾਂ ਨੂੰ ਮਨਾਹੀ ਰਹੀ ਸੀ। ਹੁਣ ਉਹ ਖ਼ੁਦ ਕੀਰਤਨ ਅਤੇ ਪੂਜਾ ਪਾਠ ਕਰਨ ਲਗ ਗਈਆਂ ਅਤੇ ਕਿਸੇ ਬ੍ਰਾਹਮਣ ਵਿੱਚੋਲੇ ਦੀ ਕੋਈ ਲੋੜ ਹੀ ਨਾ ਰਹੀ। [114] ਇਸ ਤਰ੍ਹਾਂ ਪਿੱਛੋਂ ਸਿੱਖਾਂ ਉੱਪਰ ਆਏ ਕਸ਼ਟਾਂ ਦੇ ਸਮਿਆਂ ਵਿੱਚ ਕੀਰਤਨਕਾਰਾਂ, ਵਿਆਖਿਆਕਾਰਾਂ ਅਤੇ ਧਰਮ-ਪਰਚਾਰਕਾਂ ਦੀ ਕਮੀ ਕਿਸੇ ਹੱਦ ਤੱਕ ਪੂਰੀ ਹੁੰਦੀ ਰਹੀ ਅਤੇ ਇਹ ਇਸਤ੍ਰੀਆਂ ਸਿੱਖ ਧਰਮ ਨੂੰ ਜੀਵਤ ਰੱਖਣ ਅਤੇ ਪ੍ਰਫੁਲਤ ਕਰਨ ਵਿੱਚ ਸਹਾਈ ਹੋਈਆਂ। ਸਿੱਖ ਇਸਤ੍ਰੀਆਂ ਸਮਾਜਿਕ, ਸਭਿਆਚਾਰਕ, ਰਾਜਨੀਤਕ ਅਤੇ ਗ਼ੈਰ-ਫਿਰਕੂ ਗਤੀਵਿਧੀਆਂ ਵਿੱਚ ਵੀ ਭਾਗ ਲੈਣ ਲੱਗ

[114] ਦੇਖੋ ਸਿੱਖ ਰਹਿਤ ਮਰਯਾਦਾ 1998 ਮਦ 2.2 ਪੰਨਾ 27. ਯਾਦ ਰਹੇ ਕਿ ਹਿੰਦੂ ਔਰਤ ਨੂੰ ਵੇਦ ਪਾਠ ਦੀ ਆਗਿਆ ਨਹੀਂ ਅਤੇ ਮੁਸਲਮਾਨ ਔਰਤ ਮਸਜਿਦ ਵਿੱਚ ਨਹੀਂ ਜਾ ਸਕਦੀ।



ਪਈਆਂ। ਲੋੜ ਪੈਣ ਤੇ ਇਨ੍ਹਾਂ ਨੇ ਯੁੱਧ ਵਿੱਚ ਕੁੱਦਣ ਤੋਂ ਵੀ ਸੰਕੋਚ ਨਾ ਕੀਤਾ। ਚੌਕੇ ਚੁਲ੍ਹੇ ਤੋਂ ਲੈ ਕੇ ਰਣ-ਖੇਤਰ ਤਕ ਹਰ ਪੱਖ ਵਿੱਚ ਆਪਣੀ ਹਸਤੀ ਦੀ ਪਛਾਣ ਕਰਵਾਈ। ਕਿਸੇ ਵੀ ਧਾਰਮਿਕ ਗ੍ਰੰਥ ਵਿੱਚ ਔਰਤਾਂ ਦਾ ਜ਼ਿਕਰ ਇਨ੍ਹੇ ਸਤਿਕਾਰ ਨਾਲ ਨਹੀਂ ਹੋਇਆ ਹੋਵੇਗਾ ਜਿੰਨਾ ਕਿ ਸਿੱਖ ਧਰਮ ਗ੍ਰੰਥ ਵਿੱਚ ਹੈ। ਮਾਤਾ ਖੀਵੀ ਜੀ ਲਈ ਬਲਵੰਡ ਜੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪੂਰੀ ਇੱਕ ਪੌੜੀ ਲਿਖਦੇ ਹਨ ਅਤੇ ਉਨ੍ਹਾਂ ਨੂੰ ਸ਼ਬਦ "ਨੇਕ ਜਨ" ਨਾਲ ਨਿਵਾਜਦੇ ਹਨ। ਮਧ ਕਾਲ ਵਿੱਚ ਕਿਸੇ ਔਰਤ ਲਈ ਸਿਫਤੀ ਦੇ ਅਜਿਹੇ ਸ਼ਬਦ ਵਰਤਣਾ ਕ੍ਰਾਂਤੀਕਾਰੀ ਦ੍ਰਿਸ਼ਟੀਕੋਣ ਦਾ ਸੂਚਕ ਸੀ।

# ਕਾਂਡ 6
## ਪੱਛਮ ਤੇ ਇੱਕ ਪੰਛੀਝਾਤ

**"ਪੂਰਬ ਪੂਰਬ ਹੀ ਹੈ ਅਤੇ ਪੱਛਮ ਪੱਛਮ ਹੀ ਹੈ। ਦੋਹਾਂ ਦਾ ਮੇਲ ਅਸੰਭਵ ਹੈ"।**

(ਪ੍ਰਸਿੱਧ ਵਿਦਵਾਨ ਅਤੇ ਚਿੰਤਕ ਕਿਪਲਿੰਗ)

ਜੇ ਕਿਸੇ ਸਮਾਜ ਦੀ ਸਭਿਆਚਾਰਕ ਅਤੇ ਅਧਿਆਤਮਿਕ ਪ੍ਰਗਤੀ ਨੂੰ ਜਾਨਣਾ ਹੋਵੇ ਤਾਂ ਉਸ ਸਮਾਜ ਵਿੱਚ ਇਹ ਦੇਖਣ ਦੀ ਲੋੜ ਹੁੰਦੀ ਹੈ ਕਿ ਉਸ ਸਮਾਜ ਨੇ ਨਾਰੀ ਨੂੰ ਕਿੰਨਾਂ ਆਦਰ ਜਾਂ ਸਤਿਕਾਰ ਦਿੱਤਾ ਹੈ। ਇਸ ਅਨੁਮਾਨ ਨੂੰ ਹੋਰ ਸਾਰਥਿਕ ਬਣਾਉਣ ਲਈ ਵਿੱਦਿਆ, ਇਤਿਹਾਸ, ਧਰਮ, ਲੋਕਯਾਨ, ਸ੍ਰਿਸ਼ਠਾਚਾਰ, ਨੈਤਿਕਤਾ ਅਤੇ ਰਸਮਾਂ ਰਵਾਜਾਂ ਦਾ ਅਧਿਅਨ ਕਰਨਾ ਵੀ ਜ਼ਰੂਰੀ ਹੁੰਦਾ ਹੈ।

ਪੂਰਬ ਵਿੱਚ ਵਿਆਹ ਤੋਂ ਪਹਿਲਾਂ ਔਰਤਾਂ ਦੀ ਮਨ-ਪਵਿਤ੍ਰਤਾ ਅੰਗ-ਪਵਿਤ੍ਰਤਾ ਤੇ ਸ਼ੁਧ ਕੰਵਾਰੇਪਣ ਨੂੰ ਸਤਿਕਾਰ ਦਿੱਤਾ ਗਿਆ ਹੈ। ਇੰਨ੍ਹਾਂ ਗੁਣਾਂ ਦੀ ਵਿਸ਼ੇਸ਼ ਸੰਭਾਲ ਇੱਕ ਪਵਿੱਤ੍ਰ ਫਰਜ਼ ਵਜੋਂ ਕੀਤੀ ਜਾਂਦੀ ਹੈ ਅਤੇ ਇਸ ਨੂੰ ਨਾਰੀ-ਧਰਮ ਦੀ ਨਿਜੀ ਨੈਤਿਕਤਾ ਅਤੇ ਸਮਾਜਿਕ ਸਦਾਚਾਰ ਦਾ ਇੱਕ ਜ਼ਰੂਰੀ ਹਿੱਸਾ ਸਮਝਿਆ ਜਾਂਦਾ ਹੈ। ਪੱਛਮੀ ਸਮਾਜ ਵਿੱਚ ਇਸ ਪੱਖ ਉੱਪਰ ਧਿਆਨ ਨਹੀਂ ਦਿੱਤਾ ਜਾਂਦਾ ਤੇ ਇਸ ਨੂੰ ਲੜਕੀ ਦਾ ਨਿੱਜੀ ਮੁਆਮਲਾ ਸਮਝਿਆ ਜਾਂਦਾ ਹੈ। ਇਸ ਦਾ ਇਹ ਮਤਲਬ ਨਾ ਲੈ ਲਿਆ ਜਾਵੇ ਕਿ ਪਛੱਮ ਵਿੱਚ ਸ਼ੁੱਧ ਆਚਰਣ ਵਾਲੀਆਂ ਇਸਤ੍ਰੀਆਂ ਹੁੰਦੀਆਂ ਹੀ ਨਹੀਂ ਹਨ। ਸਾਡਾ ਮਤਲਬ ਹੈ ਕਿ ਪੱਛਮ ਦਾ ਦ੍ਰਿਸ਼ਟੀਕੋਣ ਇਸ ਸਬੰਧ ਵਿੱਚ ਪੂਰਬ ਦੇ ਦ੍ਰਿਸ਼ਸ਼ਟੀਕੋਣ ਨਾਲੋਂ ਵੱਖਰਾ ਹੈ। ਪੱਛਮੀ ਨਾਰੀਆਂ ਬਾਰੇ ਕੁੱਝ ਤੱਥ ਬੜੇ ਸਪਸ਼ਟ ਹਨ। ਉਹ ਪੜ੍ਹੀਆਂ ਲਿਖੀਆਂ, ਸੁਤੰਤਰ, ਉਦਮਸ਼ੀਲ਼, ਨਿਰਝਿੱਜਕ ਆਤਮ-ਵਿਸ਼ਵਾਸ਼ੀ ਅਤੇ ਆਪਣੇ ਕਿੱਤੇ ਦੀਆਂ ਮਾਹਰ ਹੁੰਦੀਆਂ ਹਨ। ਲਿੰਗ ਸਬੰਧਾਂ ਬਾਰੇ ਉਨ੍ਹਾਂ ਦਾ ਗਿਆਨ ਪੂਰਨ ਹੁੰਦਾ ਹੈ। ਇਸ ਦੇ ਵਿਪ੍ਰੀਤ ਪੂਰਬ ਦੀਆਂ ਨਾਰੀਆਂ ਆਮ ਤੌਰ ਤੇ ਸ਼ਰਮਾਕਲ, ਘੱਟ ਪੜ੍ਹੀਆਂ ਲਿਖੀਆਂ, ਹਲੀਮ, ਸਾਊ, ਭੋਲੀਆਂ ਭਾਲੀਆਂ, ਪਰਿਵਾਰ-ਕੇਂਦਰਤ, ਪਤੀ-ਆਸ਼੍ਰਿਤ ਅਤੇ ਆਗਿਆਕਾਰ ਹੁੰਦੀਆਂ ਹਨ। ਭਾਵੇਂ ਪੱਛਮੀ ਔਰਤਾਂ ਇਹ ਦਾਅਵਾ ਕਰ ਸਕਦੀਆਂ ਹਨ ਕਿ ਬੌਧਿਕ ਰੂਪ ਵਿੱਚ ਉਹ ਬਹੁਤ ਉਨੱਤ ਹਨ ਪਰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਦਾਚਾਰ, ਤਿਆਗ, ਸਵੈ-ਕਾਬੂ , ਸੰਜਮ, ਅਤੇ ਅਧਿਆਤਮਿਕਤਾ ਵਿੱਚ ਉਹ ਪੂਰਬੀ (ਖ਼ਾਸ ਕਰ ਕੇ ਪੰਜਾਬੀ) ਨਾਰੀਆਂ ਨਾਲੋਂ ਕਿਤੇ ਪਿੱਛੇ ਹਨ।



ਪੱਛਮੀ ਔਰਤਾਂ ਵਿਅਕਤੀਵਾਦ ਅਤੇ ਨਿੱਜੀ ਸੁਤੰਤਰਤਾ ਨੂੰ ਮਹੱਤਵ ਦਿੰਦੀਆਂ ਹਨ। ਏਸ਼ੀਆ ਦੀਆਂ ਔਰਤਾਂ ਇਸ ਤਰ੍ਹਾਂ ਦੇ ਜੀਵਨ ਢੰਗ ਨੂੰ ਸਵਾਰਥੀ ਸਮਝਦੀਆਂ ਹਨ। ਪੂਰਬੀ ਔਰਤਾਂ 18 ਸਾਲ ਦੀ ਉਮਰ ਵਿੱਚ ਪੱਛਮੀ ਔਰਤਾਂ ਵਾਂਗ ਆਜ਼ਾਦ ਹੋ ਕੇ ਘਰੋਂ ਨਹੀਂ ਜਾਂਦੀਆਂ ਸਗੋਂ ਪਰਸਪਰ ਪਰਿਵਾਰਕ ਮੋਹ ਵਿੱਚ ਜਕੜੀਆਂ ਸਮਾਜੀ ਗੁਣ ਸਿੱਖਦੀਆਂ ਅਤੇ ਪਰਿਵਾਰ ਪ੍ਰਤੀ ਮਰਦੇ ਦਮ ਤੱਕ ਵਫ਼ਾਦਾਰ ਰਹਿੰਦੀਆਂ ਹਨ। ਪੱਛਮੀ ਔਰਤਾਂ ਵਿਆਹ ਉਪ੍ਰੰਤ ਮਾਪਿਆਂ ਨਾਲ ਆਪਣਾ ਰਿਸ਼ਤਾ ਜੇ ਪੂਰੀ ਤਰ੍ਹਾਂ ਨਹੀਂ ਤੋੜਦੀਆਂ ਤਾਂ ਇਸ ਨੂੰ ਇੱਕ ਦਮ ਬੇਲੋੜਾ ਸਮਝਣ ਲੱਗ ਪੈਂਦੀਆਂ ਹਨ। ਉਨ੍ਹਾਂ ਦਾ ਮਾਪਿਆਂ ਨਾਲ ਮੇਲ ਜੋਲ ਲਗ ਪਗ ਸਮਾਪਤ ਹੀ ਹੋ ਜਾਂਦਾ ਹੈ। ਇਸ ਦੇ ਉਲਟ ਭਾਰਤੀ ਔਰਤਾਂ ਇਹ ਰਿਸ਼ਤਾ ਕਾਇਮ ਰਖਦੀਆਂ ਹਨ ਅਤੇ ਸਮੇਂ ਸਮੇਂ ਮਾਂ ਬਾਪ ਅਤੇ ਭੈਣਾਂ ਭਰਾਵਾਂ ਨਾਲ ਆਉਣ ਜਾਣ ਸਾਰੀ ਉਮਰ ਲਈ ਬਣਿਆ ਰਹਿੰਦਾ ਹੈ।

ਪੰਜਾਬੀ ਨਾਰੀਆਂ ਨੂੰ ਘਰ ਵਿੱਚ ਮੁੱਢ ਤੋਂ ਹੀ ਇਹ ਸਿੱਖਿਆ ਦਿਤੀ ਜਾਂਦੀ ਹੈ ਕਿ ਪਤੀ ਤੋਂ ਬਿਨਾ ਸਾਰੇ ਮਰਦ ਵੀਰਾਂ ਜਾਂ ਬਜ਼ੁਰਗਾਂ ਵਾਂਗ ਸਮਝਣੇ ਹਨ ਅਤੇ ਛੋਟਿਆਂ ਨਾਲ ਪੁੱਤਰਾਂ ਵਾਗ ਵਿਵਹਾਰ ਕਰਨਾ ਹੈ। ਲੜਕਿਆਂ ਨੂੰ ਵੀ ਇਹੀ ਸਿੱਖਿਆ ਮਿਲਦੀ ਹੈ ਕਿ ਪਤਨੀ ਤੋਂ ਇਲਾਵਾ ਸਭ ਜ਼ਨਾਨੀਆਂ ਮਾਵਾਂ, ਭੈਣਾਂ, ਧੀਆਂ ਆਦਿਕ ਦੀ ਤਰ੍ਹਾਂ ਸਮਝਣੀਆਂ ਹਨ। ਇਹ ਨੈਤਿਕ ਤੇ ਵਿਵਹਾਰਿਕ ਅਸੂਲ ਗੁਰੂ ਸਾਹਿਬਾਨ ਦੀ ਆਦਰਸ਼ਕ ਸਿੱਖਿਆ ਵਜੋਂ ਹਰ ਬੱਚੇ ਬੱਚੀ ਦੇ ਕੰਨਾਂ ਵਿੱਚ ਨਿਰੰਤਰ ਗੂੰਜਦਾ ਰਹਿੰਦਾ ਹੈ ਅਤੇ ਸਿੱਖ ਮਾਨਸਿਕਤਾ ਦਾ ਇੱਕ ਅਨਿੱਖੜਵਾਂ ਅੰਗ ਬਣ ਗਿਆ ਹੈ ।[115] ਪੱਛਮੀ ਨਾਰੀ ਲਈ ਅਜਿਹੀ ਕੋਈ ਸਿੱਖਿਆ ਨਹੀਂ। ਉਸ ਲਈ ਪਿਉ ਤੇ ਭਰਾ ਤੋਂ ਬਿਨਾ ਹਰ ਮਰਦ ਲਿੰਗ ਸਬੰਧ ਲਈ ਵਰਤਿਆ ਜਾ ਸਕਦਾ ਹੈ। ਨਾ ਕੋਈ ਉਮਰ ਦਾ ਲੇਖਾ ਦੇਖਿਆ ਜਾਂਦਾ ਹੈ ਨਾਂ ਰਿਸ਼ਤੇ ਦਾ। ਸਕੂਲ ਅਧਿਆਪਕ /ਅਧਿਆਪਕਾਵਾਂ ਆਪਣੇ ਵਿਦਿਆਰਥੀਆਂ ਨਾਲ ਆਮ ਵਿਆਹ ਕਰਵਾ ਲੈਂਦੇ ਹਨ। ਜਿਨ੍ਹਾਂ ਦੀਆਂ ਲੱਤਾਂ ਕਬਰਾਂ ਵਿੱਚ ਹੁੰਦੀਆਂ ਹਨ 70-80 ਸਾਲ ਦੇ ਬੁੱਢੇ 17-18 ਦੀ ਲੜਕੀ ਨਾਲ ਵਿਆਹ ਕਰਵਾ ਲੈਂਦੇ ਹਨ। ਪੁੱਤਾਂ ਪੋਤ੍ਰਿਆਂ ਵਾਲੀਆਂ ਦਾਦੀਆਂ ਪੜਦਾਦੀਆਂ ਆਪਣੇ ਲਈ ਅਲੂੰਏ ਮੁੰਡੇ ਲੱਭ ਲੈਂਦੀਆਂ ਹਨ ਅਤੇ ਇਨ੍ਹਾਂ ਦੇ ਵਿਆਹਾਂ ਵਿੱਚ ਇਨ੍ਹਾਂ ਦੇ ਪੋਤ੍ਰੇ ਪੋਤ੍ਰੀਆਂ ਖੁਸ਼ੀ ਖੁਸ਼ੀ ਸ਼ਾਮਲ ਹੁੰਦੇ ਹਨ।

ਪੰਜਾਬ ਵਿੱਚ ਨਾਰੀ ਨੂੰ ਸੰਪੂਰਣਤਾ ਦੇਣ ਵਾਲਾ ਗੁਣ ਔਲਾਦ ਨੂੰ ਮੰਨਿਆਂ ਜਾਂਦਾ ਹੈ ਅਤੇ (ਖਾਸ ਕਰ ਕੇ ਪਹਿਲਾ) ਬੱਚਾ ਪੈਦਾ ਹੋਣ ਤੇ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ। ਪੰਜਾਬੀ ਸਭਿਆਚਾਰ ਅਨੁਸਾਰ ਮਾਤਾ-ਪਦ ਨੂੰ ਨਾਰੀਤਵ ਦੇ ਇੱਕ ਦੈਵੀ ਗੁਣ ਵਜੋਂ ਲਿਆ ਜਾਂਦਾ ਹੈ ਜਿਸ ਕਾਰਣ ਪੈਦਾ ਹੋਏ ਬੱਚੇ ਲਈ ਮਾਤਾ ਪੂਜਣਯੋਗ ਮੰਨੀ ਜਾਣ ਲਗ ਜਾਂਦੀ ਹੈ ਅਤੇ

[115] "ਪਰ ਧਨ ਪਰ ਤਨ ਪਰ ਕੀ ਨਿੰਦਾ ਇਨ ਸਿਉ ਪ੍ਰੀਤਿ ਨ ਲਾਗੈ॥ ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ ॥(ਪੰਨਾ 632), ''ਪਰ ਧਨ ਪਰ ਦਾਰਾ ਪਰ ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ''॥ (ਪੰਨਾ 379)

ਸਮਾਜ ਵਿੱਚ ਮਾਤਾ ਨੂੰ ਸਤਿਕਾਰ ਦਾ ਪਾਤਰ ਗਰਦਾਨਿਆ ਜਾਂਦਾ ਹੈ। ਇਸ ਤਰ੍ਹਾਂ ਪੰਜਾਬੀ ਜੀਵਨ ਦੀ ਰੌ ਸਹਿਜ ਸੰਗੀਤਮਈ ਨਦੀ ਵਾਂਗ ਵਹਿੰਦੀ ਰਹਿੰਦੀ ਹੈ। ਪੱਛਮ ਦੇ ਚੌਖਟੇ ਵਿੱਚ ਜਿਹੜੀ ਤਸਵੀਰ ਦਿਸਦੀ ਹੈ ਉਹ ਇੱਕ 'ਮਾਂ' ਦੀ ਥਾਂ 'ਬੀਵੀ' ਜਾਂ ਆਸ਼ਿਕ (Boy friend) ਜਾਂ ਮਿੱਤਰ ਕੁੜੀ (Girl friend) ਦੀ ਹੈ ਜਿਸ ਨਾਲ ਰੋਗੀ ਮਾਣਸਿੱਕਤਾ ਜੁੜੀ ਹੁੰਦੀ ਹੈ ਬੱਚੇ ਨਾਲੋਂ ਜਾਂ ਪਰਿਵਾਰ ਦੀ ਖ਼ੁਸ਼ੀ ਨਾਲੋਂ ਆਪਣੀ ਐਸ਼ ਦਾ ਮਹੱਤਵ ਜ਼ਿਆਦਾ ਹੁੰਦਾ ਹੈ। ਵਿਆਹ ਦੀਆਂ ਹੱਦਾਂ ਟੱਪ ਕੇ ਲਿੰਗ ਸਬੰਧ ਸਥਾਪਤ ਕਰਨ ਨੂੰ ਵੀ ਮਾੜਾ ਨਹੀਂ ਸਮਝਿਆ ਜਾਂਦਾ ਸਗੋਂ ਨਿੱਜੀ ਆਜ਼ਾਦੀ ਵਜੋਂ ਲਿਆ ਜਾਂਦਾ ਹੈ। ਬਿਸਤਰੇ ਵਿੱਚ ਚੈਨ ਨਹੀਂ ਭੱਟਕਣ ਹੈ। ਛੱਡ ਛੁਡਾਈ ਕਈ ਵਾਰੀ ਵਿਆਹ ਵਾਲੇ ਦਿਨ ਵੀ ਹੋ ਜਾਂਦੀ ਹੈ। ਪੱਛਮੀ ਔਰਤ ਇਸ ਗੱਲ ਤੇ ਨੱਕ ਚੜ੍ਹਾਉਂਦੀ ਹੈ ਕਿ ਪੂਰਬੀ ਔਰਤਾਂ ਸਾਰੀ ਉਮਰ ਇੱਕੋ ਮਰਦ ਨਾਲ ਕੱਟ ਲੈਂਦੀਆਂ ਹਨ। ਹੁਣ ਤਾਂ ਕਿਧਰੇ ਕਿਧਰੇ ਪੱਛਮੀ ਕੁੜੀਆਂ ਆਪਣਾ ਕੰਵਾਰਪੁਣਾ ਵੇਚਣ ਦੇ ਇਸ਼ਤਿਹਾਰ ਵੀ ਦੇਣ ਲੱਗ ਪਈਆਂ ਹਨ । [116]

ਪੱਛਮੀ ਆਜ਼ਾਦੀ ਦਾ ਇਹ ਨਤੀਜਾ ਹੈ ਕਿ ਸਕੂਲਾਂ ਵਿੱਚ ਪੜ੍ਹਦੀਆਂ ਕੁੜੀਆਂ ਆਪਣੇ ਬੱਚੇ ਨੂੰ ਵੀ ਨਾਲ ਕੁੱਛੜ ਚੁੱਕ ਕੇ ਪੜ੍ਹਣ ਜਾਂਦੀਆਂ ਹਨ ਤੇ ਅਜਿਹੇ ਬੱਚੇ ਦੇ ਬਾਪ ਦਾ ਵੀ ਪਤਾ ਨਹੀਂ ਹੁੰਦਾ ।[117] ਮੌਜ ਮਸਤੀ ਲਈ ਲਿੰਗ ਸਬੰਧਾਂ ਨੂੰ ਇੱਕ ਖਿਡਾਉਣਾ ਸਮਝ ਲਿਆ ਗਿਆ ਹੈ ।[118] ਸ਼ੁਰੂ ਸ਼ੁਰੂ ਵਿੱਚ ਜੋੜਿਆਂ ਵਿੱਚ ਜੋਸ਼ ਹੁੰਦਾ ਹੈ ਪਰ ਛੇਤੀ ਹੀ ਇਹ ਠੰਢਾਂ ਪੈ ਜਾਂਦਾ ਹੈ ਅਤੇ ਕਹਾਣੀ ਖ਼ਤਮ ਹੋ ਜਾਂਦੀ ਹੈ। ਕੁੜੀ ਹੋਰ ਮੁੰਡਾ ਲੱਭ ਲੈਂਦੀ ਹੈ ਅਤੇ ਮੁੰਡਾ ਹੋਰ ਕੁੜੀ ਲੱਭ ਲੈਂਦਾ ਹੈ। ਸਮਾਜ ਵਿੱਚ ਹਰਾਮੀ ਸੰਤਾਨ' ਦਾ ਵਾਧਾ ਦਿਨੋਂ ਦਿਨ ਉੱਪਰ ਜਾ ਰਿਹਾ ਹੈ। 'ਇਕੱਲੀ ਮਾਂ' ਜਾਂ ਇਕੱਲੇ ਬਾਪ' ਵਲੋਂ ਅਣਚਾਹੀ ਔਲਾਦ ਨੂੰ ਬੋਝ ਸਮਝ ਕੇ ਪਾਲਿਆ ਜਾਂਦਾ ਹੈ। ਪਰਿਵਾਰਕ ਮੋਹ ਦੀ ਘਾਟ, ਭਾਵੁਕ ਥੁੜ੍ਹਾਂ, ਅਤੇ ਮਾਤ੍ਰੀ/ਪਿਤ੍ਰੀ ਦੇਖ ਰੇਖ ਦੀ ਘਾਟ ਕਾਰਨ ਅਜਿਹੇ ਬੱਚੇ ਦਿਸ਼ਾਹੀਣਤਾ, ਮਨੋਰਥ-ਹੀਣਤਾ ਅਤੇ ਮਾਯੂਸੀ ਵਿੱਚ ਪਲ ਕੇ ਵੱਡੇ ਹੁੰਦੇ ਹਨ ਤਾਂ ਆਪ ਵੀ ਰੋਗੀ ਮਾਨਸਿਕਤਾ ਦਾ ਸ਼ਿਕਾਰ ਹੋਕੇ ਸਮਾਜ ਵਿੱਚ ਅਪ੍ਰਾਧਾਂ ਦੀ ਗਿਣਤੀ ਵਧਾਉਣ ਦਾ ਕਾਰਨ ਬਣਦੇ ਹਨ।[119] ਪੁਲਿਸ ਦੇ ਸਾਧਨਾਂ ਤੇ ਬੇਲੋੜਾ ਬੋਝ ਪੈਂਦਾ ਹੈ।

[116] ਇੰਗਲੈਂਡ ਵਿੱਚ ਕੁੜੀਆਂ ਮਾਂ ਬਾਪ ਨੂੰ ਦੱਸੇ ਬਗੈਰ ਕਾਨੂੰਨੀ ਤੌਰ ਤੇ ਗਰਭ-ਪਾਤ ਕਰਵਾ ਸਕਦੀਆਂ ਹਨ । ਅੱਜ ਕਲ੍ਹ ਇਸ ਕਾਨੂੰਨ ਨੂੰ ਸ੍ਰੀਮਤੀ ਸੂ ਐਕਸੋਮ ਨੇ ਅਦਾਲਤ ਵਿੱਚ ਚਣੌਤੀ ਦਿੱਤੀ ਹੋਈ ਹੈ ।

[117] 21 ਫਰਵਰੀ 2009 ਦੇ ਅਖਬਾਰਾਂ ਵਿੱਚ ਖਬਰ ਛਪੀ ਹੈ ਕਿ ਐਲਫੀ ਪੈਟਨ (Alfie Patten) ਨਾਂ ਦਾ ਇੱਕ 12 ਸਾਲਾ ਮੁੰਡਾ ਪਿਤਾ ਬਣ ਗਿਆ ਹੈ ।

[118] ਮਰਦ-ਔਰਤ ਰਿਸ਼ਤੇ ਇੰਗ਼ਲੈਂਡ ਦੇ ਰਾਸ਼ਟ੍ਰੀ ਸਲੇਬਸ ਦਾ ਹਿੱਸਾ ਹਨ ਜਿਸ ਨੂੰ National Curriculum ਕਿਹਾ ਜਾਂਦਾ ਹੈ । ਇਸ ਵਿਸ਼ੇ ਨੂੰ SRE ( Sex and Relationship Education ਕਿਹਾ ਜਾਂਦਾ ਹੈ । ਇਸ ਨੂੰ ਪ੍ਰਾਇਮਰੀ ਸਕੂਲਾਂ ਤੋਂ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ ।

[119] The Sunday Telegraph dated Dec7, 2008 states, "Britain shows signs of degenerating into a country free of morals because of its rejection of traditional values." It also states, "Atheism has become more vocal and aggressive."



ਇੰਗ਼ਲੈਂਡ ਵਿੱਚ ਵਸੇ ਪੰਜਾਬੀ ਪਰਿਵਾਰ ਅਜੇ ਤੱਕ ਇਸ ਰੋਗ ਤੋਂ ਕਿਸੇ ਹੱਦ ਤੱਕ ਬੱਚੇ ਹੋਏ ਹਨ। ਬੱਚੇ ਦੀ ਪਰਵਰਿਸ਼ ਅਤੇ ਸੰਭਾਲ ਦੀ ਜ਼ਿੰਮੇਵਾਰੀ ਪਰਿਵਾਰ ਅਤੇ ਮਾਤਾ ਪਿਤਾ ਮਿਲਕੇ ਲੈਂਦੇ ਹਨ ਜਿਸ ਨਾਲ ਸੰਤਾਨ ਨੂੰ ਯੋਗ ਸੇਧ ਮਿਲਦੀ ਹੈ।

ਸਾਰੇ ਮਾਨਵੀ ਸਬੰਧ ਜਿਵੇਂ ਕਿ ਰੋਮਾਂਸ, ਪ੍ਰੇਮ-ਪਿਆਰ, ਵਿਆਹ ਆਦਿਕ ਸਮਾਜ ਉੱਪਰ ਅਸਰ ਪਾਉਂਦੇ ਹਨ। ਇਸ ਲਈ ਜ਼ਰੂਰੀ ਹੈ ਕਿ ਆਦਰਸ਼ਕ ਸਮਾਜ ਦੇ ਨਿਰਮਾਣ ਹਿਤ ਸਮਾਜ ਵੀ ਅਜਿਹੇ ਸਬੰਧਾਂ ਉੱਪਰ ਨਜ਼ਰ ਅਤੇ ਨਿਅੰਤ੍ਰਣ ਰੱਖੇ। ਯੋਗ ਮੁੰਡੇ ਕੁੜੀਆਂ ਜੇ ਜੀਵਨ ਸਾਥੀ ਲੱਭ ਕੇ ਵਿਆਹ ਕਰਵਾਉਣ ਲਈ ਮਿਲਣ ਤਾਂ ਇਸ ਵਿੱਚ ਕੋਈ ਹਰਜ਼ ਨਹੀਂ ਪਰ ਪਸ਼ੂਆਂ ਡੰਗਰਾਂ ਵਾਂਗ ਖੁਲ੍ਹੇ ਲਿੰਗ ਸਬੰਧ ਅਤੇ ਪ੍ਰੇਮ ਕ੍ਰੀੜਾ ਸਮਾਜਿਕ ਨਿਘਾਰ ਨੂੰ ਖੁੱਲ੍ਹਾ ਸੱਦਾ ਹਨ। ਪੱਛਮੀ ਸਮਾਜ ਨੂੰ ਅੱਜ ਨਹੀਂ ਤਾਂ ਕਲ੍ਹ ਪਛਤਾਉਣਾ ਪਵੇਗਾ। ਨਿਯਮ ਅਤੇ ਕਾਨੂੰਨ ਇਸ ਗੱਲ ਨੂੰ ਧਿਆਨ ਵਿੱਚ ਰੱਖ ਕੇ ਬਣਾਏ ਜਾਂ ਸੋਧੇ ਜਾਣੇ ਚਾਹੀਦੇ ਹਨ ਕਿ ਨਿੱਜੀ ਆਜ਼ਾਦੀ ਵੀ ਕਾਇਮ ਰਹੇ ਅਤੇ ਨੈਤਿਕ ਜ਼ਿੰਮੇਵਾਰੀ ਵਿੱਚ ਵੀ ਵਿਘਨ ਨਾ ਪਵੇ। ਉਲਾਰ ਮਾਨਸਿਕਤਾ ਵਾਲੇ ਮੁੱਠੀ ਭਰ ਲੋਕਾਂ ਦੀ ਅਖਾਉਤੀ ਆਜ਼ਾਦੀ ਤੇ ਲਿੰਗ ਵਿਲਾਸਤਾ ਦੀ ਖ਼ਾਤਰ ਸਦੀਆਂ ਤੋਂ ਸੋਚ ਸਮਝ ਕੇ ਸਿਰਜੇ ਪਰਿਵਾਰਿਕ ਅਤੇ ਸਮਾਜਿਕ ਰਿਸ਼ਤਿਆਂ ਨੂੰ ਕੁਰਬਾਨ ਕਰ ਦੇਣਾ ਕੋਈ ਸਿਆਣਪ ਨਹੀਂ।

## 6.1 ਪੱਛਮੀ ਵਿਆਹ

ਪੱਛਮ ਵਿੱਚ ਵਿਆਹ ਦੀ ਸੰਸਥਾ ਅਰਥਹੀਣ ਹੁੰਦੀ ਜਾ ਰਹੀ ਹੈ ।[120] ਹੇਠ ਲਿਖੀਆਂ ਗਈਆਂ ਸੁਰਖੀਆਂ ਅਕਸਰ ਅਖਬਾਰਾਂ ਵਿੱਚ ਲਗਦੀਆਂ ਹੀ ਰਹਿੰਦੀਆ ਹਨ:

1. ......ਸੰਸਥਾ ਪਤਨੀਆਂ ਨੂੰ ਆਪਸ ਵਿੱਚ ਵਟਾਉਣ ਦਾ ਸਮਰਥਣ ਕਰਦੀ ਹੈ। (ਰੰਨ ਵਟਾਂਦਰਾ) [121]
2. ਸਮੂਹਕ ਵਿਭਚਾਰ ਕੋਈ ਪਾਪ ਨਹੀਂ।
3. ਜੇ ਜੋੜੇ ਦਾ ਆਪਸੀ ਪਿਆਰ ਹੈ ਤਾਂ ਵਿਆਹ ਦੀ ਕੀ ਲੋੜ ?
4. ਵਿਆਹੁਤਾ ਜੀਵਨ ਦੇ ਝੰਝਟਾਂ ਨਾਲੋਂ ਮਨ-ਮਰਜ਼ੀ ਦੇ ਸਾਥੀ ਨਾਲ ਅਣਵਿਆਹੇ ਰਹਿਣਾ ਚੰਗੇਰਾ ਹੈ।

[120] ਦੇਸ਼ ਵਿਆਪੀ ਅੰਕੜੇ ਦਸਦੇ ਹਨ ਕਿ 1971 ਵਿੱਚ ਇੰਗਲੈਂਡ ਵਿੱਚ 459000 ਵਿਆਹ ਹੋਏ ਪ੍ਰੰਤੂ 2001 ਵਿੱਚ ਵਿਆਹਾਂ ਦੀ ਗਿਣਤੀ ਕੇਵਲ 286,000 ਰਹਿ ਗਈ । ਤਲਾਕਾਂ ਦੀ ਗਿਣਤੀ 1971 ਵਿੱਚ 80,000 ਸੀ 1993 ਵਿੱਚ 157,000 ਤੇ 2001 ਵਿੱਚ 180,000 । 2001 ਵਿੱਚ 45 ਸਾਲ ਤੋਂ ਉਪਰ ਦੀਆਂ 6% ਔਰਤਾਂ ਅਤੇ 9% ਮਰਦਾਂ ਨੇ ਦੁਬਾਰਾ ਵਿਆਹ ਕਰਵਾਏ। (ਨੈਸ਼ਨਲ ਸਟੈਟਿਸਟਿਕਸ ਪੰਨਾ 31)

[121] ਇਸ ਨਾਂ ਦਾ ਇੱਕ ਪਰੋਗਰਾਮ ਟੀ-ਵੀ ਤੇ ਵੀ ਆਉਂਦਾ ਹੈ । ਜਿਸ ਦਾ ਸੀਰਸ਼ ਹੈ "Wife Swap"। ਇਸ ਤੋਂ ਇਲਾਵਾ ਵੀ ਖੁਲ੍ਹਾ ਲਿੰਗ ਵਿਹਾਰ ਟੀ-ਵੀ ਤੇ ਆਮ ਦਿਖਾਇਆ ਜਾਂਦਾ ਹੈ ਜੋ ਜਵਾਨ ਹੋ ਰਹੇ ਮੁੰਡੇ ਕੁੜੀਆਂ ਲਈ ਘਾਤਕ ਹੈ ।।

5. ਗਰਭ-ਪਾਤ ਸਰਕਾਰੀ ਜ਼ਿੰਮੇਵਾਰੀ ਹੋਵੇ।
6. ਵਿਆਹ ਦੇ ਬੰਧਨ ਵਿੱਚ ਬੰਨ੍ਹੇ ਜਾ ਕੇ ਇੱਕੋ ਸਾਥੀ ਨਾਲ ਸਾਰੀ ਉਮਰ ਰਹਿਣਾ ਉਮਰ ਕੈਦ ਦੀ ਸਜ਼ਾ ਤੋਂ ਘੱਟ ਨਹੀਂ ।

ਅਖੌਤੀ ਸੁਤੰਤਰਤਾ ਦੀ ਆੜ ਵਿੱਚ ਅਜਿਹੀ ਬਿਆਨਬਾਜ਼ੀ ਵਿਆਹ ਦੀ ਪਵਿੱਤ੍ਰਤਾ ਤੇ ਕਰਾਰਾ ਵਾਰ ਕਰਦੀ ਹੈ। ਪੱਛਮ ਦੀ ਖੁਲ੍ਹ ਖ਼ਿਆਲੀ ਨਿਰਸੰਦੇਹ ਪੱਛਮੀ ਸਮਾਜ ਨੂੰ ਤਬਾਹੀ ਵਲ ਲਿਜਾ ਰਹੀ ਹੈ। ਸ਼ਾਦੀ ਦੇ ਰਿਸ਼ਤੇ ਤੋਂ ਬਾਹਰ ਮਰਦਾਂ ਅਤੇ ਇਸਤ੍ਰੀਆਂ ਦਾ ਹੋਰਨਾਂ ਨਾਲ ਲਿੰਗ ਸਬੰਧ ਹੁਣ ਸੁਭਾਵਕ ਜਿਹਾ ਬਣ ਗਿਆ ਹੈ। ਵਿਆਹ ਵਿੱਚ ਪ੍ਰਪੱਕਤਾ, ਵਫ਼ਾਦਾਰੀ ਤੇ ਰਿਸ਼ਤੇ ਦੀ ਸਦੀਵਤਾ ਵਰਗੇ ਨੈਤਿਕ ਗੁਣਾਂ ਦੀ ਖਿੱਲੀ ਉਡਾਈ ਜਾ ਰਹੀ ਹੈ।

ਲਿੰਗ ਸਬੰਧ ਕਾਦਰ ਦਾ ਅਦੁਤੀ ਵਰਦਾਨ ਹੈ ਜੋ ਮਾਨਵ ਜ਼ਾਤੀ ਦੀ ਉਤਪਤੀ ਲਈ ਇੱਕ ਜ਼ਰੂਰੀ ਵਸੀਲਾ ਹੈ। ਇਸ ਰਾਹੀਂ ਸੰਤਾਨ ਉਤਪਤੀ ਮਾਨਵ ਜ਼ਾਤੀ ਦਾ ਫਰਜ਼ ਹੈ ਅਤੇ ਇਸ ਫ਼ਰਜ਼ ਨੂੰ ਚੰਗੇ ਅਤੇ ਨੈਤਿਕ ਤ੍ਰੀਕੇ ਨਾਲ ਨਿਭਾ ਕੇ ਹੀ ਇੱਕ ਆਦਰਸ਼ਕ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ ਜੋ ਮਾਨਵ ਦੇ ਸਰਵ ਪੱਖੀ ਵਿਕਾਸ ਦਾ ਜ਼ਾਮਨ ਹੋਵੇ। ਲਿੰਗ ਆਧਾਰਤ ਬੇਕਾਬੂ ਰੰਗ ਤਮਾਸ਼ਿਆਂ, ਹੁਲੜ੍ਹਬਾਜ਼ੀਆਂ ਤੇ ਕਾਮੁਕ ਖੇਡਾਂ ਨੂੰ ਕਾਨੂੰਨਨ ਬੰਦ ਕਰਨਾ ਜ਼ਰੂਰੀ ਹੈ। ਮਾਨਵਤਾ ਦਾ ਹਿਤੈਸ਼ੀ ਅਤੇ ਸਮਾਜ ਦਾ ਸ਼ੁਭਚਿੰਤਕ ਭਾਵੇਂ ਈਸਾਈ ਹੋਵੇ, ਯਹੂਦੀ, ਮੁਸਲਮਾਨ ਜਾਂ ਸਿੱਖ ਉਸ ਨੂੰ ਇਹ ਭਿਆਨਕ ਸਥਿੱਤੀ ਨੂੰ ਦੇਖ ਕੇ ਚੁੱਪ ਨਹੀਂ ਰਹਿਣਾ ਚਾਹੀਦਾ। ਕੁੱਝ ਕੁ ਸਿਰ-ਫਿਰਿਆਂ ਦੀਆਂ ਆਪ ਹੁਦਰੀਆਂ ਤੋਂ ਮਾਨਵਤਾ ਦੀ ਵਿਕਸਤ ਹੁੰਦੀ ਆਈ ਵਿਆਹ ਸੰਸਥਾ ਨੂੰ ਕੁਰਬਾਨ ਕਰ ਦੇਣਾ ਮੂਰਖਤਾ ਹੈ। ਰਾਜਸੀ ਆਗੂਆਂ, ਸਮਾਜੀ ਚਿੰਤਕਾਂ,ਧਾਰਮਿਕ ਨੇਤਾਵਾਂ ਅਤੇ ਜ਼ਮੀਰ ਵਾਲੇ ਸੋਚਵਾਨ ਵਿਅਕਤੀਆਂ ਨੂੰ ਸਿਰ ਜੋੜ ਕੇ ਸੋਚਣ ਦੀ ਲੋੜ ਹੈ ਕਿ ਇਸ ਸੰਕਟ ਦਾ ਸਮਾਧਾਨ ਕਿਵੇਂ ਹੋਵੇ। ਖ਼ਤਰੇ ਦੀ ਘੰਟੀ ਵਜਦੀ ਜਾ ਰਹੀ ਹੈ। ਸਮਾਂ ਕਿਸੇ ਲਈ ਇੰਤਜ਼ਾਰ ਨਹੀਂ ਕਰਦਾ।

ਈਸਾਈ ਧਰਮ ਕਹਿੰਦਾ ਹੈ "ਸ਼ਾਦੀ ਤੋਂ ਬਾਹਰਲੇ ਸਬੰਧ ਤੇਰੇ ਲਈ ਵਰਜਿਤ ਹਨ" (Thou shalt not commit adultery) ਪਰ ਕਿੱਡੀ ਵਿਡੰਬਨਾ ਹੈ ਕਿ ਉਪ੍ਰੋਕਤ ਸਾਰਾ ਕੁੱਝ ਹੋ ਵੀ ਈਸਾਈ ਸੰਸਾਰ ਵਿੱਚ ਰਿਹਾ ਹੈ ਤੇ ਇੱਥੋਂ ਹੀ ਪੂਰਬੀ ਦੇਸ਼ਾਂ ਵੱਲ ਨੂੰ ਵਧ ਰਿਹਾ ਹੈ। ਪਾਖੰਡ ਕਦੋਂ ਤੱਕ ਚਲੇਗਾ? ਵਿਗਿਆਨ ਅਤੇ ਵਿਸ਼ੇਸ਼ ਕਰਕੇ ਦਵਾਈਆਂ ਦੇ ਖੇਤਰ ਵਿੱਚ ਹੋਈ ਪਰਗਤੀ ਨੇ ਸੰਤਾਨ ਸੰਜਮ, ਲਿੰਗ-ਨਿਰਧਾਰਨ, ਗਰਭਪਪਾਤ ਆਦਿਕ ਨੂੰ ਸਾਧਾਰਨ ਵਿਅਕਤੀ ਤਕ ਪਹੁੰਚਾ ਦਿੱਤਾ ਹੈ। ਇਸ ਨਾਲ ਨਿਘਰਦੀ ਜਾਂਦੀ ਹਾਲਤ ਨੂੰ ਹੋਰ ਹਵਾ ਮਿਲ ਰਹੀ ਹੈ।

ਇੱਕ ਤਬਕਾ ਐਸਾ ਵੀ ਹੈ ਜੋ ਸ਼ਾਦੀ ਨੂੰ ਸ਼ਰੇਣੀ ਟੱਕਰ ਦਾ ਨਤੀਜਾ ਦੱਸਦਾ ਹੈ। ਮਾਰਕਸਵਾਦੀ ਫਿਲਾਸਫਰ ਐਂਜਲਜ਼ ਲਿਖਦਾ ਹੈ,"*ਇਤਿਹਾਸ ਦਸਦਾ ਹੈ ਕਿ ਇੱਕ ਪੁਰਖ*



*ਅਤੇ ਇੱਕ ਨਾਰੀ ਦੇ ਵਿਆਹ ਬੰਧਨ ਨਾਲ ਪਤੀ ਤੇ ਪਤਨੀ ਵਿੱਚਕਾਰ ਪ੍ਰਥਮ ਸ਼੍ਰੇਣੀ- ਦਵੰਦ ਜਾਂ ਵਿਦਰੋਹ ਦਾ ਮੁੱਢ ਬੱਝਾ। ਮਨੁੱਖ ਧੱਕੜ ਹੋ ਗਿਆ ਅਤੇ ਨਾਰੀ ਅਧੀਨ ਹੋ ਗਈ। ਇੱਕ ਪਤੀ ਅਤੇ ਇੱਕ ਪਤਨੀ ਦੇ ਸਬੰਧਾਂ ਨੇ ਇਤਿਹਾਸਕ ਪਰਗਤੀ ਨੂੰ ਜਨਮ ਜ਼ਰੂਰ ਦਿੱਤਾ ਪ੍ਰੰਤੂ ਦਾਸ ਪ੍ਰਥਾ ਅਤੇ ਜਾਇਦਾਦ ਦੀ ਜਕੜ ਨੂੰ ਇਸੇ ਨੇ ਜਨਮ ਦਿੱਤਾ ਜੋ ਤ੍ਰੱਕੀ ਕਰਦੇ ਹੋਏ ਅੱਜ ਤੱਕ ਪਹੁੰਚ ਗਏ ਹਨ। ਇਨ੍ਹਾਂ ਕਾਰਨ ਇਨਸਾਨੀ ਪਰਗਤੀ ਨੇ ਪਿਛਾਹ ਵੱਲ ਕਦਮ ਮੋੜਿਆ। ਇੱਕ ਧਿਰ ਵਿਨਾਸ਼ ਵਿੱਚ ਵਾਧਾ ਕਰਦੀ ਰਹੀ ਦੂਜੀ ਜਰਦੀ ਰਹੀ* । ਇਹ ਆਲੋਚਕ ਇਹ ਦਲੀਲ ਵੀ ਦਿੰਦੇ ਹਨ ਕਿ ਸ਼ਾਦੀ ਇੱਕ ਨਿਜੀ ਲੋੜ ਹੈ ਅਤੇ ਵਿਆਹ ਦਾ ਧਰਮ ਜਾਂ ਨੈਤਿਕਤਾ ਨਾਲ ਕੋਈ ਸਬੰਧ ਨਹੀਂ। ਲੋਕਾਂ ਦੀ ਨਿੱਜੀ ਸੁਤੰਤ੍ਰਤਾ ਨੂੰ ਧਰਮ ਦੇ ਬੰਧਨ ਵਿੱਚ ਪਰੋ ਕੇ ਕੁਰਬਾਨ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਉਹ ਧਰਮ ਨੂੰ ਹਾਨੀਕਾਰਕ ਮੰਨਦੇ ਹਨ। ਇਨ੍ਹਾਂ ਅਨੁਸਾਰ ਵਿਆਹ ਸ਼ਾਦੀ ਵਿੱਚ ਕੁੱਝ ਵੀ ਸਦਾਚਾਰਕ ਜਾਂ ਚਿਰ ਸਥਾਈ ਅੰਸ਼ ਨਹੀਂ ਹੈ ਸਿਰਫ ਇੱਕ ਧਿਰ ਦੀ ਦੂਜੀ ਧਿਰ ਉੱਪਰ ਧੌਂਸ ਹੈ। ਜੇ ਪਤਨੀ ਖ਼ੁਸ਼ ਨਜ਼ਰ ਆਉਂਦੀ ਹੈ ਤਾਂ ਸਮਝ ਲਵੋ ਕਿ ਉਸ ਨੇ ਦਾਸਤਾ (ਗ਼ੁਲਾਮੀ) ਨਾਲ ਸਮਝੌਤਾ ਕਰ ਲਿਆ ਹੈ। ਜੇ ਪਤਨੀ ਨਾਰਾਜ਼ ਹੈ ਤਾਂ ਪਤੀ ਕਹੇਗਾ, "ਹੋਰ ਭਲਾ ਜ਼ਨਾਨੀਆਂ ਤੋਂ ਕੀ ਆਸ ਰੱਖੀ ਜਾ ਸਕਦੀ ਹੈ"? ਇਸ ਸਿਧਾਂਤ ਅਨੁਸਾਰ ਔਰਤ ਦੂਜੇ ਦਰਜੇ ਦੀ ਨਾਗਰਿਕ ਬਣ ਕੇ ਰਹਿ ਗਈ ਹੈ। ਉਸ ਦੀ ਸੋਚ ਅਤੇ ਅਹਿਸਾਸ ਨੂੰ ਇਸ ਤਰ੍ਹਾਂ ਲਿਤਾੜ ਦਿੱਤਾ ਗਿਆ ਹੈ ਕਿ ਉਹ ਹੀਣਤਾ ਦਾ ਸ਼ਿਕਾਰ ਹੋ ਗਈ ਹੈ। ਮਨੁੱਖ ਪ੍ਰਧਾਨ ਸਮਾਜ ਵਿੱਚ ਉਹ ਸਮਾਜਿਕ ਯੋਗਤਾ ਅਤੇ ਬੌਧਿਕ ਸਮਰਥਾ ਸਿੱਧ ਕਰਨ ਵਿੱਚ ਝਾਕੇ ਦਾ ਸ਼ਿਕਾਰ ਹੋ ਗਈ ਹੈ। ਉਨ੍ਹਾਂ ਅਨੁਸਾਰ ਇਸ ਸਥਿਤੀ ਦਾ ਇਲਾਜ ਇਹੋ ਹੈ ਕਿ ਸਖ਼ਤੀ ਨਾਲ ਵਿਰੋਧ ਵਿੱਚ ਜੁਟੋ ਅਤੇ ਕ੍ਰਾਂਤੀ ਲਈ ਯਤਨ ਕਰੋ।

ਇੱਕ ਹੋਰ ਵਿੱਚਾਰ-ਧਾਰਾ ਦੇ ਲੋਕ ਸਿੱਧੇ ਰੂਪ ਵਿੱਚ ਵਿਆਹ-ਪ੍ਰਥਾ ਦਾ ਵਿਰੋਧ ਨਹੀਂ ਕਰਦੇ ਪਰ ਨਿਰਸੰਦੇਹ ਇਸ ਪ੍ਰਥਾ ਦੇ ਅੰਤ੍ਰਗਤ ਲਿੰਗ-ਅਨੁਸ਼ਾਸ਼ਨ ਦੀ ਪਾਬੰਦੀ ਵਾਲੀ ਸੋਚ ਤੇ ਕਿੰਤੂ ਪ੍ਰੰਤੂ ਕਰਦੇ ਹਨ । ਉਨ੍ਹਾਂ ਦੀ ਧਾਰਨਾ ਇਹ ਹੈ ਕਿ ਵਿਆਹ ਤੋਂ ਪਹਿਲਾਂ ਜਾਂ ਇਸ ਤੋਂ ਬਾਅਦ ਲਿੰਗ-ਸਬੰਧਾਂ ਵਿੱਚ ਵਿਅਕਤੀ ਨੂੰ ਪੂਰੀ ਪੂਰੀ ਖੁਲ੍ਹ ਹੋਣੀ ਚਾਹੀਦੀ ਹੈ। ਉਹ ਲਿੰਗ-ਸਬੰਧ ਰਖਦੇ ਜੋੜਿਆਂ ਲਈ ਗਰਭ-ਰੋਕੂ ਸਾਧਨਾਂ ਦੀ ਖੁਲ੍ਹੀ ਵਰਤੋਂ ਅਤੇ ਗਰਭ-ਪਾਤ ਦੀ ਕਾਨੂੰਨੀ ਆਜ਼ਾਦੀ ਦੇ ਹੱਕ ਵਿੱਚ ਹਨ। ਲਿੰਗ ਕ੍ਰੀੜਾ ਲਈ ਉਹ ਨੰਗੇਜ ਕਲੱਬਾਂ (Nudist Clubs) ਸਥਾਪਤ ਕਰਦੇ ਹਨ ਜਿਨ੍ਹਾਂ ਨੂੰ ਅੰਗ੍ਰੇਜ਼ੀ ਕਾਨੂੰਨ ਵਲੋਂ ਪ੍ਰਵਾਣਗੀ ਮਿਲੀ ਹੋਈ ਹੈ।

ਅਮਰੀਕਾ ਵਿੱਚ ਲੁਸਰੀਸ਼ਾ ਮੌਟ (Lucretia Mott) ਅਤੇ ਅਲਿਜ਼ਾਬੈਥ ਕੈਡੀ ਸਟੈਂਟਨ (Elizabeth Cady Stanton) ਨੇ ਵਿੱਦਿਆ, ਜਾਇਦਾਦ,ਵੋਟ ਅਤੇ ਕੁੱਝ ਹੋਰ ਖੇਤ੍ਰਾਂ ਵਿੱਚ ਔਰਤਾਂ ਵਾਸਤੇ ਹੱਕ ਮੰਗਣ ਲਈ ਇੱਕ ਅੰਦੋਲਨ ਚਲਾਇਆ। ਇਹ ਅੰਦੋਲਨ

ਸੈਨੇਕਾ ਫਾਲਜ਼ ਨਿਊ ਯਾਰਕ ਤੋਂ ਆਰੰਭ ਹੋਇਆ । ਇਨ੍ਹਾਂ ਦਾ ਨਾਹਰਾ ਸੀ, "All men and women are created equal. Resistance to tyranny is obedience to God." 1920 ਤੱਕ ਸੋਲਾਂ ਸੂਬਿਆਂ ਨੇ ਇਨ੍ਹਾਂ ਦੀਆਂ ਮੰਗਾਂ ਮੰਨ ਲਈਆਂ । ਇਸੇ ਤਰ੍ਹਾਂ ਦਾ ਅੰਦੋਲਨ ਮਿਸਜ਼ ਪਾਰਕਹਰਸਟ ਨੇ ਇੰਗਲੈਂਡ ਵਿੱਚ ਚਲਾਇਆ ਅਤੇ 1887 ਤੱਕ ਇਨ੍ਹਾਂ ਦੀਆਂ ਮੰਗਾਂ ਮੰਨ ਲਈਆਂ ਗਈਆਂ ਤੇ ਇਨ੍ਹਾਂ ਨੂੰ ਵੋਟ ਅਤੇ ਜਾਇਦਾਦ ਦਾ ਅਧਿਕਾਰ ਦੇ ਦਿੱਤਾ ਗਿਆ। ਹੋ ਸਕਦਾ ਹੈ ਕਿ ਇਨ੍ਹਾਂ ਅੰਦੋਲਨਾਂ ਵਿੱਚ ਉਪ੍ਰੋਕਤ ਮਾਰਕਸਵਾਦੀ ਵਿੱਚਾਰਾਂ ਨੇ ਕੁੱਝ ਸਹਾਇਤਾ ਕੀਤੀ ਹੋਵੇ ਪ੍ਰੰਤੂ ਸਮਾਜ-ਪਰਿਵਾਰ ਹਿਤੈਸ਼ੀ ਅਤੇ ਮਾਨਵ ਕਲਿਆਣ ਦੇ ਚਿੰਤਕ ਇਸ ਨੂੰ ਉਲਾਰ ਵਿੱਚਾਰ-ਧਾਰਾ ਦੱਸ ਕੇ ਖ਼ਤਰੇ ਦੀ ਘੰਟੀ ਸਮਝਦੇ ਹਨ । ਇਸ ਵਿਸ਼ੇ ਤੇ ਹੋਰ ਜਾਣਕਾਰੀ ਲਈ ਹੇਠ ਲਿਖੀਆਂ ਪੁਸਤਕਾਂ ਸਹਾਇੱਕ ਹੋ ਸਕਦੀਆਂ ਹਨ ।

1. *The death of the family* by D. Cooper Penguin press London.
2. *The politics of the family* by R.D. laing Tavistock Publications London
3. *The future of marriage* by J. Bernard Penguin Books Harmondsworth (Middx)

## 6.2 ਪੱਛਮੀ ਦੇਸ਼ਾਂ ਵਿੱਚ ਤਲਾਕ

ਪੱਛਮੀ ਦੇਸ਼ਾਂ ਵਿੱਚ ਸ਼ਾਦੀ ਦਾ ਆਧਾਰ ਪਿਆਰ ਹੈ ਇਸੇ ਲਈ ਪੱਛਮੀ ਵਿਆਹ ਨੂੰ "ਪ੍ਰੇਮ ਵਿਆਹ" (Love marriage) ਦੀ ਸੰਗਿਆਂ ਦਿੱਤੀ ਗਈ ਹੈ। 'ਸੱਚਾ ਪ੍ਰੇਮ' ਤਾਂ ਪਰਸਪਰ ਵਿਸ਼ਵਾਸ਼ ਅਤੇ ਆਪਸੀ ਸਬੰਧਾਂ ਵਿੱਚ ਪਰਪੱਕਤਾ ਦੀ ਬੁਨਿਆਦ ਉੱਪਰ ਆਧਾਰਤ ਹੁੰਦਾ ਹੈ । ਅਸਲ ਵਿੱਚ ਪੱਛਮੀ ਸਮਾਜ ਵਿੱਚ ਜਿਸ ਨੂੰ ਪਿਆਰ ਸਮਝਿਆ ਜਾਂਦਾ ਹੈ ਉਹ ਵਾਸਤਵ ਵਿੱਚ ਭਾਵੁਕ ਉਬਾਲ (infatuation) ਹੁੰਦਾ ਹੈ। ਮੁੰਡੇ ਕੁੜੀਆਂ ਕੱਚੀ ਉਮਰ ਵਿੱਚ ਜ਼ਜ਼ਬਾਤੀ ਲਿੰਗ-ਖਿੱਚ ਦਾ ਸ਼ਿਕਾਰ ਹੋ ਜਾਂਦੇ ਹਨ। ਅਨ੍ਹੇ ਕਾਮ ਦੀ ਕਾਹਲ ਵਿੱਚ ਨਾਂ ਤਾਂ ਉਹ ਉਨ੍ਹਾਂ ਦੀ ਹਰਕਤ ਵਿੱਚੋਂ ਉਪਜਣ ਵਾਲੀ ਸਜਾਜਿਕ ਉੱਥਲ ਪੁੱਥਲ ਸਮਝ ਸਕਦੇ ਹਨ ਅਤੇ ਨਾ ਹੀ ਪੂਰੀ ਤਰ੍ਹਾਂ ਇਨਸਾਨੀ ਜ਼ਜ਼ਬੇ ਦੇ ਜ਼ਬਤ ਨੂੰ ਸਮਝ ਸਕਦੇ ਹਨ। ਅੰਗ੍ਰੇਜ਼ੀ ਦੀ ਕਹਾਵਤ ਹੈ "ਮੁੰਡ ਪੁਣੇ ਦਾ ਇਸ਼ਕ ਅਤੇ ਘਾਹ ਫੂਸ ਨੂੰ ਲੱਗੀ ਅੱਗ ਛੇਤੀ ਹੀ ਠੰਢੇ ਹੋ ਜਾਂਦੇ ਹਨ"।[122] ਇਸ ਉਮਰ ਵਿੱਚ ਨੌਜਵਾਨ ਮੁੰਡੇ ਕੁੜੀਆਂ ਜ਼ਜ਼ਬਿਆਂ ਦੀ ਤੇਜ਼ ਵਹਿੰਦੀ ਨਦੀ

[122] "Love of lads and fire of chats is soon in and soon out". In this connection Dr. Krafft Ebing writes, "Love unbridled is a volcano that burns down and lays waste all around it. It is an abyss that devours all honour, substance and health". (Psychopathia Sexnalis)



ਵਿੱਚ ਬਿਨ ਚੱਪੂ ਵਹਿੰਦੇ ਤੁਰੇ ਜਾਂਦੇ ਹਨ ।[123] ਅਜਿਹੀ ਅਵਸਥਾ ਵਿੱਚ ਲਿੰਗ ਸ਼ੋਸ਼ਨ ਹੁੰਦਾ ਹੈ, ਝਗੜੇ ਹੁੰਦੇ ਹਨ ਅਤੇ ਇੱਕ ਦੂਜੇ ਤੇ ਦੋਸ਼ ਲਗਦੇ ਹਨ। ਵਿਆਹ ਹੋਣ ਦੀ ਹਾਲਤ ਵਿੱਚ ਵੀ ਅਜਿਹੇ ਤੱਤ ਭੜੱਤੇ ਬਣੇ ਰਿਸ਼ਤੇ ਛੇਤੀ ਹੀ ਟੁੱਟ ਜਾਂਦੇ ਹਨ । ਹੇਠਲੀ ਤਾਲਿਕਾ ਵਿੱਚ ਗ੍ਰੇਟ ਬ੍ਰਿਟੇਨ ਦੇ ਰਾਸ਼ਟ੍ਰੀ ਅੰਕੜਾ ਕੋਸ਼ (ਪੰਨਾ 31-32) ਦੇ ਆਧਾਰ ਤੇ ਦੇਖਦਿਆਂ ਪਤਾ ਲਗ ਜਾਵੇਗਾ ਕਿ ਹਾਲਾਤ ਦਾ ਰੁਖ ਕਿੱਧਰ ਨੂੰ ਜਾ ਰਿਹਾ ਹੈ।

ਸਨ 2002 ਵਿੱਚ 1000 ਨੂੰ ਸੂਚਕ ਮੰਨਕੇ ਇੰਗਲੈਂਡ ਵਿੱਚਲੇ ਤਲਾਕਾਂ ਦੀ ਸੰਖਿਆਂ ਦਾ ਯੂਰਪੀ ਦੇਸ਼ਾਂ ਦੇ ਤਲਾਕਾਂ ਦੀ ਸੰਖਿਆ ਨਾਲ ਟਾਕਰਾ ਕੀਤਾ ਗਿਆ ਹੈ।

| **ਦੇਸ਼ ਦਾ ਨਾਂ** | **ਸ਼ਾਦੀਆਂ** | **ਤਲਾਕ** |
|---|---|---|
| ਬੈਲਜੀਅਮ | 3.9 | 3.0 |
| ਡੈਨਮਾਰਕ | 6.9 | 2.8 |
| ਯੂ.ਕੇ | 4.8 | 2.7 |
| ਪੁਰਗਾਲ | 5.4 | 2.6 |
| ਜਰਮਨੀ | 4.7 | 2.4 |

ਪੱਛਮ ਦੀ ਵਰਤਮਾਨ ਹਾਲਤ ਐਸੀ ਹੋ ਗਈ ਹੈ ਜੈਸੀ ਭਾਰਤ ਵਿੱਚ ਅੱਜ ਤੋਂ 2000 ਸਾਲ ਪਹਿਲਾਂ ਹੋਈ ਸੀ ਜਦੋਂ ਵਾਮ ਮਾਰਗੀਆਂ ਨੇ ਆਪਣੀ ਵਿੱਚਾਰ ਧਾਰਾ ਦਾ ਪ੍ਰਚਾਰ ਪ੍ਰਸਾਰ ਕੀਤਾ ਸੀ। ਇਸਨੂੰ ਹਾਨੀਕਾਰਕ ਮੰਨਕੇ ਭਾਰਤੀਆਂ ਨੇ ਨਿਕਾਰ ਦਿੱਤਾ ਸੀ। ਅੱਜ ਇਹ ਪਰਤੀਤ ਹੋ ਰਿਹਾ ਹੈ ਕਿ ਪੱਛਮ ਵਿੱਚ ਵਿਆਹ ਸ਼ਾਦੀ ਬੇਲੋੜੀ ਹੁੰਦੀ ਜਾ ਰਹੀ ਹੈ ਅਤੇ ਇਸ ਦੀ ਮੌਤ ਦਾ ਅਲਾਰਮ ਵਜਣਾ ਸ਼ੁਰੂ ਹੋ ਚੁੱਕਾ ਹੈ। ਜੇ ਇਸ ਹਾਲਤ ਨੂੰ ਠੱਲ੍ਹ ਨਾ ਪਈ ਤਾਂ ਹਾਲਾਤ ਹੋਰ ਵੀ ਤੇਜ਼ੀ ਨਾਲ ਵਿਗੜਨ ਲੱਗਣਗੇ। ਰਾਸ਼ਟ੍ਰੀ ਅੰਕੜੇ ਇਹ ਵੀ ਦਸਦੇ ਹਨ ਕਿ 60 ਸਾਲ ਤੋਂ ਹੇਠਲੀ ਉਮਰ ਦੀਆਂ ਅਣਵਿਆਹੀਆਂ ਔਰਤਾਂ ਦੇ ਨਾਜਾਇਜ਼ ਲਿੰਗ ਸਬੰਧਾਂ ਦੀ ਸੰਖਿਆਂ ਜੋ 1986 ਵਿੱਚ 13% ਸੀ ਵਧ ਕੇ 2001 ਵਿੱਚ 28% ਹੋ ਗਈ। ਇਸੇ ਕਾਲ ਵਿੱਚ ਅਜਿਹੇ ਮਰਦਾਂ ਦੀ ਗਿਣਤੀ 12% ਤੋਂ ਵਧ ਕੇ 25% ਹੋ ਗਈ। ਅੰਕੜੇ ਇਹ ਤੱਤ ਵੀ ਉਘਾੜਦੇ ਹਨ ਕਿ ਸੁਤੰਤਰ ਲਿੰਗ-ਸਬੰਧਾਂ ਦੀ ਮਾਤ੍ਰਾ ਔਰਤਾਂ ਵਿੱਚ 25-29 ਸਾਲ ਦੀ ਉਮਰ ਵਿੱਚਕਾਰ ਅਤੇ ਪੁਰਖਾਂ ਵਿੱਚ 30-34 ਵਰ੍ਹੇ ਦੀ ਆਯੂ ਵਿੱਚ ਸਭ ਤੋਂ ਵੱਧ ਹੁੰਦੀ ਹੈ।

[123] ਅੰਕੜਿਆਂ ਅਨੁਸਾਰ 1991-92 ਵਿੱਚ ਇੰਗਲੈਂਡ ਵਿੱਚ 11% ਅਣਵਿਆਹੇ ਮਰਦ ਅਤੇ 13% ਅਣਵਿਆਹੀਆਂ ਜ਼ਨਾਨੀਆਂ ਬਗੈਰ ਵਿਆਹ ਤੋਂ ਕਾਮ ਕ੍ਰੀੜਾ ਵਿੱਚ ਖਚਤ ਹੁੰਦੇ ਸਨ । 2003-2004 ਵਿੱਚ ਇਹ ਗਿਣਤੀ 25% ਅਣਵਿਆਹੇ ਮਰਦ ਅਤੇ 27% ਅਣਵਿਆਹੀਆਂ ਕੁੜੀਆਂ ਤੱਕ ਪੁੱਜ ਗਈ (ਦੇਖੋ ਰਾਸ਼ਟ੍ਰੀ ਅੰਕੜਾ ਕੋਸ਼ ਸਾਰਣੀ 2.10)। ਸਰਕਾਰ ਨੇ 286 ਮਿਲੀਅਨ ਪੌਂਡ ਛੋਟੀ ਉਮਰ (18 ਸਾਲ ਤੋਂ ਘਟ) ਦੇ ਗਰਭ ਰੋਕਣ ਲਈ ਰਾਖਵੇਂ ਰੱਖੇ ਸਨ ਅਤੇ ਖਿਆਲ ਸੀ ਕਿ 1998 ਅਤੇ 2010 ਵਿੱਚਕਾਰ ਇਹ ਨਿਸ਼ਾਨਾ ਪੂਰਾ ਹੋ ਜਾਵੇਗਾ ਪਰ ਇਹ ਨਹੀਂ ਹੋਇਆ । ਯੂਥ ਨੈਟ ਚੈਰਿਟੀ ਅਨੁਸਾਰ 7% ਮੁੰਡੇ ਕੁੜੀਆਂ ਨੇ ਮੰਨਿਆਂ ਕਿ ਉਨ੍ਹਾਂ ਨੇ 20 ਤੋਂ ਵੱਧ ਲੋਕਾਂ ਨਾਲ ਕਾਮੁਕ ਸਬੰਧ ਬਣਾਏ ਹਨ ।

## 6.3 ਪੱਛਮੀ ਸਮਾਜ ਦੀ ਆਚਰਣਕ ਅੱਧੋਗਤੀ

ਪੱਛਮੀ ਸਮਾਜ ਨੂੰ ਭਲੀ ਭਾਂਤ ਇਸ ਸੱਚ ਦਾ ਗਿਆਨ ਹੋ ਰਿਹਾ ਹੈ ਕਿ ਅਣਚਾਹੇ/ ਘਰੋਂ ਕੱਢੇ ਜਾ ਰਹੇ ਜਾਂ ਘਰੋਂ ਭੱਜੇ ਜਵਾਨ ਹੋ ਰਹੇ ਬੱਚੇ ਹਰ ਪ੍ਰਕਾਰ ਦਾ ਖ਼ਰੂਦ ਕਰਦੇ ਹਨ ਅਤੇ ਕਈ ਪਰਕਾਰ ਦੇ ਜੁਰਮਾਂ ਦੇ ਭਾਗੀ ਬਣਦੇ ਹਨ। ਕਿਧਰੇ ਕਤਲ ਹੋ ਰਹੇ ਹਨ, ਕਿਧਰੇ ਡਾਕੇ ਪੈ ਰਹੇ ਹਨ। ਚੋਰੀ, ਠੱਗੀ, ਖੋਹਾਖੋਹੀ ਅਤੇ ਨਸ਼ੇ ਦੀ ਤਸਕਰੀ ਵਿੱਚ ਆਏ ਦਿਨ ਵਾਧਾ ਹੋ ਰਿਹਾ ਹੈ। ਜਾਇਦਾਦ, ਜਵਾਨੀ ਤੇ ਮਨੁੱਖੀ ਜੀਵਨ ਗੰਭੀਰ ਖ਼ਤਰੇ ਵਿੱਚ ਹਨ। ਗ੍ਰੇਟ ਬ੍ਰਿਟੇਨ ਦੇ ਰਾਸ਼ਟ੍ਰੀ ਅੰਕੜਾ ਕੋਸ਼ 2004 ਦੀ ਤਾਲਿਕਾ 2.17 ਦੇ ਪੰਨਾ 34 ਉੱਪਰ ਯੂਰਪ ਦੇ ਦੇਸ਼ਾਂ ਦੇ ਬਿਨਾਂ ਸ਼ਾਦੀ ਕੀਤਿਆਂ ਪੈਦਾ ਹੋਏ ਹਰਾਮ ਦੇ ਬੱਚਿਆਂ ਦੀ ਫੀਸਦੀ (%) ਇਸ ਪ੍ਰਕਾਰ ਹੈ।

| ਦੇਸ਼ | 1980 | 1990 | 2000 | 2002 |
|---|---|---|---|---|
| ਯੂ.ਕੇ % | 12 | 28 | 40 | 41 |
| ਸਵੀਡਨ% | 40 | 47 | 55 | 56 |
| ਯੂਨਾਨ(ਗਰੀਸ)% | 2 | 2 | 4 | 4 |

ਰਾਸ਼ਟ੍ਰੀ ਅੰਕੜਾ ਕੋਸ਼ 2005 ਦੀ ਤਾਲਿਕਾ 2.23 ਵਿੱਚ ਦਰਜ ਸਾਲ 2003 ਇੰਗ.ਲੈਂਡ ਵਿੱਚ ਨਾਜਾਇਜ਼ ਬੱਚਿਆਂ ਨੂੰ ਗੋਦ ਲੈਣ ਦੀ ਸੰਖਿਆ 72% ਸੀ। ਹੇਠ ਦਿੱਤੀ ਤਾਲਿਕਾ ਇਸ ਬਾਰੇ ਹੋਰ ਚਾਨਣਾ ਪਾਉਂਦੀ ਹੈ।

| ਮਾਵਾਂ ਦੀ ਉਮਰ | ਹਰਾਮ ਦਾ ਬੱਚਾ ਜਣਿਆ | ਗਰਭਪਾਤ ਕਰਵਾਇਆ |
|---|---|---|
| 14 ਸਾਲ ਤੋਂ ਘੱਟ | 179 | 219 |
| 14 ਸਾਲ | 729 | 1154 |
| 15 ਸਾਲ | 2585 | 3025 |
| 16 ਸਾਲ | 7110 | 5993 |
| 17 ਸਾਲ | 11649 | 8323 |
| 18 ਸਾਲ | 16065 | 9666 |
| 19 ਸਲ | 18904 | 10312 |

ਤਾਲਿਕਾ ਤੋਂ ਸਪਸ਼ਟ ਹੁੰਦਾ ਹੈ ਕਿ 20 ਵਰ੍ਹੇ ਤੋਂ ਘੱਟ ਉਮਰ ਦੀਆਂ 57221 ਕੁੜੀਆਂ ਗਰਭਵਤੀਆਂ ਹੋਈਆਂ ਅਤੇ 38693 ਕੁੜੀਆਂ ਦਾ ਗਰਭਪਾਤ ਹੋਇਆ। ਇਹ ਵੀ ਜ਼ਾਹਰ ਹੈ ਕਿ ਹਰ ਵਰ੍ਹੇ ਇਹ ਸੰਖਿਆਂ ਵਧਦੀ ਰਹੀ ਹੈ ਅਤੇ ਵਧੀ ਜਾ ਰਹੀ ਹੈ। ਇਸ ਗਿਣਤੀ



ਵਿੱਚ ਕੁਦਰਤੀ ਹੋਏ ਗਰਭਪਾਤ ਸ਼ਾਮਲ ਨਹੀਂ ਹਨ। [124]

ਪੱਛਮੀ ਦੇਸ਼ਾਂ ਵਿੱਚ ਇਹ ਮਾੜੀ ਪਿਰਤ ਪੈ ਗਈ ਹੈ ਕਿ ਜਿਹੜਾ ਅਪ੍ਰਾਧ ਜਾ ਕੁਕਰਮ ਰੋਕਿਆ ਨਹੀਂ ਜਾ ਸਕਦਾ ਉਸਨੂੰ ਕਾਨੂੰਨ ਤੋਂ ਛੋਟ ਦੇ ਦਿੱਤੀ ਜਾਂਦੀ ਹੈ। (ਮਸਾਲ ਲਈ ਘਾਤਕ ਨਸ਼ੇ)। ਬ੍ਰਿਟੇਨ ਵਿੱਚ 5 ਦਸੰਬਰ 2005 ਤੋਂ ਸਮ ਲਿੰਗੀ ਜੋੜੇ (Gay couples) ਜੀਵਨ ਸਾਥੀ ਵਾਲੇ ਕਾਨੂੰਨੀ ਅਧਿਕਾਰ ਦੇ ਹੱਕਦਾਰ ਹੋ ਗਏ ਹਨ ਅਤੇ ਇਨ੍ਹਾਂ ਨੂੰ ਪਤੀ ਪਤਨੀ ਮੰਨ ਲਿਆ ਜਾਂਦਾ ਹੈ। ਕੋਈ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ ਜੇ ਕਰ ਸਰਕਾਰ ਨੇੜ ਭਵਿੱਖ ਵਿੱਚ ਬਲਾਤਕਾਰ ਜਾਂ ਹੋਰ ਵਿਭਚਾਰੀ ਸਬੰਧਾਂ ਨੂੰ ਵੀ ਕਾਨੂੰਨੀ ਮਾਣਤਾ ਬਖ਼ਸ਼ ਦੇਵੇ।

ਗਰਭਪਾਤ, ਏਡਜ਼ ਅਤੇ ਹੋਰ ਘਾਤਕ ਛੂਤ ਦੀਆਂ ਬੀਮਾਰੀਆਂ ਦੇ ਰੋਗੀਆਂ ਦੀ ਸੰਖਿਆਂ ਦੇ ਅੰਕੜੇ ਅਜੇ ਪੂਰਨ ਰੂਪ ਵਿੱਚ ਨਹੀਂ ਮਿਲਦੇ। ਪੱਛਮੀ ਦੇਸ਼ਾਂ ਵਿੱਚ ਆ ਵਸੇ ਸਿੱਖ ਵੀ ਇਸ ਸਭ ਕੁੱਛ ਦਾ ਸ਼ਿਕਾਰ ਹੋ ਰਹੇ ਹਨ। ਇਹ ਦੋ ਸਭਿਆਚਾਰਾਂ ਵਿੱਚ ਫਸ ਗਏ ਹਨ। ਪੂਰਬੀ ਨੈਤਿਕਤਾ ਨੂੰ ਇੰਗਲੈਂਡ ਵਿੱਚ ਕਾਨੂੰਨੀ ਮਾਣਤਾ ਨਹੀਂ ਮਿਲਦੀ ਅਤੇ ਪੱਛਮੀ ਨੈਤਿਕਤਾ ਭਾਰਤ ਤੋਂ ਪਲਾਇਣ ਕਰਕੇ ਗਏ ਪੰਜਾਬੀਆਂ ਨੂੰ ਭਾਉਂਦੀ ਨਹੀਂ ਪਰ ਉਨ੍ਹਾਂ ਦੇ ਬੱਚੇ ਇਸ ਵਿੱਚ ਪਲੇ ਹੋਣ ਕਰਕੇ ਇਸ ਨੂੰ ਪਸੰਦ ਕਰਦੇ ਹਨ। ਸੋ ਦੋਹਾਂ ਪੀੜ੍ਹੀਆਂ ਵਿੱਚ ਟੱਕਰ ਸਪਸ਼ਟ ਹੈ ਜਿਸ ਦਾ ਸਦਕਾ ਕੁੜੀਆਂ ਦੇ ਕਈ ਕਤਲ ਵੀ ਹੋ ਚੁੱਕੇ ਹਨ। ਜੇ ਇਸ ਮਸਲੇ ਦਾ ਕੋਈ ਹੱਲ ਨਾ ਲੱਭਿਆ ਗਿਆ ਤਾਂ ਹਾਲਾਤ ਹੋਰ ਵੀ ਖ਼ਰਾਬ ਹੋ ਸਕਦੇ ਹਨ। ਸਿੱਖ ਲੀਡਰਾਂ ਨੂੰ ਇਸ ਬਾਰੇ ਸਿਰ ਜੋੜ ਕੇ ਸੋਚਣ ਦੀ ਲੋੜ ਹੈ।

## 6.4 ਇੱਜ਼ਤ ਆਬਰੂ ਲਈ ਕੀਤੇ ਕਤਲ

ਇੰਗਲੈਂਡ ਵਿੱਚ ਏਸ਼ੀਆ ਦੇ ਦੇਸ਼ਾਂ ਦੀਆਂ ਜਵਾਨ ਕੁੜੀਆਂ ਨੂੰ ਇਸ ਲਈ ਮਾਰ ਦਿੱਤਾ ਜਾਂਦਾ ਹੈ ਕਿ ਉਹ ਕਿਸੇ ਦੂਸਰੇ ਧਰਮ ਜਾਂ ਜ਼ਾਤ ਵਿੱਚ ਵਿਆਹ ਕਰਵਾਉਂਦੀਆਂ ਹਨ ਜਾਂ ਮੁੰਡਿਆਂ ਨਾਲ ਘੁੰਮਦੀਆਂ ਫਿਰਦੀਆਂ ਹਨ। ਇੰਗਲੈਂਡ ਦੇ ਕਾਨੂੰਨ ਅਨੁਸਾਰ ਇਹ ਕੋਈ ਜੁਰਮ ਨਹੀਂ ਪ੍ਰੰਤੂ ਪੂਰਬੀ ਮਾਨਸਿੱਕਤਾ ਇਸ ਨੂੰ ਪ੍ਰਵਾਣ ਕਰਨ ਤੋਂ ਆਕੀ ਹੈ। ਪੂਰਬੀ ਮਾਪੇ ਇਸ ਨੂੰ ਸੰਗੀਨ ਪਾਪ ਸਮਝਦੇ ਹਨ ਤੇ ਕਹਿੰਦੇ ਹਨ ਕਿ ਇਸ ਤਰ੍ਹਾਂ ਦੇ ਰਿਸ਼ਤੇ ਨਾਜਇਜ਼ ਹਨ ਅਤੇ ਮਾਪਿਆ ਦੀ ਮਿੱਟੀ ਰੋਲ ਦਿੰਦੇ ਹਨ। ਇਹ ਪੂਰਬੀ ਸਮਾਜ ਵਿੱਚ ਪ੍ਰਚਲਤ ਕੰਵਾਰੀ ਧੀ ਭੈਣ ਦੀ ਇੱਜ਼ਤ ਨੂੰ ਸਾਂਝਾ ਸਮਾਜਿਕ ਗੌਰਵ ਸਮਝਣ ਦੇ ਬੁਨਿਆਦੀ ਗੁਣ ਦੀ ਉਲੰਘਣਾ ਹੈ। ਔਰਤ ਦੀ ਪਾਕਦਾਮਨੀ, ਸੁੱਚਤਾ, ਸਦਾਚਾਰ, ਸਭਿਆਚਾਰਕ ਨੈਤਿਕਤਾ ਤੇ

[124] 2005 ਦੇ ਰਾਸ਼ਟ੍ਰੀ ਅੰਕੜਾ ਕੋਸ਼ ਦੀ ਤਾਲਿਕਾ 9.8 ਅਨੁਸਾਰ 1981 ਵਿੱਚ ਜੁਰਮ ਕਰਨ ਵਾਲੇ ਨਸ਼ਈਆਂ ਦੀ ਗਿਣਤੀ 17.9 ਪ੍ਰਤੀ ਹਜ਼ਾਰ ਸੀ ਜੋ 2002 ਵਿੱਚ ਵਧ ਕੇ 113.1 ਪ੍ਰਤੀ ਹਜ਼ਾਰ ਹੋ ਗਈ । ਇਸੇ ਸਮੇਂ ਦੌਰਾਨ ਹਥਿਆਰਾਂ ਨਾਲ ਕਤਲ ਅਦਿਕ ਹੋਏ ਜੁਰਮ 4,903 ਤੋਂ ਵਧ ਕੇ 10,248 ਹੋ ਗਏ।

ਪਤੀ ਵਰਤਾ ਧਰਮ ਉੱਪਰ ਕਲੰਕ ਹੈ। ਇਸ ਦੀ ਨਾ ਕੋਈ ਪੂਰਬੀ ਧਰਮ ਆਗਿਆ ਦਿੰਦਾ ਹੈ ਅਤੇ ਨਾ ਹੀ ਸਮਾਜ ਜਦ ਕਿ ਪੱਛਮੀ ਸਮਾਜ ਇਸ ਦੀ ਪੂਰਨ ਆਗਿਆ ਦਿੰਦਾ ਹੈ।

ਪੱਛਮ ਵਿੱਚ ਵੱਡਾ ਧਰਮ ਈਸਾਈਅਤ ਹੈ । ਇਸਾਈ ਜਗਤ ਵਿੱਚ ਬਾਈਬਲ ਦੁਆਰਾ ਪ੍ਰਸਤੁਤ ਹੋਈ ਸਿੱਖਿਆ ਦਾ ਕੁੱਝ ਨਾ ਕੁੱਝ ਅਸਰ ਜ਼ਰੂਰ ਹੋਣਾ ਚਾਹੀਦਾ ਹੈ। ਪਰ ਦੇਖਣ ਵਿੱਚ ਆਉਂਦਾ ਹੈ ਕਿ ਬਾਈਬਲ ਵਿੱਚ ਬਿਆਨ ਕੀਤੀਆਂ ਸੋਡੋਮ ਅਤੇ ਗੋਮੋਰਾ ਦੀਆਂ ਤਬਾਹੀ ਦੀਆਂ ਕਥਾਵਾਂ ਇਸ ਸਮਾਜ ਨੇ ਕਦੋਂ ਦੀਆਂ ਭੁਲਾ ਛੱਡੀਆਂ ਹਨ । [125] ਅਣਚਾਹੇ ਹਰਾਮੀ ਬੱਚਿਆਂ ਅਤੇ ਕਮ ਉਮਰ ਗਰਭਵਤੀ ਕੁੜੀਆਂ ਦਾ ਹੜ੍ਹ ਵਹਿ ਰਿਹਾ ਹੈ। ਪੰਦਰਾਂ ਪੰਦਰਾਂ ਸਾਲ ਦੀਆਂ ਕੁੜੀਆਂ ਆਮ ਹੀ ਗਰਭਵਤੀਆਂ ਹੋ ਜਾਂਦੀਆਂ ਹਨ ਅਤੇ ਬੱਚੇ ਨੂੰ ਪਾਲਣ ਲਈ ਸਰਕਾਰ ਤੋਂ ਸਹਾਇਤਾ ਮਿਲ ਜਾਂਦੀ ਹੈ। ਬੁਨਿਆਦੀ ਨੈਤਿਕ ਕਦਰਾਂ ਕੀਮਤਾਂ ਅਤੇ ਪ੍ਰੰਪਰਾਗਤ ਧਾਰਮਿਕ ਸਿੱਖਿਆ ਦਾ ਮਹੱਤਵ ਘਟਦਾ ਜਾ ਰਿਹਾ ਹੈ। ਇਨ੍ਹਾਂ ਦੀ ਥਾਂ ਸਕੂਲਾਂ ਵਿੱਚ ਲਿੰਗ ਸਿੱਖਿਆ ਅਤੇ ਲਿੰਗ ਸਬੰਧਾਂ ਬਾਰੇ ਜਾਣਕਾਰੀ ਦੇਣੀ ਜ਼ਿਆਦਾ ਸਹੀ ਸਮਝੀ ਜਾ ਰਹੀ ਹੈ । [126] ਆਗੂ, ਅਧਿਆਪਕ ਸਿਖਿਆ-ਸ਼ਾਸ਼ਤ੍ਰੀ, ਪਾਦਰੀ ਅਤੇ ਧਰਮ ਪ੍ਰਚਾਰਕ ਜਿਹੜੇ ਕਿ ਸਮਾਜ ਲਈ ਆਦਰਸ਼ਕ ਮਾਡਲ ਹੋਣੇ ਚਾਹੀਦੇ ਹਨ ਆਪ ਬੇਸ਼ਰਮੀ ਅਤੇ ਬੇਹਿਆਈ ਦੀਆਂ ਹੱਦਾਂ ਪਾਰ ਕਰ ਰਹੇ ਹਨ ਅਤੇ ਆਪ ਦੁਰਾਚਾਰ ਅਤੇ ਵਿਭਚਾਰ ਵਿੱਚ ਗ੍ਰਸਤ ਹਨ।

ਭਾਵੇਂ ਇੰਗਲੈਂਡ ਵਿੱਚ ਮੁੰਡੇ ਕੁੜੀਆਂ ਆਪਣਾ ਵਰ ਆਪ ਚੁਣਦੇ ਹਨ ਪਰ ਇਹ ਸਦਾਕਤ ਹੈ ਕਿ ਟੁੱਟੇ ਰਿਸ਼ਤਿਆਂ ਅਤੇ ਤਲਾਕਾਂ ਦੀ ਗਿਣਤੀ ਇੰਗਲ਼ੈਂਡ ਦੇ ਮੁਕਾਬਲੇ ਪੰਜਾਬ ਵਿੱਚ ਕਿਤੇ ਘੱਟ ਹੈ। ਇੰਗਲੈਂਡ ਦੀਆਂ ਨਾਰੀਆਂ ਮਰਦਾਂ ਦੀ ਨਕਲ ਕਰ ਰਹੀਆਂ ਹਨ। ਨਾਰੀ ਲੱਜਿਆ ਜੋ ਕਦੇ ਉਸ ਦਾ ਗਹਿਣਾ ਸੀ ਰੁੜ੍ਹਦੀ ਜਾ ਰਹੀ ਹੈ। ਸਿੱਖ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਇਸ ਅਵਸਥਾ ਦੇ ਹੱਲ ਲਈ ਗੰਭੀਰਤਾ ਨਾਲ ਵਿੱਚਾਰ ਨਹੀਂ ਕਰ ਰਹੀਆਂ। ਖ਼ਤਰਾ ਹੈ ਕਿ ਪ੍ਰੰਪਰਾਗਤ ਪੰਜਾਬੀ ਸਮਾਜਕ ਸੁੱਚਤਾ ਇੰਗਲ਼ੈਂਡ ਦੇ ਰਾਹਾਂ ਵਿੱਚ ਰੁਲ ਜਾਵੇਗੀ। ਕੁੱਝ ਨਾ ਕੀਤਾ ਗਿਆ ਤਾਂ ਅਣਗਹਿਲੀ ਵਿੱਚ ਛੇਤੀ ਹੀ ਚਿੜੀਆਂ ਖੇਤ ਚੁਗ ਜਾਣਗੀਆਂ।

ਉਪ੍ਰੋਕਤ ਬਿਆਨੇ ਤੱਥਾਂ ਦਾ ਜ਼ਿਕਰ ਤਾਂ ਬਾਹਰ ਵਸਦੇ (ਖਾਸ ਕਰੇ ਇੰਗਲੈਂਡ ਵਸਦੇ) ਪੰਜਾਬੀਆਂ ਨਾਲ ਸਬੰਧ ਰਖਦਾ ਹੈ ਪਰ ਅਸੀਂ ਕੁਝ ਅੰਕੜੇ ਭਾਰਤੀ ਪੰਜਾਬ ਸਬੰਧੀ ਵੀ

[125] ਸ਼ੋਡੋਮ ਅਤੇ ਗੋਮੋਰਾ ਨਾਂ ਦੇ ਸ਼ਹਿਰ ਇਸ ਲਈ ਤਬਾਹ ਹੋ ਗਏ ਸਨ ਕਿਉਂਕਿ ਉਥੇ ਵਿਭਚਾਰ, ਮੁੰਡੇਬਾਜ਼ੀ ਅਤੇ ਆਪਣੀਆਂ ਹੀ ਧੀਆਂ ਭੈਣਾਂ ਨਾਲ ਬਲਾਤਕਾਰ ਵਧ ਗਿਆ ਸੀ ।

[126] ਪੰਜ ਸਾਲਾਂ ਵਿੱਚ ਏਡਜ਼ ਦੇ ਕੇਸ ਦੁੱਗਣੇ ਹੋ ਗਏ ਸਨ । ਸਰਕਾਰ ਨੇ 2006 ਦੇ ਬਜਟ ਵਿੱਚ ਇਸ ਕੰਮ ਲਈ 500 ਮਿਲੀਅਨ ਪੌਂਡ ਦਾ ਬੱਜਟ ਰੱਖਿਆ ਸੀ ਤਾਂ ਜੋ ਬਚਿਆਂ ਨੂੰ ਲਿੰਗ ਸਬੰਧਾਂ ਬਾਰੇ ਜਾਣਕਾਰੀ ਦਿੱਤੀ ਜਾ ਸਕੇ । ਇਹ ਬਾਲਕਾਂ ਨੂੰ ਅੱਗ ਨਾਲ ਖੇਡਣਾ ਸਿਖਾਉਣ ਵਾਲੀ ਗੱਲ ਹੈ ।



ਦੇ ਰਹੇ ਹਾਂ ਜੋ ਕਿਸੇ ਤਰ੍ਹਾਂ ਵੀ ਹੌਸਲਾ ਵਧਾਊ ਨਹੀਂ ਕਹੇ ਜਾ ਸਕਦੇ। ਇੰਗਲੈਂਡ ਵਿੱਚ ਤਾਂ ਵਿਆਹੁਣਯੋਗ ਕੁੜੀਆਂ ਤੇ ਜ਼ੁਲਮ ਹੁੰਦਾ ਹੈ ਪਰ ਪੰਜਾਬ ਵਿੱਚ ਤਾਂ ਕੁੜੀ ਨੂੰ ਜੰਮਣ ਹੀ ਨਹੀਂ ਦਿੱਤਾ ਜਾਂਦਾ। ਪੰਜਾਬ ਵਿੱਚ ਲਿੰਗ ਅਨੁਪਾਤ (1000 ਮੁੰਡਿਆਂ ਪਿੱਛੇ ਕੁੜੀਆਂ ਦੀ ਦਰ) ਹੇਠ ਲਿਖੀ ਪ੍ਰਕਾਰ ਹੈ (ਸਾਲ 2004)। ਜੇ ਕਰ ਭਰੂਣ ਹੱਤਿਆ ਇਸੇ ਤਰ੍ਹਾਂ ਹੁੰਦੀ ਰਹੀ ਤਾਂ ਪਾਠਕ ਆਪ ਅੰਦਾਜ਼ਾ ਲਾ ਸਕਦੇ ਹਨ ਕਿ ਅਗਲੇ 50/60 ਵਰ੍ਹਿਆਂ ਵਿੱਚ ਸਾਡਾ ਕੀ ਹਾਲ ਹੋਵੇਗਾ;

| **ਜ਼ਿਲ੍ਹਾ** | **ਲਿੰਗ ਅਨੁਪਾਤ** |
|---|---|
| ਲੁਧਿਆਣਾ | 824 |
| ਫਤਿਹਗੜ੍ਹ | 854 |
| ਬਠਿੰਡਾ | 870 |
| ਸੰਗਰੂਰ | 871 |
| ਪਟਿਆਲਾ | 868 |
| ਅੰਮ੍ਰਿਤਸਰ | 876 |
| ਫਰੀਦਕੋਟ | 883 |
| ਫੀਰੋਜ਼ਪੁਰ | 885 |
| ਜਲੰਧਰ | 887 |
| ਮਾਨਸਾ | 879 |
| ਕਪੂਰਥਲਾ | 888 |
| ਗੁਰਦਾਸਪੁਰ | 890 |
| ਮੁਕਤਸਰ | 891 |
| ਹੁਸ਼ਿਆਰਪੁਰ | 935 (Above normal) |

ਯਾਦ ਰਹੇ ਕਿ ਭਾਰਤ ਵਿੱਚ ਇਹ ਅਨੁਪਾਤ 1000 ਲੜਕਿਆਂ ਪਿੱਛੇ 933 ਲੜਕੀਆਂ ਹੈ। ਸਾਡੀ ਸਰਕਾਰ ਅਤੇ ਬੁਧੀਮਾਨ ਪੰਜਾਬੀਆਂ ਨੂੰ ਸੋਚਣਾ ਚਾਹੀਦਾ ਹੈ ਕਿ ਇਸ ਡਿਗਦੀ ਅਨੁਪਾਤ ਦੇ ਕਾਰਨ ਕੀ ਹਨ। ਕੀ ਭਰੂਣ ਹੱਤਿਆ ਸਾਡੇ ਲਈ ਨਰਕ ਦੁਆਰੀ ਤਾਂ ਨਹੀਂ ਬਣ ਰਹੀ ? ਹੈਰਾਨੀ ਹੈ ਕਿ ਲੁੱਧਿਆਣਾ ਜ਼ਿਲ੍ਹਾ ਭਾਵੇਂ ਸਾਖਰਤਾ (Literacy) ਵਿੱਚ ਸਭ ਤੋਂ ਅੱਗੇ ਹੈ ਪਰ ਬਦਕਿਸਮਤੀ ਨਾਲ ਇਹ ਲਿੰਗ ਅਨੁਪਾਤ ਵਿੱਚ ਸਭ ਤੋਂ ਪਿੱਛੇ ਹੈ।

# ਕਾਂਡ 7
# ਸਿੱਖ ਨਾਰੀਆਂ ਦਾ ਯੋਗਦਾਨ

## 7.1 ਸਿੱਖ ਇਤਿਹਾਸ ਵਿੱਚ ਨਾਰੀਆਂ

ਭਾਰਤ ਦੇ ਇਤਿਹਾਸ ਵਿੱਚ ਇਹ ਰਵਾਇਤ ਹੈ ਕਿ ਕੇਵਲ ਪੁਰਖਾਂ ਦੀਆਂ ਪ੍ਰਾਪਤੀਆਂ ਦਾ ਹੀ ਜਸ ਗਾਇਆ ਜਾਂਦਾ ਹੈ। ਉਨ੍ਹਾਂ ਦੇ ਹੀ ਸਾਹਸ ਦੇ ਸੋਹਲੇ ਲੋਕਾਂ ਦੀ ਜ਼ੁਬਾਨ ਤੇ ਚੜ੍ਹ ਜਾਂਦੇ ਹਨ ਅਤੇ ਮਹਿਫਲਾਂ ਵਿੱਚ ਗਾਏ ਜਾਂਦੇ ਹਨ। ਨਾਰੀਆਂ ਦੇ ਯੋਗਦਾਨ ਨੂੰ ਕਦੇ ਘੱਟ ਹੀ ਮਾਨਤਾ ਮਿਲਦੀ ਹੈ। ਇਸ ਗੱਲ ਤੋਂ ਤਾਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਮਾਜ ਵਿੱਚ ਨਾਰੀਆਂ ਦੀ ਵੀ ਬਹੁਤ ਦੇਣ ਹੈ। ਸੰਤਾਨ ਨੂੰ ਪਾਲਣਾ,ਪਰਿਵਾਰਕ ਧਰਮ ਨਿਭਾਉਣਾ, ਬੱਚਿਆਂ ਨੂੰ ਸਮਾਜ-ਸੇਵੀ ਅਤੇ ਨੇਕ ਬਨਾਉਣਾ ਕੋਈ ਛੋਟੇ ਕੰਮ ਨਹੀਂ ਹਨ। ਇਹ ਵੀ ਬਹੁਤ ਵੱਡੀ ਜ਼ਿੰਮੇਵਾਰੀ ਦੇ ਕੰਮ ਹਨ। ਭਾਵੇਂ ਕੋਈ ਵੀ ਬਹਾਦਰ ਪੁਰਸ਼, ਧਰਮ-ਵੇਤਾ ਅਤੇ ਰਾਜਨੀਤਕ ਆਗੂ ਮਾਂ ਦੀ ਦੇਣ ਤੋਂ ਬਿਨਾਂ ਨਹੀਂ ਬਣਿਆਂ ਪ੍ਰੰਤੂ ਮਾਂ ਦਾ ਜ਼ਿਕਰ ਇਤਿਹਾਸ ਜਾਂ ਲੋਕ-ਕਾਵਿ ਵਿੱਚ ਘੱਟ ਹੀ ਆਇਆ ਹੈ।

ਸਿੱਖ ਇਤਿਹਾਸ ਅਤੇ ਸਿੱਖ ਗੁਰੂ ਸਾਹਿਬਾਨ ਨੂੰ ਗੌਰਵਮਈ ਮਾਣ ਹੈ ਕਿ ਸਿੱਖ ਧਰਮ ਵਿੱਚ ਔਰਤ ਨੂੰ ਮੁਕਾਬਲਤਨ ਇਤਨਾ ਅੱਖੋਂ ਪਰੋਖੇ ਨਹੀਂ ਕੀਤਾ ਗਿਆ। ਇਨ੍ਹਾਂ ਦੀ ਭੂਮਿਕਾ ਇਤਿਹਾਸ ਵਿੱਚ ਉਸਾਰੂ ਅਤੇ ਭਾਵ-ਪੂਰਤ ਰਹੀ ਹੈ। ਇਸੇ ਲਈ ਇਨ੍ਹਾਂ ਨੂੰ ਕਾਫੀ ਹੱਦ ਤੱਕ ਬਣਦਾ ਮਾਣ ਸਤਿਕਾਰ ਦਿੱਤਾ ਗਿਆ ਹੈ। ਇਨ੍ਹਾਂ ਦੀ ਇਸਤ੍ਰੀ ਯੋਗਤਾ ਦੇ ਨਾਲ ਨਾਲ ਮਰਦਾਂ ਵਾਲੀ ਯੋਗਤਾ ਨੂੰ ਵੀ ਸਵੀਕਾਰ ਕੀਤਾ ਗਿਆ ਹੈ। ਗੁਰੂ ਜੀ ਨੇ ਆਪਣੇ ਉਪਦੇਸ਼,ਪ੍ਰੇਰਣਾ ਅਤੇ ਨਿੱਜੀ ਕਿਰਦਾਰ ਰਾਹੀਂ ਇਸਤ੍ਰੀਆਂ ਵਿੱਚ ਉਹ ਨਵੀਂ ਰੂਹ ਫੂੰਕੀ ਕਿ ਸਿੱਖ ਬੀਬੀਆਂ ਪੁਰਖਾਂ ਦੀ ਜ਼ਮੀਰ ਬਣ ਗਈਆਂ। ਮਾਈ ਭਾਗੋ ਦਾ ਕਿਰਦਾਰ ਮਿਸਾਲੀ ਹੈ। ਇੱਕ ਸਾਧਾਰਣ ਪਿੰਡ ਦੀ ਜੰਮ ਪਲ ਇੱਕ ਚੰਗੇ ਪ੍ਰੌੜ੍ਹ ਜਰਨੈਲ ਵਾਂਗ ਹਾਰੀ ਜਾਂਦੀ ਜੰਗ ਨੂੰ ਕ੍ਰਾਂਤੀਕਾਰੀ ਮੋੜ ਦੇ ਕੇ ਜਿੱਤ ਵਿੱਚ ਬਦਲ ਦਿੰਦੀ ਹੈ । ਐਸੀ ਹੋਰ ਮਿਸਾਲ ਕਿਧਰੇ ਘੱਟ ਹੀ ਮਿਲਦੀ ਹੈ। ਪਰ ਇਹ ਕਹਿ ਕੇ ਵੀ ਇਸ ਸਚਾਈ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ ਕਿ ਸਿੱਖ ਇਤਿਹਾਸਕਾਰਾਂ ਦਾ ਇਸ ਪੱਖ ਵਲ ਲੋੜੀਂਦਾ ਪੂਰਾ ਧਿਆਨ ਨਹੀਂ ਗਿਆ।

ਸਿੱਖ ਬੀਬੀਆਂ ਪੁਰਖਾਂ ਵਾਂਗ ਹਮੇਸ਼ਾ ਕਰਮਸ਼ੀਲ ਰਹੀਆਂ ਹਨ ਅਤੇ ਇਨ੍ਹਾਂ ਨੇ ਸੁਦ੍ਰਿੜ੍ਹਤਾ ਨਾਲ ਕਸ਼ਟਾਂ ਵਿੱਚ ਵੀ ਅਡੋਲ ਰਹਿ ਕੇ ਖ਼ਾਲਸਾ ਪੰਥ ਦੇ ਆਦਰਸ਼ਾਂ ਦੀ ਪਾਲਣਾ ਕੀਤੀ



ਹੈ ਅਤੇ ਧਰਮ ਰਖਸ਼ਕ ਬਣੀਆਂ ਰਹੀਆਂ ਹਨ। ਸੰਕਟ ਸਮੇਂ ਪਰਿਵਾਰਕ ਜਿੰਮੇਵਾਰੀਆਂ, ਬੱਚਿਆਂ ਦੀ ਪਾਲਪੋਸ, ਸਰਕਾਰੀ ਜਬਰ ਅਤੇ ਵਿੱਛੋੜਾ ਸਹਾਰਦਿਆਂ ਵੀ ਬੱਚਿਆਂ ਵਿੱਚ ਸਿੱਖੀ ਦਾ ਉਹ ਜ਼ਜ਼ਬਾ ਭਰ ਦਿੱਤਾ ਕਿ ਦੁਨੀਆਂ ਅੱਜ ਤੱਕ ਯਾਦ ਕਰਦੀ ਹੈ। ਇਨ੍ਹਾਂ ਨੇ ਸਿੱਖ ਅਸੂਲਾਂ ਦੀ ਮਹੱਤਤਾ ਸਮਝਣ ਸਮਝਾਉਣ ਅਤੇ ਪਾਲਣਾ ਕਰਨ ਕਰਾਉਣ ਵਿੱਚ ਪੈਰ ਪੈਰ ਤੇ ਗਿਆਨ ਅਤੇ ਕਰਮ ਦੁਆਰਾ ਆਪਣੀ ਸੰਤਾਨ ਦੇ ਰਾਹਾਂ ਨੂੰ ਰੌਸ਼ਨਾਇਆ। ਸਿੱਖ ਬੀਬੀਆਂ ਦੀ ਦੇਣ ਦਾ ਇਹ ਪੱਖ ਅਣਗੌਲਿਆ ਹੀ ਰਿਹਾ ਹੈ। ਉਸ ਵੇਲੇ ਜਦ ਇਨ੍ਹਾਂ ਦੇ ਬੱਚਿਆਂ ਅਤੇ ਪਤੀਆਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ ਇਹ ਜ਼ੁਲਮ ਦੇ ਖਿਲਾਫ਼ ਨਿਰੰਤਰ ਡਟੀਆਂ ਰਹੀਆਂ। ਜੇ ਇੱਕ ਸਿੱਖ ਸ਼ਹੀਦ ਹੁੰਦਾ ਸੀ ਤਾਂ ਇਨ੍ਹਾਂ ਦੀ ਕਿਰਪਾ ਨਾਲ ਉਸ ਦਾ ਥਾਂ ਮੱਲਣ ਲਈ ਦੋ ਹੋਰ ਤਿਆਰ ਹੋ ਜਾਂਦੇ ਸਨ। ਚਹਾਰ ਗੁਲਜ਼ਾਰ-ਏ-ਸ਼ੁਜਾਈ ਵਿੱਚ ਇਸ ਦੇ ਮੁਸਲਮਾਨ ਲਿਖਾਰੀ ਨੇ ਲਿਖਿਆ ਹੈ ਕਿ ਅਸੀਂ ਜਦ ਇਹ ਸਮਝਦੇ ਸਾਂ ਕਿ ਸਿੱਖ ਮੁੱਕ ਗਏ ਹਨ ਉਹ ਅੱਖ ਦੇ ਫੋਰ ਵਿੱਚ *"ਕੀੜੀਆਂ ਅਤੇ ਆਹਣ ਵਾਂਗ"* ਕਿਸੇ ਪਾਸਿਓਂ ਨਿਕਲ ਆਉਂਦੇ ਹਨ। ਸਿੱਖਾਂ ਨੇ ਵੀ ਆਪਣੇ ਗੀਤਾਂ/ ਅਖਾਣਾਂ ਵਿੱਚ ਇਸ ਗੱਲ ਦਾ ਜ਼ਿਕਰ ਕੀਤਾ ਹੈ। "ਮੰਨੂ ਅਸਾਡੀ ਦਾਤ੍ਰੀ ਅਸੀਂ ਮੰਨੂ ਦੇ ਸੋਏ,ਜਿਉਂ ਜਿਉਂ ਮੰਨੂ ਵੱਢਦਾ ਅਸੀਂ ਦੂਣ ਸਵਾਏ ਹੋਏ"। ਅਜਿਹੇ ਸਮੇਂ ਸਿੱਖ ਬੀਬੀਆਂ ਨੇ ਕੀ ਸੇਵਾ ਕੀਤੀ, ਉਨ੍ਹਾਂ ਨੂੰ ਕਿਸ ਤਰ੍ਹਾਂ ਦੇ ਕਸ਼ਟ ਸਹਿਣੇ ਪਏ ਇਸ ਦੀ ਮਿਸਾਲ ਭਾਈ ਤਾਰੂ ਸਿੰਘ ਦੇ ਪਰਿਵਾਰ ਤੋਂ ਮਿਲ ਜਾਂਦੀ ਹੈ। ਭਾਈ ਤਾਰੂ ਸਿੰਘ ਦੀ ਮਾਤਾ ਅਤੇ ਭੈਣ ਇਸ ਘੋਰ ਸੰਕਟ ਸਮੇਂ,ਆਪਣੀ ਜਾਨ ਤੇ ਖ਼ਤਰਾ ਸਹਿ ਕੇ ਵੀ ਬੇਘਰ ਹੋਏ ਯੋਧਿਆਂ ਲਈ ਹਰ ਤਰ੍ਹਾਂ ਦੀ ਸੇਵਾ ਵਿੱਚ ਜੁਟੀਆਂ ਰਹੀਆਂ। ਹਕੂਮਤ ਦੇ ਅਖੌਤੀ ਸਿੱਖ ਬਾਗ਼ੀਆਂ ਨੂੰ ਆਸਰਾ ਦੇਣਾ, ਲੰਗਰ ਛਕਾਉਣਾ, ਗੁਪਤ ਸੂਚਨਾਵਾਂ ਦੇਣੀਆਂ, ਕੱਪੜੇ ਪਹੁੰਚਾਉਣੇ ਅਤੇ ਹੌਸਲਾ ਦੇਣਾ ਇਨ੍ਹਾਂ ਦਾ ਨਿਯਮ ਸੀ। ਇਨ੍ਹਾਂ ਨੂੰ ਇਨ੍ਹਾਂ ਜੁਰਮਾਂ ਅਧੀਨ ਕੈਦ ਕਰਕੇ ਲਾਹੌਰ ਲਿਜਾਇਆ ਗਿਆ। ਲਾਹੌਰ ਦੇ ਹਿੰਦੂ ਵੀਰਾਂ ਲਈ ਇਹ ਅਣਖ ਦਾ ਸਵਾਲ ਬਣ ਗਿਆ। ਇਤਿਹਾਸ ਦਸਦਾ ਹੈ ਕਿ ਲਾਹੌਰ ਦੇ ਹਿੰਦੂ ਪਰਿਵਾਰਾਂ ਨੇ 1 ਲੱਖ ਰੁਪਏ ਦੇ ਕੇ ਇਨ੍ਹਾਂ ਧਰਮਸ਼ੀਲ ਨਾਰੀਆਂ ਦੀ ਬੰਦ ਖਲਾਸੀ ਕਰਵਾਈ ਕਿਉਂਕਿ ਸਿੱਖਾਂ ਦੇ ਗੁਪਤ ਟਿਕਾਣਿਆਂ ਬਾਰੇ ਦੱਸਣ ਲਈ ਇਹ ਤਿਆਰ ਨਹੀਂ ਸਨ।

ਸਿੱਖਾਂ ਵਲੋਂ ਲੜੇ ਗਏ ਯੁੱਧਾਂ ਵਿੱਚ ਵੀ ਨਾਰੀਆਂ ਅਕਸਰ ਹਿੱਸਾ ਲੈਂਦੀਆਂ ਰਹੀਆਂ ਹਨ। ਪਰ ਸਿੱਖੀ ਬਾਗ ਦੀ ਜੋ ਮਹਿਕ ਅੱਜ ਸਾਨੂੰ ਪ੍ਰਾਪਤ ਹੈ ਇਹ ਉਨ੍ਹਾਂ ਮਾਤਾਵਾਂ ਭੈਣਾਂ ਦੀ ਕਰੜੀ ਸਿਦਕ ਭਾਵਣਾ ਕਰਕੇ ਹੈ ਜੋ ਵਿਧਵਾ ਹੋ ਕੇ ਅਤੇ ਜੀਵਨ ਦੀਆਂ ਹੋਰ ਅਨੇਕਾਂ ਮੁਸ਼ਕਲਾਂ ਸਹਾਰ ਕੇ ਵੀ ਖਾਲਸੇ ਦੀ ਮਦਦ ਤੇ ਉਸ ਵੇਲੇ ਡਟੀਆਂ ਰਹੀਆਂ ਜਦ ਉਹ ਜੰਗਲ਼ਾਂ ਬੀਆਬਾਨਾਂ ਵਿੱਚ ਜੀਵਨ ਮੌਤ ਦਾ ਘੋਲ਼ ਲੜ ਰਿਹਾ ਸੀ। ਅਜਿਹੇ ਸਮੇਂ ਵਿੱਚ ਸਿਦਕ, ਭਰੋਸਾ ਅਤੇ ਗੁਰੂ ਦਾ ਆਸਾਰਾ ਹੀ ਇਨ੍ਹਾਂ ਦੇ ਹਥਿਆਰ ਬਣੇ ਰਹੇ। ਇਨ੍ਹਾਂ ਦੇ ਦੁੱਧ

ਚੁੰਘਦੇ ,ਗੋਦ-ਪਲਦੇ ਮਾਸੂਮ ਬਾਲ ਇਨ੍ਹਾਂ ਦੀਆਂ ਝੋਲੀਆਂ ਵਿੱਚ ਕੀਮਾ ਕੀਮਾ ਕਰਕੇ ਪਾ ਦਿੱਤੇ ਗਏ। ਇਨ੍ਹਾਂ ਨੂੰ ਭੁੱਖੇ ਤਿਹਾਏ ਸਖ਼ਤ ਮੁਸ਼ੱਕਤ ਕਰਨੀ ਪਈ । ਪਰ ਜ਼ੁਲਮ ਦੀ ਇਹ ਹਨ੍ਹੇਰੀ ਇਨ੍ਹਾਂ ਦੇ ਮਘਦੇ ਸਿਦਕ ਨੂੰ ਠੰਢਾ ਨਾ ਕਰ ਸਕੀ। ਮਹਾਨ ਮਾਵਾਂ ਹੀ ਮਹਾਨ ਕੌਮਾਂ ਸਿਰਜਦੀਆਂ ਹਨ। ਕੋਈ ਨੌ ਸਾਲ ਦਾ ਬੱਚਾ ਆਪਣੇ ਬਾਪ ਨੂੰ ਧਰਮ ਲਈ ਜਾਨ ਦੇਣ ਲਈ ਨਹੀਂ ਕਹਿ ਸਕਦਾ ਜਿਸ ਤਰ੍ਹਾਂ ਕਿ 1675 ਵਿੱਚ ਗੁਰੂ ਗੋਬਿੰਦ ਸਿਘ ਜੀ ਨੇ ਕਿਹਾ । ਇਸ ਦੇ ਪਿੱਛੇ ਮਾਤਾ ਗੁਜਰੀ ਦੀ ਅਦੁੱਤੀ ਸਿੱਖਿਆ ਤੇ ਸੇਧ ਹੀ ਕਾਰਜਸ਼ੀਲ ਸੀ। ਸਿੱਖ ਔਰਤਾਂ ਦੀ ਅਜਿਹੀ ਕੁਰਬਾਨੀ ਆਪਣੇ ਲਈ ਜਾਂ ਆਪਣੇ ਪਰਿਵਾਰ ਲਈ ਨਹੀਂ ਸਗੋਂ ਸਮੁੱਚੇ ਜਗਤ ਦੇ ਭਲੇ ਲਈ ਸੀ, ਕਿਸੇ ਉੱਚੇ ਆਦਰਸ਼ ਲਈ ਸੀ ਜਿਸ ਨੂੰ ਅੱਜ ਤੱਕ ਪੂਰੀ ਤਰ੍ਹਾਂ ਗੌਲ਼ਿਆ ਹੀ ਨਹੀਂ ਗਿਆ।

1713-1719 ਸਮੇਂ ਫਰੁਖ਼ਸੀਅਰ ਵਲੋਂ ਸਿੱਖ ਔਰਤਾਂ ਉੱਪਰ ਬੇ ਹੱਦ ਜ਼ੁਲਮ ਢਾਏ ਜਾ ਰਹੇ ਸਨ। ਇਸੇ ਨੇ ਹੀ ਬਾਬਾ ਬੰਦਾ ਸਿੰਘ ਨੂੰ ਗ੍ਰਿਫਤਾਰ ਕਰਵਾ ਕੇ ਅਤੇ ਅਤਿ ਦੇ ਤਸੀਹੇ ਦੇ ਕੇ ਸ਼ਹੀਦ ਕਰਵਾਇਆ ਸੀ। ਇਸ ਵੇਲੇ ਦਾ ਸਰਕਾਰੀ ਹੁਕਮ ਇਹ ਸੀ, "*ਇਨ੍ਹਾਂ ਦੀਆਂ ਸੁੰਦਰ ਲੜਕੀਆਂ ਨੂੰ ਰਖੇਲ ਜਾਂ ਨੌਕਰਾਣੀਆਂ ਬਣਾ ਲਵੋ। ਜੇ ਕੋਈ ਮੁਸਲਮਾਨ ਮਰ ਜਾਵੇ ਤਾਂ ਉਸ ਦੀ ਕਬਰ ਪੁੱਟਣ ਲਈ ਕਿਸੇ ਸਿੱਖ ਜਾਂ ਇਨ੍ਹਾਂ ਦੇ ਹਮਾਇਤੀ ਹਿੰਦੂ ਨੂੰ ਲਾਵੋ। ਬੇਗਾਰ ਲਈ ਚਮਾਰਾਂ ਦੀ ਥਾਂ ਸਿੱਖਾਂ ਨੂੰ ਵਰਤੋ*"।[127] ਹਰ ਗ੍ਰਿਫਤਾਰ ਹੋਏ ਮਰਦ ਜਾਂ ਔਰਤ ਲਈ ਹੁਕਮ ਸੀ ਕਿ ਜਾਂ ਇਸਲਾਮ ਕਬੂਲ ਕਰ ਲਵੋ ਜਾਂ ਮੌਤ। ਅਜਿਹੇ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਕਰਵਾਉਣ ਲਈ ਅਬਦੁਸ ਸਮੱਦ ਨੂੰ ਲਾਇਆ ਗਿਆ ਸੀ। ਇਸ ਤੋਂ ਉਪ੍ਰੰਤ ਪੰਜਾਬ ਦਾ ਸੂਬੇਦਾਰ ਜ਼ਕਰੀਆ ਖਾਨ (1726-1745) ਬਣਿਆ ਜਿਸ ਨੇ ਰਹਿੰਦੀ ਸਹਿੰਦੀ ਸਭ ਕਸਰ ਕੱਢ ਦਿੱਤੀ। ਸਿੱਖਾਂ ਨੂੰ ਹਰ ਰੋਜ਼ ਪਕੜ ਕੇ ਲੋਕਾਂ ਦੇ ਸਾਹਮਣੇ ਕਤਲ ਕਰਨ ਵਿੱਚ ਇਸ ਨੂੰ ਮਜ਼ਾ ਆਉਂਦਾ ਸੀ। ਪਰ ਸਭ ਤੋਂ ਵੱਧ ਜ਼ੁਲਮ ਮੀਰ ਮੰਨੂ (1748-1753) ਨੇ ਕੀਤਾ ਜਿਸ ਨੇ ਇਹ ਕਸਮ ਖਾ ਲਈ ਸੀ ਕਿ ਸਿੱਖ ਤਾਂ ਕੀ ਸਿੱਖ ਦਾ ਬੱਚਾ ਵੀ ਜਿਉਂਦਾ ਨਹੀਂ ਰਹਿਣ ਦੇਣਾ। ਇਸ ਦੇ ਕਾਲ ਵਿੱਚ ਸਿੱਖ ਔਰਤਾਂ ਉੱਪਰ ਉਹ ਜ਼ੁਲਮ ਢਾਏ ਗਏ ਕਿ ਸੁਣ ਪੜ੍ਹ ਕੇ ਅੱਜ ਵੀ ਹਿਰਦਾ ਤੜਪ ਉੱਠਦਾ ਹੈ। ਉਰਦੂ ਵਿੱਚ ਲਿਖੀ ਨੂਰ ਅਹਿਮਦ ਚਿਸ਼ਤੀ ਦੀ ਪੁਸਤਕ "ਤਹਕੀਕ-ਏ-ਚਿਸ਼ਤੀ" ਵਿੱਚ ਇਸ ਵਲੋਂ ਸਿੱਖ ਔਰਤਾਂ/ਮਰਦਾਂ ਤੇ ਕੀਤੇ ਜ਼ੁਲਮ ਦੀਆਂ ਅਨੇਕਾਂ ਕਹਾਣੀਆਂ ਦਰਜ ਹਨ (1906 ਐਡੀਸ਼ਨ ਪੰਨਾ 82, 101, 648, 694 ਅਦਿਕ ਤੇ)। ਨੂਰ ਅਹਿਮਦ ਲਿਖਦਾ ਹੈ ਕਿ ਹਰ ਰੋਜ਼

[127] ਦੇਖੋ ਹਰੀ ਰਾਮ ਗੁਪਤਾ ਦੀ History of the Sikhs Volume 2 page 39. ਮੀਰ ਮੰਨੂ ਦਾ ਗੜਵਈ ਤਹਿਮਤ ਖਾਨ ਮਿਸਕਿਨ ਲਿਖਦਾ ਹੈ ਕਿ ਸਈਅਦ ਭਰਾਵਾਂ ਨੇ ਫਰੁਖਸੀਅਰ ਨੂੰ ਤਸੀਹੇ ਦੇ ਕੇ ਅਤੇ ਅੰਨ੍ਹਾ ਕਰਕੇ ਮਾਰਿਆ। ਸਿੱਖ ਰਾਜ ਵੇਲੇ ਮਹਾਂਰਾਜਾ ਸ਼ੇਰ ਸਿੰਘ ਦੇ ਹੁਕਮ ਨਾਲ ਇਸ ਦੀ ਕਬਰ ਪੁੱਟ ਕੇ ਇੱਟ ਨਾਲ ਇੱਟ ਖੜਾ ਦਿੱਤੀ ਗਈ।(ਦੇਖੋ ਲਾਹੌਰ ਗੈਜ਼ਟੀਅਰ ਪੰਨਾ 28). ਪੂਰੀ ਜਾਣਕਾਰੀ ਲਈ ਪੜ੍ਹੋ ਖੁਸ਼ਬਖਤ ਰਾਏ ਦੀ ਪੁਸਤਕ ਕਿਤਾਬ -ਏ-ਤਾਰੀਖ-ਏ ਪੰਜਾਬ 1812।



"*ਹਜ਼ਾਰਾਂ ਸਿੱਖਾਂ*" ਨੂੰ ਕਤਲ ਕੀਤਾ ਜਾਂਦਾ ਸੀ ਅਤੇ ਇੱਕ ਈਦ ਵਾਲੇ ਦਿਨ ਲੋਕਾਂ ਦੇ ਸਾਹਮਣੇ 1100 ਸਿੱਖ ਕਤਲ ਕੀਤੇ ਗਏ । ਸਿੱਖ ਮਾਵਾਂ,ਪਤਨੀਆਂ ਤੇ ਭੈਣਾਂ ਨੇ ਆਪਣੇ ਪੁਤ੍ਰਾਂ, ਪਤੀਆਂ ਅਤੇ ਵੀਰਾਂ ਉੱਤੇ ਹੁੰਦੇ ਅਤਿਆਚਾਰ ਨੂੰ ਕਿਵੇਂ ਵੇਖਿਆ ਤੇ ਸਹਾਰਿਆ ਹੋਵੇਗਾ। ਅੱਜ ਵੀ ਇਸ ਲਹੂ ਮਿੱਝ ਦੀ ਕਹਾਣੀ ਨੂੰ ਅਰਦਾਸ ਵੇਲੇ ਜ਼ਮੀਰ ਵਾਲਾ ਬੰਦਾ ਸੇਜਲ ਅੱਖਾਂ ਨਾਲ ਤੇ ਵਲੂੰਧਰੇ ਦਿਲ ਨਾਲ ਹੀ ਸੁਣ ਸਕਦਾ ਹੈ।

ਇਸ ਸਮੇਂ ਤੋਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੱਕ (1799) ਕਈ ਔਰਤਾਂ ਨੇ ਬਹਾਦਰੀ ਦੇ ਕਰਤਬ ਦਿਖਾਏ ਹਨ ਪਰ ਉਨ੍ਹਾਂ ਦਾ ਇਤਿਹਾਸ ਸਾਡੇ ਤਕ ਨਹੀਂ ਪਹੁੰਚ ਸਕਿਆ। ਇੱਕ ਸਿੱਧਾ ਸਾਦਾ ਪੇਂਡੂ ਦਿਆਲ ਸਿੰਘ ਚਲਾਣਾ ਕਰ ਗਿਆ। ਉਸ ਦੀ ਛੋਟੀ ਉਮਰ ਦੀ ਵਿਧਵਾ ਪਤਨੀ ਨੇ ਆਪਣੇ ਇੱਕਲੋਤੇ ਪੁੱਤਰ ਨੂੰ ਸਿੱਖ ਧਰਮ ਵਿੱਚ ਪਰਪੱਕ ਕਰ ਦਿੱਤਾ। ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ ਪੰਨਾ 218) ਅਨੁਸਾਰ "*ਗੁਰਬਾਣੀ ਤਿਸ ਕੰਠ ਘਨੇਰੀ। ਹੁਤੀ ਸਿੱਖਣੀ ਦੁਇ ਪੱਖ ਕੇਰੀ॥ ਜਹਾਂ ਖਾਲਸਾ ਲਾਏ ਦੀਵਾਨ, ਜਾਇ ਕਰੈ ਸ਼ਬਦ ਚੌਂਕੀ ਗਾਨ*" ॥ ਪਿਤਾ ਦੀ ਥਾਪੀ-ਵਿਹੂਣਾ ਇਹ ਪੁੱਤਰ ਮਾਂ ਦੀ ਸਿੱਖਿਆ ਕਾਰਨ ਜੱਸਾ ਸਿੰਘ ਆਹਲੂਵਾਲੀਆ ਕਰ ਕੇ ਪ੍ਰਸਿੱਧ ਹੋਇਆ ਜਿਸ ਨੇ ਸਿੱਖ ਇਤਿਹਾਸ ਉੱਪਰ ਇੱਕ ਅਮਿਟ ਛਾਪ ਛੱਡੀ ਹੈ। ਕੀ ਇਸ ਮਾਂ ਬਾਰੇ ਕਦੇ ਕਿਸੇ ਨੇ ਕੁੱਝ ਲਿਖਿਆ ਹੋਇਆ ਪੜ੍ਹਿਆ ਜਾਂ ਸੁਣਿਆ ਹੈ? ਇਸੇ ਤਰ੍ਹਾਂ ਹਰੀ ਰਾਮ ਗੁਪਤਾ ਲਿਖਦੇ ਹਨ ਕਿ 1799 ਵਿੱਚ ਸਰਦਾਰ ਮਿਲਖਾ ਸਿੰਘ ਰਾਵਲਪਿੰਡੀ ਵਾਲੇ ਦੀ ਪਤਨੀ ਨੇ ਅਹਿਮਦ ਸ਼ਾਹ ਅਬਦਾਲੀ ਦੇ ਪੋਤ੍ਰੇ ਸ਼ਾਹ ਜ਼ਮਾਨ ਨੂੰ ਰਾਏ ਕੇਲਾ ਦੇ ਮਦਾਨ ਵਿੱਚ ਖੂਬ ਦੰਦ ਖੱਟੇ ਕਰਕੇ ਭਜਾਇਆ ਸੀ। ਪਰ ਇਸ ਬਾਰੇ ਬਹੁਤ ਘੱਟ ਲੋਕਾਂ ਨੂੰ ਗਿਆਨ ਹੈ। ਪਤਾ ਨਹੀਂ ਅਜਿਹੀਆਂ ਹੋਰ ਕਿੰਨੀਆਂ ਕੁ ਸੂਰਵੀਰ, ਦਲੇਰ, ਸਿਦਕਵਾਨ, ਤੇ ਉੱਦਮੀ ਔਰਤਾਂ ਸਨ ਜਿਨ੍ਹਾਂ ਨੇ ਸਿੱਖ ਮਹਿਲ ਵਿੱਚ ਆਪਣਾ ਲਹੂ ਡੋਲ੍ਹ ਕੇ ਇੱਟਾਂ ਲਾਈਆਂ ਪਰ ਉਨ੍ਹਾਂ ਦਾ ਨਾਂ ਨਿਸ਼ਾਨ ਤੱਕ ਵੀ ਇਤਿਹਾਸਕਾਰ (ਜੋ ਬਹੁਤੇ ਮਰਦ ਹੀ ਸਨ) ਸਾਂਭ ਨਾ ਸਕੇ।

ਗੁਰਬਿਲਾਸ ਪਾਤਸ਼ਾਹੀ ਦਸਵੀਂ ਵਿੱਚ ਜ਼ਿਕਰ ਆਉਂਦਾ ਹੈ ਕਿ ਅਨੰਦਪੁਰ ਦੇ ਕਿਲ੍ਹੇ ਨੂੰ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਘੇਰਾ ਪਾਇਆਂ ਹੋਇਆ ਸੀ। ਕਿਲ੍ਹੇ ਵਿੱਚ ਪਾਣੀ ਦਾ ਸੰਕਟ ਪੈਦਾ ਹੋ ਗਿਆ। ਸਿੱਖ ਬੀਬੀਆਂ ਚੁੱਪ ਚੁਪੀਤੇ ਅੱਧੀ ਰਾਤ ਤੋਂ ਸਰਘੀ ਤੱਕ ਨਦੀਆਂ ਅਤੇ ਖੂਹਾਂ ਤੋਂ ਪਾਣੀ ਕਿਲ੍ਹੇ ਵਿੱਚ ਪਹੁੰਚਾਉਣ ਲੱਗ ਪਈਆਂ। ਇਸ ਸੇਵਾ ਦੀ ਸੂਚਨਾ ਕਿਸੇ ਤਰ੍ਹਾਂ ਵਿਰੋਧੀਆਂ ਨੂੰ ਮਿਲ ਗਈ। ਬਿਰਤਾਂਤ ਮਿਲਦਾ ਹੈ ਕਿ ਬਹੁਤ ਸਾਰੀਆਂ ਇਸਤ੍ਰੀਆਂ ਮਾਰੀਆਂ ਗਈਆਂ ਅਤੇ ਭਗਤ ਸਿੰਘ ਦੀ ਪੁੱਤਰੀ ਨੂੰ ਜੋ ਕਿ ਲੀਡਰ ਸੀ ਇਸ ਜੁਰਮ ਵਿੱਚ ਤੋਪ ਦੇ ਗੋਲੇ ਨਾਲ ਉਡਾਇਆ ਗਿਆ। ਸ਼ਹੀਦ ਹੋਈ ਧੀ ਦੀ ਮਾਤਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਹੌਸਲਾ ਦਿੰਦਿਆ ਕਿਹਾ, "ਬੀਬੀ ਵਾਹਿਗੁਰੂ ਦਾ ਭਾਣਾ ਮੰਨੋ। ਸੱਚੇ ਸਾਹਿਬ ਅੱਗੇ

ਸ਼ੁਕਰਾਨੇ ਦੀ ਅਰਦਾਸ ਕਰੋ। ਤੁਹਾਡੀ ਪੁਤ੍ਰੀ ਸ਼ਹੀਦ ਹੋਈ ਹੈ"। ਇਸ ਮਾਈ ਨੇ ਹੀ ਬਾਅਦ ਵਿੱਚ ਦਰਬਾਰਾ ਸਿੰਘ ਨੂੰ ਜਨਮ ਦਿਤਾ ਜੋ ਕਿ ਸਿੱਖਾਂ ਦਾ ਸਤਿਕਾਰਯੋਗ ਆਗੂ ਬਣਿਆ। [128]

## 7.2 ਰਾਜਨੀਤੀ ਵਿੱਚ ਸਿੱਖ ਨਾਰੀਆਂ

ਭਾਰਤ ਦੀ ਸੁਤੰਤਰਤਾ ਦੇ ਸੰਗ੍ਰਾਮ ਵਿੱਚ ਸਿੱਖ ਔਰਤਾਂ ਨੇ ਵਧ ਛੜ੍ਹ ਕੇ ਹਿੱਸਾ ਲਿਆ ਅਤੇ ਅਨੇਕ ਪ੍ਰਕਾਰ ਦੇ ਕਸ਼ਟ ਸਹਾਰੇ। ਇਤਿਹਾਸਕਾਰ ਹਰੀ ਰਾਮ ਗੁਪਤਾ ਲਿਖਦੇ ਹਨ, "*ਆਜ਼ਾਦੀ ਲਈ ਲੜੀ ਲੜਾਈ ਵਿੱਚ ਸਿੱਖ ਇਸਤ੍ਰੀਆਂ ਦੀ ਵਿਸ਼ੇਸ਼ ਭੂਮਿਕਾ ਹੈ। ਇਹ ਗੌਰਵਸ਼ਾਲੀ ਕਿਰਦਾਰ ਵਾਲੀਆਂ ਹਸਤੀਆਂ ਸਨ। ਇਨ੍ਹਾਂ ਨੇ ਆਪਣੇ ਪਤੀਆਂ ਅਤੇ ਪੁੱਤ੍ਰਾਂ ਨੂੰ ਮੈਦਾਨ ਵਿੱਚ ਉਤਰਨ ਅਤੇ ਨਿਤਰਨ ਲਈ ਬਹੁਤ ਪ੍ਰੇਰਣਾ ਦਿੱਤੀ। ਆਪ ਵੀ ਝੰਡੇ ਚੁੱਕ ਕੇ ਸੰਗ੍ਰਾਮ ਵਿੱਚ ਕੁੱਦੀਆਂ ਅਤੇ ਸਾਹਸ ਨਾਲ ਇਸ ਵਿੱਚ ਭਾਗ ਲਿਆ। ਇਨ੍ਹਾਂ ਵਿੱਚ ਇਜ਼ੱਤ ,ਬਹਾਦਰੀ ਤੇ ਦੇਸ਼ ਪਿਆਰ ਦੇ ਗੁਣ ਪ੍ਰਤੱਖ ਦਿਸ ਆਉਂਦੇ ਹਨ* । "(History of the Sikhs Vol.2 p.276)। ਅਫਸੋਸ ਹੈ ਕਿ ਹਰੀ ਰਾਮ ਜੀ ਨੇ ਨਾਂ ਦੱਸ ਕੇ ਇੱਕੱਲੀ ਇੱਕੱਲੀ ਔਰਤ ਦੇ ਯੋਗਦਾਨ ਬਾਰੇ ਵੇਰਵਾ ਨਹੀਂ ਦਿੱਤਾ।

ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਗੁਰਦਵਾਰਾ [129] ਸੁਧਾਰ ਲਹਿਰ ਵਿੱਚ ਵੀ ਇਸਤ੍ਰੀਆਂ ਦੀ ਭੂਮਿਕਾ ਮੁੱਢਲੀ ਹੈ। ਗੁਰਦਵਾਰੇ ਪ੍ਰਬੰਧਕੀ ਰੂਪ ਵਿੱਚ ਮਹੰਤਾਂ ਜਾਂ ਪੁਜਾਰੀਆਂ ਪਾਸ ਸਨ ਜਿਹੜੇ ਇਨ੍ਹਾਂ ਨੂੰ ਨਿੱਜੀ ਮਲਕੀਅਤ ਸਮਝਦੇ ਸਨ। ਇਹ ਲੋਕ ਗੁਰਦਵਾਰੇ ਵਿੱਚ ਆਉਣ ਵਾਲੀਆਂ ਧੀਆਂ ਭੈਣਾਂ ਤੇ ਮਾੜੀ ਨਜ਼ਰ ਰਖਦੇ ਸਨ ਅਤੇ ਪਤ ਨੂੰ ਹੱਥ ਪਾਉਣ ਤੋਂ ਲੈ ਕੇ ਬਲਾਤਕਾਰ ਤੱਕ ਕਰਤੂਤਾਂ ਕਰਦੇ ਸਨ। ਪਵਿੱਤਰ ਗੁਰਧਾਮਾਂ ਵਿੱਚ ਨਸ਼ਾ ਖ਼ੋਰੀ ਆਮ ਸੀ ।[130] ਪੁਜਾਰੀ ਜਾਂ ਮਹੰਤ ਗੁਰਦਵਾਰਿਆਂ ਵਿੱਚ ਬਟੇਰੇ ਜਾਂ ਤਿੱਤਰ ਲੜਾਇਆ ਕਰਦੇ ਸਨ। ਕਬੂਤਰ ਰੱਖਣਾ ਅਤੇ ਕਬੂਤਰਾਂ ਦੇ ਉੱਡਣ ਦੇ ਮੁਕਾਬਲੇ ਕਰਵਾਉਣੇ ਇਨ੍ਹਾਂ ਦੇ ਸ਼ੌਕ ਸਨ। ਮਰਯਾਦਾ ਕੋਈ ਨਹੀਂ ਸੀ। ਇਹ ਬਗ਼ੈਰ ਇਸ਼ਨਾਨ ਕੀਤਿਆਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦੇ ਸਨ। ਧਰਮ ਅਸਥਾਨ ਇੱਕ ਤਰ੍ਹਾਂ ਨਾਲ ਇਨ੍ਹਾਂ ਦੀ ਕਮਾਈ ਦੇ ਵਸੀਲੇ ਜਾਂ ਦੁਕਾਨਾਂ ਤੋਂ ਘੱਟ ਨਹੀਂ ਸਨ । ਇਨ੍ਹਾਂ ਦੀ ਹਰ ਗੱਲ

---

[128] ਸਰਦਾਰ ਦਰਬਾਰਾ ਸਿੰਘ ਨੂੰ ਹੀ ਨਵਾਬੀ ਦਿੱਤੀ ਗਈ ਸੀ ਜੋ ਉਨ੍ਹਾਂ ਨਿਮਰਤਾ ਸਹਿਤ ਮੋੜ ਦਿੱਤੀ ਅਤੇ ਸਰਦਾਰ ਕਪੂਰ ਸਿੰਘ ਨੂੰ ਦਿੱਤੀ ਗਈ ।

[129] ਉਸ ਵੇਲੇ ਗੁਰਦਵਾਰਿਆਂ ਨੂੰ ਧਰਮਸਾਲ, ਮਹੰਤ ਡੇਰਾ ਜਾਂ ਮਹੰਤ ਦੁਆਰਾ ਕਿਹਾ ਜਾਂਦਾ ਸੀ

[130] ਗੁਰਦਵਾਰਿਆਂ ਵਿੱਚ ਨਸ਼ੇ ਅੰਗ੍ਰੇਜ਼ ਸਰਕਾਰ ਹੀ ਇਨ੍ਹਾਂ ਮਹੰਤਾਂ ਰਾਹੀ ਪਹੁੰਚਾਉਂਦੀ ਸੀ। ਸਰਦਾਰ ਤੇਜਾ ਸਿੰਘ ਆਪਣੀ ਪੁਸਤਕ Essays in Sikhism ਦੇ ਪੰਨਾ 185 ਤੇ ਇੱਕ ਮਹੰਤ ਦਾ ਅਦਾਲਤ ਵਿੱਚ ਦਿੱਤਾ ਬਿਆਨ ਇਸ ਤਰ੍ਹਾਂ ਲਿਖਦੇ ਹਨ, "ਮੈਂ ਸ਼੍ਰੋਮਣੀ ਮਹੰਤ ਹਾਂ ਅਤੇ ਮੇਰੇ ਅਧੀਨ 300 ਗੁਰਦਵਾਰੇ ਹਨ। ਸਰਕਾਰ ਮੈਨੂੰ ਭੰਗ ਦੇ ਬੋਰੇ ਹਰ ਸਾਲ ਦਿੰਦੀ ਹੈ ਜਿਨ੍ਹਾਂ ਨੂੰ ਮੈਂ ਦੂਸਰੇ ਗੁਰਦਵਾਰਿਆਂ ਵਿੱਚ ਤਕਸੀਮ ਕਰਦਾ ਹਾਂ"



ਵਿੱਚੋਂ ਭ੍ਰਿਸ਼ਟਾਚਾਰ ਅਤੇ ਅਯਾਸ਼ੀ ਟਪਕਦੀ ਸੀ। ਇਨ੍ਹਾਂ ਦਾ ਵਿਵਹਾਰ ਭੱਦਾ ਅਤੇ ਬੋਲ ਚਾਲ ਬਦਮਾਸ਼ਾਂ ਵਾਲੀ ਸੀ।

ਦੁਖੀ ਹੋ ਕੇ ਕੁੱਝ ਜ਼ਮੀਰ ਵਾਲੀਆਂ ਬੀਬੀਆਂ ਨੇ ਪੁਜਾਰੀਆਂ ਮਹੰਤਾਂ ਦੀਆਂ ਕਰਤੂਤਾਂ ਦਾ ਪਾਜ ਉਘਾੜਨ ਦਾ ਬੀੜਾ ਚੁੱਕ ਲਿਆ। 14 ਜਨਵਰੀ 1921 ਨੂੰ ਤਰਨਤਾਰਨ ਦੀ ਇੱਕ ਬੀਬੀ ਹਿੱਕ ਪਿੱਟਦੀ ਲੱਗੇ ਦੀਵਾਨ ਵਿੱਚ ਆ ਧਮਕੀ। ਉਸ ਨੇ ਦੱਸਿਆ ਕਿ ਉਸ ਦੇ ਪੁੱਤਰ ਨੂੰ ਪੁਜਾਰੀ ਨੇ ਰੱਸੇ ਨਾਲ ਬੰਨ੍ਹ ਕੇ ਸਰੋਵਰ ਵਿੱਚ ਸੁੱਟ ਦਿੱਤਾ ਹੈ ਕਿਉਂਕਿ ਉਸ ਦੀ ਭੈਣ ਨਾਲ ਪੁਜਾਰੀਆਂ ਵਲੋਂ ਬਲਾਤਕਾਰ ਕੀਤਾ ਗਿਆ ਸੀ। ਇਸ ਘਟਨਾ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਅਤੇ ਮਹੰਤਾਂ ਦੇ ਖ਼ਿਲਾਫ ਇੱਕ ਅੰਦੋਲਨ ਸ਼ੁਰੂ ਹੋ ਗਿਆ। ਬੀਬੀਆਂ ਵਲੋਂ ਹੀ ਜੈਤੋ ਦੇ ਮੋਰਚੇ ਵਿੱਚ ਅਗਵਾਈ ਕੀਤੀ ਗਈ ਅਤੇ ਇਨ੍ਹਾਂ ਨੇ ਸੈਂਕੜੇ ਹੀ ਪੁੱਤ੍ਰਾਂ ਅਤੇ ਪਤੀਆਂ ਦੀਆਂ ਕੁਰਬਾਨੀਆਂ ਦਿੱਤੀਆਂ। ਨਾਰੀਆਂ ਦੀਆਂ ਅਜਿਹੀਆਂ ਕੁਰਬਾਨੀਆਂ ਅਣਗੌਲੀਆਂ ਹੀ ਰਹਿ ਗਈਆਂ ਹਨ।

# ਕਾਂਡ 8
## ਅਧਿਆਤਮਵਾਦੀ ਸਿੱਖ ਇਸਤ੍ਰੀਆਂ

ਬਚਪਨ ਵਿੱਚ ਹਰ ਬੱਚੇ ਉੱਪਰ ਮਾਂ ਦਾ ਇੱਕ ਖ਼ਾਸ ਪ੍ਰਭਾਵ ਪੈਂਦਾ ਹੈ ਜੋ ਸਾਰੀ ਉਮਰ ਲਈ ਬੱਚੇ ਦੇ ਵਿਅਕਤਿਤਵ ਦਾ ਅੰਗ ਬਣ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦਾ ਇਤਿਹਾਸ ਵਾਚੀਏ ਤਾਂ ਪਤਾ ਚਲਦਾ ਹੈ ਕਿ ਉਨ੍ਹਾਂ ਉੱਪਰ ਆਪਣੀ ਮਾਤਾ ਅਤੇ ਭੈਣ ਦੇ ਪਿਆਰ ਦੀ ਅਮਿੱਟ ਛਾਪ ਲੱਗੀ ਹੋਈ ਸੀ। ਉਹ ਖ਼ੁਦ ਧਾਰਮਿਕ ਖਿਆਲਾਂ ਦੀਆਂ ਸਨ ਅਤੇ ਉਨ੍ਹਾਂ ਨੇ ਹੀ ਹਰ ਸਾਹ ਨਾਲ ਬਾਬਾ ਜੀ ਨੂੰ ਅਧਿਆਤਮਵਾਦ ਦੀ ਪਿਉਂਦ ਚਾੜ੍ਹੀ। ਅਜਿਹੀਆਂ ਕੁੱਝ ਸਿੱਖ ਇਸਤ੍ਰੀਆਂ ਬਾਰੇ ਹੇਠਾਂ ਸੰਖੇਪ ਵਿੱਚਾਰ ਦਿੱਤੇ ਜਾ ਰਹੇ ਹਨ।

### 8.1 ਬੀਬੀ ਨਾਨਕੀ

ਗੁਰੂ ਨਾਨਕ ਦੇਵ ਜੀ ਦੀ ਭੈਣ ਬੀਬੀ ਨਾਨਕੀ ਦਾ ਜਨਮ ਉਸ ਦੇ ਨਾਨਕੇ ਪਿੰਡ ਚਾਹਲ (ਲਹੌਰ) ਵਿੱਚ 1464 ਵਿੱਚ ਹੋਇਆ ਸੀ। ਇਨ੍ਹਾਂ ਦੇ ਨਾਨਾ ਜੀ ਸ੍ਰੀ ਰਾਮ ਜੀ ਬਹੁਤ ਨੇਕ ਅਤੇ ਧਾਰਮਿਕ ਖਿਆਲਾਂ ਦੇ ਵਿਅਕਤੀ ਸਨ ਅਤੇ ਉਨ੍ਹਾਂ ਦਾ ਪ੍ਰਭਾਵ ਦੋਹਾਂ ਬੱਚਿਆਂ ਉੱਪਰ ਪ੍ਰਤੱਖ ਸੀ। ਬੀਬੀ ਨਾਨਕੀ ਵੱਡੀ ਹੋਣ ਕਰਕੇ ਵੀਰ ਨਾਨਕ ਨਾਲ ਬਹੁਤ ਪਿਆਰ ਕਰਦੀ ਸੀ ਅਤੇ ਜਦ ਗੁਰੂ ਜੀ ਨੇ ਆਪਣੀ ਵਿੱਚਾਰ ਧਾਰਾ ਨੂੰ ਪਰਗਟ ਕਰਨਾਂ ਆਰੰਭ ਕੀਤਾ ਤਾਂ ਬੀਬੀ ਨਾਨਕੀ ਛੇਤੀ ਹੀ ਉਨ੍ਹਾਂ ਦੇ ਵਿੱਚਾਰਾਂ ਨਾਲ ਸਹਿਮਤ ਹੋ ਗਈ। ਉਹ ਗੁਰੂ ਜੀ ਦੇ ਮਿਸ਼ਨ ਨੂੰ ਬਹੁਤ ਹੀ ਚੰਗੀ ਤਰ੍ਹਾਂ ਸਮਝਦੀ ਸੀ। ਇਤਿਹਾਸਕਾਰ ਤਾਂ ਇਹ ਵੀ ਦਸਦੇ ਹਨ ਕਿ ਗੁਰੂ ਜੀ ਨੂੰ ਰਬਾਬ ਵੀ ਬੀਬੀ ਜੀ ਨੇ ਹੀ ਖ਼ਰੀਦ ਕੇ ਦਿੱਤੀ ਸੀ। ਇਹ ਰਬਾਬ ਗੁਰੂ ਜੀ ਨੇ ਸਾਰੀ ਉਮਰ ਹੀ ਸਾਂਭ ਕੇ ਰੱਖੀ।

ਜਦ ਪਿਤਾ ਦੀ ਨਸੀਹਤ ਮੰਨ ਕੇ ਗੁਰੂ ਜੀ ਨੇ ਨੌਕਰੀ ਕਰਨ ਦਾ ਮਨ ਬਣਾਇਆ ਤਾਂ ਬੀਬੀ ਨਾਨਕੀ ਖ਼ੁਸ਼ ਨਹੀਂ ਸੀ। ਗੁਰੂ ਜੀ ਨੇ ਭੈਣ ਨੂੰ ਸਮਝਾਉਂਦਿਆਂ ਉਪਦੇਸ਼ ਦਿੱਤਾ, **"ਬੇਬੇ ਜੀ ਕਿਰਤ ਕਰ ਖਾਈਐ ਤਾਂ ਦੇਹੀ ਪਵਿੱਤਰ ਹੋਵੈ"(ਜਨਮ ਸਾਖੀ)।** ਵੀਰ ਨੂੰ ਆਪਣੇ ਨੇੜੇ ਰੱਖਣ ਦੀ ਇੱਛਾ ਨਾਲ ਆਪਣੇ ਪਤੀ ਜੈ ਰਾਮ ਨੂੰ ਪ੍ਰੇਰ ਕੇ ਵੀਰ ਨਾਨਕ ਨੂੰ ਨੌਕਰੀ ਵੀ ਆਪਣੇ ਹੀ ਪਾਸ ਸੁਲਤਾਨਪੁਰ ਦਵਾ ਦਿੱਤੀ। [131] ਜਦ ਇਹ ਅਫ਼ਵਾਹ ਸਾਰੇ ਸ਼ਹਿਰ ਵਿੱਚ ਫੈਲ

[131] ਕੁਝ ਇਤਹਾਸਕਾਰ ਲਿਖਦੇ ਹਨ ਕਿ ਜੈ ਰਾਮ ਦਾ ਪਿਤਾ ਪਰਮਾਨੰਦ ਪਟਵਾਰੀ ਸੀ ਅਤੇ ਉਹ ਗੁਰੂ ਨਾਨਕ ਦੇਵ ਜੀ ਦੇ ਪਿਤਾ ਮਹਿਤਾ ਕਾਲੂ ਨੂੰ ਜਾਣਦਾ ਸੀ।



ਗਈ ਕਿ ਨਾਨਕ ਦੇਵ ਜੀ ਨਦੀ ਵਿੱਚ ਡੁੱਬ ਗਏ ਹਨ ਤਾਂ ਬੀਬੀ ਨਾਨਕੀ ਹੀ ਸੀ ਜਿਸ ਨੇ ਇਸ ਗੱਲ ਤੇ ਬਿਲਕੁਲ ਵਿਸ਼ਵਾਸ਼ ਨਾ ਕੀਤਾ ਅਤੇ ਕਹਿੰਦੀ ਰਹੀ ਕਿ ਉਹ ਜ਼ਰੂਰ ਵਾਪਸ ਆ ਜਾਵੇਗਾ। ਹਰ ਸਿੱਖ ਬੀਬੀ ਜੀ ਦੀ ਇੰਨੀ ਇੱਜ਼ਤ ਕਰਦਾ ਹੈ ਕਿ ਆਪ ਜੀ ਨੂੰ **"ਬੇਬੇ ਨਾਨਕੀ"** ਕਹਿ ਕੇ ਯਾਦ ਕੀਤਾ ਜਾਂਦਾ ਹੈ। ਬੇਬੇ ਨਾਨਕੀ ਜੀ 1518 ਵਿੱਚ ਸੁਰਗਵਾਸ ਹੋ ਗਏ।

### 8.2 ਮਾਤਾ ਖੀਵੀ

ਮਾਤਾ ਖੀਵੀ ਖਡੂਰ ਦੇ ਨੇੜੇ ਪਿੰਡ ਸੰਘੜ ਦੇ ਭਾਈ ਦੇਵੀ ਚੰਦ ਦੀ ਲੜਕੀ ਸੀ ਜਿਸ ਦਾ ਵਿਆਹ 1519 ਵਿੱਚ ਭਾਈ ਲਹਿਣੇ ਨਾਲ ਹੋਇਆ ਜੋ ਕਿ ਬਾਅਦ ਵਿੱਚ ਸਿੱਖਾਂ ਦੇ ਦੂਜੇ ਗੁਰੂ ਬਣੇ। ਆਪ ਬਹੁਤ ਨੇਕ ਸਨ ਅਤੇ ਅਧਿਆਤਮਿਕ ਵਿੱਚਾਰਾਂ ਦੇ ਧਾਰਣੀ ਸਨ। ਲਹਿਣਾ ਜੀ ਦੇ ਗੁਰੂ ਬਨਣ ਉਪ੍ਰੰਤ ਮਾਤਾ ਖੀਵੀ ਜੀ ਨੇ ਲੰਗਰ ਦੀ ਸੇਵਾ ਸਾਂਭ ਲਈ ਅਤੇ ਬੜੀ ਨਿਮਰਤਾ, ਲਗਨ, ਪਿਆਰ ਅਤੇ ਤਨਦਿਹੀ ਨਾਲ ਸੇਵਾ ਕਰਦੀ ਰਹੀ। ਗੁਰੂ ਦੀ ਪਤਨੀ ਹੁੰਦੇ ਹੋਏ ਵੀ ਮਾਣ ਹੰਕਾਰ ਆਪ ਦੇ ਨੇੜੇ ਨਾ ਗਿਆ। ਗੁਰੂ ਗ੍ਰੰਥ ਸਾਹਿਬ ਜੀ (ਰਾਮ ਕਲੀ ਕੀ ਵਾਰ) ਵਿੱਚ ਕੇਵਲ ਇੱਕ ਹੀ ਔਰਤ ਦੀ ਸੇਵਾ ਅਤੇ ਨਿਸ਼ਕਾਮਤਾ ਦਾ ਜ਼ਿਕਰ ਆਇਆ ਹੈ ਉਹ ਆਪ ਜੀ ਹਨ। ਇਹ ਜ਼ਿਕਰ ਸੱਤੇ ਬਲਵੰਡ ਨੇ ਕਰਦਿਆਂ ਲਿਖਿਆ ਹੈ, **"ਬਲਵੰਡ ਖੀਵੀ ਨੇਕ ਜਨ,ਜਿਸ ਬਹੁਤੀ ਛਾਉਂ ਪਤ੍ਰਾਲੀ॥ ਲੰਗਰ ਦਉਲਤਿ ਵੰਡੀਐ ਰਸ ਅੰਮ੍ਰਿਤ ਖੀਰਿ ਘਿਆਲੀ॥ (ਪੰਨਾ 967)।** ਮਾਤਾ ਜੀ ਨੇ ਗੁਰੂ ਕੇ ਲੰਗਰ ਨੂੰ ਪਿਆਰ, ਸਤਿਕਾਰ, ਨਿਸ਼ਕਾਮ ਸੇਵਾ ਅਤੇ ਬਰਾਬਰੀ ਦਾ ਨਮੂੰਨਾ ਬਣਾ ਦਿਤਾ। ਮਾਤਾ ਜੀ ਇੱਕ ਚੰਗੇ ਪ੍ਰਬੰਧਕ ਵੀ ਸਨ। ਇੰਨ੍ਹਾਂ ਨੇ ਲੰਗਰ ਦੇ ਕੰਮ ਦੀਆਂ ਡਿਉਟੀਆਂ ਇਸ ਤਰ੍ਹਾਂ ਵੰਡੀਆਂ ਸਨ ਕਿ ਲੰਗਰ ਵਿੱਚ ਕਦੇ ਕੋਈ ਤਕਲੀਫ ਨਾ ਆਈ। ਭਾਈ ਕਿਦਾਰਾ ਆਟਾ ਕੋਟਾ ਖਰੀਦਣ ਤੇ ਨਿਯਕੁਤ ਸਨ, ਭਾਈ ਜੋਧ ਨੇ ਖਾਣਾ ਪਕਾਉਣ ਦਾ ਕੰਮ ਸਾਂਭਿਆ ਹੋਇਆ ਸੀ ਅਤੇ ਭਾਈ ਬੁੱਢਾ ਜੀ ਸੰਗਤ ਵਿੱਚ ਲੰਗਰ ਵਰਤਾਉਣ ਦੀ ਸੇਵਾ ਨਿਭਾਉਂਦੇ ਰਹੇ। ਮਾਤਾ ਖੀਵੀ ਜੀ ਆਪ ਹਥੀਂ ਦਾਲ ਪ੍ਰਸ਼ਾਦਾ ਵਰਤਾਉਂਦੇ ਹੁੰਦੇ ਸਨ ਅਤੇ ਪ੍ਰਬੰਧ ਐਸਾ ਸੀ ਕਿ ਲੰਗਰ ਵਿੱਚ ਕਦੇ ਵੀ ਤੋਟ ਨਹੀਂ ਸੀ ਆਉਂਦੀ। **"ਤੋਟ ਨਾ ਆਵੀ ਖਟੀਅਹਿ"॥**

### 8.3 ਬੀਬੀ ਅਮਰੋ

ਬੀਬੀ ਅਮਰੋ ਗੁਰੂ ਅੰਗਦ ਦੇਵ ਜੀ ਦੀ ਬੇਟੀ ਸੀ। ਇਹ ਆਪਣੀ ਮਾਂ ਮਾਤਾ ਖੀਵੀ ਜੀ ਵਾਂਗ ਹੀ ਨੇਕ ਦਿਲ ਅਤੇ ਪਾਕਦਾਮਨ ਇਸਤ੍ਰੀ ਸੀ ਅਤੇ ਸਿੱਖ ਧਰਮ ਦੀ ਰੂਹ ਨੂੰ ਚੰਗੀ ਤਰ੍ਹਾਂ ਸਮਝਦੀ ਸੀ। ਉਨ੍ਹਾਂ ਨੂੰ ਸਿੱਖੀ ਅਤੇ ਸਿੱਖ ਮੱਤ ਦੇ ਸਿਧਾਂਤ ਦੀ ਪੂਰੀ ਸਮਝ ਅਤੇ ਗਿਆਨ ਸੀ। ਉਹ ਉੱਚ ਅਧਿਆਤਮਿਕ ਅਵਸਥਾ ਵਾਲੇ ਗੁਰਸਿੱਖ ਸਨ। ਉਨ੍ਹਾਂ ਨੂੰ ਸਵੇਰੇ ਅੰਮ੍ਰਿਤ ਵੇਲੇ ਜਾਗਣ ਦਾ ਅਭਿਆਸ ਸੀ ਅਤੇ ਉਹ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ

ਪ੍ਰੇਮ ਨਾਲ ਆਪਣੀ ਮਿੱਠੀ ਆਵਾਜ਼ ਵਿਚ ਗਾਇਨ ਕਰਿਆ ਕਰਦੇ ਸਨ। ਇਨ੍ਹਾਂ ਦੀ ਸ਼ਾਦੀ ਬਾਸਰਕੇ ਦੇ ਮਾਣਕ ਚੰਦ ਦੇ ਪੁੱਤ੍ਰ ਜੱਸੂ ਨਾਲ ਹੋਈ।

ਮਾਣਕ ਚੰਦ ਦਾ ਭਰਾ ਅਮਰ ਦਾਸ ਇੱਕ ਵੈਸ਼ਨਵ ਭਗਤ ਸੀ। ਉਹ ਹਰ ਤਰ੍ਹਾਂ ਦੀਆਂ ਹਿੰਦੂ ਰੀਤਾਂ ਰਸਮਾਂ ਕਰਦਾ, ਵਰਤ ਰਖਦਾ ਅਤੇ ਹਰ ਸਾਲ (ਹਿੰਦੂਆਂ ਵਲੋਂ ਪਵਿੱਤ੍ਰ ਮੰਨੇ ਜਾਂਦੇ) ਗੰਗਾ ਦਰਿਆ ਤੇ ਇਸ਼ਨਾਨ ਕਰਨ ਜਾਇਆ ਕਰਦਾ ਸੀ। ਉਹ 19 ਵਾਰ ਗੰਗਾਂ ਤੇ ਇਸ਼ਨਾਨ ਕਰ ਆਇਆ ਸੀ ਅਤੇ ਅਨੇਕਾਂ ਹਿੰਦੂ ਸਾਧੂਆਂ ਦੀ ਸੰਗਤ ਕਰ ਚੁੱਕਿਆ ਸੀ ਪ੍ਰੰਤੂ ਮਨ ਦੀ ਸ਼ਾਂਤੀ ਨਹੀਂ ਸੀ ਮਿਲੀ। ਇੱਕ ਦਿਨ ਸਵੇਰੇ ਸਵੇਰੇ ਬੀਬੀ ਅਮਰੋ ਨੂੰ ਮਿੱਠੀ ਆਵਾਜ਼ ਵਿੱਚ ਗੁਰਬਾਣੀ ਦਾ ਪਾਠ ਕਰਦਿਆਂ ਸੁਣਿਆਂ ਤਾਂ ਇਨ੍ਹਾਂ ਉੱਪਰ ਬਾਣੀ ਦਾ ਜਾਦੂ ਅਸਰ ਹੋਇਆ। ਬਾਣੀ ਦਾ ਹਰ ਸ਼ਬਦ ਆਪ ਜੀ ਦੀ ਆਤਮਾ ਵਿੱਚ ਡੂੰਘਾ ਖੁਭਦਾ ਗਿਆ ਅਤੇ ਆਪ ਬੇਸੁੱਧ ਹੋ ਬਾਣੀ ਸੁਣਦੇ ਹੀ ਚਲੇ ਗਏ। ਜਦ ਬੀਬੀ ਜੀ ਪਾਸੋਂ ਪਤਾ ਲੱਗਿਆ ਕਿ ਇਹ ਬਾਣੀ ਗੁਰੂ ਨਾਨਕ ਸਾਹਿਬ ਦੀ ਸੀ ਤਾਂ ਆਪ ਉਸੇ ਦਿਨ ਤੋਂ ਹਿੰਦੂ ਰਸਮਾਂ ਰੀਤਾਂ ਨੂੰ ਤਿਆਗ ਕੇ ਪੂਰਨ ਤੌਰ ਤੇ ਬਾਣੀ ਦਾ ਅਧਿਐਨ ਕਰਨ ਲੱਗ ਪਏ ਅਤੇ ਗੁਰੂ ਦੇ ਦਰਸ਼ਨਾਂ ਦੀ ਸਿੱਕ ਲਾ ਲਈ। ਥੋੜ੍ਹੇ ਚਿਰ ਬਾਅਦ ਆਪ ਗੁਰੂ ਨਾਨਕ ਦੇਵ ਜੀ ਦੇ ਉਤ੍ਰਾਧਿਕਾਰੀ ਗੁਰੂ ਅੰਗਦ ਦੇਵ ਜੀ ਨੂੰ ਮਿਲਣ ਚਲੇ ਗਏ ਅਤੇ ਹਮੇਸ਼ਾ ਲਈ ਉਨ੍ਹਾਂ ਦੀ ਸੇਵਾ ਸ਼ਰਨ ਵਿੱਚ ਲੀਣ ਹੋ ਗਏ। ਆਪ ਜੀ ਨੇ ਸਿੱਖੀ ਜੀਵਨ ਜੀਵਿਆ ਅਤੇ ਸਿੱਖਾਂ ਦੇ ਤੀਸਰੇ ਗੁਰੂ ਬਣੇ। ਬੀਬੀ ਅਮਰੋ ਨੇ ਗੁਰਬਾਣੀ ਦੇ ਅਣਿਆਲੇ ਤੀਰ ਪ੍ਰਤੱਖ ਕਰ ਦਿਖਾਏ ਸਨ ਜਿਨ੍ਹਾਂ ਨੇ ਅਮਰਦਾਸ ਦੇ ਹਿਰਦੇ ਨੂੰ ਹਮੇਸ਼ਾ ਲਈ ਗੁਰੂ ਬਾਣੀ ਨਾਲ ਵਿੰਨ੍ਹ ਦਿੱਤਾ। ਬੀਬੀ ਅਮਰੋ ਨੇ **"ਆਪਿ ਜਪਹੁ ਅਵਰਹ ਨਾਮੁ ਜਪਾਵਹੁ (ਪੰਨਾ 290)** ਤੇ ਅਮਲ ਕਰਨ ਦੀ ਰੀਤ ਆਪਣੇ ਕਰਮ ਨਾਲ ਪੱਕੀ ਕਰ ਦਿਖਾਈ। ਬੀਬੀ ਅਮਰੋ ਜੀ ਦਾ ਦੇਹਾਂਤ ਬਾਸਰਕੇ ਪਿੰਡ ਵਿਚ ਹੋਇਆ ਅਤੇ ਉੱਥੇ ਹੀ ਉਨ੍ਹਾਂ ਦਾ ਅੰਤਮ ਸੰਸਕਾਰ ਕੀਤਾ ਗਿਆ।

### 8.4 ਬੀਬੀ ਭਾਨੀ ਜੀ

ਬੀਬੀ ਭਾਨੀ (1534-1581) ਗੁਰੂ ਅਮਰ ਦਾਸ ਜੀ ਦੀ ਛੋਟੀ ਪੁਤ੍ਰੀ ਸੀ [132] ਜੋ 2 ਫਰਵਰੀ 1534 ਨੂੰ ਬਾਸਰਕੇ ਪੈਦਾ ਹੋਈ। ਆਪ ਨੇ ਗੁਰੂ ਪਿਤਾ ਕੋਲੋਂ ਬਚਪਨ ਤੋਂ ਹੀ ਵਿਰਾਸਤ ਵਿੱਚ ਸਿੱਖੀ ਪਾਈ ਸੀ ਅਤੇ ਆਪ ਸ਼ਰਧਾ, ਤਿਆਗ, ਪਰੇਮਾਭਗਤੀ, ਨਿਮਰਤਾ ਅਤੇ ਨਿਸ਼ਕਾਮ ਸੇਵਾ ਦੇ ਅਦਭੁਤ ਨਮੂੰਨਾ ਸਨ । [133] ਸਿੱਖ ਜਗਤ ਵਿੱਚ ਆਪ ਜੀ ਦਾ

[132] ਕੁੱਝ ਲਿਖਾਰੀ ਲਿਖਦੇ ਹਨ ਕਿ ਗੁਰੂ ਜੀ ਦੀ ਇੱਕ ਹੋਰ ਪੁੱਤ੍ਰੀ ਬੀਬੀ "ਦਾਨੀ" ਵੀ ਸੀ॥ ਕੁੱਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਬੀਬੀ ਭਾਨੀ ਅਤੇ ਬੀਬੀ ਦਾਨੀ ਜੁੜਵਾਂ ਭੈਣਾਂ ਸਨ।

[133] "ਭਾਉ ਭਗਤਿ ਕੋ ਤਨ ਜਨ ਭਾਨੀ"॥ ਪ੍ਰੋਫੈਸਰ ਪੂਰਨ ਸਿੰਘ ਲਿਖਦੇ ਹਨ ਕਿ ਬਚਪਨ ਵਿੱਚ ਬੀਬੀ ਭਾਨੀ ਇੱਕੱਲੇ ਬੈਠਣ ਅਤੇ ਪਾਠ ਕਰਨ ਵਿੱਚ ਬਹੁਤ ਰੁਚੀ ਰਖਦੇ ਸਨ ॥ (*Ten masters* By Prof Puran Singh P.41)



ਨਾਮ ਬਹੁਤ ਪਿਆਰ ਸਤਿਕਾਰ ਨਾਲ ਲਿਆ ਜਾਂਦਾ ਹੈ। ਆਪ ਬੇਹੱਦ ਸਾਦਾ ਜੀਵਨ ਜਿਉਂਦੇ ਸਨ। ਆਪ ਨੇ ਹਮੇਸ਼ਾ ਘਰ ਕੱਤੇ ਖੱਦਰ ਦੇ ਕਪੜੇ ਪਾਏ ਅਤੇ ਕਦੀ ਵੀ ਕੋਈ ਸ਼ਿੰਗਾਰ ਨੇੜੇ ਨਾ ਆਉਣ ਦਿੱਤਾ। ਅੰਗ੍ਰੇਜ਼ ਲਿਖਾਰੀ ਮੈਕਾਲਿਫ ਲਿਖਦਾ ਹੈ ਕਿ ਜਦ ਇੱਕ ਸਿੱਖ ਬਹੁਤ ਵਧੀਆ ਰੇਸ਼ਮੀ ਕੱਪੜੇ ਬਣਵਾ ਕੇ ਬੀਬੀ ਜੀ ਨੂੰ ਭੇਟਾ ਕਰਨ ਲਿਆਇਆ ਤਾਂ ਆਪ ਜੀ ਨੇ ਕਪੜੇ ਲੈਣ ਤੋਂ ਇਨਕਾਰ ਕਰਦਿਆਂ ਕਿਹਾ, **"ਕੂੜੁ ਸੋਇਨਾ ਕੂੜੁ ਰੁਪਾ ਕੂੜੁ ਪੈਨਣਹਾਰੁ॥ ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ" (ਪੰਨਾ 468)**। ਉਸ ਨੇ ਗੁਰਸਿੱਖ ਨੂੰ ਕਿਹਾ ਕਿ ਕੱਪੜੇ ਵੇਚ ਕੇ ਮਾਇਆ ਲੰਗਰ ਵਿੱਚ ਖਰਚ ਕਰਨ ਲਈ ਦੇ ਦੇਵੇ।

18 ਫਰਵਰੀ 1553 ਨੂੰ ਬੀਬੀ ਭਾਨੀ ਦੀ ਸ਼ਾਦੀ ਭਾਈ ਜੇਠਾ ਜੀ ਨਾਲ ਕਰ ਦਿੱਤੀ ਗਈ। ਜੇਠਾ ਜੀ ਵੀ ਬੜੇ ਨੇਕ ਦਿਲ ਅਤੇ ਅਨਿਨ ਗੁਰਭਗਤ ਸਨ। ਦੋਹਾਂ ਦੀ ਜੋੜੀ ਬਣਨ ਨਾਲ ਸੋਨੇ ਤੇ ਸੁਹਾਗੇ ਦਾ ਕੰਮ ਹੋ ਗਿਆ। ਦੋਵੇਂ ਹੀ ਗੁਰੂ ਘਰ ਦੀ ਸੇਵਾ ਵਿੱਚ ਜੁਟ ਗਏ ਅਤੇ ਕਈ ਪ੍ਰਕਾਰ ਦੀ ਸੇਵਾ ਕਰਦੇ ਰਹੇ। ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਉਪ੍ਰੰਤ ਗੁਰ ਗੱਦੀ ਭਾਈ ਜੇਠਾ ਜੀ ਨੂੰ ਮਿਲ ਗਈ। ਇਸ ਤਰ੍ਹਾਂ ਬੀਬੀ ਭਾਨੀ ਗੁਰੂ ਦੀ ਪੁਤ੍ਰੀ, ਗੁਰੂ ਦੀ ਪਤਨੀ ਅਤੇ ਬਾਅਦ ਵਿੱਚ ਗੁਰੂ ਅਰਜਨ (ਪੰਜਵੇਂ ਗੁਰੂ ਜੀ ) ਦੀ ਮਾਤਾ ਸਦਵਾਈ। ਗੁਰੂ ਅਮਰ ਦਾਸ ਜੀ ਆਪ ਦੀ ਸੇਵਾ ਭਗਤੀ, ਨਿਸ਼ਕਾਮਤਾ ਅਤੇ ਸਿੱਖੀ ਸਿਦਕ ਤੋਂ ਏਨੇ ਪ੍ਰਸੰਨ ਸਨ ਕਿ ਆਪ ਨੇ ਕਿਹਾ, *"ਤੀਨੋ ਕਾਲ ਬਿਖੈ ਤੁੱਝ ਜੈਸੀ॥ ਹੁਏ ਨ ਹੈ, ਨ ਹੋਵੈਗੀ ਐਸੀ"*॥

ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰ ਬੀਬੀ ਭਾਨੀ ਦੇ ਪਿਤਾ ਗੁਰੂ ਅਮਰ ਦਾਸ ਜੀ ਨੇ ਜ਼ਨਾਨੀਆਂ ਨੂੰ ਧਰਮ ਦੇ ਪਰਚਾਰ ਲਈ ਨਿਯੁਕਤ ਕੀਤਾ ਸੀ। ਔਰਤਾਂ ਦੇ ਪ੍ਰਚਾਰ ਖੇਤ੍ਰ ਨੂੰ "ਪੀੜ੍ਹੀ" ਕਿਹਾ ਜਾਂਦਾ ਸੀ। ਇਸ ਕੰਮ ਵਿੱਚ ਬੀਬੀ ਭਾਨੀ ਦਾ ਪ੍ਰਭਾਵ ਪਰਤੱਖ ਨਜ਼ਰ ਆਉਂਦਾ ਹੈ।

ਬੀਬੀ ਭਾਨੀ ਦਾ ਸਿੱਖੀ ਸਿਦਕ, ਲਗਨ, ਦ੍ਰਿੜ੍ਹ ਵਿਸ਼ਵਾਸ਼, ਕੁਰਬਾਨੀ ਅਤੇ ਮਾਨਵੀ ਸੇਵਾ ਅੱਗੇ ਜਾ ਕੇ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਸਾਹਿਬਜ਼ਾਦਿਆਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਅਦੁੱਤੀ ਕੁਰਬਾਨੀਆਂ ਦੀ ਆਧਾਰ-ਸ਼ਿਲਾ ਬਣੇ। ਸਿੱਖ ਧਰਮ ਦੇ ਕੇਂਦਰ ਸ੍ਰੀ ਅੰਮ੍ਰਿਤਸਰ ਦਾ ਵਸਣਾ ਅਤੇ ਸਿੱਖੀ ਦਾ ਕੇਂਦਰ ਬਣਨਾ ਵੀ ਬੀਬੀ ਜੀ ਕਰਕੇ ਸੰਭਵ ਹੋਇਆ ਕਿਉਂਕਿ ਬੀਬੀ ਜੀ ਦੇ ਨਾਂ ਤੇ ਹੀ ਗੁਰੂ ਅਮਰ ਦਾਸ ਜੀ ਨੇ ਅੰਮ੍ਰਿਤਸਰ ਸ਼ਹਿਰ ਵਾਲੀ ਥਾਂ ਤੁੰਗ ਦੇ ਜ਼ਿਮੀਂਦਾਰਾਂ ਪਾਸੋਂ ਖ੍ਰੀਦੀ ਸੀ। ਆਪ ਨਿਮਰਤਾ ਦੀ ਐਸੀ ਮਿਸਾਲ ਸਨ ਕਿ ਗੁਰੂ ਦੀ ਪਤਨੀ ਹੁੰਦੇ ਹੋਏ ਵੀ ਲੰਗਰ ਦੀ ਸੇਵਾ ਹੱਥੀਂ ਕਰਦੇ ਰਹੇ ਅਤੇ ਤਰਨ ਤਾਰਨ ਵਿੱਚ ਕੋੜ੍ਹੀਆਂ ਦੀ ਸੇਵਾ ਵਿੱਚ ਲੱਗੇ ਰਹੇ। 9 ਅਪ੍ਰੈਲ 1598 ਨੂੰ ਆਪ ਜੀ ਦੀ ਸੇਵਾ ਭਾਵਨਾ ਨੂੰ ਮੁੱਖ ਰਖਦਿਆਂ ਗੁਰੂ ਅਰਜਨ ਦੇਵ ਜੀ ਨੇ ਇੱਕ ਬਾਉਲੀ

ਖੁਦਵਾਈ ਤਾਂ ਉਸ ਦਾ ਨਾਂ ਬੀਬੀ ਭਾਨੀ ਦਾ ਖੂਹ ਰੱਖਿਆ। ਹਰ ਸਿੱਖ ਆਪ ਜੀ ਨੂੰ ਦੈਵੀ-ਮਾਤਾ ਦੇ ਰੂਪ ਵਿੱਚ ਸਤਿਕਾਰਦਾ ਹੈ। ਸਿਖ ਧਰਮ ਅਤੇ ਇਤਿਹਾਸ ਵਿਚ ਉਨ੍ਹਾਂ ਦੀ ਛਾਪ ਅਮਿੱਟ ਹੈ।

### 8.5 ਬੀਬੀ ਵੀਰੋ ਜੀ

ਬੀਬੀ ਵੀਰੋ ਜੀ ਗੁਰੂ ਹਰਗੋਬਿੰਦ ਜੀ ਦੀ ਪੁਤ੍ਰੀ ਸੀ ਅਤੇ 1605 ਵਿੱਚ ਪੈਦਾ ਹੋਈ ਸੀ। ਬੀਬੀ ਜੀ ਗੁਰਮਤ ਵਿੱਚ ਨਿਪੁੰਨ ਸਨ ਅਤੇ ਮਲ੍ਹਾ ਪਿੰਡ (ਫੀਰੋਜ਼ਪੁਰ) ਦੇ ਇੱਕ ਪੂਰਨ ਗੁਰਸਿੱਖ ਭਾਈ ਸਾਧੂ ਨਾਲ ਵਿਆਹੇ ਗਏ ਸਨ। ਬੀਬੀ ਜੀ ਦੇ ਪੰਜ ਪੁੱਤ੍ਰ ਸਨ ਗੁਲਾਬ ਚੰਦ, ਜੀਤ ਮਲ, ਗੰਗਾ ਰਾਮ, ਸੰਗੋ ਸ਼ਾਹ ਅਤੇ ਹਰੀ ਚੰਦ। ਬੀਬੀ ਜੀ ਨੇ ਇਨ੍ਹਾਂ ਨੂੰ ਬਚਪਨ ਤੋਂ ਹੀ ਨਾਮ ਬਾਣੀ ਨਾਲ ਜੋੜੀ ਰੱਖਿਆ ਅਤੇ ਪੂਰਨ ਗੁਰਸਿੱਖ ਬਣਾਇਆ। ਪੰਜੇ ਵੀਰ ਪੁੱਤ੍ਰ ਗੁਰੂ ਗੋਬਿੰਦ ਸਿੰਘ ਜੀ ਦੇ ਅਨਿਨ ਸਿੱਖ ਬਣੇ ਰਹੇ ਅਤੇ ਸਰਕਾਰ ਵਲੋਂ ਮੱਲੋ ਮੱਲੀ ਗੁਰੂ ਜੀ ਦੇ ਗਲ ਪਾਈਆਂ ਗਈਆਂ ਲੜਾਈਆਂ ਵਿੱਚ ਲੜ ਕੇ ਸ਼ਹੀਦ ਹੋਏ। ਬੀਬੀ ਵੀਰੋ ਦੇ ਪੋਤਿਰਆਂ ਨੇ ਸਿੱਖ ਧਰਮ ਦਾ ਦੂਰ ਦੂਰ ਤੱਕ ਪ੍ਰਚਾਰ ਕੀਤਾ।

### 8.6 ਮਾਤਾ ਸਾਹਿਬ ਕੌਰ

ਬੀਬੀ ਸਾਹਿਬ ਕੌਰ ਬਸੀ ਰਾਵਾਂ (ਰੋਹਤਾਸ-ਪਾਕਿਸਤਾਨ) ਦੇ ਭਾਈ ਰਾਮ ਬਾਸੀ ਦੀ ਸਪੁਤ੍ਰੀ ਸਨ। ਆਪ ਬੇਹੱਦ ਸੁੰਦਰ, ਸੁਸ਼ੀਲ, ਸਨਿਮਰ, ਸ਼ਾਂਤਚਿੱਤ ਅਤੇ ਅਧਿਆਤਮਿਕ ਵਿਚਾਰਾਂ ਦੇ ਸਨ। ਆਪ ਇੱਕ ਵਾਰ ਆਪਣੇ ਪਰਿਵਾਰ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਨੂੰ ਆਏ ਅਤੇ ਸੇਵਾ ਵਿੱਚ ਜੁੱਟ ਗਏ। ਗੁਰੂ ਦਰਬਾਰ ਦੀ ਸ਼ੋਭਾ ਵਿਚ ਆਤਮਿਕ ਮਹੌਲ ਅਤੇ ਨਿਸ਼ਕਾਮ ਸੇਵਾ ਦੇ ਰੰਗ ਵੇਖ ਕੇ ਏਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਘਰ ਮੁੜਨ ਦੀ ਥਾਂ ਪੱਕੇ ਤੌਰ ਉੱਤੇ ਉਥੇ ਹੀ ਰਹਿਣ ਦਾ ਇਰਾਦਾ ਬਣਾ ਲਿਆ। ਆਪ ਨੇ ਇਹ ਪਰਣ ਕਰ ਲਿਆ ਸੀ ਕਿ ਪਹਿਲਾਂ ਗੁਰੂ ਜੀ ਦੇ ਦਰਸ਼ਨ ਕਰਨੇ ਹਨ ਫੇਰ ਹੀ ਕੁੱਝ ਖਾਣਾ ਪੀਣਾ ਹੈ। **"ਦਰਸ਼ਨ ਕਰੇ ਤਾਂ ਭੋਜਨ ਖਾਵੇ॥ ਨਤ ਨਿਸ ਬਾਸਰ ਛੁਧਤ ਬਿਹਾਵੇ"(ਸੂਰਜ ਪ੍ਰਕਾਸ਼ ਰੁਤ 5 ਅੰਸੂ 1)** ਕੱਪੜੇ ਪਹਿਨਣ ਵਿੱਚ ਮਾਤਾ ਜੀ ਬੇਹੱਦ ਸਾਦਾ ਸਨ। ਆਪ ਸਾਧਾਰਣ ਜਿਹੇ ਕਪੜੇ ਦੀ ਕੁਰਤੀ ਅਤੇ ਪਜਾਮੀ ਪਹਿਨਦੇ ਸਨ। ਆਪ ਜੀ ਦੇ ਇਹ ਸਾਦਾ ਬਸਤਰ ਭਾਈ ਡੱਲਾ ਦੇ ਪਰਿਵਾਰ ਨੇ ਦਮਦਮਾ ਸਾਹਿਬ ਵਿਖੇ ਸਾਂਭ ਕੇ ਰੱਖੇ ਹੋਏ ਹਨ। ਗੁਰੂ ਜੀ ਆਪ ਜੀ ਦਾ ਬਹੁਤ ਸਤਿਕਾਰ ਕਰਦੇ ਸਨ ਅਤੇ ਅਕਸਰ ਆਪ ਜੀ ਦੀ ਰਾਏ ਮੰਨ ਲੈਂਦੇ ਸਨ। ਸ਼ਕਾਇਤ ਆਦਿਕ ਲੈ ਕੇ ਸਿੱਖ ਅਕਸਰ ਪਹਿਲਾਂ ਮਾਤਾ ਗੁਜਰੀ ਜੀ ਪਾਸ ਜਾਂ ਆਪ ਜੀ ਪਾਸ ਹੀ ਹਾਜ਼ਰ ਹੁੰਦੇ ਸਨ।

30 ਮਾਰਚ 1699 ਨੂੰ ਜਦ ਗੁਰੂ ਜੀ ਨੇ ਅੰਮ੍ਰਿਤ ਤਿਆਰ ਕੀਤਾ ਤਾਂ ਕਿਹਾ ਜਾਂਦਾ ਹੈ



ਕਿ ਆਪ ਜੀ ਨੇ ਅੰਮ੍ਰਿਤ ਵਿੱਚ ਪਤਾਸ਼ੇ ਪਾਏ [134] ਅਤੇ ਛੇਤੀ ਹੀ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ। ਜਦੋਂ ਵੀ ਅੰਮ੍ਰਿਤ ਸੰਚਾਰ ਹੁੰਦਾ ਸੀ ਮਾਤਾ ਜੀ ਹਮੇਸ਼ਾ ਹਾਜ਼ਰ ਰਹਿੰਦੇ ਸਨ। ਗੁਰੂ ਜੀ ਨੇ ਆਪ ਜੀ ਨੂੰ "ਖਾਲਸੇ ਦੀ ਮਾਤਾ" ਹੋਣ ਦਾ ਖ਼ਿਤਾਬ ਦਿੱਤਾ। ਚਮਕੌਰ ਸਾਹਿਬ ਦੀ ਜੰਗ ਤੋਂ ਬਾਅਦ ਗੁਰੂ ਜੀ ਦਮਦਮਾ ਸਾਹਿਬ ਚਲੇ ਗਏ. ਮਾਤਾ ਸਾਹਿਬ ਕੌਰ ਜੀ ਇੱਥੇ ਵੀ ਪਿੰਡਾਂ ਵਿੱਚ ਜਾ ਕੇ ਅੰਮ੍ਰਿਤ ਸੰਚਾਰ ਕਰਵਾਉਂਦੇ ਰਹੇ। ਭਾਗੀ ਬਾਂਦਰ, ਸਮੀਰ ਕੋਟ, ਚੱਕ ਭਾਈ, ਮੌੜ, ਭੁੱਚੋ, ਭਾਗੂ, ਬਠਿੰਡਾ, ਮਹਿਮੇ, ਭੋਖੜੀ ਅਤੇ ਫਰੀਦਕੋਟ ਵਿੱਚ ਮਾਤਾ ਜੀ ਨੇ ਹਜ਼ਾਰਾਂ ਹੀ ਪ੍ਰਾਣੀਆਂ ਨੂੰ ਪ੍ਰੇਰ ਕੇ ਅੰਮ੍ਰਿਤਧਾਰੀ ਬਣਾਇਆ। ਚਮਕੌਰ ਸਾਹਿਬ ਵਿੱਚ ਸ਼ਹੀਦਾਂ ਦਾ ਸੰਸਕਾਰ ਕਰਨ ਵਾਲੇ ਭਾਈ ਤ੍ਰਲੋਕ ਸਿੰਘ ਅਤੇ ਭਾਈ ਰਾਮ ਸਿੰਘ ਨੇ ਵੀ ਇੱਥੇ ਆਕੇ ਹੀ ਅੰਮ੍ਰਿਤ ਛਕਿਆ ਸੀ। ਜਦ ਗੁਰੂ ਜੀ ਦੱਖਣ ਨੂੰ ਚੱਲੇ ਤਾਂ ਮਾਤਾ ਜੀ ਵੀ ਨਾਲ ਹੀ ਚਲੇ ਗਏ। **"ਸਾਹਿਬ ਦੇਵੀ ਰਹੇ ਨਾ ਦਿਹਲੀ, ਚਲੀ ਸੰਗ ਪ੍ਰਭ ਕੇ ਸੁੱਖ ਗਹਿਲੀ ॥ ਬਿਨਾਂ ਦਰਸ਼ਨ ਭੋਜਨ ਨਹਿ ਕਰਹੋਂ, ਇਹਾਂ ਰਹੇ ਕਿਆ ਕਾਜ ਸਵਰਹੋਂ॥ (ਸੂਰਜ ਪ੍ਰਕਾਸ਼)**

ਮਾਤਾ ਜੀ ਹਮੇਸ਼ਾ ਸ਼ਸ਼ਤਰਧਾਰੀ ਰਹਿੰਦੇ ਸਨ ਅਤੇ ਬਾਹਰ ਜਾਣ ਵੇਲੇ ਸਾਂਗ (ਬਰਛੀ) ਵੀ ਨਾਲ ਰਖਦੇ ਸਨ॥ **"ਆਗਿਆ ਹੋਵੇ ਗਹਿ ਤਰਵਾਰਾ, ਲਰਹੁ ਸੰਗ ਸੱਤਰਨ ਜਰ ਛਾਰਾ॥ ਆਇਸ ਹੋਏ ਸਾਂਗ ਕਰ ਧਾਰੀ,ਕਰਹੁ ਜੰਗ ਭਾਗੇ ਸੰਗ ਕਾਰੀ ॥ (ਸੂਰਜ ਪ੍ਰਕਾਸ਼)** ਆਪ ਸਾਹਿਬਜ਼ਾਦਿਆਂ ਨਾਲ (ਖਾਸ ਕਰ ਕੇ ਛੋਟੇ ਨਾਲ) ਬੇਹੱਦ ਪਿਆਰ ਕਰਦੇ ਸਨ। ਉਨ੍ਹਾਂ ਦੀ ਸਾਰੀ ਸੰਭਾਲ ਇਹੋ ਕਰਦੇ ਸਨ। ਆਪ ਹੀ ਕੱਪੜੇ ਪਾਕੇ ਉਂਨ੍ਹਾਂ ਦੇ ਸਿਰ ਉੱਪਰ ਕਲਗੀ ਸਜਾਉਂਦੇ ਅਤੇ ਦੂਰ ਖੜੋ ਕੇ ਦੇਖ ਦੇਖ ਖੁਸ਼ ਹੁੰਦੇ ਸਨ। ਗੁਰਬਿਲਾਸ ਅਨੁਸਾਰ ਇੱਕ ਦਿਨ ਆਪ ਨੇ ਬਾਬਾ ਫਤਿਹ ਸਿੰਘ ਨੂੰ ਨੀਲਾ ਨਿਹੰਗ ਬਾਣਾ ਪੁਵਾਇਆ, ਖੰਡੇ ਸਜਾਏ, ਕਿਰਪਾਨ ਪਹਿਨਾਈ ਅਤੇ ਕਲਗੀ ਲਾ ਕੇ ਗੁਰੂ ਜੀ ਦੇ ਦਰਬਾਰ ਵਿੱਚ ਲੈ ਆਏ। ਗੁਰੂ ਜੀ ਬੇਹੱਦ ਖੁਸ਼ ਹੋਏ।

ਅਕਾਲ ਪਿਆਨੇ ਤੋਂ ਪਹਿਲਾਂ ਗੁਰੂ ਜੀ ਨੇ ਨਾਦੇੜ ਤੋਂ ਆਪ ਜੀ ਨੂੰ ਛੇਵੇਂ ਗੁਰੂ ਸਾਹਿਬ ਦੇ ਪੰਜ ਸ਼ਾਸ਼ਤਰ ਅਤੇ ਗੁਰੂ ਦਰਬਾਰ ਦੀ ਮੋਹਰ ਦੇ ਕੇ ਦਿੱਲੀ ਚਲੇ ਜਾਣ ਲਈ ਹੁਕਮ ਕਰ ਦਿੱਤਾ। ਆਪ ਮਾਤਾ ਸੁੰਦਰੀ ਜੀ ਨਾਲ ਦਿੱਲੀ ਕੂਚਾ ਦਿਲਵਾਲੀ ਵਿੱਚ ਰਹਿਣ ਲੱਗ ਪਏ ਅਤੇ 36 ਸਾਲ ਖਾਲਸੇ ਦੀ ਸੇਵਾ ਵਿੱਚ ਜੁਟੇ ਰਹੇ। ਸਮਾਜੀ ਤੇ ਰਾਜਸੀ ਕੰਮਾਂ ਵਿੱਚ ਖਾਲਸੇ ਦੀ ਰਹਿਨੁਮਾਈ ਕਰਨ ਤੋਂ ਇਲਾਵਾ ਆਪ ਲੰਗਰ ਤਿਆਰ ਕਰਵਾਉਣ ਅਤੇ ਵਰਤਾਉਣ ਵਿੱਚ

[134] ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਪੁਸਤਕ "ਮਾਤਾ ਸਾਹਿਬ ਕੌਰ" ਅਨੁਸਾਰ ਪਤਾਸ਼ੇ ਮਾਤਾ ਜੀਤੋ ਜੀ ਨੇ ਪਾਏ ਸਨ। ਉਨ੍ਹਾਂ ਅਨੁਸਾਰ ਮਾਤਾ ਸਾਹਿਬ ਕੌਰ (ਸਾਹਿਬ ਦੇਵੀ ਜੀ) ਅੰਮ੍ਰਿਤ ਸੰਚਾਰ ਤੋਂ ਬਾਦ 1701 ਵਿੱਚ ਗੁਰੂ ਜੀ ਪਾਸ ਆਏ ਸਨ।(ਪੰਨਾ 20) ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ ਵਿੱਚ ਵੀ ਇਹੋ ਗੱਲ ਲਿਖੀ ਮਿਲਦੀ ਹੈ (ਪੰਨਾ 230)

ਵੀ ਬਹੁਤ ਰੁਚੀ ਰੱਖਦੇ ਸਨ। ਆਪ ਜੀ ਵਲੋਂ ਰਾਜਸੀ ਅਗਵਾਈ ਸਬੰਧੀ ਖਾਲਸਾ ਜੀ ਵੱਲ ਲਿਖੇ ਹੁਣ ਤੱਕ 8 ਹੁਕਮਨਾਮੇ ਪ੍ਰਾਪਤ ਹੋਏ ਹਨ। ਇਨ੍ਹਾਂ ਹੁਕਮਨਾਮਿਆਂ ਵਿੱਚੋਂ ਆਪ ਦੀ ਸਪਸ਼ਟ ਸੋਚਣੀ, ਸਿਧਾਂਤਕ ਪ੍ਰੌੜ੍ਹਤਾ ਅਤੇ ਦ੍ਰਿੜ੍ਹਤਾ ਡੁੱਲ੍ਹ ਡੁੱਲ੍ਹ ਪੈਂਦੀ ਹੈ। ਭਾਈ ਮਲ੍ਹਾ ਅਤੇ ਭਾਈ ਬਾਘਾ ਨੂੰ ਇੱਕ ਹੁਕਮਨਾਮੇ ਵਿੱਚ ਲਿਖਦੇ ਹਨ ਕਿ ਗੁਰੂ ਘਰੋਂ ਚੋਰੀ ਹੋਈ ਖੱਚਰ ਅਤੇ ਹੋਰ ਸਾਮਾਨ ਲੱਭਣ ਦੇ ਯਤਨ ਉਦੋਂ ਤੱਕ ਢਿੱਲੇ ਨਹੀਂ ਹੋਣ ਦੇਣੇ ਜਦ ਤੱਕ ਇਹ ਵਸਤਾਂ ਮਿਲ ਨਹੀਂ ਜਾਂਦੀਆਂ। **"ਸਰਕਾਰ ਕੀ ਖੱਚਰ ਜਾਣੀ ਪਾਵੈ ਨਾਹੀਂ, ਮੁਜਰਾ ਹੋਸ"॥** 30 ਦਸੰਬਰ 1734 ਨੂੰ ਲਿਖੇ ਇੱਕ ਹੋਰ ਹੁਕਮਨਾਮੇ ਵਿੱਚ ਪਟਨ ਦੀ ਸੰਗਤ ਨੂੰ ਆਮ ਲੋਕਾਂ ਲਈ ਖੂਹ ਲਾਉਣ ਲਈ ਲਿਖਦੇ ਹਨ ਅਤੇ ਕਹਿੰਦੇ ਹਨ ਕਿ ਮਾਇਆ ਗੁਰੂ ਦੇ ਖਜ਼ਾਨੇ ਵਿੱਚੋਂ ਭੇਜ ਦਿੱਤੀ ਜਾਵੇਗੀ। ਜਦੋਂ ਦੁਨੀ ਚੰਦ ਨੇ ਆਪ ਅਤੇ ਮਾਤਾ ਸੁੰਦਰੀ ਵਿੱਚਕਾਰ ਗ਼ਲਤਫਹਿਮੀਆਂ ਦੇ ਬੀ ਬੀਜੇ ਅਤੇ ਸਿੱਖਾਂ ਦੇ ਦੋ ਧੜੇ ਬਣਾ ਦਿੱਤੇ ਤਾਂ ਆਪ ਨੇ ਸਪਸ਼ਟ ਖਾਲਸੇ ਨੂੰ ਲਿਖਿਆ ਕਿ ਗ਼ਲਤਫਹਿਮੀ ਤੋਂ ਬਚਣ। ਗੁਰੂ ਦਰਬਾਰ ਇੱਕ ਹੈ ਅਤੇ ਇੱਕ ਹੀ ਰਹੇਗਾ। ਸਾਡੇ ਵਿੱਚ ਕੋਈ ਭਿੰਨ ਭੇਦ ਨਹੀਂ ਹੈ। ਸਭ ਹੁਕਮ ਨਾਮਿਆਂ ਵਿੱਚ ਇਹ ਸ਼ਬਦ ਮਿਲ ਜਾਂਦੇ ਹਨ **"ਤੁਸੀਂ ਮੇਰੇ ਪੁਤ੍ਰ ਫਰਜੰਦ ਹੋ॥ ਗੁਰੂ ਪੂਰਾ ਤੁਸਾਡੀ ਪਤ ਰਖੇਗਾ। ਗੁਰੂ ਗੁਰੂ ਜਪਣਾ ਜਨਮ ਸਵਾਰਣਾ॥**

ਮਾਤਾ ਜੀ ਨੌਜਵਾਨ ਜੱਸਾ ਸਿੰਘ ਆਹਲੂਵਾਲੀਆ ਨੂੰ ਬੇਹੱਦ ਪਿਆਰ ਕਰਦੇ ਸਨ। ਜਦ ਜੱਸਾ ਸਿੰਘ ਆਪਣੀ ਮਾਤਾ ਜੀ ਨਾਲ ਬੈਠ ਕੇ ਕੀਰਤਨ ਕਰਦਾ ਤਾਂ ਆਪ ਆਨੰਦਤ ਹੋ ਉਠਦੇ ਅਤੇ ਗਦ ਗਦ ਹੋਕੇ ਉਸਨੂੰ ਚੁਕ ਲੈਂਦੇ ਅਤੇ ਹੱਥਾਂ ਨੂੰ ਚੁੰਮ ਲੈਂਦੇ ਸਨ। ਅੰਤ ਸਮੇਂ ਸਿੱਖਾਂ ਦੀ ਰਾਜਸੀ ਹਾਲਤ ਕਾਰਨ ਮਾਤਾ ਜੀ ਉਦਾਸ ਰਹਿਣ ਲਗ ਪਏ। ਇਨ੍ਹਾਂ ਦੀ ਖ਼ੁਰਾਕ ਬਹੁਤ ਥੋੜ੍ਹੀ ਰਹਿ ਗਈ ਸੀ ਅਤੇ ਆਪ ਬਹੁਤਾ ਸਮਾਂ ਪਾਠ ਪੂਜਾ ਵਿੱਚ ਹੀ ਲੰਘਾਉਣ ਲੱਗ ਪਏ ਸਨ। **"ਜਪ ਤਪ ਕਰਕੇ ਦਿਵਸ ਬਿਤਾਵੈ, ਸੁਪਤ ਅਲਪ, ਅਲਪ ਹੀ ਖਾਵੈ॥ (ਸੂਰਜ ਪ੍ਰਕਾਸ਼ ਅੰਸੂ 15)** 1747 ਵਿੱਚ 66 ਸਾਲ ਦੀ ਆਯੂ ਭੋਗ ਕੇ ਮਾਤਾ ਜੀ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਆਪ ਜੀ ਦਾ ਸਸਕਾਰ ਜਿੱਥੇ ਕੀਤਾ ਗਿਆ ਉੱਥੇ ਹੁਣ ਗੁਰਦਵਾਰਾ ਬਾਲਾ ਸਾਹਿਬ ਬਣਿਆ ਹੋਇਆ ਹੈ।

### 8.7 ਮਾਤਾ ਗੁਜਰੀ ਜੀ

ਕਰਤਾਰ ਪੁਰ (ਜਲੰਧਰ) ਦੇ ਭਾਈ ਲਾਲ ਚੰਦ ਦੀ ਪੁੱਤ੍ਰੀ ਬੀਬੀ ਗੁਜਰੀ ਦਾ ਵਿਆਹ 1632 ਵਿੱਚ ਗੁਰੂ ਹਰਗੋਬਿੰਦ ਜੀ ਦੇ ਪੁੱਤਰ ਤਿਆਗ ਮੱਲ ਜੀ ਨਾਲ ਹੋਇਆ। ਆਪ ਬਹੁਤ ਹੀ ਧਾਰਮਿਕ ਵਿੱਚਾਰਾਂ ਦੇ ਧਾਰਣੀ ਸਨ। ਵਿਆਹ ਤੋਂ ਥੋੜ੍ਹਾ ਹੀ ਚਿਰ ਬਾਅਦ ਗੁਰੂ ਹਰ ਗੋਬਿੰਦ ਜੀ ਨੂੰ ਇੱਕ ਯੁੱਧ ਲੜਨਾ ਪਿਆ ਜਿਸ ਵਿੱਚ ਤਿਆਗ ਮੱਲ ਜੀ ਨੇ ਵੀ ਜੌਹਰ ਦਿਖਾਏ। ਮੁਹਸਨ ਫਾਨੀ ਲਿਖਦੇ ਹਨ ਕਿ ਇਹ ਯੁੱਧ ਮਾਤਾ ਜੀ ਨੇ ਆਪਣੀਆਂ ਸਹੇਲੀਆਂ ਸਮੇਤ ਕੋਠੇ ਉੱਪਰ ਚੜ੍ਹਕੇ ਦੇਖਿਆ ਅਤੇ ਸਿੱਖਾਂ ਨੂੰ ਹਲਾ ਸ਼ੇਰੀ ਦਿੰਦੇ ਰਹੇ। ਤਿਆਗ ਮੱਲ



ਦੀ ਇਹ ਬਹਾਦਰੀ ਦੇਖ ਕੇ ਗੁਰੂ ਜੀ ਨੇ ਇਨ੍ਹਾਂ ਦਾ ਨਾਂ ਤਿਆਗ ਮੱਲ ਤੋਂ ਬਦਲ ਕੇ ਤੇਗ਼ ਬਹਾਦਰ ਰੱਖ ਦਿੱਤਾ।

ਦਸੰਬਰ 1675 ਵਿੱਚ ਜਦ ਕਸ਼ਮੀਰੀ ਪੰਡਤਾਂ ਦੀ ਸ਼ਿਕਾਇਤ ਲੈ ਕੇ ਗੁਰੂ ਜੀ ਦਿੱਲੀ ਨੂੰ ਗਏ ਤਾਂ ਮਾਤਾ ਗੁਜਰੀ ਨੂੰ ਪਤਾ ਸੀ ਕਿ ਉਨ੍ਹਾਂ ਦਾ ਜਿਉਂਦੇ ਵਾਪਸ ਆਉਣਾ ਸੰਭਵ ਨਹੀਂ ਤਾਂ ਵੀ ਉਨ੍ਹਾਂ ਨੇ ਖ਼ੁਸ਼ੀ ਖ਼ੁਸ਼ੀ ਆਪਣੇ ਪਤੀ ਨੂੰ ਲੋੜਵੰਦਾਂ ਦੀ ਮਦਦ ਕਰਨ ਲਈ ਤੋਰ ਦਿੱਤਾ। ਉਸ ਵੇਲੇ ਇਨ੍ਹਾਂ ਦਾ ਪੁੱਤ੍ਰ ਗੋਬਿੰਦ ਰਾਏ ਕੇਵਲ 9 ਬਰਸ ਦਾ ਹੀ ਸੀ। ਛੋਟੇ ਜਿਹੇ ਬੱਚੇ ਨੂੰ ਅਜਿਹੇ ਹਾਲਾਤ ਵਿੱਚ ਪਾਲਣਾ ਅਤੇ ਨਾਲ ਨਾਲ ਰਾਜਸੀ ਜਬਰ ਸਹਿਣਾ ਕੋਈ ਸਹਿਲ ਕੰਮ ਨਹੀਂ ਸੀ। 1675 ਤੋਂ 1686 ਤੱਕ ਮਾਤਾ ਜੀ ਅਨੰਦ ਪੁਰ ਰਹੇ ਅਤੇ ਮਸੰਦਾਂ ਦੀਆਂ ਠੱਗੀਆਂ, ਚੋਰੀਆਂ ਅਤੇ ਬੇਈਮਾਨੀਆਂ ਦਾ ਮੁਕਾਬਲਾ ਕਰਦੇ ਰਹੇ । ਜਦੋਂ ਗੁਰੂ ਜੀ ਨੇ ਖਾਲਸਾ ਸਾਜਿਆ ਅਤੇ ਅੰਮ੍ਰਿਤ ਛਕਾਇਆ ਤਾਂ ਮਾਤਾ ਜੀ ਆਪ ਪੋਤਿਆਂ ਨੂੰ ਅੰਮ੍ਰਿਤ ਛਕਾਣ ਲਈ ਲੈ ਕੇ ਹਾਜ਼ਰ ਹੋਏ । ਯਾਦ ਰਹੇ ਕਿ ਉਸ ਵੇਲੇ ਬਾਬਾ ਜ਼ੋਰਾਵਰ ਸਿੰਘ ਕੇਵਲ 4 ਬਰਸ ਦੇ ਹੀ ਸਨ। **"ਦੇ ਖਾਂਡੇ ਕੀ ਪਾਹੁਲ ਤੇਜ ਬਢਾਇਆ॥ ਜ਼ੋਰਾਵਰ ਕਰ ਸਿੰਘ ਹੁਕਮ ਵਰਤਾਇਆ॥** ਅਨੰਦ ਪੁਰ ਦੇ ਪਹਿਲੇ ਜੰਗ ਵੇਲੇ ਮਾਤਾ ਜੀ ਨੇ ਗੁਰੂ ਗੋਬਿੰਦ ਸਿੰਘ ਨੂੰ ਕਿਹਾ ਕਿ ਖਾਲਸੇ ਦੀ ਕਮਾਂਡ ਬਾਬਾ ਅਜੀਤ ਸਿੰਘ ਦੇ ਹੱਥ ਦੇ ਦਿੱਤੀ ਜਾਵੇ। ਮਾਤਾ ਸੁੰਦਰੀ ਨੇ ਇਸ ਗੱਲ ਤੇ ਇਤਰਾਜ਼ ਕੀਤਾ ਕਿ ਅਜੀਤ ਸਿੰਘ ਅਜੇ ਛੋਟਾ ਹੈ। ਮਾਤਾ ਗੁਜਰੀ ਨੇ ਕਿਹਾ, "ਉਮਰ ਦੀ ਗੱਲ ਨਾ ਕਰੋ। ਸ਼ੇਰਾਂ ਦੇ ਬੱਚੇ ਸ਼ੇਰ ਹੀ ਹੁੰਦੇ ਹਨ"[135]

ਪ੍ਰਸਿੱਧ ਮਨੋਵਿਗਿਆਨੀ ਫਰਾਇਡ ਲਿਖਦਾ ਹੈ, *"ਮਨੁੱਖ ਦਾ ਅਸਤਿਤਵ ਪਹਿਲੇ ਪੰਜਾਂ ਸਾਲਾਂ ਵਿੱਚ ਹੀ ਪ੍ਰਫੁਲਤ ਹੋ ਜਾਂਦਾ ਹੈ"।* [136] ਮਾਤਾ ਗੁਜਰੀ ਜੀ ਨੇ ਫਰਾਇਡ ਦੇ ਇਸ ਕਥਨ ਨੂੰ ਸਾਬਤ ਕਰ ਦਿੱਤਾ। ਆਪ ਨੇ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਨੂੰ ਉਹ ਪਾਣ ਚਾੜ੍ਹੀ ਕਿ ਉਨ੍ਹਾਂ ਦਾ ਨਾਂ ਦੁਨੀਆਂ ਦੇ ਇਤਿਹਾਸ ਵਿੱਚ ਹਮੇਸ਼ਾ ਜਿੰਦਾ ਰਹੇਗਾ। ਮਾਤਾ ਜੀ ਦੀ ਸਿੱਖਿਆ ਦੇ ਅੱਗੇ ਵੱਡੇ ਵੱਡੇ ਖੱਬੀ ਖਾਨ ਮੌਲਵੀ ਤੇ ਕਾਜ਼ੀ ਵੀ ਹਾਰ ਗਏ ਅਤੇ ਬੱਚਿਆਂ ਨੂੰ ਮੁਸਲਮਾਨ ਨਾ ਬਣਾ ਸਕੇ। ਦੁਨੀਆਂ ਵਿੱਚ ਕਿਧਰੇ ਵੀ ਐਸੀ ਮਿਸਾਲ ਨਹੀਂ ਮਿਲਦੀ ਕਿ 7 ਅਤੇ 9 ਸਾਲ ਦੇ ਬੱਚਿਆਂ ਨੇ ਧਰਮ ਦੀ ਖ਼ਾਤਰ ਖ਼ੁਸ਼ੀ ਖ਼ੁਸ਼ੀ ਜਾਨ ਕੁਰਬਾਨ ਕਰ ਦਿੱਤੀ ਹੋਵੇ (12 ਦਸੰਬਰ 1704)। ਮਾਤਾ ਜੀ ਨੂੰ ਵੀ ਠੰਢੇ ਬੁਰਜ ਵਿੱਚ ਤਸੀਹੇ ਸਹਾਰਨੇ ਪਏ ਜਿਸ ਕਾਰਨ ਉਹ ਵੀ 28 ਦਸੰਬਰ 1704 ਨੂੰ ਪ੍ਰਾਣ ਤਿਆਗ ਗਏ।

ਮਾਤਾ ਗੁਜਰੀ ਸ਼ਹੀਦ ਦੀ ਪਤਨੀ, ਸ਼ਹੀਦ ਦੀ ਮਾਂ ਅਤੇ ਸ਼ਹੀਦਾਂ ਦੀ ਦਾਦੀ ਅਖਵਾਉਂਦੀ ਹੈ ਅਤੇ ਉਸ ਦਾ ਆਪਣਾ ਨਾਂ ਵੀ ਸ਼ਹੀਦਾਂ ਵਿੱਚ ਹੀ ਬੋਲਦਾ ਹੈ।

---

[135] "ਪੁਰਾਤਨ ਇਤਿਹਾਸਿਕ ਜੀਵਨੀਆਂ" ਪ੍ਰਿੰਸੀਪਲ ਸਤਿਬੀਰ ਸਿੰਘ

[136] "A man's entire personality is formed in the first five years of his life" (Sigmund Freud)

## 8.8 ਮਾਤਾ ਸੁੰਦਰੀ

ਲਹੌਰ ਦੇ ਰਾਮਸਰਨ ਕੁਮਾਰ ਦੀ ਪੁੱਤ੍ਰੀ ਦਾ ਵਿਆਹ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਇਆ। ਗੁਰੂ ਜੀ ਆਪ ਨੂੰ ਸੁੰਦਰੀ ਕਹਿ ਕੇ ਬੁਲਾਉਂਦੇ ਸਨ। ਗੁਰੂ ਜੀ ਦੇ ਅਨੰਦਪੁਰ ਛੱਡਣ ਉਪ੍ਰੰਤ ਮਾਤਾ ਸੁੰਦਰੀ ਜੀ ਮਾਤਾ ਸਾਹਿਬ ਕੌਰ ਜੀ ਨਾਲ ਦਿੱਲੀ ਰਹੇ ਅਤੇ ਉੱਥੋਂ ਹੀ ਥੋੜ੍ਹੇ ਸਮੇਂ ਲਈ ਗੁਰੂ ਜੀ ਨੂੰ ਦਮਦਮਾ ਸਾਹਿਬ ਮਿਲਣ ਲਈ ਆਏ। ਸਾਹਿਬਜ਼ਾਦਿਆਂ ਦੀ ਸ਼ਹੀਦੀ ਉਪ੍ਰੰਤ ਇੱਥੇ ਬੁਰਹਾਨਪੁਰ ਦੇ ਸੁਨਿਆਰਿਆਂ ਦਾ ਇੱਕ ਲੜਕਾ ਮਾਤਾ ਜੀ ਨੂੰ ਸ਼ਕਲ ਸੂਰਤ ਵਿੱਚ ਬਾਬਾ ਅਜੀਤ ਸਿੰਘ ਜੀ ਵਰਗਾ ਲੱਗਾ ਅਤੇ ਆਪ ਨੇ ਉਸ ਨੂੰ ਲੈ-ਪਾਲਕ ਪੁੱਤ੍ਰ (ਮੁਤਬੰਨਾ) ਬਣਾ ਲਿਆ। ਮਾਤਾ ਜੀ ਨੇ ਉਸ ਨੂੰ ਬੜੇ ਪਿਆਰ ਨਾਲ ਪਾਲਿਆ ਪੜ੍ਹਾਇਆ ਲਿਖਾਇਆ ਅਤੇ ਵਿਆਹ ਦਿੱਤਾ। ਪਰ ਇਸ ਲੜਕੇ ਨੇ ਮਾਤਾ ਜੀ ਦੇ ਪਿਆਰ ਦੀ ਕੋਈ ਕਦਰ ਨਾ ਪਾਈ। ਇਸ ਨੇ ਮਾਤਾ ਜੀ ਦੀ ਹਦਾਇਤ ਦੇ ਵਿੱਰੁਧ ਇੱਕ ਦਿਨ ਗੁਰੂ ਜੀ ਦੇ ਸ਼ਸਤਰ ਆਪਣੇ ਸਰੀਰ ਉੱਪਰ ਪਹਿਨ ਲਏ ਅਤੇ ਆਪਣੇ ਆਪ ਦੇ ਗੁਰੂ ਹੋਣ ਦਾ ਐਲਾਨ ਕਰ ਦਿੱਤਾ। ਜਦ ਮਾਤਾ ਜੀ ਨੇ ਇਤਰਾਜ਼ ਕੀਤਾ ਤਾਂ ਇਸ ਨੇ ਤਲਵਾਰ ਸੂਤ ਲਈ। ਮਾਤਾ ਜੀ ਨੇ ਮੌਕਾ ਸੰਭਾਲਣਾ ਹੀ ਠੀਕ ਸਮਝਿਆ ਤੇ ਕਿਹਾ, **"ਨਹ ਜਵਾਨੀ ਕੋ ਭੋਗਨ ਕਰੈਂ , ਦੁੱਖ ਕੇ ਧਰਮ ਹਾਰ ਕੈ ਮਰੈਂ ॥ ਹੋਵੈ ਦੁਰਦਸ਼ਾ ਪੁਰਿ ਮਹਿ ਤੇਰੀ, ਮਰਹਿ ਕੁਮੌਤ ਨਾਰਿ ਨਰ ਹੇਰੀ॥ (ਸੂਰਜ ਪ੍ਰਕਾਸ਼ ਪੰਨਾ 3110)**। ਅਜੇ ਥੋੜਾ ਹੀ ਚਿਰ ਬੀਤਿਆ ਸੀ ਕਿ ਮਾਤਾ ਜੀ ਦੀ ਭਵਿੱਖ ਬਾਣੀ ਸੱਚੀ ਸਿੱਧ ਹੋਈ। ਅਜੀਤ ਸਿੰਘ ਨੇ ਬੇ-ਨਵਾ ਨਾਂ ਦੇ ਇੱਕ ਮੁਸਲਮਾਨ ਫਕੀਰ ਨੂੰ ਕਤਲ ਕਰ ਦਿੱਤਾ ਅਤੇ ਉਸ ਦੀ ਲਾਸ਼ ਇੱਕ ਖੂਹ ਵਿੱਚ ਸੁੱਟ ਦਿੱਤੀ। ਗ੍ਰਿਫਤਾਰੀ ਦੇ ਹੁਕਮ ਹੋਣ ਤੇ ਜਾਨ ਬਚਾਉਣ ਲਈ ਕੇਸ ਕਤਲ ਕਰਵਾ ਦਿੱਤੇ ਅਤੇ ਬਾਦਸ਼ਾਹ ਫਰੁਖ਼ਸਿਅਰ ਨੂੰ ਲਿਖ ਭੇਜਿਆ ਕਿ ਮੈਂ ਗੁਰੂ ਗਰੂ ਕੋਈ ਨਹੀ ਮੈਨੂੰ ਮੁਆਫ ਕੀਤਾ ਜਾਵੇ ਕਿਉਂਕਿ ਇਹ ਕਤਲ ਮੇਰੇ ਕੋਲੋਂ ਸਿੱਖਾਂ ਨੇ ਧੱਕੇ ਨਾਲ ਕਰਵਾਇਆ ਹੈ। ਇਸ ਦੀਆਂ ਕਰਤੂਤਾਂ ਕਾਰਨ ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰੀ ਨੂੰ ਮਥਰਾ ਜਾ ਕੇ ਲੁਕ ਛਿਪ ਕੇ ਜਾਨ ਬਚਾਉਣੀ ਪਈ। [137] ਅਸਲੀਅਤ ਸਭ ਲੋਕਾਂ ਨੂੰ ਪਤਾ ਸੀ। ਇਸਨੂੰ ਛੇਤੀ ਹੀ ਗ੍ਰਿਫ਼ਤਾਰ ਕਰਕੇ 1718 ਵਿੱਚ ਹਾਥੀ ਦੇ ਪੈਰਾਂ ਨਾਲ ਬੰਨ੍ਹ ਕੇ ਦਿੱਲੀ ਦੀਆਂ ਗਲੀਆਂ ਵਿੱਚ ਘਸੀਟਿਆ ਗਿਆ।[138]

ਸਿੱਖਾਂ ਦੀ ਵਧਦੀ ਸ਼ਕਤੀ ਨਾਸ਼ ਕਰਨ ਲਈ ਫਰੁਖ਼ਸਿਅਰ ਨੇ ਨਾ ਕੇਵਲ ਫੌਜੀ ਤਾਕਤ ਹੀ ਵਰਤੀ ਸਗੋਂ ਕੂਟ ਨੀਤੀ ਤੋਂ ਵੀ ਕੰਮ ਲਿਆ। ਉਸ ਨੇ 1714 ਵਿੱਚ ਮਾਤਾ ਸੁੰਦਰੀ ਨਾਲ

[137] ਮੈਕਾਲਿਫ ਅਨੁਸਾਰ ਮਾਤਾ ਜੀ ਦਾ ਘਰ ਅਤੇ ਜਾਇਦਾਦ ਜ਼ਬਤ ਕਰ ਲਏ ਗਏ (ਭਾਗ 5 ਪੰਨਾ 254-257)

[138] ਇਸ ਤੋਂ ਬਾਆਦ ਇਸ ਦੇ ਪੁੱਤਰ ਹਾਥੀ ਸਿੰਘ ਨੇ ਸਿੱਖਾਂ ਦਾ ਅਗਲਾ ਗੁਰੂ ਹੋਣ ਦਾ ਐਲਾਨ ਕਰ ਦਿੱਤਾ ਅਤੇ ਇੱਕ ਧਰਮਸ਼ਾਲਾ ਉੱਪਰੋਂ ਗੁਰੂ ਨਾਨਕ ਦੇਵ ਜੀ ਦਾ ਨਾਂ ਹਟਾ ਕੇ ਉੱਥੇ ਆਪਣਾ ਨਾਂ ਲਿਖਵਾ ਦਿੱਤਾ। ਇਹ ਜਵਾਨੀ ਵਿੱਚ ਹੀ ਸਰਕਾਰੀ ਦਹਿਸ਼ਤਗਰਦੀ ਦਾ ਸ਼ਿਕਾਰ ਹੋ ਕੇ ਮਾਰਿਆ ਗਿਆ। ਇਸ ਦੇ ਚੇਲਿਆਂ ਨੇ ਇਸਦੀ ਇੱਕ ਸਮਾਧ ਸਬਜ਼ੀ ਮੰਡੀ ਦਿੱਲੀ ਵਿੱਚ ਬਣਾਈ ਹੋਈ ਹੈ।



ਸੰਪਰਕ ਬਣਾਇਆ ਅਤੇ ਮਾਤਾ ਜੀ ਅਤੇ ਬੰਦਾ ਸਿੰਘ ਨੂੰ ਜਗੀਰਾਂ ਭੇਟਾ ਕੀਤੀਆਂ। ਮਾਤਾ ਜੀ ਨੇ ਬੰਦਾ ਸਿੰਘ ਨੂੰ ਰਾਏ ਦੇਣ ਲਈ ਲਿੱਖ ਦਿਤਾ। ਪਰ ਚਾਲ ਡੂੰਘੀ ਸੀ ਜਿਸ ਦਾ ਮਾਤਾ ਜੀ ਨੇ ਪਤਾ ਲਗਾ ਲਿਆ ਸੀ। ਫਰੁਖ਼ਸਿਅਰ ਨੇ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਦੋਹਾਂ ਨੂੰ ਹੀ ਇੱਕ ਹਵੇਲੀ ਵਿੱਚ ਨਜ਼ਰਬੰਦ ਕਰ ਦਿੱਤਾ ਅਤੇ ਉਨ੍ਹਾਂ ਦੇ ਬਾਹਰ ਅੰਦਰ ਜਾਣ ਤੇ ਪਾਬੰਦੀ ਲਗਾ ਦਿੱਤੀ ਗਈ। ਫਰੁਖ਼ਸਿਅਰ ਦਾ ਖ਼ਿਆਲ ਸੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲਾਂ ਨੂੰ ਛੁਡਵਾਉਣ ਲਈ ਹਰ ਕੀਮਤ ਤੇ ਸਿੱਖ ਦਿੱਲੀ ਆਉਣਗੇ। ਸਿੱਖ ਵੰਡੇ ਗਏ ਅਤੇ ਦੋ ਰਾਵਾਂ ਹੋ ਗਈਆਂ। ਬੰਦਈ ਖਾਲਸਾ ਆਪਣੇ ਨਿਸ਼ਾਨੇ ਤੇ ਕਾਇਮ ਰਿਹਾ ਪਰ ਮੀਰੀ ਸਿੰਘ, ਬਿਨੋਦ ਸਿੰਘ, ਫਤਿਹ ਸਿੰਘ, ਸ਼ਾਮ ਸਿੰਘ ਅਤੇ ਕਾਨ੍ਹ ਸਿੰਘ ਆਪਣੇ ਆਪਣੇ ਜੱਥੇ ਲੈ ਕੇ ਅੱਡ ਹੋ ਗਏ ਅਤੇ ਤੱਤ ਖਾਲਸਾ ਅਖਵਾਏ। ਤਤ ਖਾਲਸਾ ਨੇ ਨਵੰਬਰ 1714 ਵਿੱਚ ਝਬਾਲ ਦੇ ਪਰਗਣੇ ਵਿੱਚ ਜਾਗੀਰ ਪ੍ਰਾਪਤ ਕਰ ਲਈ। ਇਸ ਤਰ੍ਹਾਂ 15000 ਸਿੱਖਾਂ ਦੇ ਟੁੱਟ ਜਾਣ ਕਰਕੇ ਮਾਤਾ ਜੀ ਬਹੁਤ ਦੁਖੀ ਹੋਏ। ਪੰਥ ਲਈ ਇਹ ਬੜਾ ਕਸ਼ਟ ਦਾ ਸਮਾਂ ਸੀ। ਮਾਤਾ ਜੀ ਦੋਹਾਂ ਧਿਰਾਂ ਨੂੰ ਸਮਝਾਉਂਦੇ ਰਹੇ।

ਲਾਹੌਰ ਦੇ ਗਗਵਰਨਰ ਅਬਦੁਸ ਸਮਦ ਖਾਂ ਵਲੋਂ ਕਸੂਰ ਦੇ ਹੁਸੈਨ ਖਾਂ ਨਾਲ ਲੜਾਈ ਹੋ ਰਹੀ ਸੀ ਜਦ ਬੰਦਾ ਸਿੰਘ ਨੇ ਮੌਕਾ ਤਾੜ ਕੇ ਲਹੌਰ ਤੇ ਹਮਲਾ ਕਰਨ ਦੀ ਨੀਤ ਨਾਲ ਕਹਾਲੀ ਪਿੰਡ ਜਾ ਡੇਰੇ ਲਾਏ। ਉਸ ਦਾ ਖ਼ਿਆਲ ਸੀ ਕਿ ਤੱਤ ਖਾਲਸਾ ਉਸ ਨਾਲ ਆ ਮਿਲੇਗਾ ਅਤੇ ਲਾਹੌਰ ਤੇ ਕਬਜ਼ਾ ਹੋਣ ਨਾਲ ਪੰਜਾਬ ਵਿੱਚੋਂ ਫਰੁਖ਼ਸਿਅਰ ਦਾ ਜ਼ੁਲਮੀ ਰਾਜ ਹਮੇਸ਼ਾ ਲਈ ਖ਼ਤਮ ਹੋ ਜਾਵੇਗਾ। ਪਰ ਹੋਇਆ ਇਸ ਦੇ ਉਲਟ। ਤੱਤ ਖਾਲਸਾ ਮੀਰੀ ਸਿੰਘ ਦੀ ਕਮਾਣ ਹੇਠ ਪਿੰਡ ਘਣੀਏਕੀ ਬੰਦੇ ਦੀ ਫੌਜ ਨਾਲ ਟਾਕਰਾ ਕਰਨ ਲਈ ਪਹੁੰਚ ਗਿਆ। ਬੰਦਾ ਸਿੰਘ ਭਰਾ-ਮਾਰੂ ਜੰਗ ਨਹੀਂ ਸੀ ਚਾਹੁੰਦਾ। ਉਸ ਨੇ ਲਾਹੌਰ ਫਤਿਹ ਕਰਨ ਦਾ ਵਿੱਚਾਰ ਛੱਡ ਦਿੱਤਾ ਅਤੇ ਪਿੱਛੇ ਹਟ ਗਿਆ। 1716 ਵਿੱਚ ਬੰਦਾ ਸਿੰਘ ਗੁਰਦਾਸ ਨੰਗਲ ਦੇ ਕਿਲ੍ਹੇ ਵਿੱਚ ਘੇਰੇ ਵਿੱਚ ਆ ਗਿਆ ਅਤੇ ਫੜਿਆ ਗਿਆ। ਫਰੁਖ਼ਸਿਅਰ ਦੀ ਚਾਲ ਕਾਮਯਾਬ ਰਹੀ। ਤਤ ਖ਼ਾਲਸੇ ਤੋਂ ਜਗੀਰ ਖੋਹ ਲਈ ਗਈ ਅਤੇ ਉਹ ਛੇਤੀ ਹੀ ਖ਼ਤਮ ਕਰ ਦਿੱਤਾ ਗਿਆ।[139]

ਮਾਤਾ ਜੀ ਨੇ ਆਪਣੇ ਪਤੀ ਦੇ ਚਲਾਣੇ ਤੋਂ ਬਾਅਦ ਖਾਲਸੇ ਦੀ ਹਰ ਤਰ੍ਹਾਂ ਅਗਵਾਈ ਕੀਤੀ ਅਤੇ ਖਾਲਸਾ ਸਿਧਾਂਤ ਨੂੰ ਵੀ ਨਾ ਭੁੱਲਣ ਦਿੱਤਾ। ਸਿੱਖਾਂ ਦੇ ਇਸ ਬਿੱਖੜੇ ਸਮੇਂ ਵਿੱਚ

[139] ਬੰਦਾ ਸਿੰਘ ਨੂੰ ਕੁਤਬ ਮੀਨਾਰ ਕੋਲ ਤਸੀਹੇ ਦਿਤੇ ਗਏ। ਉਸ ਦੇ ਪੁੱਤਰ ਅਜੈ ਸਿੰਘ ਦਾ ਦਿਲ ਕੱਢ ਕੇ ਉਸ ਦੇ ਮੂੰਹ ਵਿੱਚ ਥੁੱਨਿਆ ਗਿਆ । ਉਸ ਦੀਆਂ ਅੱਖਾਂ ਕੱਢ ਦਿੱਤੀਆਂ ਗਈਆਂ, ਪੈਰ ਕੱਟ ਦਿੱਤੇ ਗਏ, ਫੇਰ ਹੱਥ ਕੱਟੇ ਗਏ ਅਤੇ ਅੰਤ ਨੱਕ ਅਤੇ ਕੰਨ ਕੱਟ ਕੇ ਜਮੂਰਾਂ ਨਾਲ ਮਾਸ ਨੋਚਿਆ ਗਿਆ। ਉਸ ਦਾ ਸਿਰ ਹਥੌੜੇ ਨਾਲ ਫੇਹ ਦਿੱਤਾ ਗਿਆ। ਇਹ ਸਾਰਾ ਕੁਝ ਬੰਦਾ ਸਿੰਘ ਦੇ ਸਾਥੀਆਂ ਫਤਿਹ ਸਿੰਘ, ਗੁਲਾਬ ਸਿੰਘ ਅਤੇ ਆਲੀ ਸਿੰਘ ਦੇ ਸਾਹਣੇ ਉਨ੍ਹਾਂ ਨੂੰ ਡਰਾਉਣ ਲਈ ਕੀਤਾ ਗਿਆ। 10 ਜੁਨ 1716 ਨੂੰ ਉਹ ਸਾਰੇ ਸ਼ਹੀਦ ਕਰ ਦਿਤੇ ਗਏ (ਮੈਕਾਲਿਫ ਪੰਨਾ 239)। ਮੈਕਾਲਿਫ ਲਿਖਦਾ ਹੈ ਕਿ ਮਾਤਾ ਸੁੰਦਰੀ ਨੇ ਰਿਸ਼ਵਤ ਦੇ ਕੇ ਕਾਨ੍ਹ ਸਿੰਘ ਅਤੇ ਬਾਜ ਸਿੰਘ ਨੂੰ ਛੁਡਵਾ ਲਿਆ ਸੀ ਪਰ ਇਹ ਗੱਲ ਹੋਰ ਕਿਸੇ ਇਤਿਹਾਸਕਾਰ ਨੇ ਨਹੀਂ ਲਿਖੀ।

ਵੀ ਮਾਤਾ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਗ੍ਰੰਥੀ ਥਾਪ ਕੇ ਭੇਜਿਆ ਤਾਂ ਜੋ ਸਿੱਖਾਂ ਦਾ ਧਿਆਨ ਸਿਧਾਂਤਕ ਪੱਖ ਤੋਂ ਪਰੇ ਨਾ ਹੋ ਜਾਵੇ। ਸਮੇਂ ਸਮੇਂ ਤੇ ਉਹ ਖਾਲਸਾ ਪੰਥ ਨੂੰ ਸੇਧ ਦਿੰਦੇ ਰਹੇ। ਕਿਹਾ ਜਾਂਦਾ ਹੈ ਕਿ ਆਪ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਨੂੰ ਇੱਕੱਠਾ ਕਰਨ ਬਾਰੇ ਵੀ ਇਰਾਦਾ ਬਣਾਇਆ ਸੀ ਅਤੇ ਯੋਜਨਾ ਬਣਾਈ ਸੀ ਕਿ ਅੰਮ੍ਰਿਤਸਰ ਵਿੱਚ ਸਿੱਖ ਧਰਮ ਦੀ ਇੱਕ ਟਕਸਾਲ ਚਾਲੂ [140] ਕੀਤੀ ਜਾਵੇ ਜੋ ਸਿੱਖ ਸਿਧਾਂਤਾਂ ਦਾ ਪ੍ਰਚਾਰ ਕਰਦੀ ਰਹੇ। ਮਾਤਾ ਜੀ ਦਾ ਚਲਾਣਾ ਦਿੱਲੀ ਵਿਖੇ ਹੀ ਹੋਇਆ ਅਤੇ ਇੱਥੇ ਹੀ ਇਨ੍ਹਾਂ ਦੀ ਸਮਾਧੀ ਹੈ।

### 8.9 ਮਾਈ ਭੱਟੀ

ਮਾਈ ਭੱਟੀ ਗੁਰੂ ਗੋਬਿੰਦ ਸਿੰਘ ਜੀ ਦੀ ਅਨਿਨ ਭਗਤ ਅਤੇ ਪੂਰਨ ਗੁਰਸਿੱਖ ਬੀਬੀ ਸੀ। ਜਦੋਂ ਗੁਰੂ ਜੀ ਮਾਛੀਵਾੜੇ ਤੋਂ ਰਾਏਕੋਟ ਵੱਲ ਜਾ ਰਹੇ ਸਨ ਤਾਂ ਆਪ ਮਾਈ ਭੱਟੀ ਦੀ ਬੇਨਤੀ ਤੇ ਪਿੰਡ ਰਾਜੋਆਣਾ ਵਿਖੇ ਰੁਕੇ। ਇਸ ਵੇਲੇ ਗੁਰੂ ਜੀ ਨੂੰ ਸਾਂਭਣਾ, ਆਸਰਾ ਦੇਣਾ ਜਾਂ ਪ੍ਰਸ਼ਾਦਾ ਛਕਾਉਣਾ ਅਤੀ ਖ਼ਤਰਨਾਕ ਕੰਮ ਸੀ ਕਿਉਂਕਿ ਸ਼ਾਹੀ ਫੌਜ ਮਾਰੋ ਮਾਰ ਕਰਦੀ ਪਿੰਡੋ ਪਿੰਡ ਗੁਰੂ ਜੀ ਨੂੰ ਲੱਭ ਰਹੀ ਸੀ ਅਤੇ ਘਰ ਘਰ ਦੀ ਤਲਾਸ਼ੀ ਹੋ ਰਹੀ ਸੀ। ਮਾਈ ਭੱਟੀ ਨੇ ਖ਼ਤਰੇ ਦੀ ਪ੍ਰਵਾਹ ਨਾ ਕਰਦਿਆਂ ਨਾ ਕੇਵਲ ਗੁਰੂ ਜੀ ਨੂੰ ਸਾਂਭਿਆ ਬਲਕਿ ਆਪਣੇ ਦੋਹਾਂ ਪੁਤਰਾਂ ਨੂੰ ਪਾਲਕੀ ਚੁਕਵਾ ਕੇ ਗੁਰੂ ਜੀ ਨੂੰ ਟਾਲ੍ਹੀਆਂਣਾ ਰਾਏਕੋਟ ਪਹੁੰਚਾ ਕੇ ਆਈ। ਸਿੱਖ ਬੀਬੀਆਂ ਦਲੇਰੀ ਅਤੇ ਨਿਡਰਤਾ ਵਿੱਚ ਸਿੱਖ ਮਰਦਾਂ ਨਾਲੋਂ ਕਿਸੇ ਗੱਲੋਂ ਵੀ ਘੱਟ ਨਹੀਂ ਸਨ।

### 8.10 ਮਾਈ ਭਾਗਭਰੀ

ਮਾਈ ਭਾਗਭਰੀ ਸ੍ਰੀ ਨਗਰ (ਕਸ਼ਮੀਰ) ਦੀ ਇੱਕ ਬ੍ਰਾਹਮਣ ਔਰਤ ਸੀ ਜੋ ਕਿ ਗੁਰੂ ਹਰਗੋਬਿੰਦ ਜੀ ਦੀ ਅਨਿਨ ਭਗਤ ਸੀ। ਆਤਮਿਕ ਤ੍ਰੰਗ ਦੇ ਪ੍ਰਭਾਵ ਹੇਠ ਮਾਈ ਨੇ ਆਪ ਹੱਥੀਂ ਸੂਤ ਕੱਤ ਕੇ ਇੱਕ ਵਧੀਆ ਚੋਲ਼ਾ ਬਣਾਇਆ ਅਤੇ ਮਨ ਵਿੱਚ ਇਹ ਇੱਛਾ ਧਾਰੀ ਕਿ ਜੇ ਗੁਰੂ ਕਸ਼ਮੀਰ ਆਵੇ ਤਾਂ ਉਸ ਨੂੰ ਇਹ ਚੋਲ਼ਾਂ ਆਪ ਭੇਟਾ ਕਰਾਂ। ਪਰ ਗੁਰੂ ਜੀ ਤਾਂ ਸੈਂਕੜੇ ਮੀਲ ਦੂਰ ਪੰਜਾਬ ਵਿੱਚ ਸਨ। ਅਚਾਨਕ ਇੱਕ ਦਿਨ ਗੁਰੂ ਜੀ ਨੇ ਕਸ਼ਮੀਰ ਜਾਣ ਦਾ ਪ੍ਰੋਗ੍ਰਾਮ ਬਣਾ ਲਿਆ ਅਤੇ ਸ੍ਰੀ ਨਗਰ ਪਹੁੰਚ ਗਏ। ਪ੍ਰੇਮ ਬੈਰਾਗਣ ਮਾਈ ਭਾਗਭਰੀ ਨੂੰ ਗੁਰੂ ਜੀ ਦੇ ਕਸ਼ਮੀਰ ਆਗਮਨ ਬਾਰੇ ਕੋਈ ਜਾਣਕਾਰੀ ਨਹੀਂ ਸੀ। ਉਸ ਦੀ ਹੈਰਾਨੀ ਦੀ ਹੱਦ ਨਾ ਰਹੀ ਜਦ ਗੁਰੂ ਜੀ ਨੇ ਆਪ ਆ ਦਰਵਾਜ਼ਾ ਖੜਕਾਇਆ। ਭਾਗਭਰੀ ਆਪਣੀਆਂ ਅੱਖਾਂ ਤੇ ਭਰੋਸਾ ਨਾ ਕਰ ਸਕੀ। ਉਸ ਨੇ ਚੋਲ਼ਾ ਗੁਰੂ ਜੀ ਦੀ ਭੇਟਾ ਕੀਤਾ ਅਤੇ ਸੰਸਾਰ ਨੂੰ

[140] ਇਹ ਟਕਸਾਲ "ਸੱਤੋ ਕੀ ਗਲੀ" ਵਿੱਚ ਸ਼ੁਰੂ ਕੀਤੀ ਗਈ ਸੀ ਅਤੇ ਬਾਅਦ ਵਿੱਚ ਇਸਦੇ ਸੰਚਾਲਕ ਇੱਕ ਸਿੱਖ ਵਿਦਵਾਨ ਸਰਦਾਰ ਅਮੀਰ ਸਿੰਘ ਵੀ ਰਹੇ।



ਤਿਆਗ ਗਈ। ਭਾਗਭਰੀ ਨੇ ਸ਼ਾਇਦ ਜਮਦੂਤਾਂ ਨੂੰ ਗੁਰੂ ਜੀ ਦੇ ਆਉਣ ਤਕ ਰੋਕੀ ਹੀ ਰੱਖਿਆ ਸੀ। ਮਾਈ ਦੇ ਘਰ ਗੁਰੂ ਜੀ ਨੇ ਸਤਿਸੰਗ ਲਗਵਾ ਦਿੱਤਾ ਜਿੱਥੇ ਕਸ਼ਮੀਰ ਦੇ ਸਿੱਖ ਪਰਿਵਾਰ ਇੱਕੱਠੇ ਹੋ ਕੇ ਮਾਈ ਨੂੰ ਸਰਧਾਂਜਲ਼ੀ ਦਿੰਦੇ ਰਹੇ। [141]

### 8.11 ਬੀਬੀ ਰਾਜ ਕੌਰ

ਜੰਮਦੀਆਂ ਕੁੜੀਆਂ ਨੂੰ ਮਾਰ ਦੇਣ ਦਾ ਰਵਾਜ ਪੰਜਾਬ ਵਿੱਚ ਆਮ ਸੀ ਅਤੇ ਖਾਂਦੇ ਪੀਂਦੇ ਪਰਿਵਾਰ ਅਕਸਰ ਆਪਣੀਆਂ ਲੜਕੀਆਂ ਨੂੰ ਜਨਮ ਤੋਂ ਕੁੱਝ ਸਮੇਂ ਬਾਅਦ ਹੀ ਮਾਰ ਦਿੰਦੇ ਸਨ। ਜੀਂਦ ਦੇ ਰਾਜੇ ਗਜਪਤ ਦੇ ਘਰ ਇੱਕ ਬੇਟੀ ਪੈਦਾ ਹੋਈ ਤਾਂ ਉਸ ਨੂੰ ਇੱਕ ਲਕੜੀ ਦੇ ਡੱਬੇ ਵਿੱਚ ਪਾਕੇ ਜ਼ਮੀਨ ਵਿੱਚ ਦੱਬ ਦੇਣ ਦੀ ਸਕੀਮ ਬਣਾਈ ਗਈ। ਕਿਸੇ ਤਰ੍ਹਾਂ ਇਹ ਖ਼ਬਰ ਸੰਤ ਗੁੱਦੜ ਸਿੰਘ ਹੋਰਾਂ ਤੱਕ ਪਹੁੰਚ ਗਈ। ਸੰਤ ਜੀ ਪੂਰਨ ਗੁਰਸਿੱਖ ਸਨ। ਆਪ ਤੁਰਤ ਬਡਰੁੱਖਾਂ ਪਿੰਡ ਪਹੁੰਚੇ ਜਿੱਥੇ ਆਪਣੇ ਨਾਨਕੇ ਪਰਿਵਾਰ ਵਿੱਚ ਲੜਕੀ ਨੇ ਜਨਮ ਲਿਆ ਸੀ। ਸੰਤ ਜੀ ਨੇ ਪਰਿਵਾਰ ਨੂੰ ਫਿਟਕਾਰ ਪਾਈ ਅਤੇ ਲੜਕੀ ਨੂੰ ਆਪਣੇ ਨਾਲ ਲੈ ਗਏ।

ਜਦ ਇਹ ਲੜਕੀ ਜਵਾਨ ਹੋ ਕੇ ਵਿਆਹੁਣ ਯੋਗ ਹੋਈ ਤਾਂ ਬੜੀ ਬੁਧੀਮਾਨ ਅਤੇ ਨੀਤੀਵਾਨ ਸਾਬਤ ਹੋਈ। ਸੰਤ ਜੀ ਨੇ 1774 ਵਿੱਚ ਇਸ ਦੀ ਸ਼ਾਦੀ ਸਰਦਾਰ ਮਹਾਂ ਸਿੰਘ ਨਾਲ ਕਰ ਦਿੱਤੀ ਜੋ ਪਿੱਛੋਂ ਸ਼ੁੱਕਰਚਕੀਆ ਮਿਸਲ ਦੇ ਲੀਡਰ ਬਣੇ। ਬੀਬੀ ਰਾਜ ਕੌਰ ਦੇ ਪੇਟੋਂ ਹੀ ਮਹਾਂਬਲੀ ਸੂਰਮਾ ਮਹਾਰਾਜਾ ਰਣਜੀਤ ਸਿੰਘ ਪੈਦਾ ਹੋਇਆ ਜਿਸ ਨੇ ਪੰਜਾਬ ਉੱਪਰ ਰਾਜ ਕੀਤਾ ਅਤੇ ਆਪਣੀ ਬਹਾਦਰੀ ਦੀਆਂ ਧੁੰਮਾਂ ਸਾਰੀ ਦੁਨੀਆਂ ਵਿੱਚ ਪਾ ਦਿੱਤੀਆਂ।

### 8.12 ਬੀਬੀ ਰੂਪ ਕੌਰ

ਬੀਬੀ ਰੂਪ ਕੌਰ ਦੇ ਮਾਤਾ ਪਿਤਾ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੈ। ਇਸ ਨੂੰ ਗੁਰੂ ਹਰਿ ਰਾਏ ਸਾਹਿਬ ਨੇ ਇੱਕ ਰੂੜੀ ਉੱਪਰੋਂ ਚੁਕਵਾ ਕੇ ਪਾਲਿਆ ਸੀ ਅਤੇ ਇਸ ਦਾ ਨਾਂ ਰੂਪ ਕੌਰ ਰੱਖ ਦਿੱਤਾ ਸੀ। ਗੁਰੂ ਜੀ ਦੇ ਸਪੁੱਤਰ ਬਾਬਾ ਰਾਮ ਰਾਏ ਅਤੇ ਹਰ ਕ੍ਰਿਸ਼ਨ ਆਪ ਨਾਲ ਬਹੁਤ ਪਿਆਰ ਕਰਦੇ ਸਨ ਅਤੇ ਗੁਰੂ ਜੀ ਨੇ ਵੀ ਬੀਬੀ ਨੂੰ ਹਰ ਪ੍ਰਕਾਰ ਦੀ ਸਹੂਲਤ ਦਿੱਤੀ ਅਤੇ ਪੁਤ੍ਰਾਂ ਵਾਂਗ ਪਾਲਿਆ ਅਤੇ ਪੜ੍ਹਾਇਆ। ਬੀਬੀ ਜੀ ਨੇ ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਵਿੱਚ ਕਾਫੀ ਮੁਹਾਰਤ ਹਾਸਲ ਕੀਤੀ ਅਤੇ ਹਰ ਪ੍ਰਕਾਰ ਦਾ ਗਿਆਨ ਪ੍ਰਾਪਤ ਕੀਤਾ। ਇਸ ਦੀ ਬੁੱਧੀ ਬਹੁਤ ਤੀਖਣ ਸੀ ਤੇ ਸੁਭਾ ਬਹੁਤ ਨਿੱਘਾ ਸੀ। ਵੱਡੀ ਹੋਈ ਤਾਂ ਗੁਰੂ ਜੀ ਨੇ ਇਸ ਦੀ ਸ਼ਾਦੀ ਪਸਰੂਰ (ਸਿਆਲਕੋਟ ਤੋਂ 18 ਮੀਲ- ਹੁਣ ਪਾਕਿਸਤਾਨ) ਦੇ ਭਾਈ ਖੇਮ ਕਰਨ ਨਾਲ ਕਰ ਦਿੱਤੀ। ਬੀਬੀ ਜੀ ਦੇ ਪ੍ਰਮਾਤਮਾ ਨੇ ਇੱਕ ਪੁੱਤ੍ਰ ਦੀ ਦਾਤ

[141] ਮਾਈ ਆਪਣੇ ਪੁੱਤਰ ਸੇਵਾ ਰਾਮ ਦੀ ਪ੍ਰੇਰਨਾ ਨਾਲ ਸਿੱਖੀ ਵਿੱਚ ਆਈ ਸੀ। ਭਾਗ ਭਰੀ ਦੀ ਮੌਤ 1615 ਵਿੱਚ ਹੋਈ ਦੱਸੀ ਜਾਂਦੀ ਹੈ।

ਬਖਸ਼ੀ ਜਿਸ ਦਾ ਨਾਂ ਅਮਰ ਸਿੰਘ ਰੱਖਿਆ ਗਿਆ। ਇਹ ਪਰਿਵਾਰ ਪੁਸ਼ਤਾਂ ਤੱਕ ਗੁਰੂ ਘਰ ਨਾਲ ਜੁੜਿਆ ਰਿਹਾ। [142]

ਹਜ਼ਰਤ ਮੁਹੰਮਦ ਵਲੋਂ ਕਹੇ ਸ਼ਬਦ ਲੋਕਾਂ ਨੇ ਇੱਕੱਠੇ ਕਰ ਲਏ ਸਨ। ਬਾਅਦ ਵਿੱਚ ਇੱਕ ਪੁਸਤਕ ਵਿੱਚ ਇੱਕੱਠੇ ਕਰ ਦਿੱਤੇ ਗਏ ਜਿਸ ਨੂੰ ਹਦੀਸ ਕਹਿੰਦੇ ਹਨ। ਹਦੀਸ ਵਿੱਚ ਮੁਸਲਮਾਨਾਂ ਲਈ ਹਰ ਵਿਸ਼ੇ ਤੇ ਜਾਣਕਾਰੀ ਪ੍ਰਾਪਤ ਹੈ ਅਤੇ ਸਮੇਂ ਸਮੇਂ ਲੋਕਾਂ ਵਲੋਂ ਪੁੱਛੇ ਪ੍ਰਸ਼ਨਾ ਦੇ ਉੱਤਰ ਵੀ ਦਰਜ ਹਨ। ਬੀਬੀ ਰੂਪ ਕੌਰ ਨੂੰ ਵੀ ਗੁਰੂ ਹਰਿ ਰਾਏ ਜੀ ਦੀ ਹਦੀਸ ਤਿਆਰ ਕਰਨ ਦਾ ਖਿਆਲ ਆਇਆ। ਉਸ ਨੇ ਗੁਰੂ ਜੀ ਦੇ ਅੰਮ੍ਰਿਤ ਬਚਨ ਨੋਟ ਕਰਨੇ ਆਰੰਭ ਕਰ ਦਿੱਤੇ ਅਤੇ ਇੱਕ ਪੁਸਤਕ ਤਿਆਰ ਕਰ ਦਿੱਤੀ। ਇਸ ਪੁਸਤਕ ਵਿੱਚ ਗੁਰੂ ਜੀ ਦੇ ਜੀਵਨ ਬਾਰੇ ਅਤੇ ਸਮੇਂ ਸਮੇਂ ਕਹੇ ਸਬਦਾਂ ਅਤੇ ਪੁੱਛੇ ਪ੍ਰਸ਼ਨਾਂ ਦਾ ਉਲੇਖ ਹੈ। ਮਸਲਨ ਇਸ ਵਿੱਚ ਦੱਸਿਆ ਹੈ ਕਿ ਜਦ ਗੁਰੂ ਜੀ ਨਨਕਾਣਾ ਸਾਹਿਬ ਗਏ ਤਾਂ ਉਨ੍ਹਾਂ ਨੇ ਆਪਣਾ ਬਿਸਤਰਾ ਸਾਰਾ ਸਮਾਂ ਜ਼ਮੀਨ ਉੱਪਰ ਹੀ ਰੱਖਿਆ। ਕੀਰਤ ਪੁਰ ਬੀਬੀ ਜੀ ਦਾ ਇੱਕ ਰੁਮਾਲ ਵੀ ਦਿਖਾਇਆ ਜਾਂਦਾ ਹੈ। ਇੱਥੇ ਹੀ ਉਸ ਦਾ ਜਪੁਜੀ ਸਾਹਿਬ ਦਾ ਗੁੱਟਕਾ ਹੈ।

ਅਫਸੋਸ ਹੈ ਕਿ ਬੀਬੀ ਜੀ ਦੀ ਲਿਖਤ ਸੰਪੂਰਣ ਨਹੀਂ ਹੈ। ਪ੍ਰਾਪਤ ਕਾਪੀ ਵਿੱਚ ਸਿਰਫ 492 ਤੋਂ 559 ਸਫੇ ਹੀ ਮਿਲੇ ਹਨ।

**ਬੀਬੀ ਜੀ ਦੀ ਲਿਖਤ ਦਾ ਨਮੂਨਾ:**

"ਜਾਂ ਸਿੱਖ ਗੁਰੂ ਕੈ ਆਵੈ, ਦੁਆਰੈ ਜਾਇੱਕੈ ਗੁਰੂ ਕੈ ਦਰਸਨ ਬਾਝੁ ਚਿਤੁ ਹੋਰਥੈ ਰਖੈ ਨਾਹੀ। ਲੋਚਾ ਆਪਣੀ ਦਰਸ਼ਨ ਵਿੱਚ ਰਖੈ। ਦਰਸ਼ਨ ਅਘਾਇ ਦੇਖੈ ਅਤੇ ਉਪਦੇਸ਼ ਸੁਣੈ ਅਤੈ ਪਰਸਾਦੁ ਪਾਇ ਅਤੈ ਘਰਿ ਵਿਦਿਆ ਹੋਵੈ ਤਾਂ ਉਸ ਸਿੱਖ ਕੇ ਕੰਮ ਸੰਪੂਰਨੁ ਹੋਵਨਿ।30॥

ਗੁਰੂ ਆਖਿਆ ਪਰਦਰਬ ਨਹੀਂ ਹਿਰਣਾ, ਜੂਐ ਨਾਹੀ ਖੇਲਣਾ, ਪ੍ਰਗ੍ਰਿਹ ਨਹੀਂ ਜਾਣਾ। ਨਿੰਦਿਆ ਨਾਹੀਂ ਕਰਣੀ, ਮਦੁ ਨਾਹੀਂ ਪੀਵਣਾ। ਇਤਨੀਆਂ ਗੱਲਾਂ ਸਿੱਖਾਂ ਨੋ ਮੁਸ਼ਕਲ ਹੈਨਿ॥10॥

## 8.13 ਬੀਬੀ ਪ੍ਰਧਾਨ ਕੌਰ

ਇਹ ਮਹਾਰਾਜਾ ਆਲਾ ਸਿੰਘ ਅਤੇ ਮਾਈ ਫਤਿਹ ਕੌਰ (ਮਾਈ ਫੱਤੋ) ਦੀ ਬੇਟੀ ਸੀ ਜੋ 1661 ਵਿੱਚ ਪੈਦਾ ਹੋਈ। ਕਿਉਂਕਿ ਪਰਿਵਾਰ ਵਿੱਚ ਇੱਕਲੌਤੀ ਸੀ ਇਸ ਲਈ ਇਸ ਦੀ ਪਾਲਣਾ ਪੋਸਣਾ ਅਤੇ ਪੜ੍ਹਾਈ ਲਿਖਾਈ ਵੱਲ ਮਹਾਰਾਜੇ ਵਲੋਂ ਵਿਸ਼ੇਸ਼ ਧਿਆਨ ਦਿੱਤਾ ਗਿਆ। ਆਪਣੀ ਮਾਂ ਵਾਂਗ ਹੀ ਇਹ ਵੀ ਸਿੱਖ ਧਰਮ ਦੀ ਇੱਕ ਵਿਦਵਾਨ ਅਤੇ ਦਾਨੀ

[142] ਪਾਕਿਸਤਾਨ ਬਨਣ ਤੋਂ ਪਿੱਛੋਂ ਭਾਈ ਅਮਰ ਸਿੰਘ ਦਾ ਘਰਾਣਾ ਬਨੂੜ ਦੇ ਨੇੜੇ ਪਿੰਡ ਦਿਆਲਪੁਰਾ ਆ ਕੇ ਆਬਾਦ ਹੋਇਆ।



ਇਸਤ੍ਰੀ ਸਿੱਧ ਹੋਈ। ਇਸ ਦੀ ਸ਼ਾਦੀ ਬਾਬਾ ਬੁੱਢਾ ਜੀ ਦੇ ਪਰਿਵਾਰ ਵਿੱਚ ਅੰਮ੍ਰਿਤਸਰ ਸਰਦਾਰ ਸ਼ਾਮ ਸਿੰਘ ਨਾਲ ਹੋਈ। ਕਿਸਮਤ ਨੇ ਬੀਬੀ ਪ੍ਰਧਾਨ ਕੌਰ ਨਾਲ ਵਫਾ ਨਾ ਕੀਤੀ। ਪਹਿਲਾਂ ਤਾਂ ਆਪ ਦਾ ਇੱਕੋ ਇੱਕ ਪੁੱਤ੍ਰ ਚਲਾਣਾ ਕਰ ਗਿਆ ਅਤੇ ਛੇਤੀ ਹੀ ਬਾਅਦ ਪਤੀ ਵੀ ਵਿੱਛੋੜਾ ਦੇ ਗਿਆ। ਬੀਬੀ ਜੀ ਨੇ ਦੋਬਾਰਾ ਸ਼ਾਦੀ ਨਾ ਕਰਵਾਈ ਅਤੇ ਆਪਣਾ ਜੀਵਣ ਸਮਾਜ ਸੇਵਾ ਲਈ ਅਰਪਣ ਕਰ ਦਿੱਤਾ।

ਮਹਾਰਾਜਾ ਆਲਾ ਸਿੰਘ ਨੇ ਬੀਬੀ ਪ੍ਰਧਾਨ ਕੌਰ ਨੂੰ 30,000 ਰੁਪਏ ਸਾਲਾਨਾ ਜਾਗੀਰ ਦੇ ਦਿੱਤੀ ਪਰ ਬੀਬੀ ਜੀ ਨੇ ਇਸ ਵਿੱਚੋਂ ਇੱਕ ਪੈਸਾ ਵੀ ਆਪਣੇ ਲਈ ਨਾ ਖ਼ਰਚਿਆ। ਉਸ ਨੇ ਹਰੀਕੇ (ਉਦੋਂ ਤਸੀਲ ਕਸੂਰ ਵਿੱਚ) ਪਿੰਡ ਨੇ ਸਿੱਖ ਵਿਦਵਾਨ ਨਿੱਕਾ ਸਿੰਘ ਨੂੰ ਸਿੱਖ ਧਰਮ ਦੇ ਪ੍ਰਚਾਰ ਲਈ ਨਿਯੁਕਤ ਕਰ ਦਿੱਤਾ। ਉਦੋਂ ਪੰਜਾਬ ਵਿੱਚ ਸਕੂਲ ਨਹੀਂ ਸਨ। ਬੀਬੀ ਜੀ ਨੇ ਆਪਣਾ ਪਹਿਲਾ ਸਕੂਲ ਬਰਨਾਲੇ ਵਿੱਚ ਖੋਲ੍ਹ ਦਿੱਤਾ ਜਿੱਥੇ ਸਿੱਖ ਧਰਮ ਦੀ ਸਿੱਖਸ਼ਾ ਦੇ ਨਾਲ ਨਾਲ ਪੰਜਾਬੀ ਅਤੇ ਸੰਸਕ੍ਰਿਤ ਵੀ ਪੜ੍ਹਾਏ ਜਾਂਦੇ ਸਨ । ਇਸ ਸਕੂਲ ਦੇ ਖ਼ਰਚੇ ਅਤੇ ਭੋਜਨ ਲਈ ਮਾਇਆ ਬੀਬੀ ਜੀ ਆਪਣੀ ਜੇਬ ਵਿੱਚੋਂ ਹੀ ਦਿੰਦੇ ਸਨ। ਉਸ ਨੇ ਥਾਂ ਥਾਂ ਸਦਾ ਬਰਤ ਆਰੰਭ ਕਰ ਦਿਤੇ ਜਿੱਥੇ ਕੋਈ ਵੀ ਰਾਹੀ ਪਾਂਧੀਂ ਮੁਫਤ ਖਾਣਾ ਖਾ ਸਕਦਾ ਸੀ। ਇਹ ਲੰਗਰ ਦਿਨੇ ਰਾਤ ਖੁਲ੍ਹੇ ਰਹਿੰਦੇ ਸਨ।

ਬੀਬੀ ਜੀ ਸੰਸਕ੍ਰਿਤ ਦੇ ਵਿਦਵਾਨ ਸਨ। ਆਪ ਨੇ ਕਈ ਸੰਸਕ੍ਰਿਤ ਪੁਸਤਕਾਂ ਨੂੰ ਪੰਜਾਬੀ ਵਿੱਚ ਉਲਥਾਇਆ ਜਿਨਾਂ ਵਿੱਚੋਂ ਇੱਕ ਵਸ਼ਿਸ਼ਟ ਪੁਰਾਨ ਵੀ ਹੈ। ਇਸ ਨੇ ਪਿੰਡ ਖੁੱਡੀ ਵਿੱਚ ਡੇਰਾ ਬਾਬਾ ਨਿੱਕਾ ਸਿੰਘ ਸ਼ੁਰੂ ਕਰਵਾਇਆਂ ਅਤੇ ਉਸ ਦਾ ਸਾਰਾ ਖ਼ਰਚ ਬਾਬਾ ਆਲਾ ਸਿੰਘ ਨੂੰ ਦੇਣ ਲਈ ਮਨਾ ਲਿਆ। ਥੋੜੇ ਚਿਰ ਬਾਦ ਬਾਬਾ ਰਾਮਾ ਸਿੰਘ ਦਾ ਇੱਕ ਹੋਰ ਡੇਰਾ ਵੀ ਬੀਬੀ ਜੀ ਨੇ ਸ਼ੁਰੂ ਕਰਵਾ ਦਿੱਤਾ। ਇਨ੍ਹਾਂ ਡੇਰਿਆਂ ਤੋਂ ਇਲਾਵਾ ਬੀਬੀ ਜੀ ਨੇ ਬਰਨਾਲਾ ਅਤੇ ਪਟਿਆਲਾ ਵਿੱਚ ਕਈ ਥਾਈਂ ਖ਼ੂਹ ਲਗਵਾਏ ਅਤੇ ਕਈ ਧਰਮ ਸ਼ਾਲਾਵਾਂ ਸ਼ੁਰੂ ਕਰਵਾਕੇ ਉਨ੍ਹਾ ਨਾਲ ਲੰਗਰ ਚਾਲੂ ਕਰਵਾ ਦਿੱਤੇ।

ਬੀਬੀ ਪ੍ਰਧਾਨ ਕੌਰ ਨੇ ਹੀ ਬੀਬੀ ਵੀਰੋ ਦਾ ਰਿਸ਼ਤਾ ਇੱਕ ਗੁਰਮੁਖ ਪਰਿਵਾਰ ਵਿੱਚ ਭਾਈ ਧਰਮ ਸਿੰਘ ਰੰਧਾਵਾ ਨਾਲ ਕਰਵਾ ਦਿੱਤਾ ਜੋ ਕਿ ਨਵਾਬ ਕਪੂਰ ਸਿੰਘ ਦੇ ਸਾਥੀ ਸਨ। ਭਾਈ ਧਰਮ ਸਿੰਘ ਮਹਾਰਾਜਾ ਆਲਾ ਸਿੰਘ ਦੇ ਸਾਰੀ ਉਮਰ ਪਰਮ ਮਿੱਤਰ ਬਣੇ ਰਹੇ ਅਤੇ ਕਈ ਵਾਰੀ ਉਨ੍ਹਾਂ ਦੇ ਕੰਮ ਆਏ। ਮਹਾਰਾਜਾ ਆਲਾ ਸਿੰਘ ਉਨ੍ਹਾਂ ਨੂੰ ਆਜ਼ਮ ਬਾਈ (ਵੱਡਾ ਭਰਾ) ਕਹਿ ਕੇ ਬੁਲਾਇਆ ਕਰਦੇ ਸਨ।

## 8.14 ਬੀਬੀ ਭਾਨ ਕੌਰ ਛੀਨੀਵਾਲ

ਬੀਬੀ ਭਾਨ ਕੌਰ ਸੰਤ ਮੱਘਰ ਸਿੰਘ ਜੀ ਦੀ ਭੈਣ ਸਨ। ਆਪ ਦਾ ਕੱਦ 7 ਫੁੱਟ ਸੀ

ਅਤੇ ਸ੍ਰੀਰ ਬਹੁਤ ਰਿਸ਼ਟ ਪੁਸ਼ਟ। ਸੰਤ ਜੀ ਵਾਂਗ ਹੀ ਆਪ ਵੀ ਦਸਤਰਾ ਸਜਾਉਂਦੇ ਸਨ। ਸਿੱਖੀ ਧਰਮ ਦੀ ਲਗਨ ਇਨ੍ਹੀ ਸੀ ਕਿ ਆਪ ਜੀ ਨੇ ਪ੍ਰਚਾਰ ਲਈ ਬੀਬੀਆਂ ਦਾ ਇੱਕ ਪਰਚਾਰ ਜੱਥਾ ਤਿਆਰ ਕੀਤਾ ਜਿਸ ਵਿੱਚ ਸਭ ਬੀਬੀਆਂ ਕੀਰਤਨ ਕਰਦੀਆਂ ਸਨ। ਇਹ ਜੱਥਾ ਪਿੰਡੋ ਪਿੰਡ ਜਾ ਕੇ ਬੀਬੀਆਂ ਨੂੰ ਗੁਰਮਤ ਗਿਆਨ ਪ੍ਰਦਾਨ ਕਰਦਾ ਅਤੇ ਅੰਮ੍ਰਿਤ ਛਕਾਉਂਦਾ ਸੀ। ਬੀਬੀ ਜੀ ਆਪ ਗੁਰਮਤ ਦੇ ਵਿਦਵਾਨ ਸਨ ਅਤੇ ਹਰ ਵਿਸ਼ੇ ਤੇ ਬੜੀ ਵਧੀਆ ਕਥਾ ਕਰ ਸਕਦੇ ਸਨ। ਇਨ੍ਹਾਂ ਦਾ ਸਾਰਾ ਸਮਾਂ ਗੁਰਮਤ ਅਧਿਅਨ ਵਿੱਚ ਹੀ ਲੰਘਦਾ ਸੀ। ਗੁਰੂ ਜੀ ਨੇ ਕੁਝ ਐਸੀ ਬਖ਼ਸ਼ਿਸ਼ ਕੀਤੀ ਕਿ ਇਨ੍ਹਾਂ ਦੀ ਸ਼ਾਦੀ ਵੀ ਇਨ੍ਹਾਂ ਵਰਗੇ ਹੀ ਛੀਨੀਵਾਲ ਦੇ ਗੁਰੂ ਪਿਆਰੇ ਵਿਦਵਾਨ ਗੁਰਸਿੱਖ ਸਰਦਾਰ ਭਾਨ ਸਿੰਘ ਨਾਲ ਹੋ ਗਈ। ਹੁਣ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਬਣ ਗਈ। ਦੰਪਤੀ ਜੋੜਾ ਹੋਰ ਵੀ ਵਧ ਚੜ੍ਹ ਕੇ ਪੰਥ ਦੀ ਸੇਵਾ ਵਿੱਚ ਜੁਟ ਗਿਆ। ਬੀਬੀ ਜੀ ਅੰਮ੍ਰਿਤ ਛਕਾਉਣ ਤੋਂ ਬਿਨਾ ਅਨੰਦ ਕਾਰਜ ਨਹੀਂ ਸਨ ਕਰਦੇ ਅਤੇ ਨਾ ਹੀ ਕਰਨ ਦਿੰਦੇ ਸਨ। ਇਨ੍ਹਾਂ ਨੇ ਉਨ੍ਹਾਂ ਗੁੰਥੀਆਂ ਦੇ ਵਿਰੁੱਧ ਜ਼ਬਰਦਸਤ ਮੁਹਿੰਮ ਚਲਾਈ ਜੋ ਬਗ਼ੈਰ ਅੰਮ੍ਰਿਤ ਛਕਾਇਆਂ ਅਨੰਦ ਕਾਰਜ ਕਰਦੇ ਸਨ। ਆਪ ਨੇ ਆਪਣੇ ਹਥੀਂ 90 ਜੋੜਿਆਂ ਨੂੰ ਅੰਮ੍ਰਿਤ ਛਕਾਇਆ ਅਤੇ ਕਈ ਜੱਥੇ ਬਣਾ ਕੇ ਬੀਬੀਆਂ ਨੂੰ ਧਰਮ ਪ੍ਰਚਾਰ ਵਲ ਪਰੇਰਿਆ।

## 8.15 ਮੀਰ ਮੰਨੂ ਦੇ ਜ਼ੁਲਮ (1748-1753)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਸਿੱਖਾਂ ਉੱਪਰ ਬੜਾ ਕਸ਼ਟ ਦਾ ਸਮਾਂ ਸੀ। ਹਰ ਪਾਸੇ ਇਨ੍ਹਾਂ ਦਾ ਸ਼ਿਕਾਰ ਖੇਡਿਆ ਜਾ ਰਿਹਾ ਸੀ। ਆਪਣੇ ਬਚਾ ਲਈ ਸਿੱਖਾਂ ਪਾਸ ਲੜਨ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਸੀ ਇਸ ਲਈ ਜਿੱਥੇ ਕਿਧਰੇ ਵੀ ਦਾਅ ਲਗਦਾ ਸਿੱਖ ਵੀ ਘੱਟ ਨਾ ਕਰਦੇ ।[143] ਹਰ ਸਿੱਖ ਦਿੱਲੀ ਦੀ ਹਕੂਮਤ ਦੀਆਂ ਅੱਖਾਂ ਵਿੱਚ ਰੜਕਦਾ ਸੀ ਅਤੇ ਸਰਕਾਰ ਲਈ ਹਰ ਸਿੱਖ ਹੀ ਆਤੰਕਵਾਦੀ ਸੀ। ਫਰੁਖ਼ਸਿਅਰ ਦਾ ਖ਼ਿਆਲ ਸੀ ਕਿ ਸਿੱਖ ਪਿੰਡਾਂ ਵਿੱਚੋਂ ਭਰਤੀ ਹੁੰਦੇ ਹਨ ਇਸ ਲਈ ਉਸ ਨੇ ਹੁਕਮ ਕੱਢ ਦਿੱਤਾ ਕਿ ਪਿੰਡਾਂ ਦੇ ਹਰ ਸਿੱਖ ਨਰ,ਨਾਰੀ ਅਤੇ ਬੱਚੇ ਨੂੰ ਕਤਲ ਕਰ ਦਿੱਤਾ ਜਾਵੇ ਜਾਂ ਮੁਸਲਮਾਨ ਬਣਾ ਲਿਆ ਜਾਵੇ। 30,000 ਦੀ ਇੱਕ ਫੌਜ ਇਸੇ ਕੰਮ ਲਈ ਨਿਯੁਕਤ ਕਰ ਦਿੱਤੀ ਗਈ। ਇਹ ਫੌਜ ਪਿੰਡੋ ਪਿੰਡ ਜਾ ਕੇ ਸਿੱਖਾਂ ਦਾ ਕਤਲ-ਏ-ਆਮ ਕਰਨ ਲੱਗ ਪਈ। ਹਰੀ ਰਾਮ ਗੁਪਤਾ ਆਪਣੀ ਪੁਸਤਕ History of the Sikhs (Vol 2) ਦੇ ਪੰਨਾ 40 ਤੇ ਲਿਖਦੇ ਹਨ, **"ਉਨ੍ਹਾਂ ਨੇ ਪਿੰਡਾਂ ਦੇ ਸਰਪੰਚਾਂ ਕੋਲੋਂ ਲਿਖਤੀ ਹਲਫਨਾਮੇ ਲਿਖਵਾਏ ਕਿ ਉਹ ਪਿੰਡਾਂ ਵਿੱਚ**

[143] ਸਵਿਟਜ਼ਰਲੈਂਡ ਦਾ ਵਾਸੀ ਔਂਟੋਇਨ ਹੈਨਰੀ ਪੋਲੀਅਰ ਉਸ ਵੇਲੇ ਦਿੱਲੀ ਵਿੱਚ ਸੀ। ਪਿੱਛੋਂ 1776 ਵਿੱਚ ਉਸ ਨੇ ਲਿਖਿਆ, "ਨਜਫ ਖਾਂ (ਦਿਲੀ ਦਾ ਪ੍ਰਧਾਨ ਮੰਤ੍ਰੀ) ਦੇ 500 ਜਵਾਨ 50 ਸਿੱਖ ਘੋੜ ਸਵਾਰਾਂ ਨਾਲ ਲੜਨ ਦਾ ਹੌਸਲਾ ਨਾ ਕਰ ਸਕੇ" (Asiatic Annual Register 1800 page 32-34)



**ਸਿੱਖਾਂ ਨੂੰ ਨਹੀਂ ਵੜਨ ਜਾਂ ਰਹਿਣ ਦੇਣਗੇ। ਜੋ ਵੀ ਸਿੱਖ ਮਿਲੇ ਉਹ ਉਸ ਨੂੰ ਗ੍ਰਿਫ਼ਤਾਰ ਕਰ ਕੇ ਨੇੜੇ ਦੇ ਥਾਣੇ ਪਹੁੰਚਾਉਣਗੇ। ਸਥਾਨਕ ਸੂਹੀਏ ਰੱਖੇ ਗਏ ਜਿਨ੍ਹਾਂ ਦਾ ਕੰਮ ਸੀ ਸਿੱਖਾਂ ਬਾਰੇ ਹਰ ਛੋਟੀ ਮੋਟੀ ਖ਼ਬਰ ਨੇੜੇ ਦੀ ਫੌਜੀ ਪੋਸਟ ਕੋਲ ਜਾਂ ਥਾਣੇ ਪਹੁੰਚਾਉਣੀ। ਹੁਕਮ ਅਦੂਲੀ ਕਰਨ ਵਾਲਿਆਂ ਨੂੰ ਜੇਲ੍ਹ ਦੀ ਸਜ਼ਾ ਦਿੱਤੀ ਜਾਂਦੀ ਸੀ ਅਤੇ ਉਨ੍ਹਾਂ ਦੀ ਸਾਰੀ ਜਾਇਦਾਦ ਕੁਰਕ ਕਰ ਲਈ ਜਾਂਦੀ ਸੀ"।** ਹੁਕਮ ਸੀ ਕਿ ਖ਼ੂਬਸੂਰਤ ਸਿੱਖ ਲੜਕੀਆਂ ਨੂੰ ਹੱਥਕੜੀਆਂ ਲਾ ਕੇ ਲਾਹੌਰ ਪਹੁੰਚਾਇਆ ਜਾਵੇ। ਸਿੱਖ ਮਰਦ (ਅਤੇ ਕਈ ਥਾਈਂ ਔਰਤਾਂ ਵੀ) ਘਰ ਬਾਰ ਛੱਡ ਕੇ ਜੰਗਲਾਂ, ਬੀਆਬਾਨਾਂ ਅਤੇ ਪਹਾੜੀ ਖੱਡਾਂ ਵਿੱਚ ਜਾ ਲੁਕੇ। ਕਿਧਰੇ ਕੋਈ ਸਿੱਖ ਨਜ਼ਰ ਨਹੀਂ ਸੀ ਆਉਂਦਾ ।[144]

ਹਜ਼ਾਰਾਂ ਹੀ ਸਿੱਖ ਔਰਤਾਂ ਨੂੰ ਪਿੰਡਾਂ ਵਿੱਚੋਂ ਗ੍ਰਿਫਤਾਰ ਕਰਕੇ ਹਰ ਰੋਜ਼ ਲਾਹੌਰ ਲਿਆਂਦਾ ਜਾਣ ਲੱਗਾ। ਇਨ੍ਹਾਂ ਨੂੰ ਅਕਸਰ ਭੁੱਖੇ ਰਖਿਆ ਜਾਂਦਾ ਸੀ, ਬੱਚਿਆਂ ਤੋਂ ਨਿਖੇੜ ਲਿਆ ਜਾਂਦਾ ਸੀ ਅਤੇ ਫੌਜ ਲਈ ਚੱਕੀਆਂ ਉੱਪਰ ਅੰਨ ਪੀਹਣ ਤੇ ਲਾਇਆ ਜਾਂਦਾ ਸੀ। ਜੋ ਇਸਤ੍ਰੀਆਂ ਕੰਮ ਤੋਂ ਇਨਕਾਰ ਕਰਦੀਆਂ, ਕੰਮ ਘੱਟ ਕਰਦੀਆਂ ਜਾਂ ਬਹਿਸ ਕਰਦੀਆਂ ਉਨ੍ਹਾਂ ਦੇ ਬੱਚਿਆਂ ਦੇ ਟੋਟੇ ਕਰਕੇ ਉਨ੍ਹਾਂ ਦੇ ਗਲ਼ਾਂ ਵਿੱਚ ਪਾ ਦਿੱਤੇ ਜਾਂਦੇ ਸਨ। ਇਨ੍ਹੇ ਕਸ਼ਟ ਸਹਾਰਦਿਆਂ ਵੀ ਇੱਕ ਮਿਸਾਲ ਨਹੀਂ ਮਿਲਦੀ ਜਿੱਥੇ ਕਿਸੇ ਸਿੱਖ ਜ਼ਨਾਨੀ ਨੇ ਡਰ ਕੇ ਇਸਲਾਮ ਕਬੂਲ ਕਰ ਲਿਆ ਹੋਵੇ। ਮਾਝੇ ਦੀਆਂ ਕੁੱਝ ਸਿੱਖ ਔਰਤਾਂ ਕਿਸੇ ਤਰੀਕੇ ਨਾਲ ਜੇਲ੍ਹ ਵਿੱਚੋਂ ਭੱਜ ਨਿੱਕਲੀਆਂ ਅਤੇ ਕਾਹਨੂੰਵਾਨ ਦੇ ਜੰਗਲਾਂ ਵਿੱਚ ਛੁਪੇ ਸਿੱਖਾਂ ਨੂੰ ਪਿੰਡਾਂ ਵਿੱਚ ਵਾਪਰਦੀਆਂ ਘਟਨਾਵਾਂ ਬਾਰੇ ਜਾ ਦੱਸਿਆ। ਸਿੱਖ ਬੀਬੀਆਂ ਦੀ ਹੁੰਦੀ ਬੇ ਪਤੀ ਸੁਣ ਕੇ ਸਿੱਖਾਂ ਦੀਆਂ ਅੱਖਾਂ ਵਿੱਚ ਖ਼ੂਨ ਉੱਤਰ ਆਇਆ। 500 ਸਿੱਖਾਂ ਦਾ ਇੱਕ ਜੱਥਾ 1750 ਵਿੱਚ ਬੁੱਢਾ ਦਲ ਦੇ ਮੁਖੀ ਸਰਦਾਰ ਕਪੂਰ ਸਿੰਘ ਦੀ ਕਮਾਣ ਹੇਠ ਭੇਸ ਬਦਲ ਕੇ ਲਾਹੌਰ ਜਾ ਦਾਖ਼ਲ ਹੋਇਆ। ਇਸ ਜੱਥੇ ਨੇ ਮੀਰ ਮੰਨੂ ਨੂੰ ਜਿੰਦਾ ਪਕੜਨ ਜਾਂ ਕਤਲ ਕਰਨ ਦੀ ਸਕੀਮ ਬਣਾਈ ਪਰ ਉਸ ਦੀ ਕਿਸਮਤ ਚੰਗੀ ਸੀ ਕਿ ਉਹ ਬਚ ਗਿਆ।

ਉਪ੍ਰੋਕਤ ਘਟਨਾ ਤੋਂ ਪਿਛੋਂ 1753 ਵਿੱਚ ਸਰਦਾਰ ਕਪੂਰ ਸਿੰਘ ਨੇ ਲਾਹੌਰ ਤੇ ਇੱਕ ਵਾਰ ਫੇਰ ਹਮਲਾ ਕੀਤਾ ਅਤੇ ਮੀਰ ਮੰਨੂੰ ਦੀ ਜੇਲ੍ਹ ਵਿੱਚੋਂ ਹਜ਼ਾਰਾਂ ਔਰਤਾਂ ਨੂੰ ਰਿਹਾ ਕਰਵਾ

[144] ਜੰਮੂ, ਕਾਂਗੜਾ, ਹੋਸ਼ਿਆਰਪੁਰ ਦੀਆਂ ਪਹਾੜੀਆਂ, ਬੀਕਾਨੇਰ ਅਤੇ ਲੱਖੀ ਜੰਗਲ ਸਿੱਖਾਂ ਦੇ ਟਿਕਾਣੇ ਸਨ। ਇੱਕ ਮੁਸਲਮਾਨ ਦਰਬਾਰੀ ਮਿਲਕਿਨ ਜਿਸ ਦੀ ਡਿਊਟੀ ਸਿੱਖਾਂ ਨੂੰ ਕਤਲ ਕਰਨ ਦੀ ਸੀ ਪਿੰਡ ਦਮੋਦਰਨ (ਪੱਟੀ) ਨੇੜੇ ਸਿੱਖਾਂ ਨਾਲ ਹੋਈ ਇੱਕ ਝੜੱਪ ਬਾਰੇ ਲਿਖਦਾ ਹੈ ਕਿ ਸਿੱਖ ਇੱਕ ਮਹੀਨਾ ਲੜਦੇ ਰਹੇ ਅਤੇ ਅੰਤ ਸ਼ਾਹੀ ਫੌਜਾਂ 300 ਸਪਾਹੀਆਂ ਨੂੰ ਮੌਤ ਦੇ ਮੂੰਹ ਵਿੱਚ ਛੱਡ ਕੇ ਨੱਠ ਗਈਆਂ। Mr. Hari Ram Gupta quotes Milkin as follows in vol.2 page 284. "I was astonished to see three Sikh horsemen were driving away the whole force.I galloped after them for one Kos.I came across a large number of men lying dead on the way.But Mohammed Aqil dragged me back after a great resistance .We reached our troops safely."

ਲਿਆ।[145] 1760 ਵਿੱਚ ਖਾਲਸੇ ਨੇ ਇਨ੍ਹਾਂ ਬਹਾਦਰ ਔਰਤਾਂ ਦੀਆਂ ਕੁਰਬਾਨੀਆਂ ਦਾ ਮੁੱਲ ਪਾਉਂਦੇ ਹੋਏ ਸਿੱਖ ਅਰਦਾਸ ਵਿੱਚ ਬੀਬੀਆਂ ਦੀ ਕੁਰਬਾਨੀ ਨੂੰ ਸ਼ਾਮਲ ਕਰ ਲਿਆ। ਅੱਜ ਵੀ ਇਨ੍ਹਾਂ ਬੀਬੀਆਂ ਦੀ ਕੁਰਬਾਨੀ ਹਰ ਸਿੱਖ ਯਾਦ ਕਰਕੇ ਨਤਮਸਤਕ ਹੋ ਜਾਂਦਾ ਹੈ। ਧੰਨ ਹਨ ਸਾਡੀਆਂ ਸਿੱਖ ਬੀਬੀਆਂ। ਇਹ ਖਾਲਸੇ ਦੀ ਗੌਰਵਤਾ ਅਤੇ ਅਣਖ ਦੀਆਂ ਸੂਚਕ ਹਨ।

ਦਸੰਬਰ 1757 ਨੂੰ ਜਹਾਨ ਖਾਂਨ ਨੇ ਸੋਢੀ ਵਡਭਾਗ ਸਿੰਘ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦੇ ਦਿੱਤਾ। ਸੋਢੀ ਨੂੰ ਇਸ ਦਾ ਪਤਾ ਲੱਗ ਗਿਆ ਅਤੇ ਉਹ ਗੁਪਤ ਹੋ ਕੇ ਹੋਸ਼ਿਆਰਪੁਰ ਦੇ ਪਿੰਡ ਬਹੀਰੀ ਜਾ ਲੁਕਿਆ। ਜਹਾਨ ਖਾਨ ਦੇ ਕਮਾਂਡਰ ਨਸੀਰ ਅਲੀ ਨੇ ਸਥਾਨਕ ਸਿੱਖ ਅਸਥਾਨ [146] ਢਾ ਦਿੱਤਾ ਅਤੇ ਗਊਆਂ ਕਤਲ ਕਰਵਾ ਕੇ ਇਸ ਵਿੱਚ ਸੁਟਵਾ ਦਿੱਤੀਆਂ। ਉਸ ਨੇ ਸਾਰੀਆਂ ਹਿੰਦੂ ਸਿੱਖ ਔਰਤਾਂ ਨੂੰ ਧੱਕੇ ਨਾਲ ਇਸਲਾਮ ਕਬੂਲ ਕਰਵਾਇਆ ਅਤੇ ਆਲੇ ਦੁਆਲੇ ਦੇ ਪਿੰਡ ਤਬਾਹ ਕਰ ਦਿੱਤੇ। ਇੱਕ ਨੌਜਵਾਨ ਸਿੱਖ ਲੜਕੀ ਨਿਰਭੈ ਕੌਰ ਅਤੇ ਉਸ ਦੀ ਮਾਤਾ ਦੀਦਾਰ ਕੌਰ ਨੇ ਤਲਵਾਰ ਚੁੱਕ ਲਈ ਅਤੇ ਡੱਟ ਕੇ ਮੁਕਾਬਲਾ ਕੀਤਾ। ਉਨ੍ਹਾਂ ਨੇ ਕਈ ਬੀਬੀਆਂ ਨੂੰ ਇਸਲਾਮ ਕਬੂਲ ਕਰਨ ਤੋਂ ਅਤੇ ਮੁਸਲਮਾਨਾਂ ਦੇ ਹੱਥ ਆ ਜਾਣ ਤੋਂ ਬਚਾ ਲਿਆ।

ਅਫਸੋਸ ਹੈ ਕਿ ਸਿੱਖ ਇਤਿਹਾਸ ਦੇ ਇਸ ਖ਼ੂਨੀ ਯੁਗ ਦਾ ਪੂਰਾ ਇਤਿਹਾਸ ਉਪਲਬਧ ਨਹੀਂ ਹੈ। ਇੱਕ ਤਾਂ ਸਿੱਖਾਂ ਪਾਸ ਵਿਹਲ ਹੀ ਨਹੀਂ ਸੀ ਕਿ ਕੁੱਝ ਲਿਖ ਸਕਦੇ ਦੂਸਰੇ ਜਿਨ੍ਹਾਂ ਇਤਿਹਾਸਕਾਰਾਂ ਨੇ ਕੁੱਝ ਲਿਖਿਆ ਵੀ ਹੈ ਉਨ੍ਹਾਂ ਨੇ ਵੀ ਮੋਟੇ ਮੋਟੇ ਹਾਲਾਤ ਹੀ ਲਿਖੇ ਹਨ ਤੇ ਮਰਦਾਂ ਦਾ ਇਤਿਹਾਸ ਹੀ ਕਲਮਬੰਦ ਕੀਤਾ ਹੈ। ਇੱਥੇ ਅਸੀਂ ਪੰਜਾਬ ਦੇ ਕੁੱਝ ਪਿੰਡਾਂ ਦੀਆਂ ਬੀਬੀਆਂ ਦਾ ਇਤਿਹਾਸ ਲਿਖ ਰਹੇ ਹਾਂ ਜਿਸ ਨੂੰ ਕਿ ਸੰਤ ਵਿਸਾਖਾ ਜੀ [147] ਨੇ ਲਿਖ ਕੇ ਗੁੰਮ ਹੋਣ ਤੋਂ ਬਚਾ ਲਿਆ ਹੈ।

---

[145] ਇਸੇ ਸਾਲ ਹੀ 7 ਅਕਤੂਬਰ 1753 ਨੂੰ ਸਰਦਾਰ ਕਪੂਰ ਸਿੰਘ ਚਲਾਣਾ ਕਰ ਗਏ। ਮੀਰ ਮੰਨੂ 3 ਨਵੰਬਰ 1753 ਨੂੰ ਘੋੜੇ ਤੋਂ ਡਿੱਗ ਕੇ ਮਰ ਗਿਆ।

[146] ਇਹ ਅਸਥਾਨ (ਥੰਮ ਸਾਹਿਬ) ਅਤੇ ਪਿੰਡ ਗੁਰੂ ਅਰਜਨ ਦੇਵ ਜੀ ਨੇ 1598 ਵਿੱਚ ਵਸਾਏ ਸਨ। ਇੱਥੇ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰੂ ਅਰਜਨ ਦੇਵ ਜੀ ਦੇ ਹਥੀਂ ਤਿਆਰ ਕਰਵਾਈ ਪਹਿਲੀ ਬੀੜ ਸ਼ੀਸ਼ ਮਹਲ ਵਿੱਚ ਸੁਸ਼ੋਭਤ ਹੈ । 1833 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਇਸ ਥਾਂ ਨੂੰ ਮੁਰੰਮਤ ਕਰਵਾ ਕੇ ਮੁੜ ਉਸਾਰਿਆ ਅਤੇ ਫਤਿਹਪੁਰ ਨਾਂ ਦਾ ਪਿੰਡ ਇਸ ਗੁਰਦਵਾਰੇ ਦੇ ਨਾਂ ਲਾ ਦਿੱਤਾ।

[147] ਇਹ ਇਤਿਹਾਸ (ਮਾਲਵੇ ਦਾ ਇਤਿਹਾਸ) ਸੰਤ ਜੀ ਨੇ ਆਪਣੇ ਬਜ਼ੁਰਗਾਂ ਤੋਂ ਸੁਣ ਕੇ ਉਨ੍ਹਾਂ ਦੀਆਂ ਲਿਖਤਾਂ ਪੜ੍ਹ ਕੇ ਤਿਆਰ ਕੀਤਾ ਸੀ। ਉਨ੍ਹਾਂ ਨੇ ਲਿਖਣ ਤੋਂ ਪਹਿਲਾਂ ਪਿੰਡਾਂ ਦੇ ਦੌਰੇ ਕਰਕੇ ਸਾਰੀ ਸਮਗਰੀ ਇਕੱਠੀ ਕੀਤੀ ਸੀ। ਇਸ ਸਮੇਂ ਸਿੱਖ ਬੀਬੀਆਂ ਨਾਲ ਜੋ ਬੀਤੀ ਉਸ ਬਾਰੇ ਹੋਰ ਜਾਣਕਾਰੀ "ਬਹਾਦਰ ਸਿੰਘਣੀਆਂ" ਪੁਸਤਕ ਵਿੱਚ ਭਾਈ ਸੇਵਾ ਸਿੰਘ ਜੀ ਨੇ ਵੀ ਲਿਖੀ ਹੈ। ਸੰਤ ਜੀ ਨੇ ਇੱਕ ਹੋਰ ਪੁਸਤਕ ਇਸ ਅਸਥਾਨ ਬਾਰੇ ਲਿਖੀ ਜਿਸ ਦਾ ਨਾ ਹੈ "ਸਿੱਖ ਬੀਬੀਆਂ ਦਾ ਤਪੋਧਾਮ ਤੇ ਕੁਰਬਾਨਗਾਹ ਗੁਰਦਵਾਰਾ ਮੁਸ਼ਕਿਆਣਾ ਸ਼ਹੀਦ ਸਿੰਘਣੀਆਂ"



## 8.16 ਮਾਲਵੇ ਵਿੱਚ ਤਸੀਹਾ ਕੇਂਦਰ

ਸਾਰੇ ਪੰਜਾਬ ਵਿੱਚ ਸਿੱਖਾਂ ਨੂੰ ਫੜਨ ਅਤੇ ਕਤਲ ਕਰਨ ਲਈ ਤਸੀਹਾ ਕੇਂਦਰ ਬਣਾਏ ਗਏ ਸਨ ਜਿੱਥੇ ਬੱਚਿਆਂ ਅਤੇ ਜ਼ਨਾਨੀਆਂ ਨੂੰ ਲਿਆ ਕੇ ਉਨ੍ਹਾਂ ਦੇ ਮਰਦਾਂ ਬਾਰੇ ਤਸੀਹੇ ਦੇ ਕੇ ਜਾਣਕਾਰੀ ਲਈ ਜਾਂਦੀ ਸੀ। ਮਾਲਵੇ ਵਿੱਚ ਮੋਮਨ ਖਾਂ ਦੀ ਕਮਾਨ ਹੇਠ ਪਿੰਡ ਮੁੱਲਾਂਪੁਰ (ਲੁਧਿਆਣਾ) [148] ਵਿਖੇ ਅਜਿਹਾ ਇੱਕ ਤਸੀਹਾ ਕੇਂਦਰ ਖੋਲ੍ਹਿਆ ਗਿਆ ਸੀ। ਇਲਾਕੇ ਦੇ ਚੋਰਾਂ, ਬਦਮਾਸ਼ਾਂ, ਡਾਕੂਆਂ ਨੂੰ ਪੂਰੀ ਖੁਲ੍ਹ ਦੇ ਦਿੱਤੀ ਗਈ ਸੀ ਕਿ ਸਿੱਖਾਂ ਨੂੰ ਲੁੱਟਣ, ਮਾਰਣ ਜਾਂ ਫੜ ਕੇ ਲਿਆਉਣ ਅਤੇ ਇਨਾਮ ਪ੍ਰਾਪਤ ਕਰਨ। ਪਿੰਡਾਂ ਵਿੱਚੋਂ ਇਸਤ੍ਰੀਆਂ ਅਤੇ ਬੱਚੇ ਇੱਥੇ ਇੱਕਠੇ ਕਰ ਲਏ ਜਾਂਦੇ ਸਨ ਅਤੇ ਉਨ੍ਹਾਂ ਦੇ ਹੱਥ ਰੱਸਿਆਂ ਨਾਲ ਬੰਨ੍ਹ ਦਿੱਤੇ ਜਾਂਦੇ ਸਨ। ਇਸ ਥਾਂ ਤੋਂ 1962 ਵਿੱਚ ਇਸ ਤਰ੍ਹਾਂ ਇਸਤ੍ਰੀਆਂ ਅਤੇ ਬੱਚਿਆਂ ਦੀਆਂ ਬੰਨ੍ਹੀਆਂ ਹੋਈਆਂ ਲਾਸ਼ਾਂ ਦੇ ਪਿੰਜਰ ਨਿਕਲੇ ਸਨ। ਉਦੋਂ ਤੱਕ ਕਿਸੇ ਨੂੰ ਪਤਾ ਵੀ ਨਹੀਂ ਸੀ ਕਿ ਸੈਂਕੜੇ ਸਾਲਾਂ ਤੋਂ ਇਸ ਥਾਂ ਨੂੰ ਮੁਸ਼ਕਿਆਣਾ ਕਿਉਂ ਕਿਹਾ ਜਾਂਦਾ ਸੀ ਅਤੇ ਲੋਕ ਇਸ ਨੂੰ ਸ਼ਹੀਦਾਂ ਦੀ ਜਗ੍ਹਾ ਕਹਿ ਕੇ ਕਿਉਂ ਪੂਜਿਆ ਕਰਦੇ ਸਨ। ਸਥਾਨਕ ਗੁਰਸਿੱਖਾਂ ਨੇ ਹੁਣ ਇੱਥੇ ਗੁਰਦਵਾਰਾ **ਮੁਸ਼ਕਿਆਣਾ** ਸਥਾਪਤ ਕਰ ਦਿੱਤਾ ਹੈ। ਸ਼ਬਦ **ਮੁਸ਼ਕਿਆਣਾ** ਫਾਰਸੀ ਦੇ ਸ਼ਬਦ **ਮੁਸ਼ਕੀਦਨ** ਤੋਂ ਬਣਿਆ ਹੈ ਜਿਸ ਦਾ ਅਰਥ ਹੈ ਲੱਤਾਂ ਬਾਹਾਂ ਨੂੰ ਰੱਸਿਆ ਨਾਲ ਬੰਨ੍ਹਣਾ (ਮੁਸ਼ਕਾਂ ਕਸਣਾ)।

ਉਪ੍ਰੋਕਤ ਕੇਂਦਰ ਵਿੱਚ ਬਹੁਤੀਆਂ ਬੀਬੀਆਂ ਪਿੰਡ ਕੋਠਾਲਾ (ਮਲੇਰ ਕੋਟਲਾ) ਤੋਂ ਲਿਆਂਦੀਆਂ ਗਈਆਂ ਸਨ। ਕਿਧਰੇ ਕਿਧਰੇ ਬੀਬੀਆਂ ਨੇ ਆਪਣੀ ਇਜ਼ਤ ਅਤੇ ਜਾਨ ਬਚਾਉਣ ਲਈ ਲੜਾਈਆਂ ਵੀ ਕੀਤੀਆਂ। ਪਿੰਡ ਸਿੱਧ ਸਰ, ਬੇਰ, ਮਹਿਮੂਦ ਪੁਰਾ, ਘੋਸਲਾ ਅਤੇ ਝੰਮਟ ਵਿੱਚ ਬੀਬੀਆਂ ਨੇ ਡਟ ਕੇ ਮੁਕਾਬਲੇ ਕੀਤੇ ਅਤੇ ਲੜ ਕੇ ਸ਼ਹੀਦ ਹੋਈਆਂ। ਪਿੰਡ ਕੁਲਾੜ੍ਹ ਵਿੱਚ ਚੰਗਾ ਭਾਰਾ ਯੁੱਧ ਹੋਇਆ ਅਤੇ ਇੱਥੇ ਇਸ ਦੀ ਯਾਦ ਵਿੱਚ ਮਠ ਬਣੇ ਹੋਏ ਹਨ। ਅਜਿਹਾ ਹੀ ਇੱਕ ਭਾਰੀ ਟਾਕਰਾ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਨਡਾਲੀ ਅਤੇ ਵਰਪਾਲ ਵਿੱਚਕਾਰ ਹੋਇਆ ਜਿਥੇ ਬੀਬੀਆਂ ਨੇ ਚੜ੍ਹ ਕੇ ਆਏ ਧਾੜਵੀ ਦਰੋਗੇ (ਥਾਨੇਦਾਰ) ਨੂੰ ਵੀ ਚਿੱਤ ਕਰ ਦਿੱਤਾ ਸੀ। ਸੰਤ ਪੁਰਾ ਮਹੇਰਨਾ ਵਿੱਖੇ ਬੀਬੀਆਂ ਦੇ ਯੁੱਧ ਦੀ ਯਾਦ ਵਿੱਚ ਹੁਣ ਗੁਰਦਵਾਰਾ ਸੁਸ਼ੋਭਤ ਹੈ। ਕਲਸੀਆਂ, ਰਾਏਕੋਟ, ਬੱਧਣੀ ਅਤੇ ਹਠੂਰ[149] ਵਿੱਚ ਵੀ ਅਜਿਹੇ ਹੀ ਟਾਕਰੇ ਹੋਏ। ਮੁੱਲਾਂ-ਪੁਰ ਇੱਕੱਠੀਆਂ ਕੀਤੀਆਂ ਸਭ ਸਿੱਖ ਔਰਤਾਂ ਨੂੰ ਉਥੋਂ ਤੋਰ ਕੇ ਪਿੰਡ **ਗ਼ਾਲਿਬ ਕਲਾਂ** [150]

---

[148] ਇਹ ਪਿੰਡ ਲੁਧਿਆਣੇ ਤੋਂ 12 ਮੀਲ਼ ਫੀਰੋਜ਼ਪੁਰ ਜਾਣ ਵਾਲੀ ਸੜਕ ਉੱਪਰ ਸਥਿੱਤ ਹੈ

[149] ਹਠੂਰ ਵਿੱਚ "ਸਤੀਆਂ ਦੇ ਖੂਹ" ਅੱਜ ਵੀ ਯਾਦ ਕਰਵਾਉਂਦੇ ਹਨ ਕਿ ਕਿਵੇਂ ਬੀਬੀਆਂ ਨੇ ਆਪਣੀ ਇਜ਼ਤ ਬਚਾਉਣ ਲਈ ਖੂਹਾਂ ਵਿੱਚ ਛਾਲਾਂ ਮਾਰ ਕੇ ਕੁਰਬਾਨੀਆਂ ਦੇ ਦਿੱਤੀਆਂ ਪਰ ਸਿਦਕ ਨਹੀਂ ਹਾਰਿਆ।

[150] ਇਤਿਹਾਸ ਤੋਂ ਪਤਾ ਚਲਦਾ ਹੈ ਕਿ ਇੱਥੇ ਬੀਬੀਆਂ ਵਲੋਂ ਕਾਫੀ ਭਾਰਾ ਯੁੱਧ ਕੀਤਾ ਗਿਆ। "ਕਰਾੜੀ ਦਾ ਥੇਹ" ਉਹ ਥਾਂ ਹੈ ਜਿੱਥੇ ਬੀਬੀਆਂ ਵਲੋਂ ਬਗ਼ਾਵਤ ਕੀਤੀ ਗਈ ਅਤੇ ਕਈ ਸਰਕਾਰੀ ਅਧਿਕਾਰੀ ਮਾਰ ਦਿੱਤੇ ਗਏ । ਕਿਹਾ ਜਾਂਦਾ ਹੈ ਕਿ ਇੱਥੇ ਯੁੱਧ ਵਿੱਚ ਇੱਕ ਖੱਤ੍ਰੀ ਹਿੰਦੂ ਔਰਤ (ਕਰਾੜੀ?) ਨੇ ਬੀਬੀਆਂ ਦੀ ਅਗਵਾਈ ਕੀਤੀ। ਕਈ ਆਜ਼ਾਦ ਹੋ ਗਈਆਂ ਅਤੇ ਗਈਆਂ ਨੇ ਖੂਹਾਂ ਵਿੱਚ ਛਾਲਾਂ ਮਾਰ ਦਿੱਤੀਆਂ।

(ਲੁਧਿਆਣਾ) ਲਿਜਾਇਆ ਜਾਂਦਾ ਸੀ। ਇੱਥੇ ਉਨ੍ਹਾਂ ਵਿੱਚ ਹਠੂਰ ਅਤੇ ਆਲੇ ਦੁਆਲੇ ਦੇ ਹੋਰ ਪਿੰਡਾਂ ਵਿੱਚੋਂ ਆਈਆਂ ਹੋਰ ਕੈਦੀ ਔਰਤਾਂ ਆ ਮਿਲਦੀਆਂ ਸਨ। ਅਗਲਾ ਕੈਂਪ **ਕੋਟ ਈਸੇ ਖਾਂ** ਸੀ ਜਿੱਥੇ ਤਿਹਾੜਾ, ਭੂੰਦੜੀ, ਸਿੱਧਵਾਂ ਬੇਟ ਅਤੇ ਧਰਮ ਕੋਟ ਦੀਆਂ ਔਰਤਾਂ ਨੂੰ ਲਿਆਂਦਾ ਜਾਂਦਾ ਸੀ। ਇੱਥੇ ਸਭ ਨੂੰ ਗੱਡਿਆ ਰੇੜ੍ਹਿਆਂ ਵਿੱਚ ਭੁੱਖੇ ਭਾਣੇ ਲੱਦ ਕੇ ਲਾਹੌਰ ਨੂੰ ਤੋਰਿਆ ਜਾਂਦਾ ਸੀ। ਕੜਕਦੀ ਧੁੱਪ, ਪਿਆਸ, ਭੁੱਖ, ਸ਼ਰਮ, ਤਕਲੀਫ, ਮਾਰਕੁਟਾਈ ਅਤੇ ਲਾਚਾਰੀ ਵਿੱਚ ਅਨੇਕਾਂ ਰਾਹ ਵਿੱਚ ਹੀ ਮਰ ਜਾਂਦੀਆਂ ਸਨ। ਕੋਈ ਭਜ ਨਿੱਕਲਦੀ ਸੀ ਤਾਂ ਘਰ ਘਾਟ ਤਬਾਹ ਹੋਇਆ ਦੇਖ ਅਤੇ ਭਵਿੱਖਤ ਦੀ ਬੇਸਰੋਸਾਮਾਨੀ ਤੋਂ ਦੁਖੀ ਹੋ ਕੇ ਆਤਮ ਘਾਤ ਕਰ ਲੈਂਦੀ ਸੀ। ਕੋਈ ਮਿਸਾਲ ਨਹੀਂ ਮਿਲਦੀ ਕਿਸੇ ਸਿੱਖ ਜ਼ਨਾਨੀ ਨੇ ਇਸਲਾਮ ਕਬੂਲ ਕੇ ਆਪਣੀ ਜਾਂ ਆਪਣੇ ਬੱਚਿਆਂ ਦੀ ਜਾਨ ਬਚਾਈ ਹੋਵੇ।

ਲਾਹੌਰ ਪਹੁੰਚਣ ਵਾਲੀਆਂ ਔਰਤਾਂ ਨੂੰ ਸਭ ਤੋਂ ਪਹਿਲਾਂ ਮੀਰ ਮੰਨੂੰ ਦੇ ਪੇਸ਼ ਕੀਤਾ ਜਾਂਦਾ ਸੀ ਜਿੱਥੇ ਉਨ੍ਹਾਂ ਤੋਂ ਸਿੰਘਾਂ ਦੇ ਥਾਂ ਟਿਕਾਣਿਆਂ ਬਾਰੇ ਪੁੱਛਿਆਂ ਜਾਂਦਾ ਸੀ। ਉਨ੍ਹਾਂ ਨੂੰ ਕਿਹਾ ਜਾਂਦਾ ਸੀ ਕਿ ਥਾਂ ਟਕਾਣਾ ਦੱਸਣ ਵਾਲੀਆਂ ਨੂੰ ਜਾ ਇਸਲਾਮ ਕਬੂਲ ਕਰਨ ਵਾਲੀਆਂ ਨੂੰ ਛੱਡ ਦਿੱਤਾ ਜਾਵੇਗਾ। ਕਿਹਾ ਜਾਂਦਾ ਸੀ ਕਿ ਤੁਹਾਡੇ ਮਰਦ ਨਿਲੱਜ ਅਤੇ ਡਰਪੋਕ ਹਨ ਜੋ ਤੁਹਾਨੂੰ ਦੁੱਖਾਂ ਕਲੇਸ਼ਾਂ ਵਿੱਚ ਛੱਡ ਕੇ ਦੌੜ ਗਏ ਹਨ। ਖ਼ੂਬਸੂਰਤ ਜ਼ਨਾਨੀਆਂ ਨੂੰ ਤਰ੍ਹਾਂ ਤਰ੍ਹਾਂ ਦੇ ਸਬਜ਼ ਬਾਗ਼ ਦਿਖਾਏ ਜਾਂਦੇ ਸਨ ਪਰ ਸਭ ਔਰਤਾਂ ਨਫ਼ਰਤ ਨਾਲ ਉਨ੍ਹਾਂ ਦੀਆਂ ਗੱਲਾਂ ਨੂੰ ਅਣਗੌਲਿਆਂ ਕਰ ਛੱਡਦੀਆਂ ਸਨ। ਆਪਸ ਵਿੱਚ ਕੀਤੀ ਗਈ ਥੋੜੀ ਜਿਹੀ ਗੱਲਬਾਤ ਨੂੰ ਵੀ ਭੱਜਣ ਦੀ ਸਕੀਮ ਦੱਸਕੇ ਕਸ਼ਟ ਦਿੱਤਾ ਜਾਂਦਾ ਸੀ ਅਤੇ ਭੋਜਨ ਪਾਣੀ ਬੰਦ ਕਰ ਦਿੱਤਾ ਜਾਂਦਾ ਸੀ। ਮੂੰਹੋਂ ਅਵਾ ਤਵਾ ਬੋਲਣਾ ਤਾਂ ਸਿਪਾਹੀਆਂ ਵਿੱਚ ਆਮ ਹੀ ਸੀ। ਦ੍ਰਿੜ੍ਹ ਵਿਸ਼ਵਾਸ਼ੀ ਔਰਤਾਂ ਦੀ ਦ੍ਰਿੜ੍ਹਤਾ ਨੂੰ ਤੋੜਨ ਲਈ ਉਨ੍ਹਾਂ ਦੇ ਬੱਚਿਆਂ ਨੂੰ ਉੱਪਰ ਸੁੱਟ ਕੇ ਨੇਜ਼ਿਆਂ ਉੱਪਰ ਟੁੰਗ ਲਿਆ ਜਾਂਦਾ ਸੀ। ਕਸ਼ਟ ਨਾ ਸਹਾਰ ਕੇ ਸ਼ਹੀਦ ਹੋਈਆਂ ਔਰਤਾਂ ਨੂੰ ਇੱਕ ਮਸਜਿਦ ਦੇ ਨੇੜੇ ਦਬਾ ਦਿੱਤਾ ਜਾਂਦਾ ਸੀ। ਅੰਗ੍ਰੇਜ਼ ਸਰਕਾਰ ਵੇਲੇ 1935 ਵਿੱਚ ਸਿੱਖਾਂ ਨੇ ਮੁਕਦਮਾ ਲੜ ਕੇ ਇਹ ਮਸਜਿਦ ਵਾਲੀ ਥਾਂ ਪ੍ਰਾਪਤ ਕਰ ਲਈ। ਇੱਥੇ ਗੁਰਦਵਾਰਾ ਉਸਾਰਨ ਵੇਲੇ ਹਜ਼ਾਰਾਂ ਹੀ ਔਰਤਾਂ ਅਤੇ ਬੱਚਿਆਂ ਦੀਆਂ ਲਾਸ਼ਾਂ ਦੇ ਪਿੰਜਰ ਨਿਕਲੇ ਸਨ। ਕੁੱਝ ਕੁ ਦੇ ਪਿੰਜਰ ਮਸਜਿਦ ਦੀਆਂ ਕੰਧਾਂ ਵਿੱਚੋਂ ਵੀ ਮਿਲੇ। ਇੱਥੇ ਹੁਣ ਗੁਰਦਵਾਰਾ **ਸ਼ਹੀਦ ਗੰਜ ਸਿੰਘਣੀਆਂ** ਬਣਿਆਂ ਹੋਇਆ ਹੈ। ਇਨ੍ਹਾਂ ਸ਼ਹੀਦ ਬੀਬੀਆਂ ਦੀ ਕੁਰਬਾਨੀ ਲਈ ਸਿੱਖ ਪੰਥ ਹਮੇਸ਼ਾ ਰਿਣੀ ਰਹੇਗਾ।



# ਕਾਂਡ 9
## ਨੀਤੀਵਾਨ ਤੇ ਸੂਰਵੀਰ ਸਿੱਖ ਇਸਤ੍ਰੀਆਂ

ਸਿੱਖ ਇਸਤ੍ਰੀਆਂ ਵਲੋਂ ਜੋ ਬਹਾਦਰੀ ਦਿਖਾਈ ਗਈ ਹੈ ਉਹ ਇਤਿਹਾਸ ਵਿੱਚ ਹੋਰ ਕਿਧਰੇ ਘੱਟ ਹੀ ਦੇਖਣ ਨੂੰ ਮਿਲਦੀ ਹੈ। ਪੰਜਾਬ ਦੇ ਸਦੀਆਂ ਤੱਕ ਵਿਗੜੇ ਰਹੇ ਹਾਲਾਤ ਕਾਰਨ ਪੰਜਾਬੀ ਔਰਤਾਂ ਵਿੱਚ ਘਟੀਆਪਣ ਦਾ ਅਹਿਸਾਸ ਆ ਜਾਣਾ ਕੁਦਰਤੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਅਹਿਸਾਸ ਹਮੇਸ਼ਾਂ ਲਈ ਨਸ਼ਟ ਕਰਨ ਦਾ ਬੀੜਾ ਚੁੱਕਿਆ ਅਤੇ ਔਰਤਾਂ ਵਿੱਚ ਇੱਕ ਨਵੀਂ ਰੂਹ ਫੂਕ ਦਿੱਤੀ। ਹੁਣ ਔਰਤ ਨੂੰ ਹੁਕਮ ਹੋਇਆ ਕਿ ਉਹ ਆਪਣੀ ਹਿਫਾਜ਼ਤ ਆਪ ਕਰੇ। ਇਹ ਪੰਜਾਬੀ ਇਤਿਹਾਸ ਦਾ ਇੱਕ ਕ੍ਰਾਂਤੀਕਾਰੀ ਮੋੜ ਸੀ ਜਿਸ ਨੇ ਭੋਲੀ ਭਾਲੀ, ਡਰੂ ਅਤੇ ਅਬਲਾ ਪੰਜਾਬੀ ਇਸਤ੍ਰੀ ਨੂੰ ਇੱਕ ਸੂਰਵੀਰ ਸਿਪਾਹੀ ਬਣਾ ਦਿੱਤਾ। ਹਰੀ ਰਾਮ ਗੁਪਤਾ ਲਿਖਦੇ ਹਨ, "ਇੱਕ ਪੈਂਡੂ ਜੱਟ ਜ਼ਨਾਨੀ ਹੁਣ ਕਿਸੇ ਪ੍ਰਕਾਰ ਵੀ ਸੁਸਤ, ਢਿੱਲੜ ਜਾਂ ਕਮਜ਼ੋਰ ਨਾ ਰਹੀ। ਖੁੱਲੀ ਹਵਾ,ਤਕੜੀ ਖ਼ੁਰਾਕ ਅਤੇ ਪਿੰਡਾਂ ਦੀ ਸਖ਼ਤ ਜਿੰਦਗੀ ਨੇ ਉਨ੍ਹਾਂ ਦੀ ਸਿਹਤ, ਸ਼ਕਤੀ ਅਤੇ ਮਜ਼ਬੂਤ ਡੌਲ਼ਿਆਂ ਵਿੱਚ ਉਹ ਊਰਜਾ ਭਰੀ ਕਿ ਉਨ੍ਹਾਂ ਨੇ ਤਲਵਾਰਾਂ ਚੁੱਕ ਲਈਆਂ ਅਤੇ ਖਾਲਸੇ ਦੇ ਜੰਗਾਂ ਯੁੱਧਾ ਵਿੱਚ ਭਰਪੂਰ ਹਿੱਸਾ ਲੈਣਾ ਆਰੰਭ ਕਰ ਦਿੱਤਾ"। (History of the Sikhs Vol2 p.274)

ਸਿੱਖ ਔਰਤਾਂ ਦੀ ਦਲੇਰੀ ਦੀ ਇੱਕ ਘਟਨਾ ਗੁਰੂ ਜੀ ਦੇ ਜੋਤੀ ਜੋਤ ਸਮਾਉਣ (1708) ਤੋਂ ਥੋੜ੍ਹਾਂ ਚਿਰ ਬਾਅਦ ਨਦੇੜ ਸਾਹਿਬ ਵਿੱਚ ਵਾਪਰੀ। ਇੱਥੇ ਕੁਝ ਮੁਸਲਮਾਨ ਸ਼ਰਾਰਤੀਆਂ ਨੇ ਗੁਰੂ ਜੀ ਦੇ ਅੰਗੀਠੇ ਨੂੰ ਨਸ਼ਟ ਕਰਨ ਦੇ ਯਤਨ ਕੀਤੇ। ਸਥਾਨਕ ਸਿੱਖਾਂ ਦੀ ਗਿਣਤੀ ਥੋੜ੍ਹੀ ਸੀ ਤੇ ਉਹ ਛੇਤੀ ਹੀ ਤਿੱਤਰ ਬਿੱਤਰ ਹੋ ਗਏ। ਪੰਜਾਬ ਵਿੱਚ ਖ਼ਬਰ ਪੁੱਜੀ ਤਾਂ ਮਾਲਵੇ ਦੀਆਂ ਲੱਗ ਪਗ 200 ਜ਼ਨਾਨੀਆਂ ਨੇ ਹਥਿਆਰ ਚੁੱਕ ਲਏ, ਕੇਸਰੀ ਬਾਣੇ ਪਾਏ ਅਤੇ ਘੋੜ ਸਵਾਰ ਹੋ ਕੇ ਨਦੇੜ ਜਾ ਪਹੁੰਚੀਆਂ। ਇੱਕ ਛੋਟੀ ਜਿਹੀ ਝੜੱਪ ਵਿੱਚ ਇਨ੍ਹਾਂ ਨੇ ਨਾ ਕੇਵਲ ਸ਼ਰਾਰਤੀਆਂ ਨੂੰ ਖਦੇੜ ਦਿੱਤਾ ਸਗੋਂ ਉਨ੍ਹਾਂ ਦਾ ਝੰਡਾ ਵੀ ਖੋਹ ਲਿਆ। ਗੁਰੂ ਜੀ ਦਾ ਅੰਗੀਠਾਂ ਪੂਰੀ ਤਰ੍ਹਾਂ ਤਿਆਰ ਹੋਣ ਤੱਕ ਇਹ ਉੱਥੇ ਡਟੀਆਂ ਰਹੀਆਂ।

ਤਾਰੀਖੇ ਪੰਜਾਬ ਦਾ ਕਰਤਾ ਅਹਿਮਦ ਸ਼ਾਹ ਬਟਾਲਵੀ ਸੂਰਵੀਰ ਸਿੱਖ ਜ਼ਨਾਨੀਆਂ ਦੀਆਂ ਬਹਾਦਰੀਆਂ ਬਾਰੇ ਜ਼ਿਕਰ ਕਰਦਿਆਂ ਲਿਖਦਾ ਹੈ ਕਿ ਸਰਦਾਰ ਬਘੇਲ ਸਿੰਘ ਦੀ ਪਤਨੀ ਨੇ ਜਿੰਨਾਂ ਚਿਰ ਜਿਉਂਦੀ ਰਹੀ ਮਹਾਰਾਜਾ ਰਣਜੀਤ ਸਿੰਘ ਨੂੰ ਆਪਣੀ ਰਿਆਸਤ

ਵਲ ਅੱਖ ਨਾ ਚੁੱਕਣ ਦਿੱਤੀ ।[151] ਰਾਹੋਂ ਵਾਲੇ ਤਾਰਾ ਸਿੰਘ ਦੀ ਵਿਧਵਾ ਇੱਕ ਬੇਹੱਦ ਅੱਛੀ ਪ੍ਰਬੰਧਕ ਸੀ। ਅੰਬਾਲੇ ਵਾਲੇ ਗੁਰਬਖਸ਼ ਸਿੰਘ ਦੀ ਪਤਨੀ ਇੱਕ ਚੰਗੇ ਰਾਜਨੀਤਕ ਵਜੋਂ ਜਾਣੀ ਜਾਂਦੀ ਸ਼ੀ। ਗੁਲਾਬ ਸਿੰਘ ਭੰਗੀ ਦੀ ਵਿਧਵਾ ਮਾਈ ਸੁੱਖਾਂ ਨੇ ਆਪਣੇ ਗੋਦੀ ਲਏ ਪੁਤ੍ਰ ਦਾ ਰਾਜ ਅੰਮ੍ਰਿਤਸਰ ਵਿੱਚ ਬੜੀ ਸਿਆਣਪ ਨਾਲ ਸਾਂਭਿਆ। ਪਠਾਣਕੋਟ ਵਾਲੇ ਸਰਦਾਰ ਨੌਧ ਸਿੰਘ ਦੀ ਪਤਨੀ ਜੌਂਸਾ ਇੱਕ ਮੰਨੀ ਪ੍ਰਮੰਨੀ ਰਾਜਨੀਤਕ ਸੀ। ਜਦ ਮਹਾਰਾਜਾ ਰਣਜੀਤ ਸਿੰਘ ਨੇ ਸਿਆਲਕੋਟ ਵਾਲੇ ਸਰਦਾਰ ਦਿਆਲ ਸਿੰਘ ਨੂੰ ਫੜ ਕੇ ਕੈਦ ਕਰ ਲਿਆ ਅਤੇ ਉਸ ਦੀ ਪਤਨੀ ਸਹਿਜੋ ਨੂੰ ਦਿਆਲਗੜ੍ਹ ਦੇ ਕਿਲੇ ਵਿੱਚ ਘੇਰਾ ਪਾ ਲਿਆ ਤਾਂ ਉਹ ਇਨੀ ਬਹਾਦਰੀ ਨਾਲ ਲੜੀ ਕਿ ਮਹਾਰਾਜੇ ਨੂੰ ਸਰਦਾਰ ਕੇਸਰਾ ਸਿੰਘ ਰਾਹੀਂ ਰਾਜੀਨਾਮੇ ਲਈ ਮਜਬੂਰ ਹੋਣਾ ਪਿਆ। ਨਾਭੇ ਦੇ ਸਰਦਾਰ ਹਮੀਰ ਸਿੰਘ ਦੀ ਪਤਨੀ ਮਾਈ ਦੇਸੂ ਬਹਾਦਰੀ ਲਈ ਸਾਰੇ ਇਲਾਕੇ ਵਿੱਚ ਮਸ਼ਹੂਰ ਸੀ। ਜੀਂਦ ਦੇ ਰਾਜੇ ਵਲੋਂ ਉਸ ਦੇ ਪਤੀ ਨੂੰ ਹਰਾ ਕੇ ਕੈਦ ਕਰ ਲਿਆ ਗਿਆ। ਮਾਈ ਦੇਸੂ ਨੇ ਲੜ ਕੇ ਆਪਣਾ ਸਾਰਾ ਇਲਾਕਾ ਵਾਪਸ ਲਿਆ। 1738 ਵਿੱਚ ਜਦ ਉਸ ਦੇ ਪਤੀ ਦੀ ਮੌਤ ਹੋ ਗਈ ਤਾਂ ਉਹ 8 ਸਾਲ ਦੇ ਬੇਟੇ ਜਸਵੰਤ ਸਿੰਘ ਲਈ ਰਾਜ ਭਾਗ ਸੰਭਾਲਦੀ ਰਹੀ। ਮਹਾਰਾਜਾ ਰਣਜੀਤ ਸਿੰਘ ਦਾ ਪਿਤਾ ਸਰਦਾਰ ਮਹਾਂ ਸਿੰਘ ਕੇਵਲ 10 ਸਾਲ ਦਾ ਸੀ ਜਦੋਂ ਉਸ ਦੀ ਮਾਂ ਨੇ ਰਾਜ ਭਾਗ ਦਾ ਕੰਮ ਸੰਭਾਲਿਆ ਅਤੇ ਗੁਜਰਾਂਵਾਲੇ ਦਾ ਕਿਲ੍ਹਾ ਤਿਆਰ ਕਰਵਾਇਆ ਜਿਸ ਨੂੰ ਕਿ ਅਹਿਮਦ ਸ਼ਾਹ ਅਬਦਾਲੀ ਨਸ਼ਟ ਕਰ ਗਿਆ ਸੀ।

ਕਿਧਰੇ ਕਿਧਰੇ ਸਿੱਖ ਨੌਕਰਾਣੀਆਂ ਨੇ ਵੀ ਕਮਾਲ ਦੀ ਬਹਾਦਰੀ ਦਿਖਾਈ। ਜਦ ਮਹਾਰਾਜਾ ਰਣਜੀਤ ਸਿੰਘ ਦੇ ਸਬੰਧ ਆਪਣੀ ਸੱਸ ਸਦਾ ਕੌਰ ਨਾਲ ਵਿਗੜ ਗਏ ਤਾਂ ਉਸ ਨੇ ਇੱਕ ਤਕੜੀ ਫੌਜ ਮਿਸਰ ਦੀਵਾਨ ਚੰਦ ਦੀ ਕਮਾਨ ਹੇਠ ਸੱਸ ਉੱਪਰ ਹਮਲਾ ਕਰਨ ਲਈ ਭੇਜ ਦਿੱਤੀ। ਦੀਵਾਨ ਚੰਦ ਨੇ ਬਟਾਲਾ, ਪਠਾਣਕੋਟ ਅਤੇ ਮੁਕੇਰੀਆਂ ਤੇ ਕਬਜ਼ਾ ਕਰ ਲਿਆ ਅਤੇ ਅਟੱਲ ਗੜ੍ਹ ਦੇ ਕਿਲ੍ਹੇ ਨੂੰ ਘੇਰ ਲਿਆ। ਮਹਾਂਰਾਣੀ ਦੀ ਨੌਕਰਾਣੀ ਨੇ ਕਮਾਨ ਸੰਭਾਲੀ ਅਤੇ ਡੱਟ ਕੇ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ। ਆਪਣੀ ਪੂਰੀ ਤਾਕਤ ਲਾ ਕੇ ਵੀ ਦੀਵਾਨ ਚੰਦ ਕਿਲ੍ਹੇ ਵਿੱਚ ਨਾ ਵੜ ਸਕਿਆ। ਕਈ ਦਿਨ ਦੀ ਖੱਜਲ਼ ਖ਼ੁਆਰੀ ਤੋਂ ਬਾਅਦ ਇੱਕ ਚਲਾਕੀ ਨਾਲ ਕਿਲ੍ਹੇ ਦੇ ਦਰਵਾਜ਼ੇ ਖੁਲ੍ਹਵਾਏ ਗਏ।

*ਹਯਾਤ-ਏ-ਅਫ਼ਗ਼ਾਨੀ* ਵਿੱਚ ਇੱਕ ਸਿੱਖ ਔਰਤ ਦੀ ਕਹਾਣੀ ਹੈ। ਇਸ ਸਿੱਖ ਔਰਤ ਉੱਪਰ ਅਚਾਨਕ ਕਿਸੇ ਪਠਾਣ ਨੇ ਹਮਲਾ ਕਰ ਦਿੱਤਾ। ਔਰਤ ਨੇ ਉਸ ਨੂੰ ਥੱਲੇ ਸੁੱਟ ਲਿਆ ਤੇ ਤਲਵਾਰ ਖੋਹ ਲਈ। ਪਠਾਣ, ਜੋ ਆਮ ਕਰਕੇ ਬੜੇ ਬਹਾਦਰ ਹੁੰਦੇ ਹਨ, ਨੇ ਇਸ ਹਾਰ ਨੂੰ ਵੱਡੀ ਸ਼ਰਮਿੰਦਗੀ ਸਮਝਿਆ ਕਿ ਕਿਸੇ ਔਰਤ ਤੋਂ ਹਾਰ ਗਿਆ ਹੈ। ਉਸ ਨੇ ਬੇਨਤੀ ਕੀਤੀ ਕਿ ਉਹ ਔਰਤ ਉਸ ਨੂੰ ਮਾਰ ਦੇਵੇ। ਉਸ ਸਿੱਖ ਔਰਤ ਨੇ ਉਸ ਨੂੰ ਤਲਵਾਰ ਮੋੜਦਿਆਂ ਕਿਹਾ, "*ਮਰਦ ਹੈਂ ਤਾਂ ਕਿਸੇ ਮਰਦ ਨਾਲ ਮੱਥਾ ਲਾਈਂ ਕਿਸੇ ਔਰਤ ਤੇ ਵਾਰ ਨਾ ਕਰੀਂ*"

[151] ਪੰਜਾਬੀ ਐਡੀਸ਼ਨ: ਅਨੁਵਾਦ ਕਰਤਾ ਗੁਰਬਖਸ਼ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਨਾ 20. ਅਹਿਮਦ ਸ਼ਾਹ ਕਿਸੇ ਰਾਜਿੰਦਰ ਕੌਰ ਨਾਂ ਦੀ ਇਸਤ੍ਰੀ ਦੀ ਬਹਾਦਰੀ ਬਾਰੇ ਬੜਾ ਕੁੱਝ ਲਿਖਦਾ ਹੈ। ਹਰੀ ਰਾਮ ਗੁਪਤਾ ਵੀ ਪੰਨਾ 81 ਉੱਪਰ ਸਿੱਖ ਔਰਤਾਂ ਦੀ ਬਹਾਦਰੀ ਬਾਰੇ ਲਿਖਦਾ ਹੈ।



ਕਈ ਸਿੱਖ ਔਰਤਾਂ ਨੇ ਰਾਜ ਪ੍ਰਬੰਧ ਰਾਜਨੀਤੀ ਜਾਂ ਸੂਰਮਤਾਈ ਵਿੱਚ ਪਿਰਤਾਂ ਪਾਈਆਂ ਹਨ। ਇੱਥੇ ਅਸੀਂ ਕੁਝ ਕੁ ਦਾ ਵੇਰਵਾ ਦੇਵਾਂਗੇ

## 9.1 ਮਹਾਰਾਣੀ ਫੱਤੋ

ਪੰਜਾਬ ਵਿੱਚ ਕਾਫੀ ਸਮਾਂ ਇਹ ਰਿਵਾਜ ਰਿਹਾ ਸੀ ਕਿ ਜੰਮਦੀ ਲੜਕੀ ਨੂੰ ਮਾਰ ਦਿੱਤਾ ਜਾਂਦਾ ਸੀ। ਸਿੱਖ ਗੁਰੂ ਸਾਹਿਬਾਨ ਨੇ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਇਸ ਕੁਕਰਮ ਵਿੱਰੁਧ ਪ੍ਰਚਾਰ ਆਰੰਭਿਆ ਹੋਇਆ ਸੀ ਪ੍ਰਤੂੰ ਅਜੇ ਵੀ ਇਹ ਰਵਾਜ ਪੂਰੀ ਤਰ੍ਹਾਂ ਹਟਿਆ ਨਹੀਂ ਸੀ। ਮਾਈ ਫੱਤੋ ਨੂੰ ਜੰਮਿਦਆਂ ਹੀ ਮਾਰ ਦੇਣ ਦੀ ਗੱਲ ਦਾ ਪਤਾ ਭਾਈ ਭਗਤੂ ਦੀ ਔਲਾਦ ਦੇ ਭਾਈ ਦਿਆਲ ਸਿੰਘ ਨੂੰ ਲੱਗ ਗਿਆ। ਉਹ ਤੁਰਤ ਫੱਤੋ ਦੇ ਪਿਤਾ ਮਲੂਕਾ ਕੋਲ ਪੁੱਜਾ ਅਤੇ ਫੱਤੋ ਨੂੰ ਮਰਨ ਤੋਂ ਬਚਾ ਲਿਆ ਗਿਆ। ਉਸ ਨੇ ਲੜਕੀ ਦਾ ਨਾਂ ਫਤਿਹ ਕੌਰ ਰੱਖ ਦਿੱਤਾ ਅਤੇ ਪਾਲਣ ਲਈ ਆਪਣੇ ਪਾਸ ਲੈ ਗਿਆ। ਵਿਆਹੁਣ ਯੋਗ ਹੋਈ ਤਾਂ ਦਿਆਲ ਸਿੰਘ ਨੇ ਉਸ ਦਾ ਵਿਆਹ ਸਰਦਾਰ ਆਲਾ ਸਿੰਘ ਨਾਲ ਕਰ ਦਿੱਤਾ ਅਤੇ ਉਹ ਪਟਿਆਲੇ ਦੀ ਮਹਾਰਾਣੀ ਬਣ ਗਈ। ਮਾਈ ਫੱਤੋ ਸਾਰੀ ਉਮਰ ਭਾਈ ਭਗਤੂ ਦੀ ਔਲਾਦ ਦੀ ਰਿਣੀ ਰਹੀ। ਹਰੀ ਰਾਮ ਗੁਪਤਾ [152] ਲਿਖਦੇ ਹਨ ਕਿ ਮਾਈ ਫੱਤੋ ਇੱਕ ਦ੍ਰਿੜ੍ਹ ਸਿਆਸਤਦਾਨ, ਹੁਸ਼ਿਆਰ ਦਲੇਰ ਅਤੇ ਧਾਰਮਿਕ ਔਰਤ ਸੀ ਜਿਸ ਨੂੰ ਇਤਿਹਾਸ ਅਤੇ ਸਾਹਿਤ ਬਾਰੇ ਬੇਹੱਦ ਵਾਕਫੀਅਤ ਸੀ। ਮਹਾਰਾਜਾ ਆਲਾ ਸਿੰਘ ਨੇ ਜੋ ਵੀ ਪ੍ਰਾਪਤੀਆਂ ਕੀਤੀਆਂ ਉਨ੍ਹਾਂ ਵਿੱਚ ਬਹੁਤਾ ਯੋਗਦਾਨ ਮਾਈ ਫੱਤੋ ਦਾ ਹੀ ਸੀ।

ਮਹਾਰਾਜਾ ਆਲਾ ਸਿੰਘ ਦੇ ਖਾਲਸਾ ਦਲ ਨਾਲ ਸਬੰਧ ਮਹਾਰਾਣੀ ਫੱਤੋ ਰਾਹੀਂ ਹੀ ਹੁੰਦੇ ਸਨ ਅਤੇ ਖਾਲਸਾ ਦਲ ਵੀ ਮਹਾਰਾਣੀ ਦਾ ਬਹੁਤ ਆਦਰ ਸਤਿਕਾਰ ਕਰਦਾ ਸੀ। ਮਹਾਰਾਣੀ ਪੂਰਨ ਸ਼ਰਧਾਵਾਨ ਸਿੱਖ ਅਤੇ ਡੂੰਘੇ ਧਾਰਮਿਕ ਵਿੱਚਾਰਾਂ ਦੀ ਧਾਰਣੀ ਸੀ। ਉਹ ਆਪ ਲੰਗਰ ਵਿੱਚ ਹੱਥੀਂ ਸੇਵਾ ਕਰਦੀ ਅਤੇ ਗ਼ਰੀਬਾਂ ਨੂੰ ਹਰ ਮਹੀਨੇ ਦਾਨ ਦਿਆ ਕਰਦੀ ਸੀ। ਉਸ ਨੇ ਹੀ ਮਹਾਰਾਜਾ ਆਲਾ ਸਿੰਘ ਨੂੰ ਪ੍ਰੇਰਣਾ ਦੇ ਕੇ ਨਵਾਬ ਕਪੂਰ ਸਿੰਘ ਪਾਸੋਂ ਅੰਮ੍ਰਿਤ ਛਕਣ ਲਈ ਤਿਆਰ ਕਰ ਲਿਆ ਸੀ। ਮਹਾਰਾਜੇ ਨੇ ਮਹਾਰਾਣੀ ਫੱਤੋ ਦੀ ਗਲ

[152] History of the Sikhs By Hari Ram Gupta Vol 2 p.161

ਪ੍ਰਵਾਣ ਕਰ ਕੇ ਪਿੰਡ ਠੀਕਰੀਵਾਲਾ ਵਿੱਚ ਨਵਾਬ ਕਪੂਰ ਸਿੰਘ ਹਥੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ।

ਸਰਹਿੰਦ ਦਾ ਸੂਬੇਦਾਰ ਸਾਦਿਕ ਬੇਗ ਮਹਾਰਾਜਾ ਆਲਾ ਸਿੰਘ ਨਾਲ ਨਾਰਾਜ਼ ਹੋ ਗਿਆ ਕਿਉਂਕਿ ਮਹਾਰਾਜੇ ਨੇ ਸਾਦਕ ਬੇਗ ਦੇ ਕੱਢੇ ਹੋਏ ਲਛਮੀ ਦਾਸ ਨੂੰ ਨੌਕਰੀ ਤੇ ਰੱਖ ਲਿਆ ਸੀ। ਸਾਦਿਕ ਬੇਗ ਮਹਾਰਾਜੇ ਤੇ ਹਮਲਾ ਕਰਨ ਲਈ ਤਿਆਰੀ ਕਰਨ ਲੱਗਾ। ਆਲਾ ਸਿੰਘ ਨੇ ਅਹਿਮਦ ਸ਼ਾਹ ਅਬਦਾਲੀ ਨਾਲ ਲੜਾਈ ਵਿੱਚ ਜੁਟੇ ਮਰਹੱਟਿਆਂ ਨੂੰ ਕਾਫੀ ਸਾਰਾ ਰਾਸ਼ਨ ਭੇਜ ਦਿੱਤਾ ਸੀ ਜਿਸ ਕਾਰਨ ਅਹਿਮਦ ਸ਼ਾਹ ਅਬਦਾਲੀ ਵੀ ਮਹਾਰਾਜੇ ਨਾਲ ਨਾਰਾਜ਼ ਸੀ ਤੇ ਪਟਿਆਲੇ ਤੇ ਹਮਲਾ ਕਰਨ ਦੀ ਤਿਆਰੀ ਵਿੱਚ ਸੀ। ਮਹਾਰਾਜਾ ਬੁਰੀ ਤਰ੍ਹਾਂ ਫਸ ਗਿਆ ਸੀ। ਇੱਕ ਪਾਸੇ ਸਾਦਕ ਬੇਗ ਅਤੇ ਦੂਜੇ ਪਾਸੇ ਅਬਦਾਲੀ। ਮਹਾਰਾਣੀ ਨੇ ਇੱਕ ਸੁਘੜ ਨੀਤੀਵਾਨ ਵਾਂਗ ਸਰਦਾਰ ਭੋਲਾ ਸਿੰਘ ਅਤੇ ਬੀਰਮ ਢਿੱਲੋਂ ਨੂੰ ਅਹਿਮਦ ਸ਼ਾਹ ਦੀ ਤਾਕਤ ਦਾ ਅੰਦਾਜ਼ਾ ਲਾਉਣ ਲਈ ਦਿਲ਼ੀ ਵੱਲ ਭੇਜ ਦਿੱਤਾ ਅਤੇ ਆਪ ਮਹਾਰਾਜੇ ਦੀ ਮਦਦ ਲਈ ਫੌਜ ਲੈ ਕੇ ਸਾਦਕ ਬੇਗ ਦੇ ਟਾਕਰੇ ਲਈ ਪਿੰਡ ਮੂਣਕ ਪਹੁੰਚ ਗਈ। ਉਸ ਵੇਲੇ ਮਹਾਰਾਣੀ ਦਾ ਪੋਤ੍ਰਾ ਅਮਰ ਸਿੰਘ ਇਸ ਦੇ ਕੁੱਛੜ ਚੁੱਕਿਆ ਹੋਇਆ ਸੀ। ਅਫਗਾਨੀ ਫੌਜਾਂ ਨੇ ਬਰਨਾਲਾ ਲੁੱਟ ਲਿਆ ਪਰ ਮਹਾਰਾਣੀ ਨੇ ਚੁਸਤੀ ਨਾਲ ਪਟਿਆਲੇ ਨੂੰ ਬਚਾ ਲਿਆ। ਉਧਰ ਅਹਿਮਦ ਸ਼ਾਹ ਤੋਂ ਬਚਣ ਲਈ ਉਸ ਨੂੰ 5 ਲੱਖ ਰੁਪਿਆ ਦੇ ਕੇ ਦੋਸਤੀ ਕਰ ਲਈ । ਇਸ ਰਾਜ਼ੀਨਾਮੇ ਤੇ ਦਲ ਖਾਲਸਾ ਖੁਸ਼ ਨਹੀਂ ਸੀ ਪਰ ਉਨ੍ਹਾਂ ਨੇ ਮਾਈ ਫੱਤੋ ਦਾ ਲਿਹਾਜ਼ ਰਖਦਿਆਂ ਮਹਾਰਾਜਾ ਆਲਾ ਸਿੰਘ ਨੂੰ ਜੁਰਮਾਨਾ ਕਰ ਦਿਤਾ ਜੋ ਮਹਾਰਾਜੇ ਨੇ ਸਰਦਾਰ ਜੱਸਾ ਸਿੰਘ ਅਹਲੂਵਾਲੀਆ ਰਾਹੀਂ ਦਲ ਖਾਲਸੇ ਤਕ ਪਹੁੰਚਾ ਦਿੱਤਾ।

ਮਹਾਰਾਣੀ ਤਿੰਨ ਪੁੱਤਰ ਅਤੇ ਇੱਕ ਬੀਬੀ ਪ੍ਰਧਾਨ ਕੌਰ ਨੂੰ ਛੱਡ ਕੇ 1830 ਵਿੱਚ ਚਲਾਣਾ ਕਰ ਗਈ। ਅਜ ਤੱਕ ਮਾਈ ਫੱਤੋ ਰਾਜਨੀਤਕ ਅਤੇ ਮਹਾਂ ਦਾਨੀ ਦੇ ਤੌਰ ਤੇ ਜਾਣੀ ਜਾਂਦੀ ਹੈ। ਪਟਿਆਲੇ ਦੇ ਰਾਜ ਨੂੰ ਉਸ ਦੀ ਦੇਣ ਅਦੁੱਤੀ ਹੈ।

### 9.2 ਬੀਬੀ ਰਾਜਿੰਦਰ ਕੌਰ

ਬੀਬੀ ਰਾਜਿੰਦਰ ਕੌਰ ਮਹਾਰਾਜਾ ਆਲਾ ਸਿੰਘ ਦੀ ਪੋਤ੍ਰੀ ਸੀ ਇਹ ਫਗਵਾੜੇ ਦੇ ਚੌਧਰੀ ਤਿਲੋਕ ਚੰਦ ਨਾਲ ਵਿਆਹੀ ਹੋਈ ਸੀ। 1790 ਵਿੱਚ ਮਰਹੱਟਾ ਜਰਨੈਲ ਰਾਣੇ ਖਾਂ ਨੇ ਪਟਿਆਲਾ ਰਿਆਸਤ ਦੀ ਮਦਦ ਇਸ ਸ਼ਰਤ ਤੇ ਕੀਤੀ ਸੀ ਕਿ ਪਟਿਆਲੇ ਵਲੋਂ ਉਸ ਨੂੰ 6 ਲੱਖ ਰੁਪਇਆ ਦਿੱਤਾ ਜਾਵੇਗਾ। ਇਹ ਵਾਅਦਾ ਪਟਿਆਲੇ ਦੇ ਵਜ਼ੀਰ ਨਾਨੂੰ ਮੱਲ ਨੇ ਕੀਤਾ ਸੀ ਜੋ ਬਾਅਦ ਵਿੱਚ ਪੈਸੇ ਦੇਣ ਤੋਂ ਮੁੱਕਰ ਗਿਆ। ਰਾਣੇ ਖਾਂ ਨੇ ਪਟਿਆਲਾ ਰਿਆਸਤ ਦੇ ਪਿੰਡਾਂ ਵਿੱਚ ਹੁਲੜ੍ਹ ਮਚਾਉਣਾ ਸ਼ੁਰੂ ਕਰ ਦਿੱਤਾ ਤਾਂ ਬੀਬੀ ਰਾਜਿੰਦਰ ਕੌਰ ਉਸ ਨੂੰ ਭਰੋਸਾ



ਦਵਾ ਆਈ ਕਿ ਨਾਨੂੰ ਮੱਲ ਆਪਣਾ ਵਚਨ ਪੂਰਾ ਕਰ ਦੇਵੇਗਾ। ਪਰ ਨਾਨੂੰ ਮੱਲ ਨੇ ਬੀਬੀ ਦੀ ਕੋਈ ਗੱਲ ਨਾ ਸੁਣੀ। ਪੈਸੇ ਨਾ ਮਿਲਦੇ ਦੇਖਕੇ ਰਾਣੇ ਖਾਂ ਨੇ ਨਾਨੂੰ ਮੱਲ, ਉਸ ਦੇ ਪੁੱਤਰ ਦੇਵੀ ਦਿੱਤਾ, ਰਾਜਿੰਦਰ ਕੌਰ ਅਤੇ ਜਗਰਾਉਂ ਵਾਲੇ ਰਾਏ ਅਹਿਮਦ ਨੂੰ ਗ੍ਰਿਫਤਾਰ ਕਰ ਕੇ ਪਾਣੀਪਤ ਵੱਲ ਤੋਰ ਲਿਆ। ਪਾਣੀਪਤ ਪੁੱਜਦੇ ਹੀ ਰਾਏ ਅਹਿਮਦ ਤਾਂ ਕਿਸੇ ਤਰ੍ਹਾਂ ਚਲਾਕੀ ਨਾਲ ਖਿਸਕ ਗਿਆ ਅਤੇ ਨਾਨੂੰ ਮੱਲ ਵਚਨ ਪੂਰਾ ਕਰਨ ਲਈ ਮਾਇਆ ਲਿਆਉਣ ਦੇ ਬਹਾਨੇ ਵਾਪਸ ਆ ਗਿਆ। ਬੀਬੀ ਰਾਜਿੰਦਰ ਕੌਰ ਅਤੇ ਦੇਵੀ ਦਿੱਤਾ ਨੂੰ ਮਥਰਾ ਲਿਜਾ ਕੇ ਕੈਦ ਕਰ ਦਿੱਤਾ ਗਿਆ। ਅੰਤ ਨਾਨੂੰ ਮੱਲ ਮਾਇਆ ਲੈ ਕੇ ਹਾਜ਼ਰ ਹੋਇਆ ਤਾਂ ਇਨ੍ਹਾਂ ਦੀ ਬੰਦ ਖਲਾਸੀ ਹੋਈ।

1791 ਵਿੱਚ ਗੋਪਾਲ ਰਾਓ ਮਰਹਟਾ ਨੇ ਮਹਾਰਾਜੇ ਪਟਿਆਲੇ ਨੂੰ ਲਿਖਿਆ ਕਿ ਉਸ ਨੂੰ ਤਾਵਾਨ ਦੀ ਰਕਮ ਜੋ ਕਈ ਕਰੋੜ ਬਣਦੀ ਸੀ ਦਿੱਤੀ ਜਾਵੇ। ਨਾਨੂੰ ਮੱਲ ਨੇ 8 ਲੱਖ ਰੁਪਿਆ ਦੇਣਾ ਕਰ ਲਿਆ ਪਰ ਛੇਤੀ ਹੀ ਰਕਮ ਦੇਣ ਤੋਂ ਇਨਕਾਰ ਕਰ ਦਿੱਤਾ। ਬੀਬੀ ਰਾਜਿੰਦਰ ਕੌਰ ਨਾਨੂੰ ਮੱਲ ਨੂੰ ਨਾਲ ਲੈ ਕੇ ਝਗੜਾ ਨਜਿੱਠਣ ਲਈ ਗਈ ਪਰ ਗੋਪਾਲ ਰਾਓ ਨੇ ਦੋਹਾਂ ਨੂੰ ਕੈਦ ਕਰ ਲਿਆ ਅਤੇ 10,000 ਫੌਜ ਰਾਵਲੋ ਜੀ ਸਿੰਧੀਆਂ ਦੀ ਕਮਾਣ ਹੇਠ ਪਟਿਆਲੇ ਵੱਲ ਨੂੰ ਭੇਜ ਦਿੱਤੀ। ਅੰਤ ਬੀਬੀ ਰਾਜਿੰਦਰ ਕੌਰ ਨੇ ਅੰਗ੍ਰੇਜ਼ਾਂ ਨੂੰ ਵਿੱਚੋਲਾ ਮੰਨ ਕੇ ਰਾਜ਼ੀਨਾਮਾ ਕਰ ਲਿਆ ਅਤੇ ਦੋਵੇਂ ਛੱਡ ਦਿੱਤੇ ਗਏ।

ਛੇਤੀ ਹੀ ਪਿਛੋਂ ਜਨਰਲ ਪੈਰਨ ਨੇ ਪਟਿਆਲੇ ਤੇ ਹਮਲਾ ਕਰਨ ਦੀ ਨੀਤ ਨਾਲ 1 ਜਨਵਰੀ 1799 ਨੂੰ ਕਰਨਾਲ ਆ ਡੇਰੇ ਲਾਏ ਅਤੇ ਪਟਿਆਲੇ ਦੇ ਮਹਾਰਾਜਾ ਸਾਹਿਬ ਸਿੰਘ, ਜੀਂਦ ਦੇ ਰਾਜਾ ਭਾਗ ਸਿੰਘ, ਥਾਨੇਸਰ ਦੇ ਰਾਜਾ ਭੰਗਾ ਸਿੰਘ ਅਤੇ ਕੈਥਲ ਦੇ ਰਾਜਾ ਲਾਲ ਸਿੰਘ ਨੂੰ ਹਾਜ਼ਰ ਹੋਣ ਲਈ ਕਿਹਾ। ਪਰ ਇਨ੍ਹਾਂ ਸਭ ਨੇ ਇਨਕਾਰ ਕਰ ਦਿੱਤਾ ਅਤੇ ਲੜਾਈ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਜਨਰਲ ਪੈਰਨ ਕੋਲ ਫੌਜ ਬਹੁਤੀ ਸੀ ਅਤੇ ਉਸ ਦੀ ਮਦਦ ਲਈ ਕੁੰਜ ਤੋਂ ਗੁਲਸ਼ੇਰ ਖਾਂ ਵਲੋਂ ਵੀ ਫੌਜ ਪਹੁੰਚ ਗਈ। ਉਸ ਨੇ ਥਾਨੇਸਰ ਤੇ ਹੱਲਾ ਬੋਲ ਦਿੱਤਾ। ਭੰਗਾ ਸਿੰਘ ਭੱਜ ਕੇ ਪਟਿਆਲੇ ਜਾ ਵੜਿਆ। ਇੱਕ ਵਾਰ ਫੇਰ ਮਸਲ੍ਹਾ ਗੱਲ ਬਾਤ ਰਾਹੀਂ ਬੀਬੀ ਰਾਜਿੰਦਰ ਕੌਰ ਨੇ ਹੀ ਸੁਲਝਾਇਆ। ਬਦਕਿਸਮਤੀ ਨਾਲ ਨਾਨੂੰ ਮੱਲ ਦੀ ਸ਼ਾਰਤ ਕਾਰਨ ਇਹ ਰਾਜ਼ੀਨਾਮਾ ਮਹਾਰਾਜਾ ਸਾਹਿਬ ਸਿੰਘ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਬੀਬੀ ਨੂੰ ਮਿਲਣ ਤੋਂ ਵੀ ਇਨਕਾਰ ਕਰ ਦਿੱਤਾ। ਛੇਤੀ ਹੀ ਬਾਅਦ ਬੀਬੀ ਚਲਾਣਾ ਕਰ ਗਈ।

### 9.3 ਬੀਬੀ ਸਾਹਿਬ ਕੌਰ

ਬੀਬੀ ਸਾਹਿਬ ਕੌਰ ਪਟਿਆਲੇ ਦੇ ਰਾਜਾ ਸਾਹਿਬ ਸਿੰਘ ਦੀ ਭੈਣ ਸੀ ਅਤੇ ਰਾਜਾ

ਅਮਰ ਸਿੰਘ ਦੀ ਲੜਕੀ ਸੀ ।[153] ਇਸ ਦੀ ਸ਼ਾਦੀ ਫਤਿਹ ਗੜ੍ਹ ਚੂੜੀਆਂ ਦੇ ਕਨ੍ਹਈਆ ਮਿਸਲ ਦੇ ਸਰਦਾਰ ਹਕੀਕਤ ਸਿੰਘ ਦੇ ਪੁੱਤਰ ਜੈਮਲ ਸਿੰਘ ਨਾਲ ਹੋਈ ਸੀ ।[154] ਇਹ ਬੀਬੀ ਦੇਸ਼ ਭਗਤੀ ਅਤੇ ਬਹਾਦਰੀ ਦੀ ਜ਼ਿੰਦਾ ਮਿਸਾਲ ਸੀ। ਛੋਟੀ ਉਮਰ ਵਿੱਚ ਹੀ ਇਸ ਨੇ ਘੋੜ ਸਵਾਰੀ, ਤੀਰ ਅੰਦਾਜ਼ੀ ਅਤੇ ਤਲਵਾਰ ਚਲਾਉਣਾ ਸਿੱਖ ਲਏ ਸਨ। ਪਿਛੋਂ ਇਹ ਇੱਕ ਵਧੀਆ ਪ੍ਰਬੰਧਕ ਅਤੇ ਜਰਨੈਲ ਸਾਬਤ ਹੋਈ। ਇਸ ਨੇ ਅਤੇ ਇਸ ਦੇ ਭਰਾ ਸਾਹਿਬ ਸਿੰਘ ਨੇ ਪ੍ਰਸਿੱਧ ਸਿੱਖ ਲੀਡਰ ਸਰਦਾਰ ਬਘੇਲ ਸਿੰਘ ਪਾਸੋਂ ਅੰਮ੍ਰਿਤ ਛਕਿਆ।

ਅਮਰ ਸਿੰਘ ਦੀ ਮੌਤ ਵੇਲੇ (1782) ਸਾਹਿਬ ਸਿੰਘ ਕੇਵਲ 9 ਵਰ੍ਹਿਆਂ ਦਾ ਸੀ। ਇਹ ਬਹੁਤ ਕਮਜ਼ੋਰ ਦਿਲ, ਖ਼ੁਦ ਗਰਜ਼, ਲਾਈਲੱਗ, ਚਿੜਚਿੜਾ ਅਤੇ ਨਿਕੰਮਾ ਸੀ। ਇਸ ਨੂੰ ਦੌਰੇ ਪੈ ਜਾਂਦੇ ਸਨ ਅਤੇ ਇਹ ਕਿਸੇ ਉੱਪਰ ਵੀ ਭਰੋਸਾ ਨਹੀਂ ਸੀ ਕਰਦਾ। ਕਿਸੇ ਤਰ੍ਹਾਂ ਵੀ ਇਹ ਰਾਜ ਭਾਗ ਦੇ ਲਾਇਕ ਨਹੀਂ ਸੀ। ਇਸ ਨੇ ਸਾਰਾ ਕੰਮ ਨਾਨੂੰ ਮੱਲ ਵਜ਼ੀਰ ਤੇ ਛੱਡ ਦਿੱਤਾ ਹੋਇਆ ਸੀ। ਨਾਨੂੰ ਮੱਲ ਸੁਨਾਮ ਦਾ ਬਾਣੀਆਂ ਸੀ। ਇਹ ਨਿਹਾਇਤ ਹੀ ਬੇਈਮਾਨ, ਸੜੀਅਲ, ਧੋਖੇਬਾਜ਼ ਅਤੇ ਸ਼ਰਾਰਤੀ ਬੰਦਾ ਸੀ। ਸਿੱਖ ਧਰਮ ਅਤੇ ਖਾਲਸਾ ਦਲ ਨੂੰ ਨਫ਼ਰਤ ਕਰਦਾ ਸੀ ਅਤੇ ਲੋਕ ਵੀ ਇਸਤੋਂ ਦੁਖੀ ਸਨ। ਇਸ ਨੇ ਮਹਾਰਾਜੇ, ਉਸ ਦੇ ਪਰਿਵਾਰ ਅਤੇ ਦਰਬਾਰੀਆਂ ਵਿੱਚ ਐਸਾ ਪਾਟਕ ਪਾਇਆ ਕਿ ਆਪ ਹੀ ਸਭ ਕੁੱਝ ਬਣ ਬੈਠਾ। ਛੇਤੀ ਹੀ ਇਸ ਨੇ ਚੰਗੀਆਂ ਚੰਗੀਆਂ ਨੌਕਰੀਆਂ ਤੋਂ ਸਿੱਖ ਹਟਾ ਦਿੱਤੇ ਅਤੇ ਆਪਣੇ ਰਿਸ਼ਤੇਦਾਰ ਅਤੇ ਪੁੱਤ੍ਰ ਲਾ ਲਏ। ਹੁਣ ਇਸ ਦਾ ਦਬਦਬਾ ਇਨਾ ਸੀ ਕਿ ਇਹ ਕਾਨੂੰਨ ਦੇ ਖਿਲਾਫ ਜਾ ਕੇ ਵੀ ਦਰਬਾਰ ਵਿੱਚ ਹੁੱਕਾ ਪੀਣ ਲੱਗ ਗਿਆ ਅਤੇ ਇਸ ਨੂੰ ਰੋਕਣ ਵਾਲਾ ਕੋਈ ਨਹੀਂ ਸੀ। ਲੋਕਾਂ ਵਿੱਚ ਆਮ ਕਹਾਵਤ ਪ੍ਰਚਲਤ ਹੋ ਗਈ , "*ਨਾਨੂੰ ਮੱਲ ਦੀਵਾਨ ਦੀਵਾਨੀ ਕਹਿਰ ਦੀ। ਸਾਹਿਬ ਸਿੰਘ ਨਾਦਾਨ ਗੱਲ ਨਾ ਠਹਿਰਦੀ*" । ਤਾਕਤ ਪੂਰੀ ਤਰ੍ਹਾਂ ਹੱਥ ਵਿੱਚ ਕਰਨ ਲਈ ਇਸ ਨੇ ਮਹਾਰਾਜੇ ਦੇ ਜਰਨੈਲ ਬਸੰਤ ਰਾਏ ਨੂੰ ਰਾਜਾ ਸਾਹਿਬ ਸਿੰਘ ਦੇ ਰੋਕਣ ਦੇ ਬਾਵਜੂਦ ਗ੍ਰਿਫਤਾਰ ਕਰ ਕੇ ਕੈਦ ਕਰ ਲਿਆ। ਫੇਰ 1789 ਵਿੱਚ ਮਰਹਟਿਆਂ ਨੂੰ ਬੁਲਾ ਕੇ ਪਟਿਆਲੇ ਤੇ ਹਮਲਾ ਕਰਨ ਲਈ ਪ੍ਰੇਰ ਲਿਆ। ਸਾਰੇ ਰਾਜ ਵਿੱਚ ਰਾਮ ਰੌਲਾ ਪਿਆ ਹੋਇਆ ਸੀ ਜਦ ਅਚਾਨਕ ਇਸ ਦੀ ਮੌਤ ਹੋ ਗਈ (1792)। ਇਸ ਦੀ ਥਾਂ ਤੇ ਬਿਲਕੁਲ ਇਹੋ ਜਿਹਾ ਹੀ ਸ਼ਰਾਰਤੀ ਤੇ ਧੋਖੇਬਾਜ਼ ਸਮਾਣੇ ਦਾ ਮੀਰ ਇਲਾਹੀ ਬਖਸ਼ ਵਜ਼ੀਰ ਬਣ ਗਿਆ ਪਰ ਸਿੱਖਾਂ ਨੇ ਛੇਤੀ ਹੀ ਉਸ ਨੂੰ ਮਹਾਰਾਜੇ ਦੇ ਸਾਹਮਣੇ ਦਰਬਾਰ ਵਿੱਚ ਹੀ ਕਤਲ ਕਰ ਦਿੱਤਾ। ਇੱਕ ਪਾਸੇ ਤਾਂ ਰਿਆਸਤ ਦੇ ਸਰਦਾਰ ਬਾਗ਼ੀ ਹੋ ਰਹੇ ਸਨ ਦੂਜੇ ਪਾਸੇ ਦੇਸ਼ ਵਿੱਚ ਕਾਲ਼ ਪੈ ਗਿਆ।

[153] ਅਮਰ ਸਿੰਘ ਦੀਆਂ ਤਿੰਨ ਰਾਣੀਆਂ ਸਨ। ਸਾਹਿਬ ਕੌਰ ਗਗੇਵਾਲ ਦੇ ਚੌਧਰੀ ਦਿੱਤਾ ਮੱਲ ਦੀ ਲੜਕੀ ਰਾਜ ਕੌਰ ਦੇ ਪੇਟੋਂ ਪੈਦਾ ਹੋਈ ਸੀ। ਸਾਹਿਬ ਸਿੰਘ ਇਸ ਤੋਂ ਦੋ ਸਾਲ ਛੋਟਾ ਸੀ।

[154] ਇਨ੍ਹਾਂ ਦੀ ਪੁਤ੍ਰੀ ਚੰਦ ਕੌਰ ਹੀ ਪਿਛੋਂ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਖੜਕ ਸਿੰਘ ਨਾਲ ਵਿਆਹੀ ਗਈ ਅਤੇ ਨੌ ਨਿਹਾਲ ਸਿੰਘ ਦੀ ਮਾਂ ਬਣੀ।



(ਜਿਸ ਨੂੰ *ਚਾਲ੍ਹੀਵਾਂ* ਕਹਿੰਦੇ ਹਨ)।

ਬੀਬੀ ਸਾਹਿਬ ਕੌਰ ਇਹ ਕਿਵੇਂ ਸਹਾਰ ਸਕਦੀ ਸੀ। ਉਸ ਨੇ ਆਪਣੇ ਪਤੀ ਦੀ ਆਗਿਆ ਲੈ ਕੇ ਪਟਿਆਲੇ ਆ ਕੇ ਰਾਜ ਭਾਗ ਦਾ ਸਾਰਾ ਪ੍ਰਬੰਧ ਸਾਂਭ ਲਿਆ। ਦਿਨਾਂ ਵਿੱਚ ਹੀ ਉਸ ਨੇ ਪ੍ਰਬੰਧ ਸੁਧਾਰ ਦਿੱਤਾ,ਪੁਰਾਣੇ ਕਿਲੇ ਮੁਰੰਮਤ ਕਰਵਾਏ ਅਤੇ ਰਤਨ ਗੜ੍ਹ ਦਾ ਨਵਾਂ ਕਿਲ੍ਹਾ ਬਣਵਾਇਆ। ਫੌਜ ਨੂੰ ਇੱਕ ਸਿਰਿਓਂ ਨਵੀਂ ਤਰਤੀਬ ਦਿੱਤੀ ਗਈ। ਘਣੀਆਂ ਬਾਜਾ ਦੇ ਜ਼ਿਮੀਦਾਰਾਂ ਨੇ ਬਗ਼ਾਵਤ ਕਰਕੇ ਸਰਦਾਰ ਚੂਹੜ ਸਿੰਘ ਨੂੰ ਕਤਲ ਕਰ ਦਿੱਤਾ ਸੀ। ਬੀਬੀ 3000 ਫੌਜ ਲੈ ਕੇ ਤੁਰਤ ਉਥੇ ਪੁੱਜੀ ਅਤੇ ਉਨ੍ਹਾਂ ਦਾ ਸਫਾਇਆ ਕਰ ਦਿੱਤਾ। ਇਸ ਬਹਾਦਰੀ ਦੀ ਸਭ ਨੇ ਤਾਰੀਫ਼ ਕੀਤੀ। ਅਜੇ ਇੱਧਰੋਂ ਵਿਹਲੀ ਨਹੀਂ ਸੀ ਹੋਈ ਕਿ ਖ਼ਬਰ ਮਿਲੀ ਕਿ ਇਸ ਦੇ ਪਤੀ ਜੈਮਲ ਸਿੰਘ ਨੂੰ ਫਤਿਹ ਸਿੰਘ ਨੇ ਕੈਦ ਕਰ ਲਿਆ ਹੈ। ਬੀਬੀ ਇੱਕ ਦਮ ਫਤਿਹਗੜ੍ਹ ਪਹੁੰਚੀ ਅਤੇ ਫਤਿਹ ਸਿੰਘ ਨੂੰ ਹਰਾ ਕੇ ਪਤੀ ਨੂੰ ਆਜ਼ਾਦ ਕਰਵਾ ਲਿਆ। ਫਤਿਹ ਸਿੰਘ ਨੇ ਇਸ ਹਾਰ ਦੀ ਇੰਨੀ ਸ਼ਰਮਿੰਦਗੀ ਮੰਨੀ ਕਿ ਆਤਮ ਹੱਤਿਆ ਕਰ ਲਈ। ਬੀਬੀ ਨੇ ਉਸ ਦਾ ਸਾਰਾ ਇਲਾਕਾ ਆਪਣੇ ਪਤੀ ਦੇ ਰਾਜ ਵਿੱਚ ਰਲਾ ਲਿਆ।

1794 ਵਿੱਚ ਬਾਬਾ ਸਾਹਿਬ ਸਿੰਘ ਬੇਦੀ ਨੇ ਮਲੇਰ ਕੋਟਲੇ ਉੱਪਰ ਹੱਲਾ ਬੋਲ ਦਿੱਤਾ। ਇੱਥੋਂ ਦੇ ਨਵਾਬ ਸ਼ੇਰ ਖਾਂ ਨੇ ਮਾਤਾ ਸੁੰਦ੍ਰੀ ਦੀ ਸੇਵਕਾ ਨੂੰ ਇਸਲਾਮ ਨਾ ਕਬੂਲ ਕਰਨ ਕਰਕੇ ਜਿਉਂਦੀ ਨੂੰ ਤੀਰ ਮਾਰ ਮਾਰ ਮਰਵਾਇਆ ਸੀ। ਸਾਹਿਬ ਸਿੰਘ ਸ਼ੇਰ ਖਾਂ ਦੇ ਪੋਤ੍ਰੇ ਅਤਾਉਲਾ ਤੋਂ ਉਸ ਲੜਕੀ ਦੀ ਰਾਖ ਮੰਗਦਾ ਸੀ ਤਾਂ ਜੋ ਉਸ ਦਾ ਪੂਰਨ ਸਿੱਖ ਰੀਤੀ ਅਨੁਸਾਰ ਸੰਸਕਾਰ ਕੀਤਾ ਜਾ ਸਕੇ। ਅਤਾਉਲਾ ਮੰਨਣ ਲਈ ਤਿਆਰ ਨਹੀਂ ਸੀ। ਮਹਾਰਾਜੇ ਪਟਿਆਲੇ ਦੀ ਨਵਾਬ ਮਲੇਰਕੋਟਲੇ ਨਾਲ ਦੋਸਤੀ ਸੀ ਇਸ ਲਈ ਨਵਾਬ ਨੇ ਪਟਿਆਲੇ ਨੂੰ ਦਖਲ ਦੇਣ ਦੀ ਬੇਨਤੀ ਕੀਤੀ। ਬੀਬੀ ਸਾਹਿਬ ਕੌਰ ਤੁਰਤ ਮਲੇਰ ਕੋਟਲੇ ਪਹੁੰਚੀ। ਬੀਬੀ ਦੀਆਂ ਅਸਥੀਆਂ ਦੇ ਦਿੱਤੀਆਂ ਗਈਆਂ ਅਤੇ ਲੜਾਈ ਦਾ ਖਰਚਾ ਮਲੇਰਕੋਟਲੇ ਵਲੋਂ ਬਾਬਾ ਬੇਦੀ ਨੂੰ ਦੁਆ ਕੇ ਵਿਦਾ ਕਰ ਦਿੱਤਾ ਗਿਆ।

1795 ਵਿੱਚ ਨਾਨਾ ਰਾਓ ਮਰਹਟੇ ਨੇ ਕੈਥਲ ਫਤਿਹ ਕਰ ਲਿਆ ਅਤੇ ਥਾਨੇਸਰ ਦੇ ਰਾਜਾ ਲਾਲ ਸਿੰਘ ਤੋਂ ਕਾਫੀ ਸਾਰੇ ਪੈਸੇ ਦੀ ਮੰਗ ਕਰ ਦਿੱਤੀ ਜੋ ਉਹ ਦੇਣ ਲਈ ਤਿਆਰ ਨਹੀਂ ਸੀ। ਉਸ ਨੇ ਪਟਿਆਲੇ ਤੋਂ ਸਹਾਇਤਾ ਮੰਗੀ। ਮਹਾਰਾਜਾ ਸਾਹਿਬ ਸਿੰਘ, ਜੱਸਾ ਸਿੰਘ ਕਲਸੀਆਂ ਅਤੇ ਸਰਦਾਰ ਜੋਧ ਸਿੰਘ ਪੈਸਾ ਦੇ ਕੇ ਝਗੜਾ ਨਿਬੇੜਨਾ ਚਾਹੁੰਦੇ ਸਨ ਪਰ ਬੀਬੀ ਇਸ ਨਾਲ ਸਹਿਮਤ ਨਹੀਂ ਸੀ। ਉਸ ਨੇ ਇਨ੍ਹਾਂ ਸਰਦਾਰਾਂ ਨੂੰ ਡਰਪੋਕ ਕਿਹਾ ਅਤੇ ਮਰਦਾਵੇਂ ਕਪੜੇ ਪਾ ਹੱਥ ਤਲਵਾਰ ਫੜ ਮਰਹਟੇ ਦੀ 3000 ਫੌਜ ਦਾ ਟਾਕਰਾ ਕਰਨ ਲਈ 2000 ਫੌਜ ਲੈ ਕੇ ਪਹੁੰਚ ਗਈ। ਪਿੰਡ ਮਰਦਾਨ ਪੁਰੇ ਕੋਲ ਲੜਾਈ ਹੋਈ। ਸਾਫ ਦਿਸ ਰਿਹਾ ਸੀ ਕਿ ਸਿੱਖਾਂ ਦੇ ਪੈਰ ਨਹੀਂ ਲੱਗ ਸਕਣਗੇ ਅਤੇ ਉਹ ਬੁਰੀ ਤਰ੍ਹਾਂ ਨੁਕਸਾਨ ਕਰਵਾ ਕੇ ਹਾਰ

ਜਾਣਗੇ। ਬੀਬੀ ਸਾਹਿਬ ਕੌਰ ਨੇ ਤਲਵਾਰ ਲਹਿਰਾਈ ਅਤੇ ਅੱਗੇ ਹੋ ਕੇ ਬੋਲੀ, "*ਗੁਰੂ ਗੋਬਿੰਦ ਸਿੰਘ ਦੇ ਸੂਰਮਿਓ ਪਿੱਠ ਦਿਖਾਉਣੀ ਸਿੱਖ ਦਾ ਕੰਮ ਨਹੀਂ। ਗੁਰੂ ਨੂੰ ਲਾਜ ਨਾ ਲਵਾਇਓ । ਜੇ ਇੱਕੱਲੀ ਭੈਣ ਨੂੰ ਛੱਡ ਕੇ ਨੱਸੇ ਤਾਂ ਸ਼ਰਮ ਨਾਲ ਚੱਪਣੀ 'ਚ ਨੱਕ ਡਬੋ ਕੇ ਮਰ ਜਾਣਾ ਘਰ ਨਾ ਪਹੁੰਚਣਾ*"। ਰਾਣੀ ਸਾਹਿਬ ਕੌਰ ਦੇ ਇਸ ਭਾਸ਼ਨ ਨੂੰ ਪ੍ਰੋਫੈਸਰ ਮੋਹਣ ਸਿੰਘ ਜੀ ਦੀ ਕਵਿਤਾ ਦੇ ਕੁੱਝ ਬੰਦ ਇਸ ਤਰ੍ਹਾਂ ਬਿਆਨ ਕਰਦੇ ਹਨ:-

***"ਤੱਕ ਸਿੰਘਾਂ ਨੂੰ ਨਿਘਰਦਾ ਉਹ ਸਿਦਕੀ ਰਾਣੀ,***
***ਉੱਤਰੀ ਹਾਥੀ ਉੱਪਰੋਂ ਜਿਉਂ ਪਹਾੜੋਂ ਪਾਣੀ॥***
***ਉਹ ਬੁੱਕੀ ਸ਼ੀਹਣੀ ਵਾਂਗਰਾਂ ਧੂਹ ਤੇਗ ਅਲਾਣੀ,***
***ਤੁਸੀਂ ਸਿੰਘ ਗੁਰੂ ਦਸਮੇਸ਼ ਦੇ ਨਾਂ ਗਿੱਲ ਗਵਾਣੀ॥***
***ਤੁਸੀਂ ਬਾਜ਼ ਉਡਾਰੂ ਗਜ਼ਬ ਦੇ ਉਹ ਚਿੜੀਆਂ ਢਾਣੀ,***
***ਤੁਸੀਂ ਇੱਕ ਇੱਕ ਭਾਰੂ ਲੱਖਾਂ ਤੇ ਕੁੱਝ ਗ਼ੈਰਤ ਖਾਣੀ॥***
***ਤੁਸੀਂ ਰੱਜ ਰੱਜ ਪੀਤਾ ਸੋਹਣਿਓਂ ਪੰਜਾਬ ਦਾ ਪਾਣੀ,***
***ਅੱਜ ਅੰਟਾ ਰਾਓ ਮਰਹਟੇ ਤੋਂ ਨਾ ਕੰਡ ਲਵਾਣੀ॥***
***ਤੁਸੀਂ ਆਏ ਬਚਾਉਂਦੇ ਵੀਰਨੋ ਲੱਖ ਭੈਣ ਬਗਾਨੀ ,***
***ਅੱਜ ਕੱਲਿਆਂ ਛੱਡ ਕੇ ਭੈਣ ਨੂੰ ਨਾ ਲੀਕ ਲਵਾਣੀ॥***

***ਦਿੱਤੀ ਸਾਹਿਬ ਕੌਰ ਨੇ ਮੁੜ ਹੱਲਾਸ਼ੇਰੀ, ਅੱਧਾ ਮਾਰ ਸ਼ਿਕਾਰ ਨੂੰ ਕਿਉਂ ਢਾਵੋਂ ਢੇਰੀ॥ ਜੇ ਪਾਣੀ ਪੀਵੋਂ ਘੁੱਟ ਵੀ ਰੱਤ ਪੀਵੋਂ ਮੇਰੀ, ਜੇ ਸ਼ਸ਼ਤਰ ਲਾਹੋਂ ਪਿੰਡਿਓਂ ਲਾਹੋਂ ਪਤ ਮੇਰੀ॥ ਉਹ ਨਾਲ ਥਕੇਵੇਂ ਟੁਟ ਕੇ ਹੋਏ ਨੇ ਢੇਰੀ, ਉੱਠ ਚਲੋ ਉਨ੍ਹਾਂ ਤੇ ਟੁਟੀਏ ਚੜ੍ਹ ਵਾਂਗ ਹਨ੍ਹੇਰੀ॥ ਉਹ ਨੀਂਦ ਵਿਗੁਤੇ ਸੋਹਣਿਓਂ ਹੁਣ ਕਰੋ ਨਾ ਦੇਰੀ, ਮੁੜ ਮੁੜ ਹੱਥ ਨਹੀਂ ਆਵਣੀ ਇਹ ਰਾਤ ਹਨ੍ਹੇਰੀ॥***

ਬੀਬੀ ਸਾਹਿਬ ਕੌਰ ਦੀ ਵੰਗਾਰ ਸੁਣ ਕੇ ਇੱਕ ਇੱਕ ਸਿੰਘ ਲੱਖਾਂ ਤੇ ਭਾਰੂ ਹੋ ਗਿਆ ਅਤੇ ਮਰਹੱਟੇ ਬਹੁਤ ਸਾਰਾ ਲੜਾਈ ਦਾ ਸਮਾਨ ਅਤੇ 50 ਘੋੜੇ ਛੱਡ ਕੇ ਉੱਠ ਨੱਠੇ। ਇਸ ਲੜਾਈ ਵਿੱਚ ਮਰਹਟਿਆਂ ਦਾ ਕਹਿੰਦਾ ਕਹਾਉਂਦਾ ਬਹਾਦਰ ਜਰਨੈਲ ਰਣਜੀਤ ਰਾਓ ਬੀਬੀ ਨਾਲ ਲੜਦਾ ਹੋਇਆ ਮਾਰਿਆ ਗਿਆ (ਇਸ ਲੜਾਈ ਤੋਂ ਪਹਿਲਾਂ ਰਣਜੀਤ ਰਾਓ ਨੇ 12 ਲੜਾਈਆਂ ਜਿੱਤੀਆਂ ਸਨ)।

1796 ਵਿੱਚ ਨਾਹਣ ਦੀ ਰਿਆਸਤ ਵਿੱਚ ਬਗ਼ਾਵਤ ਹੋ ਗਈ ਅਤੇ ਉਥੋਂ ਦੇ ਰਾਜੇ ਨੇ ਬੀਬੀ ਪਾਸੋਂ ਸਹਾਇਤਾ ਮੰਗੀ। ਬੀਬੀ ਤੁਰੰਤ ਉਥੇ ਪੁੱਜੀ ਅਤੇ ਬਗ਼ਾਵਤ ਸਰ ਕਰ ਦਿੱਤੀ। ਧੰਨਵਾਦ ਵਜੋਂ ਨਾਹਣ ਦੇ ਰਾਜੇ ਨੇ ਬੀਬੀ ਨੂੰ ਇੱਕ ਹੱਥਣੀ ਭੇਟਾ ਕੀਤੀ। ਇਸ ਹੱਥਣੀ ਬਾਰੇ



ਰਾਜਾ ਸਾਹਿਬ ਸਿੰਘ ਬੀਬੀ ਜੀ ਨਾਲ ਨਾਰਾਜ਼ ਹੋਏ ਕਿ ਉਸ ਨੇ ਇਸ ਨੂੰ ਆਪ ਸਵਾਰੀ ਲਈ ਕਿਉਂ ਵਰਤਿਆ।

ਇਸੇ ਸਾਲ ਹਰਦੁਆਰ ਦੇ ਸੰਨਿਆਸੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਮੀਹਾਂ ਗਰੁਪ ਤੋਂ ਖੋਹ ਲਈ। ਮੀਹਾਂ ਗਰੁੱਪ ਗੁਰੂ ਹਰਗੋਬਿੰਦ ਜੀ ਵੇਲੇ ਤੋਂ ਇੱਥੇ ਪ੍ਰਚਾਰ ਕਰਦਾ ਆ ਰਿਹਾ ਸੀ। ਇੱਕ ਖੁਆਜਾ ਅਰਜਨੀ ਨਾਂ ਦਾ ਮੁਸਲਮਾਨ ਗੁਰੂ ਹਰਗੋਬਿੰਦ ਦਾ ਸਿੱਖ ਬਣਿਆ ਸੀ ਜਿਸ ਨੇ ਆਪਣਾ ਨਾਂ ਸੰਤੋਖ ਦਾਸ ਰੱਖਿਆ ਸੀ। ਸੰਤੋਖ ਦਾਸ ਦਾ ਪੁੱਤਰ ਮੀਹਾਂ ਹਰ ਸਾਲ ਹਰਦੁਆਰ ਜਾ ਕੇ ਪਿਤਾ ਦੀ ਯਾਦ ਵਿੱਚ ਦੀਵਾਨ ਲਵਾਇਆ ਕਰਦਾ ਸੀ। ਇਸ ਸਾਲ ਹਿੰਦੂ ਸੰਨਿਆਸੀਆਂ ਨੇ ਉਸ ਦੇ ਬੰਦਿਆਂ ਕੋਲੋਂ ਬੀੜ ਖੋਹ ਕੇ ਸਾੜ ਦਿੱਤੀ। ਬੀਬੀ ਸਾਹਿਬ ਕੌਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਹ ਬੇਹੁਰਮਤੀ ਸਹਾਰ ਨਾ ਸਕੀ। ਉਹ ਇੱਕ ਦਮ ਫੌਜ ਲੈ ਕੇ ਹਰਦੁਆਰ ਪਹੁੰਚ ਗਈ। ਲੜਾਈ ਹੋਈ ਜਿਸ ਵਿੱਚ 400 ਸੰਨਿਆਸੀ ਮਾਰੇ ਗਏ ਅਤੇ ਬਾਕੀ ਦੇ ਮੁਆਫੀ ਮੰਗ ਕੇ ਛੁੱਟੇ । [155]

ਦਿੱਲੀ ਨੂੰ ਫਤਿਹ ਕਰਕੇ ਜਾਰਜ ਟੌਮਸ ਨੇ 1797 ਵਿੱਚ ਪੰਜਾਬ ਨੂੰ ਫਤਿਹ ਕਰਨ ਦਾ ਵਿੱਚਾਰ ਬਣਾਇਆ ਜਿਸ ਵਿੱਚ ਵੱਡੀ ਰੁਕਾਵਟ ਸ਼ਕਤੀਸ਼ਾਲੀ ਰਿਆਸਤ ਪਟਿਆਲਾ ਹੀ ਸੀ । [156] ਇੱਕ ਹੋਛਾ ਜਿਹਾ ਬਹਾਨਾ ਲੱਭ ਕੇ ਟੌਮਸ ਨੇ ਜੀਂਦ ਨੂੰ ਜਾ ਘੇਰਾ ਪਾਇਆ। ਇਸ ਵੇਲੇ ਧਾੜਵੀ ਸ਼ਾਹ ਜ਼ਮਾਨ ਵੀ ਪੱਛਮ ਵੱਲੋਂ ਪੰਜਾਬ ਵਿੱਚ ਵੜ ਚੁੱਕਾ ਸੀ ਅਤੇ ਪਟਿਆਲੇ ਵੱਲ ਨੂੰ ਵਧਦਾ ਆ ਰਿਹਾ ਸੀ। ਸਿੱਖ ਹੁਣ ਬਹੁਤ ਕਸੂਤੇ ਫਸ ਗਏ ਸਨ। ਰਾਜਾ ਸਾਹਿਬ ਸਿੰਘ ਡਰੂ ਅਤੇ ਸਿੱਧਰਾ ਸੀ ਅਤੇ ਸਲਾਹ ਦੇ ਰਿਹਾ ਸੀ ਕਿ ਅੰਗ੍ਰੇਜ਼ ਨਾਲ ਮੱਥਾ ਲਾਉਣ ਦੀ ਥਾਂ ਉਸ ਦੀ ਈਨ ਮੰਨ ਲਈ ਜਾਵੇ। ਅਣਖੀ ਬੀਬੀ ਭਲਾ ਇਹ ਕਿਵੇਂ ਮੰਨ ਸਕਦੀ ਸੀ। ਉਸ ਨੇ ਮੁਕਾਬਲਾ ਕਰਨ ਦਾ ਮਨ ਬਣਾ ਲਿਆ ਪ੍ਰੰਤੂ ਘਾਟਾ ਇਹ ਸੀ ਕਿ ਇੱਕ ਤਾਂ ਟੌਮਸ ਦੀ ਫੌਜ ਬਹੁਤੀ ਸੀ ਦੂਸਰੇ ਉਸ ਪਾਸ ਦੂਰਮਾਰ ਤੋਪਾਂ ਸਨ ਜੋ ਪਟਿਆਲੇ ਦੀ ਫੌਜ ਪਾਸ ਨਹੀਂ ਸਨ। ਮੁਕਾਬਲਾ ਕਰਨ ਲਈ ਸਰਦਾਰ ਵੀ ਅੰਦਰੋਂ ਡਰੇ ਹੋਏ ਸਨ ਕਿਉਂਕਿ ਹਾਰ ਯਕੀਨੀ ਸੀ। ਪਹਿਲੇ ਹੀ ਹੱਲੇ ਵਿੱਚ ਸਿੱਖ ਫੌਜਾਂ ਥਿੜਕ ਗਈਆਂ ਅਤੇ ਪਿੱਛੇ ਹਟਣ ਲੱਗੀਆਂ। ਬੀਬੀ ਨੇ ਇੱਕ ਜੋਸ਼ੀਲਾ ਭਾਸ਼ਨ ਫੌਜ ਨੂੰ ਦਿੱਤਾ, ਸਰਦਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਸਹੁਆਂ ਚੁਕਾਈਆਂ ਅਤੇ ਮਰਦਾਵਾਂ ਭੇਸ ਕਰਕੇ ਇੱਕ ਵਾਰ ਫੇਰ ਸਿੱਖਾਂ ਨੂੰ ਰਣ ਤੱਤੇ ਵਿੱਚ ਜੂਝਣ ਲਈ ਲੈ ਗਈ। ਇਸ ਵਾਰ ਹਰ ਸਿੱਖ ਨੂੰ ਕਸਮ ਖੁਆਈ ਗਈ ਸੀ ਕਿ "*ਜਾਂ ਤਾਂ ਜਿੱਤ*

[155] ਇਸ ਘਟਨਾਂ ਬਾਰੇ ਹੋਰ ਜਾਣਕਾਰੀ ਲਈ ਪੜ੍ਹੋ ਹਰੀ ਰਾਮ ਗੁਪਤਾ ਦੀ ਪੁਸਤਕ ਹਿਸਟਰੀ ਆਫ ਦਾ ਸਿੱਖਸ ਪੰਨਾ 265

[156] At length having gained a capital and country bordering on the Seik territories, I wished to put myself in a capacity, when a favourable opportunity should offer, of attempting the conquest of the Punjab, and aspired to honour the planting of the British standard on the banks of the Attock.

*ਕੇ ਮੁੜਨਾ ਹੈ ਜਾਂ ਮੈਦਾਨ ਵਿੱਚ ਸੀਸ ਦੇ ਦੇਣਾ ਹੈ* "। ਇਸ ਵਾਰ ਸਿੰਘਾਂ ਨੇ ਸੱਚ ਮੁੱਚ ਹੀ ਗੋਰਿਆਂ ਦੇ ਉਹ ਆਹੂ ਲਾਹੇ ਕਿ ਟੌਮਸ ਆਪਣਾ ਸਾਰਾ ਫੌਜੀ ਸਮਾਨ ਛੱਡ ਕੇ ਭੱਜ ਗਿਆ ਅਤੇ ਹਾਂਸੀ ਜਾ ਕੇ ਸਾਹ ਲਿਆ। ਬੀਬੀ ਦੀ ਇਹ ਦਲੇਰੀ ਪੰਜਾਬ ਦਾ ਇਤਿਹਾਸ ਬਣ ਗਈ।

ਸਾਹਿਬ ਸਿੰਘ ਬੇਦੀ ਨੇ ਰਾਏਕੋਟ ਉਪਰ ਹਮਲਾ ਕਰਨ ਦੀ ਨੀਤ ਨਾਲ ਦੁੱਘਰੀ ਪਿੰਡ ਵਿੱਚ ਕਿਲ੍ਹਾ ਉਸਾਰਨਾਂ ਆਰੰਭ ਕਰ ਦਿੱਤਾ। ਰਾਏਕੋਟ ਇਸ ਵੇਲੇ 15 ਸਾਲ ਦੇ ਮੁੰਡੇ ਰਾਏ ਇਲਿਆਸ ਦੇ ਅਧੀਨ ਸੀ ਜਿਸ ਦੀ ਮਾਂ ਨੇ ਰਾਜਾ ਸਾਹਿਬ ਸਿੰਘ ਪਟਿਆਲਾ ਨੂੰ ਮਦਦ ਲਈ ਬੇਨਤੀ ਕੀਤੀ। [157] ਅਜੇ ਪਟਿਆਲੇ ਵਾਲੇ ਸੋਚ ਹੀ ਰਹੇ ਸਨ ਕਿ ਰਾਏ ਇਲਿਆਸ ਦੀ ਮਾਂ ਨੇ ਜਾਰਜ ਟੌਮਸ ਨੂੰ ਬੁਲਾ ਲਿਆ। ਬੀਬੀ ਸਾਹਿਬ ਕੌਰ ਬਹੁਤ ਨਾਰਾਜ਼ ਹੋਈ ਅਤੇ ਬਾਬਾ ਸਾਹਿਬ ਸਿੰਘ ਬੇਦੀ ਨਾਲ ਮਿਲ ਗਈ। ਇਲਿਆਸ ਨੂੰ ਤੁਰਤ ਫੜ ਕੇ ਕੈਦ ਕਰ ਲਿਆ ਗਿਆ। ਸਿੱਖ ਫੌਜ ਦਾ ਜਾਰਜ ਟੌਮਸ ਨਾਲ ਟਾਕਰਾ ਯਕੀਨੀ ਸੀ। ਟੌਮਸ ਨੇ ਜਗਰਾਓਂ, ਬੜੂੰਦੀ ਅਤੇ ਠੱਕਰਵਾਲ ਤੇ ਕਬਜ਼ੇ ਕਰ ਲਏ ਸਨ ਤੇ ਸਿੱਖ ਫੌਜਾਂ ਘੇਰੇ ਵਿੱਚ ਸਨ। ਅਚਾਨਕ ਟੌਮਸ ਦੇ ਪ੍ਰਸਿੱਧ ਜਰਨੈਲ ਹੌਪਕਿਨਜ਼ ਦੇ ਚਲਾਣਾ ਕਰ ਜਾਣ ਕਾਰਨ ਟੌਮਸ ਕੁੱਝ ਠੰਢਾ ਹੋ ਗਿਆ। ਟੌਮਸ ਨੇ ਦੀਵਾਨ ਉਦੇ ਚੰਦ ਨੂੰ ਭੇਜ ਕੇ ਸਿੱਖਾਂ ਨਾਲ ਲਿਖਤੀ ਰਾਜ਼ੀਨਾਮਾ ਕਰ ਲਿਆ ਅਤੇ ਫਤਿਹ ਕੀਤੇ ਇਲਾਕੇ ਮੋੜਨੇ ਮੰਨ ਲਏ। ਰਾਜਾ ਸਾਹਿਬ ਸਿੰਘ ਇਸ ਸਾਰੀ ਘਟਣਾ ਬਾਰੇ ਬੀਬੀ ਨਾਲ ਨਾਰਾਜ਼ ਸੀ ਇਸ ਲਈ ਉਸ ਨੇ ਰਾਜ਼ੀਨਾਮਾ ਅਪ੍ਰਵਾਣ ਕਰ ਦਿੱਤਾ ਤੇ ਦਸਤਖਤ ਨਾ ਕੀਤੇ। ਉਸ ਨੇ ਬੀਬੀ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਸ ਦੀ ਜਗੀਰ [158] ਜ਼ਬਤ ਕਰ ਲਈ। ਟੌਮਸ ਨੇ ਬੀਬੀ ਨੂੰ ਛੱਡਣ, ਅਤੇ 1,35000 ਰੁਪਏ ਤਾਵਾਨ ਭਰਨ ਲਈ ਸਾਹਿਬ ਸਿੰਘ ਨੂੰ ਲਿਖ ਭੇਜਿਆ ਅਤੇ ਪਟਿਆਲੇ ਤੇ ਹਮਲੇ ਦੀ ਧਮਕੀ ਦਿੱਤੀ। ਡਰੂ ਰਾਜਾ ਆਖਰ ਮੰਨ ਗਿਆ ਅਤੇ ਬੀਬੀ ਨੂੰ ਆਜ਼ਾਦ ਕਰ ਦਿੱਤਾ ਗਿਆ। ਇਸ ਘਟਣਾ ਦਾ ਬੀਬੀ ਤੇ ਬਹੁਤ ਬੁਰਾ ਅਸਰ ਪਿਆ, ਉਸ ਦਾ ਦਿਲ ਟੁੱਟ ਗਿਆ ਅਤੇ ਉਹ 1801

[157] 1323 ਵਿੱਚ ਇੱਕ ਰਾਜਪੂਤ ਤੁਲਸੀ ਦਾਸ ਜੈਸਲਮੇਰ (ਰਾਜਸਥਾਨ) ਤੋਂ ਆਕੇ ਪੰਜਾਬ ਵਿੱਚ ਵਸ ਗਿਆ। ਇਸ ਦੇ ਖਾਨਦਾਨ ਵਿੱਚੋਂ ਰਾਏ ਕਲ੍ਹਾ ਨੇ ਲੁਧਿਆਣਾ, ਜਗਰਾਓਂ, ਤਲਵੰਡੀ, ਜੰਡਿਆਲਾ, ਬੱਦੋਵਾਲ, ਬੱਸੀਆਂ ਅਤੇ ਰਾਏਕੋਟ ਫਤਿਹ ਕਰ ਲਏ। ਉਪ੍ਰੋਕਤ ਘਟਣਾ ਵੇਲੇ ਇਲਿਆਸ ਛੋਟਾ ਹੋਣ ਕਰਕੇ ਉਸ ਦੀਆਂ ਵਿਧਵਾ ਮਾਵਾਂ ਨੂਰਾਂ ਅਤੇ ਲੱਛਮੀ ਹੀ ਪ੍ਰਬੰਧ ਚਲਾ ਰਹੀਆਂ ਸਨ।

[158] ਸਾਹਿਬ ਸਿੰਘ ਦੀ ਮਾਂ ਆਸ ਕੌਰ ਅਤੇ ਉਸ ਦੀ ਪਤਨੀ ਰਾਜਿੰਦਰ ਕੌਰ ਹੀ ਕਰਤਾ ਧਰਤਾ ਬਣੀਆਂ ਹੋਈਆਂ ਸਨ । ਉਨ੍ਹਾਂ ਨੇ ਚੁੱਕ ਚੁਕਾ ਕੇ ਹੇਠ ਲਿਖੇ ਦੋਸ਼ ਬੀਬੀ ਉੱਪਰ ਮੜ੍ਹ ਦਿੱਤੇ (1) ਉਸ ਨੇ ਜੀਂਦ ਦੇ ਰਾਜੇ ਦੀ ਮਦਦ ਕਿਉਂ ਕੀਤੀ (2) ਉਸ ਨੇ ਜਾਰਜ ਟੌਮਸ ਨਾਲ ਰਾਜ਼ੀ ਨਾਮੇ ਤੇ ਦਸਤਖਤ ਕਿਉਂ ਕੀਤੇ (3) ਉਹ ਬਗੈਰ ਆਗਿਆ ਤੋਂ ਭੇਰੀਆਂ ਆਪਣੀ ਜਗੀਰ ਤੇ ਕਿਉਂ ਚਲੀ ਗਈ ਸੀ (4) ਉਹ 1797 ਵਿੱਚ ਰਾਜਕੁਮਾਰ ਕਰਮ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਕਿਉਂ ਸ਼ਾਮਲ ਨਾ ਹੋਈ (5) ਉਹ ਬਾਗ਼ੀ ਹੋਣਾ ਚਾਹੁੰਦੀ ਸੀ (6) ਉਹ ਸਾਹਿਬ ਸਿੰਘ ਦੀ ਪ੍ਰਵਾਹ ਨਹੀਂ ਸੀ ਕਰਦੀ (7) ਉਹ ਆਪਣੇ ਭਰਾ ਸਾਹਿਬ ਸਿੰਘ ਨੂੰ ਮਾਰ ਕੇ ਗੱਦੀ ਤੇ ਕਬਜ਼ਾ ਕਰਨਾ ਚਾਹੁੰਦੀ ਸੀ। ਇਹ ਦੋਸ਼ ਮੂਲ਼ੋਂ ਹੀ ਗ਼ਲਤ ਸਨ। ਅਸਲ ਵਿੱਚ ਰਾਜਾ ਹੀ ਨਾਲਾਇਕ ਸੀ ਅਤੇ ਮਿੱਟੀ ਦਾ ਮਾਧੋ ਬਣ ਕੇ ਮਾਂ ਅਤੇ ਪਤਨੀ ਦੇ ਹੀ ਆਖੇ ਲਗਦਾ ਸੀ। ਉਸ ਨੂੰ ਕਈ ਵਾਰ ਬੇਹੋਸ਼ੀ ਦੇ ਦੌਰੇ ਵੀ ਪੈ ਜਾਂਦੇ ਸਨ।



ਵਿੱਚ ਚਲਾਣਾ ਕਰ ਗਈ। ਜਾਰਜ ਟੌਮਸ ਬੀਬੀ ਬਾਰੇ ਲਿਖਦੇ ਹਨ, A better man than her brother (ਉਸ ਵਿੱਚ ਆਪਣੇ ਭਰਾ ਨਾਲੋਂ ਵੱਧ ਮਰਦਊਪੁਣਾ ਸੀ)।

ਜਾਰਜ ਟੌਮਸ ਨੇ ਸਿੱਖ ਜ਼ਨਾਨੀਆਂ ਦੇ ਹੱਥ ਵੇਖ ਲਏ ਸਨ । ਉਸ ਨੇ ਲਿਖਿਆ ਹੈ, "*Instances indeed have not infrequently occurred in which they have actually taken up arms to defend their inhabitants from desultory attacks of the enemy and throughout the contest behaved themselves with intrepidity of spirit highly praiseworthy.*"

### 9.4 ਮਾਈ ਭਾਗੋ (ਭਾਗ ਕੌਰ)

ਮਾਈ ਭਾਗੋ ਝਬਾਲ (ਅੰਮ੍ਰਿਤਸਰ) ਦੇ ਇੱਕ ਢਿੱਲੋਂ ਪਰਿਵਾਰ ਵਿੱਚ ਪੈਦਾ ਹੋਈ। ਇਸ ਦਾ ਪਹਿਲਾ ਨਾਂ ਭਾਗ ਭਰੀ ਸੀ। ਇਹ ਪਰਿਵਾਰ ਜਾਗੀਰਦਾਰ ਅਬੁਲਖੈਰ ਦਾ ਪਰਿਵਾਰ ਸੀ ਅਤੇ ਇਸ ਪਰਿਵਾਰ ਦੇ ਨੌਜਵਾਨ ਬਾਬਾ ਲੰਘਾਹ ਅਤੇ ਪੀਰੋ ਸ਼ਾਹ ਗੁਰੂ ਅਰਜਨ ਦੇਵ ਜੀ ਦੇ ਅਨਿਨ ਸ਼ਰਧਾਲੂ ਸਨ। ਬਾਬਾ ਲੰਘਾਹ ਜਗੀਰ ਦੇ ਮਾਲਕ ਸਨ ਜਿਸ ਦੀ ਆਮਦਨ 300,000 ਸਾਲਾਨਾ ਸੀ ਜਿਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ "**ਪਟੀ ਅੰਦਰ ਚੌਧਰੀ ਢਿਲੋਂ ਲਾਲੁ ਲੰਗਾਹ ਸੁਹੰਦਾ**"**(ਵਾਰ 11.22)।** ਭਾਈ ਲੰਗਾਹ ਦੀ ਗੁਰੂ ਜੀ ਤੇ ਇਨ੍ਹੀ ਸਰਧਾ ਸੀ ਕਿ ਜਦ ਗੁਰੂ ਜੀ ਲਾਹੌਰ ਕੈਦ ਵਿੱਚ ਸਨ ਇਹ ਉਦੋਂ ਵੀ ਸਰਕਾਰੀ ਖ਼ਤਰਾ ਸਹੇੜ ਕੇ ਗੁਰੂ ਜੀ ਨੂੰ ਮਿਲਣ ਜਾਂਦਾ ਰਿਹਾ। ਲੰਗਾਹ ਪਰਿਵਾਰ ਦਾ ਵੀ ਗੁਰੂ ਘਰ ਉੱਤੇ ਕਾਫੀ ਦੇਰ ਤੋਂ ਬੇਹੱਦ ਭਰੋਸਾ ਸੀ। ਗੁਰੂ ਹਰਗੋਬਿੰਦ ਜੀ ਦੀ ਪੁੱਤ੍ਰੀ ਬੀਬੀ ਵੀਰੋ ਦੇ ਵਿਆਹ ਦੇ ਮੌਕੇ ਵੀ ਭਾਈ ਲੰਗਾਹ ਨੇ ਹੀ ਗੁਰੂ ਜੀ ਨੂੰ ਝਬਾਲ ਆਕੇ ਵਿਆਹ ਕਰਨ ਲਈ ਬੇਨਤੀ ਕੀਤੀ ਸੀ ਅਤੇ ਵਿਆਹ ਦਾ ਸਾਰਾ ਪ੍ਰਬੰਧ ਆਪ ਕੀਤਾ ਸੀ । ਇਸ ਦੇ ਦੂਸਰੇ ਭਰਾ ਪੀਰੋ ਸ਼ਾਹ ਦੇ ਪੁੱਤਰ ਪਾਲੂ ਸ਼ਾਹ ਅਤੇ ਮਾਲੂ ਸ਼ਾਹ ਸਨ। ਬੀਬੀ ਭਾਗ ਭਰੀ ਪਾਲੂ ਸ਼ਾਹ ਦੀ ਧੀ ਸੀ। ਕਿਉਂਕਿ ਸਾਰਾ ਪਰਿਵਾਰ ਗੁਰੂ ਜੀ ਦਾ ਸ਼ਰਧਾਲੂ ਸੀ ਇਸ ਲਈ ਮੁੱਢ ਤੋਂ ਹੀ ਬੀਬੀ ਭਾਗ ਭਰੀ ਨੂੰ ਸਿੱਖੀ ਦੀ ਸਿੱਖਿਆ ਮਿਲਣੀ ਆਰੰਭ ਹੋ ਗਈ ਸੀ। ਪੁਸਤਕ "ਝਬਾਲ ਦਾ ਇਤਿਹਾਸ" ਅਨੁਸਾਰ ਉਹ ਆਪਣੇ ਮਾਤਾ ਪਿਤਾ ਨਾਲ ਗੁਰੂ ਤੇਗ਼ ਬਹਾਦਰ ਜੀ ਦੇ ਦਰਸ਼ਨਾਂ ਨੂੰ ਵੀ ਗਈ ਸੀ । [159] ਗੁਰੂ ਕੀਆਂ ਸਾਖੀਆਂ (ਪੰਨਾ 160) ਅਨੁਸਾਰ ਇਸ ਦਾ ਵਿਆਹ ਪੱਟੀ ਦੇ ਦੇਸ ਰਾਜ ਬੜੈਚ ਦੇ ਪੁੱਤਰ ਨਿਧਾਨ ਸਿੰਘ ਨਾਲ ਹੋਇਆ।

ਬੀਬੀ ਭਾਗਭਰੀ ਨੈਤਿਕਤਾ, ਸ਼ਰਧਾ ,ਹੌਸਲੇ ਅਤੇ ਪਵਿਤ੍ਰਤਾ ਦਾ ਨਮੂਨਾ ਸੀ। ਜਦੋਂ ਉਸ ਨੂੰ ਪਤਾ ਲੱਗਾ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਆਨੰਦ ਪੁਰ ਛੱਡਣਾ ਪਿਆ ਹੈ ਅਤੇ ਦੁਨੀ

[159] ਤਵਾਰੀਖ ਗੁਰੂ ਖਾਲਸਾ ਅਨੁਸਾਰ ਮਾਈ ਭਾਗੋ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦੀ ਨਰਸ ਸੀ।

ਚੰਦ ਵਰਗੇ ਸੂਰਮੇ ਕਈ ਸਿੰਘ ਗੁਰੂ ਜੀ ਨੂੰ ਬੇਦਾਵਾ ਦੇ ਆਏ ਹਨ ਤਾਂ ਉਸ ਨੂੰ ਬਹੁਤ ਦੁੱਖ ਹੋਇਆ। 1705 ਵਿੱਚ ਉਸ ਦੇ ਸਹੁਰੇ ਦੀ ਮੌਤ ਹੋ ਗਈ। ਇਸ ਮੌਕੇ ਅਫਸੋਸ ਲਈ ਆਏ ਰਿਸ਼ਤੇਦਾਰਾਂ ਤੋਂ ਉਸ ਨੇ ਸੁਣਿਆ ਕਿ ਗੁਰੂ ਜੀ ਕਿਧਰੇ ਦੀਨੇ ਕਾਂਗੜ ਦੇ ਨੇੜੇ ਮਾਲਵੇ ਵਿੱਚ ਆਏ ਹੋਏ ਹਨ। ਇੱਥੇ ਹੀ ਉਸ ਨੇ ਸਿੰਘ ਇੱਕੱਠੇ ਕਰਕੇ ਗੁਰੂ ਜੀ ਦੀ ਸਹਾਇਤਾ ਲਈ ਜਾਣ ਦਾ ਐਲਾਨ ਕਰ ਦਿੱਤਾ। ਉਸ ਨੇ ਮਰਦਾਵੇਂ ਕੱਪੜੇ ਪਾਏ ਅਤੇ ਘੋੜੇ ਉੱਪਰ ਸਵਾਰ ਹੋ ਕੇ ਪਿੰਡ ਪਿੰਡ ਜਾ ਕੇ ਸ਼ਰਧਾਵਾਨ ਗੁਰਸਿੱਖ ਮਰਦ ਇਸਤ੍ਰੀਆਂ ਨੂੰ ਇਕੱਠਾ ਕੀਤਾ। ਉਸ ਦੀਆਂ ਜੋਸ਼ੀਲੀਆਂ ਤਕਰੀਰਾਂ ਨੇ ਲੋਕਾਂ ਦੇ ਦਿਲਾਂ ਨੂੰ ਐਸਾ ਟੁੰਬਿਆ ਕਿ ਥੋੜੇ ਹੀ ਸਮੇਂ ਵਿੱਚ 300 ਸ਼ਰਧਾਲੂ ਜਾਨ ਤਲੀ ਤੇ ਧਰ ਕੇ ਗੁਰੂ ਜੀ ਲਈ ਕੁਰਬਾਨ ਹੋਣ ਵਾਸਤੇ ਤਿਆਰ ਹੋ ਗਏ। ਮਾਈ ਭਾਗੋ ਨੂੰ ਪੱਟੀ ਦੇ ਜੱਥੇ ਦਾ ਜੱਥੇਦਾਰ ਚੁਣ ਲਿਆ ਗਿਆ। ਇਹ ਜੱਥਾ ਪੱਟੀ ਤੋਂ ਚਲ ਕੇ ਰਾਮਿਆਣਾ ਪਿੰਡ ਵਿੱਚ ਅਚਾਨਕ ਹੀ ਗੁਰੂ ਜੀ ਨੂੰ ਜਾ ਮਿਲਿਆ ਜਿੱਥੇ ਜਥੇਦਾਰ ਭਾਈ ਮਹਾਂ ਸਿੰਘ ਵੀ ਕੁੱਝ ਸਿੰਘਾਂ ਨਾਲ ਆ ਮਿਲੇ ।[160] ਸਭ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਅਫਸੋਸ ਗੁਰੂ ਜੀ ਪਾਸ ਪਰਗਟ ਕੀਤਾ ਅਤੇ ਸੀਸ ਭੇਟ ਕਰਨ ਦੇ ਵਚਨ ਦਿੱਤੇ। ਗੁਰੂ ਜੀ ਨੂੰ ਇਹ ਖ਼ਬਰ ਮਿਲ ਚੁੱਕੀ ਸੀ ਕਿ ਸਰਹਿੰਦ ਤੋਂ ਇੱਕ ਭਾਰੀ ਫੌਜ ਉਨ੍ਹਾਂ ਨੂੰ ਫੜਨ ਜਾ ਮਾਰਨ ਲਈ ਵਾਹੋ ਦਾਹੀ ਆ ਰਹੀ ਹੈ। ਸਥਾਨਕ ਸਿੱਖਾਂ ਦੀ ਸਲਾਹ ਨਾਲ ਗੁਰੂ ਜੀ ਨੇ ਮਾਈ ਭਾਗੋ ਦੇ ਜੱਥੇ ਨੂੰ ਖਿਦਰਾਣੇ ਦੀ ਢਾਬ ਪਹੁੰਚ ਕੇ ਪਾਣੀ ਉੱਪਰ ਕਬਜ਼ਾ ਕਰਨ ਲਈ ਤੋਰ ਦਿੱਤਾ। ਗੁਰੂ ਜੀ ਆਪ ਕੁਝ ਸਿੱਖਾਂ ਨਾਲ ਨੇੜੇ ਹੀ ਇੱਕ ਟਿੱਬੀ ਉੱਪਰ ਪਹੁੰਚ ਗਏ। ਵਜ਼ੀਰ ਖਾਨ ਦੀ ਫੌਜ ਨੇ ਮਾਈ ਭਾਗੋ ਦੀ ਫੌਜ ਨੂੰ ਢਾਬ ਦੇ ਨੇੜੇ ਆ ਘੇਰਿਆ ਅਤੇ ਘਮਸਾਨ ਦਾ ਯੁੱਧ ਸ਼ੁਰੂ ਹੋ ਗਿਆ ਦੋਹਾਂ ਪਾਸਿਆਂ ਤੋਂ ਕਈ ਯੋਧੇ ਮਾਰੇ ਗਏ ਪਰ ਪਾਣੀ ਦੀ ਕਿੱਲਤ ਕਾਰਨ ਸ਼ਾਹੀ ਫੌਜ ਨੂੰ ਆਪਣਾ ਘੇਰਾ ਛੱਡ ਕੇ ਪਿੱਛੇ ਮੁੜਨਾ ਪਿਆ। ਜਦੋਂ ਗੁਰੂ ਸਾਹਿਬ ਲੜਾਈ ਉਪ੍ਰੰਤ ਮੌਕੇ ਤੇ ਪਹੁੰਚੇ ਤਾਂ ਪਤਾ ਲਗਾ ਕਿ ਬੀਬੀ ਦੀ ਫੌਜ ਦੇ 40 ਸਿੰਘ ਸ਼ਹੀਦ ਹੋ ਚੁੱਕੇ ਸਨ । [161] ਜ਼ਖਮੀਆਂ ਵਿੱਚ ਭਾਈ ਮਹਾਂ ਸਿੰਘ ਅਤੇ ਬੀਬੀ ਭਾਗ ਭਰੀ ਨਜ਼ਰ ਪਏ। ਮਾਤਾ ਭਾਗ ਭਰੀ ਦੀ ਖੱਬੀ ਲੱਤ ਬਹੁਤ ਬੁਰੀ ਤਰ੍ਹਾਂ ਜ਼ਖਮੀ ਹੋ ਚੁੱਕੀ ਸੀ। ਗੁਰੂ ਜੀ ਨੇ ਤੁਰੰਤ ਮਾਤਾ ਜੀ ਦੇ ਇਲਾਜ ਦਾ ਪ੍ਰਬੰਧ ਕਰਵਾਇਆ ਅਤੇ ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਕਰਵਾਇਆ। [162]

[160] ਪ੍ਰਿੰਸੀਪਲ ਸਤਿਬੀਰ ਸਿੰਘ ਜੀ ਅਨੁਸਾਰ ਭਾਈ ਮਹਾਂ ਸਿੰਘ ਭਾਈ ਮਨੀ ਸਿੰਘ ਦੇ ਪੁੱਤਰ ਰਾਏ ਸਿੰਘ ਦੇ ਬੇਟੇ ਸਨ ਜੋ 45 ਸਿੰਘ ਨਾਲ ਲੈ ਕੇ ਆਏ।

[161] ਪ੍ਰਿੰਸੀਪਲ ਸਤਿਬੀਰ ਸਿੰਘ ਜੀ ਅਨੁਸਾਰ ਇਨ੍ਹਾਂ ਵਿੱਚੋਂ ਬਹੁਤੇ ਸਿੰਘ ਪਿੰਡ ਰਿਆੜਕੀ (ਅੰਮ੍ਰਿਤਸਰ) ਅਤੇ ਪਿੰਡ ਨੱਕੇ (ਜ਼ਿਲਾ ਲਹੌਰ) ਦੇ ਰਹਿਣ ਵਾਲੇ ਸਨ ਜੋ ਕਿ ਸਰਦਾਰ ਮਹਾਂ ਸਿੰਘ ਦੇ ਜੱਥੇ ਨਾਲ ਆਏ ਸਨ (ਦੇਖੋ "ਸਾਡਾ ਇਤਿਹਾਸ ਭਾਗ 1 ਪੰਨਾ 309)

[162] ਕੁਝ ਇਤਿਹਾਸਕਾਰ ਲਿਖਦੇ ਹਨ ਕਿ ਇਸ ਜੰਗ ਵਿੱਚ ਮਾਈ ਭਾਗੋ ਦੇ ਦੋ ਭਰਾ ਦਿਲਬਾਗ ਸਿੰਘ ਅਤੇ ਭਾਗ ਸਿੰਘ ਵੀ ਸ਼ਹੀਦ ਹੋਏ। ਕੁਝ ਹੋਰ ਇਤਿਹਾਸਕਾਰ ਇਹ ਵੀ ਲਿਖਦੇ ਹਨ ਕਿ ਮਾਈ ਭਾਗੋ ਦਾ ਪਤੀ ਨਿਧਾਨ ਸਿੰਘ ਅਤੇ ਉਸ ਦੇ ਦੋ ਭਰਾ ਸੁਲਤਾਨ ਸਿੰਘ ਅਤੇ ਦਿਲਬਾਗ ਸਿੰਘ ਵੀ ਇਸੇ ਜੰਗ ਵਿੱਚ ਸ਼ਹੀਦ ਹੋਏ ਸਨ। (ਪੜ੍ਹੋ ਪ੍ਰਸਿੱਧ ਸਿੱਖ ਬੀਬੀਆਂ By ਸਿਮਰਨ ਕੌਰ ਪੰਨਾ 7)



ਗੁਰੂ ਸਾਹਿਬ ਦੇ ਅੰਤ ਤੱਕ ਮਾਤਾ ਜੀ ਗੁਰੂ ਜੀ ਦੇ ਚਰਨਾਂ ਵਿੱਚ ਹੀ ਵਿਰਾਜਦੇ ਰਹੇ ਅਤੇ ਹਰ ਪਰਕਾਰ ਗੁਰਸਿੱਖਾਂ ਦੀ ਸੇਵਾ ਵਿੱਚ ਤਨ ਮਨ ਨਾਲ ਜੁਟੇ ਰਹੇ। ਗੁਰੂ ਜੀ ਦੇ ਜੋਤੀ ਜੋਤ ਸਮਾਉਣ ਉਪ੍ਰੰਤ ਆਪ ਬਿਦਰ ਚਲੇ ਗਏ ਅਤੇ ਇੱਥੇ ਸਿੱਖੀ ਦਾ ਖ਼ੂਬ ਪਰਚਾਰ ਕੀਤਾ। ਕੁੱਝ ਚਿਰ ਇੱਥੇ ਰਹਿ ਕੇ ਆਪ ਬਾਬੂ ਰਾਓ ਅਤੇ ਰੁਸਤਮ ਰਾਓ ਪਾਸ ਜਨਵਾਰਾ ਜਾ ਬਰਾਜੇ। ਉਥੇ ਹੀ ਆਪ ਇੱਕ ਦਿਨ ਵਾਹਿਗੁਰੂ ਦੇ ਚਰਨਾਂ ਵਿੱਚ ਜਾ ਬਰਾਜੇ। ਇਸ ਮਹਾਨ ਸੂਰਵੀਰ ਸਿੰਘਣੀ ਦੀ ਯਾਦ ਵਿੱਚ ਨਾਦੇੜ ਸਾਹਿਬ ਵਿਖੇ ਗੁਰਦਵਾਰਾ ਸੁਸ਼ੋਭਤ ਹੈ ਜਿੱਥੇ ਆਪ ਦੇ ਬਰਛੇ ਦਾ ਫ਼ਲ ਅਜੇ ਵੀ ਸਾਂਭ ਕੇ ਰੱਖਿਆ ਗਿਆ ਹੈ ।

## 9.5 ਬੀਬੀ ਸ਼ਰਨ ਕੌਰ 1

1704 ਵਿੱਚ ਚਮਕੌਰ ਸਾਹਿਬ ਵਿਖੇ ਗੁਰੂ ਜੀ ਦੇ ਮੁੱਠੀ ਭਰ 40 ਸਿੰਘਾਂ ਨੇ 1000,0000 ਸ਼ਾਹੀ ਫੌਜ ਨੂੰ ਖ਼ੂਬ ਚਣੇ ਚਬਾਏ ਅਤੇ ਲੜਦੇ ਹੋਏ ਸ਼ਹੀਦ ਹੋ ਗਏ।[163] ਇਸ ਜੰਗ ਵਿੱਚੋਂ ਗੁਰੂ ਜੀ ਸੰਤ ਸਿੰਘ (ਕੁੱਝ ਇਹਿਾਸਕਾਰ ਸੰਗਤ ਸਿੰਘ ਲਿਖਦੇ ਹਨ) ਨੂੰ ਕਮਾਣ ਸੰਭਾਲ ਕੇ ਨਿਕਲ ਗਏ ਸਨ। ਸੰਤ ਸਿੰਘ ਨੂੰ ਹੀ ਗੁਰੂ ਗੋਬਿੰਦ ਸਿੰਘ ਸਮਝ ਕੇ ਅਗਲੇ ਦਿਨ ਸ਼ਾਹੀ ਫੌਜ ਵਲੋਂ ਜੰਗ ਜਿੱਤਣ ਦੀਆਂ ਖੁਸੀਆਂ ਮਨਾਈਆਂ, ਇਨਾਮ ਵੰਡੇ ਗਏ, ਜ਼ਖ਼ਮੀਆਂ ਆਦਿਕ ਨੂੰ ਸਾਂਭਿਆ ਗਿਆ ਅਤੇ ਸ਼ਾਹੀ ਫੌਜੀਆਂ ਦੀਆਂ ਲਾਸ਼ਾਂ ਦਾ ਦਾਹ ਸਸਕਾਰ ਕਰ ਦਿੱਤਾ ਗਿਆ। ਸਿੱਖ ਲਾਸ਼ਾਂ ਨੂੰ ਸੜਨ ਗਲਣ ਲਈ ਛੱਡ ਦਿੱਤਾ ਗਿਆ ਤਾਂ ਜੋ ਨੇੜ ਪਰੇਹੇ ਦੇ ਪਿੰਡਾਂ ਦੇ ਲੋਕਾਂ ਨੂੰ ਸਰਕਾਰ ਵਿਰੁੱਧ ਉੱਠਣ ਤੋਂ ਪਹਿਲਾਂ ਸੋਚਣਾ ਪਵੇ। ਨੇੜੇ ਦੇ ਪਿੰਡਾਂ ਵਿੱਚ ਡਾਉਂਡੀ ਪਿਟਵਾ ਦਿੱਤੀ ਗਈ ਕਿ ਗੁਰੂ ਗੋਬਿੰਦ ਸਿੰਘ ਮਾਰਿਆ ਗਿਆ ਹੈ ਅਤੇ ਇੱਕ ਹਫਤੇ ਤੱਕ ਲੜਾਈ ਦੇ ਮੈਦਾਨ ਦੇ ਨੇੜੇ ਕੋਈ ਨਾ ਜਾਵੇ। ਇਹ ਮੁਨਾਦੀ ਪਿੰਡ ਖਰੁੰਡ ਵਿੱਚ ਵੀ ਸੁਣੀ ਗਈ।

ਅਗਲਾ ਦਿਨ ਵੀ ਲੰਘ ਗਿਆ ਅਤੇ ਸਿੰਘਾਂ ਦੀਆਂ ਲਾਸ਼ਾਂ ਸੜਨ ਲਗੀਆਂ। ਅਸਮਾਨ ਵਿੱਚ ਇਲ੍ਹਾਂ ਤੇ ਗਿਰਝਾਂ ਗੇੜੇ ਕੱਢਣ ਲੱਗੀਆਂ। ਇਸੇ ਪਿੰਡ ਖ਼ਰੁੰਡ ਦੀ ਇੱਕ ਦ੍ਰਿੜ੍ਹ ਵਿਸ਼ਵਾਸ਼ੀ ਬੀਬੀ ਸ਼ਰਨ ਕੌਰ ਨੇ ਆਪਣੇ ਭਰਾਵਾਂ ਦੀ ਅਦੁੱਤੀ ਕੁਰਬਾਨੀ ਨੂੰ ਸ਼ਰਧਾਂਜਲੀ ਦੇਣ ਦਾ ਫੈਸਲਾ ਕਰ ਲਿਆਂ। ਰਾਤ ਪੈਂਦੇ ਹੀ ਪਿੰਡ ਖ਼ਰੁੰਡ ਦੀ ਇਸ ਸ਼ੇਰ ਬੱਚੀ ਸ਼ਰਨ ਖੌਰ ਨੇ ਕੁੱਝ ਭਰਾ ਨਾਲ ਰਲਾਏ ਅਤੇ ਚੁਪਕੇ ਚੁਪਕੇ ਸਿੰਘ ਸੂਰਮਿਆਂ ਦਾ ਸਸਕਾਰ ਕਰਨ ਦੀ ਸਕੀਮ ਬਣਾ ਲਈ। ਸ਼ਾਹੀ ਫੌਜੀ ਨਸ਼ਿਆਂ ਵਿੱਚ ਗ਼ਰਕ ਘੂਕ ਸੁੱਤੇ ਪਏ ਸਨ ਜਦ ਬੀਬੀ ਜੀ ਅਤੇ ਉਸ ਦੇ ਵੀਰ ਸਿੰਘਾਂ ਦੀਆਂ ਲਾਸ਼ਾਂ ਇੱਕੱਠੀਆਂ ਕਰ ਰਹੇ ਸਨ। ਕਾਫੀ ਸਾਰੀ

[163] ਇਨ੍ਹਾਂ ਦੀ ਗਿਣਤੀ ਜ਼ਫਰਨਾਮਾ ਵਿੱਚ 40 ਦੱਸੀ ਗਈ ਹੈ। "ਗੁਰਸਨਹ ਚਿਹ ਕਾਰੇ ਕੁਨਦ ਚਿਹਲ (40) ਕਿ ਦਹ ਲਕ ਬਰਆਇਦ ਬਰੋ ਬੇਖ਼ਬਰ" (ਜ਼ਫਰਨਾਮਾ)

ਲਕੜੀ ਸਰਕਾਰੀ ਲੋੜਾਂ ਲਈ ਦਿੱਲੀ ਜਾਣੀ ਸੀ ਜਿਸ ਨੂੰ ਬੀਬੀ ਜੀ ਅਤੇ ਸਿੱਖਾਂ ਨੇ ਸਸਕਾਰ ਦੇ ਕੰਮ ਲਈ ਵਰਤ ਲਿਆ। ਅਰਦਾਸ ਕਰਕੇ ਜਿਉਂ ਹੀ ਅੰਗੀਠੇ ਨੂੰ ਅੱਗ ਲਾਈ ਗਈ ਸ਼ਾਹੀ ਫੌਜ ਦੀਆਂ ਅੱਖਾਂ ਖੁਲ੍ਹੀਆਂ। ਸਿੰਘਾਂ ਨੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਬੀਬੀ ਜੀ ਪਕੜੇ ਗਏ। ਗੁੱਸੇ ਵਿੱਚ ਆਏ ਫੌਜੀਆਂ ਨੇ ਸੂਰਵੀਰ ਬੀਬੀ ਨੂੰ ਚੁੱਕ ਕੇ ਜਿਉਂਦਿਆਂ ਹੀ ਜਲਦੇ ਅੰਗੀਠੇ ਵਿੱਚ ਸੁੱਟ ਦਿੱਤਾ। ਬੀਬੀ ਜੀ ਆਪਣੇ ਸਿਦਕੀ ਭਰਾਵਾਂ ਨਾਲ ਹੀ ਸ਼ਹੀਦੀ ਪਾ ਗਏ। ਸਿੱਖ ਕੌਮ ਸਦਾ ਹੀ ਇਸ ਸਿਦਕੀ ਬੀਬੀ ਦੀਆਂ ਵਾਰਾਂ ਗਾਉਂਦੀ ਰਹੇਗੀ।

## 9.6 ਬੀਬੀ ਸ਼ਰਨ ਕੌਰ 2

ਬੀਬੀ ਸ਼ਰਨੀ ਪਿੰਡ ਮਤਣੀਆਂ ਦੇ ਕਰਮ ਚੰਦ ਦੀ ਇੱਕਲੋਤੀ ਧੀ ਸੀ। 17 ਸਾਲ ਦੀ ਉਮਰ ਵਿੱਚ ਇਸ ਦਾ ਵਿਆਹ ਵੀਰ ਭਾਨ ਦੇ ਇੱਕਲੌਤੇ ਪੁਤਰ ਵੀਹ ਸਾਲ ਦੇ ਭੀਮ ਸੈਨ ਨਾਲ ਹੋਇਆ। ਵਿਆਹ ਤੋਂ ਬਾਅਦ ਬਰਾਤ ਲਾੜੇ ਦੇ ਪਿੰਡ ਨੂੰ ਪਰਤ ਰਹੀ ਸੀ ਕਿ ਗੜ੍ਹੀ ਹਬੀਬੁਲਾ ਦੇ ਅੱਲਾ ਦਿੱਤਾ ਵਿਅਕਤੀ ਨੇ ਬਰਾਤ ਦੀ ਬੇਇਜ਼ਤੀ ਕੀਤੀ ਅਤੇ ਵਿਆਹੁਤਾ ਲੜਕੀ ਅਤੇ ਉਸ ਦੇ ਨਾਲ ਆਈ ਦਾਸੀ ਨੂੰ ਜ਼ਬਰਦਸਤੀ ਖੋਹ ਕੇ ਗੜ੍ਹੀ ਹਬੀਬੁਲਾ ਲੈ ਗਿਆ। ਅੱਲ਼ਾ ਦਿੱਤਾ ਨੇ ਹੁਕਮ ਦਿੱਤਾ ਕਿ ਹਰ ਬਰਾਤੀ ਆਪਣੀਆਂ ਬੋਦੀਆਂ ਫੜ ਕੇ ਅਤੇ ਮੂੰਹ ਵਿੱਚ ਘਾਅ ਪਾ ਕੇ ਜਾਨ ਦੀ ਭੀਖ ਮੰਗੇ। ਛੇਤੀ ਹੀ ਇਹ ਖ਼ਬਰ ਸਰਦਾਰ ਹਰੀ ਸਿੰਘ ਨਲੂਆ ਤੱਕ ਪਹੁੰਚ ਗਈ। ਹਰੀ ਸਿੰਘ ਨੇ ਤੁਰਤ ਹੀ ਸਰਦਾਰ ਪਹਾੜਾ ਸਿੰਘ ਨੂੰ ਦਸ ਸਿੰਘਾਂ ਦਾ ਜੱਥਾ ਦੋਸ਼ੀਆਂ ਨੂੰ ਫੜਣ ਅਤੇ ਕੁੜੀਆਂ ਨੂੰ ਵਾਪਸ ਲਿਆਉਣ ਲਈ ਭੇਜ ਦਿੱਤਾ। ਅੱਲਾ ਦਿੱਤਾ ਫੜ ਲਿਆ ਗਿਆ ਅਤੇ ਜਾਨ ਦੀ ਮੁਆਫੀ ਮੰਗਣ ਲਗਾ। ਪਰ ਸਿੰਘਾਂ ਨੇ ਉਸ ਦੀ ਮੁਆਫੀ ਪ੍ਰਵਾਣ ਨਾ ਕੀਤੀ।

ਦੋਹਾਂ ਭੀਮ ਸੈਨ ਅਤੇ ਬੀਬੀ ਸ਼ਰਨੀ ਨੇ ਘਰ ਜਾਣਾ ਮੁਨਾਸਬ ਨਾ ਸਮਝਿਆ ਅਤੇ ਅੰਮ੍ਰਿਤ ਛਕ ਕੇ ਸਿੰਘ ਸੱਜ ਗਏ। ਭੀਮ ਸੈਨ ਦਾ ਨਾਂ ਭੀਮ ਸਿੰਘ ਹੋ ਗਿਆ ਅਤੇ ਸ਼ਰਨੀ ਸ਼ਰਨ ਕੌਰ ਬਣ ਗਈ। ਇਹ ਉਹ ਸਮਾਂ ਸੀ ਜਦ ਸਰਦਾਰ ਹਰੀ ਸਿੰਘ ਨੂੰ ਪਸ਼ਾਵਰ ਦਾ ਗਵਰਨਰ ਥਾਪਿਆ ਗਿਆ ਸੀ ਅਤੇ ਉਹ ਜਮਰੌਦ ਦਾ ਕਿਲ੍ਹਾ ਉਸਾਰ ਰਹੇ ਸਨ। ਦੋਹਾਂ ਨੂੰ ਪਸ਼ਤੋ ਭਾਸ਼ਾ ਚੰਗੀ ਤਰ੍ਹਾਂ ਆਉਂਦੀ ਸੀ ਅਤੇ ਉਨ੍ਹਾਂ ਦਾ ਰਹਿਣ ਸਹਿਣ ਲਿਬਾਸ ਆਦਿਕ ਪਠਾਣੀ ਸਨ। ਇਸ ਲਈ ਸਰਦਾਰ ਮਹਾਂ ਸਿੰਘ ਦੀ ਸਿਫਾਰਸ਼ ਤੇ ਹਰੀ ਸਿੰਘ ਨੇ ਜੋੜੀ ਨੂੰ ਜਾਸੂਸੀ ਦਾ ਕੰਮ ਸੌਪ ਦਿੱਤਾ। ਉਹ ਦੋਵੇ ਛੇਤੀ ਹੀ ਇਲਾਕੇ ਦੇ ਪਠਾਣਾਂ ਵਿੱਚ ਘੁਲ ਮਿਲ ਗਏ ਤੇ ਹਰੀ ਸਿੰਘ ਨਲੂਆ ਦੀ ਫੌਜ ਲਈ ਸੂਹੀਏ ਦਾ ਕੰਮ ਕਰਨ ਲੱਗ ਪਏ।

ਜਦੋਂ ਜਮਰੌਦ ਦੇ ਕਿਲ੍ਹੇ ਨੂੰ ਘੇਰਾ ਪਾ ਕੇ ਮੁਸਲਮਾਨ ਮੁਲਖਈਆ ਨੇ ਕਿਲ੍ਹੇ ਨੂੰ ਪਾੜ ਲਾ ਲਿਆ ਤਾਂ ਕਿਲ੍ਹੇ ਅੰਦਰਲੇ ਸਿੱਖਾਂ ਦਾ ਜਿਉਂਦਾ ਬਚਣਾ ਬਹੁਤ ਮੁਸ਼ਕਿਲ ਹੋ ਗਿਆ। ਸਿੱਖ



ਚਾਰੇ ਪਾਸਿਓਂ ਘਿਰ ਚੁੱਕੇ ਸਨ ਅਤੇ ਕੋਈ ਚਮਤਕਾਰ ਹੀ ਉਨ੍ਹਾਂ ਨੂੰ ਬਚਾ ਸਕਦਾ ਸੀ। ਬੀਬੀ ਸ਼ਰਨ ਕੌਰ ਨੇ ਯੂਸਫਜ਼ਈ ਲੋਕਾਂ ਵਰਗੇ ਕੱਪੜੇ ਪਾਏ ਅਤੇ ਘੋੜੇ ਚੜ੍ਹ ਕੇ ਲੁਕਦੀ ਛਿਪਦੀ ਸਰਦਾਰ ਹਰੀ ਸਿੰਘ ਨਲੂਆ ਨੂੰ ਜਾ ਮਿਲੀ। ਸਰਦਾਰ ਹਰੀ ਸਿੰਘ ਨੇ ਤੁਰਤ ਹੀ ਫੌਜ ਨੂੰ ਚਲਣ ਦਾ ਹੁਕਮ ਦੇ ਦਿੱਤਾ ਅਤੇ ਹਵਾ ਦੀ ਰਫਤਾਰ ਨਾਲ ਜਮਰੌਦ ਪਹੁੰਚ ਗਿਆ। ਉਸ ਦੇ ਪਹੁੰਚਣ ਦੀ ਖ਼ਬਰ ਸੁਣਦਿਆਂ ਹੀ ਸਥਾਨਕ ਧਾੜਵੀ ਇੱਧਰ ਉੱਧਰ ਖਿੰਡ ਪੁੰਡ ਗਏ ਅਤੇ ਅਨੇਕਾਂ ਸਿੰਘਾਂ ਦੀ ਜਾਨ ਬਚ ਗਈ।

ਸ਼ਰਨ ਕੌਰ ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਤੋਂ ਬਾਅਦ ਤੱਕ ਜ਼ਿੰਦਾ ਰਹੀ ਪਰ ਡੋਗਰਿਆਂ ਦੇ ਹੱਥੋਂ ਸਿੱਖ ਰਾਜ ਦੀ ਹੁੰਦੀ ਬਰਬਾਦੀ ਬਰਦਾਸ਼ਤ ਨਾ ਕਰ ਸਕੀ। ਉਸਨੇ ਨੌਕਰੀ ਛੱਡ ਦਿੱਤੀ ਅਤੇ ਛੇਤੀ ਹੀ ਬਾਅਦ ਸੰਸਾਰ ਤੋਂ ਕੂਚ ਕਰ ਗਈ।

## 9.7 ਬੀਬੀ ਦੀਪ ਕੌਰ

ਅੰਮ੍ਰਿਤਧਾਰੀ ਸਿੰਘਾਂ ਦੇ ਜੱਥੇ ਅਕਸਰ ਆਪਣੇ ਪਰਿਵਾਰਾਂ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਨੂੰ ਜਾਇਆ ਕਰਦੇ ਸਨ। ਮਾਝੇ ਦੀਆਂ ਔਰਤਾਂ ਅਤੇ ਮਰਦਾਂ ਦਾ ਇੱਕ ਜੱਥਾ ਆਨੰਦਪੁਰ ਨੂੰ ਜਾ ਰਿਹਾ ਸੀ ਜਿਸ ਵਿੱਚ 16 ਸਾਲਾਂ ਦੀ ਇੱਕ ਅੰਮ੍ਰਿਤਧਾਰੀ ਬੀਬੀ ਵੀ ਸੀ। ਜੱਥਾ ਤਲਵਨ ਨਾਂ ਦੇ ਪਿੰਡ ਕੋਲ ਰਾਤ ਕੱਟਣ ਲਈ ਰੁਕਿਆ ਅਤੇ ਇਹ ਬੀਬੀ ਜੰਗਲ ਪਾਣੀ ਲਈ ਜੰਗਲ ਵਿੱਚ ਚਲੀ ਗਈ। ਬਦਕਿਸਮਤੀ ਨਾਲ ਜੱਥੇ ਉਪਰ ਜਾਸੂਸਾਂ ਦੀ ਨਜ਼ਰ ਸੀ ਅਤੇ ਇਹ ਬੀਬੀ ਤਿੰਨ ਜਾਸੂਸਾਂ ਦੇ ਚੁੰਗਲ ਵਿੱਚ ਫਸ ਗਈ। ਬੀਬੀ ਨੂੰ ਉਨ੍ਹਾਂ ਦੀ ਬਦਨੀਅਤ ਸਮਝਣ ਵਿੱਚ ਦੇਰੀ ਨਾ ਲੱਗੀ। ਉਸ ਨੇ ਅੱਖ ਦੇ ਫੋਰ ਵਿੱਚ ਤਲਵਾਰ ਕੱਢੀ ਅਤੇ ਦੋ ਜਾਸੂਸਾਂ ਨੂੰ ਪਾਰ ਬੁਲਾਇਆ ਅਤੇ ਤੀਜੇ ਨੂੰ ਜ਼ਖਮੀ ਕਰ ਦਿੱਤਾ। ਰੌਲਾ ਸੁਣ ਕੇ ਜੱਥਾ ਵੀ ਸਾਵਧਾਨ ਹੋ ਗਿਆ। ਬੀਬੀ ਦੇ ਕਈ ਜ਼ਖਮ ਆਏ ਸਨ ਜਿਨ੍ਹਾਂ ਤੇ ਪੱਟੀ ਬੰਨ੍ਹ ਕੇ ਜੱਥਾ ਅਗੇ ਨੂੰ ਚਾਲੇ ਪਾ ਗਿਆ। ਗੁਰੂ ਜੀ ਨੇ ਜਦ ਬੀਬੀ ਦੀਪ ਕੌਰ ਦੀ ਬਹਾਦਰੀ ਦੀ ਗੱਲ ਸੁਣੀ ਤਾਂ ਉਹ ਬੇਹੱਦ ਪ੍ਰਸੰਨ ਹੋਏ। ਉਨ੍ਹਾਂ ਨੇ ਬੀਬੀ ਨੂੰ ਅਸੀਸ ਦਿੱਤੀ ਅਤੇ ਸੰਗਤ ਨੂੰ ਪ੍ਰੇਰਨਾ ਕੀਤੀ ਕਿ ਹਰ ਲੜਕੀ ਅੰਮ੍ਰਿਤਧਾਰੀ ਬਣ ਜਾਵੇ। ਮੌਕੇ ਤੇ ਹੀ ਕਈ ਲੜਕੀਆਂ ਨੇ ਅੰਮ੍ਰਿਤ ਪਾਣ ਕਰ ਲਿਆ।

## 9.8 ਬੀਬੀ ਧਰਮ ਕੌਰ

ਕਿਸੇ ਨਾ ਕਿਸੇ ਬਹਾਨੇ ਲਾਹੌਰ ਦੇ ਮੁਗ਼ਲ ਸ਼ਾਸ਼ਕ ਸਿੱਖਾਂ ਤੇ ਹਮਲੇ ਕਰਦੇ ਹੀ ਰਹਿੰਦੇ ਸਨ। ਉਨ੍ਹਾਂ ਦੇ ਝੋਲੀ ਚੁੱਕ ਉਨ੍ਹਾਂ ਦੀ ਮਦਦ ਕਰਦੇ ਸਨ ਅਤੇ ਸਿੱਖਾਂ ਦੀਆਂ ਗਤੀਵਿਧੀਆਂ ਬਾਰੇ ਹਰ ਸੂਚਨਾ ਸ਼ਾਸ਼ਕਾਂ ਤੱਕ ਪਹੁੰਚਾਉਂਦੇ ਰਹਿੰਦੇ ਸਨ। ਕਈ ਵਾਰੀ ਇਹ ਜਾਸੂਸ ਆਪਣਾ ਉੱਲੂ ਸਿੱਧਾ ਕਰਨ ਲਈ ਝੂਠੀਆਂ ਖ਼ਬਰਾਂ ਵੀ ਭੇਜਦੇ ਰਹਿੰਦੇ ਸਨ। ਨੌਸ਼ਹਿਰਾ (ਲਾਹੌਰ) ਦੇ ਸਾਹਿਬ ਰਾਏ ਦੇ ਘੋੜੇ ਗੁਆਚ ਗਏ ਅਤੇ ਉਸ ਨੇ ਸਿੱਖਾਂ ਨਾਲ ਕਿੜ ਕੱਢਣ

ਲਈ ਚੋਰੀ ਦਾ ਇਲਜ਼ਾਮ ਪਿੰਡ ਢਿੱਲਵਾਂ ਦੇ ਤਾਰਾ ਸਿੰਘ ਉੱਪਰ ਲਾ ਦਿੱਤਾ। ਸਰਕਾਰ ਦਰਬਾਰ ਉਸ ਦੀ ਪੁੱਛ ਪਰਤੀਤ ਸੀ ਇਸ ਲਈ ਉਹ ਪੁਲਸ ਲੈ ਆਇਆ ਅਤੇ ਤਾਰਾ ਸਿੰਘ ਅਤੇ ਉਸ ਦੇ ਦੋਸਤਾਂ ਉੱਪਰ ਹਮਲਾ ਕਰਵਾ ਦਿੱਤਾ। ਤਾਰਾ ਸਿੰਘ ਅਤੇ ਹੋਰ ਸਿੱਖਾਂ ਨੂੰ ਇਸ ਦੀ ਭਿਣਕ ਲਗ ਗਈ ਸੀ ਅਤੇ ਉਹ ਵੀ ਤਿਆਰ ਸਨ। ਇੱਕ ਛੋਟੀ ਜਿਹੀ ਝੜੱਪ ਹੋਈ ਜਿਸ ਵਿੱਚ ਇੱਕ ਸਪਾਹੀ ਮਾਰਿਆ ਗਿਆ ਅਤੇ ਸਾਹਿਬ ਰਾਏ ਜ਼ਖ਼ਮੀ ਹੋ ਗਿਆ।

ਕਿਹਾ ਜਾਂਦਾ ਹੈ ਕਿ ਜ਼ਖ਼ਮੀ ਸ਼ੇਰ ਹੋਰ ਵੀ ਜ਼ਿਆਦਾ ਖ਼ਤਰਨਾਕ ਹੋ ਜਾਦਾ ਹੈ। ਸਾਹਿਬ ਰਾਏ ਨੂੰ ਹਾਰ ਚੁਭਦੀ ਰਹੀ ਅਤੇ ਉਹ ਮੌਕਾ ਤਾੜ ਰਿਹਾ ਸੀ ਕਿ ਇਸ ਦਾ ਬਦਲਾ ਕਿਵੇਂ ਲਿਆ ਜਾਵੇ। 1725 ਈ: ਦੀਆਂ ਗਰਮੀਆਂ ਵਿੱਚ ਉਸ ਨੂੰ ਅਖ਼ੀਰ ਬਹਾਨਾ ਮਿਲ ਹੀ ਗਿਆ। ਪਿੰਡ ਚਵਿੰਡਾ (ਅੰਮ੍ਰਿਤਸਰ) ਦਾ ਸਰਦਾਰ ਬਹਾਦਰ ਸਿੰਘ ਆਪਣੇ ਪੁੱਤਰ ਦੇ ਵਿਆਹ ਵਿੱਚ ਰੁੱਝਾ ਹੋਇਆ ਸੀ। ਸਾਹਿਬ ਰਾਏ ਨੂੰ ਪਤਾ ਸੀ ਕਿ ਤਾਰਾ ਸਿੰਘ ਅਤੇ ਉਸ ਦੇ ਸਹਿਯੋਗੀ ਇਸ ਵਿਆਹ ਵਿੱਚ ਜ਼ਰੂਰ ਸ਼ਾਮਲ ਹੋਣਗੇ। ਉਸ ਨੇ ਪੱਟੀ ਦੇ ਜਾਫਰ ਬੇਗ ਨਾਲ ਮਿਲ ਕੇ ਅਚਾਨਕ ਉਨ੍ਹਾਂ ਉੱਪਰ ਹਮਲਾ ਕਰਵਾ ਦਿੱਤਾ। ਸਿੰਘਾਂ ਨੇ ਤੁਰਤ ਆਪਣੇ ਆਪ ਨੂੰ ਸੰਭਾਲਿਆ ਅਤੇ ਲੜਾਈ ਸ਼ੁਰੂ ਹੋ ਗਈ। ਸਿੰਘਾਂ ਨੇ ਬੀਬੀਆਂ ਨੂੰ ਕਿਹਾ ਕਿ ਉਹ ਵਹੁਟੀ ਨੂੰ ਲੈ ਕੇ ਨਿੱਕਲ ਜਾਣ ਅਤੇ ਕਿਸੇ ਸੁਰਖਿਅਤ ਥਾਂ ਪਹੁੰਚ ਜਾਣ। ਪਰ ਵਹੁਟੀ ਨੇ ਆਪਣੀ ਜਾਨ ਬਚਾ ਕੇ ਨਿੱਕਲ ਜਾਣ ਤੋਂ ਇਨਕਾਰ ਕਰ ਦਿੱਤਾ। ਔਰਤਾਂ ਨੇ ਵੀ ਜੋ ਹਥਿਆਰ ਹੱਥ ਆਇਆ ਚੁੱਕ ਲਿਆ। ਖ਼ੂਬ ਲੜਾਈ ਹੋਈ। ਅੰਤ ਹਮਲਾਆਵਰ ਭੱਜ ਨਿੱਕਲੇ। ਬੀਬੀ ਧਰਮ ਕੌਰ ਤੇ ਉਸ ਦੀਆਂ ਸਾਥਣਾਂ ਨੇ ਕਾਫੀ ਦੂਰ ਤੱਕ ਦੁਸ਼ਮਣ ਦਾ ਪਿੱਛਾ ਕੀਤਾ। ਇਸ ਲੜਾਈ ਵਿੱਚ ਕੁੱਝ ਸਿੰਘ ਵੀ ਸ਼ਹੀਦ ਹੋਏ ਅਤੇ ਜਾਫਰ ਬੇਗ ਦੇ ਕਈ ਸਿਪਾਹੀ ਵੀ ਮਾਰੇ ਗਏ ਪਰ ਉਹ ਜਾਨ ਬਚਾ ਕੇ ਦੌੜ ਗਿਆ। ਚਾਰ ਬੀਬੀਆਂ ਵੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈਆਂ ਪਰ ਇਨ੍ਹਾਂ ਦੀ ਬਹਾਦਰੀ ਦਾ ਚਰਚਾ ਸਾਲਾਂ ਤੱਕ ਇਸ ਇਲਾਕੇ ਵਿੱਚ ਹੁੰਦਾ ਰਿਹਾ।

### 9.9 ਬੀਬੀ ਮਾਨ ਕੌਰ

ਸਿੱਖ ਮੁੱਦਕੀ ਅਤੇ ਫੀਰੋਜ਼ ਸ਼ਾਹ ਦੀਆਂ ਲੜਾਈਆਂ ਅੰਗ੍ਰੇਜ਼ਾਂ ਤੋਂ ਹਾਰ ਚੁੱਕੇ ਸਨ ਅਤੇ ਉਨ੍ਹਾਂ ਨੂੰ ਕਾਫੀ ਨੁਕਸਾਨ ਉਠਾਉਣਾ ਪਿਆ ਸੀ। ਇਸ ਹਾਰ ਦੀ ਕਸਕ ਹਰ ਸਿੱਖ ਦੇ ਹਿਰਦੇ ਵਿੱਚ ਸੀ। ਸਿੱਖਾਂ ਦੀਆਂ ਬਚੀਆਂ ਖੁਚੀਆਂ ਫੌਜਾਂ ਭੂੰਦੜੀ ਸਨ ਕਿ ਅੰਗ੍ਰੇਜ਼ਾਂ ਵਲੋਂ ਇੱਕ ਹੋਰ ਹਮਲੇ ਨਾਲ ਉਨ੍ਹਾਂ ਨੂੰ ਫੇਰ ਖਦੇੜ ਦਿੱਤਾ ਗਿਆ। ਲਾਰਡ ਲਾਰੈਂਸ, ਜਿਸ ਨੂੰ ਟੁੰਡੀ ਲਾਟ ਕਹਿੰਦੇ ਸਨ, ਅੰਗ੍ਰੇਜ਼ ਫੌਜੀਆਂ ਨੂੰ ਵਧਾਈ ਦੇਣ ਆਇਆ। ਉਹ ਅਜੇ ਬੋਲਣ ਹੀ ਲੱਗਾ ਸੀ ਕਿ ਇੱਕ ਧਮਾਕਾ ਹਵਾ ਵਿੱਚ ਗੂੰਜਿਆ ਅਤੇ ਲਾਰੰਸ ਲਹੂ ਲੁਹਾਣ ਹੋਇਆ ਡਿੱਗ ਪਿਆ। ਇਸ ਦੀ ਛਾਤੀ ਵਿੱਚ ਗੋਲੀ ਲੱਗੀ ਸੀ ਜਿਸ ਕਾਰਨ ਉਹ ਮੌਕੇ ਤੇ ਹੀ ਦਮ ਤੋੜ ਗਿਆ। ਇਹ ਗੋਲੀ ਬੀਬੀ ਮਾਨ ਕੌਰ ਨੇ ਚਲਾਈ ਸੀ ਜੋ ਝਾੜੀਆਂ ਵਿੱਚ ਲੁਕ ਕੇ ਬੈਠੀ ਸੀ। ਉਸ ਨੂੰ ਕੈਦ ਕਰ



ਲਿਆ ਗਿਆ ਅਤੇ ਪੁੱਛ ਗਿੱਛ ਕੀਤੀ ਗਈ ਪਰ ਬਾਅਦ ਵਿੱਚ ਛੱਡ ਦਿੱਤਾ ਗਿਆ। ਜ਼ਿਲਾ ਲੁਧਿਆਣਾ ਵਿੱਚ ਬੀੜ ਮਾਨ ਕੌਰ ਉਸ ਬੀਬੀ ਦੀ ਯਾਦ ਤਾਜ਼ਾ ਕਰਾਉਂਦੀ ਹੈ।

### 9.10 ਮਾਤਾ ਕਿਸ਼ਨ ਕੌਰ

ਮਾਤਾ ਕਿਸ਼ਨ ਕੌਰ ਦੇਸ਼ ਭਗਤ ਬੀਬੀਆਂ ਦੀ ਬੇਮਿਸਾਲ ਉਦਾਹਰਣ ਹੈ। ਉਸਦਾ ਜਨਮ 1870 ਈ: ਨੂੰ ਜ਼ਿਲਾ ਫੀਰੋਜ਼ਪੁਰ ਦੇ ਪਿੰਡ ਦੌਧਰ ਵਿੱਚ ਹੋਇਆ ਅਤੇ ਉਹ ਪਿੰਡ ਕਾਉਂਕੇ ਕਲਾਂ ਵਿੱਚ ਵਿਆਹੀ ਗਈ। ਸਿੰਘ ਸਭਾ ਲਹਿਰ ਜਿੱਥੇ ਵੀ ਕਾਰਵਾਈ ਕਰਦੀ ਮਾਤਾ ਕਿਸ਼ਨ ਕੌਰ ਤੁਰਤ ਉੱਥੇ ਪਹੁੰਚ ਜਾਂਦੀ ਸੀ। ਉਸ ਨੇ ਗੁਰਦਵਾਰਾ ਬੇਰ ਸਾਹਿਬ ਸਿਆਲਕੋਟ, ਤਰਨਤਾਰਨ, ਨਨਕਾਣਾ ਸਾਹਿਬ ਅਤੇ ਗੁਰੂ ਕਾ ਬਾਗ ਮੋਰਚਿਆਂ ਵਿੱਚ ਅਕਾਲੀਆਂ ਦੀ ਡਟ ਕੇ ਮਦਦ ਕੀਤੀ। ਜਦੋਂ ਕੁੱਝ ਸਾਧੂਆਂ ਨੇ ਅਕਾਲ ਤਖ਼ਤ ਤੇ ਕਬਜ਼ਾ ਕਰਨ ਦਾ ਯਤਨ ਕੀਤਾ ਤਾਂ ਮਾਤਾ ਕਿਸ਼ਨ ਕੌਰ, ਮਾਤਾ ਬਸੰਤ ਕੌਰ ਅਤੇ ਮਾਤਾ ਟਹਿਲ ਕੌਰ ਚਟਾਨ ਵਾਂਗ ਉਨ੍ਹਾਂ ਦੇ ਰਾਹ ਵਿੱਚ ਅੜ ਖਲੋਈਆਂ ਅਤੇ ਉਨ੍ਹਾਂ ਨੂੰ ਅਕਾਲ ਤਖਤ ਦੇ ਅੰਦਰ ਦਾਖਲ ਨਾ ਹੋਣ ਦਿੱਤਾ। ਬਾਅਦ ਵਿੱਚ ਉਸ ਨੇ ਮੁਕਤਸਰ ਦੇ ਮੋਰਚੇ ਵਿੱਚ ਹਿੱਸਾ ਲਿਆ। ਇਹ ਮਾਤਾ ਕਿਸ਼ਨ ਕੌਰ ਹੀ ਸੀ ਜਿਸ ਨੇ ਪੰਜ ਹੋਰ ਬੀਬੀਆਂ ਨੂੰ ਨਾਲ ਲੈ ਕੇ ਮੁਕਤਸਰ ਦੇ ਪੁਜਾਰੀਆਂ ਨੂੰ ਗੁਰਦਵਾਰੇ ਵਿੱਚੋਂ ਧੂਹ ਕੇ ਬਾਹਰ ਕੱਢ ਮਾਰਿਆ ਸੀ ਅਤੇ ਗੁਰਦਵਾਰੇ ਉੱਪਰ ਕਬਜ਼ਾ ਕਰ ਲਿਆ ਸੀ।

ਅਕਾਲੀ ਮੋਰਚਿਆਂ ਵਿੱਚ ਉਸ ਦੀ ਮੁੱਖ ਜ਼ਿੰਮੇਵਾਰੀ ਲੰਗਰ ਤਿਆਰ ਕਰਵਾ ਕੇ ਅਕਾਲੀਆਂ ਤੱਕ ਪਹੁੰਚਾਣ ਦੀ ਹੁੰਦੀ ਸੀ ਜਿਸ ਨੂੰ ਉਹ ਬੜੀ ਤਨਦਿਹੀ ਨਾਲ ਨਿਭਾਉਂਦੀ ਸੀ। ਦੂਸਰਾ ਕੰਮ ਜੋ ਉਸ ਨੇ ਆਪ ਸਾਂਭਿਆਂ ਹੋਇਆ ਸੀ ਉਹ ਸੀ ਭਾਰਤ ਦੀ ਆਜ਼ਾਦੀ ਲਈ ਜੂਝ ਰਹੇ ਸਿੱਖ ਜ਼ਖ਼ਮੀਆਂ ਦੀ ਦੇਖ ਭਾਲ ਕਰਨਾ। ਉਹ ਅਕਾਲੀਆਂ ਦੀ ਗੁਪਤਚਰ ਵੀ ਸੀ। ਕਈ ਵਾਰ ਉਹ ਪਕੜੀ ਗਈ ਤੇ ਕੈਦ ਵੀ ਹੋਈ ਪਰ ਉਸ ਦੀ ਸੇਵਾ ਭਾਵਨਾ ਵਿੱਚ ਕੋਈ ਫਰਕ ਨਾ ਆਇਆ।

ਮਾਤਾ ਕਿਸ਼ਨ ਕੌਰ ਨੂੰ ਗੰਗਸਰ ਜੈਤੋ ਦੇ ਮੋਰਚੇ ਦੀ ਨਾਇੱਕਾ ਕਿਹਾ ਜਾਣ ਲੱਗਾ। ਇਹ ਮੋਰਚਾ ਸਿੱਖਾਂ ਲਈ ਅਣਖ ਦਾ ਸਵਾਲ ਬਣ ਗਿਆ ਸੀ। 28 ਸਾਲ ਦੇ ਨੌਜਵਾਨ ਮਹਾਰਾਜਾ ਰਿਪਦੁਮਣ ਸਿੰਘ ਨੇ 24 ਜਨਵਰੀ 1912 ਨੂੰ ਨਾਭੇ ਦੀ ਰਾਜਗੱਦੀ ਦਾ ਵਾਰਸ ਬਣਨਾ ਸੀ ਕਿ ਉਸ ਨੂੰ ਦੇਸ਼ ਭਗਤਾਂ ਦੀ ਮਦਦ ਕਰਨ ਦਾ ਦੋਸ਼ ਲਾ ਕੇ ਅੰਗ੍ਰੇਜ਼ਾਂ ਨੇ ਫੜ ਕੇ ਦੇਸ਼ ਬਦਰ ਕਰ ਦਿਤਾ। ਇਸ ਦੀ ਥਾਂ ਵਿਲੀਅਮ ਜੌਨਸਨ ਨੂੰ ਪ੍ਰਬੰਧਕ ਲਾ ਕੇ ਭੇਜ ਦਿੱਤਾ। ਸਿੱਖਾਂ ਨੇ ਇਸ ਦੇ ਖਿਲਾਫ ਆਵਾਜ਼ ਉਠਾਈ ਅਤੇ ਜੈਤੋ ਪਿੰਡ ਵਿੱਚ ਅਖੰਡ ਪਾਠਾਂ ਦੀ ਲੜੀ ਚਾਲੂ ਕਰ ਦਿੱਤੀ। ਅਖੰਡ ਪਾਠਾਂ ਦੀ ਇਹ ਲੜੀ ਉਦੋਂ ਤੱਕ ਚਲਣੀ ਸੀ ਜਦੋਂ ਤਕ ਕਿ ਮਹਾਰਾਜੇ ਨੂੰ ਮੁੜ ਗੱਦੀ ਤੇ ਨਾ ਬਿਠਾ ਦਿੱਤਾ ਜਾਂਦਾ। ਅੰਗ੍ਰੇਜ਼ ਸਰਕਾਰ ਨੇ ਅਖੰਡ ਪਾਠ ਬੰਦ ਕਰਵਾ

ਦਿੱਤੇ ਅਤੇ ਜੈਤੋ ਜਾਣ ਵਾਲੇ ਸਿੰਘਾਂ ਨੂੰ ਗ੍ਰਿਫਤਾਰ ਕਰਨਾ ਸ਼ੁਰੂ ਕਰ ਦਿੱਤਾ। ਸਾਰੇ ਪੰਜਾਬ ਵਿੱਚੋਂ (ਕਈ ਜੱਥੇ ਬਾਹਰਲੇ ਦੇਸ਼ਾਂ ਤੋਂ ਆਏ) ਜੱਥੇ ਵਿਰੋਧਤਾ ਕਰਨ ਲਈ ਜਾਣ ਲੱਗ ਪਏ। ਇਸ ਮੋਰਚੇ ਵਿੱਚ ਪੰਡਤ ਨੈਹਰੂ (ਜੋ ਪਿੱਛੋਂ ਪ੍ਰਧਾਨ ਮੰਤਰੀ ਬਣੇ), ਮਿਸਟਰ ਪਨੀਕਾਰ, ਡਾਕਟਰ ਕਿਚਲੂ ਅਤੇ ਦੀਵਾਨ ਚਮਨ ਲਾਲ ਵਰਗੇ ਲੀਡਰ ਵੀ ਗ੍ਰਿਫਤਾਰ ਹੋਣ ਲਈ ਗਏ ਅਤੇ ਦੋ ਸਾਲ ਲਈ ਜੇਲ੍ਹ ਭੇਜੇ ਗਏ। ਇਸ ਮੋਰਚੇ ਵਿੱਚ 40,000 ਸਿੱਖ ਜੇਲ੍ਹੀਂ ਗਏ ਤੇ 500 ਸਿੰਘਾਂ ਨੇ ਜਾਨਾਂ ਗਵਾਈਆਂ। 700 ਸਿੱਖ ਨੌਕਰੀਓਂ ਕੱਢੇ ਗਏ ਅਤੇ ਅੰਗ੍ਰੇਜ਼ ਸਰਕਾਰ ਨੇ 16000 ਲੱਖ ਰੁਪਏ ਜੁਰਮਾਨਾ ਲਾਇਆ। ਸਰਕਾਰ ਜੱਥਿਆਂ ਨੂੰ ਫੜਦੀ ਰਹੀ ਤੇ ਕੈਦ ਕਰਦੀ ਰਹੀ। 21 ਜਨਵਰੀ 1921 ਤੋਂ 27 ਅਪ੍ਰੈਲ 1925 ਤੱਕ ਨਿਰੰਤਰ ਪੰਜਾਹ-ਪੰਜਾਹ ਸਿੰਘਾਂ ਦੇ ਜੱਥੇ ਹਰ ਮਹੀਨੇ ਜਾਂਦੇ ਰਹੇ ਤੇ ਗ੍ਰਿਫਤਾਰ ਹੁੰਦੇ ਰਹੇ। 27 ਅਪ੍ਰੈਲ ਨੂੰ ਸਰਕਾਰ ਨੇ ਹਾਰ ਮੰਨ ਲਈ ਅਤੇ ਸਿੰਘਾਂ ਨੇ ਇਸ ਜਿੱਤ ਦੀ ਖੁਸ਼ੀ ਮਨਾਉਣ ਲਈ ਜੈਤੋ ਵਿੱਚ 101 ਅਖੰਡ ਪਾਠ ਰੱਖ ਦਿੱਤੇ।


ਸ਼੍ਰੋਮਣੀ ਕਮੇਟੀ ਵੱਲੋਂ ਜਾਣ ਵਾਲੇ ਜੱਥਿਆਂ ਨੂੰ ਹੁਕਮ ਹੁੰਦਾ ਸੀ ਕਿ ਉਹ ਸ਼ਾਂਤ ਰਹਿਣ ਅਤੇ ਹੱਥ ਨਾ ਚੁੱਕਣ। ਮਾਤਾ ਕਿਸ਼ਨ ਕੌਰ ਨੇ ਭਾਈ ਫੇਰੂ ਗੁਰਦਵਾਰੇ ਅਰਦਾਸ ਕੀਤੀ ਅਤੇ ਜ਼ੀਰੇ ਜਾ ਕੇ ਸ਼੍ਰੋਮਣੀ ਕਮੇਟੀ ਦੇ ਇੱਕ ਜੱਥੇ ਵਿੱਚ ਸ਼ਾਮਲ ਹੋ ਗਈ। ਸਮਾਲਸਰ ਜਾ ਕੇ ਉਸ ਨੇ ਆਪਣੇ ਨਾਲ ਬੀਬੀ ਤੇਜ ਕੌਰ ਨੂੰ ਰਲਾਇਆ ਅਤੇ ਜੱਥੇ ਤੋਂ ਵੱਖ ਹੋ ਕੇ ਜਾਸੂਸੀ ਕਰਨ ਲਈ ਜੈਤੋਂ ਵਿੱਚ ਜਾ ਦਾਖ਼ਲ ਹੋਈ। ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਪਰ ਛੇਤੀ ਹੀ ਛੱਡ ਦਿੱਤਾ ਗਿਆ। ਅੰਗ੍ਰੇਜ਼ ਸਰਕਾਰ ਦੀ ਹਰ ਗਤੀਵਿਧੀ ਅਤੇ ਕਮਜ਼ੋਰੀ ਦਾ ਪਤਾ ਇਹ ਬੀਬੀਆਂ ਜੱਥੇਦਾਰ ਨੂੰ ਪਹੁੰਚਾਉਂਦੀਆਂ ਰਹੀਆਂ। ਮਾਈ ਕਿਸ਼ਨ ਕੌਰ ਇੱਕ ਜੱਥੇ ਦੇ ਅੱਗੇ ਸੀ ਜਦ ਮਿਸਟਰ ਵਿਲਸਨ ਨੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਕਿਸੇ ਨੇ ਮਾਤਾ ਜੀ ਨੂੰ ਧੱਕ ਕੇ ਪਰੇ ਕਰ ਦਿੱਤਾ ਜਿਸ ਕਾਰਨ ਮਾਤਾ ਜੀ ਤਾਂ ਬਚ ਗਏ ਪਰ ਨਿਸ਼ਾਨ ਸਾਹਿਬ ਚੁੱਕਣ ਵਾਲਾ ਸਰਦਾਰ ਇੰਦਰ ਸਿੰਘ ਗੋਲੀ ਦਾ ਨਿਸ਼ਾਨਾ ਬਣ ਗਿਆ। ਫੇਰ ਇਹ ਜ਼ਖਮੀਆਂ ਦੀ ਸੰਭਾਲ ਕਰਨ ਵਿੱਚ ਲਗ ਗਈ। ਗੁਰਦਿਆਲ ਸਿੰਘ ਨਾਂ ਦਾ ਇੱਕ ਦੇਸ਼ ਧ੍ਰੋਹੀ (Traitor) ਇਸ ਨੂੰ ਤਾੜ ਗਿਆ ਅਤੇ ਉਸ ਨੇ ਮਾਤਾ ਜੀ ਨੂੰ ਗ੍ਰਿਫਤਾਰ ਕਰਵਾ ਦਿੱਤਾ। ਮਾਤਾ ਜੀ ਅਤੇ ਬੀਬੀ ਤੇਜ ਕੌਰ ਨੂੰ ਭੜਕਾਊ ਭਾਸ਼ਣ ਦੇਣ ਦੇ ਦੋਸ਼ ਵਿੱਚ ਤਿੰਨ ਤਿੰਨ ਮਹੀਨੇ ਦੀ ਸਜ਼ਾ ਸੁਣਾਈ ਗਈ। ਇਨ੍ਹਾਂ ਨੂੰ ਪਹਿਲਾਂ ਜੈਤੋ ਦੇ ਕਿਲ੍ਹੇ ਵਿੱਚ ਰਖਿਆ ਗਿਆ ਪਰ ਬਾਅਦ ਵਿੱਚ ਨਾਭਾ ਜੇਲ੍ਹ ਭੇਜ ਦਿੱਤਾ ਗਿਆ।

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸ਼੍ਰੀ ਨਹਿਰੂ ਵੀ ਇਸ ਜੇਲ੍ਹ ਵਿੱਚ ਆਏ ਸਨ। ਉਹ ਆਪਣੀ ਡਾਇਰੀ ਵਿੱਚ ਲਿਖਦੇ ਹਨ ਕਿ ਉਹ ਮਾਤਾ ਕਿਸ਼ਨ ਕੌਰ ਦੀ ਦਲੇਰੀ ਅਤੇ ਦੇਸ਼ ਭਗਤੀ ਤੋਂ ਬਹੁਤ ਪ੍ਰਭਾਵਤ ਹੋਏ। ਉਹ ਹਮੇਸ਼ਾ ਨਿਡਰ ਹੋ ਕੇ ਜੱਥਿਆਂ ਦੇ ਅੱਗੇ ਹੋ ਤੁਰਦੀ



ਸੀ ਅਤੇ ਸਿੱਖਾਂ ਨੂੰ ਕੁਰਬਾਨੀ ਲਈ ਪ੍ਰੇਰਦੀ ਸੀ ।[164]

ਮਾਤਾ ਕਿਸ਼ਨ ਕੌਰ ਜੀ ਨਾਭਾ ਜੇਲ੍ਹ ਵਿੱਚ ਚਾਰ ਸਾਲ ਰਹੇ। ਰਿਹਾਈ ਉਪ੍ਰੰਤ ਸ਼੍ਰੋਮਣੀ ਕਮੇਟੀ ਅਤੇ ਹਜ਼ਾਰਾਂ ਸਿੱਖਾਂ ਨੇ ਉਨ੍ਹਾਂ ਦਾ ਅੰਮ੍ਰਿਤਸਰ ਸੁਆਗਤ ਕੀਤਾ। ਵਧਾਈਆਂ ਦੇਣ ਵਾਲਿਆਂ ਵਿੱਚ ਗਿਆਨੀ ਸ਼ੇਰ ਸਿੰਘ, ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਗੋਪਾਲ ਸਿੰਘ ਕੌਮੀ ਅਤੇ ਡਾਕਟਰ ਕਿਚਲੂ ਵਰਗੇ ਲੀਡਰ ਸ਼ਾਮਲ ਹੋਏ ਅਤੇ ਸਭ ਨੇ ਮਾਤਾ ਜੀ ਦੀਆਂ ਦੇਸ਼ ਅਤੇ ਕੌਮ ਲਈ ਕੀਤੀਆਂ ਕੁਰਬਾਨੀਆਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਮਾਤਾ ਜੀ ਨੂੰ ਸਿਰੋਪੇ ਦਿੱਤੇ ਗਏ। ਜਦ ਮਾਤਾ ਜੀ ਆਪਣੇ ਪਿੰਡ (ਕਾਉਂਕੇ ਕਲਾਂ) ਨੂੰ ਆਏ ਤਾਂ ਇਨ੍ਹਾਂ ਨੂੰ ਜਗਰਾਓਂ ਸ਼ਹਿਰ ਤੋਂ ਜਲੂਸ ਦੀ ਸ਼ਕਲ ਵਿੱਚ ਪਿੰਡ ਤੱਕ ਲਿਆਂਦਾ ਗਿਆ। ਸ਼੍ਰੋਮਣੀ ਕਮੇਟੀ ਨੇ ਮਾਤਾ ਜੀ ਦੀ ਜੀਵਨ ਭਰ ਲਈ 10 ਰੁਪਏ ਮਹੀਨਾ ਪੈਨਸ਼ਨ ਲਾ ਦਿੱਤੀ।


ਨਕਲ ਕਾਰਵਾਈ ਨੰ: ... ਜੋ ਕਿ ਸ਼੍ਰੋ: ਗੁ: ਪ੍ਰ: ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ੭-੧੦-੨੮ ਦੀ ਇਕੱਤ੍ਰਤਾ ਵਿੱਚ ਪਾਸ ਕੀਤਾ।

-x-x-x-x-x-x-x-

ਸ: ਰਣਬੀਰ ਸਿੰਘ ਜੀ ਕਾਉਂਕੇ ਦੀ ਚਿੱਠੀ ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਮਾਈ ਕਿਸ਼ਨ ਕੌਰ ਜੀ ਨੂੰ ੧੦) ਅੱਖਰੀਂ ਦੱਸ ਰੁਪਏ ਮਾਹਵਾਰ ਸਹਾਇਤਾ ੧-੧੧-੨੮ ਤੋਂ ਦਿੱਤੀ ਜਾਵੇ।

-x-x-x-x-x-x-x-x-x-x-x-x-x-x-x-x-x-x-x-x-

ਨੰ: ੬੪੬੩/ ੧ ਐਚ ਅੰਮ੍ਰਿਤਸਰ

੮-੧੧-੨੮।

ਉਪ੍ਰੋਕਤ ਉਤਾਰਾ ਸ੍ਰੀ ਮਾਈ ਕਿਸ਼ਨ ਕੌਰ ... ਜੀ ਦੀ ਸੇਵਾ ਵਿੱਚ ਇਤਲਾਹ ਲਈ ਭੇਜਿਆ ਜਾਂਦਾ ਹੈ।।

ਦਾਸ—

ਮੀਤ ਸਕੱਤ੍ਰ,

ਸ਼੍ਰੋ: ਗੁ: ਪ੍ਰ: ਕਮੇਟੀ

**ਸ਼ਰੋਮਣੀ ਕਮੇਟੀ ਵਲੋਂ ਮਾਤਾ ਜੀ ਦੀ ਪੈਨਸ਼ਨ ਸਬੰਧੀ ਲਿਖਿਆ ਗਿਆ ਪੱਤਰ**

[164] ਵਧੇਰੇ ਜਾਣਕਾਰੀ ਲਈ ਪੜ੍ਹੋ "ਸੰਖੇਪ ਇਤਿਹਾਸ ਸਿੱਧੂ ਵੰਸ਼" ਲੇਖਕ ਗਿਆਨੀ ਹਰੀ ਸਿੰਘ ਪੰਨਾ 107

ਇਹ ਦਸ ਰੁਪਏ ਉਸ ਵੇਲੇ ਦੇ ਹਿਸਾਬ ਨਾਲ ਅੱਜ ਦੇ 10,000 ਰੁਪਏ ਸਮਝੇ ਜਾ ਸਕਦੇ ਹਨ । [165] ਮਾਤਾ ਜੀ ਦੇ ਕੋਈ ਔਲਾਦ ਨਹੀਂ ਸੀ। ਆਪ 1955 ਵਿੱਚ 85 ਸਾਲ ਦੀ ਉਮਰ ਭੋਗ ਕੇ ਚਲਾਣਾ ਕਰ ਗਏ।

## 9.11 ਬੀਬੀ ਮਾਨ ਕੌਰ (ਰਾਮੇਆਣਾ) ਅਤੇ ਬੀਬੀ ਬਲਬੀਰ ਕੌਰ

ਬੀਬੀ ਮਾਨ ਕੌਰ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਰਾਮੇਆਣਾ ਵਾਸੀ ਸਰਦਾਰ ਵਰਿਆਮ ਸਿੰਘ ਅਤੇ ਮਾਤਾ ਹੁਕਮ ਕੌਰ ਦੀ ਧੀ ਸੀ। ਬੀਬੀ ਜੀ ਮੁੱਢ ਤੋਂ ਹੀ ਧਾਰਮਿਕ ਖਿਆਲਾਂ ਦੇ ਸਨ। ਜੈਤੋ ਵਿੱਚ ਸਿੱਖਾਂ ਦੇ ਸ਼ਹੀਦ ਹੋਣ ਦੀਆਂ ਖਬਰਾਂ ਨੇ ਉਨ੍ਹਾਂ ਦੀ ਆਤਮਾ ਨੂੰ ਬੁਰੀ ਤਰ੍ਹਾਂ ਝੰਜੋੜ ਦਿੱਤਾ। ਉਹ ਜੈਤੋ ਜਾ ਰਹੇ ਇੱਕ ਜੱਥੇ ਵਿੱਚ ਜਾ ਸ਼ਾਮਲ ਹੋਈ ਅਤੇ ਮਾਤਾ ਕਿਸ਼ਨ ਕੌਰ ਨੂੰ ਜਾ ਮਿਲੀ। ਜੈਤੋ ਦੇ ਇਲਾਕੇ ਦੀ ਚੰਗੀ ਵਾਕਿਫ ਸੀ ਇਸ ਲਈ ਜੱਥਿਆਂ ਨੂੰ ਰਾਹ ਦਸਦੀ ਅਤੇ ਟਿੱਬੀ ਸਾਹਿਬ ਗੁਰਦਵਾਰੇ ਵਿੱਚ ਲੰਗਰ ਅਤੇ ਜ਼ਖਮੀ ਸਿੰਘਾਂ ਦੀ ਸੇਵਾ ਕਰਦੀ। ਬਾਅਦ ਵਿੱਚ ਸੰਤ ਸੁੰਦਰ ਸਿੰਘ ਜੀ ਵੱਲੋਂ ਉਸਾਰੇ ਗੁਰਦਵਾਰਾ ਡੇਲਾ ਸਾਹਿਬ ਚਲੀ ਗਈ ਤੇ ਸੇਵਾ ਵਿੱਚ ਲਗੀ ਰਹੀ। ਇਸ ਥਾਂ ਗੁਰੂ ਗੋਬਿੰਦ ਸਿੰਘ ਜੀ ਨੇ ਚਰਨ ਪਾਏ ਸਨ।

ਇੱਕ ਹੋਰ ਬੀਬੀ ਬਲਬੀਰ ਕੌਰ ਵੀ ਸ਼੍ਰੋਮਣੀ ਕਮੇਟੀ ਦੇ ਜੱਥੇ ਵਿੱਚ 21 ਫਰਵਰੀ 1924 ਨੂੰ ਬਰਗਾੜੀ ਪਿੰਡ ਵਿੱਚ ਜਾ ਕੇ ਮਿਲੀ। ਇਹ ਜੱਥੇ ਦੀਆਂ ਅਗਲੀਆਂ ਸਫਾਂ ਵਿੱਚ ਸੀ ਜਦ ਅਚਾਨਕ ਇਸ ਦੇ ਕੁੱਛੜ ਚੁਕੇ ਬੱਚੇ ਨੂੰ ਗੋਲੀ ਆ ਲਗੀ। ਸਿਦਕੀ ਬੀਬੀ ਨੇ ਦਮ ਤੋੜਦੇ ਬੱਚੇ ਨੂੰ ਸੜਕ ਦੇ ਇੱਕ ਪਾਸੇ ਲਿਟਾ ਦਿੱਤਾ ਅਤੇ ਭੱਜ ਕੇ ਫੇਰ ਜੱਥੇ ਨਾਲ ਜਾ ਰਲੀ। ਇਸ ਦਾ ਜੋਸ਼ ਝੱਲਿਆਂ ਨਹੀਂ ਸੀ ਜਾਂਦਾ ਜੈਕਾਰੇ ਤੇ ਜੈਕਾਰਾ ਛੱਡ ਰਹੀ ਸੀ। ਅਜੇ ਥੋੜੀ ਹੀ ਦੂਰ ਗਈ ਸੀ ਕਿ ਅਚਾਨਕ ਉਸ ਨੂੰ ਵੀ ਗੋਲੀ ਆਣ ਲਗੀ ਅਤੇ ਇਹ ਬੀਬੀ ਆਪਣੇ ਸਾਥੀਆਂ ਨੂੰ ਫਤਿਹ ਬੁਲਾ ਗਈ। ਅਫਸੋਸ ਹੈ ਕਿ ਇਸ ਸਿਦਕੀ ਬੀਬੀ ਦੇ ਥਾਂ ਟਿਕਾਣੇ ਬਾਰੇ ਕਿਧਰੋਂ ਪਤਾ ਨਹੀਂ ਚੱਲ ਸਕਿਆ।

ਇਸ ਵੇਲੇ ਸਿੱਖ ਬੀਬੀਆਂ ਵਿੱਚ ਇਨਾਂ ਜਜ਼ਬਾ ਸੀ ਕਿ ਉਹ ਆਪ ਆਪਣੇ ਪਤੀਆਂ ਨੂੰ ਗਲ ਵਿੱਚ ਹਾਰ ਪਾਕੇ ਸ਼ਹੀਦ ਹੋਣ ਲਈ ਜੱਥਿਆਂ ਵਿੱਚ ਭੇਜਦੀਆਂ ਸਨ। 28 ਫਰਵਰੀ 1925 ਨੂੰ ਤੁਰਨ ਵਾਲੇ ਇੱਕ ਜੱਥੇ ਵਿੱਚ ਇੱਕ ਬੀਬੀ ਨੇ ਅਰਦਾਸ ਕਰਕੇ ਆਪਣੇ ਪਤੀ ਦੇ ਗਲ ਵਿੱਚ ਫੁੱਲਾਂ ਦਾ ਹਾਰ ਪਾਇਆ ਅਤੇ ਕਿਹਾ, "*ਪੰਥ ਲਈ ਸ਼ਹੀਦ ਹੋ ਜਾਣਾ ਪਰ ਕੰਡ ਉੱਪਰ ਗੋਲੀ ਨਾ ਖਾਣੀ*"।

[165] ਮੈਂਨੂੰ ਇਹ ਮਾਣ ਪ੍ਰਾਪਤ ਹੈ ਕਿ ਮੈਂ ਪਿੰਡ ਕਾਉਂਕੇ ਕਲਾਂ ਦਾ ਹੀ ਰਹਿਣ ਵਾਲਾ ਹਾਂ ਅਤੇ ਮੈਨੂੰ ਮਾਤਾ ਜੀ ਦੇ ਦਰਸ਼ਨਾਂ ਦਾ ਸੁਭਾਗ ਵੀ ਪ੍ਰਾਪਤ ਹੋਇਆ। ਉਹ ਚਿਟੇ ਕਪੜੇ ਪਹਿਨਦੇ ਸਨ ਅਤੇ ਇੱਕ ਦੇਵੀ ਹੀ ਲਗਦੇ ਸਨ। ਅਤੇ ਉਨ੍ਹਾਂ ਨੂੰ ਦੇਖਦਿਆਂ ਹੀ ਹਿਰਦੇ ਵਿੱਚ ਸਿੱਖੀ ਦਗ ਉਠਦੀ ਸੀ। ਗਲੀਆਂ ਵਿੱਚੀਂ ਲੰਘਦੀ ਸੀ ਤਾਂ ਮਰਦ ਔਰਤ ਸਭ ਉਸ ਦੇ ਚਰਨਾਂ ਤੇ ਢੈ ਪੈਂਦੇ ਸਨ। ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ। ਸਾਡੇ ਸਿਰ ਉੱਪਰ ਹੱਥ ਰੱਖ ਕੇ ਥੋੜਾ ਪਲੋਸ ਕੇ ਕਹਿੰਦੇ ਹੁੰਦੇ ਹਨ "ਢਿੰਮਕ ਢਿੰਮਕ ਢੀਰੀਆਂ"। ਉਦੋਂ ਸਾਨੂੰ ਇਹ ਕਦੇ ਸਮਝ ਨਹੀ ਸੀ ਆਈ ਕਿ ਸਾਰੇ ਲੋਕ ਮਾਤਾ ਜੀ ਦਾ ਇਨਾਂ ਸਤਿਕਾਰ ਕਿਉਂ ਕਰਦੇ ਸਨ।



## 9.12 ਸਦਾ ਕੌਰ (1762-1823)

ਮੁਗ਼ਲ ਰਾਜ ਦੇ ਖੇਰੂੰ ਖੇਰੂੰ ਹੋ ਜਾਣ ਬਾਅਦ ਪੂਰੇ ਭਾਰਤ ਵਿੱਚ ਹਫੜਾ ਦਫੜੀ ਫੈਲ ਗਈ ਸੀ। ਇਸ ਹਫੜਾ ਦਫੜੀ ਵਿੱਚ ਸਿੱਖਾਂ ਨੇ 12 ਮਿਸਲਾਂ ਕਾਇਮ ਕਰ ਲਈਆਂ। ਸ਼ੁੱਕਰਚਕੀਆ ਮਿਸਲ ਦਾ ਜਥੇਦਾਰ ਮਹਾਂ ਸਿੰਘ ਗੁਜਰਾਤ ਤੇ ਰਾਜ ਕਰਨ ਲੱਗਾ ਅਤੇ ਕਾਨ੍ਹਾ ਪਿੰਡ ਦਾ ਸਰਦਾਰ ਜੈ ਸਿੰਘ ਬਟਾਲੇ [166] ਦਾ ਸਾਸ਼ਕ ਬਣ ਗਿਆ। ਸਰਦਾਰ ਜੈ ਸਿੰਘ ਦਾ ਪੁਤਰ ਗੁਰਬਖਸ਼ ਸਿੰਘ ਦਸੌਂਧਾ ਸਿੰਘ ਦੀ ਪੁਤਰੀ ਬੀਬੀ ਸਦਾ ਕੌਰ ਨਾਲ ਵਿਆਹਿਆ ਹੋਇਆ ਸੀ। ਜੈ ਸਿੰਘ ਦੇ ਮਹਾਂ ਸਿੰਘ ਨਾਲ ਤੁਅਲਕ ਚੰਗੇ ਸਨ ਪਰ ਛੇਤੀ ਹੀ ਕਿਸੇ ਕਾਰਨ ਇਹ ਤੁਅਲਕਾਤ ਵਿਗੜ ਗਏ। ਮਹਾਂ ਸਿੰਘ ਨੇ ਅਚਲ ਬਟਾਲੇ ਜੈ ਸਿੰਘ ਨੂੰ ਹਾਰ ਦਿੱਤੀ ਅਤੇ ਉਸ ਦੇ ਪੁੱਤਰ ਗੁਰਬਖਸ਼ ਸਿੰਘ ਨੂੰ ਲੜਾਈ ਵਿੱਚ ਮਾਰ ਦਿੱਤਾ। ਆਪਣੇ ਪਤੀ ਦੀ ਮੌਤ ਦੀ ਖ਼ਬਰ ਸੁਣਦਿਆਂ ਹੀ ਸਦਾ ਕੌਰ ਨੇ ਕੋਈ ਰੋਣਾ ਧੋਣਾ ਨਾ ਕੀਤਾ। ਉਸ ਨੇ ਆਪਣੇ ਸੁਰਗਵਾਸੀ ਪਤੀ ਦੇ ਹਥਿਆਰ ਸਜਾ ਲਏ ਅਤੇ ਤਲਵਾਰ ਚੁੱਕ ਲਈ। ਪਿਛੋਂ ਦੇ ਹਾਲਾਤ ਦੱਸਦੇ ਹਨ ਕਿ ਉਹ ਇੱਕ ਬਹੁਤ ਬਹਾਦਰ ਜਰਨੈਲ ਸਾਬਤ ਹੋਈ।

ਸੱਤਾ ਸੰਭਾਲਦਿਆਂ ਹੀ ਸਦਾ ਕੌਰ ਨੇ ਪੁਜਾਵਾ ਦੇ ਸਥਾਨ ਤੇ ਇੱਕ ਕਿਲ੍ਹਾ ਤਿਆਰ ਕਰਵਾਇਆ ਜਿਸ ਤੋਂ ਪਤਾ ਚਲਦਾ ਹੈ ਕਿ ਉਸਨੂੰ ਯੁੱਧ ਨੀਤੀ ਦਾ ਕਿੰਨਾ ਗਿਆਨ ਸੀ। ਇੱਕ ਵਾਰ ਉਸ ਨੇ ਮਹਾਨ ਯੋਧੇ ਜੱਸਾ ਸਿੰਘ ਰਾਮਗੜ੍ਹੀਏ ਨੂੰ ਪਿੰਡ ਮਿਆਣੀ ਵਿੱਚ ਘੇਰ ਲਿਆ ਅਤੇ ਦੋ ਮਹੀਨੇ ਵੀਹ ਦਿਨ ਉਸ ਨੂੰ ਤਕੜੀ ਟੱਕਰ ਦਿੱਤੀ। ਅਚਾਨਕ ਆਏ ਹੜ੍ਹਾਂ ਕਾਰਨ ਹੀ ਰਾਮਗੜ੍ਹੀਆ ਸਰਦਾਰ ਬਰਬਾਦੀ ਤੋਂ ਬਚ ਸਕਿਆ। ਕਿਹਾ ਜਾਂਦਾ ਹੈ ਕਿ ਅਚੱਲ ਦੀ ਲੜਾਈ ਵਿੱਚ ਉਸ ਨੇ ਜੱਸਾ ਸਿੰਘ ਰਾਮਗੜ੍ਹੀਏ ਦੇ ਪੁੱਤਰ ਜੋਧ ਸਿੰਘ ਨੂੰ ਵੀ ਮਾਰ ਗਿਰਾਇਆ ਸੀ। ਗੁਜਰਾਤ ਦੀ ਲੜਾਈ ਵਿੱਚ ਸਦਾ ਕੌਰ ਨੇ ਸ਼ਾਹ ਜ਼ਮਾਨ ਦੇ ਮਸ਼ਹੂਰ ਜਰਨੈਲ ਅਹਿਮਦ ਖਾਂ ਸ਼ਰਾਚੀ ਨੂੰ ਚਿੱਤ ਕਰ ਦਿੱਤਾ ਸੀ ਅਤੇ ਉਸ ਦਾ ਸਿਰ ਆਪਣੀ ਤਲਵਾਰ ਉੱਪਰ ਟੰਗ ਕੇ ਲੈ ਗਈ ਸੀ।

ਸਦਾ ਕੌਰ ਬੜੀ ਤੇਜ਼ ਬੁੱਧੀ ਵਾਲੀ, ਨਿਪੁੰਨ ਅਤੇ ਚੜ੍ਹਦੀ ਕਲਾ ਵਾਲੀ ਔਰਤ ਸੀ। ਉਹ ਬਹਾਦਰ, ਸੂਝਵਾਨ, ਉੱਚ-ਅਭਿਲਾਸ਼ੀ ਅਤੇ ਅਸਾਧਾਰਣ ਰੂਪ ਵਿੱਚ ਉੱਦਮੀ ਸੀ। ਉਸ ਨੇ ਆਪਣੀ ਧੀ ਮਹਿਤਾਬ ਕੌਰ ਦਾ ਰਿਸ਼ਤਾ ਮਹਾਂ ਸਿੰਘ ਦੇ 5 ਸਾਲਾ ਪੁੱਤਰ ਰਣਜੀਤ ਸਿੰਘ

[166] ਭੱਟੀ ਰਾਜਪੂਤ ਨਾਮ ਦੇਵ ਜਦ ਇੱਕ ਪਿੰਡ ਵਸਾਉਣ ਲੱਗਾ ਤਾਂ ਕਿਸੇ ਨੇ ਕਿਹਾ ਕਿ ਇਹ ਜਗਾ ਠੀਕ ਨਹੀਂ। ਇੱਥੇ ਪ੍ਰੇਤਾਂ ਦਾ ਵਾਸਾ ਹੈ । ਉਸ ਨੇ ਉਹ ਜਗਾ ਛੱਡ ਦਿੱਤੀ ਅਤੇ ਬਟਾਲੇ ਵਾਲੀ ਜਗਾ ਵੱਟੇ ਵਿੱਚ ਲੈ ਕੇ ਪਿੰਡ ਆ ਵਸਾਇਆ । ਇਸ ਕਾਰਨ ਇਸ ਦਾ ਨਾਂ "ਵਟਾ ਲਿਆ" ਪੈ ਗਿਆ ਜੋ ਬਾਅਦ ਵਿੱਚ ਵਿਗੜ ਕੇ ਬਟਾਲਾ ਬਣ ਗਿਆ । ਗੁਰੂ ਨਾਨਕ ਸਾਹਿਬ ਇੱਥੇ ਹੀ ਵਿਆਹੇ ਗਏ ਸਨ। ਗੁਰੂ ਹਰਗੋਬਿੰਦ ਜੀ ਦੇ ਪੁੱਤਰ ਬਾਬਾ ਗੁਰਦਿੱਤਾ ਦੇ ਸਹੁਰੇ ਵੀ ਇੱਥੇ ਹੀ ਸਨ।

ਨਾਲ ਪੱਕਾ ਕਰ ਕੇ ਸ਼ੁੱਕਰਚਕੀਆਂ ਨਾਲ ਸਮਝੌਤਾ ਕਰ ਲਿਆ। 1792 ਈ: ਵਿੱਚ ਮਹਾਂ ਸਿੰਘ ਚਲਾਣਾ ਕਰ ਗਿਆ ਅਤੇ 12 ਸਾਲ ਦੇ ਰਣਜੀਤ ਸਿੰਘ ਨੂੰ ਸਦਾ ਕੌਰ ਨੇ ਆਪਣੇ ਪੁੱਤਰ ਵਾਂਗ ਪਾਲਿਆ। 1796 ਈ: ਵਿੱਚ ਰਣਜੀਤ ਸਿੰਘ ਦਾ ਵਿਆਹ ਹੋ ਗਿਆ ਜਿਸ ਨਾਲ ਉਸ ਸਮੇਂ ਦੇ ਦੋ ਮਹਾਨ ਰਾਜ ਅਤੇ ਦੋ ਮਹਾਨ ਨੀਤੀਵਾਨ ਇੱਕੱਠੇ ਹੋ ਗਏ। ਸਦਾ ਕੌਰ ਦੀ ਦੂਰ ਦ੍ਰਿਸ਼ਟੀ ਅਤੇ ਸੁਯੋਗ ਯੋਜਨਾਬੰਦੀ ਨੇ ਦੋਹਾਂ ਸ਼ਾਸ਼ਕਾਂ ਨੂੰ ਮਜ਼ਬੂਤ ਕੀਤਾ ਅਤੇ ਖ਼ਾਲਸਾ ਰਾਜ ਸਥਾਪਨ ਹੋਣ ਦੀਆਂ ਨੀਹਾਂ ਰੱਖੀਆਂ ਗਈਆਂ। ਸਦਾ ਕੌਰ ਦੀ ਸਿਆਣਪ, ਰਾਜਸੀ ਸੂਝ ਬੂਝ ਅਤੇ ਊਰਜਾ ਨੇ ਰਣਜੀਤ ਸਿੰਘ ਨੂੰ ਮੁੱਢਲੀਆਂ ਮੱਲਾਂ ਮਾਰਨ ਵਿੱਚ ਮਦਦ ਕੀਤੀ। ਕਿਸੇ ਨੇ ਠੀਕ ਹੀ ਕਿਹਾ ਹੈ ਕਿ *"ਸਦਾ ਕੌਰ ਉਹ ਪੌੜੀ ਸੀ ਜਿਸ ਰਾਹੀਂ ਰਣਜੀਤ ਸਿੰਘ ਸੱਤਾ ਦੀ ਚੋਟੀ ਤੇ ਪਹੁੰਚ ਗਿਆ"।*

ਰਣਜੀਤ ਸਿੰਘ ਦੀ ਪ੍ਰਸਿੱਧੀ, ਨੇਕਨਾਮੀ ਅਤੇ ਸ਼ੁਹਰਤ ਸਦਾ ਕੌਰ ਦੀ ਯੋਜਨਾ-ਬੰਦੀ, ਕੂਟ ਨੀਤੀ ਅਤੇ ਫੌਜੀ ਤਜਰਬੇ ਕਾਰਨ ਦਿਨੋ ਦਿਨ ਵਧਣ ਲੱਗੀ । ਜਦੋਂ ਸ਼ਾਹ ਜ਼ਮਾਨ ਨੇ ਲਹੌਰ ਤੇ ਕਬਜ਼ਾ ਕਰ ਲਿਆ ਤਾਂ ਬਹੁਤ ਸਾਰੇ ਸਿੱਖ ਸਰਦਾਰ ਉਸ ਦਾ ਸਾਹਮਣਾ ਕਰਨ ਤੋਂ ਝਿਜਕਦੇ ਸਨ। ਸਦਾ ਕੌਰ ਨੇ ਕਿਹਾ ਕਿ ਜੇ ਉਹ ਵਿਦੇਸ਼ੀ ਧਾੜਵੀ ਦਾ ਮੁਕਾਬਲਾ ਨਹੀਂ ਕਰਨਗੇ ਤਾ ਉਹ ਇਕੱਲੀ ਹੀ ਉਸ ਦੇ ਦੰਦ ਖੱਟੇ ਕਰੇਗੀ। ਉਸ ਨੇ ਰਣਜੀਤ ਸਿੰਘ ਦੀ ਅਗਵਾਈ ਕੀਤੀ ਅਤੇ ਸ਼ਾਹ ਜ਼ਮਾਨ ਉੱਪਰ ਹਮਲਾ ਕਰ ਦਿੱਤਾ। ਸ਼ਾਹ ਜ਼ਮਾਨ ਬਗੈਰ ਲੜਾਈ ਕਰਨ ਤੋਂ ਹੀ ਡਰਦਾ ਮਾਰਾ ਭੱਜ ਗਿਆ। [167] ਬਾਅਦ ਵਿੱਚ (7 ਜੁਲਾਈ 1799) ਸਦਾ ਕੌਰ ਦੀ ਸਲਾਹ ਨਾਲ ਰਣਜੀਤ ਸਿੰਘ ਨੇ ਭੰਗੀਆਂ ਨੂੰ ਲਾਹੌਰ ਦੀ ਗੱਦੀ ਤੋਂ ਲਾਹ ਦਿੱਤਾ ਅਤੇ ਹਜ਼ਾਰਾ, ਕਸ਼ਮੀਰ, ਅਤੇ ਕਾਂਗੜੇ ਦੇ ਕਿਲ੍ਹੇ ਫਤਿਹ ਕਰ ਲਏ। 36 ਸਾਲ ਸਦਾ ਕੌਰ ਨੇ ਸਾਰੇ ਪੰਜਾਬ ਵਿੱਚ ਕਈ ਯੁੱਧ ਲੜੇ ਅਤੇ ਆਪਣੀ ਬਹਾਦਰੀ ਅਤੇ ਉਦਾਰਤਾ ਦੀ ਧਾਂਕ ਬਿਠਾ ਦਿੱਤੀ।

ਜੀਵਨ ਦੇ ਆਖਰੀ ਵਰ੍ਹਿਆਂ ਵਿੱਚ ਰਣਜੀਤ ਸਿੰਘ ਨਾਲ ਉਸ ਦੇ ਸਬੰਧ ਵਿਗੜ ਗਏ। ਰਣਜੀਤ ਸਿੰਘ ਨੇ ਉਸ ਨੂੰ ਲਹੌਰ ਦੇ ਕਿਲ੍ਹੇ ਵਿੱਚ ਕੈਦ ਕਰ ਦਿੱਤਾ। 1832 ਵਿੱਚ ਉਹ 70 ਸਾਲ ਦੀ ਉਮਰ ਵਿੱਚ ਅੰਮ੍ਰਿਤਸਰ ਆ ਕੇ ਸੁਰਗਵਾਸ ਹੋ ਗਈ।

### 9.13 ਮਹਾਰਾਣੀ ਜਿੰਦ ਕੌਰ

ਜਿੰਦ ਕੌਰ ਸਿਆਲਕੋਟ ਜ਼ਿਲ੍ਹੇ ਦੇ ਪਿੰਡ ਚਾਹੜ ਦੇ ਸਰਦਾਰ ਮੰਨਾ ਸਿੰਘ ਔਲਖ ਦੀ ਧੀ ਸੀ। ਉਸ ਦਾ ਪਿਤਾ ਮਹਾਰਾਜਾ ਰਣਜੀਤ ਸਿੰਘ ਦੇ ਕੁੱਤਿਆਂ ਦੀ ਦੇਖਭਾਲ ਕਰਦਾ ਸੀ। ਉਹ ਬੇਹੱਦ ਖ਼ੂਬਸੂਰਤ ਸੀ ਅਤੇ ਆਪਣੇ ਵਿਆਹ ਤੋਂ ਢਾਈ ਸਾਲ ਬਾਅਦ ਹੀ (27 ਜੂਨ

[167] ਸ਼ਾਹ ਜ਼ਮਾਨ ਨੇ ਫੜ੍ਹ ਮਾਰੀ ਸੀ, "ਸਿੱਖ ਤਾਂ ਮੇਰੇ ਘੋੜਿਆਂ ਦੇ ਖੁਰਾਂ ਦੀ ਆਵਾਜ਼ ਸੁਣ ਕੇ ਹੀ ਨੱਸ ਜਾਣਗੇ"



1739) 22 ਸਾਲ ਦੀ ਛੋਟੀ ਉਮਰ ਵਿੱਚ ਵਿਧਵਾ ਹੋ ਗਈ। ਉਸ ਦੇ ਅੱਠ ਸਾਲ ਦੇ ਪੁੱਤਰ ਮਹਾਰਾਜਾ ਦਲੀਪ ਸਿੰਘ (ਜੋ ਆਖਰੀ ਸਿੱਖ ਬਾਦਸ਼ਾਹ ਸੀ) ਨੂੰ ਅੰਗ੍ਰੇਜ਼ਾਂ ਨੇ ਦੇਸ਼-ਨਿਕਾਲਾ ਦੇ ਦਿਤਾ। 8 ਮਾਰਚ 1853 ਨੂੰ ਉਸ ਨੂੰ ਈਸਾਈ ਬਣਾ ਕੇ 19 ਅਪ੍ਰੈਲ 1854 ਨੂੰ ਇੰਗਲੈਂਡ ਭੇਜ ਦਿੱਤਾ ਗਿਆ।

ਜਦੋਂ ਉਹ ਅਜੇ ਲਾਹੌਰ ਵਿੱਚ ਹੀ ਸੀ ਤਾਂ ਅੰਗ੍ਰੇਜ਼ਾਂ ਦੀ ਸ਼ਰਾਰਤ ਨਾਲ ਜਿੰਦ ਕੌਰ ਨੂੰ ਜ਼ਹਿਰ ਦੇਣ ਦੀ ਕੋਸ਼ਿਸ਼ ਕੀਤੀ ਗਈ ਜੋ ਸਫਲ ਨਾ ਹੋਈ। [168] ਕਰਨਲ ਕੁੱਕ ਅਨੁਸਾਰ ਮਹਾਰਾਣੀ ਨੂੰ ਇਸ ਸਾਜ਼ਿਸ਼ ਦਾ ਪਤਾ ਲੱਗ ਗਿਆ ਸੀ। ਅਸਫਲ ਹੋਣ ਉਪ੍ਰੰਤ ਉਸ ਉੱਪਰ ਦੋਸ਼ ਲੱਗਣ ਲੱਗੇ ਕਿ ਉਸ ਨੇ ਦੂਜੀ ਸਿੱਖ ਲੜਾਈ ਵਿੱਚ ਬੰਗਾਲੀ ਫੌਜ ਦੇ ਸਪਾਹੀਆਂ ਨੂੰ ਬਗ਼ਾਵਤ ਲਈ ਉਕਸਾਇਆ। ਇਹ ਮਹਾਰਾਣੀ ਦੀ ਹੀ ਯੋਜਨਾ ਸੀ ਜਿਸ ਅਧੀਨ ਮੁਲਤਾਨ ਵਿੱਚ ਮੂਲਰਾਜ, ਸਿੰਧ ਪਾਰ ਇਲਾਕਿਆਂ ਵਿੱਚ ਚਤਰ ਸਿੰਘ, ਲਾਹੌਰ ਵਿੱਚ ਸ਼ੇਰ ਸਿੰਘ ਅਤੇ ਮੀਆਂ ਰਾਮ ਸਿੰਘ ਆਦਿਕ ਨੇ ਨੂਰ ਪੁਰ ਵਿੱਚ ਬਗ਼ਾਵਤ ਦਾ ਝੰਡਾ ਚੁੱਕਿਆ। ਉਸ ਨੇ ਹੀ ਭਾਈ ਮਹਾਰਾਜ ਸਿੰਘ ਅਤੇ ਬਾਬਾ ਬਿੱਕਰ ਸਿੰਘ ਬੇਦੀ ਨੂੰ ਅੰਗ੍ਰੇਜ਼ਾਂ ਦਾ ਵਿਰੋਧ ਕਰਨ ਲਈ ਮਨਾਇਆ।

1846 ਈ: ਵਿੱਚ ਬ੍ਰਤਾਨਵੀ ਸਰਕਾਰ ਨੇ ਮਹਾਰਾਣੀ ਜਿੰਦਾਂ ਨੂੰ ਲਾਹੌਰ ਵਿੱਚੋਂ ਦੇਸ ਨਿਕਾਲਾ ਦੇ ਦਿੱਤਾ। ਲਾਰਡ ਡਲਹੌਜ਼ੀ [169] ਲਿਖਦਾ ਹੈ ਕਿ ਜਿੰਦਾਂ ਸਮਕਾਲੀ ਇਤਿਹਾਸ ਬਾਰੇ ਬਹੁਤ ਡੂੰਘੀ ਚੇਤਨਾ ਰਖਦੀ ਸੀ ਇਸ ਲਈ "*ਉਸ ਨੂੰ ਮੁੜ ਪੰਜਾਬ ਦਾਖ਼ਲ ਹੋਣ ਦੇਣਾ ਖ਼ਤਰੇ ਤੋਂ ਖਾਲੀ ਨਹੀਂ*" । 18 ਅਗਸਤ 1847 ਨੂੰ ਮਹਾਰਾਣੀ ਨੂੰ ਸ਼ੇਖੂਪੁਰਾ ਵਿਖੇ ਕੈਦ ਕਰ ਦਿੱਤਾ ਗਿਆ ਅਤੇ ਇੱਥੋਂ ਹੀ 14 ਮਈ 1848 ਨੂੰ ਬਨਾਰਸ ਭੇਜ ਦਿਤਾ ਗਿਆ । [170] ਮਿਸਟਰ ਜੀ ਡਬਲਯੂ ਫੌਰੈਸਟ ਅਨੁਸਾਰ "*ਇਹ ਥਾਂ ਹੋਰ ਵੀ ਖ਼ਤਰਨਾਕ ਸੀ ਕਿਉਂਕਿ ਇਹ ਸ਼ਹਿਰ ਹਿੰਦੂਆਂ ਦਾ ਗੜ੍ਹ ਸੀ। ਰਾਣੀ ਨੇ ਮਰਾਠਾ ਬ੍ਰਾਹਮਣਾਂ ਨਾਲ ਗੱਲਬਾਤ ਸ਼ੁਰੂ ਕੀਤੀ ਅਤੇ ਉਨ੍ਹਾਂ ਰਾਹੀਂ ਪੇਸ਼ਵਾ ਨਾਲ ਰਾਬਤਾ ਕਾਇਮ ਕਰ ਲਿਆ ਜੋ ਦੇਸ਼ ਨਿਕਾਲੇ ਤੋਂ ਬਾਅਦ ਆਪਣੇ ਅਮਲੇ ਫੈਲੇ ਨਾਲ ਕਾਨ੍ਹਪੁਰ ਰਹਿ ਰਿਹਾ ਸੀ। ਸਾਜ਼ਿਸ਼ ਦਾ ਕੇਂਦਰ ਪੰਜਾਬ*

[168] "*History of the reigning family of Lahore*" by G.Carmichael Smyth 1847 p.127

[169] ਲਾਰਡ ਡਲਹੌਜ਼ੀ ਨੇ ਹੀ ਮਹਾਰਾਜੇ ਨੂੰ ਪਹਿਲੀ ਬਾਈਬਲ ਦਿੱਤੀ ਜਿਸ ਦੇ ਪਹਿਲੇ ਪੰਨੇ ਉਪਰ ਉਸ ਨੇ ਅਪਣੇ ਹੱਥ ਨਾਲ ਲਿਖਿਆ, "*To his highness Maharaja Duleep Singh. This holy book in which he has been led by God's grace to find an inheritance richer by far than all earthly kingdoms, is presented with sincere respect and regard, by his faithful friend.*"

[170] *"It may be more troublesome to keep our bird in its cage on the trans-Sutlej side than on this but we avoid many difficulties by the milder course and the removal to a more distant residence can be adopted or not as necessity may dictate."(Lord Harding's letter to Henry Lawrene 16.8.1945)*

*ਤੋਂ ਕਾਨ੍ਹਪੁਰ ਬਨਾਰਸ ਅਤੇ ਪੂਨਾ ਤਬਦੀਲ ਹੋ ਗਿਆ"।* [171] ਇਥੋਂ ਜਿੰਦਾਂ ਨੇ 10 ਜਨਵਰੀ 1849 ਨੂੰ ਰਾਜਾ ਸ਼ੇਰ ਸਿੰਘ ਨੂੰ ਲਿਖਿਆ, "ਤੇਰੀ ਬਹਾਦਰੀ ਦੀਆਂ ਸੈਂਕੜੇ ਵਾਰ ਮੁਬਾਰਕਾਂ। ਜਦੋਂ ਤਕ ਸਵਰਗ ਅਤੇ ਜ਼ਮੀਨ ਕਾਇਮ ਰਹਿਣਗੇ ਲੋਕ ਤੇਰੀ ਬਹਾਦਰੀ ਦੀਆਂ ਗੱਲਾਂ ਕਰਨਗੇ। ਪਹਿਲੀ ਗੱਲ ਤੈਨੂੰ ਉਸ ਦਰਖ਼ਤ ਦੀ ਜੜ੍ਹ ਨੂੰ ਪੁੱਟਣ ਦੀ ਹੈ । ਇਹ ਗੱਲ ਤੂੰ ਫਰੰਗੀ ਨੂੰ ਸਜ਼ਾ ਲਾ ਕੇ ਕਰ ਸਕਦਾ ਹੈਂ। ਇਨ੍ਹਾਂ ਮਲੇਛਾਂ ਦੇ ਨਾਲ ਉਹੀ ਢੰਗ ਤਰੀਕੇ ਵਰਤ ਲਹੌਰ ਤੋਂ ਕੱਢਣ ਲਈ ਜੋ ਇਹ ਸਾਡੇ ਨਾਲ ਵਰਤਦੇ ਆਏ ਨੇ।.........ਹਿੰਦੁਸਤਾਨੀ ਸਿਪਾਹੀਆਂ ਨੂੰ ਵੀ ਬਗ਼ਾਵਤ ਕਰਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰ। ਮੈਂ ਕੁਝ ਸਮਾਂ ਪਹਿਲਾਂ ਦੋ ਬੰਦੇ ਤੇਰੇ ਵੱਲ ਭੇਜੇ ਸਨ ਜ਼ਰੂਰ ਹੀ ਤੈਨੂੰ ਮਿਲ ਗਏ ਹੋਣਗੇ। ਦਿਨ ਰਾਤ ਮੇਰੇ ਖ਼ਿਆਲਾਂ ਵਿੱਚ ਪੰਜਾਬ ਹੀ ਰਹਿੰਦਾ ਹੈ"। [172]

6 ਅਪ੍ਰੈਲ 1849 ਈ: ਨੂੰ ਮਹਾਰਾਣੀ ਨੂੰ ਚੁਨਾਰ (ਜ਼ਿਲ੍ਹਾ ਮਿਰਜ਼ਾਪੁਰ) ਭੇਜ ਦਿੱਤਾ ਗਿਆ ਜਿੱਥੋਂ 18 ਅਪ੍ਰੈਲ 1849 ਨੂੰ ਫਕੀਰ ਦੇ ਭੇਸ ਵਿੱਚ ਫਰਾਰ ਹੋ ਕੇ ਮਹਾਰਾਣੀ ਨੇਪਾਲ ਪਹੁੰਚ ਗਈ। ਬ੍ਰਤਾਨਵੀ ਸਰਕਾਰ ਨੇ ਉਸ ਉੱਪਰ ਫੇਰ ਵੀ ਲਗਾਤਾਰ ਨਿਗਰਾਨੀ ਰੱਖੀ ਪਰ ਮਹਾਰਾਣੀ ਨੇ ਅਲਾਹਾਬਾਦ ਕਿਲ੍ਹੇ ਦੇ ਕੁੱਝ ਕੈਦੀਆਂ ਰਾਹੀਂ ਪੰਜਾਬ ਦੇ ਸਿਰਕੱਢ ਦੇਸ਼-ਭਗਤਾਂ ਨੂੰ ਚਿੱਠੀਆਂ ਲਿਖੀਆਂ। ਉਸ ਕੋਲ ਅਲਾਹਾਬਾਦ ਅਤੇ ਲਖਨਊ ਵਿੱਚ ਤਾਈਨਾਤ ਬ੍ਰਤਾਨਵੀ ਰੈਜ਼ੀਡੈਂਟ ਦੇ ਹਿੰਦੂ ਸਿੱਖ ਸਿਪਾਹੀਆਂ ਦੀ ਪੂਰੀ ਲਿਸਟ ਸੀ ਅਤੇ ਉਹ ਉਨ੍ਹਾਂ ਨੂੰ ਅਕਸਰ ਚਿੱਠੀਆਂ ਲਿਖਦੀ ਰਹਿੰਦੀ ਸੀ। ਉਹ ਲਿਖਦੀ ਸੀ, *"ਅਸੀਂ ਹੱਥ ਤੇ ਹੱਥ ਰਖ ਕੇ ਨਹੀਂ ਬੈਠੇ"*। [173] ਉਸ ਦੀ ਇਹ ਦਿਲੀ ਇੱਛਾ ਸੀ ਕਿ ਸਿੱਖ ਅੰਗ੍ਰੇਜ਼ ਸਰਕਾਰ ਵਿੱਰੁਧ ਬਗ਼ਾਵਤ ਕਰਨ ਅਤੇ ਆਪਣਾ ਗਵਾਚਿਆਂ ਹੋਇਆ ਰਾਜ ਮੁੜ ਸਥਾਪਤ ਕਰਨ। ਇਸ ਲਈ ਉਸ ਨੇ ਆਪਣੇ ਇੱਕ ਵਿਸ਼ਵਾਸ਼-ਪਾਤਰ ਦੋਸਤ ਨੂੰ ਵੱਖ ਵੱਖ ਥਾਵਾਂ ਤੇ ਆਪਣੀਆਂ ਜਾਇਦਾਦਾਂ ਵੇਚ ਕੇ ਲੜਾਈ ਲਈ ਪੈਸੇ ਇੱਕੱਠੇ ਕਰਨ ਲਈ ਅਧਿਕਾਰ ਦਿੱਤੇ ਹੋਏ ਸਨ। 1850 ਈ: ਵਿੱਚ ਉਸ ਨੇ ਜਰਨੈਲ ਕਾਨ੍ਹ ਸਿੰਘ ਦੇ ਪੁੱਤਰ ਨੂੰ ਮਾਝੇ ਵਿੱਚ ਇਹ ਖ਼ਬਰ ਫੈਲਾਉਣ ਲਈ ਕਿਹਾ ਕਿ ਛੇਤੀ ਹੀ ਪਸ਼ਾਵਰ ਵਿੱਚ ਬਗ਼ਾਵਤ ਹੋਣ ਵਾਲੀ ਹੈ ਅਤੇ ਉਸੇ ਸਮੇਂ ਹੀ ਉਨ੍ਹਾਂ ਨੂੰ ਅੰਗ੍ਰੇਜ਼ਾਂ ਵਿਰੁੱਧ ਹਥਿਆਰ ਚੁੱਕਣ ਲਈ ਤਿਆਰ ਰਹਿਣਾ ਚਾਹੀਦਾ ਹੈ।

1852 ਈ: ਵਿੱਚ ਮਹਾਰਾਣੀ ਨੇ ਜੰਮੂ ਕਸ਼ਮੀਰ ਦੇ ਰਾਜੇ ਗੁਲਾਬ ਸਿੰਘ ਦੀ ਮਦਦ ਨਾਲ ਕਸ਼ਮੀਰ ਚਲੇ ਜਾਣ ਦੀ ਸਕੀਮ ਬਣਾਈ ਪਰ ਇਹ ਸਫਲ ਨਾ ਹੋ ਸਕੀ। ਅੰਗ੍ਰੇਜ਼ਾਂ

[171] ਫੌਰੈਸਟ ਅੰਗ੍ਰੇਜ਼ ਸਰਕਾਰ ਦੇ ਰੀਕਾਰਡ ਦਾ ਡਾਇਰੈਕਟਰ ਸੀ (Director of records of Govt. of India).

[172] "Secret consultation May 26. 18.49 National Archives of India New Delhi No. 114"

[173] National Archives of India Secret consultation October 25,1850 No. 41



ਨੇ ਗੁਲਾਬ ਸਿੰਘ ਅਤੇ ਨੇਪਾਲ ਦੇ ਪ੍ਰਧਾਨ ਮੰਤਰੀ ਜੰਗ ਬਹਾਦਰ ਵਿਰੁੱਧ ਸਾਜ਼ਿਸ਼ ਵਿੱਚ ਹਿਸਾ ਲੈਣ ਦੀ ਪੜਤਾਲ ਕਰਨ ਦਾ ਹੁਕਮ ਦੇ ਦਿੱਤਾ। ਕਮਾਂਡਰ ਇਨ ਚੀਫ ਸਰ ਨੇਪੀਅਰ ਲਿਖਦਾ ਹੈ, *"ਇਹ ਸਭ ਤੋਂ ਵੱਡਾ ਬਾਹਰੀ ਖ਼ਤਰਾ ਹੈ ਜੋ ਸਾਨੂੰ ਦਰਪੇਸ਼ ਹੈ। ਜੇ ਇਹ ਸਫਲ ਹੋ ਗਿਆ ਤਾਂ ਇਸ ਦਾ ਮੁਕਾਬਲਾ ਕਰਨ ਲਈ ਭਾਰਤੀ ਫੌਜ ਨੂੰ ਆਪਣੇ ਸਿਪਾਹੀਆਂ ਦੇ ਪੂਰੇ ਹੇਠਲੇ ਤਬਕੇ ਅਤੇ ਉਪਰ ਤੱਕ ਦੇ ਅਫਸਰਾਂ ਦੀ ਪੂਰਨ ਨਿਪੁੰਨਤਾ ਦੀ ਲੋੜ ਪਵੇਗੀ"*। ਮਹਾਰਾਣੀ ਨੇ ਕਸ਼ਮੀਰ ਦੇ ਰਣਵੀਰ ਸਿੰਘ, ਬਿਹਾਰ ਦੇ ਬਾਬੂ ਕੋਇਰ ਸਿੰਘ, ਉਮਰ ਸਿੰਘ, ਬੇਣੀ ਮਾਧੋ, ਦੇਵੀ ਸਿੰਘ, ਮਹਿੰਦੀ ਹੁਸੈਨ ਅਤੇ ਬੇਗਮ ਅਵਧ ਨੂੰ ਬਗ਼ਾਵਤ ਕਰਨ ਲਈ ਵੀ ਚਿੱਠੀਆਂ ਲਿਖੀਆਂ ਪਰ ਬਦਕਿਸਮਤੀ ਇਹ ਕਿ ਬਗ਼ਾਵਤ ਹੋ ਹੀ ਨਾ ਸਕੀ। ਅੰਮ੍ਰਿਤਸਰ ਦੇ ਚਤਰ ਸਿੰਘ ਅਤੇ ਮਹਾਰਾਜਾ ਖੜਕ ਸਿੰਘ ਦੇ ਸਾਲ਼ੇ ਜਵਾਹਰ ਸਿੰਘ ਰਾਹੀਂ ਅੰਗ੍ਰੇਜ਼ਾਂ ਵਿਰੁੱਧ ਬਗ਼ਾਵਤ ਦੀ ਇੱਕ ਹੋਰ ਕੋਸ਼ਿਸ਼ ਵੀ ਬੇਕਾਰ ਹੋ ਗਈ।

1857 ਈ: ਦੇ ਗ਼ਦਰ ਵਿੱਚ ਮਹਾਰਾਣੀ ਦੀ ਭੂਮਿਕਾ ਉਦੋਂ ਸਾਹਮਣੇ ਆਈ ਜਦੋਂ ਉਸ ਦੇ ਨੌਕਰਾਂ ਚੇਤ ਸਿੰਘ ਤੇ ਜਵਾਲਾ ਸਿੰਘ ਨੂੰ ਕੈਦ ਕਰਕੇ ਉਨ੍ਹਾਂ ਉੱਪਰ ਮੁਕੱਦਮਾ ਚਲਾਇਆ ਗਿਆ। ਉਨ੍ਹਾਂ ਨੇ ਮੰਨਿਆ ਕਿ 1857-58 ਵਿੱਚਕਾਰ ਉਹ ਕਈ ਵਾਰ ਪੰਜਾਬ ਜਾਂਦੇ ਰਹੇ ਸਨ ਅਤੇ ਮਹਾਰਾਣੀ ਦੇ ਸੁਨੇਹੇਂ ਵੀ ਅਲਾਹਾਬਾਦ ਵਿੱਚ ਸਿੱਖ ਕੈਦੀਆਂ ਨੂੰ ਪਹੁੰਚਾਉਂਦੇ ਰਹੇ ਸਨ ।[174]

ਜਨਵਰੀ 1861 ਵਿੱਚ ਮਹਾਰਾਣੀ ਦਾ ਪੁੱਤਰ ਦਲੀਪ ਸਿੰਘ ਇੰਗਲੈਂਡ ਤੋਂ ਉਸ ਨੂੰ ਮਿਲਣ ਲਈ ਕਲਕੱਤੇ ਆਇਆ। ਮਹਾਰਾਣੀ ਨੇ ਸ਼ਹਿਜ਼ਾਦੇ ਦੇ ਦਿਲ ਵਿੱਚ ਅੰਗ੍ਰੇਜ਼ਾਂ ਵਿਰੁੱਧ ਨਫਰਤ ਅਤੇ ਬਗ਼ਾਵਤ ਦੀ ਭਾਵਨਾ ਭਰ ਦਿੱਤੀ ਅਤੇ ਕੁੱਝ ਹੀ ਦਿਨਾਂ ਵਿੱਚ ਉਸ ਨੇ ਸ਼ਹਿਜ਼ਾਦੇ ਦੇ ਦਿਲ ਵਿੱਚੋਂ ਈਸਈਆਂ ਦਾ ਪ੍ਰਭਾਵ ਹਟਾ ਕੇ ਮੁੜ ਅੰਮ੍ਰਿਤ ਛਕ ਕੇ ਸਿੱਖ ਬਣਨ ਦਾ ਬਚਨ ਲੈ ਲਿਆ । [175] ਛੇਤੀ ਹੀ ਉਸ ਦੀਆਂ ਅੱਖਾਂ ਦੀ ਲੋ ਜਾਂਦੀ ਰਹੀ ਅਤੇ ਉਸ ਨੂੰ ਆਪਣੇ ਪੁੱਤਰ ਨੂੰ ਮਿਲਣ ਲਈ ਇੰਗਲੈਂਡ ਜਾਣਾ ਪਿਆ। ਹੁਣ ਮਹਾਰਾਣੀ ਨਿਰਾਸ਼ ਹੋ ਚੁੱਕੀ ਸੀ ਅਤੇ ਉਸ ਦਾ ਦਿਲ ਟੁੱਟ ਗਿਆ ਸੀ। ਇੱਕ ਅਗਸਤ 1863 ਨੂੰ 46 ਸਾਲ ਦੀ ਉਮਰ ਭੋਗ ਕੇ ਉਸ ਨੇ ਲੰਡਨ ਦੇ ਐਬਿੰਗਡਨ ਹਾਊਸ ਕਿੰਗਸਟਨ ਵਿਖੇ ਪ੍ਰਾਣ ਤਿਆਗ ਦਿੱਤੇ। ਬਰਤਾਨਵੀ ਸਰਕਾਰ ਨੇ ਉਸ ਦੀ ਲਾਸ਼ ਭਾਰਤ ਲਿਆਉਣ ਦੀ ਆਗਿਆ ਨਾ ਦਿੱਤੀ ਇਸ ਲਈ ਲਾਸ਼ ਨੂੰ ਲੰਡਨ ਦੇ ਕਬਰਸਤਾਨ ਵਿੱਚ ਰੱਖਿਆ ਗਿਆ। ਬਾਅਦ ਵਿੱਚ

[174] National Achives of India Secret consultation June 1859 No.17 It was on their statement that Charat Singh and Ram Singh were also punished for conspiracy.

[175] 25 ਮਈ 1886 ਨੂੰ ਦਲੀਪ ਸਿੰਘ ਨੇ ਭਾਈ ਰੂੜ ਸਿੰਘ, ਭਾਈ ਜਵੰਦ ਸਿੰਘ, ਭਾਈ ਠਾਕਰ ਸਿੰਘ ਅਦਿ ਸਿੱਖਾਂ ਰਾਹੀਂ ਅੰਮ੍ਰਿਤ ਛਕ ਲਿਆ। ਅੰਮ੍ਰਿਤ ਛਕਣ ਉਪ੍ਰੰਤ ਉਸ ਨੇ ਆਪਣੇ ਇੱਕ ਅੰਗ੍ਰੇਜ਼ ਮਿੱਤਰ ਕਰਨਲ ਬੁਆਇਲੋ ਨੂੰ ਲਿਖਿਆ, *"ਹੁਣ ਦੋ ਦੋ ਹੱਥ ਮੈਦਾਨ ਵਿੱਚ ਹੋਣਗੇ"*

ਇਜਾਜ਼ਤ ਮਿਲਣ ਤੇ ਵੀ ਲਾਸ਼ ਨੂੰ ਪੰਜਾਬ ਲਿਆਉਣ ਦੀ ਆਗਿਆ ਨਾ ਮਿਲੀ। ਲਗਭਗ ਇੱਕ ਸਾਲ ਬਾਅਦ 1864 ਵਿੱਚ ਬੰਬਈ ਨੇੜੇ ਨਾਸਿਕ ਵਿੱਚ ਨਰਬਦਾ ਨਦੀ ਕਿਨਾਰੇ ਮਹਾਰਾਣੀ ਦਾ ਅੰਤਮ ਸਸਕਾਰ ਕਰ ਦਿੱਤਾ ਗਿਆ। [176]

20 ਨਵੰਬਰ 1863 ਨੂੰ ਲਾਰਡ ਐਲਨਬਰੋ ਨੇ ਡਿਊਕ ਆਫ ਵੈਲਿੰਗਟਨ ਨੂੰ ਲਿਖੇ ਇੱਕ ਪਤਰ ਵਿੱਚ ਲਿਖਿਆ ਕਿ ਜਿੰਦ ਕੌਰ ਔਰਤ ਦੇ ਸਰੀਰ ਵਿੱਚ ਮਰਦ ਸੀ ਅਤੇ ਲਾਹੌਰ ਦਰਬਾਰ ਵਿੱਚ ਇੱਕੋ ਇੱਕ ਬਹਾਦਰ ਵਿਅਕਤੀ ਸੀ। ਇਸੇ ਤਰ੍ਹਾਂ ਹਰਬਰਟ ਵੇਡਾਰਡ ਨੇ ਲਿਖਿਆ, "*ਰਾਣੀ ਵਿੱਚ ਆਪਣੀ ਕੌਮ ਦੇ ਹੋਰ ਕਿਸੇ ਮਰਦ ਨਾਲੋਂ ਜ਼ਿਆਦਾ ਹੌਸਲਾ ਅਤੇ ਸਿਆਣਪ ਸੀ*"। [177]

### 9.14 ਆਜ਼ਾਦੀ ਲਈ ਸੰਘਰਸ਼

ਗੁਰਦੁਆਰਾ ਸੁਧਾਰ ਲਹਿਰ, ਕੂਕਾ ਲਹਿਰ ਅਤੇ ਆਜ਼ਾਦੀ ਲਈ ਸੰਘਰਸ਼ ਵਿੱਚ ਸਿੱਖ ਔਰਤਾਂ ਨੇ ਬਹੁਤ ਮਹੱਤਵ ਪੂਰਣ ਸਾਰਥਕ ਭੂਮਿਕਾ ਨਿਭਾਈ। ਮਾਈ ਇੰਦ ਕੌਰ ਅਤੇ ਮਾਈ ਖੇਮ ਕੌਰ ਉਨ੍ਹਾਂ ਦਲੇਰ ਕੂਕਾ ਔਰਤਾਂ ਵਿੱਚੋਂ ਹਨ ਜਿਨ੍ਹਾਂ ਨੇ 1872 ਈ: ਵਿੱਚ ਮਲੇਰਕੋਟਲਾ ਤੇ ਹਮਲਾ ਕੀਤਾ। ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਹੀ ਰਾਜਕੁਮਾਰੀ ਅੰਮ੍ਰਿਤ ਕੌਰ ਨੂੰ ਦੋ ਵਾਰੀ ਗ੍ਰਿਫਤਾਰ ਕਰ ਕੇ ਜੇਲ੍ਹ ਭੇਜਿਆ ਗਿਆ। 1933 ਈ: ਦੇ ਸੰਪਰਦਾਇਕ ਕਾਨੂੰਨ ਦੇ ਵਿਰੁੱਧ ਉਹ ਚਟਾਨ ਵਾਂਗ ਡਟੀ ਰਹੀ ਅਤੇ ਸ਼ਿਮਲੇ ਵਿੱਚ ਲਾਠੀਆਂ ਵੀ ਖਾਧੀਆਂ। ਆਜ਼ਾਦੀ ਤੋਂ ਬਾਅਦ ਉਹ ਭਾਰਤ ਦੀ ਪਹਿਲੀ ਸਿਹਤ ਮੰਤਰੀ ਬਣੀ। ਗੁਰਦਾਸਪੁਰ ਦੀ ਅਮਰ ਕੌਰ ਵੀ ਇੱਕ ਨਿਧੜਕ ਆਜ਼ਾਦੀ ਘੁਲਾਟੀਆ ਸੀ। ਉਸ ਨੇ ਅਕਤੂਬਰ 1942 ਨੂੰ ਸਥਾਨਕ ਜੇਲ੍ਹ ਤੇ ਭਾਰਤੀ ਝੰਡਾ ਲਹਿਰਾਇਆ ਅਤੇ 16 ਮਹੀਨੇ ਦੀ ਕੈਦ ਕੱਟੀ। 1946 ਵਿੱਚ ਹੀਰਾ ਸਿੰਘ ਭੱਠਲ ਦੀ ਪਤਨੀ ਬੀਬੀ ਹਰਨਾਮ ਕੌਰ ਨੇ ਨਾਭਾ ਸਤਿਆਗ੍ਰਹਿ ਦੀ ਸਿਵਲ ਨਾਫੁਰਮਾਨੀ ਲਹਿਰ ਵਿੱਚ ਹਿੱਸਾ ਲਿਆ ਅਤੇ ਆਪਣੇ ਬੱਚਿਆਂ ਤੇ ਪਤੀ ਸਮੇਤ ਗ੍ਰਿਫ਼ਤਾਰੀ ਦਿੱਤੀ। ਜਲ੍ਹਿਆਂ ਵਾਲਾ ਬਾਗ਼ ਦੇ ਕਤਲੇ ਆਮ ਵਿੱਚ ਜੋਸ਼ੀਲੀਆਂ ਤਕਰੀਰਾਂ ਕਰਨ ਵਾਲੀਆਂ ਇਸਤ੍ਰੀ ਨੇਤਾਵਾਂ ਲੋਪੋਕੇ ਦੀ ਬੀਬੀ ਹਰ ਕੌਰ, ਬੀਬੀ ਲਛਮਣ ਕੌਰ ਅਤੇ ਸੁਲਤਾਨਵਿੰਡ ਦੀ ਬੀਬੀ ਵਿੱਸੋ ਆਪਣੀਆਂ ਸਾਥਣਾ ਸਮੇਤ ਸ਼ਹੀਦ ਵੀ ਹੋਈਆਂ। ਬਹੁਤ ਸਾਰੀਆਂ ਬੀਬੀਆਂ ਨੇ ਬਾਅਦ ਵਿੱਚ ਪੰਜਾਬੀ ਸੂਬਾ ਲਹਿਰ ਵਿੱਚ ਵੀ ਭਾਗ ਲਿਆ। ਹਰੀ ਰਾਮ ਗੁਪਤਾ ਲਿਖਦੇ ਹਨ

---

[176] ਦਲੀਪ ਸਿੰਘ ਦੀ ਲੜਕੀ ਮਿਸ ਬੰਬਾ ਮਹਾਰਾਣੀ ਦੀਆਂ ਅਸਥੀਆਂ ਨਾਸਕ ਤੋਂ ਲੈ ਆਈ ਅਤੇ 27 ਮਾਰਚ 1924 ਨੂੰ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਵਿੱਚ (ਲਾਹੌਰ) ਦਫਨਾ ਦਿੱਤੀਆਂ। *"ਬਰਸੋਂ ਰਹਾ ਜਿਨ ਕੇ ਸਰ ਪਰ ਛਤਰੇ ਜ਼ੱਰੀਂ, ਤੁਰਬਤ ਪੇ ਨ ਉਨਕੀ ਸ਼ਾਮਿਆਨਾ ਦੇਖਾ"*

[177] *"The Rani had more wit and daring than any man o7f her nation"*



*"In the struggle for independence the Sikh women played no small part. They urged their men folk to go ahead in their fight for freedom. They themselves took a great part in the struggle. They possessed well-built bodies, firm determination, heroism, spirit of liberty and patriotism. George Thomas, a contemporary Irish adventurer who had set himself as Raja of Hansi in Haryana, fought many battles against the Sikhs.He paid a great tribute to Sikh women" (*Hari Ram Gupta *History of the Sikhs Vol. 2 page 257)*

# ਕਾਂਡ 10
## ਵਿਆਹ ਅਤੇ ਤਲਾਕ

### 10.1 ਸਿੱਖ ਗੁਰੂ ਸਾਹਿਬਾਨ ਦਾ ਸਮਾਂ

ਵਿਆਹ ਇੱਕ ਸਮਾਜਿਕ ਅਤੇ ਸ਼ਰੀਰਕ ਲੋੜ ਹੈ ਜੋ ਜੀਵਨ ਭਰ ਆਪਸੀ ਸਤਿਕਾਰ, ਵਫ਼ਾਦਾਰੀ ਅਤੇ ਇੱਕ ਦੂਜੇ ਲਈ ਨਿਸ਼ਠਾ ਉੱਪਰ ਆਧਾਰਤ ਹੈ। ਮਨੁੱਖਤਾ ਦੇ ਆਰੰਭ ਤੋਂ ਹੀ ਇਹ ਰੀਤ ਕਿਸੇ ਨਾ ਕਿਸੇ ਸ਼ਕਲ ਵਿੱਚ ਨਿਭਾਈ ਜਾਂਦੀ ਰਹੀ ਹੈ। ਮਨੁੱਖ ਦਾ ਵਿਸ਼ਵਾਸ਼ ਹੈ ਕਿ ਵਿਆਹ ਸਾਡੇ ਦੁੱਖਾਂ ਨੂੰ ਅੱਧਾ ਕਰ ਦਿੰਦਾ ਹੈ ਅਤੇ ਸਾਡੀਆਂ ਖੁਸ਼ੀਆਂ ਨੂੰ ਦੁੱਗਣਾ। ਇਸ ਲਈ ਸੱਭਿਅਤਾ ਦੇ ਸ਼ੁਰੂ ਤੋਂ ਹੀ ਸਮਾਜ ਮਨੁੱਖੀ ਰਿਸ਼ਤਿਆਂ ਵਿੱਚ ਇੱਕਸਾਰਤਾ ਲਿਆਉਣ ਲਈ ਵਿਆਹ ਸਬੰਧੀ ਨਿਯਮ/ਕਾਨੂੰਨ ਘੜਦਾ ਆਇਆ ਹੈ।

ਭਾਰਤ ਵਿੱਚ ਆਰੀਆ ਲੋਕਾਂ ਦੇ ਆਉਣ ਨਾਲ ਸਮਾਜਕ ਸੰਘਠਨ ਵਿੱਚ ਪ੍ਰੀਵਰਤਨ ਵਧੇਰੇ ਤੀਬਰ ਹੋਇਆ। ਉਸ ਸਮੇਂ ਭਾਰਤੀ ਸਮਾਜ ਨੇ ਪਹਿਲੀ ਵਾਰੀ ਆਰੀਆ ਅਤੇ ਅਣਆਰੀਆ ਦੀ ਵੰਡ ਦਾ ਦੁੱਖ ਸਹਾਰਿਆ। ਬਾਅਦ ਵਿੱਚ ਇਹ ਵੰਡ ਹੋਰ ਪੀਡੀ ਹੁੰਦੀ ਗਈ ਅਤੇ ਨਾਲ ਹੀ ਸਮਾਜ ਵਿੱਚ ਅਨੇਕਾਂ ਹੋਰ ਵੰਡੀਆਂ ਪੈਂਦੀਆਂ ਗਈਆਂ। ਇਨ੍ਹਾਂ ਵੰਡੀਆਂ ਨੂੰ ਜ਼ਾਤ ਜਾਂ ਵਰਣ ਕਿਹਾ ਗਿਆ ਜੋ ਬਹੁਤਾ ਕਰਕੇ ਰੰਗ ਉੱਪਰ ਆਧਾਰਤ ਸਨ। ਆਰੀਆਂ ਗੋਰੇ ਸਨ ਅਤੇ ਭਾਰਤ ਦੇ ਅਸਲੀ ਵਸਨੀਕ ਗਹਿਰੇ ਕਣਕ ਵੰਨੇ ਰੰਗ ਦੇ ਸਨ। ਜ਼ਾਤ ਜਾਂ ਵਰਣ ਦਾ ਵਰਨਣ ਪਹਿਲੀ ਵਾਰ ਰਿਗ ਵੇਦ ਦੇ ਪੁਰਸ਼ਾ ਸੂਕਤਾ ਕਾਂਡ ਵਿੱਚ ਅਤੇ ਪਾਰਸੀਆਂ ਦੀ ਪੁਸਤਕ ਅਵੇਸਤਾ ਵਿੱਚ ਮਿਲਦਾ ਹੈ। ਇੱਥੇ ਬ੍ਰਾਹਮਣ, ਕਸ਼ਤਰੀ, ਵੈਸ਼ ਤਿੰਨਾਂ ਦਾ ਹੀ ਜ਼ਿਕਰ ਹੈ ਕਿਉਂਕਿ ਆਰੀਆ ਲੋਕਾਂ ਨੇ ਆਪਣੇ ਸਮਾਜ ਨੂੰ ਇਨ੍ਹਾਂ ਤਿੰਨਾਂ ਭਾਗਾਂ ਵਿੱਚ ਹੀ ਵੰਡਿਆ ਹੋਇਆਂ ਸੀ। "ਸ਼ੂਦਰ" ਸ਼ਬਦ ਆਰੀਆ ਲੋਕਾਂ ਨੇ ਭਾਰਤੀਆਂ ਲਈ ਬਾਅਦ ਵਿੱਚ ਵਰਤਿਆ ਜਦੋਂ ਉਨ੍ਹਾਂ ਨੇ ਇਨ੍ਹਾਂ ਨੂੰ ਜਿੱਤ ਕੇ ਗੁਲਾਮ ਜਾਂ ਦਾਸ ਬਣਾ ਲਿਆ ਗਿਆ ਸੀ। ਇਹ ਵੰਡ ਭਾਰਤ ਵਿੱਚ ਹੀ ਨਹੀਂ ਈਰਾਨ ਵਿੱਚ ਵੀ ਚਾਲੂ ਕੀਤੀ ਗਈ ਜਿੱਥੇ ਅਥਰਵਾ, ਰਾਥੇਸਟਾ, ਵਸਤਰੀਆ ਅਤੇ ਸੂਅੰਟਾ ਚਾਰ ਜ਼ਾਤਾਂ ਹੋਂਦ ਵਿਚ ਆ ਗਈਆਂ। ਬੋਧੀ ਲੋਕਾਂ ਨੇ ਪਹਿਲੀ ਵਾਰ ਇਸ ਵਰਣ-ਵੰਡ ਦੀ ਡਟ ਕੇ ਵਿਰੋਧਤਾ ਕੀਤੀ ਪਰ ਉਹ ਇਸ ਨੂੰ ਜੜੋਂ ਨਾ ਪੁੱਟ ਸਕੇ। ਵਧਦੀ ਵਧਦੀ ਇਹ ਵਰਣ-ਵੰਡ ਦੀ ਬੀਮਾਰੀ ਅੱਗੇ ਹਰ ਜ਼ਾਤੀ ਵਿੱਚ ਹੋਰ ਵਖੇਵਿਆਂ ਦਾ ਕਾਰਨ ਬਣੀ। ਅੱਜ ਬ੍ਰਾਹਮਣ ਵੀ ਕਈ ਤਰ੍ਹਾਂ ਦੇ ਹਨ (ਜਿਵੇਂ ਦਾਸ, ਜਾਤਕ, ਕਲੌਂਤ ਆਦਿਕ)। ਇਸਲਾਮ ਅਜਿਹੀ ਵੰਡ ਨੂੰ ਸਵੀਕਾਰ ਨਹੀਂ ਸੀ ਕਰਦਾ ਪਰ



ਮੁਸਲਮਾਨ ਵੀ ਇਸ ਦੀ ਚੋਟ ਤੋਂ ਨਾ ਬਚ ਸਕੇ ।[178] ਇਸ ਵੇਲੇ ਇਕੱਲੇ ਬੰਗਾਲ ਵਿੱਚ ਹੀ (ਸਈਦ, ਮੁਗਲ, ਸ਼ੇਖ, ਪਠਾਣ ਅਦਿਕ) ਘੱਟੋ ਘੱਟ 12 ਮੁਸਲਮਾਨ ਜ਼ਾਤਾਂ ਹਨ।

ਅਜਿਹੀ ਜ਼ਾਤ ਬਰਾਦਰੀ ਦੀ ਵੰਡ ਦਾ ਸਮਾਜਿਕ ਰਿਸ਼ਤਿਆਂ ਅਤੇ ਵਿਆਹਾਂ ਸ਼ਾਦੀਆਂ ਉੱਪਰ ਪ੍ਰਭਾਵ ਪੈਣਾ ਕੁਦਰਤੀ ਸੀ। ਇਸ ਵਖਰੇਵੇਂ ਨੇ ਪਹਿਲਾਂ ਪਹਿਲ ਅਨੂਲੋਮਾ ਅਤੇ ਪ੍ਰਤੀਲੋਮਾ ਵਿਆਹਾਂ ਦਾ ਵਰਗੀਕਰਣ ਕੀਤਾ। ਅਨੂਲੋਮਾ ਇੱਕੋ ਜ਼ਾਤੀ ਜਾਂ ਵਰਣ ਵਿੱਚ ਸ਼ੁੱਧ ਵਿਆਹ ਹੁੰਦਾ ਸੀ ਜਦ ਕਿ ਪ੍ਰਤੀਲੋਮਾ ਉੱਚੀ ਜ਼ਾਤ (ਬ੍ਰਾਹਮਣ ਆਦਿਕ) ਵੱਲੋਂ ਕਿਸੇ ਨੀਵੀਂ ਜ਼ਾਤ ਦੀ ਔਰਤ ਨਾਲ ਵਿਆਹ ਕਰਨ ਦੀ ਜ਼ਿਦ ਕਰਕੇ ਹੁੰਦਾ ਸੀ। ਹੌਲੀ ਹੌਲੀ ਪ੍ਰਤੀਲੋਮਾ ਵਿਆਹ ਵੀ ਵਧਦੇ ਗਏ ਅਤੇ ਸਮਾਜ ਦੇ ਠੇਕੇਦਾਰ ਬ੍ਰਾਹਮਣ ਨੇ ਪ੍ਰਵਾਣਗੀ ਦੇ ਦਿੱਤੀ ਕਿ ਕੋਈ ਬ੍ਰਾਹਮਣ (ਵਿਆਹ ਕਰਵਾਉਣ ਤੋਂ ਬਿਨਾਂ ਵੀ) ਛੇ ਵੱਖੋ ਵੱਖਰੀਆਂ ਜ਼ਾਤਾਂ ਦੀਆਂ ਜ਼ਨਾਨੀਆਂ ਨਾਲ ਸਬੰਧ ਬਣਾ ਕੇ ਔਲਾਦ ਪੈਦਾ ਕਰ ਸਕਦਾ ਹੈ। (ਮਨੂੰ ਸਿਮਰਤੀ ਕਾਂਡ 3 ਸ਼ਲੋਕ 9,13,14 ਤੇ 156)। ਇਸ ਤਰ੍ਹਾਂ ਬ੍ਰਾਹਮਣਾਂ ਦੀਆਂ ਕਿਸਮਾਂ ਵੀ ਵਧਦੀਆਂ ਗਈਆ ਜਿਵੇਂ ਕਿ ਅਸੁਰ, ਕੈਤਰਜ, ਦੱਤ, ਕ੍ਰਿਤਰਮ, ਗ੍ਰੋਤਪਨ, ਅਪਵਿਧ, ਕਨੀਨ, ਸਹੌਰ, ਕ੍ਰੀਤ ਪਨੌਰਭਵ, ਸੈਦੇਵਤ ਅਤੇ ਸੌਦਰ ਆਦਿਕ। ਇਨ੍ਹਾਂ ਵਿੱਚ ਵੀ ਉੱਚੀ ਜਾਤ ਅਤੇ ਨੀਵੀਂ ਜ਼ਾਤ ਦੇ ਵਖਰੇਵੇਂ ਪੈ ਗਏ ਜਿਸ ਨਾਲ ਵਿਆਹ ਸ਼ਾਦੀਆਂ ਵਿੱਚ ਹੋਰ ਵੀ ਗੜਬੜ ਹੋਣੀ ਕੁਦਰਤੀ ਸੀ। ਇਸ ਤਰ੍ਹਾਂ ਸਭਿਆਚਾਰਾਂ ਦੇ ਭੇੜ ਨੇ ਹੌਲੀ ਹੌਲੀ ਭਾਰਤੀ ਸਮਾਜ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਅਤੇ ਮਨੂੰ ਵਰਗੇ ਵਿਦਵਾਨਾਂ ਨੇ ਨਿਯਮ ਘੜਕੇ ਇਹ ਵੰਡੀਆਂ ਹੋਰ ਵੀ ਪੱਕੀਆਂ ਕਰ ਦਿੱਤੀਆਂ। ਗੁਰੂ ਜੀ ਦੇ ਵੇਲੇ ਤੱਕ ਕਿਸੇ ਨਾ ਕਿਸੇ ਰੂਪ ਵਿੱਚ ਅਤੇ ਕਿਸੇ ਨਾ ਕਿਸੇ ਇਲਾਕੇ ਵਿੱਚ ਹੇਠ ਲਿਖੀ ਪਰਕਾਰ ਦੇ ਵਿਆਹ ਪ੍ਰਚਲਤ ਸਨ ਜੋ ਮਨੂੰ ਸਿਮਰਤੀ ਅਨੁਸਾਰ ਸਮਾਜ ਵਿੱਚ ਪ੍ਰਵਾਣ ਹੁੰਦੇ ਆਏ ਸਨ।

1. **ਬ੍ਰਹਮ ਵਿਆਹ**: ਮਾਪੇ ਕਿਸੇ ਪੜ੍ਹੇ ਲਿਖੇ ਅਤੇ ਸਦਾਚਾਰੀ ਨੌਜਵਾਨ ਨੂੰ ਆਪਣੀ ਬੇਟੀ ਕੱਪੜਿਆਂ ਅਤੇ ਗਹਿਣਿਆਂ ਸਮੇਤ ਸੌਂਪ ਦਿੰਦੇ ਸਨ।
2. **ਦੇਵ ਵਿਆਹ**: ਮਾਪੇ ਕੋਈ ਯੱਗ ਜਾਂ ਰਸਮ ਰੱਖਦੇ ਸਨ ਅਤੇ ਦਖਸ਼ਣਾ ਦੇ ਤੌਰ ਤੇ ਯੱਗ ਕਰਨ ਵਾਲੇ ਨੂੰ ਆਪਣੀ ਲੜਕੀ ਦਾਨ ਕਰ ਦਿੰਦੇ ਸਨ।
3. **ਅਰਸ਼ ਵਿਆਹ**: ਵਿਆਹੁਤਾ ਲੜਕੀ ਦਾ ਪਿਤਾ ਕਿਸੇ ਨੌਜਵਾਨ ਤੋਂ ਪਸ਼ੂਆਂ ਦਾ ਜੋੜਾ ਲੈਕੇ ਆਪਣੀ ਲੜਕੀ ਸੌਂਪ ਦਿੰਦਾ ਸੀ।
4. **ਪ੍ਰਜਾਪਤ ਵਿਆਹ**: ਦੁਸ਼ਮਣ ਨਾਲ ਸ਼ਕਤੀਸ਼ਾਲੀ ਗੱਠਜੋੜ ਕਰਨ ਲਈ ਪਰਿਵਾਰ ਦੀ ਮਰਜ਼ੀ ਦੇ ਮਰਦ ਨੂੰ ਲੜਕੀ ਵਿਆਹ ਦਿੱਤੀ ਜਾਂਦੀ ਸੀ।

[178] ਇੱਕ ਦਸਤਰਸ ਸੇ ਤੇਰੀ ਹਾਲੀ ਬਚਾ ਹੂਆ ਥਾ, ਉਸ ਕੇ ਭੀ ਦਿਲ ਪੇ ਤੂੰ ਨੇ ਚਰਕਾ ਲਗਾ ਕੇ ਛੋੜਾ।

5. **ਅਸੁਰ ਵਿਆਹ**: ਰਿਸ਼ਤੇਦਾਰ ਮਨਜ਼ੂਰ ਕੀਤਾ ਹੋਇਆ ਪੈਸਾ ਲਾੜੇ ਤੋਂ ਲੈ ਕੇ ਆਪਣੀ ਧੀ ਵੇਚ ਦਿੰਦੇ ਸਨ।
6. **ਗੰਧਰਵ ਵਿਆਹ**: ਇਹ ਵਿਆਹ ਕੁੜੀ ਅਤੇ ਮੁੰਡੇ ਦੀ ਮਰਜ਼ੀ ਨਾਲ ਹੁੰਦਾ ਸੀ। ਮਾਤਾ ਪਿਤਾ ਦੀ ਇਸ ਵਿੱਚ ਕੋਈ ਭੂਮਿਕਾ ਨਹੀਂ ਸੀ। ਅੱਜ ਕੱਲ ਇਸ ਨੂੰ ਲਵ ਮੈਰਿਜ ਕਹਿੰਦੇ ਹਨ।
7. **ਰਾਖਸ਼ਸ਼ ਵਿਆਹ**: ਔਰਤ ਨੂੰ ਧੱਕੇ ਨਾਲ ਉਧਾਲ ਲਿਆ ਜਾਂਦਾ ਸੀ ਅਤੇ ਬਾਅਦ ਵਿੱਚ ਬ੍ਰਾਹਮਣ ਤੋਂ ਵਿਆਹ ਦੀ ਰੀਤ ਕਰਵਾ ਲਈ ਜਾਂਦੀ ਸੀ। ਹਮਲਾ ਕਰਨ ਵਾਲੇ ਧਾੜਵੀਆਂ ਨੂੰ ਦੁਸ਼ਮਣ ਦੀਆਂ ਧੀਆਂ ਭੈਣਾਂ ਅਤੇ ਪਤਨੀਆਂ ਚੁੱਕ ਲਿਜਾਣ ਅਤੇ ਰਾਖਸ਼ਸ਼ ਵਿਆਹ ਕਰਨ ਦਾ ਹੱਕ ਹੁੰਦਾ ਸੀ।
8. **ਪੈਸ਼ਾਚ ਵਿਆਹ**: ਸੁੱਤੀ ਹੋਈ ਔਰਤ ਨਾਲ ਜਾਂ ਉਸ ਦੇ ਵਸੋਂ ਬਾਹਰ ਹਾਲਾਤ ਵਿੱਚ ਉਸ ਨਾਲ ਬਲਾਤਕਾਰ ਕਰ ਕੇ ਬਾਅਦ ਵਿੱਚ ਉਸ ਬਲਾਤਕਾਰ ਨੂੰ ਸਮਾਜਿਕ ਮਾਣਤਾ ਦੇ ਕੇ ਸ਼ਾਦੀ ਮੰਨ ਲਿਆ ਜਾਂਦਾ ਸੀ।

## 10.2 ਗੁਰੂ ਸਾਹਿਬਾਨ ਤੋਂ ਪਿਛੋਂ

ਸਿੱਖੀ ਵਿੱਚ ਵਿਆਹ ਨੂੰ ਦੁਨਿਆਵੀ ਅਤੇ ਅਧਿਆਤਮਿਕ ਆਨੰਦ ਲਈ ਇੱਕ ਪਵਿੱਤਰ ਬੰਧਨ ਮੰਨਿਆ ਜਾਂਦਾ ਹੈ। ਸਿੱਖ ਧਰਮ ਅਨੁਸਾਰ ਹਰ ਮਨੁੱਖ ਇੱਕ ਅਸੀਮ ਪ੍ਰਤਿਭਾ ਦਾ ਮਾਲਿਕ ਹੈ ਪਰੰਤੂ ਉਸ ਨੂੰ ਆਪਣੀਆਂ ਯੋਗਤਾਵਾਂ ਦਾ ਪੂਰਨ ਗਿਆਨ ਨਹੀਂ ਹੁੰਦਾ। ਜਦੋਂ ਕੋਈ ਦੂਸਰਾ ਵਿਅਕਤੀ ਸਾਡੀਆਂ ਇਨ੍ਹਾਂ ਗੁਪਤ ਯੋਗਤਾਵਾਂ ਬਾਰੇ ਗਿਆਨ ਕਰਵਾ ਦਿੰਦਾ ਹੈ ਤਾਂ ਅਸੀਂ ਇਨ੍ਹਾਂ ਦੀ ਵਰਤੋਂ ਕਰ ਕੇ ਸੰਪੂਰਣਤਾ ਵਲ ਵੱਧਣਾ ਸ਼ੁਰੂ ਕਰ ਦਿੰਦੇ ਹਾਂ। ਐਸਾ ਵਿਅਕਤੀ ਕੋਈ ਉਹ ਹੋ ਸਕਦਾ ਹੈ ਜੋ ਸਾਡੇ ਐਨਾ ਨੇੜੇ ਹੋਵੇ ਕਿ ਸਾਡੇ ਸਮੁੱਚੇ ਆਪੇ ਦੀ ਜਾਣਕਾਰੀ ਰੱਖਦਾ ਹੋਵੇ ਅਤੇ ਸਾਡੀ ਸਮਰੱਥਾ ਨੂੰ ਸਾਕਾਰ ਕਰਨ ਵਿੱਚ ਸਹਾਇਕ ਹੋਵੇ। ਸਫਲ ਵਿਆਹ ਇਸ ਲੋੜ ਦੀ ਪੂਰਤੀ ਕਰਦਾ ਹੈ।

ਜਦੋਂ ਕੋਈ ਪ੍ਰਤਿਭਾ ਲਭਦੀ ਹੈ (ਜੋ ਪਹਿਲਾਂ ਸਾਡੇ ਧਿਆਨ ਵਿੱਚ ਨਹੀਂ ਸੀ ਆਈ ਹੁੰਦੀ) ਤਾਂ ਇਸ ਨੂੰ ਪ੍ਰਫੁਲਤ ਕਰਨ ਦੀ ਲੋੜ ਹੁੰਦੀ ਹੈ। ਇਸ ਸੰਧਰਭ ਵਿੱਚ ਜੀਵਨ ਸਾਥੀ ਆਪਣੀ ਸੰਵੇਦਨਾ, ਯੋਗਤਾ ਅਤੇ ਦਿਲਚਸਪੀ ਸਮੇਤ ਆਪਸੀ ਮਦਦ ਲਈ ਤਤਪਰ ਹੁੰਦਾ ਹੈ। ਕੁੱਝ ਅਜਿਹੇ ਸੰਧਰਭ ਵਿੱਚ ਹੀ ਗੁਰੂ ਸਾਹਿਬ ਵਿਆਹੁਤਾ ਜੋੜੀ ਨੂੰ ਮਨੁੱਖੀ ਪ੍ਰਤਿੱਭਾ ਦੀਆਂ ਦੁਨਿਆਵੀ ਅਤੇ ਅਧਿਆਤਮਿਕ ਉਚਾਣਾਂ ਪ੍ਰਾਪਤ ਕਰਦਿਆਂ ਕਲਪਦੇ ਹਨ। ਇਹ ਜ਼ਰੂਰੀ ਹੈ ਕਿ ਦੋਵੇਂ ਸਾਥੀ ਮਾਨਸਿਕ ਅਤੇ ਭਾਵੁਕ ਪੱਧਰ ਤੇ ਇਹ ਮਹਿਸੂਸ ਕਰਨ ਕਿ ਇੱਕ ਨੂੰ ਦੂਸਰੇ ਦੀ ਲੋੜ ਹੈ ਅਤੇ ਉਨ੍ਹਾਂ ਦੇ ਕੀਤੇ ਕੰਮ ਜਾਂ ਮਦਦ ਦੀ ਪ੍ਰਸ਼ੰਸ਼ਾ ਹੋ ਰਹੀ ਹੈ।



ਦੋਵੇਂ ਇੱਕ ਦੂਜੇ ਵਿੱਚ ਪੂਰਨ ਵਿਸ਼ਵਾਸ਼ ਰੱਖਦੇ ਹੋਣ ਅਤੇ ਗ਼ਲਤੀ ਹੋਣ ਤੇ ਉਨ੍ਹਾਂ ਵਿੱਚ ਇੱਕ ਦੂਜੇ ਨੂੰ ਮੁਆਫ਼ ਕਰਨ ਦਾ ਗੁਣ ਹੋਵੇ।

ਇਹ ਸਰਬਪ੍ਰਵਾਣਤ ਸਚਾਈ ਹੈ ਕਿ ਮਰਦਾਂ ਅਤੇ ਔਰਤਾਂ ਵਿੱਚਕਾਰ ਸ਼ਰੀਰਕ ਭਿੰਨਤਾ ਹੋਣ ਕਾਰਨ ਸ਼ਰੀਰਾਂ ਵਿੱਚ ਵੱਖੋ ਵੱਖਰੀ ਪਰਕਾਰ ਦੇ ਹਾਰਮੋਨ ਉਤਪਨ ਹੁੰਦੇ ਹਨ। ਇਸ ਕੁਦਰਤੀ ਸਚਾਈ ਕਾਰਨ ਔਰਤਾਂ ਤੁਲਨਾਤਮਿਕ ਰੂਪ ਵਿੱਚ ਵੱਧ ਸਾਊ, ਸਹਿਨਸ਼ੀਲ, ਸਨਿਮਰ, ਮਿਲਣਸਾਰ, ਦਿਆਲੂ ਅਤੇ ਸੁੰਦਰ ਹੁੰਦੀਆਂ ਸਨ ਜਦ ਕਿ ਮਰਦ ਰੋਅਬਦਾਬ ਵਾਲੇ, ਤਾਕਤਵਰ, ਅੜੀਅਲ, ਹਿੰਮਤੀ ਅਤੇ ਹੁਕਮ ਚਲਾਣ ਵਾਲੇ ਹੁੰਦੇ ਹਨ। ਮਨੁੱਖੀ ਸੰਪੂਰਣਤਾ ਲਈ ਹਰ ਵਿਅਕਤੀ ਨੂੰ (ਚਾਹੇ ਮਰਦ ਹੋਵੇ ਜਾਂ ਔਰਤ) ਇਨ੍ਹਾਂ ਸਾਰੇ ਗੁਣਾਂ ਦਾ ਧਾਰਣੀ ਹੋਣਾ ਜ਼ਰੂਰੀ ਹੈ। ਇਹੀ ਵਜ੍ਹਾ ਹੈ ਕਿ ਔਰਤ ਨੂੰ ਅਰਧਾਂਗਣੀ ਜਾਂ ਅਰਧਸਰੀਰੀ ਕਿਹਾ ਜਾਂਦਾ ਹੈ । ਭਾਈ ਗੁਰਦਾਸ ਜੀ ਅਨੁਸਾਰ, **"ਲੋਕ ਵੇਦ ਗੁਣ ਗਿਆਨ ਵਿੱਚ ਅਰਧ ਸ੍ਰੀਰੀ ਮੋਖ ਦੁਆਰੀ"**। ਸੰਪੂਰਣਤਾ ਲਈ ਪਤੀ ਪਤਨੀ ਦੋਵੇਂ ਇੱਕ ਦੂਜੇ ਦੇ ਪੂਰਕ ਹਨ। ਬਰਾਬਰੀ ਦੇ ਆਧਾਰ ਤੇ ਇੱਕ ਦੂਜੇ ਤੋਂ ਸਿੱਖਣ ਅਤੇ ਸੰਪੂਰਣਤਾ ਤੱਕ ਪੁਹੰਚਣ ਵਿੱਚ ਮਦਦ ਮਿਲਦੀ ਰਹਿੰਦੀ ਹੈ।

ਮਾਤਾ, ਭੈਣ, ਭਰਾ ਅਤੇ ਪੁੱਤਰ ਆਦਿਕ ਰਿਸ਼ਤੇ ਕੁਦਰਤੀ ਸਬੰਧ ਹਨ। ਇਸ ਦੇ ਉਲਟ ਦੰਪਤੀ ਸਬੰਧ ਅਰਜਤ ਰਿਸ਼ਤਾ (acquired relationship) ਹੈ ਜੋ ਵਿਆਹ ਦੀ ਸੰਸਥਾ ਕਾਰਨ ਬਣਦਾ ਹੈ। ਪੂਰਬੀ ਧਰਮ ਵਿਆਹ ਨੂੰ ਦੁਨਿਆਵੀ ਅਤੇ ਅਧਿਆਤਮਿਕ ਦੋਵੇਂ ਅਰਥ ਦਿੰਦੇ ਹਨ। ਉਹ ਮੰਨਦੇ ਹਨ ਕਿ ਸਭਿਅਕ ਮਨੁੱਖੀ ਸਮਾਜ ਲਈ ਜ਼ਰੂਰੀ ਹੈ ਕਿ ਸਰੀਰਕ ਭੁੱਖ ਦੂਰ ਕਰਨ ਲਈ ਕੋਈ ਨਿਯਮ ਜਾਂ ਕਾਨੂੰਨ ਹੋਣ। ਅਧਿਆਤਮਿਕ ਜੀਵਨ ਦੇ ਅਸੂਲਾਂ ਅਨੁਸਾਰ ਵਿਆਹ ਸੀਮਤ ਲਿੰਗਕ ਜੀਵਨ ਦਾ ਇੱਕ ਪਵਿੱਤਰ ਰਸਤਾ ਹੈ। ਪਾਰਗਾਮੀ ਜੀਵਨ (Transcendental life) ਲਈ ਗ੍ਰਿਹਸਥੀ ਵਿਅਕਤੀ ਆਪਣੀ ਨਿਰਅੰਕੁਸ਼ (ਖੁੱਲੀ) ਵਿਆਪਕ ਤ੍ਰਿਪਤੀ ਦੀ ਕੁਰਬਾਨੀ ਦੇ ਦਿੰਦਾ ਹੈ। ਇਸ ਲਈ ਸਿੱਖੀ ਵਿੱਚ ਆਦਰਸ਼ ਵਿਆਹ ਉਹ ਹੈ ਜਿਸ ਵਿੱਚ ਪਤੀ ਪਤਨੀ ਇੱਕ ਦੂਜੇ ਦੇ ਸੁਭਾ, ਅਕਾਂਖਿਆ (ambitions) ਅਤੇ ਦ੍ਰਿਸ਼ਟੀਕੋਣ ਸਮਝ ਕੇ ਆਪਣੇ ਆਪ ਨੂੰ ਉਸ ਅਨੁਸਾਰ ਢਾਲ ਲੈਂਦੇ ਹਨ ਤਾਂ ਕਿ ਦੋਵੇਂ ਦੁਨਿਆਵੀ ਅਤੇ ਅਧਿਆਤਮਿਕ ਗੌਰਵ ਪ੍ਰਾਪਤ ਕਰ ਸਕਣ। ਉਹ ਸਾਰੀ ਉਮਰ ਪਤੀਵਰਤਾ ਅਤੇ ਇਸਤ੍ਰੀਵਰਤਾ ਹੋ ਕੇ ਵਿੱਚਰਦੇ ਹਨ ।[179] ਦੂਜੇ ਪਾਸੇ ਪੱਛਮੀ ਲੋਕ ਵਿਆਹ ਨੂੰ ਇੱਕ ਤਰ੍ਹਾਂ ਦਾ ਸਮਾਜਿਕ ਇੱਕਰਾਰਨਾਮਾ ਮੰਨਦੇ ਹਨ ਜਿਸ ਨੂੰ ਦੋਹਾਂ ਧਿਰਾਂ ਵਿੱਚੋਂ ਕੋਈ ਵੀ ਧਿਰ ਜਦੋਂ ਚਾਹੇ ਤੋੜ ਕੇ ਰਿਸ਼ਤੇ ਨੂੰ ਸਮਾਪਤ ਕਰ ਸਕਦੀ ਹੈ।

[179] "ਜੈਸੇ ਪਤਿਵਰਤਾ ਪਰਪੁਰਖੈ ਨ ਦੇਖਯੋ ਚਾਹੈ, ਪੂਰਨ ਪਤੀਵਰਤਾ ਕੋ ਪਤਿ ਹੀ ਮੈ ਧਯਾਨ ਹੈ (ਕਬਿਤ ਭਾਈ ਗੁਰਦਾਸ)

## 10.3 ਵਿਵਸਥਿਤ ਵਿਆਹ (Arranged marriages)

ਇੰਗਲੈਂਡ ਵਿੱਚ ਮੁੰਡੇ ਕੁੜੀਆਂ ਆਪਣੀ ਮਰਜ਼ੀ ਦਾ ਵਰ ਆਪ ਚੁਣਦੇ ਹਨ ਤੇ ਅਕਸਰ ਸਕੂਲਾਂ ਕਾਲਜਾਂ ਵਿੱਚ ਪੜ੍ਹਣ ਦੇ ਸਮੇਂ ਹੀ ਇੱਕ ਦੂਜੇ ਨਾਲ ਮਿਲਣ ਜੁਲਣ ਲੱਗ ਜਾਂਦੇ ਹਨ। ਏਸ਼ੀਅਨ ਸਭਿਆਚਾਰ ਇਸ ਗੱਲ ਤੋਂ ਘਿਰਣਾ ਕਰਦਾ ਹੈ। ਉੱਥੇ ਮਾਪੇ ਆਪਣੀ ਲੜਕੀ ਲਈ ਯੋਗ ਵਰ ਚੁਣ ਕੇ ਵਿਆਹ ਕਰਦੇ ਹਨ ਅਤੇ ਲੜਕੀਆਂ ਵਿਆਹ ਦੇ ਦਿਨ ਤੱਕ ਕਿਸੇ ਨਾਲ ਲਿੰਗ ਸਬੰਧ ਨਹੀਂ ਬਣਾਉਂਦੀਆਂ। ਹੁਣ ਕਿਉਂਕਿ ਬਹੁਤ ਸਾਰੇ ਏਸ਼ੀਅਨ ਲੋਕ (ਜਿਨ੍ਹਾਂ ਵਿੱਚ ਸਿੱਖ ਵੀ ਹਨ) ਇੰਗਲੈਂਡ ਵਿੱਚ ਆ ਕੇ ਵਸ ਗਏ ਹਨ ਏਸ਼ੀਅਨ ਤਰੀਕੇ ਦੇ ਵਿਆਹਾਂ ਨੂੰ ਇੰਗਲੈਂਡ ਦੇ ਲੋਕ ਪਸੰਦ ਨਹੀਂ ਕਰਦੇ। ਉਨ੍ਹਾਂ ਦੀ ਸੱਭਿਅਤਾ ਅਨੁਸਾਰ ਅਜਿਹੇ ਵਿਆਹ ਕਰਨ ਵਾਲੇ ਮਾਪੇ ਮੁੰਡੇ ਕੁੜੀਆਂ ਦੀ ਆਜ਼ਾਦੀ ਉੱਪਰ ਬੇਲੋੜੀ ਰੋਕ ਲਾਉਂਦੇ ਹਨ ਅਤੇ ਕਾਨੂੰਨ ਦੀ ਉਲੰਘਣਾ ਕਰਦੇ ਹਨ। ਉਹ ਅਜਿਹੇ ਵਿਆਹਾਂ ਨੂੰ ਵਿਵਸਥਿਤ ਵਿਆਹ (arranged marriages) ਆਖਦੇ ਹਨ।

ਸਿੱਖ ਮਾਤਾ ਪਿਤਾ ਦੀ ਰਾਏ ਵਿੱਚ ਵਿਆਹ ਕੇਵਲ ਅਨੁਰੂਪ (compatible) ਜੋੜਿਆਂ ਵਿੱਚ ਹੀ ਹੋਣੇ ਚਾਹੀਦੇ ਹਨ। ਅਜਿਹੇ ਜੋੜਿਆਂ ਲਈ ਚੋਣ ਅਕਸਰ ਮਾਪੇ ਕਰਦੇ ਹਨ। ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਮਨੁੱਖੀ ਰਿਸ਼ਤਿਆਂ ਵਿੱਚ ਪ੍ਰਪੱਕਤਾ ਹੌਲੀ ਹੌਲੀ ਆਉਂਦੀ ਹੈ ਅਤੇ ਪ੍ਰਪੱਕਤਾ ਹੀਣ ਰਿਸ਼ਤੇ ਬਹੁਤਾ ਚਿਰ ਕਾਇਮ ਨਹੀਂ ਰਹਿੰਦੇ। ਨਿਅੰਤਰਣ, ਭਾਵਾਤਮਿਕ ਸਥਿਰਤਾ ਅਤੇ ਅਨੁਸ਼ਾਸ਼ਨ ਆਉਣ ਤੋਂ ਬਾਅਦ ਹੀ ਬੱਚਿਆਂ ਨੂੰ ਵਿਆਹ ਵਰਗੇ ਮਹੱਤਵ-ਪੂਰਣ ਫੈਸਲੇ ਤੇ ਪੁੱਜਣਾ ਚਾਹੀਦਾ ਹੈ। ਪੱਛਮੀ ਸਮਾਜ ਵਿੱਚ ਬੱਚੇ ਅਜਿਹੇ ਗੁਣਾਂ ਦੇ ਜੜ੍ਹ ਫੜ ਲੈਣ ਤੱਕ ਇੰਤਜ਼ਾਰ ਨਹੀਂ ਕਰਦੇ। ਵਿਵਸਥਿਤ ਵਿਆਹ ਸਿੱਖਾਂ ਵਿੱਚ ਵੀ ਹੁੰਦੇ ਹਨ ਅਤੇ ਇਸ ਵੇਲੇ ਇੰਗਲੈਂਡ ਦੇ ਸਿੱਖ ਸਮਾਜ ਲਈ ਸਵਾਲ ਇਹ ਹੈ ਕਿ ਉਹ ਪੱਛਮੀ ਢੰਗ ਤਰੀਕੇ ਅਪਣਾਉਣ ਜਾਂ ਆਪਣੇ ਪੁਰਾਤਨ ਢੰਗ ਤਰੀਕੇ ਵਰਤਕੇ ਆਪਣੇ ਬੱਚਿਆਂ ਨਾਲ ਧੱਕਾ ਵਰਤਣ ਅਤੇ ਸਥਾਨਿਕ ਕਾਨੂੰਨ ਹੇਠ ਸਜ਼ਾ ਭੁਗਤਣ।

ਕੁੱਝ ਪੜ੍ਹੇ ਲਿਖੇ ਸਿੱਖ ਮਾਪਿਆ ਦੇ ਵਿੱਚਾਰ ਵਿਵਸਥਿਤ ਵਿਆਹਾਂ ਪ੍ਰਤੀ ਬਦਲ ਰਹੇ ਹਨ। ਉਹ ਬੱਚਿਆਂ ਉੱਪਰ ਆਪਣੀ ਰਾਏ ਠੋਸਣ ਦੀ ਬਜਾਏ ਉਨ੍ਹਾਂ ਨੂੰ ਸਾਥੀ ਲੱਭਣ ਵਿੱਚ ਮਦਦ ਕਰਨ ਲੱਗ ਪਏ ਹਨ। ਮਨੋਵਿਗਿਆਨਕ ਮਾਣਤਾ ਹੈ ਕਿ ਮਾਪੇ ਕੁਦਰਤੀ ਤੌਰ ਤੇ ਜਾਣਦੇ ਹੁੰਦੇ ਹਨ ਕਿ ਉਨ੍ਹਾਂ ਦੇ ਬੱਚਿਆ ਦੀ ਭਲਾਈ ਕਿਸ ਗੱਲ ਵਿੱਚ ਹੈ। ਜੇ ਮਾਪਿਆ ਦੇ ਇਸ ਸੁਭਾਵਕ ਅਹਿਸਾਸ ਦੇ ਨਾਲ ਬੱਚਿਆਂ ਦੀ ਰਜ਼ਾਮੰਦੀ ਵੀ ਜੁੜ ਜਾਵੇ ਤਾਂ ਆਦਰਸ਼ ਅਤੇ ਲੰਮੇ ਸਮੇਂ ਲਈ ਚੱਲਣ ਵਾਲੀਆਂ ਸ਼ਾਦੀਆਂ ਸੰਭਵ ਹਨ। ਅਨੁਰੂਪਤਾ (Compatibility) ਦੇ ਵਿਰੁੱਧ ਹੋਣ ਵਾਲੇ ਪਿਆਰ ਵਿਆਹ (Love Marriages) ਦੇਰ ਪਾ ਨਹੀਂ ਹੁੰਦੇ (ਦੇਖੋ 6.2 ਦੀ ਤਾਲਿਕਾ)



ਮੁੰਡਿਆਂ ਦੇ ਮੁੰਡਿਆਂ ਨਾਲ਼ ਅਤੇ ਕੁੜੀਆਂ ਦੇ ਕੁੜੀਆਂ ਨਾਲ ਵਿਆਹ (Same sex marriages) ਜਾਂ ਵਿਆਹ ਤੋਂ ਬਾਹਰਲੇ ਲਿੰਗ ਸਬੰਧ, ਜੋ ਪੱਛਮ ਵਿੱਚ ਸਾਧਾਰਣ ਮੰਨੇ ਜਾਂਦੇ ਹਨ, ਸਿੱਖ ਧਰਮ ਵਿੱਚ ਵਿਵਰਜਿਤ ਹਨ। ਜਿੱਥੋਂ ਤਕ ਅੰਤ੍ਰ-ਧਾਰਮਿਕ ਸ਼ਾਦੀਆਂ ਦਾ ਸਬੰਧ ਹੈ ਸਿੱਖ ਰਹਿਤ ਮਰਯਾਦਾ ਅਜਿਹੀਆਂ ਸ਼ਾਦੀਆਂ ਦੀ ਮਨਾਹੀ ਕਰਦੀ ਹੈ ਕਿਉਂਕਿ ਇਨ੍ਹਾਂ ਰਾਹੀਂ ਅਧਿਆਤਮਿਕ ਅਤੇ ਸੰਸਕ੍ਰਿਤਕ ਪੱਧਰ ਤੇ ਉਲਝੇ ਹੋਏ ਦੁਬਿਧਾ ਗ੍ਰਸਤ ਬੱਚੇ ਪੈਦਾ ਹੁੰਦੇ ਦੇਖੇ ਗਏ ਹਨ।

## 10.4 ਸਿੱਖ ਧਰਮ ਅਤੇ ਹਿੰਸਾ

ਨਿਰਾਸਤਾ, ਹੱਠ, ਅਯੋਗ ਮੰਗਾਂ, ਕ੍ਰੋਧ ਤੇ ਈਰਖਾ ਘਰੋਗੀ ਹਿੰਸਾ ਨੂੰ ਜਨਮ ਦਿੰਦੇ ਹਨ। ਸ਼ਰੀਰਕ ਤੌਰ ਤੇ ਤਾਕਤਵਰ ਹੋਣ ਕਾਰਨ ਅਕਸਰ ਵਧੀਕੀ ਮਰਦ ਹੀ ਕਰਦਾ ਹੈ। ਹੋ ਸਕਦਾ ਹੈ ਕਿ ਇਹ ਹਮੇਸ਼ਾ ਠੀਕ ਨਾ ਵੀ ਹੋਵੇ ਪਰ ਘਰ ਦਾ ਮੁਖੀਆ ਹੋਣ ਕਰਕੇ ਸ਼ਾਂਤੀ ਕਾਇਮ ਰੱਖਣ ਪ੍ਰਤੀ ਮਰਦ ਦੀ ਜ਼ਿੰਮੇਵਾਰੀ ਤੋਂ ਮੁਨਕਰ ਵੀ ਨਹੀਂ ਹੋਇਆ ਜਾ ਸਕਦਾ। ਸਿੱਖ ਧਰਮ ਵਿੱਚ ਕਿਸੇ ਵੀ ਪ੍ਰਕਾਰ ਦੀ ਹਿੰਸਾ ਦੀ ਮਨਾਹੀ ਹੈ ਅਤੇ ਆਪਸੀ ਸਮਝਦਾਰੀ ਅਤੇ ਗੱਲਬਾਤ ਰਾਹੀਂ ਹੱਲ ਲੱਭਣ ਦੀ ਸਿੱਖਿਆ ਦਿੱਤੀ ਜਾਂਦੀ ਹੈ। **"ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ"॥ (ਪੰਨਾ 1185) ਸਿੱਖ ਸਿੱਖਣੀ ਮਿਲ ਬਹੈਂ ਚਰਚਾ ਕਰੈਂ ਅਪਾਰ॥ ਭਜਨ ਸਿੱਖਾਵੈਂ ਪੁਤਰ ਕੋ ਨਿਤ ਭਜ ਬਾਰੰਬਾਰ" (ਸੂਰਜ ਪ੍ਰਕਾਸ਼ ਰੁਤ 5 ਅ:24)**

ਪੰਜਾਬ ਵਿੱਚ ਪਤੀਆਂ ਅਤੇ ਸੱਸਾਂ ਵਲੋਂ ਨਵ-ਵਿਆਹੀਆਂ ਵਹੁਟੀਆਂ ਦੇ ਸਾੜੇ ਜਾਣ ਦੇ ਕੇਸ ਵਧ ਰਹੇ ਹਨ। ਜਦੋਂ ਸਟੋਵ ਫਟਦਾ ਹੈ ਤਾਂ ਹਮੇਸ਼ਾ ਪਤਨੀ ਹੀ ਮਰਦੀ ਹੈ, ਮੁੰਡੇ ਦੀ ਮਾਂ ਜਾਂ ਭੈਣ ਨਹੀਂ ਮਰਦੀਆਂ। ਸਪੱਸ਼ਟ ਹੈ ਕਿ ਅਜਿਹਾ ਪੱਖ-ਪਾਤ ਦਾਜ ਦੇ ਲਾਲਚ ਅਤੇ ਅਸਾਵੇਂ ਰਵਈਏ ਵੱਲ ਇਸ਼ਾਰਾ ਕਰਦਾ ਹੈ। ਆਧੁਨਿਕ ਸੋਚ ਅਜਿਹੇ ਘਿਨਾਉਂਣੇ ਭੇਦ-ਭਾਵ ਨੂੰ ਮਾਨਤਾ ਨਹੀਂ ਦੇ ਸਕਦੀ। ਨਿਆਂ ਦੀ ਮੰਗ ਹੈ ਕਿ ਔਰਤਾਂ ਨੂੰ ਬਰਾਬਰ ਦੇ ਹੱਕ ਮਿਲਣ। ਸਿੱਖ ਦਰਸ਼ਨ ਅਜਿਹੀ ਕਿਸੇ ਵੀ ਹਿੰਸਾ ਦੀ ਆਗਿਆ ਨਹੀਂ ਦੇ ਸਕਦਾ। ਇਸ ਦਾ ਐਲਾਨ ਹੈ" **ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆਂ ਅਗਿ॥ ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ॥ (ਪੰਨਾ 147)। ਜਿਸੁ ਮਨੁ ਮਾਨੈ ਅਭਿਮਾਨ ਨ ਤਾ ਕਉ ਹਿੰਸਾ ਲੋਭ ਵਿਸਾਰੇ"। (ਪੰਨਾ 1198)**

## 10.5 ਆਦਰਸ਼ ਵਿਆਹ

ਆਦਰਸ਼ ਵਿਆਹ ਬਾਰੇ ਗੁਰੂ ਸਾਹਿਬ ਫੁਰਮਾਉਂਦੇ ਹਨ: "**ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇੱਕਠੇ ਹੋਇ॥ ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥**

(**ਪੰਨਾ 788**)। [180] ਲਗਭਗ ਹਰ ਫਿਲਾਸਫਰ ਅਜਿਹੀ ਹੀ ਸਿੱਖਸ਼ਾ ਦਿੰਦਾ ਹੈ ਕਿ ਪਤੀ ਪਤਨੀ ਦਾ ਆਤਮਿਕ ਤੌਰ ਤੇ ਇੱਕ ਹੋਣਾ ਹੀ ਅਸਲੀ ਆਨੰਦ ਅਤੇ ਅਸਲੀ ਪਰਿਵਾਰਕ ਖੁਸ਼ੀ ਪ੍ਰਦਾਨ ਕਰ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਅਨੁਸਾਰ ਇਸਤ੍ਰੀ ਗਿਆਨ ਭੰਡਾਰ ਅਤੇ ਮੁਕਤੀ ਦਾਤੀ ਸਿੱਧ ਹੋ ਸਕਦੀ ਹੈ। "**ਲੋਕ ਵੇਦ ਗੁਣ ਗਿਆਨ ਵਿੱਚ ਅਰਧ ਸਰੀਰੀ ਮੋਖ ਦੁਆਰੀ॥ ਗੁਰਮੁਖ ਸੁੱਖਫਲ ਨਿਹਚਉ ਨਾਰੀ**"॥

ਵਿਆਹ ਪਤੀ ਅਤੇ ਪਤਨੀ ਵਿੱਚਕਾਰ ਪਿਆਰ ਅਤੇ ਸਾਂਝ ਦੀ ਬਰਾਬਰ ਦੀ ਭਾਈਵਾਲੀ ਹੈ। ਜੇ ਪਤੀ ਪਰਿਵਾਰ ਦਾ ਸਿਰ ਹੈ ਤਾਂ ਪਤਨੀ ਪਰਿਵਾਰ ਦਾ ਦਿਲ ਹੈ। ਨੈਤਿਕ, ਧਾਰਮਿਕ ਅਤੇ ਬੌਧਿਕ ਉਚਾਣਾਂ ਪ੍ਰਾਪਤ ਕਰਨ ਲਈ ਦੋਹਾਂ ਦਾ ਸੁਚੇਤ ਅਤੇ ਸਹਿਯੋਗੀ ਹੋਣਾ ਜ਼ਰੂਰੀ ਹੈ।

ਹਉਮੇ ਦੀ ਮਾਰੀ ਬਦਨਾਮ ਔਰਤ ਬਾਰੇ ਸਤਿਗੁਰੂ ਜੀ ਫੁਰਮਾਉਂਦੇ ਹਨ, "**ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ॥ ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ॥ ਤ੍ਰਿਸ਼ਨਾ ਕਦੇ ਨ ਚੁਕਈ ਜਲਦੀ ਕਰੇ ਪੁਕਾਰ (ਪੰਨਾ 89)** ਅਤੇ ਚਰਿੱਤਰ-ਹੀਣ ਪਤੀ ਨੂੰ ਗੁਰੂ ਜੀ ਕਹਿੰਦੇ ਹਨ, "**ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ॥ ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ॥ ਅੰਧੇ ਚੇਤਿ ਹਰਿ ਹਰਿ ਰਾਇਆ॥ ਤੇਰਾ ਸੋ ਦਿਨੁ ਨੇੜੈ ਆਇਆ ॥ ਰਹਾਉ॥ ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ ਤੂੰਮਰ॥ ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ**" (**ਪੰਨਾ 403**) {**ਆਪਣੀ ਇਸਤ੍ਰੀ ਨੂੰ ਛੱਡ ਕੇ ਪਰਾਈ ਨਾਲ ਸੌਣਾ ਇਸ ਤਰ੍ਹਾਂ ਹੈ ਜਿਵੇਂ ਕੋਈ ਜ਼ਹਿਰੀ ਸੱਪ ਨਾਲ ਸੌਵੇ**"}। ਵਿਆਹ ਤੋਂ ਬਾਹਰਲੇ ਲਿੰਗ-ਸਬੰਧਾਂ ਨੂੰ ਮਰਦ ਜਾਂ ਇਸਤ੍ਰੀ ਦੀ ਮਨੁੱਖੀ ਕਮਜ਼ੋਰੀ ਸਮਝ ਕੇ ਮੁਆਫ਼ ਨਹੀਂ ਕੀਤਾ ਜਾ ਸਕਦਾ। ਪਤੀ ਪਤਨੀ ਦੀ ਇੱਕ ਦੂਜੇ ਪ੍ਰਤੀ ਵਫ਼ਾਦਾਰੀ ਸਮਾਜ ਪ੍ਰਤੀ ਉਨ੍ਹਾਂ ਦੀ ਜ਼ਿੰਮੇਵਾਰੀ ਹੈ। ਅਤੇ ਇਸ ਦੀ ਉਲੰਘਣਾ ਸਿੱਖ ਧਰਮ ਵਿੱਚ ਬਿਲਕੁੱਲ ਪ੍ਰਵਾਣ ਨਹੀਂ ਹੈ। ਬਾਲ ਵਿਆਹ ਨੂੰ ਸਿੱਖ ਧਰਮ ਵਿੱਚ ਪ੍ਰਵਾਣਗੀ ਨਹੀਂ ਦਿੱਤੀ ਗਈ (ਦੇਖੋ ਰਹਿਤ ਮਰਯਾਦਾ 2.4 ਪੰਜਾਬੀ ਐਡੀਸ਼ਨ)

### 10.6 ਤਲਾਕ

"ਤਲਾਕ" ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਧਰੇ ਵੀ ਨਹੀਂ ਮਿਲਦਾ। ਜਿੱਥੋਂ ਤੱਕ ਹੋ ਸਕੇ ਸਿੱਖ ਧਰਮ ਵਿੱਚ ਵਿਆਹ ਦੀ ਪਾਕੀਜ਼ਗੀ ਅਤੇ ਅਖੰਡਤਾ ਨੂੰ ਕਾਇਮ ਰੱਖਣਾ

[180] ਮਨ ਤੂ ਸ਼ੁਦਮ ਤੂ ਮਨ ਸ਼ੁਦੀ ਮਨ ਤਨ ਸ਼ੁਦਮ ਤੂ ਜਾਂ ਸ਼ੁਦੀ। ਤਾ ਕਸ ਨਾ ਗੋਇਦ ਬਾਅਦ ਅਜ਼ੀਂ ਮਨ ਦੀਗਰਮ ਤੂ ਦੀਗਰੀ (ਤੂੰ ਮੈਂ ਹੋਵਾਂ ਤੇ ਮੈਂ ਤੂੰ ਹੋਵੇ, ਮੈਂ ਸਰੀਰ ਹੋਵਾਂ ਤੂੰ ਜਾਨ ਹੋਵੇਂ। ਕੋਈ ਇਹ ਨ ਕਹਿ ਸਕੇ ਕਿ ਤੂੰ ਹੋਰ ਹੈਂ ਤੇ ਮੈਂ ਹੋਰ)।



ਜ਼ਰੂਰੀ ਸਮਝਿਆ ਜਾਂਦਾ ਹੈ। ਕਈ ਗੱਲਾਂ ਵਿੱਚ ਸਿੱਖ ਵਿਆਹ ਆਦਰਸ਼ ਕੈਥੋਲਿਕ ਵਿਆਹ ਦੇ ਸੰਕਲਪ ਅਤੇ ਪਵਿੱਤਰਤਾ ਦੇ ਨੇੜੇ ਹੈ ਪ੍ਰੰਤੂ ਕੁਝ ਨਾ-ਸਮਝ ਲੋਕਾਂ ਨੇ ਈਸਾਈਆਂ ਦੀ ਇਹ ਤੁੱਕ ਵਰਤਣੀ ਵੀ ਸ਼ੁਰੂ ਕਰ ਦਿੱਤੀ ਹੈ "Marriages are arranged in heaven and solemnized on earth" ਇਹ ਨਿਰੀ ਬੇਵਕੂਫੀ ਹੀ ਹੈ। ਇਸ ਨੂੰ ਸਿੱਧ ਕਰਨ ਲਈ ਗਿਆਨੀ ਗ੍ਰੰਥੀ ਅਕਸਰ ਕਹਿ ਦਿੰਦੇ ਹਨ, "**ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ ਪਇਆ ਸੰਜੋਗੁ**" (**ਪੰਨਾ 957**)। ਇਹ ਅਰਥ ਕਿਸੇ ਵੀ ਤਰ੍ਹਾਂ ਨਹੀਂ ਲਏ ਜਾ ਸਕਦੇ। ਇਹ ਸਾਰਾ ਸ਼ਬਦ "ਸਤਿਗੁਰੂ" ਬਾਰੇ ਹੈ ਵਿਆਹ ਬਾਰੇ ਨਹੀਂ। ਅਸੀਂ ਸਾਰਾ ਸ਼ਬਦ ਹੇਠ ਲਿਖ ਰਹੇ ਹਾਂ ਤਾਂ ਜੋ ਪਾਠਕ ਆਪ ਨਿਰਣਾ ਕਰ ਸਕਣ।

**ਸਲੋਕ ਮਃ 5॥ ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥ ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥ ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ॥ ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ ਪਇਆ ਸੰਜੋਗੁ॥ (ਪੰਨਾ 957)**

ਉਪ੍ਰੋਕਤ ਵਿਚਾਰ ਗੁਰਬਾਣੀ ਦੇ ਨਹੀਂ ਈਸਾਈਆਂ ਦੇ ਹਨ ਜਿਨ੍ਹਾਂ ਦੀ ਬਾਈਬਲ ਵਿੱਚ ਅਜਿਹੇ ਵਿੱਚਾਰ ਦਰਜ ਹਨ ।[181] ਸਿੱਖ ਧਰਮ ਮੰਨਦਾ ਹੈ ਕਿ ਵਿਆਹ ਮਨੁੱਖਾਂ ਵੱਲੋਂ ਹੀ ਤੈ ਕੀਤੇ ਜਾਂਦੇ ਹਨ ਅਤੇ ਕਿਸੇ ਵੀ ਮਨੁੱਖੀ ਕੰਮ ਵਾਂਗ ਇਨ੍ਹਾਂ ਵਿੱਚ ਵੀ ਵਿਘਨ ਪੈ ਸਕਦਾ ਹੈ ਅਤੇ ਇਹ ਅਸਫਲ ਹੋ ਸਕਦੇ ਹਨ। ਵਿਆਹ ਦੇ ਵਾਅਦੇ ਪਤੀ ਪਤਨੀ ਨੂੰ ਜੋੜਨ ਲਈ ਸੀਮਿੰਟ ਹਨ ਅਤੇ ਸਿੱਖ ਕੋਸ਼ਿਸ਼ ਕਰਦਾ ਹੈ ਕਿ ਆਪਣੇ ਗੁਰੂ ਦੇ ਸਾਹਮਣੇ ਕੀਤੇ ਵਾਅਦਿਆਂ ਨੂੰ ਉਹ ਯਥਾ ਸ਼ਕਤ ਨਿਭਾਵੇ। ਸਿੱਖ ਦਾ ਗੁਰੂ ਜੀ ਲਈ ਪਿਆਰ ਤਾਂ ਸਿਰ ਮੰਗਦਾ ਹੈ ਵਾਅਦਾ ਨਿਭਾਉਣਾ ਤਾਂ ਸੌਖਾ ਹੀ ਹੈ, "**ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥ ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ**"(**ਪੰਨਾ 83**)

ਤਲਾਕ 'ਵਧੀ ਹੋਈ ਹਉਮੈਂ' ਦਾ ਨਤੀਜਾ ਹੁੰਦੇ ਹਨ। ਗੁਰੂ ਜੀ ਫੁਰਮਾਉਂਦੇ ਹਨ, "**ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ॥ ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ (ਪੰਨਾ 39)**। ਪਤੀ ਪਤਨੀ ਨੂੰ ਸੁਚੇਤ ਹੋ ਕੇ ਹਉਮੈ ਤੇ ਕਾਬੂ ਰੱਖਣਾ ਚਾਹੀਦਾ ਹੈ ਅਤੇ ਮਿਲ ਜੁਲ ਕੇ ਇਸ ਨੂੰ ਸਿਰਜਨਾਤਮਿਕ ਪ੍ਰਕਿਰਿਆ ਵਲ ਮੋੜਨਾ ਚਾਹੀਦਾ ਹੈ।

ਪੱਛਮੀ ਸਮਾਜ ਵਿੱਚ ਹਉਮੈਂ ਇਤਨੀ ਵਧੀ ਹੋਈ ਹੈ ਕਿ ਇੱਕ ਵਾਰੀ ਵਖਰੇਵੇਂ ਜੜ੍ਹ ਫੜ ਜਾਣ ਤਾਂ ਸਤਿਕਾਰਯੋਗ ਸਮਝੌਤਾ ਹੋਣਾ ਲਗ ਪਗ ਅਸੰਭਵ ਹੋ ਜਾਂਦਾ ਹੈ। ਲੋਕ ਵਾਰ ਵਾਰ ਵਿਆਹ ਕਰਵਾਉਂਦੇ ਹਨ। ਉਨ੍ਹਾਂ ਦੀ ਸੰਸਕ੍ਰਿਤੀ ਦਾ ਇਹ ਇੱਕ ਅਨਿੱਖੜਵਾਂ ਅੰਗ

[181] ਦੇਖੋ ਬਾਈਬਲ ਮਾਰਕ 10-9

ਬਣ ਗਿਆ ਹੈ ਜਿਸ ਬਾਰੇ ਵਿਚਾਰ ਕਰਨ ਦੀ ਕੋਈ ਲੋੜ ਨਹੀਂ ਸਮਝੀ ਜਾਂਦੀ ਅਤੇ ਨਾਂ ਹੀ ਤਲਾਕ-ਸ਼ੁਦਾ ਮਰਦ ਜਾਂ ਔਰਤ ਨੂੰ ਕਿਸੇ ਗੱਲੋਂ ਘਟੀਆ ਸਮਝਿਆ ਜਾਂਦਾ ਹੈ। ਸਿੱਖ ਧਰਮ ਵਿਆਹ ਨਾਲ ਨੈਤਿਕ ਕਦਰਾਂ ਜੋੜਦਾ ਹੈ। ਇਸ ਅਨੁਸਾਰ, **"ਜੇ ਲਖ ਇਸਤਰੀਆਂ ਭੋਗ ਕਰਹਿ ਨਵ ਖੰਡ ਰਾਜੁ ਕਮਾਹਿ॥ ਬਿਨੁ ਸਤਿਗੁਰ ਸੁੱਖੁ ਨ ਪਾਵਈ ਫਿਰਿ ਫਿਰਿ ਜੋਨੀ ਪਾਹਿ॥(ਪਨਾ 26)।**

ਮਾਨਸਿਕ ਸੰਤੁਸ਼ਟੀ ਸਵੈ-ਅਨੁਸ਼ਾਸ਼ਨ, ਈਮਾਨਦਾਰ ਬਚਨ-ਵੱਧਤਾ ਅਤੇ ਆਪਸੀ ਸਤਿਕਾਰ ਦਾ ਕੁਦਰਤੀ ਫਲ ਹੈ। ਰਜ਼ਾਮੰਦੀ, ਸੇਵਾ ਅਤੇ ਇੱਕ ਦੂਜੇ ਦੀਆਂ ਲੋੜਾਂ ਦੀ ਪੂਰਤੀ ਮਨੁੱਖੀ ਸਬੰਧਾਂ ਨੂੰ ਮਧੁਰ ਅਤੇ ਮਾਨਯੋਗ ਬਣਾ ਦਿੰਦੇ ਹਨ।

ਸਿੱਖ ਧਰਮ ਵਿਆਹ ਨੂੰ ਕੇਵਲ ਦੋ ਵਿਅਕਤੀਆਂ ਦਾ ਦੁਨਿਆਵੀ ਸਬੰਧ ਨਾ ਮੰਨ ਕੇ ਦੋ ਆਤਮਾਵਾਂ ਅਤੇ ਦੋ ਪਰਿਵਾਰਾਂ ਦਾ ਸਬੰਧ ਮੰਨਦਾ ਹੈ। ਇਸ ਪਵਿੱਤਰ ਸਬੰਧ ਵਿੱਚ ਕਿਸੇ ਪ੍ਰਕਾਰ ਦਾ ਜ਼ਹਿਰ ਘੋਲਣਾ ਜਾਂ ਇਸ ਨੂੰ ਨਿਗੂਣੀ ਜਿਹੀ ਗੱਲ ਤੇ ਤੋੜਨ ਭੱਜਣਾ ਮੁਨਾਸਬ ਨਹੀਂ ਸਮਝਿਆ ਜਾਂਦਾ। ਤਲਾਕ ਬਹੁਤ ਦੁਖਦਾਈ ਅਤੇ ਕਸ਼ਟਦਾਇਕ ਤਜਰਬਾ ਹੈ ਜੋ ਪਤੀ ਪਤਨੀ ਨੂੰ ਅਮਾਨਵੀ (de-humanize) ਬਣਾ ਦਿੰਦਾ ਹੈ। ਕਿਸੇ ਨੂੰ ਵੀ ਤਲਾਕ ਤੋਂ ਖੁਸ਼ੀ ਨਹੀਂ ਮਿਲਦੀ। ਇਹ ਦੋ ਵਿਅਕਤੀਆਂ ਵਿੱਚ ਹੀ ਨਹੀਂ ਸਗੋਂ ਦੋ ਪਰਿਵਾਰਾਂ ਵਿੱਚ ਵੀ ਸਮਸਿਆਵਾਂ ਪੈਦਾ ਕਰਦਾ ਹੈ ਅਤੇ ਬੱਚਿਆਂ ਦੇ ਜੀਵਨ ਉੱਪਰ ਬੇ-ਹੱਦ ਭੈੜਾ ਅਸਰ ਪਾਉਂਦਾ ਹੈ। ਬੱਚਿਆਂ ਦੀ ਭਲਾਈ ਮਾਪਿਆਂ ਦੇ ਆਪਸੀ ਰਿਸ਼ਤੇ ਦੀ ਸਥਿਰਤਾ ਉੱਤੇ ਨਿਰਭਰ ਹੁੰਦੀ ਹੈ। ਤਲਾਕ ਹੋਣ ਉਪਰੰਤ ਉਹ ਕਿਸਮਤ ਦੇ ਬੰਧਕ ਬਣ ਜਾਂਦੇ ਹਨ ਅਤੇ ਜੀਵਣ ਦੇ ਮਹੱਤਵ-ਪੂਰਣ ਪੱਖਾਂ ਤੇ ਉਨ੍ਹਾਂ ਦਾ ਨਿਅੰਤਰਣ ਨਹੀਂ ਰਹਿੰਦਾ। ਹੋਰ ਕਿਸੇ ਕਾਰਨ ਨਾ ਵੀ ਸੋਚੀਏ, ਬੱਚਿਆਂ ਦੇ ਭਲੇ ਲਈ ਹੀ ਸਹੀ, ਵਿਆਹ ਨੂੰ ਸਫਲ ਬਣਾਉਣਾ ਦੰਪਤੀ ਦੀ ਪਹਿਲੀ ਜ਼ਿੰਮੇਵਾਰੀ ਹੈ।

ਮਾਪਿਆਂ ਦੀਆਂ ਅਣਥੱਕ ਕੋਸ਼ਿਸ਼ਾਂ ਦੇ ਵਾਬਜੂਦ ਵੀ ਕਈ ਵਾਰ ਵਿਆਹ ਟੁੱਟ ਹੀ ਜਾਂਦੇ ਹਨ। ਪਰੰਪਰਾ ਅਨੁਸਾਰ ਪੰਜਾਬ ਵਿੱਚ ਟੁੱਟੇ ਹੋਏ ਵਿਆਹ ਸਮਾਜ ਵਿੱਚ ਸ਼ਰਮ, ਅਪ੍ਰਾਧ ਜਾਂ ਲੋਕਲਾਜ ਨਾਲ ਜੋੜ ਦਿੱਤੇ ਜਾਂਦੇ ਹਨ ਅਤੇ ਅਕਸਰ ਝਗੜਾ ਕਰਨ ਦਾ ਦੋਸ਼ ਔਰਤਾਂ ਸਿਰ ਮੜ੍ਹ ਦਿੱਤਾ ਜਾਂਦਾ ਹੈ। ਅਜਿਹੀ ਵਿਵਸਥਾ ਵਿੱਚ ਰਿਸ਼ਤੇਦਾਰਾਂ ਅਤੇ ਦੋਸਤਾਂ ਮਿੱਤਰਾਂ ਦਾ ਸਹਿਯੋਗ ਕਈ ਵਾਰ ਚੰਗੇ ਨਤੀਜੇ ਪੈਦਾ ਕਰਦਾ ਹੈ। ਪੱਛਮ ਵਿੱਚ ਰਿਸ਼ਤੇਦਾਰਾਂ ਆਦਿਕ ਦੀ ਦਿਲਚਸਪੀ ਅਰਥਹੀਣ ਹੈ ਕਿਉਂਕਿ ਬੱਚੇ ਕਿਸੇ ਦੀ ਰਾਏ ਨਾਲ ਨਹੀਂ ਸਗੋਂ ਆਪਣੀ ਮਰਜ਼ੀ ਨਾਲ ਵਿਆਹ ਕਰਵਾਉਂਦੇ ਹਨ ਜਿਸ ਵਿੱਚ ਕਿਸੇ ਦਾ ਕੋਈ ਦਖ਼ਲ ਹੀ ਨਹੀਂ ਹੁੰਦਾ। ਟੁੱਟੇ ਰਿਸ਼ਤੇ ਨੂੰ ਵੀ ਦੋਹਾਂ ਨੇ ਆਪ ਹੀ ਸੁਧਾਰਣਾ ਹੁੰਦਾ ਹੈ।



ਅੱਜ ਕੱਲ੍ਹ ਸਕੂਲਾਂ ਵਿੱਚ "ਸੈਕਸ ਵਿੱਦਿਆ" ਸ਼ੁਰੂ ਕਰ ਦਿੱਤੀ ਗਈ ਹੈ ਅਤੇ ਖ਼ਿਆਲ ਕੀਤਾ ਜਾਂਦਾ ਹੈ ਕਿ ਇਸ ਨਾਲ ਹਾਲਤ ਸੁਧਰ ਜਾਵੇਗੀ ਪਰੰਤੂ ਅੰਕੜੇ ਦੱਸਦੇ ਹਨ ਕਿ ਇਸ ਦਾ ਅਸਰ ਸਗੋਂ ਉਲਟ ਹੋ ਰਿਹਾ ਹੈ। ਛੋਟੇ ਬੱਚੇ ਸੈਕਸ ਨੂੰ ਖੇਡਣਾ ਸਮਝ ਕੇ ਹੀ ਵਰਤਣ ਲੱਗ ਪਏ ਹਨ ਅਤੇ ਪੰਦਰਾਂ ਸਾਲ ਤੋਂ ਘੱਟ ਉੱਮਰ ਦੀਆਂ ਮਾਵਾਂ ਦੀ ਗਿਣਤੀ ਹਰ ਸਾਲ ਵਧ ਰਹੀ ਹੈ। ਲੋੜ ਹੈ ਤਾਂ ਇਸ ਗੱਲ ਦੀ ਹੈ ਕਿ ਵਿਅਕਤੀਗਤ ਵਿਆਹੁਤਾ ਰਿਸ਼ਤਿਆਂ ਬਾਰੇ ਸਿੱਖਿਆ ਦਿੱਤੀ ਜਾਵੇ ਜਿਸ ਵਿੱਚ ਆਧੁਨਿਕ ਸਮਾਜਿਕ ਅਤੇ ਮਾਨਸਿਕ ਪ੍ਰਭਾਵਾਂ ਦਾ ਧਿਆਨ ਰੱਖਿਆ ਜਾਵੇ। ਮਾਤਾ ਪਿਤਾ, ਪਰਿਵਾਰ, ਸਮਾਜ ਅਤੇ ਧਾਰਮਿਕ ਅਦਾਰੇ ਇਸ ਵਿੱਚ ਬੜਾ ਚੰਗਾ ਰੋਲ ਨਿਭਾ ਸਕਦੇ ਹਨ । ਇਸ ਪਾਸੇ ਪਹਿਲ ਕਦਮੀ ਸਿੱਖਾਂ ਨੂੰ ਹੀ ਕਰਨੀ ਚਾਹੀਦੀ ਹੈ।

ਟੁੱਟੇ ਰਿਸ਼ਤੇ ਹਉਮੈ, ਅੜਬਾਈ, ਆਪ ਹੁਦਰਾਪਣ ਅਤੇ ਈਰਖਾ ਤਿਆਗ ਕੇ ਹੀ ਸੁਧਾਰੇ ਸਕਦੇ ਜਨ ਜਿਨ੍ਹਾਂ ਵਿੱਚ ਮੁੜ ਮਿੱਠੇ ਬੋਲ ਅਤੇ ਆਪਸੀ ਪਿਆਰ ਪਰਤ ਆਉਣ। ਧਰਮ ਇਹੀ ਸਿੱਖਸ਼ਾ ਦਿੰਦਾ ਹੈ। **"ਕੈਹਾ ਕੰਚਨੁ ਤੁਟੈ ਸਾਰੁ॥ ਅਗਨੀ ਗੰਢੁ ਪਾਏ ਲੋਹਾਰੁ॥ …………ਕਾਲਾ ਗੰਢ ਨਦੀਆ ਮੀਹ ਝੋਲ। ਗੰਢ ਪਰੀਤੀ ਮਿਠੇ ਬੋਲ (ਪੰਨਾ 143)**

## 10.7 ਗਰਭਪਾਤ

ਅੱਜਕਲ੍ਹ ਅਣਜੰਮੇ ਬੱਚੇ ਦਾ ਲਿੰਗ ਨਿਰਧਾਰਣ ਕਰਨ ਅਤੇ ਗਰਭਪਾਤ ਕਰਵਾਉਣ ਦਾ ਰਿਵਾਜ ਆਮ ਜਿਹੀ ਗੱਲ ਬਣ ਗਈ ਹੈ। ਸਿੱਖ ਧਰਮ ਵਿੱਚ ਵਿਆਹ ਨੂੰ ਧਰਮ ਨਾਲ ਜੋੜਿਆ ਗਿਆ ਹੈ। ਬੱਚੇ ਪੈਦਾ ਕਰਨਾ ਅਤੇ ਮਨੁੱਖੀ ਨਸਲ ਨੂੰ ਅੱਗੇ ਤੋਰਨਾਂ ਵਿਆਹ ਦਾ ਮੁੱਖ ਉਦੇਸ਼ ਹੈ। ਇਸ ਉਦੇਸ਼ ਨੂੰ ਛੁਟਿਆਉਣ ਦੀ ਕੋਈ ਵੀ ਕੋਸ਼ਿਸ਼ ਵਿਆਹ ਸਮੇਂ ਗੁਰੂ ਗ੍ਰੰਥ ਜੀ ਸਾਹਿਬ ਅੱਗੇ ਕੀਤੇ ਵਾਅਦੇ ਦੀ ਖ਼ਿਲਾਫ਼ਵਰਜ਼ੀ ਹੈ। ਗਰਭਪਾਤ ਅਤੇ ਭਰੂਣ ਹੱਤਿਆ ਇੱਕ ਤਰ੍ਹਾਂ ਨਾਲ ਕਤਲ ਹੀ ਹਨ ਜੋ ਸਿੱਖ ਧਰਮ ਵਿੱਚ ਪ੍ਰਵਾਣ ਨਹੀਂ ਹੋ ਸਕਦੇ। ਚੰਗੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਲਿੰਗ ਨਿਰਧਾਰਣ ਅਤੇ ਭਰੂਣ ਹੱਤਿਆ ਨੂੰ ਕਾਨੂੰਨੀ ਜੁਰਮ ਕਰਾਰ ਦੇ ਦਿੱਤਾ ਹੈ ਅਤੇ ਸ਼੍ਰੋਮਣੀ ਕਮੇਟੀ ਨੇ ਵੀ ਇਸ ਦੇ ਵਿਰੁੱਧ ਹੁਕਮਨਾਮਾ ਜਾਰੀ ਕਰ ਦਿੱਤਾ ਹੈ ।[182]

ਕੁੱਝ ਹਾਲਤਾਂ ਵਿੱਚ ਗਰਭਪਾਤ ਜ਼ਰੂਰੀ ਹੋ ਜਾਂਦਾ ਹੈ ਜਿਵੇਂ ਕਿ ਬਲਾਤਕਾਰ, ਅਣਜੰਮੇ ਬੱਚੇ ਦੀ ਅਪੰਗਤਾ ਜਾਂ ਮਾਂ ਦੀ ਜਾਨ ਨੂੰ ਖ਼ਤਰਾ ਹੋਣ ਦੀ ਸੂਰਤ ਵਿੱਚ। ਅਜਿਹੇ ਹਾਲਾਤ ਵਿੱਚ ਫੈਸਲਾ ਸਬੰਧਤ ਮਾਂ ਦੀ ਮਰਜ਼ੀ ਤੇ ਹੋਣਾ ਚਾਹੀਦਾ ਹੈ। ਸਰੋਗੇਟ ਮਾਂ ਵਰਗੇ ਮਸਲਿਆਂ

[182] 1991 ਵਿੱਚ 1000 ਮੁੰਡਿਆਂ ਪਿੱਛੇ 888 (ਸ਼ਹਿਰਾਂ ਵਿੱਚ 875) ਕੁੜੀਆਂ ਸਨ। 2001 ਵਿੱਚ ਇਹ ਗਿਣਤੀ ਘਟ ਕੇ 850 ਰਹਿ ਗਈ । ਸਿੱਖਾਂ ਵਿੱਚ ਇਹ ਅਨੁਪਾਤ ਹੋਰ ਵੀ ਨੀਵਾਂ ਹੈ 1000 ਮੁੰਡਿਆਂ ਮਗਰ 786 ਕੁੜੀਆਂ। ਜੇ ਇਹੀ ਹਾਲ ਰਿਹਾ ਤਾਂ ਪੰਜਾਬ ਵਿੱਚ ਡਾਕੇ, ਉਧਾਲੇ, ਬਲਾਤਕਾਰ ਅਤੇ ਕਤਲਾਂ ਦੀ ਗਿਣਤੀ ਵਧ ਜਾਵੇਗੀ।

ਉੱਪਰ ਸਿੱਖ ਨੇਤਾਵਾਂ ਨੂੰ ਸੋਚ ਸਮਝ ਕੇ ਕੋਈ ਫੈਸਲਾ ਕਰਨਾ ਚਾਹੀਦਾ ਹੈ। ਪੱਛਮੀ ਚਰਚ ਇਸ ਵਿੱਚ ਪੂਰੀ ਪੂਰੀ ਦਿਲਚਸਪੀ ਲੈ ਰਹੇ ਹਨ ਪਰ ਸ਼੍ਰੋਮਣੀ ਕਮੇਟੀ ਨੇ ਚੁੱਪ ਸਾਧੀ ਹੋਈ ਹੈ।

### 10.8 ਦਾਜ ਦਹੇਜ਼

ਪੰਜਾਬ ਵਿੱਚ ਵਿਆਹ ਦੇ ਸਮੇਂ ਵਿਦਾ ਹੋ ਰਹੀ ਲੜਕੀ ਨੂੰ ਤੋਹਫੇ ਦੇਣ ਦਾ ਰਿਵਾਜ ਹੈ। ਆਪ ਤੌਰ ਤੇ ਇਹ ਤੋਹਫੇ ਸੋਨੇ, ਪੈਸੇ, ਭਾਂਡੇ, ਬਿਸਤਰੇ, ਅਤੇ ਸਿਰਹਾਣੇ ਆਦਿਕ ਹੁੰਦੇ ਹਨ ਜੋ ਅਕਸਰ ਲੜਕੀ ਨੇ ਆਪ ਤਿਆਰ ਕੀਤੇ ਹੁੰਦੇ ਹਨ। ਮਾਪਿਆਂ ਅਤੇ ਰਿਸ਼ਤੇਦਾਰਾਂ ਵਲੋਂ ਦਿੱਤੇ ਗਏ ਅਜਿਹੇ ਤੁਹਫੇ ਨਵੀਂ ਜੋੜੀ ਨੂੰ ਨਵਾਂ ਘਰ ਬਨਾਉਣ ਵਿੱਚ ਮੱਦਦ ਦਿੰਦੇ ਹਨ। ਪਿਤਾ ਦੀ ਅਚੱਲ ਸੰਪਤੀ ਵਿੱਚੋਂ ਹਿੱਸਾ ਨਾ ਮਿਲਣ ਦੇ ਇਵਜ਼ਾਨੇ ਵਜੋਂ ਵੀ ਦਾਜ ਨੂੰ ਮਹਾਨਤਾ ਦਿੱਤੀ ਜਾਂਦੀ ਰਹੀ ਹੈ। ਦਾਜ ਨਾਲ ਲੜਕੀ ਦੀ ਨਵੇਂ ਪਰਿਵਾਰ ਵਿੱਚ ਇਜ਼ੱਤ ਵਧਦੀ ਸੀ। ਉੱਪ ਭੋਗਤਾਵਾਦ (Consumerism) ਦੇ ਪਸਾਰ ਨਾਲ ਦਾਜ ਦਾ ਰੂਪ ਅਤੇ ਤੱਤ ਬਦਲ ਗਏ ਹਨ। ਲਾੜੇ ਦੇ ਪਰਿਵਾਰ ਨੇ ਦਾਜ ਨੂੰ ਇੱਕ ਜ਼ਰੂਰੀ ਰੀਤ ਵਿੱਚ ਬਦਲ ਦਿੱਤਾ ਹੈ ਅਤੇ ਲੋਕ ਅਧੁਨਿਕ ਮਹਿੰਗੀਆਂ ਮਸ਼ੀਨਾਂ (ਕਾਰ, ਟੀਵੀ, ਫਰਿਜ ਆਦਿਕ) ਦੀ ਮੰਗ ਕਰਨ ਲੱਗ ਪਏ ਹਨ। ਅਜਿਹੇ ਵਿਵਹਾਰ ਨਾਲ ਕਈ ਪਰਕਾਰ ਦੀਆਂ ਸਮੱਸਿਆਵਾਂ ਖੜ੍ਹੀਆਂ ਹੋ ਗਈਆਂ ਹਨ ਜਿਨ੍ਹਾਂ ਵਿੱਚ ਵਹੁਟੀਆਂ ਦੀ ਮਾਨਸਕ ਪ੍ਰੇਸ਼ਾਨੀ ਅਤੇ ਹਿੰਸਾ ਵੀ ਸ਼ਾਮਲ ਹਨ। ਜੇ ਕਿਸੇ ਕਾਰਨ ਭਾਰਤੀ ਵਿਆਹ ਅਸਫਲ ਹੋ ਜਾਵੇ ਤਾਂ ਅਕਸਰ ਔਰਤ ਨੂੰ ਹੀ ਦੋਸ਼ ਦਿੱਤਾ ਜਾਂਦਾ ਹੈ। ਜੇ ਹੋਰ ਕੁੱਝ ਨਾ ਹੋਵੇ ਤਾਂ ਦਾਜ ਘੱਟ ਲਿਆਉਣ ਦਾ ਮਿਹਣਾ ਲਾ ਕੇ ਲੜਕੀਆਂ ਨੂੰ ਸਾੜਨ ਤੱਕ ਦੀ ਸਜ਼ਾ ਦੇ ਭਾਗੀ ਬਣਾ ਦਿੱਤਾ ਜਾਂਦਾ ਹੈ। ਇਸ ਭੈੜੀ ਪ੍ਰਥਾ ਨੂੰ ਰੋਕਣ ਲਈ ਭਾਰਤੀ ਪਾਰਲੀਮੈਂਟ ਨੇ 1961 ਵਿੱਚ ਦਾਜ ਮਨਾਹੀ ਕਾਨੂੰਨ ਪਾਸ ਕਰ ਦਿੱਤਾ ਸੀ। ਚੌਦਾਂ ਸਾਲ ਬਾਅਦ 1975 ਵਿੱਚ ਪੰਜਾਬ ਸਰਕਾਰ ਨੇ ਵੀ ਇੱਕ ਹੋਰ ਕਾਨੂੰਨ ਪਾਸ ਕੀਤਾ ਜਿਸ ਅਧੀਨ ਵਿਆਹ ਤੋਂ ਸੱਤ ਸਾਲ ਦੇ ਅੰਦਰ ਮਰਨ ਵਾਲੀ ਲੜਕੀ ਦਾ ਅੰਤਮ ਸੰਸਕਾਰ ਉਨੀਂ ਦੇਰ ਨਹੀਂ ਕੀਤਾ ਜਾ ਸਕਦਾ ਜਿੰਨੀ ਦੇਰ ਤੱਕ ਕਿ ਮਰਨ ਵਾਲੀ ਦੇ ਮਾਪਿਆਂ ਵੱਲੋਂ "**ਕੋਈ ਸ਼ੱਕ ਨਹੀਂ**" ਦਾ ਪ੍ਰਮਾਣ ਪੱਤਰ ਨਾ ਮਿਲ ਜਾਵੇ। ਬਦਕਿਸਮਤੀ ਨਾਲ ਨਾਂ ਸਰਕਾਰ ਅਤੇ ਨਾਂ ਹੀ ਧਾਰਮਿਕ ਤੇ ਰਾਜਸੀ ਸੰਸਥਾਵਾਂ ਨੇ ਇਸ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਨ ਵਿੱਚ ਕੋਈ ਦਿਲਚਸਪੀ ਦਿਖਾਈ ਹੈ। 1995 ਵਿੱਚ ਦਾਜ ਦੀ ਬਲੀ ਚੜ੍ਹਣ ਵਾਲੀਆਂ ਲੜਕੀਆਂ ਦੀ ਗਿਣਤੀ ਪੰਜਾਬ ਵਿੱਚ 2.6% ਸੀ ਪਰ 1996 ਵਿੱਚ ਇਹ 3.3% ਹੋ ਗਈ ਜਦ ਕਿ ਇਸੇ ਸਮੇਂ ਵਿੱਚ ਦੇਸ਼ ਵਿਆਪੀ ਦਾਜ ਦਹੇਜ ਦੀਆਂ ਮੌਤਾਂ ਦੀ ਗਿਣਤੀ 2.4% ਸੀ। (See National Crime records Bureau 1998 p.289)। ਕੀ ਇਸ ਨੂੰ ਪੰਜਾਬ ਦੀ ਤਰੱਕੀ ਮੰਨਿਆ ਜਾਵੇ?



ਸਿੱਖ ਧਰਮ ਵਿੱਚ ਦਾਜ ਦੇ ਵਿਰੁੱਧ ਸਖ਼ਤ ਹਦਾਇਤਾਂ ਹਨ। ਸਿੱਖ ਧਰਮ ਲਾੜੇ ਦੇ ਪਰਿਵਾਰ ਵਲੋਂ ਪੈਸੇ ਅਤੇ ਹੋਰ ਤੁਹਫ਼ੇ ਜ਼ਬਰਦਸਤੀ ਮੰਗਣ ਦਾ ਵਿਰੋਧ ਕਰਦਾ ਹੈ। ਗੁਰਬਾਣੀ ਵਿੱਚ ਕੇਵਲ ਵਾਹਿਗੁਰੂ ਨਾਮ ਦਾ ਦਾਜ ਹੀ ਪ੍ਰਵਾਣ ਹੈ, "**ਹਰਿ ਪ੍ਰਭ ਮੇਰੇ ਬਾਬੁਲਾ ਹੋਰ ਦੇਵਹੁ ਦਾਨੁ ਮੈ ਦਾਜੋ ॥ ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥ (ਪੰਨਾ 78-79)**। ਜਨਮ ਸਾਖੀਆਂ ਵੀ ਸ਼ਾਹਦੀ ਭਰਦੀਆਂ ਹਨ ਕਿ ਮੁੱਢ ਤੋਂ ਹੀ ਗੁਰੂ ਜੀ ਨੇ ਦਾਜ ਦਹੇਜ ਲੈਣਾ ਮਨ੍ਹਾ ਕਰ ਦਿੱਤਾ ਸੀ, "**ਗੁਰੂ ਜੀ ਕਹਿਆ ਭਾਈ ਬਾਲਾ ਵੱਡੀ ਭਾਰੀ ਹੱਤਿਆ ਹੈ ਕੰਨਿਆਂ ਕਾ ਕਰਜ਼ ਲੈਣਾ ਕੰਨਿਆ ਮਾਰਨੀ"।** ਸਿੱਖ ਰਹਿਤ ਮਰਯਾਦਾ ਵਿੱਚ ਵੀ ਇਹੋ ਕੁੱਝ ਲਿਖਿਆ ਗਿਆ ਹੈ, "ਕੋਈ ਸਿੱਖ ਆਪਣੇ ਬੇਟੇ ਜਾਂ ਬੇਟੀ ਦਾ ਵਿਆਹ ਪੈਸਾ ਦੇ ਕੇ ਨਾ ਕਰੇ" (ਸਿੱਖ ਰਹਿਤ ਮਰਯਾਦਾ 2.12 ਪੰਜਾਬੀ ਸੰਸਕਰਣ 1998)। "**ਹੋਰ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜ ਅਹੰਕਾਰ ਕਚ ਪਾਜੋ" (ਪੰਨਾ 79)**

ਇਹ ਵੀ ਇੱਕ ਵਿਡੰਬਨਾ ਹੈ ਕਿ ਦਾਜ ਦਾ ਸਮਰਥਣ ਵੀ ਔਰਤਾਂ ਹੀ ਕਰਦੀਆਂ ਹਨ। ਜੇ ਕਰ ਔਰਤਾਂ ਦਾਜ ਲੈਣ ਦੇਣ ਤੋਂ ਇਨਕਾਰੀ ਹੋ ਜਾਣ ਤਾਂ ਅਨੇਕਾਂ ਅਜਾਈਂ ਜਾਂਦੀਆਂ ਜਾਨਾਂ ਬਚ ਸਕਦੀਆਂ ਹਨ। ਇੱਕ ਪੜ੍ਹੀ ਲਿਖੀ ਕਮਾਊ ਔਰਤ ਨੇ ਸਾਰੀ ਉੱਮਰ ਆਪਣੇ ਸਹੁਰਿਆਂ ਨੂੰ ਕਮਾ ਕੇ ਹੀ ਦੇਣਾ ਹੁੰਦਾ ਹੈ। ਕੀ ਕਿਸੇ ਧਰਮ ਗ੍ਰੰਥ ਨੇ ਦਾਜ ਲੈਣ ਦਾ ਹੱਕ ਕੇਵਲ ਲਾੜੇ ਨੂੰ ਹੀ ਬਖਸ਼ਿਆ ਹੈ। ਲਾੜੀ ਦਾਜ ਕਿਉਂ ਨਹੀਂ ਮੰਗ ਸਕਦੀ ?[183]

[183] ਇਸਲਾਮ ਵਿੱਚ ਲਾੜਾ ਜਾਂ ਉਸ ਦਾ ਪਰਿਵਾਰ ਸਭ ਦੇ ਸਾਹਮਣੇ ਮਿਥੀ ਹੋਈ ਰਕਮ ਲਾੜੀ ਨੂੰ ਦੇਣੀ ਮੰਨਦੇ ਹਨ ਇਸ ਨੂੰ 'ਮਿਹਰ' ਕਿਹਾ ਜਾਂਦਾ ਹੈ । ਇਹ ਸਾਰੀ ਉਮਰ ਲਈ ਲੜਕੀ ਦੀ ਜਾਇਦਾਦ ਬਣ ਜਾਂਦੀ ਹੈ ਜਿਸ ਤੇ ਉਸ ਦਾ ਕਾਨੂੰਨੀ ਹੱਕ ਹੁੰਦਾ ਹੈ। 'ਮਿਹਰ ਮੁਅੱਜਲ' ਮੌਕੇ ਤੇ ਹੀ ਤਾਰਨੀ ਪੈਂਦੀ ਹੈ।

# ਕਾਂਡ 11
## ਅਗਿਆਨਤਾ

ਭਾਵੇਂ ਕੁਦਰਤ ਨੇ ਇਸਤ੍ਰੀਆਂ ਨੂੰ ਮਰਦ ਨਾਲੋਂ ਵੱਖਰੀ ਸ਼ਰੀਰਕ ਕਾਰਜ ਪ੍ਰਨਾਲੀ ਦੇ ਕੇ ਵਖਰਿਆਇਆ ਹੈ ਪਰ ਇਸਤ੍ਰੀ ਦੀ ਸਮਾਜਕ ਦਰਜਾ ਬੰਦੀ ਵਿੱਚ ਪੱਖ-ਪਾਤ ਕੇਵਲ ਬਣ ਚੁੱਕੀ ਪ੍ਰੰਪਰਾ ਕਾਰਨ ਹੀ ਹੈ। ਇਸ ਉਪੇਖਿਆ ਦਾ ਸਰਬ-ਵਿਆਪਕ ਕਾਰਣ ਮਰਦ ਵੱਲੋਂ ਇਸਤ੍ਰੀ ਨੂੰ ਆਜ਼ਾਦੀ ਦੇਣ ਤੋਂ ਸੰਕੋਚ ਕਰਨ ਵਿੱਚ ਲੁਕਿਆ ਹੋਇਆ ਹੈ। ਔਰਤਾਂ ਦੀ ਅਖੌਤੀ ਹੀਣਤਾ ਬਾਰੇ ਖੋਜ ਆਮ ਤੌਰ ਤੇ ਇਸ ਨਤੀਜੇ ਤੇ ਪਹੁੰਚਦੀ ਹੈ ਕਿ ਇਹ ਹੀਣਤਾ ਮਰਦ ਦੇ ਸਰੀਰਕ ਜਬਰ ਅਤੇ ਕਮਾਊ ਹੋਣ ਕਾਰਣ ਮਿੱਥ ਲਈ ਗਈ ਹੈ। ਮਰਦ ਭਾਵੇਂ ਔਰਤ ਦੀ ਕਿੰਨੀ ਵੀ ਪ੍ਰਸੰਸਾ ਕਰੇ ਇਸ ਸਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਹ ਆਪਣੇ ਦਿਲ ਵਿੱਚ ਜ਼ਨਾਨੀ ਨੂੰ ਨੀਵੀਂ ਸਮਝਦਾ ਹੈ ਅਤੇ ਆਜ਼ਾਦੀ ਦੇਣ ਤੋਂ ਸੰਕੋਚ ਕਰਦਾ ਹੈ।

ਅੱਜ ਕਲ੍ਹ ਪੰਜਾਬ ਵਿੱਚ ਮੁੰਡੇ ਦੇ ਜਨਮ ਤੇ ਮਠਿਆਈਆਂ ਵੰਡਣਾ, ਢੋਲ ਵਜਾਉਣਾ ਅਤੇ ਗਾਉਣਾ ਬਜਾਉਣਾ ਆਮ ਰਿਵਾਜ ਹੈ। ਲੋਹੜੀ ਦਾ ਤਿਉਹਾਰ ਤਾਂ ਕੇਵਲ ਹੈ ਹੀ ਮੁੰਡਿਆਂ ਨੂੰ ਸਮਰਪਤ। ਮੁੰਡਿਆਂ ਨੂੰ ਰਾਜਕੁਮਾਰਾਂ ਵਾਂਗ ਸਮਝਿਆ ਤੇ ਪਾਲਿਆ ਜਾਂਦਾ ਹੈ ਅਤੇ ਉਹ ਜਿੱਥੇ ਚਾਹੁਣ ਜਾ ਸਕਦੇ ਹਨ। ਇਸ ਦੇ ਉਲਟ ਲੜਕੀ ਦੇ ਪੈਦਾ ਹੋਣ ਤੇ ਜਸ਼ਨ ਦੀ ਕੋਈ ਲੋੜ ਮਹਿਸੂਸ ਨਹੀਂ ਕੀਤੀ ਜਾਂਦੀ ਸਗੋਂ ਸਾਰਾ ਪਰਿਵਾਰ (ਵਿਸ਼ੇਸ਼ ਕਰਕੇ ਔਰਤਾਂ) ਦੁੱਖ ਅਤੇ ਅਫਸੋਸ ਪਰਗਟ ਕਰਦੀਆਂ ਹਨ । ਨਵ-ਜਨਮੀ ਕੁੜੀ ਨੂੰ ਅਕਸਰ 'ਪੱਥਰ' ਕਿਹਾ ਜਾਂਦਾ ਹੈ। ਕੁੜੀ ਨੂੰ ਪਰਾਇਆ ਧਨ ਅਤੇ ਮੁੰਡੇ ਨੂੰ 'ਚੰਗੀ ਚੀਜ਼' ਕਿਹਾ ਜਾਂਦਾ ਹੈ। ਸਪੱਸ਼ਟ ਹੈ ਕਿ ਜੇ ਮੁੰਡਾ 'ਚੰਗੀ ਚੀਜ਼' ਹੈ ਤਾਂ ਕੁੜੀ ਬਗੈਰ ਕਿਹਾਂ ਹੀ 'ਮੰਦੀ ਚੀਜ਼'[184] ਦੇ ਖ਼ਾਨੇ ਪੈ ਜਾਂਦੀ ਹੈ। ਬਚਪਨ ਤੋਂ ਹੀ ਲੜਕੀ ਮਨ ਵਿੱਚ ਹੀਣਤਾ ਦੀ ਖ਼ੌਫ਼ਨਾਕ ਭਾਵਨਾ ਲੈ ਕੇ ਵੱਡੀ ਹੁੰਦੀ ਹੈ। ਇਹ ਭਾਵਨਾ ਸਾਰੀ ਉਮਰ ਲਈ ਉਸ ਵਾਸਤੇ ਦੁਖਦਾਈ ਹੋ ਨਿੱਬੜਦੀ ਹੈ ।[185] ਇਹ ਵੀ ਬਦਕਿਸਮਤੀ ਹੈ ਕਿ ਔਰਤਾਂ ਆਪ ਵੀ ਇਹ ਹਾਲਤ

[184] ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥(ਪੰਨਾ 473)

[185] "The Socialization of girls within the family is in keeping with the life long role of subservience and self-efacement that women are expected to play… They are looked upon as transitory members of the family and learn to appreciate the fact that they are a liability and do not have the same rights as their brothers to the family resources …greater limits and prohibitions are put on the female child's freedom of association, communication and contacts.(*Silver Shackles* by Mukhopadhyay Aitrayee Oxford 1984)



ਸੁਧਾਰਣ ਦੀ ਕੋਈ ਕੋਸ਼ਿਸ਼ ਨਹੀਂ ਕਰਦੀਆਂ ਸਗੋਂ ਇਸ ਪ੍ਰਸਥਿੱਤੀ ਨੂੰ ਚਾਲੂ ਰੱਖਣ ਵਿੱਚ ਸਹਾਈ ਹੁੰਦੀਆਂ ਹਨ। ਸ਼ਾਦੀ ਤੋਂ ਬਾਅਦ ਲੜਕੀਆਂ ਦੀ ਹਾਲਤ ਆਮ ਤੌਰ ਤੇ ਹੋਰ ਵੀ ਮਾੜੀ ਹੋ ਜਾਂਦੀ ਹੈ।

ਉਪ੍ਰੋਕਤ ਵਿਵਹਾਰ ਸਿੱਖੀ ਦੇ ਆਸ਼ੇ ਨਾਲ ਮੇਲ ਨਹੀਂ ਖਾਂਦਾ। ਸਿੱਖ ਇਸਤ੍ਰੀਆਂ ਬਾਰੇ ਗੁਰੂ ਸਾਹਿਬ ਦੇ ਵਿਚਾਰ ਅਸੀਂ ਪਿੱਛੇ ਦੇ ਆਏ ਹਾਂ। ਗੁਰੂ ਜੀ ਨੇ ਸਿੱਖ ਇਸਤ੍ਰੀ ਨੂੰ ਮਰਦ ਦੇ ਬਰਾਬਰ ਦਾ ਸਮਾਜਕ ਦਰਜਾ ਦਿੱਤਾ ਹੈ। ਬਦਕਿਸਮਤੀ ਇਹ ਹੈ ਕਿ ਗੁਰੂ ਜੀ ਦੀ ਸਿੱਖਿਆ ਤੋਂ ਅਸੀਂ ਕੋਹਾਂ ਦੂਰ ਚਲੇ ਗਏ ਹਾਂ। ਇਸ ਦੇ ਦੋ ਪਰਮੁੱਖ ਕਾਰਨ ਹਨ। ਇੱਕ ਹੈ ਹਿੰਦੂ ਧਰਮ ਜਿਸ ਨੇ ਭਾਰਤ ਦੇ ਸਾਰੇ ਧਰਮਾਂ ਅਤੇ ਸਮਾਜਿਕ ਰਸਮਾਂ ਰਿਵਾਜਾਂ ਨੂੰ ਪ੍ਰਭਾਵਤ ਕੀਤਾ ਹੈ। ਦੂਸਰਾ ਹੈ ਵਿੱਦਿਆ ਦੀ ਘਾਟ। ਅਸੀਂ ਇਨ੍ਹਾਂ ਦੋਹਾਂ ਪਰਮੁਖ ਕਾਰਨਾਂ ਬਾਰੇ ਸੰਖੇਪ ਵਿੱਚਾਰ ਕਰਾਂਗੇ।

### 11.1 ਹਿੰਦੂ ਧਰਮ ਦਾ ਪ੍ਰਭਾਵ

ਡਾਕਟਰ ਟਰੰਪ ਲਿਖਦੇ ਹਨ, "ਹਿੰਦੂ ਧਰਮ ਨੇ ਸਿੱਖ ਧਰਮ ਨੂੰ ਆਪਣੇ ਕਲਾਵੇ ਵਿੱਚ ਜਕੜ ਲਿਆ ਹੈ। ਇਹ ਮੁਕਾਬਲਤਨ ਨਵਾਂ ਧਰਮ ਜਾਣ ਬਚਾਉਣ ਲਈ ਤਰਲੇ ਲੈ ਰਿਹਾ ਹੈ। ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਸਰਕਾਰੀ ਸਹਾਇਤਾ ਨਾ ਮਿਲਣ ਦੀ ਸੂਰਤ ਵਿੱਚ ਅੰਤ ਨੂੰ ਸਿੱਖ ਧਰਮ ਦਾ ਨਿਗਲਿਆ ਜਾਣਾ ਨਿਸ਼ਚਿਤ ਹੈ"। ਇਹੋ ਜਿਹਾ ਵਿਚਾਰ ਹੀ ਡਾਕਟਰ ਨਿਹਾਰ ਰੰਜਨ ਦਿੰਦੇ ਹਨ, "ਗੁਰੂ ਗੋਬਿੰਦ ਸਿੰਘ ਨੂੰ ਯਕੀਨਨ ਦੁਰਗਾ ਜਾਂ ਚੰਡੀ ਦੀ ਪੂਜਾ ਵਿੱਚ ਜਾਂ ਬ੍ਰਹਮਵਾਦੀ ਕਰਮ ਕਾਂਡ ਵਿੱਚ ਕੋਈ ਦਿਲਚਸਪੀ ਨਹੀਂ ਸੀ। ਉਨ੍ਹਾਂ ਨੇ ਹਿੰਦੂ ਧਰਮ ਦੀਆਂ ਮਿੱਥਾਂ ਅਤੇ ਗਾਥਾਵਾਂ ਨੂੰ ਪ੍ਰਤੀਕ ਲਈ ਵਰਤਿਆ। ਪਰ ਇਹ ਸਚਾਈ ਹੈ ਕਿ ਸਤਾਰ੍ਹਵੀਂ ਸਦੀ ਤੋਂ ਹੀ ਬ੍ਰਾਹਮਣੀ ਦੇਵੀ ਦੇਵਤਿਆ ਦੀ ਪੂਜਾ ਅਤੇ ਸਮਾਜਕ ਕਰਮ ਕਾਂਡ ਸਿੱਖ ਸਮਾਜਕ ਜੀਵਨ ਵਿੱਚ ਹੌਲੀ ਹੌਲੀ ਸੂਖਮ ਤਰੀਕੇ ਨਾਲ ਪਿੱਛਲੇ ਦਰਵਾਜ਼ੇ ਰਾਹੀਂ ਪ੍ਰਵੇਸ਼ ਹੋਣੇ ਸ਼ੁਰੂ ਹੋ ਗਏ ਸਨ"। "ਅਨੇਕ ਜਪੁਜੀ ਟੀਕਿਆ ਵਿੱਚ ਸ਼ਾਸਤ੍ਰੀ ਵਿਗਿਆਨ ਦੀਆਂ ਧਾਰਨਾਵਾਂ ਤੂੜ ਤੂੜ ਕੇ ਭਰੀਆਂ ਪਈਆਂ ਹਨ।...... ਛੁਪੀ ਹੋਈ ਭਾਵਨਾ ਇਹ ਸੀ ਕਿ ਵਿਦਵਾਨ ਹਿੰਦੂਆਂ ਨੂੰ ਇਹ ਯਕੀਨ ਆਵੇ ਕਿ ਗੁਰਮੁਖੀ ਦੇ ਗ੍ਰੰਥ ਹਿੰਦੂ ਸ਼ਾਸਤਰਾਂ ਅਤੇ ਸਿਮਰਤੀਆਂ ਦੇ ਅਨੁਕੂਲ ਹਨ" (*ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ* -ਡਾਕਟਰ ਬਲਬੀਰ ਸਿੰਘ ਪੰਜਾਬੀ ਯੂਨੀਵਰਸਿਟੀ 1972 ਪੰਨਾ 8) "ਕਈ ਵਿਦਵਾਨ ਤਾਂ ਹੁਣ ਤੱਕ ਇਹੀ ਪਰਚਾਰਦੇ ਆਏ ਹਨ ਕਿ ਗੁਰਮਤ ਤੇ ਵੇਦਾਂਤ ਸਿਧਾਂਤਕ ਰੂਪ ਵਿੱਚ ਇੱਕ ਹੀ ਹਨ। ਖਾਸ ਕਰਕੇ ਨਿਰਮਲੇ ਵਿਦਵਾਨ ਇਸ ਪੱਖ ਦੇ ਵਧੇਰੇ ਪਰਸਾਰੀ ਹਨ। (*ਗੁਰਮਤ ਵਿਚਾਰ ਧਾਰਾ*-ਭਗਤ ਹੀਰਾ ਸਿੰਘ ਨੈਸ਼ਨਲ ਬੁਕ ਸ਼ਾਪ ਪੰਨਾ 58)

ਇਸ ਹਾਲਤ ਦੇ ਕਾਰਨ ਲੱਭਣ ਲਈ ਦੂਰ ਨਹੀਂ ਜਾਣਾ ਪੈਂਦਾ। ਅਠਾਰਵੀਂ ਸਦੀ

ਦੌਰਾਨ ਪੰਜਾਬ ਵਿੱਚ ਹਫੜਾ ਦਫੜੀ ਦਾ ਮਾਹੌਲ ਸੀ। ਸਿੱਖ ਗੁਰੂ ਸਾਹਿਬਾਨ ਵੱਲੋਂ ਸ਼ੁਰੂ ਕੀਤੇ ਸੁਧਾਰ ਅਤੇ ਅਸੂਲ ਪੂਰੀ ਤਰ੍ਹਾਂ ਜੜ੍ਹ ਨਹੀਂ ਪਕੜ ਸਕੇ ਕਿਉਂਕਿ ਸਿੱਖਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ ਅਤੇ ਉਹ ਆਪਣੇ ਬਚਾ ਲਈ ਜੱਦੋ ਜਹਿਦ ਕਰ ਰਹੇ ਸਨ। ਉਨ੍ਹਾਂ ਨੂੰ ਆਪਣੇ ਘਰ ਬਾਰ ਤਿਆਗ ਕੇ ਜੰਗਲਾਂ ਤੇ ਰੇਗਸਤਾਨਾਂ ਵਿੱਚ ਸ਼ਰਨ ਲੈਣੀ ਪਈ। ਉਨ੍ਹਾਂ ਦੀਆਂ ਧਾਰਮਿਕ ਸੰਸਥਾਵਾਂ ਦੀ ਦੇਖ ਭਾਲ ਹਿੰਦੂ ਹੀ ਕਰ ਰਹੇ ਸਨ ਤੇ ਉਹ ਹਿੰਦੂ ਰਸਮਾਂ ਰਿਵਾਜਾਂ ਅਤੇ ਪੂਜਾ ਪਾਠ ਬਾਰੇ ਹੀ ਸਿੱਖਸ਼ਾ ਦਿੰਦੇ ਰਹੇ।

1799 ਈ: ਵਿੱਚ ਸਿੱਖਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਕਮਾਨ ਹੇਠ ਸਿੱਖ ਰਾਜ ਦੀ ਸਥਾਪਨਾ ਕੀਤੀ ਅਤੇ ਲਗਭਗ 50 ਸਾਲ ਸੱਤਾ ਵਿੱਚ ਰਹੇ। ਇਸ ਸਮੇਂ ਸਿੱਖੀ ਦੀਆਂ ਜੜ੍ਹਾਂ ਮਜ਼ਬੂਤ ਹੋ ਜਾਣੀਆਂ ਚਾਹੀਦੀਆਂ ਸਨ। ਪਰ ਬਦਕਿਸਮਤੀ ਨਾਲ ਇਸ ਦੌਰਾਨ ਵੀ ਮਹਾਰਾਜਾ ਰਣਜੀਤ ਸਿੰਘ ਨੇ ਹੋਰ ਹੋਰ ਇਲਾਕੇ ਜਿੱਤਣ ਵੱਲ ਹੀ ਆਪਣਾ ਧਿਆਨ ਕੇਂਦਰਤ ਕਰੀ ਰੱਖਿਆ ਅਤੇ ਧਾਰਮਿਕ ਜਾਂ ਸਮਾਜਿਕ ਸੁਧਾਰਾਂ ਵੱਲ ਕੋਈ ਧਿਆਨ ਨਾ ਦਿੱਤਾ। [186] ਉਹ ਖੁਦ ਅਨਪੜ੍ਹ ਸੀ ਅਤੇ ਆਪਣੇ ਹਿੰਦੂ ਸਲਾਹਕਾਰਾਂ ਦੇ ਉਪਦੇਸ਼ ਮੰਨ ਕੇ ਹਰ ਮਹੀਨੇ 50 ਬ੍ਰਾਹਮਣਾਂ ਨੂੰ ਭੋਜਨ ਕਰਾਉਂਦਾ ਸੀ,**[187]** ਤੇ ਹਰ ਸਾਲ ਗੰਗਾ ਇਸ਼ਨਾਨ ਕਰਨ ਜਾਂਦਾ ਸੀ। 1806 ਵਿੱਚ ਉਹ ਹਿੰਦੂਆਂ ਦੇ ਸਭ ਤੋਂ ਵੱਧ ਪਵਿੱਤਰ ਅਸਥਾਨ ਕਟਾਸ ਰਾਜ ਤੇ ਇਸ਼ਨਾਨ ਕਰਨ ਗਿਆ। ਉਹ ਜੁਆਲਾ ਮੁਖੀ ਵਰਗੇ ਤੀਰਥਾਂ ਤੇ ਵੀ ਗਿਆ। ਇੱਥੋਂ ਤੱਕ ਕਿ ਉਸ ਦੀ ਮੌਤ ਵੇਲੇ ਵੀ ਗੋਬਿੰਦ ਰਾਮ ਬ੍ਰਾਹਮਣ ਦੇ ਕਹਿਣ ਤੇ ਉਸ ਨੇ ਅੰਤਲੇ ਸਾਹਾਂ ਨਾਲ "ਰਾਮ ਰਾਮ" ਕਿਹਾ ਜਦ ਕਿ ਉਸ ਦੇ ਮੱਥੇ ਉੱਪਰ ਗੀਤਾ ਰੱਖੀ ਹੋਈ ਸੀ । ਉਸ ਵੇਲੇ ਉਸ ਦੇ ਕਹਿਣ ਤੇ 250 ਮਣ ਘਿਉ ਜਵਾਲਾ ਮੁਖੀ ਭੇਜਿਆ ਗਿਆ।

ਸਿੱਖ ਧਰਮ ਜਿੱਥੇ ਆਤਮਿਕ ਉਨੰਤੀ ਦਾ ਰਾਹ ਵਿਖਾਉਂਦਾ ਹੈ ਉੱਥੇ ਸਮਾਜਿਕ ਬੁਰਾਈਆਂ ਦੇ ਵਿਰੁੱਧ ਵੀ ਘੋਲ ਕਰਦਾ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਸਿੱਖਾਂ ਨੇ

[186] "Ranjit Singh used Sikhism for tactical purposes. His commitment to the faith of his birth was only skin deep. (*The Sikhs in History* by Dr.Sangat Singh). "On his birth and death both Hindu and Sikh ceremonies were performed. Even the heartless ceremony of Sati, so strictly forbidden by the Gurus, was performed at his death. A pathetic description of the burning of his living queens has been given by a French eyewitness John Martin Honigbeger ( *Philosophy of Sikhism* By Dr. Sher Singh)

[187] ਪਰਮ ਮੰਡਲ ਵਿੱਚ 100 ਬ੍ਰਹਮਣਾ ਨੂੰ ਭੋਜਨ ਛਕਾਇਆ ਜਾਂਦਾ ਸੀ । ਮਹਾਰਾਜੇ ਦੇ ਮਰਨ ਉਪਰੰਤ ਵੀ ਇਹ ਰਸਮ ਚਾਲੂ ਰਹੀ। ਮਹਾਰਾਣੀ ਜਿੰਦਾਂ ਇਹ ਸਾਰਾ ਕੁਝ ਕਰਦੀ ਰਹੀ। ਜਦੋਂ ਅੰਗ੍ਰੇਜ਼ ਰੈਜ਼ੀਡੈਂਟ ਨੇ ਇਹ ਰਸਮਾਂ ਬੰਦ ਕਰਵਾਈਆਂ ਤਾਂ ਮਹਾਰਾਣੀ ਨੇ ਇੱਕ ਸਖ਼ਤ ਚਿੱਠੀ 9.6.1847 ਨੂੰ ਰੈਜ਼ੀਡੈਂਟ ਨੂੰ ਲਿਖੀ। ਸਈਅਦ ਵਹੀਦ-ਉ-ਦੀਨ ਆਪਣੀ ਪੁਸਤਕ Real Ranjit Singh ਵਿੱਚ ਲਿਖਦਾ ਹੈ ਕਿ ਮਹਾਰਾਜੇ ਨੇ ਕੋਹ-ਏ-ਨੂਰ ਹੀਰਾ ਜਗਨ ਨਾਥ ਪੁਰੀ ਦੇ ਮੰਦਰ ਨੂੰ ਭੇਟਾ ਕਰਨ ਦਾ ਮਨ ਬਣਾ ਲਿਆ ਸੀ ਪਰ ਕੁਝ ਸਿਆਣਿਆਂ ਨੇ ਉਸ ਨੂੰ ਰੋਕ ਦਿੱਤਾ। (See Centenary celebrations committee report Cawnpore Page 136-137)



ਵਿਧਵਾ ਵਿਆਹ ਕਰਨੇ ਸ਼ੁਰੂ ਕਰ ਦਿੱਤੇ ਅਤੇ ਸਤੀ ਉੱਪਰ ਰੋਕ ਲਾ ਦਿੱਤੀ ਤਾਂ ਹਿੰਦੂ ਪੁਜਾਰੀਆਂ ਨੇ ਬੜੀ ਹਾਏ ਤੌਬਾ ਮਚਾਈ ।[188] ਬਦਕਿਸਮਤੀ ਨਾਲ ਸਿੱਖ ਸੰਕਲਪਾਂ ਨੂੰ ਨਾ ਤਾਂ ਚੰਗੀ ਤਰ੍ਹਾਂ ਸਮਝਿਆ ਗਿਆ ਅਤੇ ਨਾ ਹੀ ਇੰਨ੍ਹਾਂ ਤੇ ਪੂਰੀ ਤਰ੍ਹਾਂ ਅਮਲ ਹੀ ਹੋਇਆ। ਨਤੀਜੇ ਦੇ ਤੌਰ ਤੇ ਸਿੱਖ ਸਮਾਜ ਆਪਣੇ ਸਮਾਜਿਕ ਅਤੇ ਧਾਰਮਿਕ ਸਮਾਗਮਾਂ ਵਿੱਚ ਜ਼ਿਆਦਾ ਤਰ ਹਿੰਦੂ ਸਮਾਜਿਕ ਰਸਮਾਂ ਰਵਾਜਾਂ ਤੋਂ ਹੀ ਸੇਧ ਲੈਂਦਾ ਰਿਹਾ। ਗੁਰੂ ਰਾਮ ਦਾਸ ਜੀ ਵੱਲੋਂ ਹਿੰਦੂ ਰਿਵਾਜਾਂ ਤੋਂ ਵੱਖਰਾ ਸਿੱਖ ਵਿਆਹ (ਆਨੰਦ ਕਾਰਜ) ਸ਼ੁਰੂ ਕੀਤਾ ਗਿਆ ਸੀ। 1604 ਤੋਂ ਬਾਅਦ ਸਿੱਖ ਵਿਆਹ ਸਿੱਖ ਰਸਮਾਂ ਅਨੁਸਾਰ ਹੋਣਾ ਚਾਹੀਦਾ ਸੀ ਜਿਸ ਬਾਰੇ ਭਾਈ ਮਨੀ ਸਿੰਘ ਜੀ ਨੇ ਭਗਤ ਰਤਨਾਵਲੀ ਵਿੱਚ ਸਪਸ਼ਟ ਲਿਖਿਆ ਸੀ, "*ਅਨੰਦ ਬਿਨਾ ਬਿਆਹ ਨਾ ਕਰੇ*"। 1883 ਵਿੱਚ ਖਾਲਸਾ ਦੀਵਾਨ ਦੇ ਪ੍ਰਧਾਨ ਬਾਬਾ ਖੇਮ ਸਿੰਘ ਬੇਦੀ ਨੇ ਸਗੋਂ ਵਿਆਹ ਅਤੇ ਮਰਗ ਦੀਆਂ ਰਸਮਾਂ ਹਿੰਦੂ ਰੀਤੀਆਂ ਅਨੁਸਾਰ ਕਰਦੇ ਰਹਿਣ ਦੇ ਆਦੇਸ਼ ਦਿੱਤੇ। 13 ਮਾਰਚ 1855 ਨੂੰ ਬਾਬਾ ਦਿਆਲ ਨਿਰੰਕਾਰੀ ਦੇ ਚੇਲੇ ਦਰਬਾਰਾ ਸਿੰਘ ਨੇ ਅਨੰਦ ਕਾਰਜ ਕਰਵਾਉਣੇ ਆਰੰਭ ਕੀਤੇ ਅਤੇ ਪਹਿਲਾ ਵਿਆਹ ਭਾਈ ਭੋਲਾ ਸਿੰਘ ਅਤੇ ਬੀਬੀ ਨਿਹਾਲੀ ਦਾ ਅਨੰਦ ਕਾਰਜ ਰਾਹੀਂ ਕੀਤਾ ਗਿਆ। ਸਿੱਖ ਪੁਜਾਰੀਆਂ ਨੇ ਬਾਬਾ ਦਰਬਾਰਾ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਨਾਸਤਕ ਅਤੇ ਪਤਿਤ ਕਹਿ ਕੇ ਪੰਥ ਵਿੱਚੋਂ ਕੱਢ ਦਿਤਾ। ਦਰਬਾਰਾ ਸਿੰਘ ਹੋਰਾਂ ਨੇ ਗੁਰਬਾਣੀ ਦੀਆਂ ਅਨੇਕਾਂ ਮਿਸਾਲਾਂ ਦਿੱਤੀਆਂ ਪਰ ਪੁਜਾਰੀਆਂ ਦੇ ਕੰਨਾਂ ਤੇ ਜੂੰ ਤੱਕ ਨਾ ਹਿੱਲੀ। ਦਰਬਾਰਾ ਸਿੰਘ ਨੇ ਹੇਠ ਲਿਖਿਆ ਤ੍ਰੀਕਾ ਚਾਲੂ ਕੀਤਾ। (ਅਜਿਹੇ ਵਿਆਹਾਂ ਲਈ 1856 ਵਿੱਚ **ਹੁਕਮਨਾਮਾ ਸ੍ਰੀ ਅਕਾਲਪੁਰਖ ਜੀ ਕਾ** ਲਿਖ ਕੇ ਵੰਡਿਆ ਗਿਆ ਸੀ)

1. ਜੰਞ ਗੁਰੂ ਗ੍ਰੰਥ ਸਾਹਿਬ ਦੀ ਬੀੜ ਮਗਰ ਸ਼ਬਦ ਪੜ੍ਹਦੀ ਹੋਈ ਲਾੜੀ ਦੇ ਘਰ ਪੁਜਦੀ ਸੀ।
2. ਨਾਚ, ਗਾਉਣ ਸ਼ਰਾਬ ਪੀਣ ਅਤੇ ਗੰਦੀਆਂ ਰਸਮਾਂ ਦੀ ਮਨਾਹੀ ਸੀ।
3. ਔਰਤਾਂ ਸਿੱਠਣੀਆਂ ਜਾਂ ਗੰਦੇ ਗਾਣਿਆਂ ਦੀ ਥਾਂ ਸ਼ਬਦ ਗਾਉਂਦੀਆਂ ਸਨ।
4. ਕੋਈ ਹੋਰ ਰਸਮ ਮਨ੍ਹਾਂ ਸੀ। ਦਾਜ ਦਹੇਜ ਲੈਣ ਤੇ ਪਾਬੰਦੀ ਸੀ।

15 ਅਪ੍ਰੈਲ 1861 ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਅਕਾਲ ਤਖਤ ਵੱਲੋਂ ਅਜਿਹਾ ਵਿਆਹ ਅੰਮ੍ਰਿਤਸਰ ਵਿਖੇ ਕਰਨ ਦੀ ਵਿਰੋਧਤਾ ਕੀਤੀ ਗਈ ਅਤੇ ਵਿਆਂਦੜ੍ਹ ਜੋੜੇ (ਭਾਈ ਬੂਟਾ ਸਿੰਘ ਅਤੇ ਬੀਬੀ ਮੀਰਾਂ ਦੇਵੀ) ਨੂੰ ਦਰਬਾਰ ਸਾਹਿਬ ਵਿੱਚ ਆਉਣ ਤੋਂ

[188] ਰਣਜੀਤ ਸਿੰਘ ਦੀ ਚਿਤਾ ਤੇ 4 ਰਾਣੀਆਂ ਅਤੇ ਪੰਜ ਦਾਸੀਆਂ ਸਤੀ ਹੋਈਆਂ । ਰਾਣੀ ਈਸ਼ਰ ਕੌਰ ਨੂੰ ਬ੍ਰਾਹਮਣਾਂ ਵੱਲੋਂ ਮਜਬੂਰ ਕਰ ਕੇ ਸਤੀ ਕਰਵਾਇਆ ਗਿਆ। ਪਿੱਛੋਂ ਖੜਕ ਸਿੰਘ ਦੀ ਮੌਤ ਵੇਲੇ ਵੀ ਉਸ ਦੀਆਂ ਰਾਣੀਆਂ ਸਤੀ ਹੋਈਆਂ। ਨੌਨਿਹਾਲ ਸਿੰਘ ਦੀਆਂ ਵੀ ਦੋ ਰਾਣੀਆਂ ਸਤੀ ਹੋਈਆਂ । 1843 ਵਿੱਚ ਮਹਾਰਾਜਾ ਸ਼ੇਰ ਸਿੰਘ ਦੀ ਮੌਤ ਵੇਲੇ ਫੇਰ ਸਤੀ ਦੀ ਰਸਮ ਪੂਰੀ ਕੀਤੀ ਗਈ। ਸਤੀ ਸਿੱਖ ਧਰਮ ਵਿੱਚ ਮਨ੍ਹਾਂ ਹੈ।

ਮਨਾਹੀ ਕੀਤੀ ਗਈ। ਇਹ ਵਿਆਹ ਠਾਕਰ ਦਿਆਲ ਸਿੰਘ ਦੇ ਡੇਰੇ ਵਿੱਚ ਕਰਨਾ ਪਿਆ। ਸਭ ਗੁਰਦਵਾਰਿਆਂ ਦੇ ਪੁਜਾਰੀਆਂ ਅਤੇ ਹਿੰਦੂ ਮਹੰਤਾਂ ਆਦਿਕ ਵਲੋਂ ਸਾਰੇ ਪੰਜਾਬ ਵਿੱਚ ਹਾਹਾਕਾਰ ਮਚਾ ਦਿੱਤੀ ਗਈ। ਅਜਿਹੇ ਵਿਆਹਾਂ ਵਿੱਚੋਂ ਪੈਦਾ ਹੋਏ ਬੱਚਿਆਂ ਨੂੰ ਹਰਾਮੀ ਗਰਦਾਨਿਆ ਗਿਆ। ਨਾਭੇ ਵਿੱਚ ਅਜਿਹੀ ਇੱਕ ਬਰਾਤ ਨੂੰ ਪਿੰਡ ਦੇ ਹਿੰਦੂ ਅਤੇ ਸਿੱਖਾਂ ਨੇ ਪਿੰਡ ਵਿੱਚ ਨਾ ਵੜਨ ਦਿੱਤਾ ਅਤੇ ਕੁੱਟ ਕੇ ਭਜਾ ਦਿੱਤੇ। 1909 ਵਿੱਚ Anand Marriage Act ਪਾਸ ਹੋਣ ਤੱਕ ਵੀ ਹਿੰਦੂ ਫੇਰੇ ਕਰਕੇ ਹੀ ਸਿੱਖ ਵਿਆਹ ਹੁੰਦੇ ਰਹੇ। ਅਜਿਹੇ ਵਿਰੋਧ ਦੇ ਵਾਬਜੂਦ ਵੀ ਮਹਾਰਾਜਾ ਰਿਪਦੁਮਣ ਸਿੰਘ ਨੇ ਇੰਪੀਰੀਅਲ ਲੈਜਿਸਲੇਟਿਵ ਕੌਂਸਲ ਵਿੱਚ Anand Marriage Bill ਪੇਸ਼ ਕਰ ਦਿੱਤਾ ਅਤੇ ਮਿੰਟੋ ਮਾਰਲੇ ਰੀਫਾਰਮ ਅਧੀਨ ਇਹ ਬਿਲ 30 ਅਕਤੂਬਰ 1908 ਨੂੰ ਪਾਸ ਹੋ ਕੇ 22 ਅਕਤੂਬਰ 1909 ਨੂੰ ਐਕਟ ਬਣਿਆ। [189]

ਲੜਕੀਆਂ ਨੂੰ ਜੰਮਦਿਆ ਹੀ ਮਾਰਨ ਦਾ ਰਵਾਜ ਸਾਰੇ ਭਾਰਤ ਵਿੱਚ ਹੀ ਸੀ ਪ੍ਰੰਤੂ ਗੁਰੂ ਜੀ ਨੇ ਇਸ ਦੀ ਆਪਣੇ ਸਿੱਖਾਂ ਨੂੰ ਸਖ਼ਤ ਮਨਾਹੀ ਕਰ ਦਿੱਤੀ ਸੀ। ਇਸ ਦੇ ਬਾਵਜੂਦ ਵੀ ਇਹ ਰਵਾਜ ਸਿੱਖਾਂ ਵਿੱਚ ਚਾਲੂ ਰਿਹਾ। ਹੋਰ ਤਾਂ ਹੋਰ ਮਹਾਰਾਜਾ ਰਣਜੀਤ ਸਿੰਘ ਜਿਸ ਨੇ ਇਸ ਰਸਮ ਨੂੰ ਕਾਨੂੰਨ ਬੰਦ ਕਰਨਾ ਸੀ ਆਪ ਇਸ ਰੋਗ ਦਾ ਸ਼ਿਕਾਰ ਰਿਹਾ। ਮਹਾਰਾਜੇ ਦਾ ਆਪਣਾ ਪੁੱਤਰ ਦਲੀਪ ਸਿੰਘ ਸ਼ਾਹਦੀ ਭਰਦਾ ਹੈ ਕਿ ਉਸ ਨੇ ਆਪਣੀਆਂ ਜੰਮਦੀਆਂ ਭੈਣਾਂ ਨੂੰ ਬੋਰੇ ਵਿੱਚ ਪਾਕੇ ਦਰਿਆ ਵਿੱਚ ਸੁੱਟਿਆ ਜਾਂਦਾ ਆਪ ਦੇਖਿਆ ਸੀ । [190] ਗਿਬਸਨ ਆਪਣੀ ਪੁਸਤਕ Lawrences of the Punjab ਦੇ ਪੰਨਾ 124 ਤੇ ਲਿਖਦਾ ਹੈ ਕਿ ਬੇਦੀ ਕੁੜੀਆਂ ਮਾਰਨ ਵਿੱਚ ਸਭ ਤੋਂ ਅੱਗੇ ਸਨ। ਜੌਨ ਲਾਰੈਂਸ ਨੇ ਬੇਦੀਆਂ ਦੇ ਆਗੂ ਨੂੰ ਬੁਲਾ ਕੇ ਕਿਹਾ ਕਿ ਜਾਂ ਤਾਂ ਲੜਕੀਆਂ ਮਾਰਨ ਦੇ ਵਿਰੁੱਧ ਸਿੱਖਾਂ ਨੂੰ ਹੁਕਮ ਜਾਰੀ ਕਰੇ ਨਹੀਂ ਤਾਂ ਉਸ ਦੀ ਜਾਇਦਾਦ ਜ਼ਬਤ ਕਰ ਲਈ ਜਾਵੇਗੀ। ਉਸ ਨੇ ਜਾਇਦਾਦ ਜ਼ਬਤ ਕਰਵਾ ਲਈ ਪਰ ਲੜਕੀਆਂ ਮਾਰਨ ਵਿਰੁੱਧ ਹਦਾਇਤਾਂ ਨਾ ਦਿੱਤੀਆਂ। 1849 ਦੀ ਐਡਮਨਿਸਟਰੇਸ਼ਨ ਰੀਪੋਰਟ ਅਨੁਸਾਰ ਕੁੜੀਆਂ ਇਸ ਲਈ ਮਾਰੀਆਂ ਜਾਂਦੀਆਂ ਸਨ ਕਿਉਂਕਿ ਇਨ੍ਹਾਂ ਲਈ ਦਾਜ ਤਿਆਰ ਕਰਨਾ ਪੈਂਦਾ ਸੀ। ਮੁਲਤਾਨ ਅਤੇ ਝੰਗ ਵਿੱਚ ਨੌਜਵਾਨ ਕੁੜੀਆਂ ਜੰਡ ਦੇ ਦਰਖ਼ਤ ਕੋਲ ਜਾਕੇ ਮੰਗਦੀਆਂ ਹੁੰਦੀਆਂ ਸਨ, "**ਜੰਡੀ ਦੇ ਦਰਬਾਰ ਜੋਤਾਂ ਜਗਦੀਆਂ, ਮੇਰੀ ਝੋਲੀ ਵੀਰ ਖਿਡਾ ਮੰਨਤਾਂ ਮੰਗਦੀ ਆਂ**"। ਇੱਕ ਤਰ੍ਹਾਂ ਨਾਲ ਲੜਕੀਆਂ ਦਾ ਜੰਮਣਾ ਇੱਕ ਬੋਝ ਅਤੇ ਸ਼ਰਮ ਜਿਹੀ ਵਾਲੀ ਗੱਲ ਬਣ ਗਈ ਸੀ। ਪੂਰਬੀ ਪੰਜਾਬ ਵਿੱਚ ਕਸੀਰ ਅਤੇ ਅੱਕ ਦਾ ਦੁੱਧ ਅਦਿਕ ਸੰਘ ਵਿੱਚ ਪਾਕੇ ਜੰਮਦੀ ਲੜਕੀ ਨੂੰ ਮਾਰ ਦਿੱਤਾ ਜਾਂਦਾ ਸੀ। ਕੁੱਝ ਪਿੰਡਾਂ ਵਿੱਚ ਰਸਮ ਸੀ ਕਿ ਗੁੜ ਚਟਾ ਕੇ ਇਹ ਗੀਤ ਗਾਉਣਾ ਤੇ ਸੰਘੀ ਘੁੱਟ ਦੇਣੀ, " **ਗੁੜ ਖਾਈਂ ਤੇ ਪੂਣੀ ਘੱਤੀਂ , ਆਪ ਨਾ ਆਈਂ ਵੀਰਾਂ ਨੂੰ ਘੱਤੀਂ**"। ਅਣਪੜ੍ਹਤਾ ਕਾਰਨ ਗੁਰੂ ਸਾਹਿਬਾਨ ਦੀ ਸਿੱਖਿਆ ਪਿੰਡਾਂ ਤੱਕ ਨਾ ਪਹੁੰਚ ਸਕੀ ਅਤੇ ਜਦ ਕਾਨੂੰਨ ਬਣਨ ਉਪ੍ਰੰਤ ਸ਼ਹਿਰਾਂ ਵਿੱਚ ਇਹ ਕੁਕਰਮ ਢਿੱਲਾ ਪੈ ਗਿਆ ਤਾਂ ਵੀ ਇਹ ਪਿੰਡਾਂ ਵਿੱਚ ਕਾਫੀ ਦੇਰ ਤੱਕ ਸ੍ਰੀਂਦ ਜਾ ਲੁਕ ਛਿਪ ਕੇ ਚਾਲੂ ਰਿਹਾ।

ਜਦੋਂ ਬਾਬਾ ਰਾਮ ਸਿੰਘ ਨੇ ਬੀਬੀਆਂ ਨੂੰ ਬਰਾਬਰ ਦਾ ਦਰਜਾ ਦੇ ਕੇ ਅੰਮ੍ਰਿਤ ਛਕਾਉਣਾ ਸ਼ੁਰੂ ਕੀਤਾ ਤਾਂ ਦਰਬਾਰ ਸਾਹਿਬ ਅੰਮ੍ਰਿਤਸਰ ਵਲੋਂ ਇਸ ਦੀ ਡਟ ਕੇ ਵਰੋਧਤਾ ਕੀਤੀ ਗਈ ਅਤੇ ਨਫ਼ਰਤ ਨਾਲ ਬਾਬਾ ਰਾਮ ਸਿੰਘ ਨੂੰ "ਜ਼ਨਾਨੀਆਂ ਦਾ ਕੱਛਾ" ਕਿਹਾ ਜਾਣ ਲੱਗ ਪਿਆ। ਅਜਿਹੀ ਮੁਖ਼ਾਲਫਤ ਦੇ ਬਾਵਜੂਦ ਬਾਬੂ ਤੇਜਾ ਸਿੰਘ ਨੇ 1902 ਵਿੱਚ ਚੀਫ ਖਾਲਸਾ ਦੀਵਾਨ ਅਤੇ 1907 ਵਿੱਚ ਪੰਚ ਖਾਲਸਾ ਦੀਵਾਨ ਬਣਾ ਕੇ ਲੜਕੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਸਿੰਘਣੀਆਂ ਬਣਾਉਣਾ ਆਰੰਭ ਕਰ ਦਿੱਤਾ। ਲੜਕੀਆਂ ਲਈ ਸਕੂਲ ਖੋਲ੍ਹੇ ਗਏ ਅਤੇ ਬੇਅੰਤ ਸਾਹਿਤ ਗੁਰਮਤ ਦੀ ਵਿਆਖਿਆ ਲਈ ਤਿਆਰ ਕੀਤਾ ਗਿਆ। ਕਈ ਮੁਸਲਮਾਨ ਮਰਦ ਅਤੇ ਔਰਤਾਂ ਵੀ ਅੰਮ੍ਰਿਤ ਛਕ ਕੇ ਸਿੰਘ ਸਜੇ ਪਰ ਸ਼੍ਰੋਮਣੀ ਕਮੇਟੀ ਨੇ ਬਾਬੂ ਤੇਜਾ ਸਿੰਘ ਨੂੰ ਕੁੱਝ ਵਿਸ਼ਿਆਂ ਤੇ ਸਿਧਾਂਤਕ ਵਿਰੋਧ ਕਾਰਨ ਸਿੱਖੀ ਵਿੱਚੋਂ ਖਾਰਜ ਕਰ ਦਿੱਤਾ।

ਸਿੰਘ ਸਭਾ ਲਹਿਰ ਦੇ ਆਰੰਭ ਹੋਣ ਤੋਂ ਬਾਅਦ ਅਤੇ ਭਾਈ ਕਾਨ੍ਹ ਸਿੰਘ ਨਾਭਾ ਦੀ ਪੁਸਤਕ "ਹਮ ਹਿੰਦੂ ਨਹੀਂ" (1897) ਛਪਣ ਉਪਰੰਤ ਹਾਲਾਤ ਵਿੱਚ ਸੁਧਾਰ ਆਉਣਾ ਸ਼ੁਰੂ ਹੋਇਆ। ਭਾਈ ਵੀਰ ਸਿੰਘ ਦੀਆਂ ਪੁਸਤਕਾਂ ਸੁੰਦਰੀ, ਸਤਵੰਤ ਕੌਰ ਬਿਜੈ ਸਿੰਘ ਅਤੇ ਬਾਬਾ ਨੌਧ ਸਿੰਘ ਨੇ ਕਾਫੀ ਸੁਧਾਰ ਲਿਆਂਦਾ। ਸਿੰਘ ਸਭਾ ਨੇ ਸਭ ਗੁਰਦਵਾਰਿਆਂ ਵਿੱਚੋਂ ਮੂਰਤੀਆਂ ਚੁਕਵਾ ਦਿੱਤੀਆਂ ਅਤੇ ਬੇਈਮਾਨ, ਲਚਰ ਅਤੇ ਦੁਸ਼ਟ ਹਿੰਦੂ ਪੁਜਾਰੀਆਂ ਹੱਥੋਂ ਗੁਰਦਵਾਰੇ ਆਜ਼ਾਦ ਕਰਵਾ ਲਏ ਅਤੇ ਪ੍ਰਬੰਧ ਸ਼੍ਰੋਮਣੀ ਕਮੇਟੀ ਨੂੰ ਸੰਭਾਲਿਆ। ਪਰ ਇਸ ਵਿੱਚ ਸ਼ੱਕ ਨਹੀਂ ਕਿ ਹੁਣ ਤੱਕ ਵੀ ਕਈ ਹਾਲਤਾਂ ਵਿੱਚ ਸਿੱਖ ਜਗਤ ਹਿੰਦੂ ਧਰਮ ਦੇ ਅਧੀਨ ਹੀ ਰਸਮਾਂ ਰੀਤਾਂ ਕਰੀ ਜਾ ਰਿਹਾ ਹੈ। ਸਿੱਖ ਇਸਤ੍ਰੀਆਂ, ਖਾਸ ਕਰ ਕੇ ਅਨਪੜ੍ਹ ਸਿੱਖ ਇਸਤ੍ਰੀਆਂ, ਅਜੇ ਵੀ ਹਿੰਦੂ ਰਿਵਾਜਾਂ ਤੋਂ ਵਧੇਰੇ ਪ੍ਰੇਰਤ ਹਨ ਅਤੇ ਭਾਰਤੀ ਟੀ- ਵੀ ਹਰ ਰੋਜ਼ ਇਨ੍ਹਾਂ ਰਸਮਾਂ, ਵਹਿਮਾਂ, ਪਾਖੰਡਾਂ ਨੂੰ ਦ੍ਰਿੜ੍ਹ ਕਰਵਾਉਣ ਵਿੱਚ ਪੂਰਾ ਰੋਲ ਨਿਭਾ ਰਿਹਾ ਹੈ।

[189] ਇਸ ਦੇ ਸ਼ਬਦ ਇਹ ਸਨ: "All marriages which may be, or may have been duly solemnized according to the Sikh marriage ceremony called 'Anand' shall be deemed to have been ,with effect from date of solemnization of each respectively,good and valid in law (Anand Marriage Act 1909 Article 2)

[190] "Maharaja Dalip Singh, the son of Ranjit Singh,said that he had actually seen when he was a child at Lahore,his sisters put into a sack and thrown into the river.(*Main currents of Indian History* By Majumdar and P.N. Chopra p.224)

## 11.2 ਵਿੱਦਿਆ ਦੀ ਘਾਟ

ਵਿੱਦਿਆ ਕੇਵਲ ਵਿਦਿਆਰਥੀ ਦਾ ਦਿਮਾਗ਼ ਹੀ ਰੌਸ਼ਨ ਨਹੀਂ ਕਰਦੀ, ਇਹ ਉਸ ਅੰਦਰ ਵਿਸ਼ਵਾਸ਼, ਆਰਥਕ ਆਜ਼ਾਦੀ, ਗਿਆਨ ਅਤੇ ਅਕਾਂਖਿਆ (Ambition) ਨੂੰ ਵੀ ਪ੍ਰਫੁਲਤ ਕਰਦੀ ਹੈ। ਇਨ੍ਹਾਂ ਤੋਂ ਇਲਾਵਾ ਇਹ ਰਾਜਸੀ ਸੂਝ, ਸਹਿਨਸ਼ੀਲਤਾ ਅਤੇ ਸਮਾਜ ਸੇਵਾ ਬਾਰੇ ਚੇਤੰਨਤਾ ਲਿਆਉਂਦੀ ਹੈ। ਪੜ੍ਹਿਆ ਲਿਖਿਆ ਵਿਅਕਤੀ ਸਮਾਜ ਸੇਵਕ ਬਨਣ ਦਾ ਵੀ ਯਤਨ ਕਰਦਾ ਹੈ। (**ਵਿਦਿਆ ਵੀਚਾਰੀ ਤਾਂ ਪਰਉਪਕਾਰੀ॥ (ਪੰਨਾ 356)।** ਲੜਕੀਆਂ ਦੀ ਵਿੱਦਿਆ ਬਾਰੇ ਤਾਂ ਹੁਣ ਇਹ ਅਖਾਣ ਹੀ ਬਣ ਗਿਆ ਹੈ ਕਿ, ''ਤੁਸੀਂ ਇੱਕ ਲੜਕੀ ਨੂੰ ਪੜ੍ਹਾਉਂਦੇ ਹੋ ਤਾਂ ਸਾਰੇ ਪਰਿਵਾਰ ਨੂੰ ਹੀ ਪੜ੍ਹਾ ਦਿੰਦੇ ਹੋ''।

ਸ਼ਬਦ 'ਸਿੱਖ' ਦਾ ਅਖਰੀ ਅਰਥ ਹੈ 'ਸਿੱਖਣਾ' ਜਾਂ 'ਸਿੱਖਣ ਵਾਲਾ'(ਵਿਦਿਆਰਥੀ)। ਇਸ ਲਈ ਕਿਹਾ ਜਾ ਸਕਦਾ ਹੈ ਕਿ ਸਿੱਖ ਹਮੇਸ਼ਾ ਲਈ ਵਿੱਦਿਆਰਥੀ ਹੈ ਅਤੇ ਇਸ ਨੂੰ ਹਮੇਸ਼ਾ ਆਪਣੇ ਗਿਆਨ ਵਿੱਚ ਵਾਧਾ ਕਰਦੇ ਰਹਿਣਾ ਚਾਹੀਦਾ ਹੈ। ਸਿੱਖ ਗੁਰੂ ਸਾਹਿਬਾਨ ਨੇ ਉਪਦੇਸ਼ ਦਿੱਤਾ ਕਿ ਗਿਆਨ ਸੁਤੰਤਰਤਾ ਲਿਆਉਂਦਾ ਹੈ ਅਤੇ ਸੁਤੰਤਰਤਾ ਵਿਕਾਸ ਦਾ ਰਾਹ ਪੱਧਰਾ ਕਰਦੀ ਹੈ। ਇਸ ਲਈ ਸਿੱਖ ਵਾਸਤੇ ਮਾਨਸਿੱਕ ਸ਼ੁੱਧਤਾ, ਸੁਹਜਵਾਦ, ਬੌਧਿਕਤਾ ਅਤੇ ਜੀਵਨ ਆਦ੍ਰਸ਼ ਦੀ ਸਪੱਸ਼ਟਤਾ ਲਈ ਵਿੱਦਿਆ ਪ੍ਰਾਪਤੀ ਅਤਿਅੰਤ ਜ਼ਰੂਰੀ ਹੈ। ਗੁਰੂ ਜੀ ਕਹਿੰਦੇ ਹਨ, ''**ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ (ਪੰਨਾ 340)।** ਸਿੱਖ ਲਈ ਅੱਖਰ ਬੋਧ ਪ੍ਰਾਪਤ ਕਰਨਾ ਇੱਕ ਵੱਡਾ ਫਰਜ਼ ਹੈ ਕਿਉਂਕਿ ''**ਅਖਰੀ ਨਾਮੁ ਅਖਰੀ ਸਾਲਾਹ, ਅਖਰੀ ਗਿਆਨੁ ਗੀਤ ਗੁਣ ਗਾਹ ॥ (ਪੰਨਾ4)।** ਅੱਖਰ ਬੋਧ ਬਿਨਾਂ ਦੁਨਿਆਵੀ ਅਤੇ ਅਧਿਆਤਮਿਕ ਗਿਆਨ ਦੀ ਪ੍ਰਾਪਤੀ ਅਸੰਭਵ ਹੈ। ਕੇਸਰ ਸਿੰਘ ਛਿੱਬਰ ਤਾਂ ਲਿਖਦੇ ਹਨ ਕਿ ਜੇ ਸ਼ਬਦ ਨਾਲ ਨਾ ਜੁੜੇ ਤਾਂ ਬੰਦਾ ਸਿੱਖੀ ਨਾਲੋਂ ਟੁੱਟ ਜਾਂਦਾ ਹੈ। ''**ਸ਼ਬਦੋਂ ਮੁੜੇ ਸਿੱਖੀਓਂ ਮੁੜੇ, ਭੇਖ ਸਿੱਖੀ ਦਾ ਧਰੇ'' (ਬੰਸਾਵਲੀ ਨਾਮਾ)।** ਸੋ ਸੰਸਾਰਕ ਮੁੱਢਲੀ ਵਿੱਦਿਆ ਦੇ ਨਾਲ ਨਾਲ ਸਿੱਖ ਨੂੰ ਪਵਿੱਤ੍ਰ ਸ਼ਬਦ ਵੱਲ ਧਿਆਨ ਦੇਣ ਪ੍ਰਤੀ ਵੀ ਗੁਰੂ ਜੀ ਦਾ ਸਪੱਸ਼ਟ ਹੁਕਮ ਹੈ , ''**ਸਿੱਖੀ ਸਿਖਿਆ ਗੁਰ ਵੀਚਾਰ॥ (ਪੰਨਾ 465)**। ਭਾਈ ਗੁਰਦਾਸ ਜੀ ਇਸੇ ਵੀਚਾਰ ਨੂੰ ਹੋਰ ਸਪਸ਼ਟ ਕਰਦੇ ਲਿਖਦੇ ਹਨ, ''**ਗੁਰਮੁਖ ਸ਼ਬਦ ਵੀਚਾਰ ਸੱਚ ਕਮਾਇਆ''॥ (ਵਾਰ 19.12)** ਬਦਕਿਸਮਤੀ ਨਾਲ ਸਿੱਖੀ ਦੇ ਇਸ ਪੱਖ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਗਿਆ। ਸਿੱਖ ਆਪਣੇ ਬੱਚਿਆਂ, ਖਾਸ ਕਰਕੇ ਲੜਕੀਆਂ ਨੂੰ ਕਾਫੀ ਅਰਸਾ ਵਿੱਦਿਆ ਨਹੀਂ ਦੇ ਸਕੇ ਅਤੇ ਸਿੱਖੀ ਪਰਚਾਰ ਨੂੰ ਵੀ ਕਾਫੀ ਚਿਰ ਅਣਗੌਲਿਆ ਕਰੀ ਰੱਖਿਆ। ਬੱਚੇ ਧਰਮ ਬਾਰੇ ਲੋੜੀਂਦੀ ਜਾਣਕਾਰੀ ਤੋਂ ਵਾਂਝੇ ਰਹਿੰਦੇ ਰਹੇ।

ਲੰਮੇ ਸਮੇਂ ਤੱਕ ਵਿੱਦਿਆ ਕੇਵਲ ਮਰਦਾਂ ਦੀ ਹੀ ਅਜ਼ਾਰੇਦਾਰੀ (Monopoly) ਰਹੀ ਹੈ। ਆਮ ਧਾਰਣਾ ਇਹ ਰਹੀ ਹੈ (ਕਈ ਥਾਈਂ ਅਜੇ ਵੀ ਹੈ) ਕਿ ਕੁੜੀਆਂ ਨੂੰ ਪੜ੍ਹਾਉਣਾ



ਚੰਗਾ ਨਹੀਂ। ਵਿੱਦਿਆ ਤਾਂ ਪੰਜਾਬ ਵਿੱਚ ਉਂਝ ਹੀ ਬੜੀ ਦੇਰ ਬਾਅਦ ਆਈ ਸੀ ਪਰ ਇਸ ਰੁਚੀ ਨੇ ਲੜਕੀਆਂ ਦੀ ਵਿੱਦਿਆ ਹੋਰ ਵੀ ਲੇਟ ਕਰ ਦਿੱਤੀ। ਭਾਰਤ ਦੀ ਅੰਗ੍ਰੇਜ਼ੀ ਸਰਕਾਰ ਦੀ ਨੀਤੀ ਪਹਿਲਾਂ ਭਾਰਤੀਆਂ ਨੂੰ ਅਨਪੜ੍ਹ ਰੱਖਣ ਦੀ ਸੀ। ਭਾਰਤੀਆਂ ਵਿੱਚ ਵੀ ਵਿੱਦਿਆ ਪ੍ਰਾਪਤੀ ਦੀ ਰੁਚੀ ਘੱਟ ਹੀ ਸੀ। ਇਹੀ ਕਾਰਨ ਹੈ ਕਿ ਜਦ 1849 ਵਿੱਚ ਮੈਥਿਊਨ ਨਾਂ ਦਾ ਕਾਲਜ ਖੋਲ੍ਹਿਆ ਗਿਆ ਤਾਂ ਇਸ ਵਿੱਚ ਕੇਵਲ 60 ਵਿੱਦਿਆਰਥੀ ਹੀ ਦਾਖ਼ਲ ਹੋਏ ਅਤੇ ਉਹ ਵੀ ਮੁੱਢਲੀ ਪੜ੍ਹਾਈ ਲਈ।

1850 ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਦਲੀਪ ਸਿੰਘ ਨੂੰ ਈਸਾਈ ਬਣਾ ਲਿਆ ਗਿਆ ਅਤੇ ਪੰਜਾਬ ਦੀ ਅੰਗ੍ਰੇਜ਼ੀ ਸਰਕਾਰ ਨੇ ਵਿਚਾਰ ਬਣਾਇਆ ਕਿ ਸਿੱਖਾਂ ਨੂੰ ਪੰਜਾਬੀ ਪੜ੍ਹਾਈ ਰਾਹੀਂ ਈਸਾਈ ਬਣਾਉਣਾ ਸੌਖਾ ਹੈ। ਇਸ ਮਤਲਬ ਲਈ ਉਨ੍ਹਾਂ ਨੂੰ ਨਾਦਾਨ ਮਹਾਰਾਜਾ ਦਲੀਪ ਸਿੰਘ ਦਾ ਸਹਿਯੋਗ ਮਿਲ ਗਿਆ। ਲੌਰਡ ਅਤੇ ਲੇਡੀ ਲੋਗਨ (ਜਿਨ੍ਹਾਂ ਕੋਲ਼ ਦਲੀਪ ਸਿੰਘ ਰਹਿੰਦਾ ਸੀ) ਨੇ ਦਲੀਪ ਸਿੰਘ ਤੋਂ ਇੱਕ ਵਸੀਅਤ ਉੱਪਰ ਦਸਤਖ਼ਤ ਕਰਵਾ ਲਏ। ਇਸ ਵਸੀਅਤ ਰਾਹੀਂ ਪੰਜਾਬ ਵਿੱਚਲੀ ਜਾਇਦਾਦ ਦਾ ਤੀਜਾ ਹਿਸਾ ਮਹਾਰਾਜੇ ਦੇ ਰਿਸ਼ਤੇਦਾਰ ਸ਼ਿਵਦੇਵ ਸਿੰਘ ਨੂੰ ਦਿੱਤਾ ਗਿਆ ਅਤੇ ਬਾਕੀ ਦਾ ਸਾਰਾ ਪੈਸਾ ਅਤੇ ਜਾਇਦਾਦ ਪੰਜਾਬ ਵਿੱਚ ਈਸਾਈ ਧਰਮ ਦੇ ਪਰਚਾਰ ਉੱਪਰ ਖਰਚ ਕਰਨ ਲਈ ਦਿੱਤਾ ਗਿਆ। (Read: Lady Logan's recollection,camp and court life 1916)। ਇਸ ਤਰ੍ਹਾਂ ਸਿੱਖਾਂ ਦੀਆਂ ਜੁੱਤੀਆਂ ਸਿੱਖਾਂ ਦੇ ਹੀ ਸਿਰ ਮਾਰਨ ਦੀ ਸਕੀਮ ਬਣਾ ਲਈ ਗਈ। ਦਲੀਪ ਸਿੰਘ ਮਿਸ਼ਨਰੀ ਕੰਮਾਂ ਲਈ ਅਤੇ ਈਸਾਈ ਸਕੂਲਾਂ ਲਈ ਖੁਲ੍ਹੇ ਦਿਲ ਨਾਲ ਗ੍ਰਾਂਟਾਂ ਦੇਣ ਲੱਗ ਪਿਆ। ਉਸੇ ਸਮੇਂ ਕਪੂਰਥਲੇ ਦਾ ਮਹਾਰਾਜਾ ਈਸਾਈ ਹੋ ਗਿਆ ਅਤੇ ਇਹ ਕੰਮ ਉਸ ਨੇ ਵੀ ਆਰੰਭ ਕਰ ਦਿੱਤਾ । ਉਸ ਨੇ ਕਪੂਰਥਲੇ ਵਿੱਚ ਇੱਕ ਈਸਾਈ ਮਿਸ਼ਨ ਵੀ ਚਾਲੂ ਕਰ ਦਿੱਤਾ ਅਤੇ ਉਸ ਦਾ ਭਤੀਜਾ ਕੰਵਰ ਹਾਕਮ ਸਿੰਘ ਈਸਾਈ ਬਣ ਕੇ ਇਸ ਪਾਸੇ ਤਨਦਿਹੀ ਨਾਲ ਪਰਚਾਰ ਵਿੱਚ ਜੁਟ ਗਿਆ। ਅੰਮ੍ਰਿਤਸਰ, ਲਹੌਰ,ਪਸ਼ਾਵਰ, ਕਸ਼ਮੀਰ, ਡੇਰਾ ਗ਼ਾਜ਼ੀ ਖਾਂ, ਹੈਦਰਾਬਾਦ ਅਤੇ ਕਰਾਚੀ ਵਿੱਚ ਈਸਾਈ ਮਿਸ਼ਨ ਸਕੂਲ ਖੋਲ੍ਹੇ ਗਏ। ਇੱਕ ਈਸਾਈ ਮਿਸ਼ਨ ਦਿਆਲ ਸਿੰਘ ਮਜੀਠੀਆ ਨੇ ਆਪ ਜਗਾ ਖ਼੍ਰੀਦ ਕੇ ਸ਼ੁਰੂ ਕਰਵਾ ਦਿੱਤਾ । ਅੰਮ੍ਰਿਤਸਰ ਦੇ ਮਿਸ਼ਨਰੀ ਸਕੂਲ ਨੇ ਜਦ ਆਇਆ ਸਿੰਘ, ਅਤਰ ਸਿੰਘ ਸਾਧੂ ਸਿੰਘ ਅਤੇ ਸੰਤੋਖ ਸਿੰਘ ਆਦਿਕ ਵਿੱਦਿਆਰਥੀਆਂ ਨੂੰ ਈਸਾਈ ਬਣਾਇਆ ਤਾਂ ਸਿੱਖਾਂ ਦੀਆਂ ਕੁੰਭ ਕਰਨੀ ਅੱਖਾਂ ਵੀ ਖੁਲ੍ਹੀਆਂ। ਸਿੱਖ ਪਰਚਾਰ ਵਿੱਚ ਜੁਟੇ ਅਤੇ ਛੇਤੀ ਹੀ ਇਨ੍ਹਾਂ ਚੌਹਾਂ ਵਿੱਦਿਆਰਥੀਆਂ ਨੂੰ ਮੁੜ ਸਿੱਖ ਸਜਾ ਲਿਆ ਗਿਆ।

ਡਿਪਟੀ ਕਮਿਸ਼ਨਰ ਮਿਸਟਰ ਸਾਂਡਰਜ਼ ਵਲੋਂ 1851 ਵਿੱਚ ਅੰਮ੍ਰਿਤਸਰ ਵਿੱਚ ਗੁਰਮੁਖੀ ਪੜ੍ਹਾਉਣ ਲਈ ਇੱਕ ਸਕੂਲ ਖੋਲ੍ਹਿਆ ਗਿਆ। ਇਹ ਸਕੂਲ ਦਰਬਾਰ ਸਾਹਿਬ

ਦੇ ਨੇੜੇ ਸਿੱਖ ਰਾਜ ਵੇਲੇ ਦੇ ਇੱਕ ਥਾਣੇ ਦੀ ਇਮਾਰਤ ਵਿੱਚ ਖੋਲ੍ਹਿਆ ਗਿਆ। ਇਸ ਦਾ ਹੈਡਮਾਸਟਰ ਇੱਕ ਅੰਗ੍ਰੇਜ਼ ਸੀ। ਇਸ ਸਕੂਲ ਵਿੱਚ ਦਾਖਲ ਹੋਣ ਵਾਲੇ 65% ਵਿੱਦਿਆਰਥੀ ਗ਼ੈਰ-ਸਿੱਖ ਸਨ ਜਿਨ੍ਹਾਂ ਨੂੰ ਈਸਾਈ ਪਰਚਾਰ ਲਈ ਤਿਆਰ ਕੀਤਾ ਜਾਣਾ ਸੀ। ਇਸ ਸਕੂਲ਼ ਬਾਰੇ ਸਿੱਖਾਂ ਵਿੱਚ ਬਹੁਤ ਚਰਚਾ ਛਿੜੀ ਅਤੇ ਅੰਤ 1859 ਵਿੱਚ ਸਿੱਖਾਂ ਨੇ ਇਸ ਨੂੰ ਬੰਦ ਕਰਵਾ ਕੇ ਦਮ ਲਿਆ। ਇਸ ਤੋਂ ਪਿੱਛੋਂ 1877 ਵਿੱਚ ਮਿਸਟਰ ਲਾਈਟਨਰ ਨੇ ਓਰੀਐਂਟਲ ਕਾਲਜ ਲਹੌਰ ਸ਼ੁਰੂ ਕੀਤਾ ਤੇ ਇਸ ਵਿੱਚ ਇੱਕ ਕਲਾਸ ਸ਼ੁਰੂ ਕੀਤੀ ਗਈ ਜਿਸ ਦਾ ਨਾਂ ਰੱਖਿਆ ਗਿਆ "ਭਾਈ ਕਲਾਸ"। ਇਸ ਵਿੱਚ ਸਰਕਾਰ ਦੇ ਝੋਲੀ-ਚੁੱਕ ਪੁਜਾਰੀਆਂ ਅਤੇ ਮਹੰਤਾਂ ਦੇ 17 ਲੜਕੇ ਦਾਖ਼ਲ ਕੀਤੇ ਗਏ। ਨਿਸ਼ਾਨਾ ਪੰਜਾਬੀ ਪੜ੍ਹਾਉਣਾ ਨਹੀਂ ਸੀ। ਇਸ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਪੜ੍ਹਾਈ ਸ਼ੁਰੂ ਕਰਵਾਈ ਗਈ। ਨਿਸ਼ਾਨਾ ਇਹ ਸੀ ਕਿ ਆਪਣੇ ਢੰਗ ਨਾਲ ਗੁਰਬਾਣੀ ਵਿਗਾੜ ਕੇ ਪੁਜਾਰੀ ਤਿਆਰ ਕਰਕੇ ਈਸਾਈ ਰੰਗ ਨਾਲ ਰੰਗਿਆਂ ਸਿੱਖ ਧਰਮ ਪੁਜਾਰੀਆਂ ਰਾਹੀਂ ਹੀ ਪ੍ਰਚਾਰਿਆ ਜਾਵੇ। ਸਿੱਖਾਂ ਵੱਲੋਂ ਡੇਰਿਆ ਵਿੱਚ ਗੁਰਮੁਖੀ ਦੀ ਪੜ੍ਹਾਈ ਦੇ ਪ੍ਰਬੰਧ ਕੀਤੇ ਗਏ ਪਰ ਸਰਕਾਰ ਨੇ ਧਰਮ-ਅਰਥ ਗ੍ਰਾਂਟਾਂ ਜੋ ਡੇਰਿਆਂ ਨੂੰ ਰਣਜੀਤ ਸਿੰਘ ਵੇਲੇ ਤੋਂ ਮਿਲਦੀਆਂ ਸਨ ਬੰਦ ਕਰ ਦਿੱਤੀਆਂ ਜਿਸ ਕਾਰਨ ਇਹ ਸਕੂਲ਼ ਵੀ ਬੰਦ ਹੋ ਗਏ। ਕਈ ਥਾਵਾਂ ਤੇ ਡੇਰੇ ਵੀ ਸਥਾਨਕ ਲੋਕਾਂ ਤੋਂ ਖੋਹ ਲਏ ਗਏ।

ਇਸ ਸਮੇਂ ਦੀ ਇੱਕੋ ਇੱਕ ਉੱਚ ਪੱਧਰੀ ਸੰਸਥਾ ਸਿੰਘ ਸਭਾ ਸੀ ਜੋ 1873 ਈ: ਵਿੱਚ ਸ਼ੁਰੂ ਹੋਈ ਸੀ। ਇਸ ਦੇ ਸੰਚਾਲਕ ਬਾਬਾ ਖੇਮ ਸਿੰਘ ਬੇਦੀ ਸਨ। ਭਾਵੇਂ ਉਹ ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਦਾ ਉਤਰਾਧਿਕਾਰੀ ਕਹਾਉਂਦਾ ਸੀ ਪਰ ਜਨੇਊ ਪਹਿਨਦਾ ਸੀ ਅਤੇ ਹਿੰਦੂ ਸਭਾ ਸੋਸਾਇਟੀਆਂ ਦੀ ਪ੍ਰਧਾਨਗੀ ਵੀ ਕਰਦਾ ਸੀ। ਪੜ੍ਹੇ ਲਿਖੇ ਸਿੱਖ ਉਸ ਨੂੰ ਨਫ਼ਰਤ ਕਰਦੇ ਸਨ ਪਰ ਆਮ ਤਬਕਾ, ਜਿਸ ਦੀ ਗਿਣਤੀ ਵਧੇਰੇ ਸੀ ,ਉਸ ਦੇ ਮਗਰ ਸੀ। ਜਦ ਖੁਸ਼ਕਿਸਮਤੀ ਨਾਲ ਪ੍ਰਿੰਸ ਚਾਰਲਸ ਨੇ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਖ਼ਾਲਸਾ ਯੂਨੀਵਰਸਿਟੀ ਬਣਾਉਣ ਵਿੱਚ ਰੁਚੀ ਦਿਖਾਈ ਤਾਂ ਬਾਬੇ ਦੇ ਚੇਲਿਆਂ ਨੇ ਸੋਟੇ ਚੁੱਕ ਲਏ। ਗਵਰਨਰ ਨੂੰ ਪ੍ਰਿੰਸ ਦਾ ਅੰਮ੍ਰਿਤਸਰ ਦਾ ਦੌਰਾ ਕੈਂਸਲ ਕਰਨਾ ਪਿਆ। ਸਿੱਖਾਂ ਦੇ ਇਸ ਬੇਵਕੂਫ ਰਵਈਏ ਵਿਰੁੱਧ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਮਿਸਟਰ ਵਾਦਨ ਨੇ ਵੀ ਰੋਸ ਵਜੋਂ ਅਸਤੀਫਾ ਦੇ ਦਿੱਤਾ। ਪ੍ਰਿੰਸ ਨੇ ਪੰਜਾਬ ਵਿੱਚ ਦਾਲ਼ ਨਾ ਗਲਦੀ ਦੇਖ ਕੇ ਅਲੀਗੜ੍ਹ ਮੁਸਲਿਮ ਕਾਲਜ ਨੂੰ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਬਣਾ ਦਿੱਤਾ। (ਪੂਰੀ ਜਾਣਕਾਰੀ ਲਈ ਪੜ੍ਹੋ '**ਧਰਮ ਦੇ ਨਾਂ ਤੇ**' ਪੰਨਾ 59 ਇੰਦਰ ਸਿੰਘ ਘੱਗਾ)। ਛੇਤੀ ਹੀ ਸਿੰਘ ਸਭਾ ਦਾ ਵੀ ਭੋਗ ਪੈ ਗਿਆ। ਇਸ ਦੇ ਦੋ ਟੁਕੜੇ ਹੋ ਗਏ ਸਿੰਘ ਸਭਾ ਲਹੌਰ ਅਤੇ ਸਿੰਘ ਸਭਾ ਅੰਮ੍ਰਿਤਸਰ । ਇਹ ਇੱਕ ਦੂਜੇ ਨਾਲ ਹੀ ਝਗੜਿਆਂ ਵਿੱਚ ਰੁੱਝ ਗਏ।

ਸਿੰਘ ਸਭਾ ਲਹੌਰ ਦੇ ਯਤਨਾਂ ਨਾਲ 1877 ਵਿੱਚ ਓਰੀਐਂਟਲ ਕਾਲਜ ਲਾਹੌਰ ਸ਼ੁਰੂ



ਹੋਇਆ ਅਤੇ ਪੰਜਾਬ ਦਾ ਪਹਿਲਾ ਗੁਰਮੁਖੀ ਸਕੂਲ਼ 1880 ਈ: ਨੂੰ ਲਾਹੌਰ ਵਿੱਚ ਖੋਲ੍ਹਿਆ ਗਿਆ। ਇਸ ਵੇਲੇ ਜਰਮਨ ਵਿਦਵਾਨ ਡਾਕਟਰ ਟਰੰਪ ਇੱਕੋ ਇੱਕ ਪੱਛਮੀ ਵਿਦਵਾਨ ਸੀ ਜਿਸ ਨੇ ਪੰਜਾਬੀ ਦੀ ਪੜ੍ਹਾਈ ਕਰਵਾਉਣ ਲਈ ਤਾਣ ਲਾਇਆ ਭਾਵੇਂ ਕਿ ਸਿੱਖ ਧਰਮ ਨੂੰ ਗਲਤ ਵਿਆਖਿਆ ਦੇ ਰਾਹ ਪਾਉਣ ਵਾਲਾ ਵੀ ਇਹੋ ਹੀ ਸੀ। ਹੁਣ ਪੰਜਾਬੀ ਦੀ ਪੜ੍ਹਾਈ ਸ਼ੁਰੂ ਹੋ ਗਈ ਅਤੇ ਥੋੜ੍ਹੇ ਚਿਰ ਬਾਅਦ ਪੰਜਾਬ ਵਿੱਦਿਆ ਵਿਭਾਗ ਨੇ ਵੀ ਪੰਜਾਬੀ ਦੇ ਵਿਸ਼ੇ ਦੀ ਪੜ੍ਹਾਈ ਪ੍ਰਵਾਣ ਕਰ ਲਈ।

ਸਿੱਖ ਲੜਕੀਆਂ ਲਈ ਪਹਿਲਾ ਸਕੂਲ *ਕੰਨਿਆ ਮਹਾਂਵਿਦਿਆਲਾ* ਸੀ ਜੋ ਸਰਦਾਰ ਤਖਤ ਸਿੰਘ ਅਤੇ ਉਸ ਦੀ ਪਤਨੀ ਬੀਬੀ ਹਰਨਾਮ ਕੌਰ ਨੇ 1892 ਵਿੱਚ ਫ਼ੀਰੋਜ਼ਪੁਰ ਸ਼ੁਰੂ ਕੀਤਾ। ਇਸ ਤੋਂ ਬਾਅਦ 1909 ਵਿੱਚ ਬਾਬੂ ਤੇਜਾ ਸਿੰਘ ਭਸੌੜ ਨੇ ਵਿੱਦਿਆ ਭੰਡਾਰ ਆਸ਼ਰਮ ਸ਼ੁਰੂ ਕੀਤਾ। ਛੇਤੀ ਹੀ ਬਾਅਦ 1914 ਵਿੱਚ ਸਰਦਾਰ ਨਿਹਾਲ ਸਿੰਘ (ਪਰਤਾਪ ਸਿੰਘ ਕੈਰੋਂ ਦੇ ਪਿਤਾ ਜੀ) ਨੇ ਆਪਣੇ ਪਿੰਡ ਵਿੱਚ ਭੁਜੰਗਣ ਆਸ਼੍ਰਮ ਸ਼ੁਰੂ ਕਰ ਦਿੱਤਾ। ਇਸ ਤੋਂ ਬਾਅਦ ਬਾਬਾ ਖੇਮ ਸਿੰਘ ਬੇਦੀ ਨੇ ਲਗਭਗ 50 ਸਕੂਲ ਵੱਖੋ ਵੱਖਰੇ ਥਾਵਾਂ ਤੇ ਸ਼ੁਰੂ ਕਰਵਾਏ। 5 ਮਾਰਚ 1892 ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਨੀਂਹ ਰੱਖ ਦਿੱਤੀ ਗਈ ਜਿਸ ਵਿੱਚ 1896 ਤੋਂ ਕਲਾਸਾਂ ਲੱਗਣ ਲੱਗ ਪਈਆਂ।

ਹੁਣ ਬੀਬੀਆਂ ਵੀ ਪੰਜਾਬੀ ਪੜ੍ਹਣ ਸਿੱਖਣ ਲੱਗ ਗਈਆਂ ਅਤੇ ਉਨ੍ਹਾਂ ਨੇ 1924 ਵਿੱਚ ਪਹਿਲੀ ਕਾਨਫ੍ਰੰਸ (Sikh Ladies Conference) ਕੀਤੀ ਅਤੇ ਕਈ ਰਸਾਲੇ ਪੰਜਾਬੀ ਵਿੱਚ ਸ਼ੁਰੂ ਕਰ ਦਿੱਤੇ। ਇਨ੍ਹਾਂ ਵਿੱਚੋਂ ਕੁੱਝ ਇਹ ਸਨ. ਇਸਤ੍ਰੀ ਸਤਿਸੰਗ (1904), ਪੰਜਾਬੀ ਭੈਣ (1907), ਇਸਤਰੀ ਸੁਧਾਰ ਪੱਤਰਕਾ (1914), ਭੁਜੰਗਣ (1917) ਅਤੇ ਇਸਤਰੀ ਜੀਵਣ (1923) । ਇਸ ਤਰ੍ਹਾਂ ਸਿੱਖ ਔਰਤਾਂ ਦੇ ਸੁਧਾਰ ਵਿੱਚ ਇੱਕ ਲਹਿਰ ਹੀ ਚਲ ਪਈ। ਗਿਆਨੀ ਹੀਰਾ ਸਿੰਘ ਦਰਦ ਅਤੇ ਬੀਬੀ ਇੰਦਰਜੀਤ ਕੌਰ ਵਲੋਂ ਚਲਾਏ "ਫੁਲਵਾੜੀ" ਪਰਚੇ ਨੇ ਔਰਤਾਂ ਦੀ ਜਾਗ੍ਰਤੀ ਲਈ ਬੇਹੱਦ ਸੇਵਾ ਕੀਤੀ। ਇਹ ਔਰਤਾਂ ਦੇ ਹੱਕ ਵਿੱਚ ਡਟ ਕੇ ਲਿਖਦੇ ਰਹੇ। ਇੱਕ ਵਾਰ ਇਨ੍ਹਾਂ ਲਿਖਿਆ, "**ਲਾਹਣਤ ਹੈ ਉਨ੍ਹਾਂ ਲੋਕਾਂ ਉੱਪਰ ਜਿਹੜੇ ਇਸ ਸੁਗੰਧਤ ਫੁਲਵਾੜੀ ਨੂੰ ਨਰਕ-ਦੁਆਰੀ ਆਖ ਕੇ ਨਿੰਦਦੇ ਹਨ। ਉਹ ਕਿੱਡੇ ਨਿਰਦਈ ਤੇ ਅਕ੍ਰਿਤਘਣ ਹਨ ਜਿਹੜੇ ਏਸ ਫੁਲਵਾੜੀ ਤੋਂ ਹੀ ਜੰਮਦੇ ਹਨ, ਇਸ ਦੀ ਮਿੱਠੀ ਪ੍ਰੇਮ-ਸੁਗੰਧੀ ਅਤੇ ਠੰਢੀ ਛਾਂ ਵਿੱਚ ਪਲਦੇ ਹਨ ਪਰ ਫੇਰ ਵੱਡੇ ਹੋਕੇ ਇਸੇ ਨੂੰ ਜੁੱਤੀ ਬਰਾਬਰ ਜਾਨਣ ਲਗ ਪੈਂਦੇ ਹਨ।** 1929 ਵਿੱਚ ਜਾ ਕੇ ਹੀ ਪਹਿਲੀ ਬੀਬੀ ( ਦਵਿੰਦਰ ਕੌਰ ਗਰੇਵਾਲ) ਨੇ ਪੰਜਾਬ ਯੂਨੀਵਰਸਿਟੀ ਤੋਂ ਮਨੋਵਿਗਿਆਨ ਵਿੱਚ ਐਮ-ਏ ਦੀ ਡਿਗਰੀ ਪ੍ਰਾਪਤ ਕੀਤੀ। ਲੰਮਾ ਸਮਾਂ ਅਣਗੌਲੇ ਜਾਣ ਕਰ ਕੇ ਅਜੇ ਵੀ ਕੇਵਲ 20% ਲੜਕੀਆਂ ਹੀ ਹਾਈ ਸਕੂਲ਼ ਤੱਕ ਪਹੁੰਚਦੀਆਂ ਹਨ ਅਤੇ ਉਸ ਤੋਂ ਵੀ ਘੱਟ ਯੂਨੀਵਰਸਿਟੀ ਪੁੱਜਦੀਆਂ ਹਨ।

1917 ਵਿੱਚ ਪੰਚ ਖ਼ਾਲਸਾ ਦੀਵਾਨ ਦੇ ਬਾਬੂ ਤੇਜਾ ਸਿੰਘ ਨੇ ਪੰਜਾਬ ਸਰਕਾਰ ਕੋਲ ਮੰਗ ਰੱਖੀ ਕਿ ਪੰਜਾਬੀ ਭਾਸ਼ਾ ਨੂੰ ਸਰਕਾਰੀ ਬੋਲੀ ਘੋਸ਼ਤ ਕੀਤਾ ਜਾਵੇ ਅਤੇ ਇਸ ਦੀ ਵਰਤੋਂ ਅਦਾਲਤਾਂ ਵਿੱਚ ਸ਼ੁਰੂ ਕੀਤੀ ਜਾਵੇ। ਇਸ ਮੰਗ ਦੀ ਪਰੋੜ੍ਹਤਾ ਸਿੱਖਾਂ ਵਲੋਂ ਨਾ ਹੋਣ ਕਰ ਕੇ ਇਸ ਬਾਰੇ ਸਰਕਾਰ ਚੁੱਪ ਰਹੀ।

## 11.3 ਕਾਨੂੰਨ ਵਿੱਚ ਬਰਾਬਰੀ

ਭਾਰਤ ਸਰਕਾਰ ਨੇ 1991 ਦਾ ਸਾਲ "ਬਾਲਕਾ ਵਰ੍ਹੇ" ਵਜੋਂ ਮਨਾਉਣ ਦਾ ਐਲਾਨ ਕੀਤਾ ਪਰ ਇਸ ਨਾਲ ਲੜਕੀਆਂ ਦੀ ਹਾਲਤ ਵਿੱਚ ਕੋਈ ਫਰਕ ਪਿਆ ਨਜ਼ਰ ਨਹੀਂ ਆਇਆ। ਸੰਸਦ ਵਿੱਚ ਔਰਤਾਂ ਲਈ ਰਾਖਵੀਆਂ ਸੀਟਾਂ ਦੀ ਗੱਲ ਚੱਲੀ ਤਾਂ ਵੀ ਸੰਸਦ ਦੇ ਮੈਂਬਰਾਂ ਨੇ ਬਾਰ ਬਾਰ ਅਸਫਲ ਕਰ ਦਿੱਤੀ। ਇਹ ਗੱਲ ਜ਼ਰੂਰ ਮਾਣ ਵਾਲੀ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਔਰਤਾਂ ਲਈ 30% ਸੇਵਾਵਾਂ ਰਾਖਵੀਆਂ ਕਰ ਦਿੱਤੀਆਂ ਹਨ ਅਤੇ ਲਿੰਗ ਆਧਾਰਤ ਨਾਬਰਾਬਰੀ ਦੀ ਜ਼ੋਰਦਾਰ ਨਿਖੇਧੀ ਵੀ ਕੀਤੀ ਹੈ। ਬੀਬੀ ਜਗੀਰ ਕੌਰ ਨੂੰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਪਰਧਾਨ ਬਣਾ ਕੇ ਸ਼੍ਰੋਮਣੀ ਕਮੇਟੀ ਨੇ ਹੋਰ ਵੀ ਨਾਮਣਾ ਖੱਟਿਆ ਹੈ।

ਕਾਨੂੰਨ ਅਨੁਸਾਰ ਇਸਤ੍ਰੀਆਂ ਨੂੰ "*ਕਾਨੂੰਨ ਵਿੱਚ ਬਰਾਬਰੀ*" ਅਤੇ "*ਕੰਮ ਕਾਰ ਵਿੱਚ ਬਰਾਬਰੀ*" ਦੇ ਅਧਿਕਾਰ ਪ੍ਰਾਪਤ ਹਨ ਪ੍ਰੰਤੂ ਸਮਾਜ ਦੀ ਮਾਨਸਿਕਤਾ ਵਿੱਚ ਔਰਤਾਂ ਪ੍ਰਤੀ ਪੱਖਪਾਤ ਸਮਾਪਤ ਕਰਨ ਲਈ ਅਜੇ ਹੋਰ ਬਹੁਤ ਕੁੱਝ ਕਰਨ ਦੀ ਲੋੜ ਹੈ। ਵਿੱਦਿਅਕ ਮਾਹਿਰ, ਪ੍ਰਸ਼ਾਸ਼ਕ ਅਤੇ ਧਾਰਮਿਕ ਨੇਤਾਵਾਂ ਦੇ ਰੂਪ ਵਿੱਚ ਸਾਨੂੰ ਘੱਟੋ ਘੱਟ 50% ਇਸਤ੍ਰੀਆਂ ਵੇਖਣ ਨੂੰ ਮਿਲਣੀਆਂ ਚਾਹੀਦੀਆਂ ਹਨ। ਸਿੱਖ ਗੁਰੂ ਸਾਹਿਬਾਨ ਵਲੋਂ ਦ੍ਰਿਸ਼ਟੀਗੋਚਰ ਸ਼ਾਨਦਾਰ ਆਦਰਸ਼ ਇਸਤ੍ਰੀਆਂ ਦੇ ਸੁਨਹਿਰੀ ਭਵਿੱਖ ਵਿੱਚ ਪ੍ਰਦਰਸ਼ਤ ਹੋਣਾ ਚਾਹੀਦਾ ਹੈ।

## 11.4 ਵਰਤਮਾਨ ਰੁਝਾਨ

**ਇਹ ਗੱਲ ਅਫਸੋਸਨਾਕ ਹੈ ਕਿ ਅਜੇ ਵੀ ਬਹੁਤ ਸਾਰੀਆਂ ਅਨਪੜ੍ਹ ਸਿੱਖ ਜ਼ਨਾਨੀਆਂ ਆਪਣੇ ਧਰਮ ਦੇ ਅਸੂਲਾਂ ਪ੍ਰਤੀ ਜਾਗਰੂਕ ਨਹੀਂ ਹਨ। ਇੱਕ ਅਕਾਲ ਪੁਰਖ ਦੀ ਪੂਜਾ ਕਰਨ ਦੀ ਬਜਾਏ ਉਹ ਅਨੇਕਾਂ ਦੇਵੀ ਦੇਵਤਿਆਂ ਦੀ ਪੂਜਾ ਕਰਦੀਆਂ ਹਨ ਅਤੇ ਅਖਾਉਤੀ ਸੰਤਾਂ ਨੂੰ ਮੱਥੇ ਟੇਕਣ ਭੱਜਦੀਆਂ ਹਨ। ਸਿੱਖ ਬੀਬੀਆਂ ਨੂੰ ਗੁਰਦਵਾਰੇ ਵਿੱਚ "*ਮੰਜੀ ਸਾਹਿਬ*" ਦੇ ਪਾਵੇ ਘੁੱਟਦਿਆਂ ਤਾਂ ਆਮ ਹੀ ਵੇਖਿਆ ਗਿਆ ਹੈ। ਅਨੇਕਾਂ ਨੇ ਆਪਣੇ ਨੱਕ ਅਤੇ ਕੰਨ ਵਿੰਨ੍ਹੇ ਹੋਏ ਹਨ ਅਤੇ ਵਰਤ ਰੱਖਦੀਆਂ ਹਨ ਜਿਨ੍ਹਾਂ ਦੀ ਸਿੱਖ ਧਰਮ ਵਿੱਚ ਮਨਾਹੀ ਹੈ। ਕਈਆਂ ਨੇ ਆਪਣੇ ਸਿਰ ਹੀ ਮੁਨਾ ਛੱਡੇ ਹਨ। ਕਿਸੇ ਸਮੇਂ ਕਿਸੇ ਨੂੰ "ਮੁੰਨੀ ਖੁੱਥੀ" ਕਹਿਣਾ**



**ਇੱਕ ਗਾਲ਼ ਹੁੰਦੀ ਸੀ ਪਰ ਅੱਜ ਕਲ੍ਹ "ਮੁੰਨੀ ਖੁੱਥੀ" ਫੈਸ਼ਨ ਬਣ ਗਿਆ ਹੈ। ਕਦੀ ਕਦਾਈਂ ਹੀ ਕੁੜੀਆਂ ਆਪਣਾ ਸਿਰ ਢਕਦੀਆਂ ਹਨ ਅਤੇ ਚੁੰਨੀ ਕੇਵਲ ਗੁਲੂਬੰਦ ਦੇ ਤੌਰ ਤੇ ਵਰਤੀ ਜਾਂਦੀ ਹੈ। ਕਪੜੇ ਐਸੇ ਪਹਿਨੇ ਜਾਂਦੇ ਹਨ ਜਿਨ੍ਹਾਂ ਵਿੱਚੀਂ ਸਰੀਰ ਦਾ ਹਰ ਅੰਗ ਦਿਸਦਾ ਰਹੇ। ਜੀਨ, ਟੌਪਲੈਸ,ਮਿਡੀ,ਬੈਕਲੈਸ ਅਤੇ ਬਿਨਾਂ ਬਾਹਵਾਂ ਵਾਲੀਆਂ ਸੈਕਸੀ ਡਰੈਸਾਂ ਨੇ ਸਾਊ ਸਲਵਾਰ ਕਮੀਜ਼ ਨੂੰ ਧੱਕੇ ਮਾਰ ਕੇ ਬਾਹਰ ਕੱਢ ਛੱਡਿਆ ਹੈ। ਸਲਵਾਰ ਕਮੀਜ਼ ਪਾਉਣ ਵਾਲੀਆਂ ਨੂੰ ਪਛੜੀਆਂ ਹੋਈਆਂ ਸਮਝਿਆ ਜਾਂਦਾ ਹੈ। ਸਿੱਖ ਇਸਤ੍ਰੀਆਂ ਗ਼ੈਰ-ਸਿੱਖਾਂ ਨਾਲ ਵਿਆਹ ਕਰਵਾਉਣ ਤੋਂ ਵੀ ਸੰਕੋਚ ਨਹੀਂ ਕਰਦੀਆਂ। ਡਿਸਕੋ ਅਤੇ ਨਸ਼ਿਆਂ ਦੇ ਸੇਵਨ ਨੇ ਸਿੱਖ ਧਰਮ ਦੇ ਪ੍ਰੰਪਰਾਗਤ ਵਿਹਾਰ ਦੀ ਥਾਂ ਲੈ ਲਈ ਹੈ।**

ਕਿਸੇ ਸਮੇਂ ਚਰਿਤ੍ਰ-ਹੀਣ ਸ਼ਾਸ਼ਕ ਸੁਹਣੀਆਂ ਕੁੜੀਆਂ ਨੂੰ ਆਪਣੇ ਸਾਹਮਣੇ ਨਚਾ ਕੇ ਆਪਣੀਆਂ ਕਾਮੁਕ ਪ੍ਰਵਿਰਤੀਆਂ ਉਭਾਰਦੇ ਸਨ। ਹੁਣ ਇਜ਼ਤਦਾਰ ਪਰਿਵਾਰਾਂ ਦੀਆਂ ਕੁੜੀਆਂ ਆਪ ਬੰਬਈ ਜਾ ਕੇ ਜੰਤਾ ਨੂੰ ਖ਼ੁਸ਼ ਕਰਨ ਲਈ ਅੱਧ-ਨੰਗੀਆਂ ਹੋ ਕੇ ਨੱਚਦੀਆਂ ਹਨ। ਹਰ ਸਾਲ ਔਰਤ ਦੇ ਸਰੀਰ ਦੀ ਨੁਮਾਇਸ਼ ਕਰਵਾਉਣ ਦੇ ਚਾਹਵਾਨ ਧਨਾਢ ਸੁੰਦਰਤਾ ਮੁਕਾਬਲੇ ਕਰਵਾਉਂਦੇ ਹਨ। ਪੈਸੇ ਵਾਲੀਆਂ ਅੰਤ੍ਰਰਾਸ਼ਟ੍ਰੀ ਕੰਪਨੀਆਂ ਮਿਸ ਵਰਲਡ ਮੁਕਾਬਲਿਆਂ ਦੇ ਪਰਦੇ ਵਿੱਚ ਇਸਤ੍ਰੀਆਂ ਦਾ ਸ਼ੋਸ਼ਨ ਕਰਦੀਆਂ ਹਨ। ਹੁਣ ਇਹ ਮੁਕਾਬਲੇ ਪਿੰਡ ਪੱਧਰ ਅਤੇ ਸਕੂਲਾਂ ਕਾਲਜਾਂ ਵਿੱਚ ਵੀ ਪੁੱਜ ਗਏ ਹਨ। ਮਾਡਲਿੰਗ ਇੱਕ ਹੋਰ ਨਵਾਂ ਕਿੱਤਾ ਸ਼ੁਰੂ ਹੋ ਗਿਆ ਹੈ ਜੋ ਬਹੁਤੀਆਂ ਕੁੜੀਆਂ ਨੂੰ ਆਕਰਸ਼ਿਤ ਕਰਦਾ ਹੈ। ਫਿਲਮੀ ਧਨਾਢ ਵੀ ਪਿੱਛੇ ਨਹੀਂ। ਉਹ ਕੁੜੀਆਂ ਦੇ ਗਲੈਮਰ ਦਾ ਸ਼ੋਸ਼ਨ ਕਰਕੇ ਕਰੋੜਾਂ ਰੁਪਈਆਂ ਵਿੱਚ ਖੇਡ ਰਹੇ ਹਨ। ਗਾਉਣ ਤੇ ਨੱਚਣ ਵਾਲੇ ਅਦਾਰਿਆਂ ਨੇ ਲਿੰਗਕ ਖੁੱਲਾਂ ਨੂੰ ਚਰਮ ਸੀਮਾ ਤੱਕ ਪਹੁੰਚਾ ਦਿੱਤਾ ਹੈ। ਬਹੁਤ ਘੱਟ ਕੁੜੀਆਂ ਨੂੰ ਘਰ ਦੇ ਪ੍ਰੰਪਰਾਗਤ ਕੰਮਾਂ ਬਾਰੇ ਜਾਂ ਸਹੁਰਿਆਂ ਦੇ ਘਰ ਅਪਨਾਏ ਜਾਣ ਵਾਲੇ ਨਿਯਮਾਂ ਬਾਰੇ ਜਾਣਕਾਰੀ ਹੈ। ਸਿਗਰਟਨੋਸ਼ੀ ਅਤੇ ਬਲਿਊ ਫਿਲਮਾਂ ਦੇਖਣਾ ਕੁੜੀਆਂ ਦਾ ਸ਼ੁਗਲ ਬਣਦਾ ਜਾ ਰਿਹਾ ਹੈ।

ਕੁੱਝ ਇਸਤ੍ਰੀਆਂ ਸੂਰਜ ਗ੍ਰਹਿਣ ਆਦਿਕ ਵਰਗੀਆਂ ਕੁਦਰਤੀ ਖੇਡਾਂ ਨੂੰ ਬਹੁਤ ਵੱਡਾ ਭਾਰ ਜਾਂ ਖ਼ਤਰਾ ਸਮਝਦੀਆਂ ਹਨ। ਅਨੇਕਾਂ ਅਜੇ ਵੀ ਬ੍ਰਾਹਮਣਾ ਨੂੰ ਜਾਂ ਉਨ੍ਹਾਂ ਰਾਹੀਂ ਆਪਣੇ ਪੂਰਵਜਾਂ ਨੂੰ ਭੋਜਨ ਭੇਜਦੀਆਂ ਹਨ। ਏਕਾਦਸ਼ੀ, ਪੂਰਨਮਾਸੀ ਆਦਿਕ ਤੇ ਪੂਜਾ ਤਾਂ ਬਹੁਤੇ ਸੰਤਾਂ ਨੇ ਹਲਵਾ ਮਾਂਡਾ ਚਲਾਉਣ ਲਈ ਪੱਕੀ ਤਰ੍ਹਾਂ ਹੀ ਚਾਲੂ ਕਰ ਦਿੱਤੀ ਹੋਈ ਹੈ। ਕਈ ਇਸਤ੍ਰੀਆਂ ਕਿਸੇ ਦੇ ਨਿੱਛ ਮਾਰਨ ਜਾਂ ਬਿੱਲੀ ਦੇ ਅਗਿਓਂ ਲੰਘ ਜਾਣ ਤੇ ਘਰੋਂ ਬਾਹਰ ਨਹੀਂ ਨਿੱਕਲਦੀਆਂ। ਕਈ ਹਫਤੇ ਦੇ ਕੁੱਝ ਦਿਨਾਂ ਨੂੰ ਚੰਗਾ ਜਾਂ ਮਾੜਾ ਸਮਝਦੀਆਂ ਹਨ। ਜਦ ਤੱਕ ਸਿੱਖਾਂ ਵਿੱਚ ਉਪ੍ਰੋਕਤ ਸਭ ਕੁੱਝ ਹੁੰਦਾ ਰਹੇਗਾ ਸਿੱਖੀ ਪ੍ਰਫੁਲਤ ਨਹੀਂ ਹੋ ਸਕੇ ਗੀ।

## 11.5 ਪਰਿਵਰਤਨ ਦੀ ਹਵਾ

ਸਿੰਘ ਸਭਾ, ਭਾਈ ਕਾਨ੍ਹ ਸਿੰਘ, ਭਾਈ ਵੀਰ ਸਿੰਘ ਅਤੇ ਪ੍ਰੋ: ਗੁਰਮੁਖ ਸਿੰਘ ਵਰਗੇ ਗੁਰਸਿੱਖਾਂ ਵਲੋਂ ਪੈਦਾ ਕੀਤਾ ਗਿਆ ਸੰਵੇਗ (Momentum) ਪੂਰੀ ਤਰ੍ਹਾਂ ਠੰਢਾ ਨਹੀਂ ਹੋਇਆ। ਇਸ ਨੇ ਅੱਜ ਵੀ ਕਈ ਅਸਾਧਾਰਨ ਬੀਬੀਆਂ ਪੈਦਾ ਕਰ ਦਿੱਤੀਆਂ ਹਨ ਜਿਨ੍ਹਾਂ ਨੇ ਸਿੱਖ ਇਸਤ੍ਰੀਆਂ ਦੇ ਉੱਥਾਨ ਲਈ ਬਹੁਤ ਚੰਗਾ ਕੰਮ ਕੀਤਾ ਹੈ। ਜਦੋਂ ਸਿੱਧਵਾਂ ਖੁਰਦ ਦੀ ਬੀਬੀ ਹਰਪ੍ਰਕਾਸ਼ ਕੌਰ (1903-1965) ਦੇ ਪਤੀ ਦੀ 1922 ਈ: ਵਿੱਚ ਮੌਤ ਹੋ ਗਈ ਤਾਂ ਉਸ ਨੇ ਆਪਣਾ ਸਾਰਾ ਧਿਆਨ ਵਿੱਦਿਆ ਵੱਲ ਲਾ ਦਿੱਤਾ। ਇੱਕ ਛੋਟੇ ਜਿਹੇ ਸਕੂਲ ਤੋਂ ਸ਼ੁਰੂ ਕਰਕੇ ਉਸ ਨੇ ਲੜਕੀਆਂ ਲਈ ਇੱਕ ਆਰਟਸ ਕਾਲਜ ਅਤੇ ਅਧਿਆਪਕ ਟਰੇਨਿੰਗ ਕਾਲਜ ਤੱਕ ਉਸਾਰ ਦਿੱਤੇ। 1957 ਤੋਂ 1962 ਤੱਕ ਉਹ ਪੰਜਾਬ ਵਿਧਾਨ ਸਭਾ ਲਈ ਵਿਧਾਇੱਕ ਰਹੇ। ਇਸੇ ਸਮੇਂ ਉਨ੍ਹਾਂ ਨੇ ਸੋਸ਼ਲ ਵੈਲਫੇਅਰ ਬੋਰਡ ਅਤੇ ਇਸਤ੍ਰੀ ਮੰਤ੍ਰੀਮੰਡਲ ਵਿੱਚ ਆਪਣੀ ਨਿੱਘੀ ਥਾਂ ਬਣਾ ਲਈ। 1958 ਵਿੱਚ ਉਹ ਰੂਸ ਵਿੱਚ ਹੋਈ ਸ਼ਾਂਤੀ ਕਾਨਫ੍ਰੰਸ ਲਈ ਭਾਰਤ ਦੇ ਪ੍ਰਤੀਨਿਧੀ ਬਣ ਕੇ ਗਏ । ਪਦਮ ਸ਼੍ਰੀ ਦਾ ਪ੍ਰਤਿਸ਼ਟਤ ਪਦਕ ਲੈਣ ਵਾਲ਼ੀ ਉਹ ਪਹਿਲੀ ਇਸਤ੍ਰੀ ਸੀ।

ਇਹ ਉਤਸਾਹ ਭਰਪੂਰ ਗੱਲ ਹੈ ਕਿ ਹੁਣ ਹੋਰ ਬਹੁਤ ਸਾਰੀਆ ਬੀਬੀਆਂ ਉਨ੍ਹਾਂ ਦੇ ਪਦ- ਚਿੰਨ੍ਹਾਂ ਤੇ ਚੱਲ ਕੇ ਨਾਮਣਾ ਖੱਟ ਰਹੀਆਂ ਹਨ ਅਤੇ ਵੱਖ ਵੱਖ ਖੇਤਰਾਂ ਵਿੱਚ ਕੰਮ ਕਰ ਰਹੀਆ ਹਨ। ਉਹ ਕਵੀ, ਰਾਜਸੀ ਨੇਤਾ, ਪੇਂਟਰ, ਵਿੱਦਿਅਕ ਮਾਹਰ, ਪ੍ਰਸ਼ਾਸ਼ਕ, ਡਾਕਟਰ, ਵਕੀਲ ਅਧਿਆਪਕ ਅਤੇ ਪੱਤ੍ਰਕਾਰ ਦੇ ਤੌਰ ਤੇ ਆਪਣਾ ਥਾਂ ਬਣਾ ਰਹੀਆਂ ਹਨ।

ਅੰਮ੍ਰਿਤਾ ਸ਼ੇਰਗਿਲ ਨੇ ਆਪਣੀਆਂ ਕਲਾ-ਕਿਰਤਾਂ ਵਿੱਚ ਗੂੜ੍ਹੇ ਰੰਗ ਭਰੇ ਜਿਨ੍ਹਾਂ ਨੂੰ ਹੁਣ ਫੂਲਾਂ ਰਾਣੀ ਹੋਰ ਨਿਖਾਰ ਰਹੀ ਹੈ। ਕਵਿਤਾ ਵਿੱਚ ਅਤੇ ਉਪਨਿਆਸ ਦੇ ਖੇਤਰ ਵਿੱਚ ਅੰਮ੍ਰਿਤਾ ਪ੍ਰੀਤਮ ਨੇ ਨਾਮਣਾ ਖੱਟਿਆ ਹੈ। ਉਸ ਨੇ 24 ਉਪਨਿਆਸ, 15 ਕਹਾਣੀਆਂ ਦੀਆਂ ਪੁਸਤਕਾਂ ਅਤੇ 23 ਕਵਿਤਾ ਦੀਆਂ ਪੁਸਤਕਾਂ ਲਿਖ ਕੇ ਸਾਹਿਤਕ ਜਗਤ ਨੂੰ ਮਾਲਾ ਮਾਲ ਕਰ ਦਿੱਤਾ ਹੈ। ਉਨ੍ਹਾਂ ਦੇ ਚਲਾਣੇ ਤੇ ਭਾਰਤ ਦੇ ਰਾਸ਼ਟਰਪਤੀ ਨੇ ਵੀ ਅਫਸੋਸ ਜ਼ਾਹਰ ਕੀਤਾ ।[191] ਉਹ ਰਾਜ ਸਭਾ ਦੀ ਮੈਂਬਰ ਵੀ ਰਹੀ ਅਤੇ ਉਸ ਨੇ ਪਦਮ ਸ਼੍ਰੀ ਦਾ ਪਦਕ ਵੀ ਪ੍ਰਾਪਤ ਕੀਤਾ। ਉਸ ਦਾ ਨਾਵਲ "ਪਿੰਜਰ" ਫ੍ਰਾਂਸੀਸੀ ਭਾਸ਼ਾ ਵਿੱਚ ਅਨੁਵਾਦ ਹੋਇਆ ਤਾਂ ਬਹੁਤ ਪਸੰਦ ਕੀਤਾ ਗਿਆ। ਛੇਤੀ ਹੀ ਉਸਦੀ ਫਿ਼ਲਮ ਵੀ ਬਣਾ ਲਈ ਗਈ।

[191] "In her passing away, we have lost a visionary who could see future societal trends reflected in her writings and poetry. Her writings often reflected her views on women's emancipation and gender discrimination. In her writings and poetry we find seeds of stable society in which women are empowered as equal partners in society."(Dr. Abdul Kalam 31.10.2005)



ਨਿਆਸਰਿਆ ਨੂੰ ਆਸਰਾ ਦੇਣ ਵਿੱਚ ਬੀਬੀ ਅਮਰਜੀਤ ਕੌਰ (ਸ਼ਹੀਦ ਸਰਦਾਰ ਫੌਜਾ ਸਿੰਘ ਦੀ ਪਤਨੀ) ਨੇ ਮਸੀਹਾ ਬਣ ਕੇ ਕੰਮ ਕੀਤਾ ਹੈ। ਅੰਤ੍ਰਰਾਸ਼ਟ੍ਰੀ ਕੁਦਰਤੀ ਕ੍ਰੋਪੀਆਂ ਦੇ ਪੀੜਤਾਂ ਦੀ ਸੇਵਾ ਬਰਮਿੰਘਮ ਦੀ ਬੀਬੀ ਬਲਵੰਤ ਕੌਰ ਨੇ ਪੂਰੇ ਦਿਲ ਨਾਲ ਕੀਤੀ ਹੈ। ਭਗਤ ਪੂਰਨ ਸਿੰਘ ਦੀ ਮੌਤ ਤੋਂ ਬਾਅਦ ਅੰਮ੍ਰਿਤਸਰ ਦੇ ਪਿੰਗਲਵਾੜੇ ਦੀ ਸੰਭਾਲ ਬੀਬੀ ਡਾ: ਇੰਦਰਜੀਤ ਕੌਰ ਕਰ ਰਹੀ ਹੈ। ਇਸੇ ਤਰ੍ਹਾਂ ਭਾਈ ਘਨਈਆ ਲਹਿਰ ਦੀ ਬੀਬੀ ਪ੍ਰਕਾਸ਼ ਕੌਰ ਨਿਸ਼ਕਾਮ ਸੇਵਾ ਵਿੱਚ ਮੱਲਾਂ ਮਾਰ ਰਹੀ ਹੈ। ਜੰਮਦੀਆਂ ਹੀ ਸੁੱਟੀਆਂ ਹੋਈਆਂ ਬੱਚੀਆਂ ਨੂੰ ਰੂੜੀਆਂ ਟੋਭਿਆਂ ਆਦਿਕ ਤੋਂ ਬਚਾ ਕੇ ਪਾਲਣਾ ਪੋਸਣਾ ਕਰਨ ਦਾ ਅਦੁੱਤੀ ਕੰਮ ਜਲੰਧਰ ਦੀ ਬੀਬੀ ਪ੍ਰਕਾਸ਼ ਕੌਰ ਕਰ ਰਹੇ ਹਨ ਜਿਨ੍ਹਾਂ ਨੇ ਅਜਿਹੀਆਂ ਬੱਚੀਆਂ ਲਈ Unique Home ਨਾਂ ਦੀ ਸੰਸਥਾ ਸਾਥਪਤ ਕੀਤੀ ਹੋਈ ਹੈ।

ਮਾਈ ਭਾਗੋ ਬ੍ਰੀਗੇਡ ਦੇ ਮੁਖੀ ਡਾ: ਕੁਲਵੰਤ ਕੌਰ ਮਾਈ ਭਾਗੋ ਦੀ ਸਮਰਪਣ ਦੀ ਭਾਵਨਾ ਅਤੇ ਸਿੱਖੀ ਨੂੰ ਮੁੜ ਜਾਗ੍ਰਿਤ ਕਰਨ ਵਿੱਚ ਸਰਗਰਮੀ ਨਾਲ ਰੁੱਝੇ ਹੋਏ ਹਨ। ਡਾ: ਬੀਬੀ ਮੁਹਿੰਦਰ ਕੌਰ ਦੀ ਸਿੱਖ ਧਰਮ ਸ਼ਾਸ਼ਤਰ ਨੂੰ ਦੇਣ ਦੀ ਜਿੰਨੀ ਪ੍ਰਸ਼ੰਸ਼ਾ ਕੀਤੀ ਜਾਵੇ ਥੋੜ੍ਹੀ ਹੈ। ਡਾ: ਉਪਿੰਦਰਜੀਤ ਕੌਰ ਨੇ ਸਿੱਖੀ ਅਤੇ ਆਰਥਿਕ ਵਿਕਾਸ ਬਾਰੇ ਨਵੀਨ ਅਤੇ ਅਨੂਠੇ ਵਿੱਚਾਰ ਪਰਗਟ ਕੀਤੇ ਹਨ। ਗੁਰਮਤ ਵਿੱਦਿਆ ਦੀ ਮਹਾਨਤਾ ਨੂੰ ਪ੍ਰਚਾਰਨ ਲਈ ਬੀਬੀ ਮਦਨਜੀਤ ਕੌਰ ਅਤੇ ਮੋਹਾਲੀ ਦੀ ਡਾ: ਕੁਲਦੀਪ ਕੌਰ ਦਾ ਯੋਗਦਾਨ ਬੇਹੱਦ ਮਹੱਤਵਪੂਰਣ ਹੈ। ਇੰਗਲ਼ੈਂਡ ਵਿੱਚ ਸਿੱਖੀ ਦਾ ਪਰਚਾਰ ਕਰਨ ਵਿੱਚ ਸਿੱਖ ਨਾਰੀ ਮੰਚ ਦੀ ਮੁਖੀ ਬੀਬੀ ਗੁਰਦੇਵ ਕੌਰ ਦਾ ਕੋਈ ਸਾਨੀ ਨਹੀਂ । ਮਨੋਵਿਗਿਆਨ ਦੇ ਖੇਤਰ ਵਿੱਚ ਬੀਬੀ ਕੈਲਾਸ਼ ਪੁਰੀ ਜੀ ਨੇ ਇੰਗਲੈਂਡ ਵਿੱਚ ਮੱਲਾਂ ਮਾਰੀਆਂ ਹਨ।

ਸਿੱਖ ਲੜਕੀਆਂ ਖੇਡਾਂ ਵਿੱਚ ਵੀ ਪੂਰੀ ਦਿਲਚਸਪੀ ਲੈ ਰਹੀਆਂ ਹਨ। ਬੀਬੀ ਬਚਨ ਕੌਰ ਗਿੱਲ ਆਇਰਲੈਂਡ ਦੇ ਨੈਸ਼ਨਲ ਆਰਚਰੀ ਬੋਰਡ ਦੀ ਮੈਂਬਰ ਹੈ ਅਤੇ ਸੰਸਾਰ ਪੱਧਰ ਦੇ ਮੁਕਾਬਲਿਆਂ ਵਿੱਚ ਭਾਗ ਲੈਂਦੀ ਹੈ। ਸਿੱਖ ਬੀਬੀਆਂ ਦੀਆਂ ਪ੍ਰਾਪਤੀਆਂ ਅਤੇ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਤੇ ਰੌਸ਼ਨੀ ਪਾਉਣ ਲਈ ਟਰੰਟੋ ਤੋਂ ਬੀਬੀ ਰੋਮਾ ਕੌਰ, ਦਲਜੀਤ ਕੌਰ ਅਤੇ ਇਸ਼ਨਾਨ ਕੌਰ ਨੇ ਰਲ ਕੇ ਇੱਕ ਦੋ ਭਾਸ਼ੀ ਮੈਗਜ਼ੀਨ "ਕੌਰ" ਸ਼ੁਰੂ ਕੀਤਾ ਹੈ। ਇਸ ਤੋਂ ਇਲਾਵਾ ਕਈ ਹੋਰ ਬੀਬੀਆਂ ਹੋਰ ਖੇਤਰਾਂ ਵਿੱਚ ਸਰਗਰਮੀ ਨਾਲ ਕੰਮ ਕਰ ਰਹੀਆਂ ਹਨ। ਫਿਰ ਵੀ ਸਿੱਖ ਬੀਬੀਆਂ ਦੀ ਗਿਣਤੀ ਅਨੁਸਾਰ ਬਹੁਤੀਆਂ ਸੰਸਥਾਵਾਂ ਨਹੀਂ ਹਨ। ਭਾਵੇਂ ਕੁੱਝ ਬੀਬੀਆਂ ਆਪਣੇ ਆਪ ਬੜੀ ਮਿਹਨਤ ਕਰ ਰਹੀਆਂ ਹਨ ਪਰ ਨਿੱਗਰ ਪ੍ਰਾਪਤੀ ਲਈ ਸਰਗਰਮ ਸੰਸਥਾਵਾਂ ਦੀ ਸਥਾਪਤੀ ਬਹੁਤ ਜ਼ਰੂਰੀ ਹੈ। ਉਤਸਾਹ ਦੀ ਘਾਟ, ਡਰੂ ਸੁਭਾ ਅਤੇ ਘੌਲ ਨੇ ਸਿੱਖ ਔਰਤਾਂ ਨੂੰ ਪਛੜਿਆਂ ਰੱਖਿਆ ਹੈ। ਆਸ ਕੀਤੀ ਜਾ ਸਕਦੀ ਹੈ ਕਿ ਸਿੱਖ ਔਰਤਾਂ ਨਾਬਰਾਬਰੀਆਂ ਉੱਪਰ ਜਿੱਤ ਪ੍ਰਾਪਤ ਕਰਨਗੀਆਂ, ਆਪਣੇ ਆਪ ਨੂੰ

ਸੰਗਠਤ ਕਰਨਗੀਆਂ ਅਤੇ ਗੁਰੂ ਸਾਹਿਬਾਨ ਵਲੋਂ ਬਖ਼ਸ਼ੇ ਹੱਕਾਂ ਦੀ ਡੱਟ ਕੇ ਮੰਗ ਕਰਨਗੀਆਂ। ਸਿਰਫ ਆਪਣੀ ਹਿੰਮਤ ਨਾਲ ਪ੍ਰਾਪਤ ਕੀਤਾ ਮਾਣ ਸਨਮਾਨ ਹੀ ਉਨ੍ਹਾਂ ਲਈ ਖਾਲਸੇ ਦੀ ਅਧਿਆਤਮਿਕ, ਬਹਾਦਰ ਅਤੇ ਅਕਲਮੰਦ ਮੈਂਬਰ ਬਣਨ ਵਿੱਚ ਸਹਾਇਕ ਹੋ ਸਕਦਾ ਹੈ। ਸਮੁੱਚੀ ਸਿੱਖ ਕੌਮ ਨੂੰ ਵੀ ਆਪਣੇ ਅੰਦਰ ਇੱਕ ਅੰਤਰਝਾਤ ਮਾਰ ਕੇ ਨਿਸ਼ਚਿਤ ਕਰ ਲੈਣਾ ਚਾਹੀਦਾ ਹੈ ਕਿ ਕੀ ਅਸੀਂ ਕੌਮੀ ਪੱਧਰ ਤੇ ਸਿੱਖ ਅਸੂਲਾਂ ਅਨੁਸਾਰ ਆਪਣੀਆਂ ਧੀਆਂ ਭੈਣਾ ਨੂੰ ਪੂਰਣ ਅਧਿਕਾਰ ਦੇ ਦਿੱਤੇ ਹੋਏ ਹਨ। ਕਿਧਰੇ ਪਿਦਰਮ ਸੁਲਤਾਨ (ਮੇਰਾ ਬਾਪੂ ਬਾਦਸ਼ਾਹ ਹੁੰਦਾ ਸੀ) ਵਾਲੀ ਗੱਲ ਤਾਂ ਨਹੀਂ ?



# Appendix

ਕਿਸੇ ਦੇਸ਼ ਦੇ ਲੋਕ ਗੀਤ ਉਸ ਦੇਸ਼ ਦਾ ਅਣਲਿਖਿਆ ਇਤਿਹਾਸ ਹੁੰਦੇ ਹਨ । ਹੇਠ ਲਿਖੇ ਕੁੱਝ ਲੋਕ ਗੀਤ ਗੁਰੂ ਜੀ ਦੇ ਸਮੇਂ ਤੋਂ 19ਵੀਂ ਸਦੀ ਤਕ ਦੇ ਪੰਜਾਬ ਦਾ ਇਤਿਹਾਸ ਦਸਦੇ ਹਨ। ਪਾਠਕ ਇਨ੍ਹਾਂ ਗੀਤਾਂ ਤੋਂ ਅੰਦਾਜ਼ਾ ਲਾ ਸਕਣਗੇ ਕਿ ਸਾਡੀਆਂ ਧੀਆਂ ਭੈਣਾਂ ਨੇ ਕਿੰਨੇ ਅਤੇ ਕਿਹੋ ਜਿਹੇ ਦੁੱਖ ਸਹਾਰੇ ਜਦ ਕਿ ਉਨ੍ਹਾਂ ਦੇ ਪੁੱਤਰ ਅਤੇ ਪਤੀ ਜੰਗਲਾਂ ਬੀਆਬਾਨਾਂ ਵਿੱਚ ਸੱਪਾਂ ਦੀਆਂ ਸਿਰੀਆਂ ਮਿੱਧਦੇ ਜਾਨਾਂ ਵਾਰ ਰਹੇ ਸਨ ਅਤੇ ਮਹੀਨਿਆਂ ਬੱਧੀ ਘਰ ਨਹੀਂ ਸਨ ਆਉਂਦੇ । ਅਫ਼ਸੋਸ ਹੈ ਕਿ ਇਹ ਅਤੇ ਇਹੋ ਜਿਹੇ ਹੋਰ ਗੀਤ ਸਾਡੀ ਬੇ-ਧਿਆਨੀ ਦਾ ਸ਼ਿਕਾਰ ਹੋ ਕੇ ਵਿਸਰਦੇ ਜਾ ਰਹੇ ਹਨ । (ਦੇਖੋ ਪੁਸਤਕ ਦੀ ਮੱਦ 5.10)

1 ਕਿੱਥੇ ਤੂੰ ਘੋੜਾ ਬੀੜਿਆ ਸਿੰਘ ਜੀ, ਕਿੱਥੇ ਦੀ ਆ ਗਈ ਵੇ ਮੁਹਿੰਮ?
ਉੱਚੇ ਨੂੰ ਘੋੜਾ ਬੀੜਿਆ ਨੀਂ ਨਾਜ਼ੋ,ਮਨਾਂ ਦੀਆਂ ਮਨ ਵੇ ਰਹੀਆਂ ॥
ਅੰਦਰੋਂ ਤਾਂ ਕੱਢ ਦੇ ਮੇਰੇ ਕੱਪੜੇ ਨੀ ਨਾਜ਼ੋ ਗੋਰੀਏ,
ਕਿੱਲਿਓਂ ਤਾਂ ਲਾਹ ਦੇ ਨੀ ਕਿਰਪਾਨ, ਮਨਾਂ ਦੀਆਂ ਮਨ ਵੇ ਰਹੀਆਂ॥
ਅੰਦਰੋਂ ਨਾਂ ਦੇਵਾਂ ਤੇਰੇ ਕੱਪੜੇ ਵੇ ਸਿੰਘਾ ਵੈਰੀਆ
ਕਿੱਲਿਓਂ ਨਾ ਲਾਹਾਂਗੀ ਕਿਰਪਾਨ, ਮਨਾਂ ਦੀਆਂ ਮਨ ਵੇ ਰਹੀਆਂ ॥
ਦੇ ਦੇ ਨੀ ਦੇ ਦੇ ਮੇਰੇ ਕੱਪੜੇ ਨਾਜ਼ੋ ਗੋਰੀਏ,
ਇਹੋ ਹੈ ਸਾਡਾ ਦਸਤੂਰ ਮਨਾਂ ਦੀਆਂ ਮਨ ਵੇ ਰਹੀਆਂ ॥

2 ਕੀਹਨੇ ਭੈਣੇ ਸੁਣਿਆਂ ਤੇ ਕੀਹਨੇ ਆਣ ਸੁਣਾਇਆ
ਕੀਹਦਾ ਤਾਂ ਰਾਂਝਾ ਸਿੰਘ ਪੱਤਣਾਂ ਤੇ ਆਇਆ ॥ ਬੇ ਹੇ
ਭਾਬੋ ਦਾ ਰਾਂਝਾ ਸਿੰਘ ਪੱਤਣਾਂ ਤੇ ਆਇਆ
ਚਾਂਦੀ ਦੀ ਬੇੜੀ ਸੋਨੇ ਵੰਝ ਗਡਾਇਆ ॥ ਬੇ ਹੇ
ਪੱਟ ਦੀਆਂ ਲਾਸਾਂ ਨੇ ਸਿੰਘ ਲੰਘਾਇਆ
ਬੇੜੀ ਤੋਂ ਚੱਲ ਸਿੰਘ ਬਾਗੇ ਵਿੱਚ ਆਇਆ ॥ ਬੇ ਹੇ
ਮੰਗਿਆ ਸੀ ਨਿੰਬੂ ਅਸਾਂ ਅੰਬ ਚੁਪਾਇਆ
ਮੰਗਿਆ ਜਾਂ ਪਾਣੀ ਅਸਾਂ ਦੁੱਧ ਪਿਲਾਇਆ ॥ ਬੇ ਹੇ
ਬਾਗੇ ਤੋਂ ਤੁਰਿਆ ਮਾਹੀ ਮਹਿਲਾਂ ਨੂੰ ਆਇਆ
ਮੰਗਿਆ ਸੀ ਮੂੜ੍ਹਾ ਅਸਾਂ ਪਲੰਗ ਵਿੱਛਾਇਆ, ਸੀਨੇ ਨਾਲ ਲਾਇਆ ॥ ਬੇ ਹੇ

3 ਆਪ ਤਾਂ ਚੱਲਿਆਂ ਮਾਹੀ ਸਾਨੂੰ ਲਾ ਝੋਰਾ ਵੇ
ਕਿਤ ਵਿਧ ਕਟੂੰ ਮੈਂ ਬਾਲ ਵਰੇਸ ॥ ਬੇ ਹੇ
ਨਿੱਕਾ ਨਿੱਕਾ ਕੱਤਣਾ ਮਿੱਠਾ ਮਿੱਠਾ ਬੋਲਣਾ
ਰੋ ਰੋ ਕੱਟਣੀ ਮੈਂ ਬਾਲ ਵਰੇਸ ॥ ਬੇ ਹੇ
ਸੱਸ ਨੂੰ ਮਾਂ ਤੇ ਸਹੁਰੇ ਨੂੰ ਪੇ ਸਮਝੀਂ ਨੀਂ ਨਾਜ਼ੋ ਗੋਰੀਏ
ਹੱਸ ਹੱਸ ਕੱਟੀ ਤੂੰ ਬਾਲ ਵਰੇਸ ॥ ਬੇ ਹੇ
ਸੱਸ ਬਣੇ ਮਾਂ ਨਾਂ, ਸਹੁਰਾ ਬਣੇ ਪਿਉ ਨਾਂ ਵੇ ਸਿੰਘਾ ਵੈਰੀਆ
ਰੋ ਰੋ ਕੱਟਣੀ ਮੈ ਬਾਲ ਵਰੇਸ ॥ ਬੇ ਹੇ
ਨਣਦ ਨੂੰ ਭੈਣ ਸਮਝੀਂ ਦੇਵਰ ਨੂੰ ਵੀਰ ਨੀ ਨਾਜ਼ੋ ਗੋਰੀਏ,
ਯਾਦ ਕਰ ਕਰ ਮੈਨੂੰ ਕੱਟੀਂ ਤੂੰ ਬਾਲ ਵਰੇਸ ॥ ਬੇ ਹੇ
ਨਣਦਾਂ ਨਾਂ ਭੈਣਾਂ ਬਣਨ ਦੇਵਰ ਨਾਂ ਵੀਰ ਬਣਦੇ ਵੇ ਸਿੰਘਾ ਵੇਰੀਆ
ਗੁਰੂ ਗੁਰੂ ਕਰ ਕੱਟੂੰ ਮੈਂ ਬਾਲ ਵਰੇਸ ॥ ਬੇ ਹੇ
4 ਆਇਆ ਸੀ ਰਾਤੀਂ ਚੜ੍ਹ ਸੌਂ ਗਿਆ ਸਬਾਤੀਂ ਵੇ
ਸਾਂਝੀਆਂ ਨਾ ਕੀਤੀਆਂ ਚੰਨਾ ਦਿਲ ਦੀਆਂ ਬਾਤੀਂ ਵੇ ॥ ਬੇ ਹੇ
ਆਇਆਂ ਮੂੰਹ ਹਨੇਰ੍ਹੇ ਤੁਰ ਚੱਲਿਆਂ ਸਵੇਰੇ
ਕੀ ਹਨ ਔਗਣ ਮੇਰੇ ਸਿੰਘਾ ਦੱਸ ਕੇ ਤਾਂ ਜਾਈਂ ॥ ਬੇ ਹੇ
ਔਗਣ ਤਾਂ ਵਿੱਚ ਤੇਰੇ ਗੋਰੀਏ ਬਥੇਰੇ ਨੀ
ਮੇਰੇ ਮਗਰੋਂ ਸੁਰਮਾ ਕਿਉਂ ਪਾਇਆ ਨੀਂ ਨਾਜ਼ੋ ਗੋਰੀਏ ॥ ਬੇ ਹੇ
ਸੱਤ ਸਲਾਈਆਂ ਤੇਰੀ ਭੈਣ ਨੇ ਪਾਈਆਂ ਵੇ
ਸੱਤ ਸਲਾਈਆਂ ਤੇਰੀ ਭਾਬੋ ਨੇ ਵੇ ਵਹਿਮੀ ਢੋਲਿਆ॥ ਬੇ ਹੇ
ਇੱਕੋ ਸਲਾਈ ਦੋਂਹ ਨੈਣੀ ਮੈਂ ਪਾਈ ਸਿੰਘ ਜੀ
ਤੈਥੋਂ ਤਾਂ ਡਰਦੀ ਨੇ ਹੰਝੂਆਂ ਧੁਆਈ ਵੇ ॥ ਬੇ ਹੇ
5 ਜੇ ਤੂੰ ਚੜ੍ਹਿਆਂ ਜੰਗ ਨੂੰ ਬੇ ਨੀਲੇ ਘੋੜੇ ਵਾਲਿਆ
ਕਦੀ ਸੁਪਨੇ`ਚ ਫੇਰਾ ਪਾ
ਮੇਰੇ ਹਥੋਂ ਨਾ ਲੱਥੀ ਮਹਿੰਦੜੀ ਵੇ ਨੀਲੇ ਘੋੜੇ ਵਾਲਿਆ
ਮੇਰੇ ਮਨੋ ਨਾ ਲੱਥੜੇ ਵੇ ਚਾਅ
ਬੂਹੇ ਤੇ ਨਿਤ ਉਡੀਕਦੀ ਵੇ ਨੀਲੇ ਘੋੜੇ ਵਾਲਿਆ
ਕਦੀ ਭੁੱਲ ਭੁਲੇਖੇ ਆ
ਆਉਸੀਆਂ ਪਾਉਂਦੀ ਥੱਕ ਗਈ ਆਂ ਵੇ ਨੀਲੇ ਘੋੜੇ ਵਾਲਿਆ
ਕਦੀ ਬਾਗੀਂ ਫੇਰਾ ਪਾ ।



# ਗੁਰੂ ਨਾਨਕ ਚੈਰੀਟੇਬਲ ਟਰੱਸਟ (ਰਜ਼ਿ.)
## ਮੁੱਲਾਂਪੁਰ ਦਾਖਾ ਮੰਡੀ, ਜ਼ਿਲ੍ਹਾ ਲੁਧਿਆਣਾ, ਪੰਜਾਬ
## ਇੰਡੀਆ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਦੀ ਸੂਚੀ

1. A brief Introduction to Sikhism
2. Sikh Religion and Christianity
3. Sikh Religion and Science
4. Sikh Religion and Women
5. Sikh Religion and Islam
6. Panjab and Panjabi
7. Concepts of Sikh Religion
8. Sikh Marriage Ceremony
9. Sikh Greetings
10. A Challenge to Sikhism
11. Sikh Religion and Hair
12. ਸਿੱਖ ਧਰਮ ਤੇ ਈਸਾਈ ਧਰਮ
13. ਪੰਚਮ ਪਾਤਸ਼ਾਹ ਦੀ ਸ਼ਹੀਦੀ

ਇੰਗਲੈਂਡ ਵਿੱਚ ਇਸ ਪਤੇ ਤੇ
ਜੀ. ਐਸ. ਸਿੱਧੂ
116 ਵਾਲਥਮ ਕਲੋਜ਼,
ਐਬੇ ਪਾਰਕ, ਵੈਸਟ ਬਰਿਜ਼ਫੋਰਡ,
ਨੋਟਿੰਘਮ NG2 6LE
gssidhu30@yahoo.co.uk
ਟੈਲੀਫੋਨ: 01159819902

# ਗੁਰੂ ਨਾਨਕ ਚੈਰੀਟੇਬਲ ਟਰੱਸਟ, (ਗੁਰਮਤਿ ਭਵਨ)
# ਮੁੱਲਾਂਪੁਰ-ਦਾਖਾ ਮੰਡੀ (ਜ਼ਿਲ੍ਹਾ ਲੁਧਿਆਣਾ)

ਸੇਵਾ ਕਰਤ ਹੋਇ ਨਿਹਕਾਮੀ, ਤਿਸ ਕਉ ਹੋਤ ਪਰਾਪਤਿ ਸੁਆਮੀ
(ਸੁਖਮਨੀ ਸਾਹਿਬ ੧॥੧੮॥) ਪੰਨਾ 286

ਜੇ ਸਾਰੇ ਸੰਸਾਰ ਤੇ ਇੱਕ ਨਜ਼ਰ ਮਾਰੀਏ ਤਾਂ ਬਹੁਤ ਸੇਵਾਵਾਂ ਦੀ ਵਿਲੱਖਣ ਢੰਗ ਨਾਲ ਲੋੜ ਹੈ । ਬੱਚਿਆਂ ਤੋਂ ਲੈਕੇ ਬਜ਼ੁਰਗਾਂ ਤੱਕ ਅਜਿਹੇ ਲੋਕਾਂ ਦੀ ਗਿਣਤੀ ਬੇਸ਼ੁਮਾਰ ਹੈ ਜਿਨ੍ਹਾਂ ਨੂੰ ਸਾਡੀ ਮੱਦਦ ਦੀ ਲੋੜ ਹੈ । ਸਾਡੇ ਨਾਲੋਂ ਘੱਟ ਖੁਸ਼ਕਿਸਮਤ ਲੋਕਾਂ ਦੇ ਦੁਖਾਂ-ਤਕਲੀਫਾਂ ਨੂੰ ਲਾਂਭੇ ਕਰਨ ਦੀ ਬਜਾਇ, ਆਓ ਆਪਾਂ ਅਜਿਹੇ ਮੌਕਿਆਂ ਨੂੰ ਜੀ ਆਇਆਂ ਆਖੀਏ ।

ਜਿਨ੍ਹਾਂ ਦੀ ਬਦੌਲਤ ਪਰਮਾਤਮਾ ਨੇ ਸਾਨੂੰ ਉਨ੍ਹਾਂ ਲਈ ਕੁਝ ਕਰਨ ਅਤੇ ਮਹਿਸੂਸ ਕਰਨ ਦੀ ਪ੍ਰਤਿਭਾ ਦਿੱਤੀ ਹੈ ।

ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥ (ਆਸਾ ਮਹਲਾ 5) ਪੰਨਾ 457

**ਬੱਚੇ :-** ਬੱਚੇ ਸਾਡੀ ਕੌਮ ਦਾ ਭਵਿੱਖ ਹਨ । ਉਹ ਕੱਲ ਦੇ ਸ਼ਹਿਰੀ ਹਨ ਅਤੇ ਸਾਡੀਆਂ ਪੀੜ੍ਹੀਆਂ ਨੂੰ ਅੱਗੇ ਲੈ ਜਾਣ ਵਾਲੇ ਹਨ, ਜਦੋਂ ਅਸੀਂ ਨਹੀਂ ਰਹਾਂਗੇ । ਸੋ ਇਹ ਸਾਡਾ ਫਰਜ਼ ਹੈ ਕਿ ਉਨ੍ਹਾਂ ਦਾ ਪਾਲਣ-ਪੋਸ਼ਣ ਵਧੀਆ ਢੰਗ ਨਾਲ ਕਰੀਏ, ਉਨ੍ਹਾਂ ਨੂੰ ਅੱਛਾ ਭੋਜਨ ਦੇਈਏ ਅਤੇ ਉਨ੍ਹਾਂ ਨੂੰ ਪੜ੍ਹਾਈਏ ਤਾਂ ਕਿ ਉਹ ਪੂਰਨ ਮਨੁੱਖ ਬਣ ਸਕਣ ।

ਸਾਡੇ ਦੇਸ਼ ਵਿੱਚ ਸਾਧਨਾਂ ਦੀ ਕਮੀ ਕਰਕੇ ਸੈਂਕੜੇ ਬੱਚੇ ਬਦਕਿਸਮਤੀ ਨਾਲ ਮੁੱਢਲੀ ਵਿੱਦਿਆ ਤੋਂ ਵਾਂਝੇ ਰਹਿ ਜਾਂਦੇ ਹਨ । ਇਸ ਤੋਂ ਵੀ ਦੁੱਖ ਦੀ ਗੱਲ ਇਹ ਹੈ ਕਿ ਬਹੁਤ ਸਾਰੇ ਬੁੱਧੀਮਾਨ ਬੱਚੇ ਸਹੀ ਅਗਵਾਈ ਅਤੇ ਸਹੂਲਤਾਂ ਦੇ ਘਾਟੇ ਵਜੋਂ ਪਿੱਛੇ ਰਹਿ ਜਾਂਦੇ ਹਨ । ਉਨ੍ਹਾਂ ਨੂੰ ਸਿਖਲਾਈ ਸਹੂਲਤਾਂ ਦੇਣ ਦੇ ਨਾਲ ਨਾਲ ਉਹਨਾਂ ਨੂੰ ਅਜਿਹਾ ਵਾਤਾਵਰਣ ਦੇਣਾ ਚਾਹੀਦਾ ਹੈ, ਜਿਹੜਾ ਕਿ ਉਹਨਾਂ ਦੇ ਵਿਕਾਸ ਵਿੱਚ ਸਹਾਈ ਹੋਵੇ ਤਾਂ ਕਿ ਉਹ ਵੱਧ ਤੋਂ ਵੱਧ ਲਾਭ ਪ੍ਰਾਪਤ ਕਰ ਸਕਣ ।

ਇੱਥੇ ਅਜਿਹੇ ਲੋਕ ਵੀ ਹਨ ਜੋ ਦੋ ਵਕਤ ਦਾ ਖਾਣਾ ਖਾ ਕੇ ਜਾਂ ਫਿਰ ਇੱਕ ਵਾਰੀ ਖਾ ਕੇ ਵੀ ਆਪਣੇ ਆਪ ਨੂੰ ਕਿਸਮਤ ਵਾਲੇ ਮੰਨਦੇ ਹਨ । ਭੋਜਨ ਦੇ ਨਾਲ ਨਾਲ ਉਹ ਬਿਮਾਰੀ ਜਾਂ ਜਖਮੀਂ ਹਾਲਤ ਵਿੱਚ ਡਾਕਟਰੀ ਸਹਾਇਤਾ ਜਾਂ ਚਕਿਤਸਾ ਉਪਲਭਦ ਨਹੀਂ ਕਰਵਾ ਸਕਦੇ । ਆਪਣੇ ਮਾਂ-ਬਾਪ ਜਾਂ ਬੱਚਿਆਂ ਨੂੰ ਇਸ ਹਾਲਤ ਵਿੱਚ ਤੱਕਣਾਂ ਕਿਨਾਂ ਤਰਸਯੋਗ



ਹੈ ਕਿ ਫੀਸ ਉਹ ਦੇ ਨਹੀਂ ਸਕਦੇ ਅਤੇ ਦਵਾਈ ਤੋਂ ਅਸਮਰਥ ਹਨ ।

**ਸਾਡੇ ਬਜ਼ੁਰਗ :**

ਸਾਡੇ ਬਜ਼ੁਰਗ ਉਹ ਲੋਕ ਹਨ ਜਿੰਨਾਂ ਨੇ ਜੋ ਸਾਡੇ ਲਈ ਬਣਾਇਆ, ਅਸੀਂ ਉਸ ਦਾ ਅਨੰਦ ਮਾਣ ਰਹੇ ਹਾਂ । ਆਪਣੀ ਪਿਛਲੇਰੀ ਉਮਰ ਵਿੱਚ ਉਹ ਸਾਡੇ ਮਾਣ ਸਤਿਕਾਰ ਅਤੇ ਸਹਾਇਤਾ ਦੇ ਪਾਤਰ ਹਨ । ਪਰ ਇਹ ਕਹਿਣ ਵਿੱਚ ਕੋਈ ਅਤਿਕਥਨੀ ਨਹੀਂ ਕਿ ਉਨ੍ਹਾਂ ਨੂੰ ਅਣਗੌਲਿਆਂ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੇ ਹੀ ਨਜ਼ਦੀਕੀ ਰਿਸ਼ਤੇਦਾਰਾਂ ਦੁਆਰਾ ਉਨ੍ਹਾਂ ਨੂੰ ਇੱਕ ਬੋਝ ਸਮਝਿਆ ਜਾਂਦਾ ਹੈ । ਕਿਉਂਕਿ ਹਰ ਇੱਕ ਨੇ ਇੱਕ ਦਿਨ ਬੁੱਢੇ ਹੋਣਾ ਹੀ ਹੈ, ਇੱਕ ਨਾ ਇੱਕ ਦਿਨ ਇਹ ਅਵਸਥਾ ਸਾਡੇ ਤੇ ਵੀ ਆਉਣੀ ਹੀ ਹੈ, ਸੋ ਲੋੜ ਹੈ ਇਹ ਮਹਿਸੂਸ ਕਰਨ ਦੀ ਕਿ ਸਾਡੇ ਵੱਡੇ-ਵਡੇਰਿਆਂ ਨੂੰ ਸਾਡੇ ਧਿਆਨ ਅਤੇ ਸੇਵਾ ਸੰਭਾਲ ਦੀ ਜਰੂਰਤ ਹੈ ਅਤੇ ਸਾਨੂੰ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਸਮਝਣਾ ਚਾਹੀਦਾ ਹੈ ।

**ਨਸ਼ਾਖੋਰੀ :-**

ਨਸ਼ਾਖੋਰੀ ਇੱਕ ਸੰਸਾਰ ਪੱਧਰ ਦੀ ਚੁਨੌਤੀ ਹੈ, ਅਤੇ ਲੋੜ ਹੈ ਕਿ ਅਸੀਂ ਅਜਿਹੇ ਲੋਕਾਂ ਤੋਂ ਅਰੰਭ ਕਰੀਏ ਜਿਹੜੇ ਸਾਡੀ ਪਹੁੰਚ ਵਿੱਚ ਹਨ । ਪੰਜਾਬ ਵਿੱਚ ਇਹ ਸੱਮਸਿਆ ਪਿੰਡਾਂ ਵਿੱਚ ਬਹੁਤ ਹੀ ਗੰਭੀਰ ਹੈ, ਖਾਸ ਤੋਰ ਤੇ ਮਜ਼ਦੂਰਾਂ ਅਤੇ ਵਿਦਿਆਰਥੀਆਂ ਵਿੱਚ । ਭਾਵੇਂ ਕੋਈ ਵੀ ਨਸ਼ਾ ਹੋਵੇ ਉਸ ਦੀ ਆਦਤ ਬਹੁਤ ਸਾਰੀਆਂ ਜਿੰਦਗੀਆਂ, ਪਰਿਵਾਰ ਅਤੇ ਵੰਸ਼ਾਂ ਦਾ ਨਾਸ਼ ਕਰ ਸਕਦੀ ਹੈ । ਨਸ਼ਾ ਛਡਾਉਣਾ ਤਾਂ ਹੀ ਪੂਰਨ ਮੰਨਿਆ ਜਾਵੇਗਾ ਜੇਕਰ ਪੁਨਰ ਨਿਵਾਸ ਵੀ ਕੀਤਾ ਜਾਵੇ ।

ਨੌਜਵਾਨ ਵਰਗ ਦਾ ਨਸ਼ਿਆਂ ਦੇ ਵਿੱਚ ਗੁਲਤਾਨ ਹੋਣਾ ਬਹੁਤ ਹੀ ਮੰਦਭਾਗਾ ਹੈ, ਜਿਹੜੇ ਕਿ ਇੱਕ ਕੌਮ ਦੀ ਤਰੱਕੀ ਅਤੇ ਖੁਸ਼ਹਾਲੀ ਦਾ ਕੀਮਤੀ ਸਰਮਾਇਆ ਹਨ । ਉਨ੍ਹਾਂ ਦੀ ਅਥਾਹ ਸ਼ਕਤੀ ਨੂੰ ਉਸਾਰੂ ਕੰਮਾਂ ਅਤੇ ਉਦੇਸ਼ਾਂ ਦੀ ਪੂਰਤੀ ਲਈ ਵਰਤਿਆ ਜਾਣਾ ਚਾਹੀਦਾ ਹੈ । ਇਸ ਦਾ ਆਦਰਸ਼ਕ ਤਰੀਕਾ ਹੈ ਕਿ ਉਨ੍ਹਾਂ ਨੂੰ ਸਿਹਤਮੰਦ ਸ਼ਰੀਰ ਅਤੇ ਸਿਹਤਮੰਦ ਮਨ ਦੇ ਜੋੜ ਬਾਰੇ ਗਿਆਨ ਦਿੱਤਾ ਜਾਵੇ ।

**ਸਰੀਰਕ ਅਤੇ ਮਾਨਸਿਕ ਅਪੰਗਤਾ :**

ਸਰੀਰਕ ਅਤੇ ਮਾਨਸਿਕ ਅਪੰਗਤਾ ਇੱਕ ਹੋਰ ਪੱਖ ਹੈ ਜਿੱਥੇ ਸਾਡੀਆਂ ਸੇਵਾਵਾਂ ਦੀ ਬਹੁਤ ਲੋੜ ਹੈ । ਮਾਨਸਿਕ ਤੌਰ ਤੇ ਕਮਜ਼ੋਰ ਬੱਚੇ ਖਾਸ ਤੌਰ ਤੇ ਸਾਡੇ ਧਿਆਨ ਅਤੇ ਸਮਝ ਦੀ ਮੰਗ ਕਰਦੇ ਹਨ ।

ਮਸ਼ੀਨਰੀ ਜਾਂ ਸੜਕ ਦੁਰਘਟਨਾਵਾਂ ਕਈ ਵਾਰੀ ਲੱਤ-ਬਾਂਹ ਤੋਂ ਆਰੀ ਕਰ ਦਿੰਦੀਆਂ ਹਨ, ਜਾਂ ਫਿਰ ਕਿਸੇ ਦੀ ਰੋਜ਼ੀ-ਰੋਟੀ ਜਾਂ ਭਵਿੱਖ ਦੇ ਸੁਪਨੇ ਖੋਹ ਲੈਂਦੀਆਂ ਹਨ । ਪੋਲੀਓ ਅਤੇ ਅਧਰੰਗ ਤੋਂ ਪ੍ਰਭਾਵਿਤ ਬੱਚੇ ਜਾਂ ਸਰੀਰਕ ਤੌਰ ਤੇ ਅਪੰਗ ਬੱਚੇ ਸਮਾਜ ਅਤੇ ਪਰਿਵਾਰ ਤੇ ਬੋਝ ਸਮਝੇ ਜਾਂਦੇ ਹਨ । ਇਹਨਾਂ ਮਰੀਜਾਂ ਲਈ ਖਾਸ ਤਰੀਕੇ ਦੀ ਮਦਦ

ਦੀ ਲੋੜ ਹੁੰਦੀ ਹੈ, ਜਿਵੇਂ ਕਿ ਅਪਰੇਸ਼ਨ, ਨਕਲੀ ਲੱਤਾਂ-ਬਾਹਾਂ, ਟਰਾਈ ਸਾਈਕਲ, ਵੀਲ ਚੇਅਰ ਜਾਂ ਕਲਿਪਰਜ਼ ਆਦਿ ।

ਕਈ ਵਾਰ ਅਜਿਹਾ ਹੁੰਦਾ ਹੈ ਕਿ ਗਰੀਬ ਲੋਕ ਸਾਡੇ ਅਣਮਨੁੱਖੀ ਵਿਹਾਰ ਕਾਰਨ ਲਿਤਾੜੇ ਜਾਂਦੇ ਹਨ ਜਾਂ ਅਣਦੇਖੇ ਕੀਤੇ ਜਾਂਦੇ ਹਨ ਜਿਵੇਂ ਕਿ ਸੜਕ ਕਿਨਾਰੇ ਮਰ ਰਿਹਾ ਵਿਅਕਤੀ, ਇੱਕ ਅਣਗੋਲਿਆ ਬਜ਼ੁਰਗ, ਗਰੀਬੀ ਕਾਰਨ ਸਕੂਲ ਛੱਡਣ ਲਈ ਮਜ਼ਬੂਰ ਬੱਚਾ । ਅਸੀਂ ਕਈ ਵਾਰੀ ਆਪਣੇ ਆਲੇ-ਦੁਆਲੇ ਦੀ ਹੋਛੀ ਦੁਨੀਆਂਦਾਰੀ ਵਿੱਚ ਇਨ੍ਹਾਂ ਗੁਆਚ ਜਾਂਦੇ ਹਾਂ ਅਤੇ ਸਾਡੀਆਂ ਆਪਣੀਆਂ ਸਮੱਸਿਆਵਾਂ ਸਾਨੂੰ ਬਹੁਤ ਬੋਝਲ ਲੱਗਣ ਲੱਗ ਜਾਂਦੀਆਂ ਹਨ । ਅਸੀਂ ਆਪਣੀ ਅੰਦਰਲੀ ਰਹਿਮਦਿਲੀ ਨੂੰ ਅਣਸੁਣਿਆ ਕਰ ਦਿੰਦੇ ਹਾਂ । ਅਸੀਂ ਤਕਦੀਰ ਨੂੰ ਦੋਸ਼ ਦੇ ਛਡਦੇ ਹਾਂ ਅਤੇ ਮੰਨ ਕੇ ਬੈਠ ਜਾਂਦੇ ਹਾਂ ਕਿ ਸਾਰੇ ਦੁਖ-ਸੁੱਖ ਧੁਰੋਂ ਹੀ ਭਾਗਾਂ ਵਿੱਚ ਲਿਖਕੇ ਆਉਂਦੇ ਹਨ । ਅਸੀਂ ਆਪਣੀ ਆਤਮਾ ਦੀ ਝੂਠੀ ਤਸੱਲੀ ਲਈ ਜਾਂ ਆਪਣੇ ਨਿਮਾਣੇ ਮਨੋਰਥ ਦੀ ਪੂਰਤੀ ਲਈ ਧਰਮ ਦੇ ਨਾਂ ਤੇ ਦਾਨ ਪੁੰਨ ਕਰਦੇ ਹਾਂ, ਜਿਸ ਦੇ ਨਤੀਜੇ ਵੱਜੋਂ ਧਰਮ ਦੇ ਅਸਲੀ ਸੰਸਕਾਰ ਪਿੱਛੇ ਰਹਿ ਜਾਂਦੇ ਹਨ ਅਤੇ ਮਨੁੱਖਤਾ ਦੀ ਸੇਵਾ ਕਿਤੇ ਦਿਖਾਈ ਨਹੀਂ ਦਿੰਦੀ ।

ਕਿਉਂ ਨਾ ਆਪਾਂ ਅੰਤਰ ਆਤਮਾ ਦੀ ਆਵਾਜ਼ ਸੁਣੀਏ, ਇਹ ਅਨੁਭਵ ਕਰੀਏ ਕਿ ਅਸੀਂ ਨਾਸ਼ਵਾਨ ਹਾਂ, ਸਾਨੂੰ ਇੱਕ ਹੀ ਮਨੁੱਖਾ ਜੀਵਨ ਮਿਲਦਾ ਹੈ ਕੁੱਝ ਚੰਗਾ ਕਰਨ ਲਈ ਅਤੇ ਪਰਮਾਤਮਾ ਦੀਆਂ ਅੱਖਾਂ ਵਿੱਚ ਏਕਤਾ ਦਿਖਾਉਣ ਲਈ ਜਨਤਕ ਫੰਡਾਂ ਦਾ ਮਾਨਵਤਾ ਦੀ ਸੇਵਾ ਲਈ ਉਪਯੋਗ ਕਿਉਂ ਨਹੀਂ ਕਰਦੇ ?

"ਵਿਚਿ ਦੁਨੀਆ ਸੇਵ ਕਮਾਇਐ । ਤਾ ਦਰਗਹ ਬੈਸਣੁ ਪਾਈਐ ॥

(ਸਿਰੀ ਰਾਗ ਮਹਲਾ 1) ਪੰਨਾ 26

ਅਸਲੀ ਦਾਨ ਇਹ ਨਹੀਂ ਕਿ ਤੁਸੀਂ ਕਿੰਨਾਂ ਪੈਸਾ ਦਾਨ ਕਰਦੇ ਹੋ, ਪਰ ਇਸ ਵਿੱਚ ਹੈ ਕਿ ਤੁਹਾਡੇ ਮਨ ਵਿੱਚ ਸੇਵਾ-ਭਾਵ ਕਿੰਨਾ ਕੁ ਹੈ ..... ਚਾਹੇ ਇਹ ਇੱਕ ਰੁ: ਹੋਵੇ ਜਾਂ ਦੋ, ਸ਼ਾਇਦ ਆਪਣੇ ਆਪ ਨੂੰ ਸਮਰਪਨ ਕਰਕੇ ਜਾਂ ਕਿੰਨਾਂ ਸਮਾਂ ਤੇ ਪੈਸਾ ਤੁਸੀਂ ਸੇਵਾ ਲਈ ਦੇ ਸਕਦੇ ਹੋ ? ਅਸਲੀ ਅਤੇ ਸਦੀਵੀ ਖੁਸ਼ੀ ਦੂਜਿਆਂ ਦੀ ਸੇਵਾ ਕਰਕੇ ਅਤੇ ਜੁਆਬ ਵਿੱਚ ਉਨ੍ਹਾਂ ਤੋਂ ਕਿਸੇ ਸਨਮਾਨ ਜਾਂ ਪਿਆਰ ਦੀ ਆਸ ਨਾ ਕਰਕੇ ਮਿਲਦੀ ਹੈ ।

ਇੱਕੋ ਜਿਹੀ ਸੋਚ ਵਾਲੇ ਪੂਰਨ ਤੌਰ ਤੇ ਸੇਵਾ ਨੂੰ ਸਮਰਪਿਤ ਵਿਅਕਤੀਆਂ ਦੀ ਸਾਂਝੀ ਕੋਸ਼ਿਸ਼ ਸਦਕਾ ਇਹ ਟਰੱਸਟ 1987 ਵਿੱਚ ਸਥਾਪਿਤ ਕੀਤਾ ਗਿਆ ਅਤੇ ਸੁਸਾਈਟੀਜ਼ ਰਜਿਸਟ੍ਰੇਸ਼ਨ ਐਕਟ XXI ਦੇ 1980 (ਪੰਜਾਬ ਸਰਕਾਰ ਦੇ ਐਕਟ 1957 ਦੀ ਤਰਸੀਮ) ਰਾਹੀਂ ਰਜਿਸਟਰ ਕੀਤਾ ਗਿਆ । ਮੌਜੂਦਾ ਟਰੱਸਟ ਦੀ ਦਿੱਖਣ ਵਾਲੀ ਇਮਾਰਤ ਦਾ ਨਾਂ "ਗੁਰਮਤਿ ਭਵਨ" ਰੱਖਿਆ ਗਿਆ । ਇਸ ਦਾ ਰਜਿਸਟ੍ਰੇਸ਼ਨ ਨੰਬਰ 493-1987-88 ਮਿਤੀ 22-12-1987 ਹੈ । 'ਗੁਰਮਤਿ ਭਵਨ' ਤਿੰਨ ਏਕੜ ਜਮੀਨ ਵਿੱਚ ਬਣਾਇਆ ਗਿਆ ਹੈ । ਇਸ ਦੀ ਅਸਲੀ ਇਮਾਰਤ ਬਹੁਤ ਪ੍ਰਭਾਵਸ਼ਾਲੀ



ਦੋ-ਮੰਜਲੀ ਹੈ, ਜਿਸ ਦੇ ਆਲੇ-ਦੁਆਲੇ ਸੁੰਦਰ ਹਰਿਆਲੇ ਬਗੀਚੇ ਹਨ । ਛੱਤਿਆ ਹੋਇਆ ਰਕਬਾ 5000 ਵਰਗ ਫੁੱਟ ਤੋਂ ਵੱਧ ਹੈ ।

**ਟਰੱਸਟ ਵਿੱਚ ਚੱਲ ਰਹੇ ਮੁੱਖ ਸਮਾਜ-ਭਲਾਈ ਦੇ ਕਾਰਜ ਹੇਠ ਹਨ :-**

1. **ਗਲੀਆਂ ਵਿੱਚ ਘੁੰਮਦੇ ਬੱਚਿਆਂ ਦੀ ਭਲਾਈ :-**

ਇਹ ਵਿਲੱਖਣ ਸੈਂਟਰ 1997 ਤੋਂ ਅਣਗੌਲੇ ਗਲੀਆਂ ਵਿੱਚ ਭਾਉਂਦੇ ਬੱਚਿਆਂ ਨੂੰ ਉਪੱਰ ਚੁਕੱਣ ਲਈ ਚੱਲ ਰਿਹਾ ਹੈ । ਮਾਂ ਬਾਪ ਦੇ ਪਿਆਰ ਤੋਂ ਵਾਂਝੇ ਇਹ ਬਦਕਿਸਮਤ ਬੱਚੇ ਗਲੀਆਂ ਵਿੱਚ ਭੀਖ ਮੰਗਣ, ਲਿਫਾਫੇ ਤੇ ਲੀਰਾਂ ਚੁੱਕਣ, ਢਾਬਿਆਂ ਤੇ ਭਾਂਡੇ ਮਾਂਜਣ ਜਾਂ ਇਹੋ ਜਿਹੇ ਹੋਰ ਛੋਟੇ ਮੋਟੇ ਕਾਰਜ ਕਰਨ ਲਈ ਮਜਬੂਰ ਸਨ ।ਉਹ ਸਕੂਲ ਨਹੀਂ ਜਾ ਸਕਦੇ ਅਤੇ ਨਾਂ ਹੀ ਵਧੀਆ ਜ਼ਿੰਦਗੀ ਦਾ ਸੁਪਨਾ ਲੈ ਸਕਦੇ ਹਨ। ਇਹੋ ਜਿਹੇ 250 ਮੰਦਭਾਗੇ ਬੱਚੇ ਇਸ ਸੈਂਟਰ ਵਿੱਚ ਦਾਖਲ ਹਨ । ਹਰ ਇੱਕ ਬੱਚੇ ਦੀ ਸੰਪੂਰਨ ਡਾਕਟਰੀ ਜਾਂਚ ਕੀਤੀ ਜਾਂਦੀ ਹੈ ਅਤੇ ਜ਼ਰੂਰੀ ਡਾਕਟਰੀ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ । ਹਰ ਇੱਕ ਦਾਖਲ ਬੱਚੇ ਨੂੰ ਗਰਮੀ ਅਤੇ ਸਰਦੀ ਦੇ ਬਸਤਰ ਅਤੇ ਸੰਤੁਲਿਤ ਭੋਜਨ ਦਿੱਤਾ ਜਾਂਦਾ ਹੈ । ਗੁਰਮਤਿ ਭਵਨ ਦੇ ਐਲੀਮੈਂਟਰੀ ਸਕੂਲ 'ਫੁੱਲਵਾੜੀ' ਵਿਖੇ ਕੱਚੀ ਤੋਂ ਪੰਜਵੀਂ ਤੱਕ ਸਕੂਲੀ ਵਿਦਿੱਆ ਦਿੱਤੀ ਜਾਂਦੀ ਹੈ । ਸਕੂਲ ਦੀਆਂ ਕਿਤਾਬਾਂ, ਕਾਪੀਆਂ ਅਤੇ ਸਾਰੀ ਸਟੇਸ਼ਨਰੀ ਮੁਫ਼ਤ ਉਪਲੱਬਦ ਕਰਵਾਈ ਜਾਂਦੀ ਹੈ । ਸਮਾਜ ਵਿੱਚ ਸਵੈ-ਰੋਜ਼ਗਾਰ ਮੁਹਇਆ ਕਰਨ ਲਈ ਉਨ੍ਹਾਂ ਨੂੰ ਰੁਚੀ ਅਨੁਸਾਰ ਕਿੱਤਾ ਸਿਖਲਾਈ ਦਿੱਤੀ ਜਾਂਦੀ ਹੈ । ਜਿਵੇਂ ਕਿ ਮੋਮਬੱਤੀਆਂ ਬਨਾਉਣਾ, ਕੁਰਸੀਆਂ ਬੁਨਣਾ, ਦਰਜੀਪੁਣਾਂ, ਸਿਲਾਈ, ਕਢਾਈ ਅਤੇ ਬੁਣਾਈ, ਭੋਜਨ-ਸੁੱਰਖਿਆ, ਟਾਈਪ ਕਰਨਾ, ਸ਼ਾਰਟ ਹੈਂਡ, ਕੰਪਿਊਟਰ ਸਾਇੰਸ ਆਦਿ । ਉਨ੍ਹਾਂ ਦੀ ਸਿਹਤ, ਸਰੀਰਕ ਬਸਤਰ ਨਿੱਜੀ ਸਿਹਤ ਅਤੇ ਖਾਦ-ਖੁਰਾਕ ਵੱਲ ਖਾਸ ਧਿਆਨ ਦਿੱਤਾ ਜਾਂਦਾ ਹੈ ।

2. **ਆਲ੍ਹਣਾ :-**

ਗਰੀਬ ਯਤੀਮ ਬੱਚੇ ਜੋ ਕਿ ਰਿਸ਼ਤੇਦਾਰਾਂ ਵੱਲੋਂ ਧਿਰਕਾਰੇ ਗਏ ਹਨ, ਇੱਥੇ ਬੜੇ ਪਿਆਰੇ, ਘਰੇਲੂ ਮਹੌਲ ਵਿੱਚ ਖਾਸ ਨਿਗਰਾਨੀ ਹੇਠ ਰੱਖੇ ਜਾਂਦੇ ਹਨ ।

3. **ਸ. ਮਹਿੰਗਾ ਸਿੰਘ ਸਰਾਫ ਫਰੀ ਡਿਸਪੈਂਸਰੀ :-**

ਗਰੀਬ ਮਰੀਜਾਂ ਦੇ ਇਲਾਜ ਲਈ ਇਹ ਡਿਸਪੈਂਸਰੀ ਸਾਰਾ ਦਿਨ ਖੁੱਲੀ ਰਹਿੰਦੀ ਹੈ । ਇੱਕ ਤਜਰਬੇਕਾਰ ਡਾਕਟਰ ਅਤੇ ਡਿਸਪੈਂਸਰ ਪੱਕੇ ਤੌਰ ਤੇ ਰੱਖੇ ਹੋਏ ਹਨ । ਹਰ ਰੋਜ਼ ਔਸਤਨ 40-50 ਮਰੀਜ਼ ਇਲਾਜ ਕਰਵਾਉਂਦੇ ਹਨ ।

4. **ਅਪੰਗਾ ਲਈ ਸਹਾਇਤਾ :-**

ਇਹ ਪ੍ਰੋਜੈਕਟ ਸਿੱਖ ਐਜੁਕੇਸ਼ਨ ਐਂਡ ਵੈਲਫੇਅਰ ਏਡ (ਸੇਵਾ) ਯੂ.ਕੇ. ਦੁਆਰਾ 1998 ਵਿੱਚ ਅਰੰਭ ਕੀਤਾ ਗਿਆ ਸੀ, ਜਿਸ ਵਿੱਚ ਮੁੱਖ ਰੋਲ ਸ. ਗੁਰਬਚਨ ਸਿੰਘ ਸਿੱਧੂ

ਅਤੇ ਇੰਗਲੈਂਡ ਦੇ ਹੋਰ ਦਾਨੀਆਂ ਅਤੇ ਹੋਰ ਸਹਿਯੋਗਕਾਂ ਦੁਆਰਾ ਕੀਤਾ ਜਾਂਦਾ ਹੈ । ਪਿਛਲੇ 11 ਸਾਲਾਂ ਵਿੱਚ 6263 ਤੋਂ ਵੱਧ ਵਿਅਕਤੀ ਲਾਭ ਪ੍ਰਾਪਤ ਕਰ ਚੁੱਕੇ ਹਨ । ਸਾਰੇ ਕਿਸਮਾਂ ਦੀ ਸਰੀਰਕ ਅਯੋਗਤਾ ਦਾ ਇਲਾਜ ਅਪ੍ਰੇਸ਼ਨ ਰਾਹੀਂ ਕੀਤਾ ਜਾਂਦਾ ਹੈ ।

**ਅਪ੍ਰੇਸ਼ਨ ਰਾਹੀ ਇਲਾਜ :-**

ਜਮਾਂਦਰੂ ਅਪੰਗਤਾ ਅਤੇ ਪੋਲੀਓ ਅਪੰਗਤਾ ਦਾ ਇਲਾਜ ਅਪ੍ਰੇਸ਼ਨ ਰਾਹੀਂ ਕੀਤਾ ਜਾਂਦਾ ਹੈ ।

**ਸਹਾਇਕ ਸਮੱਗਰੀ :-**

ਜਿਹੜੇ ਵਿਅਕਤੀ ਅਪਰੇਸ਼ਨ ਦੁਆਰਾ ਠੀਕ ਨਹੀਂ ਹੋ ਸਕਦੇ, ਉਨ੍ਹਾਂ ਨੂੰ ਟ੍ਰਾਈ ਸਾਈਕਲ, ਵੀਲ ਚੇਅਰ ਕੈਲੀਪਰਜ਼ ਅਤੇ ਕਰਚੱਜ਼ (ਫਾਹੁੜੀਆਂ) ਉਪਲੱਭਧ ਕਰਵਾਈਆਂ ਜਾਂਦੀਆਂ ਹਨ ।

**ਬਨਾਉਟੀ ਅੰਗ (ਲੱਤਾਂ-ਬਾਹਾਂ) :-**

ਟੁੱਟੀ/ਕੱਟੀ ਬਾਂਹਾਂ ਜਾਂ ਲੱਤਾਂ ਵਾਲੇ ਵਿਅਕਤੀਆਂ ਦੇ ਸੰਪੂਰਨ ਮਸ਼ੀਨੀਕਰਨ ਅਤੇ ਬਿਜਲਈ ਢੰਗ ਨਾਲ ਤਿਆਰ ਕੀਤੇ ਮਨਸੁਈ ਅੰਗ (ਲੱਤਾਂ-ਬਾਹਾਂ) ਲਗਾਈਆਂ ਜਾਂਦੀਆਂ ਹਨ ।

**ਸੁਣਨ ਵਾਲੀ ਮਸ਼ੀਨ :-**

ਉਚੱਾ ਸੁਣਨ ਵਾਲੇ ਵਿਅਕਤੀਆਂ ਨੂੰ ਸਹੀ ਸੁਣਨ ਵਾਲੇ ਟੈਸਟ ਉਪਰੰਤ ਸੁਣਨ ਵਾਲੀ ਮਸ਼ੀਨ ਲਗਾਈ ਜਾਂਦੀ ਹੈ ।

**5. ਵਿਦਿਆਰਥੀਆਂ ਦੀ ਮੱਦਦ :-**

ਇਹ ਪ੍ਰੋਗਰਾਮ ਵੀ ਸਿੱਖ ਐਜੂਕੇਸ਼ਨ ਅਤੇ ਵੈਲਫੇਅਰ ਏਡ ਯੂ.ਕੇ. (ਸੇਵਾ) ਸ. ਜੀ.ਐਸ.ਸਿੱਧੂ ਅਤੇ ਸਹਿਯੋਜਕਾਂ ਵੱਲੋਂ ਗਰੀਬ ਵਿਦਿਆਰਥੀਆਂ ਦੀ ਮਦਦ ਲਈ ਚਲਾਇਆ ਜਾ ਰਿਹਾ ਹੈ, ਜਿਵੇਂ ਕਿ ਵਜ਼ੀਫਾ, ਕਿਤਾਬਾਂ-ਕਾਪੀਆਂ ਅਤੇ ਸਟੇਸ਼ਨਰੀ ਦਾ ਸਮਾਨ ਆਦਿ ਦੇਣਾ । ਪੜ੍ਹਾਈ ਅਤੇ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੀ ਦਿੱਤੇ ਜਾਂਦੇ ਹਨ ।

**6. ਅੱਖਾਂ ਦੇ ਫਰੀ ਅਪ੍ਰੇਸ਼ਨ ਕੈਂਪ :-**

ਹਰ ਸਾਲ ਅੱਖਾਂ ਦੇ ਤਿੰਨ ਫਰੀ ਕੈਂਪ ਲਗਾਏ ਜਾਂਦੇ ਹਨ ਜਿਨਾਂ ਵਿੱਚ ਅੱਖਾਂ ਨਾਲ ਸਬੰਧਿਤ ਬੀਮਾਰੀਆਂ ਦਾ ਇਲਾਜ ਅਤੇ ਅਪ੍ਰੇਸ਼ਨ ਕੀਤੇ ਜਾਂਦੇ ਹਨ । ਅਪ੍ਰੇਸ਼ਨ ਵਾਲੇ ਮਰੀਜ਼ਾਂ ਨੂੰ ਮੁਫ਼ਤ ਰਿਹਾਇਸ਼, ਖਾਣਾ, ਦਵਾਈਆਂ ਅਤੇ ਐਨਕਾਂ ਦਿੱਤੀਆਂ ਜਾਂਦੀਆਂ ਹਨ। ਪਿਛਲੇ 25 ਸਾਲਾਂ ਵਿੱਚ ਇਹੋ ਜਿਹੇ 60 ਕੈਂਪ ਲਗਾਏ ਗਏ ਹਨ । ਜਿਨ੍ਹਾਂ ਵਿੱਚ 6000 ਤੋਂ ਵੱਧ ਵਿਅਕਤੀਆਂ ਦੇ ਅਪ੍ਰੇਸ਼ਨ ਕੀਤੇ ਗਏ ਹਨ । ਕਈ ਬਰੀਕੀ ਵਾਲੇ ਕੇਸਾਂ ਵਿੱਚ ਟੰਕਾ ਰਹਿਤ ਅਪ੍ਰੇਸ਼ਨ (I.O.L) ਰਾਹੀਂ ਲੈਨਜ਼ ਪਾਏ ਜਾਂਦੇ ਹਨ । ਇਸ ਅਪ੍ਰੇਸ਼ਨ ਦਾ



ਕਿਸੇ ਵੀ ਪ੍ਰਾਈਵੇਟ ਹਸਪਤਾਲ ਵਿੱਚ 10,000 ਰੁ: ਖਰਚਾ ਆਉਂਦਾ ਹੈ । ਪਰ ਇਸ ਸੈਂਟਰ ਵਿੱਚ ਬਿਲਕੁਲ (ਫਰੀ) ਮੁਫ਼ਤ ਕੀਤਾ ਜਾਂਦਾ ਹੈ ।

ਡਾ. ਮਨਜੀਤ ਸਿੰਘ ਭੋਗਲ (ਸਿੱਖ ਏਡ ਇੰਟਰਨੈਸ਼ਨਲ ਯੂ.ਕੇ. ਰਜਿ: ਨੰ: 1086307) ਸ੍ਰੀਮਤੀ ਸੁਰਿੰਦਰ ਕੌਰ ਅਤੇ ਸ. ਅਵਤਾਰ ਸਿੰਘ ਸ਼ੇਖੂਪੁਰਾ (Dhata Foundation, Canada), ਸ. ਸੰਪੂਰਨ ਸਿੰਘ ਭਨੋਹੜ (ਯੂ.ਕੇ.) ਸ. ਸੁਰਜੀਤ ਸਿੰਘ ਸਿੱਧੂ (ਮਨੀਲਾ ਵਾਲੇ) ਪਿੰਡ ਪੰਡੋਰੀ ਅਜਿਹੇ ਕੈਂਪਾਂ ਨੂੰ ਲਗਾਤਾਰ ਸਪਾਂਸਰ ਕਰਦੇ ਹਨ ।

**7. 'ਨਵੀਂ ਸਵੇਰ' ਨਸ਼ਾ ਛਡਾਓ ਅਤੇ ਪੁਨਰ ਨਿਵਾਸ ਕੇਂਦਰ :-**

ਨਸ਼ਿਆਂ ਦਾ ਰੁਝਾਨ ਇਸ ਹੱਦ ਤੱਕ ਵਧ ਗਿਆ ਹੈ ਇਹ ਇੱਕ ਗੰਭੀਰ ਬੀਮਾਰੀ ਅਤੇ ਸਮੱਸਿਆ ਦਾ ਰੂਪ ਧਾਰ ਗਿਆ ਹੈ । ਨੌਜਵਾਨਾਂ ਵਿੱਚ ਨਸ਼ਾ ਕਰਨਾ ਇੱਕ ਆਮ ਜਿਹੀ ਗੱਲ ਬਣ ਗਈ ਹੈ । ਆਮ ਤੌਰ ਤੇ ਵਰਤੇ ਜਾਂਦੇ ਨਸ਼ੇ ਹਨ :- ਸ਼ਰਾਬ, ਤੰਬਾਕੂ, ਅਫੀਮ, ਭੁੱਕੀ, ਸਮੈਕ, ਭੰਗ, ਹੈਰੋਇਨ ਆਦਿ । ਨਸ਼ਿਆਂ ਦੇ ਬੁਰੇ ਰੁਝਾਨ ਕਰਕੇ ਸਮੁੱਚੇ ਸਮਾਜ ਦੀ ਸਿਹਤ, ਧਨ ਅਤੇ ਸਦਾਚਾਰ ਦਾ ਵਿਨਾਸ਼ ਹੋ ਰਿਹਾ ਹੈ ।

ਇਹ ਨਸ਼ਾ ਛਡਾਉ ਅਤੇ ਪੁਨਰ ਨਿਵਾਸ ਕੇਂਦਰ ਲੋਕਾਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਤੋਂ ਸਿੱਖਿਅਤ ਕਰਨ ਲਈ ਅਤੇ ਉਨ੍ਹਾਂ ਦੇ ਇਲਾਜ ਅਤੇ ਪੁਨਰ ਨਿਵਾਸ ਲਈ 1992 ਵਿੱਚ ਖੋਲ੍ਹਿਆ ਗਿਆ । ਇਸ ਕੇਂਦਰ ਵਿੱਚ ਕੰਮ ਕਰਨ ਵਾਲੇ ਖਾਸ ਵਿਅਕਤੀਆਂ ਦੀ ਟੀਮ ਇਲਾਕੇ ਦੇ ਸਕੂਲਾਂ, ਕਾਲਜਾਂ ਅਤੇ ਗੁਰਦੁਆਰਿਆਂ ਵਿੱਚ ਜਾ ਕੇ ਨਸ਼ਿਆਂ ਸਬੰਧੀ ਭਾਸ਼ਨਾਂ ਰਾਹੀਂ ਲੋਕਾਂ ਨੂੰ ਸੁਚੇਤ ਕਰਦੀ ਹੈ ਅਤੇ ਜਾਗਰੁਕਤਾ ਲਿਆਂਉਦੀਂ ਹੈ । ਇਸ ਅਦਾਰੇ ਦੇ ਆਪਣੇ ਸਾਧਨਾਂ ਰਾਹੀਂ ਅਜਿਹੇ ਕੇਸਾਂ ਦੀ ਪਹਿਚਾਣ ਕਰਕੇ ਇੱਥੇ ਇਲਾਜ ਲਈ ਲਿਆਦਾ ਜਾਂਦਾ ਹੈ । ਉਨ੍ਹਾਂ ਨੂੰ ਮਿਆਦ (ਨਸ਼ੇ ਦੀ) ਦੇ ਅਧਾਰ ਤੇ O.P.D. ਰਾਹੀਂ ਜਾਂ ਦਾਖਲ ਕਰਕੇ ਇਲਾਜ ਕਰਾਇਆ ਜਾਂਦਾ ਹੈ । ਉਹ ਦੋ ਤੋਂ ਚਾਰ ਹਫਤੇ ਲਈ ਰੱਖੇ ਜਾਂਦੇ ਹਨ ਅਤੇ ਉਨ੍ਹਾਂ ਦਾ ਮੁਫ਼ਤ ਇਲਾਜ ਅਤੇ ਰਹਿਣ ਸਹਿਣ ਦਾ ਪ੍ਰਬੰਧ ਕੀਤਾ ਜਾਂਦਾ ਹੈ, ਜਿੰਨੀ ਦੇਰ ਤੱਕ ਉਹ ਸੰਪੂਰਨ ਤੌਰ ਤੇ ਨਸ਼ਾ ਰਹਿਤ ਨਹੀਂ ਹੋ ਜਾਂਦੇ । ਉਨ੍ਹਾਂ ਦੇ ਪ੍ਰਵਾਰਕ ਮੈਂਬਰਾਂ ਨੂੰ ਵੀ ਉਨ੍ਹਾਂ ਦੀ ਰਿਹਾਇਸ਼ ਸਮੇਂ ਅਤੇ ਵਿਚਾਰ ਵਟਾਂਦਰੇ ਸਮੇਂ ਸ਼ਾਮਲ ਕੀਤਾ ਜਾਂਦਾ ਹੈ ।

ਜਿਹੜੇ ਨਸ਼ਈ ਨਸ਼ਾ ਛੱਡ ਜਾਂਦੇ ਹਨ ਉਹਨਾਂ ਨੂੰ ਛੇ-ਮਹੀਨੇ ਜਾਂ ਫਿਰ ਸਾਲ ਤੱਕ ਰੱਖਿਆ ਜਾਂਦਾ ਹੈ ਤਾਂ ਕਿ ਸੰਪੂਰਨ ਤੌਰ ਤੇ ਨਸ਼ਾ-ਮੁਕਤ ਹੋ ਜਾਣ । ਇਸ ਸਮੇਂ ਦੌਰਾਨ ਸਮਾਜ ਵਿੱਚ ਉਨ੍ਹਾਂ ਦੇ ਪੁਨਰ ਨਿਵਾਸ ਦਾ ਪ੍ਰਬੰਧ ਕੀਤਾ ਜਾਂਦਾ ਹੈ ਅਤੇ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕੀਤਾ ਜਾਂਦਾ ਹੈ । ਪਿਛਲੇ 16 ਸਾਲਾਂ ਵਿੱਚ 19672 ਤੋਂ ਵੱਧ ਵਿਅਕਤੀਆਂ ਨੂੰ ਇਲਾਜ ਕਰਕੇ ਠੀਕ ਕੀਤਾ ਗਿਆ ਹੈ ।

**8. UNODC (United Nation Office on Drugs & Crime) :-**

ਦੱਖਣੀ ਏਸ਼ੀਆ ਬੜੀ ਭਿਆਨਕ ਜਾਨਲੇਵਾ ਬਿਮਾਰੀ ਨਾਲ ਜੂਝ ਰਿਹਾ ਹੈ ਜਿਸ ਦਾ

ਨਾਮ ਹੈ Hiv/Aids. UNODC ਨੇ ਇੱਕ ਮੁਹਿੰਮ ਅਰੰਭ ਕੀਤੀ ਹੈ ਜਿਹੜੀ Hiv/Aids ਤੋਂ ਬਚਣ ਲਈ ਪਰਹੇਜ ਅਤੇ ਇਸ ਨੂੰ ਫੈਲਣ ਤੋਂ ਰੋਕਣ ਲਈ ਉਪਰਾਲੇ ਕਰਦੀ ਹੈ । Hiv/Aids ਦੇ ਸੰਭਾਵਿਤ ਖਤਰੇ ਤੋਂ ਚੇਤੰਨ ਕਰਦੀ ਹੈ । ਵੱਖ-ਵੱਖ ਤਰ੍ਹਾਂ ਦੀ ਅਬਾਦੀ ਦੇ ਗਰੁੱਪ ਜਿਵੇਂ ਕਿ ਗਲੀਆਂ ਵਿੱਚ ਘੁੰਮਦੇ ਬੱਚੇ ਆਦਿ ਅਜਿਹੇ ਬੱਚੇ ਨਾਂ ਕੇਵਲ ਅਜਿਹੀਆਂ ਬੀਮਾਰੀਆਂ ਦੇ ਸ਼ਿਕਾਰ ਹੀ ਹੁੰਦੇ ਹਨ, ਸਗੋਂ ਲਿੰਗ ਰੁਚੀਆਂ ਸਦਕਾ STI/HIV ਦੇ ਭਿਅੰਕਰ ਸਿੱਟੇ ਭੁਗਤਦੇ ਹਨ। ਟਰੱਸਟ ਸਮਾਜਕ ਨਿਆਂ ਅਤੇ ਅਖਤਿਆਰੀ ਮੰਤਰਾਲੇ ਰਾਹੀ UNODC ਦੀ ਏਜੰਸੀ ਦੇ ਤੌਰ ਤੇ ਕੰਮ ਕਰ ਰਿਹਾ ਹੈ ।

### 9. ਭਗਤ ਪੂਰਨ ਸਿੰਘ ਨਿਵਾਸ ਬਜੁਰਗਾਂ ਲਈ ਦੈਨਿਕ ਭਲਾਈ ਕੇਂਦਰ :-

ਵਡੇਰੀ ਉਮਰ ਦੇ 50 ਤੋਂ ਵੱਧ ਬਜੁਰਗ ਇਸ ਸੈਂਟਰ ਵਿੱਚ ਰਜਿਸਟਰ ਹੋ ਚੁੱਕੇ ਹਨ। ਜੋ ਵੀ ਸਮਾਂ ਉਨ੍ਹਾਂ ਲਈ ਯੋਗ ਹੈ, ਉਹ ਆ ਸਕਦੇ ਹਨ । ਉਨ੍ਹਾਂ ਨੂੰ ਦੋ ਵਾਰੀ ਚਾਹ ਨਾਲ ਨਾਸ਼ਤਾ ਦਿੱਤਾ ਜਾਂਦਾ ਹੈ । ਸਮੇਂ ਸਮੇਂ ਉਨ੍ਹਾਂ ਦਾ ਡਾਕਟਰੀ ਨਿਰੀਖਣ ਕੀਤਾ ਜਾਂਦਾ ਹੈ ਅਤੇ ਲੋੜਵਦਾਂ ਨੂੰ ਮੁਫ਼ਤ ਡਾਕਟਰੀ ਸਹਾਇਤਾ ਦਿੱਤੀ ਜਾਂਦੀ ਹੈ । ਉਹ ਲਾਈਬ੍ਰੇਰੀ ਦਾ ਪੂਰਾ ਫਾਇਦਾ ਉਠਾਉਂਦੇ ਹਨ । ਉਨ੍ਹਾਂ ਨੂੰ ਟੈਲੀਵਿਜ਼ਨ, ਡੀ.ਵੀ.ਡੀ. ਟੇਪ ਰਿਕਾਰਡਰ ਆਦਿ ਨਾਲ ਮਨੋਰੰਜਨ ਅਤੇ ਖੇਡਾਂ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ । ਉਨ੍ਹਾਂ ਨੂੰ ਪਿਕਨਿਕ ਅਤੇ ਧਾਰਮਿਕ ਸਥਾਨਾਂ ਦੀ ਯਾਤਰਾ ਲਈ ਨਿਯਮਤ ਤੌਰ ਤੇ ਲਿਜਾਇਆ ਜਾਂਦਾ ਹੈ ।

### 10. ਗਿਆਨੀ ਦਿੱਤ ਸਿੰਘ ਪਬਲਿਕ ਲਾਇਬਰੇਰੀ :-

ਇਹ ਖੁੱਲ੍ਹੇ ਹਵਾਦਾਰ ਕਮਰੇ ਵਿੱਚ 5000 ਤੋਂ ਵੱਧ ਕਿਤਾਬਾਂ, ਅਖਬਾਰਾਂ ਰਸਾਲੇ, ਮੈਗਜ਼ੀਨ ਅਤੇ ਹੋਰ ਪੜ੍ਹਣ ਸਮੱਗਰੀ ਪੰਜਾਬੀ, ਅੰਗਰੇਜ਼ੀ, ਹਿੰਦੀ ਅਤੇ ਉਰਦੂ ਵਿੱਚ ਉਪਲਬਦ ਹੈ । ਹਰ ਇੱਕ ਨੂੰ ਇਸ ਲਾਈਬ੍ਰੇਰੀ ਵਿੱਚ ਆਉਣ ਦਾ ਖੁਲ੍ਹਾ ਸੱਦਾ ਹੈ ।

### 11. ਸਿਲਾਈ - ਕਢਾਈ ਸਿਖਲਾਈ ਕੇਂਦਰ :-

ਲੜਕੀਆਂ ਲਈ ਛੇ ਮਹੀਨੇ ਦਾ ਕੋਰਸ ਹੈ ਜਿਸ ਵਿੱਚ ਉਨ੍ਹਾਂ ਨੂੰ ਸਿਲਾਈ, ਕਢਾਈ ਬੁਣਾਈ, ਪੇਂਟਿੰਗ, ਸਜਾਵਟ ਆਦਿ ਦੀ ਕਲਾ ਦੀ ਸਿਖਲਾਈ ਦਿੱਤੀ ਜਾਂਦੀ ਹੈ । ਇਹ ਸਿਲਸਿਲਾ ਨਿਯਮਤ ਰੂਪ ਵਿੱਚ ਚੱਲਦਾ ਹੈ । ਸਿਖਿਆਰਥੀਆਂ ਨੂੰ ਬਕਾਇਦਾ ਸਰਟੀਫੀਕੇਟ ਦਿੱਤੇ ਜਾਂਦੇ ਹਨ ।

### 12. ਕੰਪਿਊਟਰ ਸਿਖਲਾਈ ਕੇਂਦਰ :-

ਵਿਦਿਆਰਥੀਆਂ ਨੂੰ ਟਾਈਪ ਸਿਖਲਾਈ, ਬੇਸਿਕ ਕੰਪਿਊਟਰ ਸਿਖਲਾਈ ਜਿਵੇਂ ਕਿ ਐਮ.ਐਸ. ਆਫਿਸ, ਡਿਜ਼ਾਇਨ, ਲੇਖਾ-ਜੋਖਾ, ਇੰਟਰਨੈੱਟ ਪ੍ਰੋਗਰਾਮਿੰਗ ਆਦਿ ਸਿਖਾਏ ਜਾਂਦੇ ਹਨ । ਬਹੁਤ ਅੱਛੀ ਏ.ਸੀ. ਲੈਬ ਵਿੱਚ ਸਿਧਾਂਤਕ ਅਤੇ ਪ੍ਰੈਕਟੀਕਲ ਲਈ ਵੱਖਰੇ-ਵੱਖਰੇ ਕਮਰੇ ਮੌਜੂਦ ਹਨ । ਕੰਪਿਊਟਰ ਵੀ ਨਵੀਨਤਮ ਟੈਕਨੋਲੋਜੀ ਵਾਲੇ ਹਨ ।



### 13. ਗੁਰਬਾਣੀ ਸੰਗੀਤ ਕੇਂਦਰ :-

ਵਿਦਿਆਰਥੀਆਂ ਨੂੰ ਸ਼ਬਦ ਕੀਰਤਨ, ਗੁਰਬਾਣੀ ਦਾ ਸ਼ੁੱਧ ਉਚਾਰਣ ਅਤੇ ਪਾਠ ਦੀ ਸਿਖਲਾਈ ਦਿੱਤੀ ਜਾਂਦੀ ਹੈ ।

### 14. ਧਾਰਮਿਕ ਸਮਾਗਮ :-

ਹਰ ਵੀਰਵਾਰ ਨੂੰ ਸਤਿਸੰਗ ਹੁੰਦਾ ਹੈ । ਜਿਸ ਵਿੱਚ ਉਚੱ ਕੋਟੀ ਦੇ ਰਾਗੀ ਤੇ ਕਥਾਕਾਰ ਸਮੇਂ ਸਮੇਂ ਬੁਲਾਏ ਜਾਂਦੇ ਹਨ । ਹਰ ਮਹੀਨੇ ਦੇ ਪਹਿਲੇ ਸ਼ਨਿੱਚਰਵਾਰ ਨੂੰ ਇਸਤ੍ਰੀ ਸਤਿਸੰਗ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਕੀਰਤਨ ਕੀਤਾ ਜਾਂਦਾ ਹੈ।

### 16. ਕਮਿਊਨਟੀ ਹਾਲ :-

ਗੁਰਮਤਿ ਭਵਨ ਵਿਖੇ ਬਹੁਤ ਵਧੀਆ ਖੁੱਲ੍ਹੇ-ਡੁੱਲੇ ਦੋ ਹਾਲ ਹਨ ਗੁਰਮਤਿ ਹਾਲ (50'x60') ਬਾਬਾ ਗੁਰਸੇਵਕ ਸਿੰਘ ਹਾਲ (30'x50') ਇਹ ਹਰ ਵਰਗ ਦੇ ਲੋਕਾਂ ਲਈ (ਜਾਤ-ਪਾਤ ਦੇ ਵਿਤਕਰੇ ਤੋਂ ਰਹਿਤ) ਖੁੱਲ੍ਹੇ ਹਨ । ਬਸ਼ਰਤੇ ਕਿ ਗੈਰ ਰਾਜਨੀਤਕ ਸਮਾਗਮ ਅਤੇ ਸਮਾਜਿਕ ਰਸਮਾਂ ਹੀ ਕੀਤੀਆਂ ਜਾਣ ।

### 17. ਲੋੜਵੰਦਾਂ ਦੀ ਸਹਾਇਤਾ :-

ਸੜਕ ਦੁਰਘਟਨਾਵਾਂ ਦੇ ਪੀੜ੍ਹਤ, ਕੁਦਰਤੀ ਆਫਤਾਂ ਦੀ ਮਾਰ ਹੇਠ ਆਏ ਵਿਅਕਤੀਆਂ ਨੂੰ ਭੋਜਨ, ਕੱਪੜਾ, ਦਵਾਈਆਂ ਆਦਿ ਦੀ ਹਰ ਸੰਭਵ ਸਹਾਇਤਾ ਦਿੱਤੀ ਜਾਂਦੀ ਹੈ ।

### 18. ਕੱਪੜਾ ਬੈਂਕ :-

ਲੋਕਾਂ ਦੁਆਰਾ ਦਾਨ ਕੀਤੇ ਨਵੇਂ ਅਤੇ ਪੁਰਾਣੇ ਕੱਪੜੇ ਸਟੋਰ ਕਰਕੇ ਵੱਖ-2 ਉਮਰ, ਵਰਗ ਦੇ ਲੋੜਵੰਦਾਂ ਵਿਚ ਸਮੇਂ ਸਮੇਂ ਵੰਡੇ ਜਾਂਦੇ ਹਨ ।

### 19. ਭਾਈ ਘਨੱਈਆ ਖੂਨ ਦਾਨ ਸੁਸਾਇਟੀ :-

ਖੂਨ ਦਾਨ ਕਰਨ ਵਾਲਿਆਂ ਦੀ ਇੱਕ ਲਿਸਟ ਹਰ ਸਮੇਂ ਪ੍ਰਬੰਧਕਾਂ ਕੋਲ ਮੌਜੂਦ ਹੁੰਦੀ ਹੈ ਅਤੇ ਕਿਸੇ ਵੀ ਵਿਅਕਤੀ ਨੂੰ ਸੰਕਟ ਸਮੇਂ ਖੂਨ ਦਿੱਤਾ ਜਾਂਦਾ ਹੈ ।

### 20. ਕਿੱਤਾ ਸਿਖਲਾਈ ਕੇਂਦਰ :-

ਬੇਰੋਜ਼ਗਾਰ ਨੌਜਵਾਨਾਂ ਨੂੰ ਸਿਖਲਾਈ ਦੇਣ ਲਈ ਕਿੱਤਾ ਸਿਖਲਾਈ ਕੇਂਦਰ ਦਾ ਆਯੋਜਨ ਕੀਤਾ ਗਿਆ ਹੈ । ਲੜਕੇ/ਲੜਕੀਆਂ ਨੂੰ ਬਿਜਲੀ/ਬਿਜਲੀ ਯੰਤਰਾਂ ਦੀ ਮੁਰੰਮਤ ਅਤੇ ਸਾਂਭ ਸੰਭਾਲ ਬਾਰੇ ਸਿਖਲਾਈ ਦਿੱਤੀ ਜਾਂਦੀ ਹੈ । ਸਵੈਟਰ ਬੁਣਨ ਵਾਲੀ ਮਸ਼ੀਨ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ ।

### 21. ਆਡੀਟੋਰੀਅਮ (ਸਭਾ ਭਵਨ) :-

ਅਗਲਾ ਪ੍ਰੋਗਰਾਮ ਜੋ ਕਿ ਆਰੰਭ ਕੀਤਾ ਗਿਆ ਹੈ, ਆਧੁਨਿਕ ਸਹੂਲਤਾਂ ਪ੍ਰਦਾਨ ਕਰਦਾ ਵਧੀਆ ਫਰਨੀਚਰ-ਯੁਕਤ ਆਡੀਟੋਰੀਅਮ (ਸਭਾ ਭਵਨ) ਹੈ । ਜਿੱਥੇ ਕਿ ਸਮੇਂ

ਸਮੇਂ ਸੈਮੀਨਾਰ ਅਤੇ ਭਾਸ਼ਣ, ਬਹਿਸ ਆਦਿ ਹੋ ਸਕਦੇ ਹਨ ।

ਉਪਰੋਕਤ ਸਭ ਸੇਵਾਵਾਂ ਬਿਲਕੁਲ ਮਫਤ ਮੁਹੱਈਆ ਕਰਵਾਈਆਂ ਜਾਂਦੀਆਂ ਹਨ, ਉਹ ਵੀ ਬਿਨਾਂ ਕਿਸੇ ਭੇਦ ਭਾਵ ਦੇ । ਸੱਚਮੁੱਚ ਇਹ ਇੱਕ ਬੜਾ ਵੱਡਾ ਉਪਰਾਲਾ ਹੈ ਜਿਹੜਾ ਕਿ ਸੀਮਤ ਸਾਧਨਾਂ ਰਾਹੀਂ ਚੱਲ ਰਿਹਾ ਹੈ । ਜਿਸ ਵਿੱਚ ਬੈਂਕ ਦਾ ਵਿਆਜ, (ਫਿਕਸ ਡਿਪਾਜ਼ਿਟ ਤੇ) ਅਤੇ ਦਿਆਲੂ ਅਤੇ ਦਾਨੀ ਸੱਜਣਾਂ ਦੁਆਰਾ ਕਿੱਤਾ ਗਿਆ ਦਾਨ ਕੁੱਝ ਕੁ ਪ੍ਰੋਜਕਟਾਂ ਲਈ ਫੰਡ ਵੀ ਮਿਲਦੇ ਹਨ ਜੋ ਸਰਕਾਰ ਦਿੰਦੀ ਹੈ । ਟਰੱਸਟ ਨੂੰ ਦਿੱਤੇ ਗਏ ਦਾਨ ਨੂੰ ਭਾਰਤ ਸਰਕਾਰ ਵੱਲੋਂ 80G 1961 ਦੀ ਇਨਕਮ ਟੈਕਸ ਧਾਰਾ ਅਧੀਨ ਇਨਕਮ ਟੈਕਸ ਤੋਂ ਛੋਟ ਹੈ ।

ਟਰੱਸਟ ਦਾ ਲੇਖਾ-ਜੋਖਾ ਬਕਾਇਦਾ ਸੰਭਾਲਿਆ ਹੋਇਆ ਹੈ ਜਿਸ ਨੂੰ ਹਰ ਸਾਲ ਚਾਰਟਰਡ ਅਕਾਊਟੈਂਟਾਂ ਰਾਹੀਂ ਆਡਿਟ ਕੀਤਾ ਜਾਂਦਾ ਹੈ । 10,000 ਰੁ: ਦਾਨ ਕਰਨ ਵਾਲਾ ਵਿਅਕਤੀ ਇਸ ਸੰਸਥਾ ਦਾ ਉਮਰ ਭਰ ਲਈ ਮੈਂਬਰ ਬਣ ਜਾਂਦਾ ਹੈ । ਹਰ ਇੱਕ ਛੋਟੀ ਤੋਂ ਛੋਟੀ ਰਾਸ਼ੀ ਦੇ ਦਾਨ ਦੀ ਰਕਮ ਹੇਠ ਲਿਖੇ ਪਤੇ ਤੇ ਭੇਜੀ ਜਾ ਸਕਦੀ ਹੈ ।

ਬੈਂਕ ਆਫ ਇੰਡਿਆ A/c No. 651110100010199, ਪੰਜਾਬ ਨੈਸ਼ਨਲ ਬੈਂਕ S.P. A/c No. 21171, ਓਰੀਐਂਟਲ ਬੈਂਕ ਆਫ ਕਾਮਰਸ A/c No. 8088, ਸਟੇਟ ਬੈਂਕ ਆਫ ਪਟਿਆਲਾ A/c No. 55078058952 ਹਵਾਲਾ ਗੁਰੂ ਨਾਨਕ ਚੈਰੀਟੇਬਲ ਟਰੱਸਟ (ਰਜਿ:) ।

ਪ੍ਰਮਾਤਮਾ ਸਾਡੇ ਸਭ ਤੇ ਆਪਣਾ ਮਿਹਰ ਭਰਿਆ ਹੱਥ ਰੱਖੇ ।

**ਵਿੱਦਿਅਕ ਭਲਾਈ ਸੰਸਥਾ (ਯੂ.ਕੇ.) :-**

ਸ. ਗੁਰਬਚਨ ਸਿੰਘ ਸਿੱਧੂ ਨੇ ਸਿੱਖ ਐਜੂਕੇਸ਼ਨ ਅਤੇ ਵੈਲਫੇਅਰ ਏਡ (Sewa U.K.) ਦੇ ਨਾਂ ਹੇਠ ਗੁਰੂ ਨਾਨਕ ਚੈਰੀਟੇਬਲ ਟਰੱਸਟ ਵਿੱਚ ਸਕੀਮ ਚਲਾਈ ਹੈ ਜਿਹੜੀ ਦੀਨ ਦੁਖੀਆਂ ਦੀ ਸੇਵਾ ਕਰਦੀ ਹੈ । ਇਸ ਵਿੱਚ ਕਿਸੇ ਦੀ ਜ਼ਿੰਦਗੀ ਬਚਾਉਣਾ, ਵਧੀਆ ਸਿਹਤ ਸੁਵਿਧਾਵਾਂ ਪ੍ਰਦਾਨ ਕਰਨਾ, ਮਿੱਤਰਤਾ ਭਰਪੂਰ ਸਬੰਧ ਬਨਾਉਣਾ ਅਤੇ ਆਪਸੀ ਤਾਲ ਮੇਲ ਵਧਾਉਣਾ ਸ਼ਾਮਲ ਹਨ । Sewa (U.K.) ਕੌਮ, ਜਾਤ-ਪਾਤ, ਧਰਮ ਜਾਂ ਰਾਜਨੀਤਕ ਸਮਝ ਦੇ ਅਧਾਰ ਤੇ ਕੋਈ ਵਿਤਕਰਾ ਨਹੀਂ ਰੱਖਦਾ । ਇਹ ਸਿਰਫ ਸੁਚੱਜੀ ਅਗਵਾਈ ਦੇ ਅਧਾਰ ਤੇ ਬਹੁਤ ਲੋੜਵੰਦ ਅਤੇ ਜ਼ਰੂਰੀ ਵਿਅਕਤੀਆਂ ਦੀ ਪਹਿਲ ਦੇ ਅਧਾਰ ਤੇ ਸਹਾਇਤਾ ਕਰਦਾ ਹੈ ।

ਇਸ ਕੰਮ ਲਈ ਇੱਕ ਖਾਸ ਰਾਸ਼ੀ ਅਤੇ ਫੰਡ ਰਾਖਵਾਂ ਰੱਖਿਆ ਗਿਆ ਹੈ । ਹੇਠ ਲਿਖੀਆਂ ਸੇਵਾਵਾਂ ਲਈ ਬੈਂਕ ਦਾ ਵਿਆਜ ਵਰਤਿਆ ਜਾਂਦਾ ਹੈ ।

1. ਅਪੰਗ ਸਹਾਇਤਾ ਜਿਵੇਂ ਕਿ ਅਪ੍ਰੇਸ਼ਨ, ਬਨਾਵਟੀ ਅੰਗ, ਸੁਣਨ ਮਸ਼ੀਨਾਂ, ਦੰਦਾਂ ਦੇ ਸੈਟ (ਬਨਾਵਟੀ) ਆਦਿ ।



2. ਅਨਾਥ, ਬੇਲੋੜੇ ਅਤੇ ਬੇਸਹਾਰਾ ਬੱਚਿਆਂ ਨੂੰ ਵਜੀਫੇ ਪੜ੍ਹਾਈ ਲਈ ਹਰ ਸੰਭਵ ਸਹਾਇਤਾ ਦੇਣਾ ।
3. ਬੇਸਹਾਰਾ ਬਜ਼ੁਰਗਾਂ ਨੂੰ ਭੋਜਨ ਅਤੇ ਆਸਰਾ ਦੇਣਾ ।
4. ਵਿਧਵਾਵਾਂ ਅਤੇ ਉਹਨਾਂ ਦੇ ਪਰਵਾਰਾਂ ਨੂੰ ਸਹਾਇਤਾ, ਜਿੰਨਾਂ ਦਾ ਹੋਰ ਕੋਈ ਕਮਾਈ ਕਰਨ ਵਾਲਾ ਨਾ ਹੋਵੇ । ਦਸੰਬਰ 2008 ਤੱਕ 655 ਵਿੱਧਵਾ ਅਤੇ ਆਰਥਿਕ ਪੱਖੋਂ ਕਮਜ਼ੋਰ ਔਰਤਾਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਜਾ ਚੁੱਕੀਆਂ ਹਨ ।
5. ਪੀੜ੍ਹਤਾਂ ਨੂੰ ਫੌਰੀ ਸਹਾਇਤਾ ਜਿਵੇਂ ਕਿ ਐਕਸੀਡੈਂਟ, ਹੜ੍ਹ, ਅੱਗ, ਭੁਚਾਲ ਜਾਂ ਕੋਈ ਹੋਰ ਕੁਦਰਤੀ ਆਫਤ ਕਰਕੇ ।

ਇਸ ਟਰੱਸਟ ਦੇ ਸ਼ੁਭ-ਇੱਛਕ ਅਤੇ ਦਿਆਲੂ ਦੋਸਤਾਂ ਨੂੰ ਖੁਲ੍ਹੇ ਦਿਲ ਨਾਲ ਦਾਨ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ । 10,000 ਰੁ: ਦਾਨ ਕਰਕੇ ਤੁਸੀਂ ਇਸ ਸੰਸਥਾ ਦੇ ਪੱਕੇ ਮੈਂਬਰ ਬਣ ਸਕਦੇ ਹੋ ।

------------ ਧੰਨਵਾਦ ------------

## ਨਸ਼ਾ ਛਡਾਊ ਕੇਂਦਰ ਵਿਖੇ ਨਸ਼ੱਇਆਂ ਦੇ ਇਲਾਜ਼ ਦਾ ਵੇਰਵਾ 31/03/2009 ਤੱਕ
## ਗੁਰੂ ਨਾਨਕ ਚੈਰੀਟੇਬਲ ਟਰੱਸਟ (ਰਜ਼ਿ:) ਮੰਡੀ ਮੁੱਲਾਂਪੁਰ (ਲੁਧਿਆਣਾ)

| ਕੁੱਲ ਪਿੰਡ | ਸ਼ਰਾਬ | ਅਫੀਮ, ਡੋਡੇ ਭੁੱਕੀ ਆਦਿ | ਹੈਰੋਇਨ ਤੇ ਹੋਰ ਨਸ਼ੇ | ਸਿਗਰੇਟ, ਬੀੜੀ, ਹੁੱਕਾ | ਜਰਦਾ, ਗੁਟਖਾ ਤੰਬਾਕੂ ਆਦਿ |
|---|---|---|---|---|---|
| **288** | **1910** | **8880** | **251** | **2182** | **2162** |
| ਭੰਗ, ਚਰਸ, ਹਸ਼ੀਸ਼ ਮਾਰਜੁਆਨਾਂ | ਟੀਕੇ ਤੇ ਦਵਾਈਆਂ | ਕੈਪਸੋਲ ਗੋਲੀਆਂ | ਕੋਕੀਨ ਸਮੈਕ | ਕੁੱਲ ਜੋੜ | |
| **928** | **1164** | **1397** | **798** | **19672** | |

## ਅੱਖਾਂ ਦਾ ਫਰੀ ਅਪ੍ਰੇਸ਼ਨ ਕੈਂਪਾਂ ਦਾ ਆਯੋਜਨ 31/10/2009 ਤੱਕ
## ਗੁਰੂ ਨਾਨਕ ਚੈਰੀਟੇਬਲ ਟਰੱਸਟ (ਰਜ਼ਿ:) ਮੰਡੀ ਮੁੱਲਾਂਪੁਰ (ਲੁਧਿਆਣਾ)

| ਫਰੀ ਅੱਖਾਂ ਦੇ ਕੈਂਪ ਲਾਏ | ਚੈਕੱਅਪ | ਐਨਕ ਦਾ ਨੰਬਰ | ਅਪ੍ਰੇਸ਼ਨ ਕੀਤੇ |
|---|---|---|---|
| **62** | **41569** | **11338** | **6279** |



## ਅਪੰਗ ਵਿਅਕਤੀਆਂ ਦੀ ਸਹਾਇਤਾ ਲਈ ਫਰੀ ਸੇਵਾਵਾਂ ਦਾ ਵੇਰਵਾ 31/10/2009 ਤੱਕ
## ਗੁਰੂ ਨਾਨਕ ਚੈਰੀਟੇਬਲ ਟਰੱਸਟ (ਰਜ਼ਿ:) ਮੰਡੀ ਮੁੱਲਾਂਪੁਰ (ਲੁਧਿਆਣਾ)

| ਅਪ੍ਰੇਸ਼ਨ | ਕੰਨਾਂ ਦੀਆਂ ਮਸ਼ੀਨਾਂ | ਟਰਾਈ ਸਾਈਕਲ | ਵੀਲ ਚੇਅਰ | ਬਨਾਵਟੀ ਦੰਦ | ਨਕਲੀ ਲੱਤਾਂ |
|---|---|---|---|---|---|
| 123 | 2159 | 1129 | 79 | 52 | 1038 |
| ਬਨਾਵਟੀ ਬਾਹਾਂ | ਕੈਲੀਪਰ | ਫੌੜੀਆਂ | ਸਰਜੀਕਲ ਬੂਟ | ਹੋਰ ਵਸਤੂਆਂ | ਕੁੱਲ ਜੋੜ |
| 521 | 1113 | 299 | 103 | 59 | 6675 |

**ਵਿਧਵਾਵਾਂ ਨੂੰ ਦਿੱਤੀਆਂ ਗਈਆਂ ਸਿਲਾਈ ਮਸ਼ੀਨਾਂ ਦਾ ਵੇਰਵਾ 31/10/2009 ਤੱਕ – 667**